# ਸੰਵਾਦ

ISSN : 2395-1273

15 ਵਾਂ ਅੰਕ
ਜਨਵਰੀ-ਜੂਨ 2022
www.sanvad.org

## ਇਸ ਅੰਕ ਵਿਚ

- ਪੰਜਾਬ ਵਿਚ ਤਬਦੀਲੀ : ਇਤਿਹਾਸਕ ਪਰਿਪੇਖ
- ਵਿਸ਼ਵੀਕਰਨ ਅਤੇ ਪੰਜਾਬੀ ਪਛਾਣ : ਵਿਰੋਧ, ਪੁਨਰ ਸਥਾਪਨ ਅਤੇ ਪੁਨਰ-ਘਾੜਤ
- ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦਾ ਸਮਾਜਿਕ - ਆਰਥਿਕ ਅਤੇ ਜਨਸੰਖਿਅਕ ਵਿਸ਼ਲੇਸ਼ਣ
- ਪੰਜਾਬ 2.0 : ਪੰਜਾਬ ਦੇ ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ
- ਪੰਜਾਬ ਦਾ ਭਵਿੱਖ
- ਪੰਜਾਬੀ ਸੂਬਾ ਅਤੇ ਪੰਜਾਬੀ ਸਾਹਿਤ
- ਸਿੱਖ ਦ੍ਰਿਸ਼ਟੀਕੋਣ ਤੋਂ ਪੰਜਾਬੀ ਸੂਬੇ ਦੀ ਮੰਗ : ਇਕ ਵਿਸ਼ਲੇਸ਼ਣ
- ਵਿਸ਼ਵ-ਸਭਿਆਚਾਰ ਦਾ ਸਥਾਨਕ-ਸਭਿਆਚਾਰਾਂ ਦੇ ਆਹਾਰ-ਪ੍ਰਬੰਧ ’ਤੇ ਪ੍ਰਭਾਵ
- ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਕਿਰਸਾਨੀ ਸਮਾਜ ਦਾ ਬਦਲਦਾ ਮੁਹਾਂਦਰਾ
- ਕਥਾ ਬਿਰਤਾਂਤ ਵਿਚ ਨਾਰੀ
- ਅਵਤਾਰ ਸਿੰਘ ਬਿਲਿੰਗ ਰਚਿਤ ਨਾਵਲ ‘ਰਿਜ਼ਕ’ : ਪਰਵਾਸੀ ਬੰਦੇ ਦੇ ਹੋਣ-ਬਿਨਸਣ ਦਾ ਬਿਰਤਾਂਤ
- ਹਾਸ਼ੀਆਗਤ ਅਧਿਐਨ : ਕੰਮੀਆਂ ਦੇ ਵਿਹੜੇ
- 'ਆਦਮ ਗ੍ਰਹਿਣ' ਨਾਵਲ : ਥਰਡ ਜੈਂਡਰ ਦੇ ਬਿੰਬ ਦਾ ਰੂਪਾਂਤਰਣ
- ਮਨੋਵਿਸ਼ਲੇਸ਼ਣ : ਸਾਹਿਤ ਅਧਿਐਨ ਵਿਧੀ ਵਜੋਂ
- ਪੰਜਾਬੀ ਨਾਟਕ ਦੇ ਪਿਛੋਕੜ ਵਿਚ ਅੰਗਰੇਜ਼ੀ ਨਾਟਕ ਦਾ ਪਰਿਪੇਖ : ਸ਼ੈਕਸਪੀਅਰ ਅਤੇ ਜਾਰਜ ਬਰਨਾਰਡ ਸ਼ਾਅ ਦੇ ਵਿਸ਼ੇਸ਼ ਪ੍ਰਸੰਗ ਵਿਚ
- ਪੰਜਾਬੀ ਭਾਸ਼ਾ ਲਈ ਐਂਡਰਾਇਡ ਅਧਾਰਿਤ ਮੋਬਾਇਲ ਫ਼ੋਨ ਐਪਸ : ਦਸ਼ਾ ਅਤੇ ਦਿਸ਼ਾ
- ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਅੰਮ੍ਰਿਤਸਰ ਸਾਹਿਤ ਉਤਸਵ-2021















# ਸੰਵਾਦ

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

## A Peer Reviewed Punjabi Research Journal

**ਛਿਮਾਹੀ ਖੋਜ ਰਸਾਲਾ**


**ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ ਅਤੇ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸਜ਼ ਐਂਡ ਰਿਸਰਚ (ICSSR) ਨਵੀਂ ਦਿੱਲੀ ਵੱਲੋਂ ਵਿਤੀ ਸਹਾਇਤਾ ਪ੍ਰਾਪਤ ਖੋਜ-ਜਰਨਲ**



**ਸਰਪ੍ਰਸਤ**

*ਡਾ. ਮਹਿਲ ਸਿੰਘ*

*ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ*

**ਮੁੱਖ ਸੰਪਾਦਕ**

*ਡਾ. ਮਹਿਲ ਸਿੰਘ*

**ਸੰਪਾਦਕ**

*ਡਾ. ਆਤਮ ਸਿੰਘ ਰੰਧਾਵਾ*


ESTD. 1892


**ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ**

ਖ਼ਾਲਸਾ ਕਾਲਜ ਅੰਮ੍ਰਿਤਸਰ-143002

// Sanvad

**(Dialogic)**
**PUNJABI REFEREED RESEARCH JOURNAL**
Bi- Annual
A Peer Reviewed Punjabi Research Journal of the Post-Graduate Department of Punjabi Studies, Khalsa College, Amritsar.
**(UGC-CARE APPROVED JOURNAL**
**Financial Sport by ICSSR, New Delhi)**
Email : sanvadpunjabi@gmail.com, www.sanvad.org

**Patron & Chief Editor:**
***Dr. Mehal Singh***
**+91-85288-28200**

**Editor:**
***Dr. Atam Singh Randhawa***
**+9198722-17273**
**ISSN : 2395-1273**
**January-June 2022**

**ਸਲਾਹਕਾਰ ਬੋਰਡ**
**ਪ੍ਰੋ. (ਡਾ.) ਰਮਿੰਦਰ ਕੌਰ, (ਸਾਬਕਾ ਪ੍ਰੋ.ਫ਼ੈਸਰ)**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਸੁਰਜੀਤ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਪ੍ਰੋ. (ਡਾ.) ਯੋਗਰਾਜ ਅੰਗਰਿਸ਼**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
**ਪ੍ਰੋ. (ਡਾ.) ਸਰਬਜੀਤ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
**ਪ੍ਰੋ. (ਡਾ.) ਰਵੀ ਰਵਿੰਦਰ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਗੁਰਮੁਖ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਡਾ. ਰਜਨੀਸ਼ ਬਹਾਦਰ ਸਿੰਘ, (ਸਾਬਕਾ ਪ੍ਰੋ.ਫ਼ੈਸਰ)**
ਡੀ.ਏ.ਵੀ. ਕਾਲਜ, ਜਲੰਧਰ
**ਡਾ. ਕੁਲਵੰਤ ਸਿੰਘ, (ਸਾਬਕਾ ਪ੍ਰੋ.ਫ਼ੈਸਰ)**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ
ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Ac : 3397000100467796 IFSC : PUNB0339700
PNB KOT KHALSA, AMRITSAR
**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 8ਵਾਂ, ਅੰਕ - 15ਵਾਂ || ਜਨਵਰੀ-ਜੂਨ 2022**

## ਤਤਕਰਾ

❒ **ਸੰਪਾਦਕੀ** 5-6

❒ **ਡਾ. ਮਹਿਲ ਸਿੰਘ** 7-15

*ਪੰਜਾਬ ਵਿਚ ਤਬਦੀਲੀ : ਇਤਿਹਾਸਕ ਪਰਿਪੇਖ*

❒ **ਪ੍ਰੋ. (ਡਾ.) ਪ੍ਰੀਤਮ ਸਿੰਘ** 16-33

*ਵਿਸ਼ਵੀਕਰਨ ਅਤੇ ਪੰਜਾਬੀ ਪਛਾਣ : ਵਿਰੋਧ, ਪੁਨਰ-ਸਥਾਪਨ ਅਤੇ ਪੁਨਰ-ਘਾੜਤ*

❒ **ਡਾ. ਅਮਰਜੀਤ ਗਰੇਵਾਲ** 34-63

*ਪੰਜਾਬ 2.0 : ਪੰਜਾਬ ਦੇ ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ*

❒ **ਪ੍ਰੋ. (ਡਾ.) ਗਿਆਨ ਸਿੰਘ ਤੇ ਹੋਰ** (ਡਾ. ਗੁਰਿੰਦਰ ਕੌਰ, ਡਾ. ਧਰਮਪਾਲ, ਡਾ. ਰਸ਼ਮੀ, ਡਾ. ਜੋਤੀ ਸਿੰਘਲਾ) 64-82

*ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦਾ ਸਮਾਜਿਕ - ਆਰਥਿਕ ਅਤੇ ਜਨਸੰਖਿਅਕ ਵਿਸ਼ਲੇਸ਼ਣ*

❒ **ਪ੍ਰੋ. (ਡਾ.) ਪ੍ਰੇਮ ਮਾਨ** 83-90

*ਪੰਜਾਬ ਦਾ ਭਵਿੱਖ*

❒ **ਪ੍ਰੋ. (ਡਾ.) ਰਮਿੰਦਰ ਕੌਰ, ਡਾ. ਸ਼ਰਨਜੀਤ ਕੌਰ** 91-101

*ਕਥਾ ਬਿਰਤਾਂਤ ਵਿਚ ਨਾਰੀ*

❒ **ਪ੍ਰੋ. (ਡਾ.) ਸਤੀਸ਼ ਕੁਮਾਰ ਵਰਮਾ** 102-110

*ਪੰਜਾਬੀ ਸੂਬਾ ਅਤੇ ਪੰਜਾਬੀ ਸਾਹਿਤ*

❒ **ਪ੍ਰੋ. (ਡਾ.) ਗੁਰਮੁਖ ਸਿੰਘ** 111-118

*ਅਵਤਾਰ ਸਿੰਘ ਬਿਲਿੰਗ ਰਚਿਤ ਨਾਵਲ 'ਰਿਜ਼ਕ' :*

*ਪਰਵਾਸੀ ਬੰਦੇ ਦੇ ਹੋਣ-ਬਿਨਸਣ ਦਾ ਬਿਰਤਾਂਤ*

❐ **ਡਾ. ਯਾਦਵਿੰਦਰ ਸਿੰਘ** 119-127

*ਹਾਸ਼ੀਆਗਤ ਅਧਿਐਨ : ਕੰਮੀਆਂ ਦੇ ਵਿਹੜੇ*

❐ **ਡਾ. ਗੁਰਜੀਤ ਕੌਰ** 128-133

*'ਆਦਮ ਗ੍ਰਹਿਣ' ਨਾਵਲ : ਥਰਡ ਜੈਂਡਰ ਦੇ ਬਿੰਬ ਦਾ ਰੂਪਾਂਤਰਣ*

❐ **ਡਾ. ਸੁਖਜੀਤ ਸਿੰਘ** 134-148

*ਸਿੱਖ ਦ੍ਰਿਸ਼ਟੀਕੋਣ ਤੋਂ ਪੰਜਾਬੀ ਸੂਬੇ ਦੀ ਮੰਗ : ਇਕ ਵਿਸ਼ਲੇਸ਼ਣ*

❐ **ਡਾ. ਗੁਰਮਿੰਦਰ ਕੌਰ** 149-165

*ਮਨੋਵਿਸ਼ਲੇਸ਼ਣ : ਸਾਹਿਤ ਅਧਿਐਨ ਵਿਧੀ ਵਜੋਂ*

❐ **ਡਾ. ਮਨਜੀਤ ਕੌਰ** 166-176

*ਵਿਸ਼ਵ-ਸਭਿਆਚਾਰ ਦਾ ਸਥਾਨਕ-ਸਭਿਆਚਾਰਾਂ ਦੇ ਆਹਾਰ-ਪ੍ਰਬੰਧ 'ਤੇ ਪ੍ਰਭਾਵ*

❐ **ਡਾ. ਤਰਵਿੰਦਰ ਕੌਰ** 177-190

*ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਕਿਰਸਾਨੀ ਸਮਾਜ ਦਾ ਬਦਲਦਾ ਮੁਹਾਂਦਰਾ*

❐ **ਡਾ. ਤਰਸਪਾਲ ਕੌਰ** 191-199

*ਪੰਜਾਬੀ ਨਾਟਕ ਦੇ ਪਿਛੋਕੜ ਵਿਚ ਅੰਗਰੇਜ਼ੀ ਨਾਟਕ ਦਾ ਪਰਿਪੇਖ :*

*(ਸ਼ੈਕਸਪੀਅਰ ਅਤੇ ਜਾਰਜ ਬਰਨਾਰਡ ਸ਼ਾਅ ਦੇ ਵਿਸ਼ੇਸ਼ ਪ੍ਰਸੰਗ ਵਿਚ)*

❐ **ਡਾ. ਅਨੂਰੀਤ ਕੌਰ** 200-213

*ਪੰਜਾਬੀ ਭਾਸ਼ਾ ਲਈ ਐਂਡਰਾਇਡ ਅਧਾਰਿਤ ਮੋਬਾਇਲ ਫੋਨ ਐਪਸ : ਦਸ਼ਾ ਅਤੇ ਦਿਸ਼ਾ*

❐ **ਰਣਧੀਰ ਸਿੰਘ** 214-220

*ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ*

# ਸੰਪਾਦਕੀ

**ਸੰਵਾਦ** ਦੇ ਪੰਦਰਵੇਂ ਅੰਕ ਵਿਚ ਪ੍ਰਮੁੱਖ ਤੌਰ 'ਤੇ ਪੰਜਾਬ ਦੇ ਅਤੀਤ ਦੀ ਪੁਣ-ਛਾਣ ਹੈ, ਵਰਤਮਾਨ ਦਾ ਵਿਸ਼ਲੇਸ਼ਣ ਹੈ ਅਤੇ ਚੰਗੇ ਭਵਿੱਖ ਦੀ ਤਲਾਸ਼ ਹੈ। ਇਤਿਹਾਸ ਵਰਤਮਾਨ ਵਿਚ ਸਦਾ ਅਸਰ-ਅੰਦਾਜ਼ ਹੁੰਦਾ ਰਹਿੰਦਾ ਹੈ, ਇਹ ਸੁਨਹਿਰੇ ਭਵਿੱਖ ਦੀ ਸਿਰਜਣਾ ਲਈ ਉਕਸਾਉਂਦਾ ਵੀ ਰਹਿੰਦਾ ਹੈ ਅਤੇ ਨਵੀਆਂ ਪੀੜ੍ਹੀਆਂ ਨੂੰ ਮੁੜ ਇਤਿਹਾਸ ਸਿਰਜਣ ਲਈ ਬਲ ਵੀ ਪ੍ਰਦਾਨ ਕਰਦਾ ਹੈ। ਅਸਲ ਵਿਚ ਇਸ ਗੌਰਵਸ਼ੀਲ ਅਤੀਤ ਜਾਂ ਵਿਰਸੇ ਨੇ ਹੀ ਪੰਜਾਬੀਅਤ ਜਾਂ ਪੰਜਾਬੀ ਪਛਾਣ ਦਾ ਨਿਵੇਕਲਾ ਮੁਹਾਂਦਰਾ ਘੜਿਆ ਹੈ ਜੋ ਵਰਤਮਾਨ ਦੇ ਬਦਲਾਵਾਂ ਨਾਲ ਸਮੇਂ-ਸਮੇਂ ਹੋਰ ਨਿੱਖਰਦਾ ਰਹਿੰਦਾ ਹੈ।

ਪੰਜਾਬ ਬਦਲਦੀਆਂ ਸਰਹੱਦਾਂ ਦਾ ਸੰਤਾਪ ਹੰਢਾਉਂਦਾ ਰਿਹਾ ਹੈ। ਵੰਡਾਂ ਤੇ ਵਿਸਥਾਰ ਇਸਦੀ ਹੋਣੀ ਰਿਹਾ ਹੈ। ਇਸ ਵਿਚੋਂ ਹੀ ਪੰਜਾਬੀਆਂ ਦੇ ਖ਼ਮੀਰ ਵਿਚ ਬਦਲਾਅ ਤੇ ਰਿਸਕ ਦੇ ਬੀਜ ਬੀਜੇ ਗਏ ਹਨ। ਨਿੱਤ ਬਦਲਦੇ ਭੂਗੋਲ ਤੇ ਵਰਤਾਰਿਆਂ ਵਿਚ ਆਨ, ਬਾਨ ਤੇ ਸ਼ਾਨ ਨਾਲ ਜੀਣਾ, ਇਨ੍ਹਾਂ ਦਾ ਮੈਨੀਫੈਸਟੋ ਹੈ। ਮੁਸ਼ਕਿਲਾਂ, ਚੁਣੌਤੀਆਂ ਤੇ ਸੰਘਰਸ਼ਾਂ ਨੂੰ ਇਹ ਮਾਣਦੇ ਹਨ ਤੇ ਇਹਦੇ ਵਿਚੋਂ ਵੀ ਆਨੰਦ ਲੈਂਦੇ ਹਨ। ਰਾਖ਼ 'ਚੋਂ ਮੁੜ ਕੁਕਨੁਸ ਵਾਂਗ ਉਦੈ ਹੋ ਜਾਂਦੇ ਹਨ। ਵਰਤਮਾਨ ਵਿਚ ਅਣਖ ਤੇ ਭਰਪੂਰਤਾ ਨਾਲ ਜਿਉਣਾ ਇਨ੍ਹਾਂ ਦੀ ਪ੍ਰਮੁੱਖ ਕਦਰ-ਕੀਮਤ ਹੈ ਜੋ ਪੰਜਾਬੀਅਤ ਦਾ ਪਛਾਣ-ਚਿੰਨ੍ਹ ਹੀ ਬਣ ਗਿਆ ਹੈ। ਇਹ ਪਛਾਣ ਸੰਤਾਪਾਂ, ਚੁਣੌਤੀਆਂ, ਸੰਘਰਸ਼ਾਂ, ਬਿਖਰਾਓ, ਪੁਨਰ-ਸਥਾਪਨ ਵਿਚੋਂ ਮੁੜ-ਮੁੜ ਘੜੀ ਜਾਂਦੀ ਰਹੀ ਹੈ। ਭੂਗੋਲ ਜਾਂ ਭੁਇੰ ਨੇ ਪੰਜਾਬੀਆਂ ਨੂੰ ਤਕੜਾ, ਬਹਾਦਰ ਤੇ ਕਿਰਤੀ ਬਣਾਇਆ ਤੇ ਕਿਰਤ ਨੇ ਇਨ੍ਹਾਂ ਨੂੰ ਦਾਤਾਰੀ ਗੁਣ ਬਖ਼ਸ਼ੇ। ਨਿੱਜ ਦੇ ਨਾਲ ਸਰਬੱਤ ਦਾ ਭਲਾ, ਸਿਦਕ ਤੇ ਸਬਰ-ਸੰਤੋਖ ਦੇ ਗੁਣਾਂ ਦਾ ਤੋਹਫ਼ਾ ਪੰਜਾਬੀਆਂ ਨੂੰ ਪਹਾੜਾਂ ਦੀ ਤਪ ਸਾਧਨਾ, ਭਗਤੀ ਜਾਂ ਯੋਗ ਸਾਧਨਾ ਨਾਲ ਨਹੀਂ ਪ੍ਰਾਪਤ ਹੋਇਆ।

ਆਪਣੇ ਸੁਭਾਅ ਮੁਤਾਬਕ ਪੰਜਾਬ ਨੇ ਹਰ ਬਦਲਾਅ ਨੂੰ ਅਪਣਾਉਣ ਦਾ ਰਿਸਕ ਲਿਆ ਹੈ। ਹਰ ਨਵੀਂ ਚੀਜ਼, ਹਰ ਨਵਾਂ ਵਰਤਾਰਾ, ਹਰ ਨਵੀਂ ਕ੍ਰਾਂਤੀ, ਲਹਿਰਾਂ ਦੇ ਉਛਾਲ ਜਾਂ ਪਰਵਾਸ ਕਰਨ ਵਿਚ ਪੰਜਾਬੀ ਮੋਹਰੀ ਰਹੇ ਹਨ। ਬਦਲਾਅ ਲਈ ਤਾਂਘ ਇਨ੍ਹਾਂ ਦੇ ਜੀਨ ਵਿਚ ਪਈ ਹੈ, ਬਦਲਾਅ ਭਾਵੇਂ ਆਪਣੀ ਸਥਿਤੀ ਦਾ, ਭਾਵੇਂ ਸੱਤਾ ਦਾ ਤੇ ਭਾਵੇਂ ਕੋਈ ਹੋਰ ਹੋਵੇ; ਇਹ ਸਥਿਰ ਨੂੰ ਜਲਦੀ ਬਦਲ ਦੇਣਾ ਚਾਹੁੰਦੇ ਹਨ। ਜੜ੍ਹ ਹੁੰਦੇ ਹਰ ਵਰਤਾਰੇ ਵਿਰੁੱਧ ਦਹਾਕੇ-ਦੋ ਦਹਾਕਿਆਂ ਬਾਅਦ ਉਬਾਲ ਉੱਠਦਾ ਰਿਹਾ ਹੈ। ਇਸੇ ਲਈ ਅਨਿਆਂ, ਜ਼ੁਲਮ, ਖ਼ੌਫ਼, ਮਾਤਮ ਤੇ ਬੇਬਸੀ ਆਦਿ ਇਨ੍ਹਾਂ ਸਨਮੁਖ ਬਹੁਤੀ ਦੇਰ ਨਹੀਂ ਟਿੱਕਦੀ। ਤਾਜ਼ਾ ਮਿਸਾਲ ਕਿਸਾਨ ਅੰਦੋਲਨ ਹੀ ਹੈ। ਕਹਿਣ ਤੋਂ ਭਾਵ ਪੰਜਾਬੀ ਨਿਵੇਕਲੀ ਮਿੱਟੀ ਦੀ ਘਾੜਤ ਹਨ ਜਿਸ ਨੂੰ ਇਸਦੀ ਸਰਹੱਦੀ ਭੁਇੰ, ਵਿਰਸੇ ਤੇ ਵਰਤਮਾਨ ਦੇ ਨਿਰੰਤਰ ਸੰਵਾਦ ਨੇ ਘੜਿਆ ਹੈ। ਪੰਜ ਦਰਿਆਵਾਂ ਤੋਂ ਬਾਅਦ ਇਨ੍ਹਾਂ ਨੂੰ ਸੱਤ ਸਮੁੰਦਰਾਂ ਨੇ ਸਿੰਵਿਆ ਹੈ। ਵਿਸ਼ਵੀ ਵਿਸਥਾਰ ਨੇ ਪੰਜਾਬੀਆਂ ਨੂੰ ਨਵੀਂ ਸਪੇਸ ਦਿੱਤੀ ਹੈ ਤੇ ਨਵੀਂ ਸਪੇਸ ਨੇ ਨਵੀਂ ਪੰਜਾਬੀ ਪਛਾਣ ਦਿੱਤੀ ਹੈ। ਸੋ ਪੰਜਾਬੀ ਰਹਿਤਲ ਵੰਨ-ਸੁਵੰਨੇ ਬਦਲਾਵਾਂ ਨਾਲ ਗੁੱਝੀ ਹੋਈ ਹੈ, ਇਕ ਤਰ੍ਹਾਂ ਨਾਲ ਪੰਜਾਬੀ ਸਮਾਜ ਤਬਦੀਲੀਆਂ ਦੀ ਤਵਾਰੀਖ਼ ਹੀ ਹੈ। ਪੰਜਾਬ ਵਿਚ ਵਾਪਰੀ ਤਬਦੀਲੀ ਦੇ ਇਤਿਹਾਸਕ ਕ੍ਰਮ ਨੂੰ ਸਾਹਿਤ ਰਾਹੀਂ ਵੀ ਸਮਝਿਆ ਜਾ ਸਕਦਾ ਹੈ। ਡਾ. ਮਹਿਲ ਸਿੰਘ ਦਾ ਖੋਜ-ਪੱਤਰ 'ਪੰਜਾਬ ਵਿਚ ਤਬਦੀਲੀ: ਇਤਿਹਾਸਕ ਪਰਿਪੇਖ' ਪੰਜਾਬੀ ਨਾਵਲ ਦੇ ਮਾਧਿਅਮ ਰਾਹੀਂ ਪੰਜਾਬ ਵਿਚ ਵੀਹਵੀਂ ਸਦੀ ਦੇ ਦੌਰਾਨ ਆਏ ਬਦਲਾਅ ਨੂੰ ਨਿਰਖਦਾ ਪਰਖਦਾ ਹੈ। ਡਾ. ਸਤੀਸ਼ ਕੁਮਾਰ ਵਰਮਾ ਇਸੇ ਬਦਲਾਅ ਦੇ ਇਕ ਪੜਾਅ 'ਪੰਜਾਬੀ ਸੂਬੇ ਦੇ ਨਵ-ਗਠਨ' ਦੇ ਪੰਜਾਬੀ ਸਾਹਿਤ ਉਪਰ ਪਏ ਪ੍ਰਭਾਵਾਂ ਦਾ ਲੇਖਾ-ਜੋਖਾ ਆਪਣੇ ਪੇਪਰ ' ਪੰਜਾਬੀ ਸੂਬਾ ਅਤੇ ਪੰਜਾਬੀ ਸਾਹਿਤ' ਵਿਚ ਕਰਦੇ ਹਨ। ਅਤੀਤ ਦੇ ਇਸ ਮਹੱਤਵਪੂਰਨ ਪੜਾਅ ਦੇ ਪਿੱਛੇ ਕਾਰਜਸ਼ੀਲ ਊਰਜਾ ਦੀ ਪੁਣ-ਛਾਣ ਡਾ. ਸੁਖਜੀਤ ਸਿੰਘ ਨੇ ਆਪਣੇ ਪੇਪਰ 'ਸਿੱਖ ਦ੍ਰਿਸ਼ਟੀਕੋਣ ਤੋਂ ਪੰਜਾਬੀ ਸੂਬੇ ਦੀ ਮੰਗ : ਇਕ ਵਿਸ਼ਲੇਸ਼ਣ' ਵਿਚ ਕੀਤੀ ਹੈ।

ਪੰਜਾਬ ਆਪਣੇ ਆਪ ਨੂੰ ਨਿਰੰਤਰ ਵਿਸਥਾਰ ਰਿਹਾ ਹੈ। ਇਸਦਾ ਇਕ ਸਰਹੱਦ-ਹੀਣ ਸੰਕਲਪ ਬਣ ਰਿਹਾ ਹੈ। ਅੰਮ੍ਰਿਤਸਰ ਤੋਂ ਆਸਟ੍ਰੇਲੀਆ ਤੇ ਐਲ.ਏ. ਤਕ ਕਈ ਮਿੰਨੀ ਪੰਜਾਬ ਉਸਰ ਗਏ ਹਨ। ਪੰਜਾਬ ਦੇ ਭਵਿੱਖਮੁਖੀ ਸਰੂਪ ਨੂੰ ਉਲੀਕਣ 'ਚ ਜਿਥੇ ਪੰਜਾਬੀ ਭੁਇੰ, ਵਿਰਸੇ, ਵਰਤਮਾਨ ਤੇ ਤਬਦੀਲੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਉਥੇ ਇਨ੍ਹਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿਚੋਂ ਹੁਨਰਮੰਦਾਂ ਤੇ ਯੁਵਾ ਪੀੜ੍ਹੀ ਦੇ ਪਰਵਾਸ ਨੇ ਨਵੀਆਂ ਸਮੀਕਰਨਾਂ ਸਿਰਜੀਆਂ ਹਨ। ਇਕ ਪਾਸੇ ਪੰਜਾਬ ਦੇ ਬੁੱਢੇ ਹੋਣ ਦਾ ਸੰਕਟ ਪਛਾਣਿਆਂ ਜਾਣ ਲੱਗਾ ਹੈ, ਦੂਜੇ ਪਾਸੇ ਖਾਲੀ ਹੁੰਦੇ ਪੰਜਾਬ ਵਿਚ ਗ਼ੈਰ-ਪੰਜਾਬੀਆਂ ਦੇ ਆਵਾਸ ਨਾਲ ਅਸੰਤੁਲਨ ਦੀ ਚਿੰਤਾ ਜਤਾਈ ਜਾ ਰਹੀ ਹੈ ਅਤੇ ਤੀਜਾ ਵੱਡੇ ਪੱਧਰ 'ਤੇ ਪੰਜਾਬ ਦੀ ਧੰਨ ਦੌਲਤ ਬਾਹਰ ਜਾ ਰਹੀ ਹੈ। ਸੋ ਭਵਿੱਖ ਵਿਚ ਪੰਜਾਬ ਦਾ

ਇਕ ਬੇਬੱਸ ਤੇ ਗਰੀਬੜਾ ਜਿਹਾ ਬਿੰਬ ਕਲਪਿਆ ਜਾ ਰਿਹਾ ਹੈ ਜਿਸ ਵਿਚ ਕਮਜ਼ੋਰ ਪੰਜਾਬੀ ਪਛਾਣ ਉਭਰਨ ਦੀ ਚਿੰਤਾ ਜਤਾਈ ਜਾ ਰਹੀ ਹੈ। ਇਸ ਸਭ ਕੁਝ ਦੇ ਸਨਮੁਖ ਡਾ. ਪ੍ਰੀਤਮ ਸਿੰਘ ਨੇ ਆਪਣੇ ਪੇਪਰ 'ਵਿਸ਼ਵੀਕਰਨ ਅਤੇ ਪੰਜਾਬੀ ਪਛਾਣ: ਵਿਰੋਧ, ਪੁਨਰ-ਸਥਾਪਨ ਤੇ ਪੁਨਰ-ਘਾੜਤ' ਵਿਚ ਇਕ ਮਜ਼ਬੂਤ ਪੰਜਾਬੀ ਪਛਾਣ ਦੇ ਉਭਰਨ ਦੀ ਸੰਭਾਵਨਾ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਵਿਚ ਉਨ੍ਹਾਂ ਪੰਜਾਬੀ ਪਛਾਣ ਦੀਆਂ ਇਤਿਹਾਸਕ ਜੜ੍ਹਾਂ ਦੀ ਪਛਾਣ ਕਰਨ ਦੇ ਨਾਲ-ਨਾਲ ਪੰਜਾਬੀਅਤ ਜਾਂ ਪੰਜਾਬੀ ਪਛਾਣ ਦੇ ਵਿਚਾਰ ਦੀ ਵਿਸ਼ਲੇਸ਼ਣੀ ਪੜਤਾਲ ਕੀਤੀ ਹੈ ਅਤੇ ਪੰਜਾਬੀ ਪਛਾਣ ਨੂੰ ਵਿਸ਼ਵੀਕਰਨ ਦੁਆਰਾ ਖੁੱਲ੍ਹੀਆਂ ਛੱਡੀਆਂ ਸਭਿਆਚਾਰਕ ਤੇ ਆਰਥਕ ਤਾਕਤਾਂ ਨਾਲ ਲਗਾਤਾਰ ਪੁਨਰ-ਸਮਝੌਤਾ ਕਰਦੇ ਰਹਿਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇਸੇ 'ਵਿਸ਼ਵੀਕਰਨ ਦੇ ਦੌਰ ਵਿਚ ਕਿਰਸਾਨੀ ਸਮਾਜ ਦੇ ਬਦਲਦੇ ਮੁਹਾਂਦਰੇ' ਨੂੰ ਡਾ. ਤਰਵਿੰਦਰ ਕੌਰ ਨੇ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਅਤੇ ਡਾ. ਮਨਜੀਤ ਕੌਰ ਨੇ 'ਵਿਸ਼ਵ-ਸਭਿਆਚਾਰ ਦੇ ਸਥਾਨਕ ਸਭਿਆਚਾਰਾਂ ਦੇ ਆਹਾਰ-ਪ੍ਰਬੰਧ 'ਤੇ ਪਏ ਪ੍ਰਭਾਵਾਂ' ਨੂੰ ਸਮਝਣ ਦਾ ਯਤਨ ਕੀਤਾ ਹੈ।

ਪੰਜਾਬ ਵਿਚ ਤਾਜ਼ਾ ਵਰਤਾਰਾ ਯੁਵਾ ਪੀੜ੍ਹੀ ਤੇ ਹੁਨਰਮੰਦਾਂ ਦੇ ਕੌਮਾਂਤਰੀ ਪਰਵਾਸ ਦਾ ਹੈ। ਇਸ ਪ੍ਰਕਿਰਿਆ ਨਾਲ ਪੰਜਾਬ ਨਵੇਂ ਸੰਕਟਾਂ ਦਾ ਸਾਹਮਣਾ ਕਰਨ ਜਾ ਰਿਹਾ ਹੈ ਜਿਨ੍ਹਾਂ ਦੀ ਨਿਸ਼ਾਨਦੇਹੀ ਡਾ. ਗਿਆਨ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਖੋਜਾਰਥੀ ਕਰਦੇ ਹਨ। ਉਹ ਪੇਂਡੂ ਪੰਜਾਬ ਵਿਚੋਂ ਪਰਵਾਸ ਦਾ ਸਮਾਜਕ, ਆਰਥਿਕ ਤੇ ਜਨਸੰਖਿਅਕ ਵਿਸ਼ਲੇਸ਼ਣ ਕਰਦਿਆਂ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਸਰਕਾਰ ਦੀਆਂ ਗ਼ਲਤ ਆਰਥਿਕ ਪਾਲਿਸੀਆਂ, ਪ੍ਰਸ਼ਾਸਕੀ ਅਸੁਵਿਧਾਵਾਂ ਤੇ ਵਿਦੇਸ਼ਾਂ ਮੁਕਾਬਲੇ ਰਹਿਣ-ਸਹਿਣ ਦੀਆਂ ਮਾੜੀਆਂ ਸਥਿਤੀਆਂ ਪੰਜਾਬ ਵਿਚੋਂ ਹੋ ਰਹੇ ਕੌਮਾਂਤਰੀ ਪਰਵਾਸ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਅਜਿਹੇ ਪਰਵਾਸ ਨਾਲ ਪੰਜਾਬ ਵਿਚੋਂ ਸਿਰਫ਼ 'ਪੂੰਜੀ ਦਾ ਹੂੰਝਾ' ਹੀ ਨਹੀਂ ਫਿਰ ਰਿਹਾ, ਸਗੋਂ 'ਬੌਧਿਕ ਹੂੰਝਾ' ਤੇ 'ਜਨਸੰਖਿਅਕ ਲਾਭਅੰਸ਼ ਦਾ ਨੁਕਸਾਨ' ਵੀ ਹੋ ਰਿਹਾ ਹੈ।

ਅਸਲ ਵਿਚ ਹਰੇ ਇਨਕਲਾਬ ਨਾਲ ਹੋਏ ਬਿਹਤਰ ਨਿਰਮਾਣ ਉਪਰੰਤ ਅੱਜ ਪੰਜਾਬ ਖੜੋਤ ਦੀ ਸਥਿਤੀ ਵਿਚ ਹੈ। ਇਕ ਤਰ੍ਹਾਂ ਨਾਲ ਪੰਜਾਬ ਅੱਜ ਅਨੇਕਾਂ ਚੁਣੌਤੀਆਂ ਦੇ ਜਟਿਲ ਚੱਕਰਵਿਊ ਵਿਚ ਉਲਝਿਆ ਪਿਆ ਹੈ ਅਤੇ ਨੇੜ ਭਵਿੱਖ ਵਿਚ ਇਸ ਚੱਕਰਵਿਊ ਵਿਚੋਂ ਨਿਕਲਣ ਦਾ ਕੋਈ ਨਿਸਚਿਤ ਰਾਹ ਵੀ ਨਹੀਂ ਨਿਕਲਦਾ ਦਿਸ ਰਿਹਾ। ਹੁਣ ਪੰਜਾਬ ਵਿਚ ਦੂਸਰੇ ਹਰੇ ਇਨਕਲਾਬ ਜਾਂ ਨਵ-ਨਿਰਮਾਣ ਦਾ ਸੁਪਨਾ ਸਿਰਜਣਾ ਅਤੇ ਇਸਦੀ ਰੂਪ-ਰੇਖਾ ਤਿਆਰ ਕਰਨੀ ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਦਿਸ਼ਾ ਵਿਚ ਅਮਰਜੀਤ ਸਿੰਘ ਗਰੇਵਾਲ ਨੇ ਆਪਣੇ ਪੇਪਰ 'ਪੰਜਾਬ 2.0 : ਪੰਜਾਬ ਦੇ ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਵਿਚ ਵਰਤਮਾਨ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਕੇ, ਉਨ੍ਹਾਂ ਦੇ ਸਮਾਧਾਨ ਲਈ ਭਵਿੱਖਮੁਖੀ ਏਜੰਡਾ ਤਿਆਰ ਕਰਨ ਦਾ ਮੁੱਢਲਾ ਯਤਨ ਕੀਤਾ ਹੈ ਜਿਸ ਨੂੰ ਇਕ ਵੀਯਨ ਡਾਕੂਮੈਂਟ ਵਜੋਂ ਸਾਹਮਣੇ ਰੱਖ ਕੇ ਇਸ ਸੰਵਾਦ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਡਾ. ਪ੍ਰੇਮ ਸਿੰਘ ਮਾਨ ਦਾ ਪੇਪਰ 'ਪੰਜਾਬ ਦਾ ਭਵਿੱਖ' ਵੀ ਇਸੇ ਦਿਸ਼ਾ ਵਿਚ ਸੰਵਾਦ ਨੂੰ ਅੱਗੇ ਤੋਰਦਾ ਹੈ।

ਇਸ ਅੰਕ ਵਿਚ ਸਾਹਿਤ ਅਧਿਐਨ ਨਾਲ ਸੰਬੰਧਿਤ ਖੋਜ-ਪੱਤਰਾਂ ਵਿਚ ਡਾ. ਰਮਿੰਦਰ ਕੌਰ ਤੇ ਸ਼ਰਨਜੀਤ ਕੌਰ ਦਾ ਖੋਜ-ਪੱਤਰ 'ਕਥਾ ਬਿਰਤਾਂਤ ਵਿਚ ਨਾਰੀ', ਡਾ. ਗੁਰਮੁਖ ਸਿੰਘ ਦਾ ਪੇਪਰ 'ਨਾਵਲ ਰਿਜ਼ਕ : ਪਰਵਾਸੀ ਬੰਦੇ ਦੇ ਹੋਣ-ਬਿਨਸਣ ਦਾ ਬਿਰਤਾਂਤ', ਡਾ. ਯਾਦਵਿੰਦਰ ਸਿੰਘ ਦਾ ਪੇਪਰ 'ਹਾਸ਼ੀਆਗਤ ਅਧਿਐਨ : ਕੰਮੀਆਂ ਦੇ ਵਿਹੜੇ', ਡਾ. ਗੁਰਜੀਤ ਕੌਰ ਦਾ ਪੇਪਰ 'ਨਾਵਲ ਆਦਮ ਗ੍ਰਹਿਣ : ਥਰਡ ਜੈਂਡਰ ਦੇ ਬਿੰਬ ਦਾ ਰੂਪਾਂਤਰਣ', ਡਾ. ਤਰਸਪਾਲ ਕੌਰ ਦਾ ਪੇਪਰ 'ਪੰਜਾਬੀ ਨਾਟਕ ਦੇ ਪਿਛੋਕੜ ਵਿਚ ਅੰਗਰੇਜ਼ੀ ਨਾਟਕ' ਅਤੇ ਡਾ. ਗੁਰਮਿੰਦਰ ਕੌਰ ਦਾ ਪੇਪਰ 'ਮਨੋਵਿਸ਼ਲੇਸ਼ਣ : ਸਾਹਿਤ ਅਧਿਐਨ ਵਿਧੀ ਵਜੋਂ' ਸ਼ਾਮਿਲ ਹਨ ਜੋ ਪੰਜਾਬੀ ਕਹਾਣੀ, ਨਾਵਲ, ਨਾਟਕ ਤੇ ਕਵਿਤਾ ਆਦਿ ਦੇ ਵਿਭਿੰਨ ਪੱਖਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਦੇ ਹਨ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਤਕਨਾਲੌਜੀ ਨਾਲ ਸੰਬੰਧਿਤ ਪੇਪਰਾਂ ਵਿਚ ਡਾ. ਅਨੁਰੀਤ ਕੌਰ ਦਾ ਪੇਪਰ 'ਪੰਜਾਬੀ ਭਾਸ਼ਾ ਲਈ ਐਂਡਰਾਇਡ ਅਧਾਰਿਤ ਮੋਬਾਇਲ ਫੋਨ ਐਪਸ: ਦਸ਼ਾ ਤੇ ਦਿਸ਼ਾ' ਅਤੇ ਰਣਧੀਰ ਸਿੰਘ ਦਾ ਪੇਪਰ ' ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ' ਪੰਜਾਬੀ ਭਾਸ਼ਾ ਨੂੰ ਅਜੋਕੇ ਯੁੱਗ ਦੇ ਹਾਣ ਦੀ ਬਣਾਉਣ ਲਈ ਇਸ ਵਿਚ ਮੋਬਾਇਲ ਤੇ ਕੰਪਿਊਟਰ ਤਕਨੀਕ ਦੀ ਪੱਧਰ 'ਤੇ ਹੋਏ ਵਿਕਾਸ ਨੂੰ ਉਲੀਕਦੇ ਹਨ।

ਸੋ **ਸੰਵਾਦ** ਦਾ ਇਹ ਅੰਕ ਪੰਜਾਬ, ਪੰਜਾਬੀ, ਪੰਜਾਬੀਅਤ, ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਅਧਿਐਨ ਦਾ ਆਧਾਰ ਬਣਾਉਂਦਾ ਹੈ। ਇਸ ਪ੍ਰਤੀ ਪਾਠਕਾਂ, ਖੋਜਾਰਥੀਆਂ ਤੇ ਵਿਦਵਾਨਾਂ ਦੇ ਭਰਪੂਰ ਹੁੰਗਾਰੇ ਦੀ ਆਸ ਕਰਦੇ ਹਾਂ।

-ਡਾ. ਮਹਿਲ ਸਿੰਘ

-ਡਾ. ਆਤਮ ਸਿੰਘ ਰੰਧਾਵਾ




 ISSN : 2395-1273 www.sanvad.org

# ਪੰਜਾਬ ਵਿਚ ਤਬਦੀਲੀ : ਇਤਿਹਾਸਕ ਪਰਿਪੇਖ

ਤਬਦੀਲੀ ਕੁਦਰਤ ਦਾ ਨਿਯਮ ਹੈ। ਇਹ ਇਕ ਅਟੱਲ ਸੱਚਾਈ ਹੈ। ਕਿਤੇ ਇਹ ਤਬਦੀਲੀ ਰੂਪਾਂਤਰਣ ਰੂਪੀ ਹੁੰਦੀ ਹੈ। ਭਾਵ ਇਹ ਸਹਿਜਭਾਵੀ ਵਾਪਰਦੀ ਹੈ। ਇਸ ਦੇ ਨਾਲ-ਨਾਲ ਬੰਦੇ ਦਾ ਮਨੋ-ਮਸਤਕ ਵੀ ਤੁਰਿਆ ਰਹਿੰਦਾ ਹੈ। ਪਰ ਕਿਤੇ ਇਹ ਤਬਦੀਲੀ ਮਕਾਨਕੀ ਰੂਪ ਵਿਚ ਵਾਪਰਦੀ ਹੈ। ਭਾਵ ਇਹ ਝਟਪਟ ਵਾਪਰਦੀ ਹੈ। ਇਹ ਸੁਭਾਵਕ ਨਹੀਂ ਬਣਾਵਟੀ ਲੱਗਦੀ ਹੈ। ਬਹੁਤੀ ਵਾਰ ਇਹ ਮਨੁੱਖੀ ਮਾਨਸਿਕਤਾ ਤੋਂ ਅੱਗੇ ਨਿਕਲ ਜਾਂਦੀ ਹੈ। ਇਸ ਕਰਕੇ ਇਹ ਅਲੋਕਾਰੀ ਵੀ ਜਾਪਦੀ ਹੈ ਤੇ ਓਪਰੀ ਵੀ। ਪੰਜਾਬ ਪਿਛਲੇ ਕੁਝ ਸਮਿਆਂ ਤੋਂ ਤੇਜ਼ ਰਫ਼ਤਾਰੀ ਬਦਲਾਅ ਵਿਚੋਂ ਲੰਘ ਰਿਹਾ ਹੈ। ਕਿਸੇ ਵੀ ਬਦਲਾਅ ਦੇ ਦੋ ਅਹਿਮ ਪੱਖ ਹੁੰਦੇ ਹਨ। ਇਕ ਪੱਖ ਰੋਜੀ-ਰੋਟੀ ਤੇ ਵਸੀਲਿਆਂ ਜਾਂ ਸੰਦਾਂ-ਸਾਧਨਾਂ ਦਾ ਹੁੰਦਾ ਹੈ। ਇਸ ਨੂੰ ਸਮਾਜ ਦਾ ਸਭਿਅਤਾ ਮੁਖੀ ਬਦਲਾਅ ਕਿਹਾ ਜਾਂਦਾ ਹੈ। ਦੂਜਾ ਪੱਖ ਸਾਡੇ ਸਮਾਜਕ ਰਸਮੋ-ਰਿਵਾਜਾਂ ਦਾ ਹੁੰਦਾ ਹੈ। ਇਸ ਵਿਚ ਭਾਵੁਕ, ਮਾਨਸਿਕ, ਧਾਰਮਿਕ ਤੇ ਸਾਰੇ ਮਨੁੱਖੀ ਰਿਸ਼ਤੇ ਸ਼ਾਮਿਲ ਹੁੰਦੇ ਹਨ। ਇਸ ਨੂੰ ਸਮਾਜ-ਸਭਿਆਚਾਰ ਮੰਨਿਆ ਜਾਂਦਾ ਹੈ। ਆਮ ਕਰਕੇ ਪਹਿਲਾਂ ਸਭਿਅਤਾ ਮੁਖੀ ਤਬਦੀਲੀ ਵਾਪਰਦੀ ਹੈ। ਫਿਰ ਇਸ ਦੇ ਪਿੱਛੇ-ਪਿੱਛੇ ਸਮਾਜ-ਸਭਿਆਚਾਰ ਦੇ ਰੰਗ-ਰੂਪ ਬਦਲਦੇ ਹਨ। ਇਸ ਬਦਲਾਅ ਨੂੰ ਪੰਜਾਬੀ ਨਾਵਲ ਦੀਆਂ ਕੁਝ ਮਿਸਾਲਾਂ ਸਮੇਤ ਵੀ ਵੇਖਿਆ ਜਾਵੇਗਾ। ਨਵੇਂ ਸਾਹਿਤ ਰੂਪਾਂ ਦੀ ਆਮਦ 'ਤੇ ਇਨ੍ਹਾਂ ਦੇ ਵਿਚ ਵਾਪਰੀਆਂ ਵਿਸ਼ੈਗਤ ਤਬਦੀਲੀਆਂ ਆਪਣੇ ਵਿਚ ਹੀ ਬਦਲ ਗਈ ਵਸਤੂ ਤੇ ਸਮਾਜਕ ਸਥਿਤੀ ਦਾ ਪ੍ਰਗਟਾਵਾ ਹੁੰਦੀਆਂ ਹਨ। ਸਾਹਿਤ ਰਾਹੀਂ ਇਤਿਹਾਸ ਨੂੰ ਜਾਣਨ ਦੀ ਆਪਣੀ ਵਿਸ਼ੇਸ਼ ਭਰੋਸੇ ਯੋਗਤਾ ਹੁੰਦੀ ਹੈ। ਸਾਹਿਤ ਅਕਸਰ ਹੀ ਵਸਤੂ (ਯਥਾਰਥ) ਮੁਖ ਹੁੰਦਾ ਹੈ। ਇਤਿਹਾਸਕਾਰ ਆਪਣੇ ਇਤਿਹਾਸ ਵਿਚ ਤੱਥਾਂ, ਘਟਨਾਵਾਂ ਤੇ ਮਿਤੀਆਂ ਨੂੰ ਆਪੋ-ਆਪਣੇ ਨਜ਼ਰੀਏ ਮੁਤਾਬਕ ਪੇਸ਼ ਕਰਦੇ ਹਨ। ਸਾਹਿਤਕਾਰ ਦੀ ਵੀ ਆਪਣੀ ਰਚਨਾ-ਦ੍ਰਿਸ਼ਟੀ ਹੁੰਦੀ ਹੈ। ਪਰ ਇਸ ਦਾ ਧਰਮ ਯਥਾਰਥ (ਸੱਚਾਈ) ਚਿਤਰਣ ਵਿਚ ਮੰਨਿਆ ਜਾਂਦਾ ਹੈ। ਸਾਹਿਤਕਾਰ ਸਮਾਜ ਪ੍ਰਤੀ ਸੁਪਨਸਾਜ਼ ਵੀ ਹੋ ਸਕਦੇ ਹਨ। ਫਿਰ ਵੇਖਣਾ ਇਹ ਹੁੰਦਾ ਹੈ ਕਿ ਅਜੇਹੇ ਸੁਪਨੇ ਸਮਾਜ ਦੀ ਤੋਰ ਪ੍ਰਤੀ ਕਿਥੋਂ ਤੱਕ ਸੰਭਾਵੀ ਰੂਪ ਹੋ ਸਕਦੇ ਹਨ।



**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667
khalsacollegeamristar@yahoo.com

ਪੰਜਾਬ ਸਦਾ ਵੱਡੇ ਰੱਦੋ-ਬਦਲ ਦੇ ਦੌਰ ਵਿਚੋਂ ਗੁਜ਼ਰਦਾ ਰਿਹਾ ਹੈ। ਪਰ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਾਡਾ ਜੀਵਨ ਸਹਿਜਭਾਵੀ ਹੀ ਸੀ। ਸਦੀਆਂ ਪੁਰਾਣੇ ਸੰਦ-ਸਾਧਨ ਤੇ ਰੋਜੀ ਦੇ ਵਸੀਲੇ ਸਨ। ਇਸ ਕਰਕੇ ਸਥਿਰ ਕਿਸਮ ਦੀ ਆਰਥਿਕਤਾ ਤੇ ਸਮਾਜਕਤਾ ਸੀ। ਧਾਰਮਿਕ ਮੁਹਾਵਰੇ ਵਿਚ ਉਂਜ ਸੂਫ਼ੀ ਲਹਿਰ, ਭਗਤੀ ਲਹਿਰ ਤੇ ਸਿੱਖ ਧਰਮ ਨੇ ਧਾਰਮਿਕ ਪੱਖ ਤੋਂ ਨਵੇਂ ਵਿਚਾਰਧਾਰਾਈ ਸੰਕਲਪ ਸਾਹਮਣੇ ਲਿਆਏ ਸਨ। ਇਸ ਨਾਲ ਸਮਾਜਕ ਜਾਗਰਤੀ ਆਈ ਸੀ। ਪਰ ਫਿਰ

ਵੀ ਸਮੁੱਚੇ ਸਮਾਜਕ ਜੀਵਨ ਵਿਚ ਪਰੰਪਰਾ ਤੇ ਸਹਿਜ ਹੀ ਭਾਰੂ ਸੀ।' ਕਿਉਂਕਿ ਢਾਂਚਾਗਤ ਆਧਾਰ (ਸਭਿਅਤਾ) ਵਿਚ ਕੋਈ ਭਿੰਨਤਾ ਨਹੀਂ ਸੀ। ਪਰ ਅੰਗਰੇਜ਼ ਕੇਵਲ ਨਵੀਂ ਰਾਜਸੀ ਹਕੂਮਤ ਹੀ ਨਹੀਂ ਸਨ, ਉਹ ਨਵੀਂ ਵਿਕਸਤ ਸਭਿਅਤਾ ਦੇ ਵਾਰਸ ਤੇ ਆਲੰਬਕਾਰ ਵੀ ਸਨ। ਉਹ ਸਭਿਅਤਾ ਦੇ ਪੱਖ ਤੋਂ ਸਾਡੇ ਨਾਲੋਂ ਕਈ ਸਦੀਆਂ ਅੱਗੇ ਸਨ। ਪੰਜਾਬ ਵੀ ਬਾਕੀ ਭਾਰਤ ਵਾਂਗ ਅੰਗਰੇਜ਼ਾਂ ਦਾ ਚਲਾਇਆ ਚੱਲਣ ਲੱਗਦਾ ਹੈ। ਇਸ ਦੇ ਸਿੱਟੇ ਵਜੋਂ ਸਾਡੇ ਮੱਧਕਾਲੀ ਸਾਹਿਤ ਰੂਪਾਂ ਦੀ ਸੰਭਾਵਨਾ ਮੁੱਕ ਜਾਂਦੀ ਹੈ ਤੇ ਨਵੇਂ ਆਧੁਨਿਕ ਸਾਹਿਤ ਰੂਪਾਂ ਦਾ ਪਿੜ ਬੱਝਣ ਲੱਗਦਾ ਹੈ। ਪੰਜਾਬ ਵਿਚ ਚੌਤਰਫ਼ੀ ਸਮਾਜਕ ਤਬਦੀਲੀ ਦਾ ਆਰੰਭ ਅੰਗਰੇਜ਼ਾਂ ਦੇ ਆਉਣ ਨਾਲ ਹੀ ਹੁੰਦਾ ਹੈ। ਨਹਿਰਾਂ, ਰੇਲਾਂ, ਸੜਕਾਂ ਅਤੇ ਸਰਕਾਰੀ ਸੰਸਥਾਵਾਂ ਦਾ ਜਾਲ ਵਿੱਛਦਾ ਹੈ। ਬਾਰਾਂ ਆਬਾਦ ਹੁੰਦੀਆਂ ਹਨ। ਉਤਪਾਦਨ ਵੱਧਦਾ ਹੈ। ਧਰਮ ਅਸਥਾਨਾਂ ਵਿਚ ਚੜ੍ਹਾਵੇ ਵਧਣ ਲੱਗਦੇ ਹਨ। ਮਹੰਤ ਜਾਂ ਪ੍ਰਬੰਧਕ ਅੱਯਾਸ਼ ਹੋਣ ਲੱਗਦੇ ਹਨ। ਵਿਕਾਸ ਨਾਲ ਅਮੀਰੀ ਵੀ ਆਉਂਦੀ ਹੈ, ਨਾਲ ਹੀ ਨੈਤਿਕ ਨਿਘਾਰ ਦੀ ਅਲਾਮਤ ਵੀ ਸਿਰ ਚੁੱਕਦੀ ਹੈ। ਨਵੀਂ ਪੜ੍ਹੀ-ਲਿਖੀ ਸ਼੍ਰੇਣੀ ਨਵੀਂ ਸਮਾਜਕਤਾ ਦੇ ਰੁਬਰੂ ਹੁੰਦੀ ਹੈ। ਇਸ ਵਿਚ ਇਕ-ਦੂਜੇ ਉੱਤੇ ਸਭਿਆਚਾਰਕ ਗਲਬਾ ਪਾਉਣ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਦਾ ਖੜ੍ਹਵੇ ਦਾਅ ਮੁਕਾਬਲਾ ਆਰੰਭ ਹੁੰਦਾ ਹੈ। ਇਸ ਨੂੰ ਧਾਰਮਿਕ ਲਹਿਰਾਂ ਦੇ ਪ੍ਰਵਿਰਤੀ-ਕਾਲ ਵਜੋਂ ਜਾਣਿਆ ਜਾਂਦਾ ਹੈ। ਅਸੀਂ ਆਪੋ-ਆਪਣੇ ਧਰਮ ਤੇ ਫ਼ਿਰਕੇ ਮੁਤਾਬਕ ਸਾਵਧਾਨ ਹੋਣ ਲੱਗਦੇ ਹਾਂ। ਪਰ ਅਜੇਹੀ ਨਵੀਂ ਜਾਗ੍ਰਤੀ ਦੇ ਬਾਵਜੂਦ ਅੰਗਰੇਜ਼ੀ ਪ੍ਰਭਾਵ ਪੈਣ ਲੱਗਦਾ ਹੈ। ਇਸ ਸੰਬੰਧੀ ਅੰਗਰੇਜ਼ ਹਕੂਮਤ ਵੱਲੋਂ ਪ੍ਰਚਾਰਕ ਕੇਂਦਰ ਤੇ ਸੰਗਠਨ ਵੀ ਬਣਾਏ ਗਏ ਸਨ। ਮਿਸਾਲ ਵਜੋਂ ਈਸਾਈ ਮਿਸ਼ਨਰੀਆਂ ਦੁਆਰਾ ਪ੍ਰਕਾਸ਼ਿਤ ਕਹਾਣੀ **ਰੇਲ ਗੱਡੀ ਦਾ ਸਫ਼ਰ** (1887) ਵਿਚ ਅੰਗਰੇਜ਼ੀ ਸਭਿਅਤਾ ਤੇ ਸਮਾਜਕਤਾ ਦੀ ਗੱਡੀ ਚੱਲ ਪੈਣ ਦਾ ਸਪਸ਼ਟ ਸੁਨੇਹਾ ਮਿਲਦਾ ਹੈ। ਸੁਰਿੰਦਰ ਸਿੰਘ ਨਰੂਲਾ ਦੇ ਨਾਵਲ **ਪਿਉ-ਪੁੱਤਰ** (1946) ਵਿਚ ਵੀ ਉੱਨੀਵੀਂ ਸਦੀ ਵਿਚੋਂ ਨਿਕਲ ਕੇ ਵੀਹਵੀਂ ਸਦੀ ਵਿਚ ਪ੍ਰਵੇਸ਼ ਕਰ ਰਹੇ ਅੰਮ੍ਰਿਤਸਰ ਦਾ ਗਤੀਸ਼ੀਲ ਚਿੱਤਰ ਪੇਸ਼ ਹੋਇਆ ਹੈ। ਇਸ ਨਾਵਲ ਵਿਚ ਅੰਮ੍ਰਿਤਸਰ ਕਸਬੇ ਤੋਂ ਸ਼ਹਿਰ ਵਿਚ ਤਬਦੀਲ ਹੁੰਦਾ ਵਿਖਾਈ ਦੇਂਦਾ ਹੈ। ਇਥੇ ਸ਼ਹਿਰ ਤੋਂ ਭਾਵ ਵੱਡੇ ਹੋ ਰਹੇ ਆਕਾਰ ਦੇ ਨਾਲ-ਨਾਲ ਨਵੇਂ ਰੁਜ਼ਗਾਰ ਵਸੀਲਿਆਂ ਅਤੇ ਨਵੀਂ ਸੋਚਣੀ ਤੋਂ ਹੈ। ਇਸ ਤਬਦੀਲੀ ਨਾਲ ਨਵਾਂ ਭਾਵ-ਬੋਧ ਬਣਨ ਲੱਗਦਾ ਹੈ। ਪਰ ਮੁੱਢਲੇ ਪੜਾਅ 'ਤੇ ਸਾਡੀ ਨਵੀਂ ਜਾਗ੍ਰਤੀ ਖੜਵੇਂ ਦਾਅ ਜਾਤਾਂ-ਧਰਮਾਂ ਦੇ ਹਿਸਾਬ ਨਾਲ ਹੀ ਲਾਮਬੰਦ ਹੁੰਦੀ ਹੈ। ਅਸੀਂ 'ਪੰਥ ਆਜ਼ਾਦ' ਤਾਂ 'ਦੇਸ਼ ਆਜ਼ਾਦ' ਦੀ ਮੁਹਾਰਨੀ ਅਧੀਨ ਸੀ। ਸ਼ਾਇਦ ਇਸੇ ਕਰਕੇ ਹੀ ਪੰਜਾਬੀ ਨਾਵਲ ਵਿਚ ਸਰਵ-ਸਾਂਝੀ ਕੌਮੀਅਤ ਦਾ ਅਭਾਵ ਰਿਹਾ ਹੈ। ਸੋਹਣ ਸਿੰਘ ਸੀਤਲ ਦੇ ਨਾਵਲ **ਤੂਤਾਂ ਵਾਲਾ ਖੂਹ** (1963) ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਪਾਤਰਾਂ ਸੰਬੰਧੀ ਖਿੱਚੜੀ ਰੂਪੀ ਪੇਸ਼ਕਾਰੀ ਪੰਜਾਬੀ ਨਾਵਲ ਵਿਚ ਇਕ ਦੁਰਲੱਭ ਅਪਵਾਦ ਹੈ। ਇਸ ਪੇਸ਼ਕਾਰੀ ਵਿਚੋਂ ਸਾਡੇ ਪਿਛੋਕੜ ਦੀ ਉਸਾਰੂ ਰੂਹ ਧੜਕਦੀ ਵਿਖਾਈ ਦੇਂਦੀ ਹੈ। ਮੱਧਕਾਲ ਵਿਚ ਕਬੀਰ ਜੀ ਦਾ "ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ" ਵਾਲਾ ਸੰਦੇਸ਼ ਗੁਰਮਤਿ ਵਿਚ "ਸਭੈ ਸਾਂਝੀਵਾਲ ਸਦਾਇਣ" ਦਾ ਵੱਡਾ ਸਮਾਜਕ ਫਲਸਫ਼ਾ ਬਣਦਾ ਹੈ। ਇਹ ਆਪਣੇ ਵੇਲੇ ਦਾ ਲੋਕ ਹਿਤੈਸ਼ੀ ਤੇ ਮਾਨਵ ਸੰਦੇਸ਼ ਸੀ। ਇਸ ਵਿਚੋਂ ਕੌਮੀ ਜਜ਼ਬੇ ਦੀ ਰੂਹ ਉਭਰਦੀ ਸੀ। ਪਰ ਇਸ ਨੂੰ ਆਧੁਨਿਕ ਜ਼ਮਾਨੇ ਵਿਚ ਢਾਹ ਲੱਗਦੀ ਹੈ। ਅੰਗਰੇਜ਼ੀ ਰਾਜ ਦੌਰਾਨ ਪੈਦਾ ਹੋਈ ਨਵੀਂ ਸਫ਼ਬੰਦੀ ਵਿਚ ਅਸੀਂ ਆਪੋ-ਆਪਣੀ ਫ਼ਿਕਰਮੰਦੀ ਵਿਚ ਪੈ ਗਏ ਸੀ। ਨਵੀਂ ਪੜ੍ਹੀ-ਲਿਖੀ ਸ਼੍ਰੇਣੀ ਵਿਦਿਆ ਨਾਲ ਸਿਆਣੀ ਬਣਨ ਦੀ ਥਾਂ ਆਪੋ-ਆਪਣੀ ਧਿਰ ਮੁਤਾਬਕ ਚੁਸਤ-ਚਲਾਕ ਬਣਨ ਲੱਗਦੀ ਹੈ। ਨਵੀਂ ਸ਼੍ਰੇਣੀ ਦੇ ਪਹਿਰਾਵੇ, ਪਹਿਨਣ-ਪਚਰਨ ਤੇ ਸੁਆਦਾਂ ਵਿਚ ਫ਼ਰਕ ਆ ਜਾਂਦਾ ਹੈ, ਕਿਉਂਕਿ ਇਨ੍ਹਾਂ ਦੇ ਰੋਜ਼ਗਾਰੀ ਵਸੀਲੇ ਬਦਲ ਗਏ ਸਨ। ਸਭਿਅਤਾ ਦੇ ਨਵੇਂ ਢਾਂਚੇ ਨੇ ਨਵੀਂ ਮਨੋਸਥਿਤੀ ਉਭਾਰਨੀ ਹੀ ਸੀ। ਸਮਾਜ ਤੇ ਜੀਵਨ ਵਿਚ ਆਧੁਨਿਕ ਰੰਗ ਭਰਨ ਲੱਗਦਾ ਹੈ। ਨੌਕਰੀਆਂ ਤੇ ਨਕਦ ਤਨਖਾਹਾਂ ਖਿੱਚ ਪਾਉਣ ਲੱਗਦੀਆਂ ਹਨ। ਪਰਿਵਾਰਕ ਰਿਸ਼ਤਿਆਂ ਵਿਚ ਨਵੀਂ ਚੋਣ ਉੱਭਰਦੀ ਹੈ। "ਵੱਸਣਾ ਫੌਜੀ ਦੇ ਭਾਵੇ ਬੂਟ ਸਣੇ ਲੱਤ ਮਾਰੇ" ਦਾ ਸੱਚ ਸਾਹਮਣੇ ਆਉਂਦਾ ਹੈ। ਸੰਤ ਸਿੰਘ ਸੇਖੋਂ ਦੇ ਨਾਵਲ **ਲਹੂ-ਮਿੱਟੀ** (1949) ਵਿਚ 'ਉੱਤਮ ਖੇਤੀ, ਮੱਧਮ ਵਪਾਰ ਤੇ ਨਖਿੱਧ ਚਾਕਰੀ' ਦਾ ਮੁਹਾਵਰਾ ਉਲਟਾ ਹੋ ਜਾਂਦਾ ਹੈ। ਇਸ ਵਿਚ ਕਿਸਾਨੀ ਪਰਿਵਾਰ ਜੂਏ ਵਾਂਗ ਸਭ ਕੁਝ ਦਾਅ 'ਤੇ ਲਾ ਕੇ ਆਪਣੇ ਪੁੱਤਰ ਨੂੰ ਉੱਚ-ਸਿਖਿਆ ਦੇਂਦਾ ਹੈ। ਕਿਉਂਕਿ ਨੌਕਰੀਆਂ ਦੇ ਮੁਕਾਬਲੇ ਖੇਤੀ ਪਿੱਛੇ ਰਹਿ ਜਾਂਦੀ ਹੈ। ਮੁਨਸ਼ੀ ਪ੍ਰੇਮ ਚੰਦ ਦੇ ਹਿੰਦੀ ਨਾਵਲ **ਗੋਦਾਨ** (1936) ਨੂੰ ਵੀ ਛੋਟੀ ਕਿਸਾਨੀ ਦੀ ਦਰਦ ਭਰੀ ਦਾਸਤਾਨ ਵਜੋਂ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਜੀ ਦੇ "ਮਨੁ ਹਾਲੀ ਕਿਰਸਾਣੀ ਕਰਨੀ ਸਰਮੁ ਪਾਣੀ ਤਨ ਖੇਤੁ" ਲਈ ਵੰਗਾਰ ਖੜੀ ਹੋ ਜਾਂਦੀ ਹੈ। ਕਿਰਸਾਣੀ, ਖੇਤੀ ਤੇ ਕਿਰਤ ਦੇ

ਵੱਡੇ ਸਮਾਜਕ ਸੱਚ ਨੂੰ ਢਾਹ ਲੱਗਦੀ ਹੈ। ਅੰਗਰੇਜ਼ਾਂ ਸਾਨੂੰ ਨਵਾਂ ਪਦਾਰਥਕ ਤੇ ਸਮਾਜਕ ਆਧਾਰ ਪ੍ਰਦਾਨ ਕੀਤਾ। ਇਸ ਦੀ ਨਿਸਬਤ ਸਾਡਾ ਪਹਿਲਾਂ ਆਪੋ ਵਿਚ ਤੇ ਫਿਰ ਅੰਗਰੇਜ਼ੀ ਰਾਜ ਵਿਰੋਧੀ ਵੱਡਾ ਰਾਜਸੀ ਮੁਹਾਜ਼ ਬਣਦਾ ਹੈ। ਨਵੀਂ ਪੀੜ੍ਹੀ ਦੀ ਨਵੀਂ ਪੜ੍ਹੀ-ਲਿਖੀ ਚੇਤੰਨ ਸ਼੍ਰੇਣੀ ਰਾਜਸੀ ਧਾਰਵਾਂ ਦਾ ਪਾਣੀ ਬਣਦੀ ਹੈ। ਨਾਨਕ ਸਿੰਘ ਦੇ ਵਿਸ਼ੇਸ਼ ਨਾਵਲ **ਚਿੱਟਾ ਲਹੂ** (1932) ਵਿਚ 'ਗੁਰਦੁਆਰਾ ਸੁਧਾਰ ਲਹਿਰ' ਤੇ 'ਆਜ਼ਾਦੀ ਸੰਗਰਾਮ' ਦੇ ਸੰਕੇਤ ਵੇਖੇ ਜਾ ਸਕਦੇ ਹਨ। ਇਸ ਨਾਵਲ ਵਿਚ ਵੀ ਪਾਲਾ ਸਿੰਘ ਨਾਮ ਦਾ ਕਿਸਾਨ ਪਾਤਰ ਆਪਣੀ ਖੇਤੀ ਗੁਵਾ ਕੇ ਪੁਲਿਸ ਦਾ ਮੁਖਬਰ ਬਣਿਆ ਵਿਖਾਈ ਦੇਂਦਾ ਹੈ। ਸਾਡੀਆਂ ਕਈ ਧਾਰਮਿਕ, ਰਾਸ਼ਟਰੀ ਤੇ ਜੁਝਾਰੂ ਲਹਿਰਾਂ ਦਾ ਉਥਾਨ ਹੁੰਦਾ ਹੈ। ਇਸ ਦੇ ਸਿੱਟੇ ਵਜੋਂ ਅੰਗਰੇਜ਼ਾਂ ਨਾਲ ਰਾਜਸੀ ਘੋਲ ਭਖ਼ ਜਾਂਦਾ ਹੈ। ਅਸੀਂ ਜਿਵੇਂ-ਜਿਵੇਂ ਨਵੇਂ-ਨਵੇਂ ਕਿੱਤਿਆਂ ਤੇ ਨਵੇਂ-ਨਵੇਂ ਸਮਾਜਕ ਮੁੱਲਾਂ ਦੇ ਰੁਬਰੂ ਹੁੰਦੇ ਗਏ, ਤਿਵੇਂ-ਤਿਵੇਂ ਵਿਦੇਸ਼ੀ ਰਾਜ ਦਾ ਵਿਰੋਧ ਵੀ ਕਰ ਰਹੇ ਸੀ। ਨਵੀਂ ਜਾਗ੍ਰਿਤੀ ਤਹਿਤ ਆਪਣੇ ਦੇਸ਼ ਲਈ ਆਪਣਾ ਰਾਜ ਲੈਣ ਦੀ ਭਾਵਨਾ ਉਦੈ ਹੋਣ ਲੱਗੀ। ਪੰਜਾਬੀ ਦੇਸ਼ ਆਜ਼ਾਦ ਤਾਂ 'ਪੰਥ ਆਜ਼ਾਦ' ਵੱਲ ਕਰਵਟ ਬਦਲਦੇ ਹਨ। ਅੰਗਰੇਜ਼ੀ ਰਾਜ ਨਾਲ ਆਏ ਵਿਦਿਅਕ ਚਾਨਣ ਤਹਿਤ ਅਸੀਂ ਅੰਗਰੇਜ਼ਾਂ ਨੂੰ ਇਥੋਂ ਕੱਢਣ ਦੇ ਹੋਸ਼-ਜੋਸ਼ ਨਾਲ ਜੁੜਣ ਲੱਗੇ। ਅੰਗਰੇਜ਼ੀ ਰਾਜ ਦੌਰਾਨ ਅਸੀਂ ਸਭਿਅਤਾ ਦੀ ਪੱਧਰ 'ਤੇ ਅੱਗੇ ਵਧੇ ਸਾਂ। ਪਰ ਆਪਣੇ ਸਥਾਨਕ ਹਿੱਤਾਂ ਦੇ ਲਹਿਜ਼ੇ ਵਿਚ ਸਾਡੇ ਲੇਖਕ ਅਜੇਹੇ ਵਰਤਾਰੇ ਦਾ ਵਿਰੋਧ ਵੀ ਕਰ ਰਹੇ ਹਨ। ਭਾਈ ਵੀਰ ਸਿੰਘ ਨੇ ਆਪਣੇ ਨਾਵਲ **ਬਾਬਾ ਨੌਧ ਸਿੰਘ** (1917) ਵਿਚ ਅੰਗਰੇਜ਼ਾਂ ਦੁਆਰਾ ਸਥਾਪਤ ਥਾਣੇ-ਕਚਹਿਰੀਆਂ ਵਰਗੀਆਂ ਸੰਸਥਾਵਾਂ ਨੂੰ ਖੱਜਲ-ਖੁਆਰੀ ਦਾ ਪਿੜ ਮੰਨਿਆ ਹੈ। ਨਾਲ ਹੀ ਸਾਨੂੰ ਆਪਣੀ ਅਸਲ ਸਮਾਜਕਤਾ ਦੀ ਸਮਝ ਵੀ ਆਉਣ ਲੱਗਦੀ ਹੈ। ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਤੋਂ ਵੀ ਪਹਿਲਾ ਮੀਰਾ ਬਖਸ਼ ਮਿਨਿਹਾਸ ਦਾ ਪੰਜਾਬੀ ਨਾਵਲ **ਨਵਾਬ ਖਾਂ** (1930) ਆਪਣੇ ਸਮੇਂ ਦੀ ਕਿਸਾਨੀ ਕਿੱਤੇ ਦੀਆਂ ਸੀਮਾਵਾਂ ਨਾਲ ਸੰਬੰਧਿਤ ਵਿਸ਼ੇਸ਼ ਕ੍ਰਿਤ ਹੈ। ਖੇਤੀ ਨਾਲ ਰੋਟੀ-ਰੋਜ਼ੀ ਜਾਂ ਬੁਨਿਆਦੀ ਲੋੜਾਂ ਦੀ ਹੀ ਮੁਸ਼ਕਲ ਨਾਲ ਦਰ-ਗੁਜ਼ਰ ਹੁੰਦੀ ਹੈ। ਸਮਾਜ ਦੀਆਂ ਅਸਲ ਸਮੱਸਿਆਵਾਂ ਵੀ ਮਹਿਸੂਸ ਹੋਣ ਲੱਗਦੀਆਂ ਹਨ। ਨਵੇਂ ਯੁੱਗ ਦੀ ਲੌਕਿਕ-ਦ੍ਰਿਸ਼ਟੀ ਮੁਤਾਬਕ ਆਪਣੇ ਚਾਰ-ਚੁਫ਼ੇਰੇ ਨੂੰ ਆਲੋਚਨਾਤਮਿਕ ਵਤੀਰੇ ਨਾਲ ਵੇਖਣ ਦੀ ਨਜ਼ਰ ਸਿਰ ਚੁੱਕਦੀ ਹੈ। ਆਈ.ਸੀ. ਨੰਦਾ ਦੇ **ਨਾਵਲ ਮੁਰਾਦ** (1943), ਬਲਵੰਤ ਗਾਰਗੀ ਦੇ **ਕੱਕਾ ਰੇਤਾ** (1944), ਨਰੂਲਾ ਦੇ **ਪਿਉ ਪੁੱਤਰ** (1946), ਸੰਤ ਸਿੰਘ ਸੇਖੋਂ ਦੇ **ਲਹੂ ਮਿੱਟੀ** (1949) ਅਤੇ ਗੁਰਚਰਨ ਸਿਘ ਦੇ **ਵਗਦੀ ਸੀ ਰਾਵੀ** (1951) ਵਿਚੋਂ ਯਥਾਰਥਕ ਆਭਾ ਨਿਖੜਨ ਲੱਗਦੀ ਹੈ। ਪੰਜਾਬ ਵਿਚ ਪਹਿਲਾਂ ਮਨੋ-ਸਮਾਜਕ ਪੱਧਰ ਉੱਤੇ ਕਬਾਇਲੀ ਸੰਸਕਾਰਾਂ ਦਾ ਪ੍ਰਭਾਵ ਸੀ। ਆਪਣੀ ਹਕੀਕੀ ਸਥਿਤੀ ਮੁਤਾਬਕ ਨਵੀਂ ਸੋਚ ਉਭਰਨ ਲੱਗਦੀ ਹੈ। ਫਿਰ ਸਾਹਿਤ ਦੀ ਆਪਣੀ ਕਾਲਪਨਿਕ ਸੁਰ ਵੀ ਹੁੰਦੀ ਹੈ। ਕਿਤੇ ਇਹ ਸਮਾਜ ਦੀ ਦਸ਼ਾ ਜਾਂ ਰੁਖ਼ ਮੁਤਾਬਕ ਹੁੰਦਾ ਹੈ। ਕਿਤੇ ਇਸ ਵਿਚ ਸਮਾਜ ਨੂੰ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਵਜੋਂ ਕਾਲਪਨਿਕ ਹੁਲਾਰਾ ਵੀ ਪੇਸ਼ ਹੁੰਦਾ ਹੈ। ਸੋਹਣ ਸਿੰਘ ਸੀਤਲ ਦੇ ਨਾਵਲ **ਜੁੱਗ ਬਦਲ ਗਿਆ** (1972) ਵਿਚ ਜਿਨਸੀ ਸੰਬੰਧਾਂ ਦੇ ਸਿੱਟੇ ਵਜੋਂ ਜਾਗੀਰਦਾਰੀ ਤੇ ਸੀਰੀ ਦੀ ਪਰਿਵਾਰਕ ਸਾਂਝ ਬਣ ਜਾਂਦੀ ਹੈ। ਨਾਵਲਕਾਰ ਨੂੰ ਸਮਾਜ ਬਦਲਦਾ ਵਿਖਾਈ ਦੇਂਦਾ ਹੈ। ਪਰ ਇਸ ਦੀ ਸਮਾਜਕ ਹਕੀਕਤ ਬੜੀ ਸੌੜੀ ਤੇ ਕੱਚੀ ਵਿਖਾਈ ਦੇਂਦੀ ਹੈ। ਪਰ ਕਈ ਵਾਰ ਸਾਹਿਤਕਾਰ ਆਪਣੇ ਵੱਲੋਂ ਸਮਾਜ ਨੂੰ ਕੋਈ ਨਵਾਂ ਮੋੜ੍ਹਾ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਸਾਹਿਤ ਦਾ ਤਾਣਾ-ਪੇਟਾ ਹਕੀਕਤਾਂ ਦੇ ਨਾਲ-ਨਾਲ ਕਈ ਵਾਰ ਸੁਪਨਿਆਂ ਦੇ ਹੁਸੀਨ ਗੁਬਾਰਿਆਂ ਦੀ ਬੁਣਤੀ ਨਾਲ ਵੀ ਭਰਪੂਰ ਹੁੰਦਾ ਹੈ। ਉਂਜ ਸਾਹਿਤ ਸਦਾ ਆਦਿ ਕਾਲ ਤੋਂ ਸਮਾਜ ਦੀ ਦੁੱਖਦੀ ਰਗ ਦਾ ਵਾਹਣ ਰਿਹਾ ਹੈ। ਇਸ ਪੱਖ ਤੋਂ ਸਾਡੀਆਂ ਸੰਸਾਰ ਪ੍ਰਸਿੱਧ ਕਲਾਸਕੀ ਰਚਨਾਵਾਂ **ਰਾਮਾਇਣ** ਤੇ **ਮਹਾਂਭਾਰਤ** ਵੀ ਵੇਖਣਯੋਗ ਹਨ। **ਰਾਮਾਇਣ** ਵਿਚੋਂ ਮਨੁੱਖੀ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਬਰਕਰਾਰ ਰੱਖਣ ਲਈ ਕੁਰਬਾਨੀ, ਪਰਉਪਕਾਰੀ ਤੇ ਤਿਆਗ ਭਾਵਨਾ ਦਾ ਸੱਚ ਉੱਭਰਦਾ ਹੈ। ਸਪੱਸ਼ਟ ਹੈ ਕਿ ਰਿਸ਼ਤਿਆਂ ਦੀ ਬਣਤਰ ਵਿਚ ਆ ਰਹੀਆਂ ਤ੍ਰੇੜਾਂ ਨੂੰ ਰੋਕਣ ਲਈ ਆਪਣੇ ਆਪ ਨੂੰ ਵਾਰਨ ਦੀ ਵੱਡੀ ਲੋੜ ਦੀ ਮਜ਼ਬੂਰੀ ਸਿਰ ਚੁੱਕ ਲੈਂਦੀ ਹੈ। **ਮਹਾਂਭਾਰਤ** ਆਪਣੇ ਵੇਲੇ ਦੇ ਰਾਜਤੰਤਰ, ਪਰਿਵਾਰ ਤੰਤਰ ਤੇ ਧਰਮ ਤੰਤਰ ਦੇ ਤਿੜਕ ਤੇ ਥਿੜਕ ਜਾਣ ਦੀ ਕਲਾਸਕੀ ਪੇਸ਼ਕਾਰੀ ਹੈ। ਇਸ ਵਿਚ ਮਨੁੱਖੀ ਚਰਿੱਤਰ ਦੇ ਅਸਲ ਵਿਹਾਰ 'ਤੇ ਬਲ ਹੈ। **ਮਹਾਂਭਾਰਤ** ਦਾ ਫਲਸਫ਼ਾਨਾ ਸੱਚ ਇਹ ਵੀ ਹੈ ਕਿ ਵੱਡੇ ਭੇੜ ਵਿਚ ਲੱਖ ਕੁਰਬਾਨੀਆਂ ਵਾਲੇ ਸੰਘਰਸ਼ ਦੇ ਬਾਵਜੂਦ ਹਾਸਿਲ ਹੋਈ ਪ੍ਰਾਪਤੀ ਤੁੱਛ ਬਣ ਕੇ ਰਹਿ ਜਾਂਦੀ ਹੈ। ਇਨ੍ਹਾਂ ਮਹਾਨ ਰਚਨਾਵਾਂ ਵਿਚ ਅੱਜ ਦੀਆਂ ਸਭ ਰਚਨਾਵਾਂ ਦੇ ਬੀਜ ਸਮੋਏ ਹੋਏ ਨਜ਼ਰ ਆਉਂਦੇ ਹਨ। ਸਾਹਿਤ ਦਾ ਮੁਹਾਵਰਾ ਕੋਈ ਵੀ ਹੋਵੇ, ਇਹ ਸਦਾ ਸਮਾਜ ਦੇ ਬਹੁ-ਰੰਗਾਂ ਦਾ ਦਰਪਣ ਰਿਹਾ ਹੈ। ਅਜੇਹੀਆਂ ਵੱਡੀਆਂ

ਰਚਨਾਵਾਂ ਤੋਂ ਸਪੱਸ਼ਟ ਹੈ ਕਿ ਸਮਾਜ ਕਦੀ ਵੀ ਬਿਲਕੁਲ ਹੀ ਸਮੱਸਿਆਵਾਂ ਮੁਕਤ ਸਾਂਵਾ-ਪੱਧਰਾ ਤੇ ਸਹਿਜ ਨਹੀਂ ਰਿਹਾ ਹੈ। ਸਾਹਿਤ ਸਦਾ ਸਮਾਜ ਦੀਆਂ ਕਰਵਟਾਂ ਵਿਚ ਉਬਾਲੇ ਖਾਂਦੀ ਮਨੋਸਥਿਤੀ ਦਾ ਕਿਤੇ ਨਿਮਨ ਤੇ ਕਿਤੇ ਉੱਚੀ ਸੁਰ ਵਿਚ ਪ੍ਰਗਟਾਅ ਰਿਹਾ ਹੈ। ਸਾਹਿਤ ਵਿਚ ਆਈ ਕੋਈ ਵੀ ਨਵੀਨਤਾ ਸਮਾਜਕ ਤਬਦੀਲੀ ਦੀ ਗਵਾਹੀ ਵਜੋਂ ਵੇਖੀ ਜਾ ਸਕਦੀ ਹੈ।

ਅੰਗਰੇਜ਼ਾਂ ਦੇ ਆਉਣ ਅਤੇ ਫਿਰ ਉਨ੍ਹਾਂ ਦੇ ਇਥੋਂ ਚਲੇ ਜਾਣ ਤੋਂ ਬਾਅਦ ਵੱਡੀ ਹਿਲਜੁਲ ਵਾਪਰਦੀ ਹੈ। ਸੁਤੰਤਰਤਾ ਤੋਂ ਬਾਅਦ ਇਕ ਪਾਸੇ ਪਬਲਿਕ ਸੈਕਟਰ ਫੈਲਦਾ ਹੈ। ਪਿੰਡ ਸਕੂਲਾਂ, ਡਿਸਪੈਂਸਰੀਆਂ, ਬੈਂਕ, ਸੜਕਾਂ ਨਾਲ ਜੁੜਨ ਲੱਗਦੇ ਹਨ। ਵੀਹਵੀਂ ਸਦੀ ਦੇ ਸੱਤਰਵਿਆਂ ਵਿਚ ਅਨਾਜ ਦੀ ਥੁੜ੍ਹ ਦੂਰ ਕਰਨ ਲਈ 'ਹਰੀ ਕ੍ਰਾਂਤੀ' ਵਾਪਰਦੀ ਹੈ। ਖੇਤੀ ਵਿਚ ਮਸ਼ੀਨੀ ਜੁਗਤ ਪ੍ਰਵੇਸ਼ ਕਰ ਜਾਂਦੀ ਹੈ। ਇਸ ਨਾਲ ਤਿੱਖੀ ਜਾਂ ਤੰਗ ਗਤੀ ਤਬਦੀਲੀ ਦਾ ਆਰੰਭ ਹੁੰਦਾ ਹੈ। ਖਾਦਾਂ-ਦਵਾਈਆਂ ਦੀ ਵਰਤੋਂ ਹੋਣ ਲੱਗਦੀ ਹੈ। ਖੇਤੀ ਮੰਡੀ ਲਾਗਤਾਂ ਦੀ ਮਾਲਸ਼ ਆਸਰੇ ਪਲਣ ਲੱਗਦੀ ਹੈ। ਪੰਜਾਬ ਖੇਤੀ ਲਾਗਤਾਂ ਨਾਲ ਸੰਬੰਧਿਤ ਨਵੀਂ ਮੰਡੀ, ਬੈਂਕਾਂ ਤੇ ਆੜ੍ਹਤੀਏ ਦੇ ਨਵੇਂ ਲੈਣ-ਦੇਣ ਦਾ ਪਿੜ੍ਹ ਬਣਦਾ ਹੈ। ਮਸ਼ੀਨਰੀ ਦੀ ਆਮਦ ਕਾਰਣ ਖੇਤੀ ਵਿਚ ਠੇਕੇ 'ਤੇ ਪੈਲ਼ੀ ਲੈਣ-ਦੇਣ ਤੇ ਮਾਲਕ-ਸੀਰੀ ਦਾ ਰਿਸ਼ਤਾ ਖਤਮ ਹੋਣ ਲੱਗਦਾ ਹੈ। ਇਸ ਦੀ ਉੱਘੜਵੀ ਮਿਸਾਲ ਗੁਰਦਿਆਲ ਸਿੰਘ ਦਾ ਨਾਵਲ **ਮੜ੍ਹੀ ਦਾ ਦੀਵਾ** (1964) ਹੈ। ਇਸ ਨਾਵਲਕਾਰ ਦੇ ਨਾਵਲ **ਅਣਹੋਏ** (1966) ਵਿਚ ਵੱਡੇ ਪਿੰਡ ਮੰਡੀ-ਕਸਬੇ ਵਿਚ ਬਦਲਣ ਲੱਗਦੇ ਹਨ। ਨਾਲ ਹੀ ਸਾਡੇ ਪੁਰਾਤਨ ਜੀਵਨ-ਮੁੱਲ ਟੁੱਟਣ ਲੱਗਦੇ ਹਨ। ਨਵੇਂ ਯੁੱਗ ਦੀਆਂ ਨਵੀਆਂ ਪੈਸਾ ਕੀਮਤਾਂ ਨੂੰ ਸਾਡਾ ਪੰਜਾਬੀ ਕਵੀ ਪੂਰਨ ਸਿੰਘ 'ਠੀਕਰੀ ਪੂਜਾ' ਕਹਿੰਦਾ ਹੈ ਤੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੈ। ਇਹ ਸਥਿਤੀ ਮਾਨਸਿਕ ਝੋਰੇ ਦੀ ਹੈ। ਪਰ ਸਭਿਅਤਾ ਦਾ ਪਹੀਆ ਤਾਂ ਅੱਗੇ ਰਿੜਣਾ ਹੀ ਹੁੰਦਾ ਹੈ। ਹਰੀ ਕ੍ਰਾਂਤੀ ਕਾਰਨ ਦਰੱਖਤਾਂ ਨੂੰ ਬਲੀ ਦੇਣੀ ਪੈਂਦੀ ਹੈ। ਪੰਛੀਆਂ ਦਾ ਰੈਣ ਬਸੇਰਾ ਖਤਮ ਹੋਣ ਲੱਗਦਾ ਹੈ। ਇਸ ਨਾਲ ਅਨੇਕਾਂ ਦਰਖ਼ਤ ਤੇ ਪੰਛੀ ਆਲੋਪ ਹੋ ਗਏ ਹਨ। ਪੰਜਾਬ ਦਾ ਸਮੁੱਚਾ ਭੂਗੋਲ ਹੀ ਬਦਲ ਜਾਂਦਾ ਹੈ । "ਚਿੜੀ ਚੂਕਦੀ ਨਾਲ ਜਾ ਤੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ" ਵਾਲਾ ਵਾਰਿਸ ਦਾ ਪੰਜਾਬ-ਦ੍ਰਿਸ਼ ਖਤਮ ਹੋ ਗਿਆ ਹੈ। ਸਮਾਜ ਵਿਚ ਖੁਸ਼ਹਾਲੀ ਤੇ ਜਾਗਰਤੀ ਵਿਚ ਕਈ ਬਰਕਤਾ ਵੀ ਹੁੰਦੀਆਂ ਹਨ। ਪਰ ਨਾਲ ਕਈ ਸਰਾਪ ਵੀ ਉਪਜਦੇ ਹਨ। ਅਨਾਜ ਦੀ ਥੁੜ੍ਹ ਦੂਰ ਹੁੰਦੀ ਹੈ। ਪਰ ਪਾਣੀ ਦੀ ਥੁੜ੍ਹ ਦਾ ਮਸਲਾ ਖੜਾ ਹੋ ਜਾਂਦਾ ਹੈ। ਪਾਣੀ ਜ਼ਮੀਨ ਉੱਤੇ ਸੁੱਕਣੇ ਪਾ ਲਿਆ ਜਾਂਦਾ ਹੈ। ਜਸਬੀਰ ਮੰਡ ਦੇ ਨਾਵਲ **ਆਖ਼ਰੀ ਬਾਬੇ** (2020) ਮੁਤਾਬਕ ਫਸਲਾਂ ਦੇ ਗਵਾਂਢ ਮੁੱਕ ਜਾਂਦੇ ਹਨ। ਇਕੋ ਤਰ੍ਹਾਂ ਦੀ ਇਕਹਿਰੀ ਫਸਲ (ਕਣਕ-ਝੋਨਾ) ਹਰ ਥਾਂ ਪ੍ਰਧਾਨ ਹੋ ਗਈ ਹੈ। ਫਸਲੀ ਵੰਨ-ਸੁਵੰਨਤਾ ਮੁੱਕ ਗਈ ਹੈ। ਜ਼ਮੀਨ ਹੇਠੋਂ ਪਾਣੀ ਸੁੱਕਣ ਲੱਗਾ ਹੈ। ਕਈ ਤਰ੍ਹਾਂ ਦੇ ਛਿੜਕਾਅ ਤੇ ਹੋਰ ਅਲਾਮਤਾਂ ਨੇ ਸਾਵਾਂ-ਪੱਧਰਾ ਵਾਤਾਵਰਣ ਭੰਗ ਕਰ ਦਿੱਤਾ ਹੈ। ਸਾਡੀ ਮਾਨਸਿਕਤਾ ਹੀ ਨਹੀਂ, ਭੂਗੋਲਿਕ ਤੇ ਜ਼ਮੀਨੀ ਵਾਤਾਵਰਣ ਵੀ ਪ੍ਰਦੂਸ਼ਿਤ ਹੋਣ ਲੱਗਦਾ ਹੈ। ਖੇਤੀ ਵਿਚ ਨਵੀਂ ਜੁਗਤ ਪ੍ਰਵੇਸ਼ ਕਰਨ ਅਤੇ ਫਸਲੀ ਵਿਭਿੰਨਤਾ ਖਤਮ ਹੋਣ ਨਾਲ ਸਾਡੀ ਬਹੁਤ ਸਾਰੀ ਪੁਰਾਣੀ ਸ਼ਬਦਾਵਲੀ ਅਲੋਪ ਹੋ ਗਈ ਹੈ। ਇਸ ਦੀ ਥਾਂ ਨਵੀਂ ਮਸ਼ੀਨੀ ਸ਼ਬਦਾਵਲੀ ਪ੍ਰਵੇਸ਼ ਕਰ ਗਈ ਹੈ। ਅਜੋਕੀ ਸ਼ਬਦਾਵਲੀ ਵਿਚ ਅੰਗਰੇਜ਼ੀ ਤੜਕੇ ਦਾ ਚਸਕਾ ਹੋਣਾ ਹੀ ਸੀ। ਨਰਮਾ-ਕਪਾਹ, ਮੱਕੀ ਤੇ ਸਰੋਂ-ਤੋਰੀਆ ਮਰਨ ਨਾਲ ਕਈ ਹੋਰ ਸੰਬੰਧਿਤ ਕਿੱਤੇ ਮਰੇ ਹਨ। ਖੇਤੀ ਵਿਚੋਂ ਵੀ ਹੱਥੀਂ ਕੰਮ ਖਤਮ ਹੋਣ ਲੱਗਦਾ ਹੈ। ਵਾਰਿਸ ਦੇ ਕਾਵਿ-ਬਿੰਬ 'ਕਾਰੋਬਾਰ ਵਿਚ ਰੁੱਝਾ ਜਹਾਨ ਸਾਰਾ' ਦਾ ਸਮਾਜਕ ਸੱਚ ਲੀਰੋ-ਲੀਰ ਹੋ ਜਾਂਦਾ ਹੈ। ਕਰਮਜੀਤ ਕੁੱਸਾ ਦੇ ਨਾਵਲ **ਰੋਹੀ ਬੀਆਬਾਨ** (1983) ਦੇ ਨੌਜਵਾਨ ਪਾਤਰ ਗੋਰੇ ਨੂੰ ਰੁਜ਼ਗਾਰ ਪੱਖੋਂ ਪਿੰਡ ਮਰ ਗਿਆ ਪ੍ਰਤੀਤ ਹੁੰਦਾ ਹੈ। ਕਿਸਾਨੀ ਦੇ ਦੁੱਖ ਦੁਖਾਂਤ ਬਣਨ ਲੱਗਦੇ ਹਨ। ਪਹਿਲਾਂ ਆਮਦਨ ਘੱਟ ਸੀ ਤੇ ਖਰਚ ਵੀ ਘੱਟ ਸਨ। ਪਰ ਹੁਣ ਖਰਚੇ ਵਧ ਗਏ ਹਨ। ਘੱਟ ਆਮਦਨ ਕਾਰਣ ਖਰਚੇ ਕਰਜ਼ਾ ਬਣ ਰਹੇ ਹਨ। ਇਥੇ ਰੁਜ਼ਗਾਰ ਪੱਖੋਂ ਪੁਰਾਣਾ ਆਧਾਰ ਮਰਨ ਲੱਗਾ ਹੈ। ਪਰ ਨਵੇਂ ਆਧਾਰ ਦਾ ਜਨਮ ਨਹੀਂ ਹੋ ਰਿਹਾ ਹੈ। ਪੰਜਾਬ ਬਾਂਝਪਣ ਦੀ ਸਥਿਤੀ ਵਿਚ ਪਹੁੰਚ ਗਿਆ ਹੈ। ਅਸੀਂ ਹੱਥੀਂ ਕਿਰਤ, ਹੱਥਾਂ ਰਾਹੀਂ ਵਰਤੇ ਜਾਂਦੇ ਪੁਰਾਣੇ ਸੰਦ-ਸਾਧਨ ਤੇ ਹੱਥੀਂ ਵਾਲੇ ਯੁੱਗ ਤੋਂ ਪਾਰ ਹੋ ਗਏ ਹਾਂ। ਕਿਰਤ ਤੋਂ ਅਲਹਿਦਗੀ/ਬੇਗਾਨਗੀ ਨਾਲ ਰਚਨਾਤਮਿਕ ਤੇ ਸਿਰਜਣਾਤਮਿਕ ਪ੍ਰਤਿਭਾ ਦਾ ਨਾਸ ਵੱਜ ਗਿਆ ਹੈ। ਪਹਿਲਾ ਕਿਸਾਨ ਦੀ ਦੋ-ਟਾਈਮ (ਸਵੇਰੇ-ਦੁਪਹਿਰੇ) ਰੋਟੀ ਖੇਤ ਜਾਂਦੀ ਸੀ। ਕਿਉਂਕਿ, ਖੇਤ ਵਿਚ ਕਿਰਤ ਦੀ ਹੱਥੀਂ ਕਾਰ ਦਾ ਵੱਡਾ ਰੁਝੇਵਾਂ ਸੀ। ਮਸ਼ੀਨਰੀ ਦੀ ਜੁਗਤ ਨਾਲ ਖੇਤੀ ਵਿਚ ਵਧੇਰੇ ਬੰਦਿਆਂ ਅਤੇ ਪਿੰਡ ਦੀ ਸੁਆਣੀ (ਔਰਤ) ਦਾ ਰੋਲ ਵੀ ਮਨਫ਼ੀ ਹੋ ਗਿਆ ਹੈ। ਔਰਤ ਪਹਿਲਾਂ ਕਿਸਾਨ ਦੇ ਸਮਰੱਥ ਸਾਥੀ ਵਜੋਂ ਕਾਰਜਸ਼ੀਲ ਸੀ। ਹੁਣ ਇਹ ਕੇਵਲ ਚੁੱਲ੍ਹੇ-ਚੌਂਕੇ ਤੱਕ ਸੀਮਿਤ ਹੈ।

ਕਦੀ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦੇ ਨਾਇਕ ਪਾਤਰ ਖੇਤਾਂ-ਖੂਹਾਂ ਅਤੇ ਮੇਲਿਆਂ ਵਿਚ ਵਿਚਰਦੇ ਸਨ। ਹੁਣ ਇਹ ਬਲਬੀਰ ਪਰਵਾਨਾ ਦੇ ਨਾਵਲਾਂ ਵਿਚ 'ਆਇਲਟਸ ਸੈਂਟਰਾਂ' ਜਾਂ ਹੋਰ ਸ਼ਹਿਰੀ ਕੇਂਦਰਾਂ ਦਾ ਹਿੱਸਾ ਬਣ ਗਏ ਹਨ। ਕਦੀ ਨਾਨਕ ਸਿੰਘ ਦੇ ਮੁੱਖ ਪਾਤਰ ਆਪਣੇ ਆਦਰਸ਼ਕ ਵਿਹਾਰ ਤਹਿਤ ਭੈਣ-ਭਰਾਵਾਂ ਵਰਗੇ ਪ੍ਰੇਮੀ ਜਾਪਦੇ ਸਨ, ਕਿਉਂਕਿ ਰਿਸ਼ਤਿਆਂ ਦੇ ਮੁੱਲ-ਪ੍ਰਬੰਧ ਵਿਚ ਮਾਨਵੀ ਤੇ ਨੈਤਿਕ ਮੁੱਲਾਂ ਦਾ ਦਬਾਅ ਸੀ। ਸਮਾਜ ਵਿਚ ਨਵੀਆਂ ਵਿਚਾਰਧਾਰਕ ਤਬਦੀਲੀਆਂ ਦੇ ਸਿੱਟੇ ਵਜੋਂ ਪਾਤਰ ਵੀ ਨਵੇਂ ਭਾਵਬੋਧ ਤਹਿਤ ਰਣ ਮੈਦਾਨ ਵਿਚ ਜੂਝਣ ਲੱਗੇ ਹਨ। ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਪ੍ਰੇਮੀ ਪਾਤਰ ਨਵੀਂ ਵਿਚਾਰਧਾਰਾ ਦੇ ਜੋਸ਼ ਵਿਚ ਇਕ ਦੂਜੇ ਨੂੰ ਪਾਉਣ ਲਈ ਆਪਣੀ ਕਰਮਸ਼ੀਲਤਾ ਵਿਚ ਵਿਸ਼ਵਾਸ ਰੱਖਦੇ ਸਨ ਤੇ ਨਾਲ ਆਪਣੀ ਸੱਚੀ-ਸੁੱਚੀ ਬਿਰਤੀ ਕਾਇਮ ਰੱਖਦੇ ਸਨ। ਪਰ ਹੁਣ ਅਜੋਕੇ ਨਾਵਲਕਾਰਾਂ ਦੇ ਨਾਵਲਾਂ ਵਿਚ ਵਧੇਰੇ ਪਾਤਰ ਗਰਜ਼ੀ ਤੇ ਖੱਪਤੀ ਹੋ ਗਏ ਹਨ। ਪਹਿਲਾਂ ਸਾਡੇ ਨਾਵਲਾਂ ਜਾਂ ਨਾਵਲਕਾਰਾਂ ਦੇ ਪਾਤਰ ਰੂਹ ਦਾ ਰੱਜ ਭਾਲਦੇ ਸਨ, ਪਰ ਹੁਣ ਦੇ ਨਾਵਲਾਂ ਦੇ ਪਾਤਰ ਦੇਹ ਦੇ ਸਵਾਦ ਤੇ ਮੰਡੀ ਕੀਮਤਾਂ ਦੀ ਮਾਰ ਹੇਠ ਹਨ। ਇਕ-ਦੂਜੇ ਨੂੰ 'ਵਰਤੋ ਤੇ ਸੁੱਟੋ' ਦੀ ਸੋਚ ਪ੍ਰਧਾਨ ਹੋ ਗਈ ਹੈ, ਕਿਉਂਕਿ ਇਹ 'ਡਿਸਪੋਜ਼ੇਬਲ ਦਾ ਟਿਸ਼ੂ ਯੁੱਗ' ਹੈ।

ਸੁਤੰਤਰਤਾ ਤੋਂ ਬਾਅਦ ਪੈਦਾ ਹੋਇਆ ਪਬਲਿਕ ਸੈਕਟਰ ਆਪਣੀ ਇਕ-ਡੇਢ ਪੀੜ੍ਹੀ ਦੀ ਉਮਰ ਹੰਢਾ ਕੇ ਖਿੰਡ-ਪੁੰਡ ਗਿਆ ਹੈ। ਸ਼ਹਿਰ ਦੀ ਮੰਡੀ ਪੂਰੀ ਤਰ੍ਹਾਂ ਪਿੰਡ ਪ੍ਰਵੇਸ਼ ਕਰ ਜਾਂਦੀ ਹੈ। ਹਰੇ ਇਨਕਲਾਬ ਦੀ ਇਕ ਧਿਰ ਪੱਖੀ ਅਮੀਰੀ ਅੱਗੇ ਰਾਜਸੀ ਵਿਚਲਣ ਦਾ ਕਾਰਣ ਬਣਦੀ ਹੈ। ਹਰੇ ਇਨਕਲਾਬ ਦੀ ਵਕਤੀ ਖੁਸ਼ਹਾਲੀ ਨਾਲ ਰਾਜਸੀ ਖੁਦਮੁਖਤਾਰੀ ਦੀ ਮੰਗ ਉੱਠਦੀ ਹੈ। ਇਸ ਸਮੇਂ ਵੱਖਵਾਦ/ਅੱਤਵਾਦ ਉੱਭਰਦਾ ਹੈ। ਇਹ ਪੰਜਾਬ ਨੂੰ ਹੋਰ ਵਿੱਤੀ ਸੰਕਟ ਵਿਚ ਧਕੇਲ ਦੇਂਦਾ ਹੈ। ਅੰਗਰੇਜ਼ਾਂ ਨਾਲ ਵਾਪਰੀ ਤਬਦੀਲੀ ਕਾਰਣ ਅਸੀਂ ਅੰਗਰੇਜ਼ ਰਾਜ ਵਿਰੋਧੀ ਹੋ ਗਏ। ਹਰੇ ਇਨਕਲਾਬ ਨਾਲ ਵਾਪਰੀ ਤਬਦੀਲੀ ਨਾਲ ਪੰਜਾਬ ਸੱਤਾ ਦੇ ਮਸਲੇ ਤੋਂ ਭਾਰਤ ਵਿਰੋਧੀ ਹੋਣ ਲੱਗਦਾ ਹੈ। ਇਸੇ ਤਰ੍ਹਾਂ ਹੀ ਸਰਕਾਰਾਂ/ਸੰਸਥਾਵਾਂ ਵੱਲੋਂ ਭਰਤੀ ਕੀਤੀ ਮੁਲਾਜ਼ਮ ਸ਼੍ਰੇਣੀ ਝੱਟ ਵਿਰੋਧ ਵਿਚ ਪਾਲ਼ਾ ਬਦਲ ਲੈਂਦੀ ਹੈ। ਇਸ ਨੂੰ ਪੰਜਾਬੀਆਂ ਦੇ ਸੱਤਾ ਵਿਰੋਧੀ ਸੁਭਾਅ ਵਜੋਂ ਵੀ ਵੇਖਿਆ ਜਾ ਸਕਦਾ ਹੈ ਅਤੇ ਨਾਲ ਬੰਦੇ ਦੀਆਂ ਅਥਾਹ ਖ਼ਾਹਸ਼ਾ/ਲਾਲਸਾਵਾਂ ਅਤੇ ਅਸੰਤੁਸ਼ਟੀ ਦੀ ਫ਼ਿਤਰਤ ਵਜੋਂ ਵੀ। ਇਸ ਵਿਚ ਸਾਡੀ ਆਪਣੀ ਨੀਅਤ ਤੇ ਨੀਤੀ ਦੇ ਕਈ ਪੋਲ ਵੀ ਛੁਪੇ ਹੋਏ ਹਨ। ਰਾਮ ਸਰੂਪ ਅਣਖੀ ਨੂੰ ਆਪਣੇ ਨਾਵਲ **ਕੋਠੇ ਖੜਕ ਸਿੰਘ** (1985) ਵਿਚ ਪੰਜਾਬੀ ਸਮਾਜ ਖੱਬੇ ਖੱਬੀ ਮੁਹਾਜ ਵਿਚ ਬਦਲਦਾ ਵਿਖਾਈ ਦੇਂਦਾ ਹੈ। ਪਰ ਪੰਜਾਬ ਵਿਚ ਇਸ ਸਮੇਂ ਅੱਤਵਾਦ-ਵੱਖਵਾਦ ਦਾ ਸਿਖਰ ਆ ਜਾਂਦਾ ਹੈ। ਇਹ ਵਿਸਫੋਟ ਸਾਡੀ ਖਲੋ ਗਈ ਆਰਥਿਕਤਾ ਦਾ ਸਿੱਟਾ ਵੀ ਸੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਸਮਾਜ ਦੀਆਂ ਸਮੱਸਿਆਵਾਂ ਜਿਵੇਂ ਹੁੰਦੀਆਂ ਹਨ, ਉਹ ਉਸੇ ਰੂਪ ਵਿਚ ਹੀ ਪ੍ਰਗਟ ਹੋਣ। ਇਹ ਕਈ ਹੋਰ ਸਿਆਸੀ ਜਾਂ ਧਾਰਮਿਕ ਨਾਹਰਿਆ ਦੀ ਡੋਰ ਦੇ ਤੁਣਕਿਆਂ ਮਗਰ ਵੀ ਠਿਲ ਪੈਂਦੀਆਂ ਹਨ। ਪੰਜਾਬ ਵਿਚ ਬਹੁਤ ਸਾਰਾ ਬੇਕਾਰ ਜਾਂ ਬੇਰੁਜ਼ਗਾਰੀ ਵਿਚ ਗ੍ਰਸਿਆ ਤਬਕਾ ਅਕਸਰ ਹੀ ਲਹਿਰਾਂ ਦਾ ਬਾਲਣ ਬਣਦਾ ਰਿਹਾ ਹੈ। ਸਾਹਿਤ ਰਚਨਾਵਾਂ ਦੇ ਰਚਨਹਾਰਿਆਂ ਦੀਆਂ ਆਪਣੀਆਂ ਯੂਟੋਪੀਅਨ ਤਰਜੀਹਾਂ ਵੀ ਹੁੰਦੀਆਂ ਹਨ। ਇਹ ਕਈ ਵਾਰ ਅਸਲੀਅਤ ਤੋਂ ਉਲਟ-ਦਿਸ਼ਾਈ ਵੀ ਹੁੰਦੀਆਂ ਹਨ। ਇਸ ਤਰ੍ਹਾਂ ਸਾਹਿਤ ਦੀ ਸਮਾਜ ਦੇ ਰੁਖ਼ ਤੋਂ ਵੱਖਰੀ ਨੁਹਾਰ ਵੀ ਹੋ ਸਕਦੀ ਹੈ। ਇਹ ਸਮਾਜ ਦੇ ਸੰਭਾਵੀ ਰੂਪ ਨੂੰ ਅੱਗੇ ਕੋਈ ਕਲਪਿਤ ਰੂਪ ਦੇਣ ਦਾ ਵਾਹਨ ਵੀ ਬਣ ਸਕਦੀ ਹੈ। ਸੁਪਨੇ ਲੈਣਾ ਵੀ ਬੰਦੇ ਦੀ ਕਾਇਆ ਦਾ ਸੱਚ ਹੈ। ਪਹਿਲੇ ਸਮਾਜ ਨੂੰ ਬਦਲਦਾ ਵੇਖਣ ਲਈ ਪਹਿਲਾਂ ਸੋਹਣ ਸਿੰਘ ਸੀਤਲ ਤੇ ਫਿਰ ਰਾਮ ਸਰੂਪ ਅਣਖੀ ਨੇ ਸੁਪਨਾ ਸਿਰਜਿਆ ਸੀ। ਅਜੇਹੇ ਨਾਵਲਕਾਰਾਂ ਦੀ ਸੁਹਿਰਦਤਾ ਤੇ ਇਮਾਨਦਾਰੀ ਪ੍ਰਤੀ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਹੈ। ਇਹ ਆਦਰਯੋਗ ਤੇ ਸਤਿਕਾਰਤ ਗਲਪਕਾਰ ਹਨ। ਸਾਹਿਤ ਵਿਚ ਰਚਨਾ-ਦ੍ਰਿਸ਼ਟੀ ਦੀ ਅਸਲੀਅਤ ਤੋਂ ਟੇਢ ਭਾਵੇਂ ਇਕ ਅਲੱਗ ਮਸਲਾ ਤਾਂ ਹੁੰਦਾ ਹੈ ਪਰ ਇਹ ਸਲਾਹੁਣਯੋਗ ਵੀ ਹੋ ਸਕਦਾ ਹੈ। ਮੁੱਖ ਰੂਪ ਵਿਚ ਸਾਡਾ ਨਾਵਲ ਸਮਾਜਕ ਤਬਦੀਲੀਆਂ ਦਾ ਸ਼ੀਸ਼ਾ ਹੈ। ਵੱਖਵਾਦ-ਅੱਤਵਾਦ ਅਖ਼ੀਰ ਹਕੂਮਤਾਂ ਤੇ ਪ੍ਰਸ਼ਾਸਕੀ ਧਿਰਾਂ ਦੀ ਖਾਧ-ਖੁਰਾਕ ਬਣਨ ਲੱਗਦਾ ਹੈ। ਅਜੇਹੇ ਸਮਿਆਂ ਵਿਚ ਪ੍ਰਸ਼ਾਸਕੀ ਸੰਸਥਾਵਾਂ ਵੱਡੀ ਪੱਧਰ 'ਤੇ ਭ੍ਰਿਸ਼ਟ ਅਤੇ ਮਨੁੱਖ ਦੋਖੀ ਹੋ ਜਾਂਦੀਆਂ ਹਨ। ਇਸ ਦਾ ਪ੍ਰਤਿਨਿਧ ਰੂਪ ਮਿੱਤਰ ਸੈਨ ਮੀਤ ਦੇ ਨਾਵਲ **ਤਫ਼ਤੀਸ਼** (1990), **ਕਟਹਿਰਾ** (1993) ਅਤੇ **ਕੌਰਵ ਸਭਾ** (2003) ਵਿਚ ਵੇਖਿਆ ਜਾ ਸਕਦਾ ਹੈ।

ਹਰੀ ਕ੍ਰਾਂਤੀ ਨਾਲ ਵਧੇ ਉਤਪਾਦਨ ਦੇ ਕਈ ਧਾਰਮਿਕ-ਸਿਆਸੀ ਉਭਾਰ ਹਨ। ਇਸ ਦੌਰਾਨ ਪੰਜਾਬ ਵਿਚ ਡੇਰਾਵਾਦ ਵੀ ਪ੍ਰਫੁੱਲਿਤ ਹੁੰਦਾ ਹੈ। ਖੇਤੀ ਉਤਪਾਦਨ ਦੇ ਵਾਧੇ ਨਾਲ ਵਧੇ ਚੜ੍ਹਾਵੇ ਕਾਰਣ ਸੇਵਾ/ਕਾਰ-ਸੇਵਾ ਨੂੰ ਪਿੰਡਾਂ ਵਿਚ ਬਲ ਮਿਲਿਆ ਹੈ। ਇਸ ਦੌਰਾਨ ਕਈ ਤਰ੍ਹਾਂ ਡੇਰਿਆ ਦੇ ਰੂਪ ਵਿਚ ਡਬ-ਖੜੱਬਾ ਨਵਾਂ

ਧਾਰਮਿਕ ਉਥਾਨ ਹੁੰਦਾ ਹੈ। ਇਨ੍ਹਾਂ ਡੇਰਿਆਂ ’ਤੇ ਭੀੜਾਂ ਵੱਧਦੀਆਂ ਹਨ। ਇਸ ਵੱਲ ਸਿਆਸਤ ਨੇ ਲਲਚਾਉਣਾ ਹੀ ਸੀ। ਡੇਰੇ ਤੇ ਸਿਆਸਤਾਂ ਦਾ ਆਪਸੀ ਨਾਤਾ ਇਕ-ਦੂਜੇ ਦੇ ਪਾਲਣ-ਪੋਸ਼ਣ ਦੀ ਖ਼ੁਰਾਕ ਹੋ ਜਾਂਦਾ ਹੈ। ਦੂਸਰੇ ਪਾਸੇ ਅਜੇਹੇ ਸਮੇਂ ਹੀ ਭਾਰਤ-ਪਾਕਿ ਬਾਰਡਰ ’ਤੇ ਅਫ਼ੀਮ ਦੀ ਸਮਗਲਿੰਗ ਇਕ ਵੱਡਾ ਕਿੱਤਾ ਬਣੀ ਸੀ। ਇਸ ਨਾਲ ਕਈ ਨਾਮੀ ਸਮਗਲਰ ਉੱਭਰਦੇ ਹਨ। ਇਸ ਰੁਝਾਣ ਵਿਚੋਂ ਪੈਦਾ ਹੋਇਆ ਵਧੇਰੇ ਪੈਸਾ ਟਰਾਂਸਪੋਰਟ ਵਿਚ ਲੱਗਦਾ ਹੈ। ਇਹ ਰੁਜ਼ਗਾਰ-ਵਪਾਰ ਲਈ ਉਤਸ਼ਾਹ-ਭਾਵੀ ਵੀ ਰਿਹਾ ਹੈ। ਹੁਣ ਇਹ ਕਿੱਤਾ ਪਿਛਲੇ ਕੁਝ ਸਮਿਆਂ ਤੋਂ ਸਮੈਕ ਤੇ ਹੀਰੋਇਨ ਦੀ ਸਮਗਲਿੰਗ ਵਿਚ ਬਦਲ ਜਾਂਦਾ ਹੈ। ਪਰ ਹੁਣ ਅਜੇਹਾ ਪੈਸਾ ਪੰਜਾਬ ਵਿਚ ਨਿਵੇਸ਼ ਹੋਣ ਦੀ ਥਾਂ ਵੱਡੀ ਪੱਧਰ ’ਤੇ ਵਿਦੇਸ਼ਾਂ ਵੱਲ ਰੁੜ੍ਹ ਰਿਹਾ ਹੈ। ਇਸ ਨੇ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਢਾਅ ਲਾਈ ਹੈ। ਇਥੋਂ ਦੀ ਚੰਗੀ-ਮਾੜੀ ਕਮਾਈ ਦਾ ਮੁੜ ਇਥੇ ਨਾ ਲੱਗਣਾ ਸਾਡੇ ਕੰਗਾਲੀਕਰਣ ਦਾ ਇਕ ਅਹਿਮ ਕਾਰਣ ਹੈ।

ਸਾਡੀ ਅਜੋਕੀ ਸੋਚਣੀ ਜਾਂ ਮਨੋਸਥਿਤੀ ਦੀਆਂ ਵਿਸ਼ੇਸ਼ ਸੀਮਾਵਾਂ ਹਨ। ਅਸੀਂ ਸੰਸਥਾਵਾਂ, ਸਰਕਾਰਾਂ, ਮਹਿਕਮਿਆਂ ਵਿਚ ਹੁੰਦੇ ਕੇਵਲ ਆਪਣੇ ਘਰਾਂ-ਪਰਿਵਾਰਾਂ ਲਈ ਜਿਊਂਦੇ ਹਾਂ। ਇਸ ਕਰਕੇ ਘਰੋਂ ਬਾਹਰਲੇ ਪਾਲਣਹਾਰ ਵਰਤਾਰੇ ਦਾ ਨਾਸ ਵੱਜ ਚੁੱਕਾ ਹੈ। ਸਾਡੇ ਉੱਤੇ ਲੰਮਾ ਸਮਾਂ ਵਿਦੇਸ਼ੀਆਂ ਜਾਂ ਬਾਹਰਲਿਆਂ ਦਾ ਰਾਜ ਰਿਹਾ ਹੈ। ਸਾਡੇ ਲਈ ਸਰਕਾਰਾਂ ਸਦਾ ਓਪਰੀ ਚੀਜ਼ ਰਹੀਆਂ ਹਨ। ਇਸ ਕਰਕੇ ਸਰਕਾਰੀ ਮਾਲ-ਜਾਇਦਾਦ ਨੂੰ ਲੁੱਟਣ-ਪੁੱਟਣ ਪ੍ਰਤੀ ਸਾਨੂੰ ਕੋਈ ਸੰਕੋਚ ਨਹੀਂ ਹੈ। ਅਜੇਹੀ ਮਾਨਸਿਕਤਾ ਆਪਣੇ ਆਪ ਹੀ ਸਮੱਸਿਆਜਨਕ ਹੁੰਦੀ ਹੈ। ਸ਼ਾਇਦ ਇਹ ਵੀ ਪਬਲਿਕ ਸੈਕਟਰ ਦੇ ਫੇਲ੍ਹ ਹੋਣ ਦੀ ਕੋਈ ਇਕ ਵਜ੍ਹਾ ਹੈ। ਸਾਂਝੇ ਪਰਿਵਾਰਾਂ ’ਤੇ ਸਮੂਹ ਸਾਂਝੀ ਸੋਚਣੀ ਨੂੰ ਢਾਹ ਲੱਗਦੀ ਹੈ। ਅਸੀਂ ਆਪਣੇ ਸਮਿਆਂ ਦੇ ‘ਫੇਲ ਅਖੌਤੀ ਸਿਆਣੇ’ ਹਾਂ।’ ਕਿਉਂਕਿ ਸਾਡੇ ਸਾਹਮਣੇ ਕਈ ਕੁਝ ਉੱਜੜ ਰਿਹਾ ਹੈ। ਅਸੀਂ ਤਬਾਹੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ। ਇਥੇ ਜੋ ਅੱਗੇ ਹੈ, ਉਹ ਛਾਲਾਂ ਮਾਰਦਾ ਹੋਇਆ ਹੋਰ ਅੱਗੇ ਜਾ ਰਿਹਾ। ਜੋ ਪਿੱਛੇ ਹੈ, ਉਹ ਹੋਰ ਪਿੱਛੇ ਡਿੱਗਦਾ ਜਾ ਰਿਹਾ ਹੈ। ਕੁਝ-ਕੁ-ਵਿਚਾਲੇ ਮੱਧ-ਸ਼੍ਰੇਣਿਕ ਬੰਦਿਆਂ ਦੀ ਧੂਹਾ-ਘਸੀਟੀ ਹੋ ਰਹੀ ਹੈ। ਨਹਿਰੂ ਯੁੱਗ ਨਾਲ ਪਬਲਿਕ ਸੈਕਟਰ ਵਾਲੀ ਮੱਧ-ਸ਼੍ਰੇਣੀ ਇਕ ਵਾਰ ਤਾਂ ਖ਼ੂਬ ਚਮਕੀ ਸੀ, ਪਰ ਹੁਣ ਇਸ ਦਾ ਜਲੌਅ ਮੱਠਾ ਪੈ ਗਿਆ ਹੈ। ਸਮਾਜ ਉੱਖੜੇ ਹੋਏ ਬੇ-ਵਿਸ਼ਵਾਸੀ ਦੇ ਦੌਰ ਵਿਚ ਚੱਲ ਰਿਹਾ ਹੈ। ਅਸੀਂ ਕੇਵਲ ਤਕਨੀਕੀ/ਮਸ਼ੀਨੀ ਪੱਖ ਤੋਂ ਅੱਗੇ ਵੱਧੇ ਹਾਂ। ਜਿਵੇਂ ਖੇਤੀ ਕਰਨੀ ਸੌਖੀ ਹੋਈ ਹੈ ਪਰ ਕਿਸਾਨੀ ਹੋਰ ਔਖੀ ਹੋ ਗਈ ਹੈ। ਨਵੀਂ ਤਕਨੀਕੀ ਨਾਲ ਕੰਮ ਕਰਨਾ ਸੌਖਾ ਤਾਂ ਹੈ ਪਰ ਕੰਮ ਵੈਸੇ ਹੀ ਮੁੱਕਦੇ ਜਾ ਰਹੇ ਹਨ। ਕਦੀ ਫਸਲ ਖੇਤ ਦੇ ਪਿੜ੍ਹ ਵਿਚੋਂ ਘਰ ਆਉਂਦੀ ਸੀ। ਫਿਰ ਮੰਡੀ ਪਹੁੰਚਦੀ ਸੀ। ਉਸ ਦੀ ਵਟਕ ਨਾਲ ਘਰ ਦੀ ਸੁਆਣੀ ਨੂੰ ਧਰਵਾਸ ਮਿਲਦਾ ਸੀ। ਹੁਣ ਫਸਲ ਸਿੱਧੀ ਮੰਡੀ ਤੇ ਵਟਕ ਸਿੱਧੀ ਬੈਂਕ ਅਕਾਊਂਟ ਦੇ ਖਾਤੇ ਵਿਚ ਜਾਂਦੀ ਹੈ। ਫਸਲ ਤੇ ਵਟਕ ਦਾ ਘਰ ਵਿਚੋਂ ਗੁਜ਼ਰ ਕੇ ਜਾਣ ਦਾ ਧਰਵਾਸ ਖਤਮ ਹੋ ਗਿਆ ਹੈ। ਜਸਬੀਰ ਮੰਡ, ਅਵਤਾਰ ਸਿੰਘ ਬਿਲਿੰਗ, ਬਲਦੇਵ ਸਿੰਘ ਤੇ ਬਲਬੀਰ ਪਰਵਾਨਾ ਦੇ ਸਮੁੱਚੇ ਨਾਵਲਾਂ ਮੁਤਾਬਕ ਵੱਡੀ ਪੱਧਰ ’ਤੇ ਕਿਸਾਨੀ ਦਾ ਕੰਗਾਲੀਕਰਣ ਹੋ ਚੁੱਕਾ ਹੈ। ਛੋਟੀ ਤੇ ਸੀਮਾਂਤ ਕਿਸਾਨੀ ਦੇ ਪੈਰ ਆਪਣੇ ਕਿੱਤੇ ਵਿਚੋਂ ਉੱਖੜ ਚੁੱਕੇ ਹਨ। ਕੇਵਲ ਖੇਤੀ ਉੱਤੇ ਨਿਰਭਰਤਾ ਵੱਡੀ ਖੜ੍ਹੋਤ ਦਾ ਸਬੱਬ ਬਣ ਗਈ ਹੈ। ਕਣਕ/ਚਾਵਲ ਨਾ ਪੰਜਾਬ ਦੀ ਫਸਲ ਹੈ, ਨਾ ਹੀ ਸਾਡੀ ਖਾਧ-ਖੁਰਾਕ। ਸਾਡਾ ਇਥੇ ਕੋਈ ਪਰਿਵਾਰ ਸ਼ਾਇਦ ਹੀ ਪੰਜ ਕਿਲੋ ਚਾਵਲ ਦੀ ਸਾਲ ਵਿਚ ਵਰਤੋਂ ਕਰਦਾ ਹੋਵੇ। ਪਰ ਅਸੀਂ ਢੇਰਾਂ ਦੇ ਢੇਰ ਚਾਵਲ ਪੈਦਾ ਕਰਕੇ ਆਪਣੀ ਧਰਤੀ ਮਾਂ ਤੇ ਵਾਤਾਵਰਣ ਦਾ ਨਾਸ ਮਾਰ ਲਿਆ ਹੈ। ਖੇਤਾਂ ਨੂੰ ਝੋਨਾ ਪੈਦਾ ਕਰਨ ਵਾਲੀ ਮਸ਼ੀਨ ਬਣਾ ਲਿਆ ਹੈ। ਸਾਡਾ ਮੌਜੂਦਾ ਖੇਤੀ ਮਾਡਲ ਕੁਦਰਤ ਹੀ ਨਹੀਂ ਹੁਣ ਵਿਕਾਸ ਵਿਰੋਧੀ ਬਣ ਚੁੱਕਾ ਹੈ। ਹਰੀ ਕ੍ਰਾਂਤੀ ਪੱਚੀ-ਤੀਹ ਸਾਲ ਤੋਂ ਬਾਅਦ ਮੁੜ ਵਿਉਂਤੀ ਜਾਣੀ ਚਾਹੀਦੀ ਸੀ। ਪਰ ਇਸ ਪ੍ਰਤੀ ਬਹੁਤ ਅਣਗਹਿਲੀ ਵਰਤੀ ਹੈ। ਇਸ ਕ੍ਰਾਂਤੀ ਦਾ ਅਗਲਾ ਪੜਾਅ ਸ਼ੁਰੂ ਨਾ ਕਰਨ ਵਿਚ ਅਸੀਂ ਪਾਪੀ ਹੋਣ ਦੀ ਹੱਦ ਤੱਕ ਜੁੰਮੇਂਵਾਰ ਹਾਂ। ਇਸ ਕ੍ਰਾਂਤੀ ਦੇ ਵਕਤੀ ਹੁਲਾਰੇ ਨੇ ਹੁਣ ਸਾਨੂੰ ਕੱਖੋਂ ਹੌਲੇ ਕਰ ਦਿੱਤਾ ਹੈ। ਸਾਡੀ ਤਰੱਕੀ ਦਾ ਖੇਤੀ ਮਾਡਲ ਹੁਣ ਸਰਾਪ ਬਣ ਚੁੱਕਾ ਹੈ। ਬੰਦਾ ਹੁਣ ਇਥੇ ਬਿਲਕੁਲ ਅਸੁਰੱਖਿਅਤ ਤੇ ਘਿਰਿਆ ਮਹਿਸੂਸ ਕਰ ਰਿਹਾ ਹੈ। ਹਰੇਕ ਆਪਣੇ ਭਵਿੱਖ ਪ੍ਰਤੀ ਖੌਫਜ਼ਦਾ ਹੈ। ਹੁਣ ਖੇਤਾਂ ਵਿਚੋਂ ਰੇਤ-ਬਜ਼ਰੀ ਕੱਢਣ ਦੀ ‘ਮਾਈਨਿੰਗ’ ਦਾ ਕਿੱਤਾ ਨਸ਼ਿਆਂ ਵਾਂਗ ਚੋਰ-ਬਾਜ਼ਾਰੀ ਦੀ ਸਮਗਲਿੰਗ ਬਣ ਚੁੱਕਾ ਹੈ। ਅਜੇਹੇ ਕਿੱਤੇ ਦੇ ਨਾਲ ਕਈ ਜ਼ਮੀਨੀ ਵਿਗਾੜ ਪੈ ਰਹੇ ਹਨ। ਬਲਬੀਰ ਪਰਵਾਨਾ ਦਾ ਨਾਵਲ **ਸ਼ੋਅ ਰੂਮ** (2020) ਅਜੇਹੇ ਵਰਤਾਰੇ ਦੀ ਪ੍ਰਤਿਨਿਧ ਮਿਸਾਲ ਹੈ। ਪੰਜਾਬ ਵੀਹਵੀਂ ਸਦੀ ਦੇ ਮਗਰਲੇ ਦਹਾਕਿਆਂ ਤੋਂ ਸਭਿਅਤਾ, ਉਤਪਾਦਨ ਅਤੇ ਸਮਾਜਕਤਾ ਦੇ ਪੱਖ ਤੋਂ ਵੱਡੀ ਖੜੋਤ ਵਿਚ ਹੈ। ਪਹਿਲਾਂ ਹਰੀ-ਕ੍ਰਾਂਤੀ ਨਾਲ ਖੇਤ ਤੇ ਪਿੰਡ ਵਿਚ ਰੁਜ਼ਗਾਰ ਮਰਿਆ ਸੀ, ਹੁਣ

ਇੱਕੀਵੀਂ ਸਦੀ ਦੇ ਮੁੱਢਲੇ ਦਹਾਕੇ ਜਾਂ ਦਹਾਕਿਆਂ ਵਿਚ ਕੰਪਿਊਟਰੀਕਰਣ ਨਾਲ ਮਹਿਕਮੇ ਤੇ ਸੰਸਥਾਵਾਂ ਵਿਚ ਰੁਜ਼ਗਾਰ ਲਈ ਨਵੀਂ ਵੰਗਾਰ ਖੜ੍ਹੀ ਹੋ ਗਈ ਹੈ। ਅਜੇਹੀ ਨਵੀਂ ਸਥਿਤੀ ਨੂੰ ਨਿੱਜੀਕਰਣ ਦੀ ਮਾਰ ਵੱਖਰੀ ਹੈ। ਸਾਡੀ ਹਰੀ ਕ੍ਰਾਂਤੀ ਨਾਲ ਕੇਵਲ ਉਤਾਪਦਨ ਹੀ ਵਧਿਆ ਹੈ। ਪਰ ਇਸ ਨਾਲ ਵਿਕਾਸ ਨਹੀਂ ਹੋਇਆ ਹੈ। ਇਹ ਇਕਹਿਰੀ ਮਕਾਨਕੀ ਤਬਦੀਲੀ ਹੀ ਅੱਗੇ ਕਈ ਅਲਾਮਤਾਂ ਦਾ ਕਾਰਣ ਬਣਦੀ ਹੈ। ਇਕੱਲੇ ਉਤਪਾਦਨ ਦੇ ਇਕਹਿਰੇ ਵਿਕਾਸ ਵਿਚੋਂ ਕਈ ਸੀਮਾਵਾਂ ਉਪਜਦੀਆਂ ਹਨ। ਹਰੀ ਕ੍ਰਾਂਤੀ ਨਾਲ ਉਤਪਾਦਨ ਜਾਂ ਉਪਜ ਪੱਖੀ ਇਕਹਿਰੀ ਭਰਪੂਰਤਾ ਦੀਆਂ ਅਨੇਕਾਂ ਸੀਮਾਵਾਂ ਤਹਿਤ ਇੱਕੀਵੀਂ ਸਦੀ ਆ ਜਾਂਦੀ ਹੈ। ਪੰਜਾਬ ਵਿਚ ਖੇਤੀ, ਨੌਕਰੀ, ਵਪਾਰ ਅਤੇ ਉਦਯੋਗ ਪੱਖੋਂ ਪੂਰੀ ਤਰ੍ਹਾਂ ਖੜ੍ਹੋਤ ਵਾਪਰ ਜਾਂਦੀ ਹੈ। ਪਬਲਿਕ ਸੈਕਟਰ ਦੀ ਸਫ਼ ਵਲੇਟੀ ਜਾ ਰਹੀ ਹੈ। ਵਣਜ-ਵਪਾਰ ਪੰਜਾਬ ਵਿਚੋਂ ਨਿਕਲੇ ਹੋਰ ਰਾਜਾਂ ਵੱਲ ਮੂੰਹ ਕਰ ਜਾਂਦਾ ਹੈ। ਖੇਤੀ ਲਾਗਤਾਂ ਵਧ ਗਈਆਂ ਹਨ। ਇਸ ਦੇ ਪ੍ਰਤੀ ਏਕੜ ਉਤਪਾਦਨ ਵਿਚ ਖੜ੍ਹੋਤ ਹੈ। ਖੇਤੀ ਮਾਹਿਰਾਂ ਮੁਤਾਬਕ ਇਥੇ ਹਰ ਸਾਲ ਇਕ ਪ੍ਰਤੀਸ਼ਤ ਕਿਸਾਨ ਖੇਤੀ ਕਿੱਤਾ ਛੱਡ ਰਹੇ ਹਨ। ਸੀਮਾਂਤ ਤੇ ਛੋਟੇ ਕਿਸਾਨਾਂ ਦੀ ਖੇਤੀ ਵਿਚ ਦਰ-ਗੁਜ਼ਰ ਅਸੰਭਵ ਹੋ ਗਈ ਹੈ। ਸਰਕਾਰੀ ਨੌਕਰੀਆਂ ਨੂੰ ਨਿੱਜੀਕਰਣ ਦੇ ਨਾਗ ਨੇ ਖਾ ਲਿਆ ਹੈ। ਵਾਰ-ਵਾਰ ਵੰਡੇ ਗਏ ਪੰਜਾਬ ਅਤੇ ਅੱਤਵਾਦ ਨਾਲ ਉਦਯੋਗ ਤੇ ਵਪਾਰਕ ਬਾਜ਼ਾਰ ਦਾ ਨਸ ਵੱਜ ਚੁੱਕਾ ਹੈ। ਪੰਜਾਬ ਬੇਰੁਜ਼ਗਾਰਾਂ, ਵਿਹਲੜਾ ਤੇ ਬਜ਼ੁਰਗਾਂ ਦਾ ਖਿੱਤਾ ਬਣਦਾ ਜਾ ਰਿਹਾ ਹੈ। ਪੰਜਾਬ ਹਰ ਪੱਖ ਤੋਂ ਵੰਨ-ਸੁਵੰਨਤਾ ਗਵਾ ਚੁੱਕਾ ਹੈ। ਹੁਣ ਸਮੁੱਚੇ ਪੰਜਾਬ ਦਾ ਵਿਦੇਸ਼ਾਂ ਵੱਲ ਮੂੰਹ ਹੋ ਚੁੱਕਾ ਹੈ। ਇਸ ਨਾਲ ਪੰਜਾਬ ਦਾ ਬੇਅੰਤ ਸਰਮਾਇਆ ਬਾਹਰ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਪੰਜਾਬ ਕਈ ਪੱਖਾਂ ਤੋਂ ਖ਼ਾਲੀ ਹੋ ਰਿਹਾ ਹੈ। ਪਿੰਡਾਂ-ਕਸਬਿਆਂ ਵਿਚੋਂ ਪਸ਼ੂ ਧਨ ਗਾਇਬ ਹੋ ਗਿਆ ਹੈ। ਪਿੰਡ ਆਪਣੇ ਰਵਾਇਤੀ ਜਾਇਕੇ ਤੋਂ ਮਰਹੂਮ ਹੋ ਗਿਆ ਹੈ। ਖੇਤੀ ਵਿਚੋਂ ਪਸ਼ੂ ਧਨ ਤੇ ਫਸਲੀ ਵੰਨ-ਸੁਵੰਨਤਾ ਵਾਂਗ ਪਰਿਵਾਰਕ ਨਸਲ ਵੀ ਘਰੋਂ ਨਿਕਲ ਤੁਰੀ ਹੈ। ਦੁੱਧ ਦੇ ਨਾਲ ਪੁੱਤ ਵੀ ਘਰਾਂ ਵਿਚੋਂ ਗਾਇਬ ਹੋਣ ਲੱਗੇ ਹਨ। ਕਦੀ 'ਦੁੱਧ ਤੇ ਪੁੱਤ' ਨੂੰ ਘਰਾਂ ਦੀਆਂ ਮੁੱਖ ਵੱਡੀਆਂ ਨਿਆਮਤਾਂ ਸਮਝੀਆਂ ਜਾਂਦੀਆਂ ਹਨ। ਖੇਤੀ ਕਦੀ ਸਾਡੀ ਰੋਜ਼ੀ-ਰੋਟੀ ਦੀ ਆਧਾਰਸ਼ਿਲਾ ਹੀ ਨਹੀਂ, ਸਗੋਂ ਸਾਡੇ ਸਮਾਜਕ ਤੇ ਆਤਮਿਕ ਜੀਵਨ ਦੀ ਜਿੰਦ-ਜਾਨ ਸੀ। ਕਿਰਸਾਣੀ ਕਿੱਤਾ ਸਾਡੇ ਸਮੁੱਚੇ ਜੀਵਨ ਵਿਹਾਰ ਦਾ ਕਦੀ ਯੁੱਧ ਖੇਤਰ ਸੀ। ਕਬੀਰ ਜੀ ਮੁਤਾਬਕ ਕਦੇ ਸਾਡੇ ਵਿਚ 'ਪੁਰਜਾ ਪੁਰਜਾ ਕਟਿ ਮਰੈ ਕਬਹੁ ਨ ਛਾਡੈ ਖੇਤੁ' ਵਾਲਾ ਤੱਹੀਆ ਸੀ। ਹੁਣ ਇਹ ਡੋਲ ਗਿਆ ਹੈ। ਹੁਣ ਨਵੀਂ ਨਸਲ ਵਿਦੇਸ਼ਾਂ ਦੀਆਂ ਦੁਸ਼ਵਾਰੀਆਂ ਦੇ ਰੁਬਰੂ ਹੈ। ਇਹ ਖੇਤੀ, ਖੇਤ ਅਤੇ ਪਿੰਡ ਵਿਚੋਂ ਭੱਜ ਰਹੀ ਹੈ। ਪਰ ਕਈ ਵਾਰ ਪਿੰਡ ਛੱਡਣ ਨੂੰ ਤਰੱਕੀ ਦੇ ਕਦਮ ਵਜੋਂ ਵੀ ਵੇਖਿਆ ਜਾਂਦਾ ਹੈ। ਪਰ ਹੁਣ ਇਹ ਰੁਝਾਣ ਸਹਿਜਭਾਵੀ ਚੋਣ ਨਹੀਂ ਵੱਡੀ ਮਜ਼ਬੂਰੀ ਬਣ ਗਿਆ ਹੈ। ਨਛੱਤਰ ਦੇ ਨਾਵਲ **ਕਵਣ ਦੇਸ਼ ਹੈ ਮੇਰਾ** (2021), ਅਵਤਾਰ ਸਿੰਘ ਬਿਲਿੰਗ ਦੇ **ਰਿਜ਼ਕ** (2020) ਅਤੇ ਬਲਦੇਵ ਸਿੰਘ ਦੇ **ਬਲਦੇ ਦਰਿਆ** (2021) ਵਿਚ ਨੌਜਵਾਨ ਪੀੜ੍ਹੀ ਦਾ ਆਪਣਾ ਦੇਸ਼ ਆਪਣਾ ਨਹੀਂ ਰਿਹਾ ਹੈ, ਪਰ ਪਰਦੇਸ ਵਿਚ ਪੈਰ ਨਹੀਂ ਲੱਗ ਰਹੇ ਹਨ। ਇਨ੍ਹਾਂ ਨਾਵਲਾਂ ਦੀ ਰਚਨਾ-ਦ੍ਰਿਸ਼ਟੀ ਇਥੇ ਵਾਪਰ ਗਈ ਸਾੜ੍ਹਸਤੀ ਦੇ ਪ੍ਰਤੀਨਿਧ ਪ੍ਰਗਟਾਵਾ ਹੈ।

ਪੰਜਾਬ ਦੇ ਨਵੇਂ ਦ੍ਰਿਸ਼ਾਂ ਨੇ ਰਿਸ਼ਤਿਆਂ ਦੀ ਨਵੀਂ ਵਿਆਕਰਣ ਸਿਰਜ ਦਿੱਤੀ ਹੈ। ਰੁਜ਼ਗਾਰ ਦੇ ਦਬਾਅ ਨੇ ਸਾਡੇ ਭਾਵ-ਬੋਧ ਨੂੰ ਬਦਲ ਦਿੱਤਾ ਹੈ।ਕਦੀ ਅਸੀਂ ਧੀ-ਭੈਣ/ਲੜਕੀ ਨੂੰ ਸਕੂਲ-ਕਾਲਜ ਭੇਜਣ ਤੋਂ ਵੀ ਕਤਰਾਉਂਦੇ ਸੀ। ਹੁਣ ਲੜਕੀ ਨੂੰ ਜਿਵੇਂ-ਕਿਵੇਂ ਬਾਹਰ ਭੇਜਣ ਦੀਆਂ ਲੋਟਣੀਆਂ ਲੈ ਰਹੇ ਹਾਂ। ਆਰਥਿਕਤਾ ਦੇ ਦਬਾਅ ਨੇ ਕਈ ਤਰ੍ਹਾਂ ਦੇ ਬੰਧਨਾਂ ਨੂੰ ਪਰ੍ਹੇ ਵਗਾਹ ਮਾਰਿਆ ਹੈ। ਨਵੇਂ ਰਿਸ਼ਤਿਆਂ ਲਈ ਵੱਡੇ ਆਾਈਲਟਸ ਬੈਂਡ ਖਿੱਚ ਦਾ ਕਾਰਣ ਬਣ ਰਹੇ ਹਨ। ਦਾਜ ਲਈ ਚੀਜ਼ਾਂ-ਵਸਤਾਂ ਉੱਤੇ ਆਈਲਟਸ ਭਾਰੂ ਹੋ ਗਿਆ ਹੈ। ਵਿਦਿਆ ਦਾ ਚਾਨਣ ਵੰਡਣ ਵਾਲੇ ਉੱਚ-ਵਿਦਿਅਕ ਅਦਾਰੇ ਖਾਲੀ ਹੋਣ ਲੱਗੇ ਹਨ। ਇਨ੍ਹਾਂ ਦੇ ਬਦਲ ਵਜੋਂ 'ਆਈਲਟਸ ਸੈਂਟਰਾਂ' ਦੀਆਂ ਰੌਣਕਾਂ ਵਧ ਗਈਆਂ ਹਨ। ਸਰਕਾਰਾਂ ਅਜੇਹੇ ਸਭ ਕੁਝ ਦੇ ਸਮਰਥਨ ਵਿਚ ਹਨ। ਜਾਰਜ ਓਰਵੈਲ ਦੇ ਨਾਵਲ **ਐਨੀਮਲ ਫਾਰਮ** ਦੇ ਸੱਚ ਵਾਂਗ ਸੱਤਾ ਵਿਚ ਹੁਕਮਰਾਨਾਂ ਦੇ ਨਾਮ ਤਾਂ ਬਦਲ ਜਾਂਦੇ ਹਨ ਪਰ ਕਾਰਜ ਪ੍ਰਣਾਲੀ ਨਹੀਂ। ਸਾਡੀ ਲੋਕਾਈ ਸੱਤਾਧਾਰੀਆਂ ਲਈ ਇਕ ਬੰਦ ਵਾੜ੍ਹੇ ਵਾਂਗ ਹੈ। ਸਾਡੇ ਕੋਲ ਚੋਣ ਦਾ ਕੋਈ ਵੱਡਾ ਬਦਲ ਹੀ ਨਹੀਂ ਹੈ। ਸੱਤਾ ਲਈ ਹਮੇਸ਼ਾ ਖ਼ਾਲੀ ਤੇ ਘਿਰਿਆ ਮੈਦਾਨ ਵਰਦਾਨ ਹੁੰਦਾ ਹੈ। ਇਥੇ ਵਾਅਦੇ, ਲਲਕਾਰੇ ਤੇ ਨਾਹਰੇ ਦੀ ਸਿਆਸਤ ਦੀ ਚੜ੍ਹ ਮੱਚ ਗਈ ਹੈ। ਰਵਾਇਤੀ ਸਿਆਸਤਾਂ ਤੋਂ ਮੋਹ ਭੰਗ ਤਾਂ ਹੈ ਪਰ ਇਸ ਦਾ ਬਦਲ ਕੋਈ ਨਹੀਂ ਹੈ। ਇਥੇ ਹੁਣ 'ਕੁਝ ਨਹੀਂ' ਦੀ ਸੋਚ ਬਲ ਫੜ੍ਹ ਰਹੀ ਹੈ। ਅਫ਼ਰੀਕਨ ਨਾਵਲਕਾਰ ਸ਼ਿਨੂਆ ਅਸੀਬੀ ਦੇ ਨਾਵਲ **ਥਿੰਗਜ਼ਸ ਫਾਲ ਅਪਾਰਟ** ਵਾਂਗ ਸਾਡੀਆਂ ਸਮੱਸਿਆਵਾਂ ਦਾ

ਸ਼ੀਰਾਜ਼ਾ ਬੁਰੀ ਤਰ੍ਹਾਂ ਬਿਖਰ ਚੁੱਕਾ ਹੈ। ਬੰਦੇ ਦੀ ਮਾਨਸਿਕ ਤਾਸੀਰ ਆਪਣੇ ਵਾਤਾਵਰਣ ਮੁਤਾਬਕ ਬਿਲਕੁਲ ਹੀ ਵਕਤੀ ਤੇ ਗਰਜਮੁਖੀ ਹੋ ਗਈ ਹੈ। ਸਮੁੱਚੇ ਖਿੱਤੇ ਦੇ ਜੀਵਨ ਦੀ ਚਾਦਰ ਨਿਰਾਸ਼ਾਵਾਂ ਦੀਆਂ ਤੰਦਾਂ ਨਾਲ ਭਰ ਗਈ ਹੈ। ਸਮੁੱਚੀ ਲੋਕਾਈ ਸਮੱਸਿਆਵਾਂ ਦੀ ਘੇਰਾਬੰਦੀ ਵਿਚ ਹੈ। ਅਸੀਂ ਸਭ ਹੁਣ ਸੋਹਣ ਸਿੰਘ ਸੀਤਲ ਦੇ ਨਾਵਲ **ਜੰਗ ਜਾਂ ਅਮਨ** (1959) ਵਾਲੀ ਆਖ਼ਰੀ ਪੰਗਤੀ 'ਹੁਣ ਕੀ ਬਣੇਗਾ' ਦੇ ਰੁਬਰੂ ਵੀ ਹਾਂ ਅਤੇ ਨਾਲ ਇਸ ਤੋਂ ਖ਼ੌਫਜਦਾ ਵੀ ਹਾਂ। ਪਰ ਜ਼ਰਾ ਵੱਖਰੇ ਪੱਖ ਤੋਂ ਅਜੇਹੇ ਰੁਝਾਣ ਵਿਚ ਪੰਜਾਬੀਆਂ ਦੀ ਹਿੰਮਤ ਵੀ ਬਰਕਰਾਰ ਹੈ। ਇਹ ਇਥੇ ਨਹੀਂ ਤਾਂ ਬਾਹਰ ਜਾਂ ਵਿਦੇਸ਼ ਵਿਚੋਂ ਆਪਣਾ ਭਵਿੱਖ ਤਲਾਸ਼ ਰਹੇ ਹਨ। ਕੰਮ ਜਾਂ ਰੁਜ਼ਗਾਰ ਦੀ ਭਾਲ ਵਿਚ ਬੰਦਾ ਸਦਾ ਸਫ਼ਰਾਂ ਵਿਚ ਰਿਹਾ ਹੈ। ਪੰਜਾਬੀ ਆਪਣੀ ਹੋਂਦ ਤੋਂ ਉਪਰ ਉੱਠਣ ਲਈ ਆਪਣੀ ਹੋਣੀ ਨੂੰ ਬਦਲਣ ਲਈ ਸਦਾ ਰਵਾਂ-ਦਵਾਂ ਰਹੇ ਹਨ। ਮਨੁੱਖ ਪਾਸ ਸਹਿਣ, ਜ਼ਰਨ ਤੇ ਫਿਰ ਉੱਠ ਪੈਣ ਦੀ ਅਥਾਹ ਸ਼ਕਤੀ ਹੈ। ਪੰਜਾਬ ਦੇ ਆਧਾਰ ਵਿਚ ਤਾਂ ਖੜ੍ਹੋਤ ਹੈ, ਪਰ ਪੰਜਾਬੀ ਖੜ੍ਹੋਤ ਵਿਚ ਨਹੀਂ ਹਨ। ਪਰ ਇਹ ਬਦਲਾਅ ਇਥੋਂ ਦੇ ਉਜਾੜੇ ਵਿਚੋਂ ਵਾਪਰ ਰਿਹਾ ਹੈ। ਤਬਦੀਲੀ ਜਾਂ ਸੰਘਰਸ਼ ਹਮੇਸ਼ਾ ਔਖੇ ਹੁੰਦੇ ਹਨ। ਇਹ ਕਿਸੇ ਔਖਿਆਈ ਵਿਚੋਂ ਹੀ ਨਿਕਲਦੇ ਹਨ। ਖੇਤੀ ਉੱਜੜ ਰਹੀ ਹੈ। ਜੀਵਨ ਮੁੱਲ ਢਹਿ-ਢੇਰੀ ਹੋ ਰਹੇ ਹਨ। ਕੋਈ ਇਥੇ ਰਹਿਣ ਨੂੰ ਤਿਆਰ ਨਹੀਂ ਹੈ। ਸਭ ਪਾਸਪੋਰਟ, ਵੀਜ਼ੇ ਤੇ ਚੰਗੇ ਆਈਲਟਸ ਬੈਂਡ ਦੇ ਚੱਕਰ ਵਿਚ ਹਨ। ਸਾਨੂੰ ਆਪਣਾ ਪੰਜਾਬ ਮਰ ਰਿਹਾ ਨਜ਼ਰ ਆਉਣ ਲੱਗਾ ਹੈ। ਇਸ ਦੇ ਸਾਮਾਂਤਰ ਕੋਈ ਵੱਡਾ ਪਲੇਟਫਾਰਮ ਨਹੀਂ ਉਸਰ ਰਿਹਾ ਹੈ। ਸਾਡੇ ਸਾਹਮਣੇ ਹੀ ਸਾਡੀ ਮੌਜੂਦਾ ਨਵੀਂ ਨੌਜਵਾਨ ਪੀੜ੍ਹੀ ਗੁੰਮ-ਗਵਾਚ ਰਹੀ ਹੈ। ਸਾਡਾ ਵਰਤਮਾਨ ਕਿਸੇ ਚੰਗੇਰੇ ਭਵਿੱਖ ਤੋਂ ਕੋਰਾ ਹੋ ਗਿਆ ਹੈ। ਇਸੇ ਕਰਕੇ ਅਸੀਂ ਹੁਣ ਇਥੋਂ ਦੌੜ ਜਾਣ ਦੇ ਰੌਂਅ ਵਿਚ ਹਾਂ। ਇਸ ਦੌੜ ਵਿਚ ਰੁਜ਼ਗਾਰ ਦੀ ਮਜ਼ਬੂਰੀ, ਚੰਗੇਰੇ ਭਵਿੱਖ, ਜੀਵਨ ਦੀ ਸੁਰੱਖਿਆ, ਮਿਆਰੀ ਜੀਵਨ ਤੇ 'ਕਾਨੂੰਨ ਦੇ ਰਾਜ' ਵਰਗੀਆਂ ਆਸਾਂ ਸੰਬੰਧੀ ਕਈ ਲੁਪਤ ਪਰਤਾਂ ਸ਼ਾਮਲ ਹਨ।

ਸਾਡੀ ਵਿਦਿਅਕ ਪ੍ਰਣਾਲੀ ਸੂਚਨਾਤਮਕ ਕਿਸਮ ਦੀ ਹੈ। ਅਸੀਂ ਗਿਆਨ ਜਾਂ ਬੌਧਿਕ ਵਿਕਾਸ ਲਈ ਨਹੀਂ ਨੌਕਰੀ ਦੀ ਲੋੜ ਵਜੋਂ ਡਿਗਰੀ ਹਾਸਿਲ ਕਰਦੇ ਹਾਂ। ਇਹ ਸ਼ੰਕਿਆਂ-ਸਵਾਲਾਂ ਅਤੇ ਜਵਾਬਾਂ ਦੀ ਭਾਲ ਦੀ ਥਾਂ ਜਾਣਕਾਰੀ ਤੱਕ ਸੀਮਿਤ ਹੈ। ਗੁਰੂ ਨਾਨਕ ਦੇਵ ਜੀ ਦੇ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਵਾਲੇ ਵਿਚਾਰ ਦੇ ਆਦਾਨ-ਪ੍ਰਦਾਨ ਦਾ ਸੰਵਾਦੀ ਬਿਰਤਾਂਤ ਟੁੱਟ ਚੁੱਕਾ ਹੈ। ਅਸੀਂ ਸੰਵਾਦ ਨਹੀਂ, ਉਪਦੇਸ਼ ਦੇ ਯੁੱਗ ਵਿਚੋਂ ਗੁਜ਼ਰ ਰਹੇ ਹਾਂ। ਕਈ ਵਿਵਾਦੀ ਬਖ਼ੇੜਿਆ ਵਿਚ ਹਾਂ। ਦੂਸਰੇ ਪਾਸੇ ਸੱਤਾ ਦੀ ਧੌਂਸ ਤਹਿਤ ਸੱਤਾਧਾਰੀਆਂ ਵੱਲੋਂ ਆਪਣੇ ਵਿਚਾਰ ਇਕ ਅੰਤਿਮ ਸੱਚ ਵਜੋਂ ਪੇਸ਼ ਕੀਤੇ ਜਾ ਰਹੇ ਹਨ। ਜਿਵੇਂ ਖੇਤੀ ਦੀ ਵੰਨ-ਸੁਵੰਨਤਾ ਖਤਮ ਹੋ ਗਈ ਹੈ, ਤਿਵੇਂ ਵਿਚਾਰਾਂ ਜਾਂ ਵੱਖਰਤਾਵਾਂ ਦਾ ਅਸਮਾਨ ਸੁੰਘੜ ਰਿਹਾ ਹੈ। ਵਿਦਿਆ ਵਿਚ ਪਬਲਿਕ ਸੈਕਟਰ ਦੀ ਥਾਂ ਪ੍ਰਾਈਵੇਟ ਸੈਕਟਰ ਦੀ ਚੜ੍ਹ ਮੱਚ ਗਈ ਹੈ। ਪ੍ਰਾਈਵੇਟ ਉੱਚ-ਵਿਦਿਅਕ ਅਦਾਰਿਆਂ ਨੇ ਫੀਸਾਂ ਦੀ ਇਸ਼ਤਿਹਾਰਬਾਜ਼ੀ ਨਾਲ ਡਿਗਰੀਆਂ ਨੂੰ ਸੌਦੇ ਵਾਂਗ ਵੇਚਣ ਦਾ ਰਾਹ ਫੜ੍ਹ ਲਿਆ ਹੈ। ਸਾਡਾ ਵਿਕਾਸ ਕੇਵਲ ਵਸਤਮੁਖ ਹੈ। ਇਹ ਵਿਚਾਰ ਜਾਂ ਭਾਵਮੁਖੀ ਨਹੀਂ ਹੈ। ਅਸੀਂ ਪਦਾਰਥੀ ਰੂਪ ਵਿਚ ਕੁਝ ਅੱਗੇ ਤਾਂ ਵਧੇ ਹਾਂ, ਪਰ ਵੱਡੇ ਜਾਂ ਵਿਕਸਤ ਨਹੀਂ ਹੋਏ ਹਾਂ। ਸਾਡਾ ਵਿਕਾਸ ਕੇਵਲ ਸਭਿਅਤੀ ਹੈ। ਅਸੀਂ ਸਭਿਅਕ ਤੌਰ 'ਤੇ ਪਛੜੇਵੇਂ ਵਿਚ ਹਾਂ। ਅਸੀਂ ਮਾਨਸਿਕ ਤੇ ਬੌਧਿਕ ਪਛੜੇਵੇਂ ਵਿਚ ਹਾਂ। ਇਸ ਕਰਕੇ ਸਾਡੀ ਅੱਗੇ ਵਧਣ ਦੀ ਤੋਰ ਅੱਧੀ-ਅਧੂਰੀ ਤੇ ਇਕ ਪਾਸੜ ਹੈ। ਸਾਡੇ ਕੋਲ ਚੀਜਾਂ/ਵਸਤਾਂ ਤਾਂ ਹਨ, ਪਰ ਮਾਨਸਿਕ ਅਮੀਰੀ ਜਾਂ ਸੰਤੁਸ਼ਟੀ ਨਹੀਂ ਹੈ। ਸਾਡੇ ਵਿਚੋਂ ਜੇ ਕਈਆਂ ਕੋਲ ਸਭ ਚੀਜ਼ਾਂ ਵਸਤਾਂ ਤੇ ਸਹੂਲਤਾਂ ਤਾਂ ਹਨ ਪਰ ਰੂਹ ਦਾ ਰੱਜ ਕਿਤੇ ਵੀ ਨਹੀਂ ਹੈ। ਅਸੀਂ ਅਜੋਕੇ ਦੌਰ ਸਿਰ ਪਰਨੇ ਖੜ੍ਹੇ ਹਾਂ। ਪਦਾਰਥਕ ਤਬਦੀਲੀ ਦਾ ਪਹੀਆ ਅੱਗੇ ਰਿੜ੍ਹ ਰਿਹਾ ਹੈ। ਜੀਵਨ ਦੇ ਮਾਨਸਿਕ ਵਿਹਾਰ ਪੱਖੋਂ ਪਛੜੇਵਾਂ ਬਰਕਰਾਰ ਹੈ। ਅਸੀਂ ਵੇਖਣ ਨੂੰ ਨਵੀਂ ਤਕਨੀਕੀ ਕਿਸਮ ਦੇ ਵਿਗਿਆਨਕ ਦੌਰ ਵੱਲ ਵਧ ਰਹੇ ਹਾਂ। ਪਰ ਸਾਡੀਆਂ ਸਭ ਸੋਚਾਂ-ਸਿਆਸਤਾਂ ਜਾਤ-ਬਿਰਾਦਰੀ ਤੇ ਧਰਮਾਂ ਦੀਆਂ ਵਲਗਣਾਂ ਵਿਚ ਬੰਦ ਹਨ। ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਦੇ ਸੋਚਣ-ਵਿਚਾਰਨ ਤੇ ਜੀਵਨ-ਮੁੱਲਾਂ ਵਿਚ ਅਸਮਾਨ ਜਿੰਨਾ ਪਾੜ੍ਹਾ ਹੈ। ਰੇਅ ਬਰੈਡਬਰੀ ਦੇ ਨਾਵਲ **ਫਾਰਨਹੀਟ**-451 ਦੇ ਨਾਵਲੀ ਸੰਦੇਸ਼ ਵਾਂਗ ਅਸੀਂ ਸਾਹਿਤਕ ਤੇ ਨੈਤਿਕ ਮੁੱਲਾਂ ਦੇ ਪੱਖ ਤੋਂ ਦਿਨੋਂ-ਦਿਨ ਹੋਲੇ ਹੋ ਕੇ ਚਲਦੇ-ਫਿਰਦੇ ਰੋਬੋਟ ਬਣ ਰਹੇ ਹਾਂ। ਸਾਡੀ ਤਕਨੀਕ ਦਾ ਨਵਾਂ ਕੰਪਿਊਟਰੀ ਵਰਤਾਰਾ ਰੁਜ਼ਗਾਰ ਪੱਖ ਤੋਂ ਵਕਤੀ ਚਮਕ-ਦਮਕ ਵਿਖਾ ਕੇ ਹੁਣ 'ਹਰੀ ਕ੍ਰਾਂਤੀ' ਵਾਂਗ ਜੜ੍ਹ ਹੋ ਗਿਆ ਹੈ। ਇਹ ਤਕਨੀਕ ਆਪਣੇ-ਆਪ ਵਿਚ ਅੰਦਰੇ-ਅੰਦਰ ਭਾਵੇਂ ਰਵਾਂ-ਦਵਾਂ ਹੈ, ਪਰ ਇਸ ਨੇ ਮਨੁੱਖੀ ਹੱਥਾਂ ਨੂੰ ਮਹੱਤਵਹੀਣ ਕਰ ਦਿੰਦਾ ਹੈ। ਸਾਡਾ ਘਰਾਂ-ਪਰਿਵਾਰਾਂ ਵਿਚ ਸੰਵਾਦ ਟੁੱਟ ਚੁੱਕਾ ਹੈ। ਸਾਡੇ ਰਿਸ਼ਤੇ ਸਿਰਜਣਾਤਮਿਕ ਨਹੀਂ ਸੂਚਨਾਤਮਿਕ ਹੋ ਰਹੇ ਹਨ। ਨਵੀਂ ਪੀੜ੍ਹੀ ਤੇ

ਪੁਰਾਣੀ ਪੀੜ੍ਹੀ ਵਿਚ ਆਪਾ-ਧਾਪੀ ਪੈ ਗਈ ਹੈ। ਉਂਜ਼ ਇਹ ਪਾੜ੍ਹਾ ਤਾਂ ਸਦਾ ਰਿਹਾ ਹੀ ਹੈ। ਬਾਲਜ਼ਾਕ ਨੇ ਜਿਵੇਂ ਕਦੇ ਆਪਣੇ ਨਾਵਲ **ਓਲਡ ਗੋਰਿਓ** (1747) ਵਿਚ ਪੀੜ੍ਹੀ-ਪਾੜੇ ਨੂੰ ਹਰ ਯੁੱਗ, ਹਰ ਸਭਿਅਤਾ ਤੇ ਹਰ ਦੌਰ ਦੇ ਨਿਰ-ਵਿਵਾਦ ਸੱਚ ਵਜੋਂ ਪੇਸ਼ ਕੀਤਾ ਸੀ, ਤਿਵੇਂ ਹੀ ਇਹ ਸੱਚ ਅੱਜ ਵੀ ਕਾਇਮ ਹੈ ਤੇ ਅੱਗੇ ਵੀ ਰਹੇਗਾ। ਪਰ ਇਹ ਫ਼ਰਕ ਹੁਣ ਤਿੱਖੇ ਵਿਰੋਧ ਤੇ ਆਪ ਹੁਦਰੇਪਣ ਵਿਚ ਬਦਲ ਰਿਹਾ ਹੈ।

ਸਾਡੀਆਂ ਬਹੁਤੀਆਂ ਸੰਸਥਾਵਾਂ ਤੇ ਸੰਗਠਨਾਂ ਦਾ ਹਾਲ ਜਸਬੀਰ ਭੁੱਲਰ ਦੇ ਨਾਵਲ **ਖਿੱਦੋ** (2021) ਵਾਂਗ ਅੰਦਰੋਂ ਚਰਮਰਾ ਗਿਆ ਹੈ। ਅਸੀਂ ਮਾਨਸਿਕ ਵਿਕਾਸ ਵਜੋਂ ਅੱਗੇ ਵਧਣ ਦੀਆਂ ਸੰਭਾਵਨਾਵਾਂ ਤੋਂ ਕੋਰੇ ਹੋ ਰਹੇ ਹਾਂ। ਅਸੀਂ ਬੇਵਿਸ਼ਵਾਸ਼ੀ ਤੇ ਅਸੁਰੱਖਿਆ ਦੇ ਆਲਮ ਵਿਚੋਂ ਲੰਘ ਰਹੇ ਹਾਂ। ਉਂਜ ਪੰਜਾਬ ਦਾ ਸਦਾ ਤਬਾਹੀ ਤੇ ਉਸਾਰੀ ਦਾ ਇਤਿਹਾਸ ਰਿਹਾ ਹੈ। ਸੰਕਟ ਹੀ ਸਮਾਧਾਨ ਦੀ ਦਵਾਈ ਬਣਦੇ ਰਹੇ ਹਨ। 'ਦੁਖ ਦਾਰੂ ਸੁਖ ਰੋਗ ਭਇਆ' ਵਾਂਗ। ਜੀਵਨ ਵਿਚ ਹੀ ਨਹੀਂ, ਸਾਹਿਤ ਵਿਚ ਵੀ ਇਕਹਿਰੀ ਸਰਲਤਾ ਪ੍ਰਧਾਨ ਹੋ ਗਈ ਹੈ। ਜੀਵਨ ਵਿਚੋਂ ਜਿਵੇਂ ਸਮਾਜਕ ਮੁੱਲ ਗਵਾਚ ਰਹੇ ਹਨ, ਤਿਵੇਂ ਸਾਹਿਤ ਵਿਚੋਂ ਆਂਚਲਿਕ ਕਿਸਮ ਦੀ ਸਮਾਜਕਤਾ ਅਲੋਪ ਹੋ ਰਹੀ ਹੈ। ਸਾਹਿਤ ਹੁਣ ਸਮੁੱਚੇ ਸਮਾਜ ਦਾ ਸ਼ੀਸਾ ਨਾ ਹੋ ਕੇ ਵੇਰਵਿਆਂ ਦੀ ਖਾਣ ਬਣਦਾ ਜਾ ਰਿਹਾ ਹੈ। ਉਂਜ ਵੀ ਸਾਨੂੰ ਆਪਣੇ ਗਲਪ ਵਿਚੋਂ ਬੰਦੇ ਦੇ ਕਾਲੇ-ਚਿੱਟੇ ਦੋਨਾਂ ਪੱਖਾਂ ਦੇ ਮਿਸ਼ਰਤ ਚਿੱਤਰ ਦੀ ਊਣਤਾਈ ਸਦਾ ਰੜਕਦੀ ਰਹੀ ਹੈ। ਸਾਡੇ ਨਾਵਲਾਂ ਵਿਚ ਹਰਮਨ ਹੈਸ ਦੇ ਨਾਵਲ **ਸਿਧਾਰਥ** (1922) ਵਾਂਗ ਮਨੁੱਖ ਨੂੰ ਵਿਭਿੰਨ ਰੰਗਾਂ-ਤਰੰਗਾਂ ਦੇ ਸ਼ੇਡ ਵਿਚ ਚਿਤ੍ਰਣ ਵਾਲੀ ਬਹੁਰੰਗੀ ਦ੍ਰਿਸ਼ਟੀ ਦਾ ਅਭਾਵ ਨਜ਼ਰ ਆਉਂਦਾ ਹੈ। ਉਂਜ ਹਰ ਯੁੱਗ ਦੇ ਆਪਣੇ ਹਾਲਾਤ ਦੇ ਦਾਇਰੇ ਤੇ ਵੇਗ ਮੁਤਾਬਕ ਹੀ ਸਾਹਿਤਕਾਰ ਪੈਦਾ ਹੁੰਦੇ ਹਨ। ਕਿਸੇ ਵੀ ਖਿੱਤੇ ਦੀ ਸਮਾਜਕ ਵੱਤ ਤੇ ਬੌਧਿਕ ਵੇਗ ਤੋਂ ਓਪਰਾ ਕੁਝ ਪੈਦਾ ਹੋਣਾ ਮੁਸ਼ਕਿਲ ਹੁੰਦਾ ਹੈ। ਸਾਡੇ ਹੁਣ ਦੇ ਨਾਵਲਕਾਰਾਂ ਕੋਲ ਨਵੇਂ ਵਿਸ਼ੇ ਹਨ। ਨਵੀਆਂ ਘਟਨਾਵਾਂ ਦੀ ਪੇਸ਼ਕਾਰੀ ਹੈ। ਪਰ ਪ੍ਰੌਢ ਸਾਹਿਤ ਵਾਲੀ ਸਹਿਜਭਾਵੀ ਸਮਾਜਕ ਰਚਨਾਤਮਿਕਤਾ ਗਾਇਬ ਹੈ। ਕਦੀ **ਸੁੰਦਰੀ** (1897), **ਚਿੱਟਾ ਲਹੂ** (1932), **ਪੂਰਨਮਾਸ਼ੀ** (1967), **ਮੜ੍ਹੀ ਦਾ ਦੀਵਾ** (1964) ਤੇ **ਪਰਤਾਪੀ** (1987) ਵਰਗੇ ਨਾਵਲ ਸਾਡੇ ਚੇਤਿਆਂ ਵਿਚ ਯਾਦਗਾਰੀ ਰਚਨਾਵਾਂ ਬਣੇ ਸਨ। ਪਰ ਹੁਣ ਪਿਛਲੇ ਕਈ ਦਹਾਕਿਆਂ ਤੋਂ ਮਨੋਸਥਿਤੀ ਵਿਚ ਸਦਾ ਲਈ ਸਮਾਅ ਜਾਣ ਵਾਲੀ ਕੋਈ ਗਲਪ ਰਚਨਾ ਪੇਸ਼ ਨਹੀਂ ਹੋਈ ਹੈ। ਪਹਿਲਾਂ ਨਾਵਲ ਵਿਚੋਂ ਸਮਾਜ ਦੇ ਚੱਲਦੇ/ ਗਤੀਸ਼ੀਲ ਵੇਗ ਦਾ ਸੁਭਾਵਕ ਰੂਪ ਨਜ਼ਰ ਆਉਂਦਾ ਸੀ। ਇਸ ਵਿਚ ਅਵੱਲ ਦਰਜ਼ੇ ਦੀ ਰਚਨਾਤਮਿਕ ਸੂਖ਼ਮਤਾ ਵੀ ਸੀ। ਹੁਣ ਤੱਥਾਂ ਜਾਂ ਘਟਨਾਵਾਂ ਦੇ ਵਾਪਰ ਜਾਣ ਤੋਂ ਬਾਅਦ ਅਜੇਹੀ ਪੇਸ਼ਕਾਰੀ ਦਾ ਗਲਪੀ ਝਲਕਾਰਾ ਹੀ ਪੇਸ਼ ਹੋਇਆ ਹੈ। ਇਹ ਜ਼ਿਆਦਾਤਰ ਹੋਏ ਵਾਪਰੇ ਦਾ ਦੁਹਰਾਅ ਵੀ ਹੈ ਅਤੇ ਨਾਲ ਕਲਾਤਮਿਕ ਅੰਦਾਜ਼ ਤੋਂ ਦਰਜ਼ਾ ਦੋਮ ਵੀ ਹੈ। ਕਿਉਂਕਿ ਅਜੋਕੀ ਵਸਤਾਂ-ਵੇਰਵਿਆਂ ਦੀ ਅਲੌਕਾਰੀ ਤਬਦੀਲੀ ਦੇ ਰੋੜ੍ਹ ਵਿਚ ਹਰੇਕ ਰੁੜ੍ਹਦਾ ਜਾ ਰਿਹਾ ਹੈ। ਅਜੋਕੇ ਖੱਪਤੀ ਤੇ ਤੇਜ਼-ਤਰਾਰ ਯੁੱਗ ਵਿਚ ਸਾਹਿਤ ਵੀ ਵਕਤੀ ਤੇ ਖੱਪਤੀ ਹੋ ਰਿਹਾ ਹੈ। ਇਹ ਵੀ ਸਾਡੀ ਮਾਨਸਿਕ ਗਰੀਬੀ ਦਾ ਹੀ ਕੋਈ ਪੱਖ ਹੈ। ਜੀਵਨ ਜਿਵੇਂ ਖੁਸ਼ਕ ਤੇ ਨੀਰਸ ਹੋ ਰਿਹਾ ਹੈ, ਤਿਵੇਂ ਦੀ ਹੀ ਖੁਸ਼ਕੀ ਨਾਵਲਾਂ ਵਿਚ ਵੀ ਹੈ। ਪਰ ਜਿਵੇਂ ਜਿਊਣ ਦੀ ਇੱਛਾ ਅਮੁੱਕ ਹੈ, ਤਿਵੇਂ ਅੱਗੇ ਵਧਣ ਦਾ ਪਹੀਆ ਵੀ ਗਿੜਦਾ ਹੀ ਹੈ। ਵੇਖਣਾ ਹੁਣ ਇਹ ਹੈ ਕਿ ਪੰਜਾਬ/ਪੰਜਾਬੀ ਅੱਗੇ ਕਿਸ ਕਰਵਟ ਵਿਚ ਪਾਲ਼ਾ ਜਾਂ ਪਾਸਾ ਬਦਲਦੇ ਹਨ।

◈



ਸੰਵਾਦ-15 (ਜਨਵਰੀ-ਜੂਨ 2022) ISSN : 2395-1273 **www.sanvad.org**

# ਵਿਸ਼ਵੀਕਰਨ ਅਤੇ ਪੰਜਾਬੀ ਪਛਾਣ:


## ਵਿਰੋਧ, ਪੁਨਰ-ਸਥਾਪਨ ਅਤੇ ਪੁਨਰ-ਘਾੜਤ

ਪੰਜਾਬੀਅਤ ਜਾਂ ਪੰਜਾਬੀ ਪਛਾਣ ਖੇਰੂੰ-ਖੇਰੂੰ ਹੋਈ ਪਛਾਣ ਦੀਆਂ ਸਮਾਂਤਰ ਆਪਾ-ਵਿਰੋਧੀ ਤਸਵੀਰਾਂ ਉਭਾਰਦੀ ਹੈ, ਫਿਰ ਵੀ ਇਹ ਸੰਭਾਵਨਾਸ਼ੀਲ ਤਾਕਤਵਰ ਆਰਥਕ, ਸਿਆਸੀ ਅਤੇ ਸਭਿਆਚਾਰਕ ਤਾਕਤ ਨੂੰ ਵੀ ਉਭਾਰਦੀ ਹੈ। ਇਹ ਖੋਜ-ਪੱਤਰ ਪੰਜਾਬੀ ਪਛਾਣ ਦੇ ਦਵੰਦਾਂ ਨੂੰ ਅਰਥਚਾਰੇ, ਸਿਆਸਤ ਤੇ ਸਭਿਆਚਾਰ ਦੇ ਹੋ ਰਹੇ ਸੰਸਾਰੀਕਰਨ ਦੇ ਸੰਦਰਭਾਂ ਵਿਚ ਇਸ ਆਪਾ-ਵਿਰੋਧੀ ਸਰੂਪ ਦੇ ਵੱਖ-ਵੱਖ ਪੱਖ ਫੜਨ ਦੀ ਕੋਸ਼ਿਸ਼ ਕਰਦਾ ਹੈ। ਵਿਸ਼ਵੀਕਰਨ ਦਾ ਜਿਹੜਾ ਇਕ ਖ਼ਾਸ ਪੱਖ ਇਸ ਵਿਚ ਵਿਸ਼ੇਸ਼ ਤੌਰ ’ਤੇ ਵਿਚਾਰਿਆ ਗਿਆ ਉਹ ਹੈ ਸਾਂਝੀ ਪੰਜਾਬੀ ਪਛਾਣ ਦੀ ਮਜ਼ਬੂਤ ਕਲਪਨਾ ਅਤੇ ਦੁਨੀਆ ਭਰ ਵਿਚ ਫੈਲੇ ਪੰਜਾਬੀ ਭਾਈਚਾਰੇ ਵਿਚਲੀਆਂ ਅਨੇਕ ਵੰਡਾਂ ਵਿਚ ਪ੍ਰਵਾਸੀ ਪੰਜਾਬੀਆਂ ਦੀ ਭੂਮਿਕਾ। ਵਿਧੀਗਤ ਆਧਾਰ ’ਤੇ, ਇਹ ਖੋਜ-ਪੱਤਰ ਪੰਜਾਬੀ ਪਛਾਣ ਦੀਆਂ ਇਤਿਹਾਸਕ ਜੜ੍ਹਾਂ ਦੀ ਪਛਾਣ ਕਰਨ ਦੇ ਨਾਲ-ਨਾਲ ਪੰਜਾਬੀਅਤ ਜਾਂ ਪੰਜਾਬੀ ਪਛਾਣ ਦੇ ਵਿਚਾਰ ਦੀ ਵਿਸ਼ਲੇਸ਼ਣੀ ਪੜਤਾਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਅੰਤ ਇਹ ਮਜ਼ਬੂਤ ਪੰਜਾਬੀ ਪਛਾਣ ਦੇ ਉਭਰਨ ਦੀ ਸੰਭਾਵਨਾ ਦੀ ਨਿਸ਼ਾਨਦੇਹੀ ਕਰਦਾ ਹੈ।

### ਭੂਮਿਕਾ

ਪੰਜਾਬੀ ਪਛਾਣ ਬਾਰੇ ਸੋਚਦਿਆਂ ਅਤੇ ਲਿਖਦਿਆਂ, ਅਸੀਂ ਤੱਤਫੱਟ ਉਨ੍ਹਾਂ ਆਪਸ ਵਿਚ ਜੁੜੇ ਇਕ ਜਾਂ ਦੂਸਰੇ ਸ਼ਬਦਾਂ ਦਾ ਜ਼ਿਕਰ ਕਰਨ ਲਈ ਮਜਬੂਰ ਹੋ ਰਹੇ ਮਹਿਸੂਸ ਕਰਦੇ ਹਾਂ ਜਿਨ੍ਹਾਂ ਦਾ ਮਕਸਦ ਪੰਜਾਬੀ ਪਛਾਣ ਦੇ ਵਿਸ਼ੇ ਨੂੰ ਮਾਨਤਾ ਦੇਣਾ ਤੇ ਸੰਕਟ ਗ੍ਰਸਤ ਕਰਨਾ ਲੱਗਦਾ ਹੈ। ਇਹ ਸ਼ਬਦ: ਪਰਖ, ਪੜਤਾਲ ਅਤੇ ਖੋਜ ਹੋ ਸਕਦੇ ਹਨ।[1] ਭਾਵੇਂ ਇਹ ਸਾਰੇ ਹੀ ਸ਼ਬਦ ਇਕ ਹੱਦ ਤੱਕ ਝਿਜਕ ਨੂੰ ਦਰਸਾਉਂਦੇ ਹਨ, ਪਰ ਹਰੇਕ ਸ਼ਬਦ ਝਿਜਕ ਦੀਆਂ ਵੱਖ-ਵੱਖ ਬਾਰੀਕੀਆਂ ਦਾ ਪ੍ਰਤੀਕ ਹੈ। ਜੇ ਪੜਤਾਲ ਕਿਸੇ ਕਿਸਮ ਦੇ ਸ਼ੰਕਾਵਾਦ ਦਾ ਇਸ਼ਾਰਾ ਕਰਦਾ ਹੈ ਅਤੇ ਪਰਖ ਨਿਰਪੱਖ ਹੋਣ ਦਾ ਸੰਕੇਤ ਦਿੰਦਾ ਹੈ, ਖੋਜ ਅੰਦਰ ਲਾਜ਼ਮੀ ਤੌਰ ’ਤੇ ਵਿਕਾਸਸ਼ੀਲ ਅਤੇ ਆਸ਼ਾਵਾਦੀ ਹੋਣ ਦੀ ਟੁਣਕਾਰ ਹੈ। ਸ਼ੰਕਾਵਾਦ ਅਤੇ ਆਸ਼ਾਵਾਦ ਦੇ ਵੱਖ-ਵੱਖ ਰੰਗਾਂ ਦੇ ਅੰਦਰ ਨਾ ਸਿਰਫ਼ ਪੰਜਾਬੀ ਪਛਾਣ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਬਲਕਿ ਇਸ ਨੂੰ ਮਿਟਾਉਣ ਅਤੇ ਬਣਾਉਣ ਦੇ ਸਿਆਸੀ ਉਪਰਾਲਿਆਂ ਨੂੰ ਵਸਤੂਪੂਰਕ ਰੂਪ ਵਿਚ ਉਜਾਗਰ ਕਰਨ ਦੀਆਂ ਕੋਸ਼ਿਸ਼ਾਂ ਮੌਜੂਦ ਹਨ।

ਭੂਗੋਲਿਕ ਸਥਾਨ ਅਤੇ ਪੰਜਾਬ ਦੀ ਇਤਿਹਾਸਕ ਉਸਾਰੀ ਨੇ ਪੰਜਾਬੀ ਪਛਾਣ ਦੇ ਉਤਰਾਅ-ਚੜ੍ਹਾਅ ਵਿਚ ਭੂਮਿਕਾ ਨਿਭਾਈ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਵਪਾਰੀਆਂ, ਧਾੜਵੀਆਂ ਅਤੇ ਇਸ ਨੂੰ ਜਿੱਤਣ ਵਾਲਿਆਂ ਵਾਸਤੇ ਦਰਵਾਜ਼ੇ ਵਾਲੀ ਹੋਣ ਕਰਕੇ ਵਿਰੋਧ, ਪੁਨਰ-ਸਥਾਪਨ ਅਤੇ ਪੁਨਰ-ਘਾੜਤ ਦੀਆਂ



**-ਡਾ. ਪ੍ਰੀਤਮ ਸਿੰਘ**
ਪ੍ਰੋਫ਼ੈਸਰ
ਔਕਸਫਰਡ ਬਰੁਕਸ
ਯੂਨੀਵਰਸਿਟੀ ਯੂ.ਕੇ.
00447922657957
psingh@brookes.ac.uk

ਪ੍ਰਕਿਰਿਆਵਾਂ ਲਗਾਤਾਰ ਪੰਜਾਬੀ ਪਛਾਣ ਨੂੰ ਘੜਨ ਅਤੇ ਮੁੜ-ਘੜਨ ਵਿਚ ਆਪਣੀ ਭੂਮਿਕਾ ਨਿਭਾਉਂਦੀਆਂ ਰਹਿਣਗੀਆਂ। ਇਹ ਖਿੱਤਾ ਲਗਾਤਾਰ ਰਲੇਵੇਂ, ਵੰਡ ਅਤੇ ਪੁਨਰ-ਗਠਨ ਹੰਢਾਉਂਦਾ ਰਿਹਾ ਹੈ। ਆਪਣੇ ਇਤਿਹਾਸਕ ਉਭਾਰ ਦੌਰਾਨ ਇਕ ਖ਼ਾਸ ਅਰਸੇ ਵਿਚ ਮਹਾਰਾਜਾ ਰਣਜੀਤ ਸਿੰਘ ਅਧੀਨ ਉੱਨੀਵੀਂ ਸਦੀ ਦੇ ਪਹਿਲੇ ਅੱਧ ਦੇ ਪੰਜਾਬ ਵਿਚ ਦੂਜੇ ਖਿੱਤਿਆਂ ਨੂੰ ਆਪਣੇ ਵਿਚ ਰਲਾਉਣ ਅਤੇ ਅਧੀਨ ਕਰਨ ਦੇ ਸਾਮਰਾਜੀ ਸੱਤਾ ਵਾਲੇ ਗੁਣ ਮੌਜੂਦ ਸਨ (ਸਿੰਘ ਤੇ ਰਾਏ, 2009)। ਇਸ ਦੇ ਨਾਲ ਹੀ ਉੱਨੀਵੀਂ ਸਦੀ ਦੇ ਦੂਜੇ ਅੱਧ ਤੋਂ ਵੱਡੀ ਗਿਣਤੀ ਵਿਚ ਪੰਜਾਬੀ ਵਿਦੇਸ਼ਾਂ ਵਿਚ ਆਬਾਦ ਹੋ ਰਹੇ ਸਨ ਅਤੇ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਪ੍ਰਵਾਸੀ ਭਾਈਚਾਰੇ ਦਾ ਰੂਪ ਅਖ਼ਤਿਆਰ ਕਰ ਰਹੇ ਸਨ। ਇਸ ਲਈ ਪੰਜਾਬੀ ਪਛਾਣ ਵਰਗਾਂ ਅਤੇ ਮਿਲਗੋਭਿਆਂ ਵਿਚਾਲੇ ਡੋਲ ਰਹੀ ਸੀ ਅਤੇ ਹਾਲੀਆ ਵਿਸ਼ਵੀਕਰਨ ਦੇ ਦੌਰ ਦੀ ਸ਼ੁਰੂਆਤ ਹੋਣ ਤੋਂ ਬਹੁਤ ਪਹਿਲਾਂ ਹੀ ਬੇਹੱਦ ਜਟਿਲ ਅਤੇ ਬਹੁ-ਪਰਤੀ ਹੋ ਚੁੱਕੀ ਸੀ। ਇਸ ਲਈ ਸੰਸਾਰੀਕਰਨ ਇਕ ਤਰ੍ਹਾਂ ਨਾਲ ਪੰਜਾਬੀਆਂ ਨਾਲ ਪਹਿਲਾਂ ਵਾਪਰ ਚੁੱਕੀ ਘਟਨਾ ਦੋਬਾਰਾ ਵਾਪਰਨ ਵਰਗੀ ਗੱਲ ਸੀ। ਫਿਰ ਵੀ ਇਸਦਾ ਪੱਧਰ ਵੀ ਵੱਖਰਾ ਹੈ ਤੇ ਇਸ ਦੀ ਪਹੁੰਚ ਵੀ ਵੱਖਰੀ ਕਿਸਮ ਦੀ ਹੈ।

ਭਾਵੇਂ ਉਹ ਭਾਰਤੀ ਹੋਣ, ਪਾਕਿਸਤਾਨੀ, ਪ੍ਰਵਾਸੀ ਜਾਂ ਇਨ੍ਹਾਂ ਤਿੰਨਾਂ ਦੇ ਸੰਸਾਰ ਪੱਧਰ ਦੇ ਸੁਮੇਲ ਵਾਲੇ ਪੰਜਾਬੀ ਇਹ ਖੋਜ-ਪੱਤਰ ਪੰਜਾਬੀਆਂ ਦੀ ਵਿਸ਼ਵੀਕਰਨਤਾ ਦੇ ਪ੍ਰਭਾਵਾਂ ਨੂੰ ਉਲੀਕਣਾ ਚਾਹੁੰਦਾ ਹੈ-ਜੋ ਕਿ ਹੁਣ ਤੱਕ ਹੋਰ ਟੁਕੜੇ ਜਾਂ ਮਿਲਗੋਭੇ ਪੈਦਾ ਕਰਦਾ ਜਾਂ ਥੋਪਦਾ ਹੈ। ਇਸ ਪ੍ਰਕਿਰਿਆ ਦੌਰਾਨ ਇਹ ਖੋਜ-ਪੱਤਰ ਦੋ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ: ਕੀ ਵਿਸ਼ਵੀਕਰਨਤਾ ਪੰਜਾਬੀਆਂ ਤੋਂ ਉਨ੍ਹਾਂ ਦੇ ਕੌੜੇ-ਮਿੱਠੇ ਅਤੀਤ ਦੀ ਪੁਨਰ-ਵਿਆਖਿਆ ਕਰਵਾ ਸਕਦੀ ਹੈ ਅਤੇ ਕੀ ਇਹ ਸਮਕਾਲੀ ਪੰਜਾਬੀਆਂ ਦੀ ਅਕਾਂਖਿਆਵਾਂ ਇਸ ਤਰ੍ਹਾਂ ਘੜ ਸਕਦੀ ਹੈ ਕਿ ਉਸ ਵਿਚ ਸਮਨਵਯ ਜ਼ਿਆਦਾ ਤੇ ਵੰਡੀਆਂ ਘਟ ਹੋਣ? ਮੈਂ ਵਿਸ਼ਵੀਕਰਨ ਅਤੇ ਵਿਸ਼ਵੀਕਰਨਤਾ ਨੂੰ ਸਮਾਨ-ਅਰਥੀ ਸ਼ਬਦਾਂ ਦੇ ਰੂਪ ਵਿਚ ਵਰਤ ਰਿਹਾ ਹਾਂ ਕਿਉਂਕਿ ਮੈਂ ਸਮਝਦਾ ਹਾਂ ਕਿ ਦੋਹਾਂ ਵਿਚ ਕੋਈ ਵੱਡਾ ਫ਼ਰਕ ਨਹੀਂ ਹੋਵੇਗਾ ਸਿਵਾਏ ਇਸ ਬਾਰੀਕ ਨੁਕਤੇ ਦੇ ਜਿਸ ਅਨੁਸਾਰ ਵਿਸ਼ਵੀਕਰਨ ਇਕ ਪ੍ਰਕਿਰਿਆ ਹੈ ਅਤੇ ਵਿਸ਼ਵੀਕਰਨਤਾ ਇਸ ਦਾ ਪ੍ਰਭਾਵ ਜਾਂ ਨਤੀਜਾ ਹੈ। ਇਸ ਫ਼ਰਕ ਨੂੰ ਪੰਜਾਬੀ ਪਛਾਣ ਦੀਆਂ ਜਟਿਲਤਾਵਾਂ ਦਾ ਅਧਿਐਨ ਕਰਨ ਲਈ ਧਿਆਨ ਵਿਚ ਰੱਖਣਾ ਲਾਹੇਵੰਦ ਹੋ ਸਕਦਾ ਹੈ (ਵਿਸ਼ਵੀਕਰਨ ਅਤੇ ਵਿਸ਼ਵੀਕਰਨਤਾ ਬਾਰੇ ਵਿਸਤਾਰ ਸਹਿਤ ਚਰਚਾ ਵਾਸਤੇ ਬਰਾੜ ਅਤੇ ਮੁਖਰਜੀ ਦੀ 2012 ਦੀ ਖੋਜ ਵੇਖੋ)।

ਇਹ ਪੰਜਾਬੀ ਪਛਾਣ ਦੀ ਆਪਾ-ਵਿਰੋਧੀ ਤੇ ਦਵੰਦਾਤਮਕ ਸੁਭਾਅ ਨੂੰ ਦਰਸਾਉਂਦਾ ਹੈ ਕਿ ਇਹ ਖੰਡਿਤ ਇਕਾਈ ਬਣੀ ਰਹਿੰਦੀ ਹੈ ਬਾਵਜੂਦ ਇਸਦੇ ਇਹ ਇਕ ਤਾਕਤਵਰ ਵਿਚਾਰ ਅਤੇ ਸ਼ਾਇਦ ਇਕ ਸਿਆਸੀ ਅਤੇ ਆਰਥਕ ਤਾਕਤ ਵੀ ਬਣੀ ਰਹਿੰਦੀ ਹੈ। ਤਿੰਨ ਪੰਜਾਬਾਂ ਦਾ ਵਿਚਾਰ ਅਤੇ ਯਥਾਰਥ - ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਪ੍ਰਵਾਸੀ ਪੰਜਾਬ - ਪੰਜਾਬੀ ਪਛਾਣ ਦੇ ਅੰਦਰ ਦੌੜ ਰਹੇ ਵਿਸ਼ਵੀਕਰਨਤਾ ਦੇ ਜ਼ੋਰਦਾਰ ਕਰੰਟ ਵੱਲ ਇਕ ਦਮ ਇਸ਼ਾਰਾ ਕਰਦੇ ਹਨ।[2]

ਇਹ ਖੋਜ-ਪੱਤਰ ਪੰਜਾਬੀ ਪਛਾਣ ਦੇ ਦੋ ਅੱਡੋ-ਅੱਡ ਪਰ ਅੰਤਰ-ਸੰਬੰਧਤ ਪੱਖਾਂ ਦਾ ਸੁਮੇਲ ਕਰਨ ਦੀ ਕੋਸ਼ਿਸ਼ ਕਰੇਗਾ - ਇਸ ਦੇ ਇਤਿਹਾਸਕ ਸੰਤਾਪ ਅਤੇ ਇਸ ਦੀਆਂ ਸਮਕਾਲੀ ਅਕਾਂਖਿਆਵਾਂ। ਸਭ ਤੋਂ ਪਹਿਲਾਂ ਇਹ ਪੰਜਾਬੀ ਪਛਾਣ ਦੇ ਵਿਕਸਿਤ ਹੋਣ ਦੇ ਉਤਰਾਵਾਂ-ਚੜ੍ਹਾਵਾਂ ਦੀ ਇਤਿਹਾਸਕ ਰੂਪ-ਰੇਖਾ ਪੇਸ਼ ਕਰੇਗਾ ਅਤੇ ਫਿਰ ਵਿਸ਼ਵੀਕਰਨ ਤੋਂ ਪੈਦਾ ਹੋਣ ਵਾਲੀਆਂ ਸਮਕਾਲੀ ਚੁਣੌਤੀਆਂ ਅਤੇ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰੇਗਾ। ਇਤਿਹਾਸਕ ਅਤੇ ਸਮਕਾਲੀ ਪੱਖਾਂ ਦੇ ਸੁਮੇਲ ਵਾਲੀ ਵਿਧੀ ਅਪਣਾਉਂਦਿਆਂ ਇਤਿਹਾਸਕ ਪੱਖ ਵਿਚਾਰਦਿਆਂ ਸਮਕਾਲੀ ਘਟਨਾਵਾਂ ਦਾ ਹਵਾਲਾ ਦਿੱਤਾ ਗਿਆ ਹੈ ਅਤੇ ਇਸ ਦੇ ਉਲਟ, ਹਾਲੀਆ ਘਟਨਾਵਾਂ ਬਾਰੇ ਵਿਚਾਰ ਕਰਦਿਆਂ ਇਤਿਹਾਸ ਨੂੰ ਸ਼ਾਮਲ ਕੀਤਾ ਗਿਆ ਹੈ।

## ਪੰਜਾਬੀ ਪਛਾਣ ਦੀ ਜੜ੍ਹ: ਸੁਮੇਲ ਅਤੇ ਖੰਡਿਤ ਹੋਣ ਦਾ ਚੱਕਰ

ਕਿਸੇ ਕੌਮੀ ਪਛਾਣ ਦੀ ਘਾੜਤ ਦੇ ਕਈ ਪੱਖ ਹੁੰਦੇ ਹਨ। ਇਹ ਆਰਥਕ ਜੀਵਨ ਚੱਕਰ ਹੋ ਸਕਦਾ ਹੈ ਜੋ ਇਕ ਸਮੂਹਿਕਤਾ ਬਣਾਈ ਰੱਖਦਾ ਹੈ ਅਤੇ ਮੁੜ-ਉਤਪਾਦਤ ਕਰਦਾ ਰਹਿੰਦਾ ਹੈ ਅਤੇ ਇਸ ਰਾਹੀਂ ਉਸ ਸਮੂਹ ਦੀ ਜੀਵਨ-ਪੱਧਤੀ ਨੂੰ ਇਕਰੂਪਤਾ ਵਾਲਾ ਲੱਛਣ ਪ੍ਰਦਾਨ ਕਰਦਾ ਹੈ। ਇਹ ਲੱਛਣ ਉਸ ਸਮੂਹ ਦੇ ਮੈਂਬਰਾਂ ਵਿਚਾਲੇ ਸੰਚਾਰ ਦੀ ਸਰਵੋਤਮ ਵਿਧੀ ਦੇ ਰੂਪ ਵਿਚ ਸਾਂਝੀ ਭਾਸ਼ਾ ਦਾ ਉਭਾਰ ਹੋ ਸਕਦਾ ਹੈ। ਇਹ ਉਸ ਦੇ ਜੀਵਨ ਦਾ ਸਭਿਆਚਾਰਕ ਢੰਗ ਅਤੇ ਵਿਹਲੇ ਸਮੇਂ ਵਿਚ ਪ੍ਰਗਟਾਈਆਂ ਜਾਂਦੀਆਂ ਵਿਧਾਵਾਂ-ਸੰਗੀਤ,

ਗੀਤਾਂ, ਨਾਚਾਂ ਅਤੇ ਹੱਸੇ-ਠੱਠੇ ਦੇ ਰੂਪ ਵਿਚ ਹੋ ਸਕਦਾ ਹੈ। ਇਹ ਨਿੱਤ ਦਿਨ ਦਾ ਜੀਵਨ ਹੋ ਸਕਦਾ ਹੈ: ਭੋਜਨ ਪਕਾਉਣਾ ਅਤੇ ਖਾਣਾ, ਸਫ਼ਾਈ ਲਈ ਰੋਜ਼ਾਨਾ ਅਪਣਾਏ ਜਾਂਦੇ ਤਰੀਕੇ ਅਤੇ ਜਿਨਸੀ ਮੇਲ ਦੇ ਸੰਕਲਪ ਆਦਿ। ਇਹ ਜਨਮ, ਵਿਆਹ ਅਤੇ ਮੌਤ ਦੀਆਂ ਰਸਮਾਂ ਹੋ ਸਕਦੀਆਂ ਹਨ। ਇਹ ਸੁਹਜਾਤਮਕ ਕਲਪਨਾ ਅਤੇ ਪ੍ਰਗਟਾਵੇ ਦੇ ਮਾਧਿਅਮ ਹੋ ਸਕਦੇ ਹਨ ਜਿਵੇਂ ਕਢਾਈ, ਚਿੱਤਰਕਾਰੀ, ਬੁੱਤਕਾਰੀ ਅਤੇ ਗਹਿਣੇ ਘੜਨਾ ਆਦਿ। ਇਹ ਸਮਾਜਕ ਸੰਰਚਨਾ ਦੀ ਤਰਤੀਬ (ਪੈਟਰਨ) ਹੋ ਸਕਦੇ ਹਨ ਜਿਵੇਂ ਔਰਤਾਂ ਤੇ ਪੁਰਸ਼ਾਂ ਅਤੇ ਨੌਜਵਾਨਾਂ ਅਤੇ ਬਜ਼ੁਰਗਾਂ ਵਿਚਾਲੇ ਸਮਾਨਤਾਵਾਦੀ ਜਾਂ ਦਰਜਾਬੰਦੀ ਅਨੁਸਾਰ ਰਿਸ਼ਤੇ ਆਦਿ।[3]

ਇਹ ਆਦਰ, ਸਤਿਕਾਰ ਅਤੇ ਅਪਮਾਨ ਦੇ ਸੰਕਲਪ ਹੋ ਸਕਦੇ ਹਨ। ਇਹ ਪਿਆਰ, ਮੋਹ, ਸਾਂਝੀਵਾਲਤਾ, ਧੋਖਾ, ਬਦਲਾ ਅਤੇ ਨਫ਼ਰਤ ਦੇ ਪ੍ਰਗਟਾਵੇ ਦੇ ਰੂਪ ਹੋ ਸਕਦੇ ਹਨ। ਇਹ ਮਨੁੱਖਾਂ, ਕੁਦਰਤ ਅਤੇ ਰੱਬ ਵਿਚਾਲੇ ਰਿਸ਼ਤੇ ਦੇ ਸੰਕਲਪ ਹੋ ਸਕਦੇ ਹਨ। ਇਸ ਸੂਚੀ ਨੂੰ ਹੋਰ ਵੀ ਵਿਸਤਾਰ ਦਿੱਤਾ ਜਾ ਸਕਦਾ ਹੈ। ਜੇ ਅਸੀਂ ਇਹ ਕਰਨਾ ਹੋਵੇ ਤਾਂ ਜਿਸ ਇਕ ਚੀਜ਼ ਨੂੰ ਮੈਂ ਜ਼ਰੂਰੀ ਤੌਰ ’ਤੇ ਸ਼ਾਮਲ ਕਰਨ ਹਿੱਤ ਮਹੱਤਵਪੂਰਨ ਸਮਝਾਂਗਾ ਉਹ ਹੋਵੇਗੀ ਇਕ ਸਿਆਸੀ ਜਮਾਤ ਵੱਜੋਂ ਜਿਉਣ ਦੇ ਅਨੁਭਵ ਅਤੇ ਸਿਮਰਤੀਆਂ, ਆਪਣੀ ਪ੍ਰਭੂਸੱਤਾ ਵਾਲਾ ਆਪਣਾ ਰਾਜ ਹੋਣਾ।[4]

ਇਹ ਸੰਕੇਤ ਮੌਜੂਦ ਹੋਣਾ ਕਿ ਇਕੱਠੇ ਰਹਿਣ ਦੇ ਸਾਂਝੇ ਪੱਖ ਮੌਜੂਦ ਹੋਣ ਨਾਲ ਇਕ ਸਮੂਹਿਕ ਭਾਈਚਾਰਾ ਬਣਦਾ ਹੈ ਅਤੇ ਇਹ ਇਕ ਪਛਾਣ ਦਿੰਦਾ ਹੈ, ਇਸ ਗੱਲ ਦਾ ਇਹ ਅਰਥ ਹਰਗਿਜ਼ ਨਹੀਂ ਹੈ ਕਿ ਸਮੂਹਿਕ ਭਾਈਚਾਰੇ ਦੇ ਅੰਦਰੂਨੀ ਟਕਰਾਅ ਨਹੀਂ ਹਨ।[5] ਫਿਰ ਵੀ, ਅਨੇਕ ਸੰਭਾਵਿਤ ਅੰਦਰੂਨੀ ਟਕਰਾਵਾਂ ਅਤੇ ਵਿਰੋਧਤਾਵਾਂ ਦੇ ਬਾਵਜੂਦ, ਜੋ ਇਕ ਵਿਲੱਖਣ ਸਮੂਹਿਕ ਭਾਈਚਾਰਾ ਬਣਾਉਂਦਾ ਹੈ ਉਹ ਹੈ ਕੁਝ ਭਾਰੂ ਸਾਂਝੇ ਪੱਖਾਂ ਦੀ ਮੌਜੂਦਗੀ। ਪੰਜਾਬੀ ਲੋਕਾਂ ਦੇ ਇਤਿਹਾਸਕ ਵਿਕਾਸ ਦੀ ਪੰਛੀ ਝਾਤ ਸੰਕੇਤ ਕਰਦੀ ਹੈ ਕਿ ਉਨ੍ਹਾਂ ਅੰਦਰ ਉੱਪਰ ਦੱਸੇ ਬਹੁਤ ਸਾਰੇ ਗੁਣ ਮੌਜੂਦ ਹਨ ਅਤੇ ਉਸ ਆਧਾਰ ’ਤੇ ਸਾਂਝੀ ਅਤੇ ਸਮਾਨ ਪੰਜਾਬੀ ਪਛਾਣ ਦੇ ਮਾਮਲੇ ਦੇ ਹੱਕ ਵਿਚ ਠੋਸ ਸਮੱਗਰੀ ਅਤੇ ਨੈਤਿਕ ਭੂਮੀ ਮੌਜੂਦ ਹੈ। ਬਾਵਜੂਦ ਇਸਦੇ, ਪੰਜਾਬੀ ਪਛਾਣ ਦੀ ਪੁਨਰ-ਖੋਜ ਕਰਨ ਦੀਆਂ ਬਾਰ-ਬਾਰ ਕੀਤੀਆਂ ਗਈਆਂ ਕੋਸ਼ਿਸ਼ਾਂ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਆਮ ਪੰਜਾਬੀ ਪਛਾਣ ਦੇ ਵਿਰੋਧ ਵਿਚ ਕੰਮ ਕਰ ਰਹੀਆਂ ਵਿਰੋਧੀ-ਪ੍ਰਵਿਰਤੀਆਂ ਦੀ ਪਛਾਣ ਕਰਨੀ ਲਾਜ਼ਮੀ ਹੈ। ਵਾਜਬ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਜੀਵਨ ਦੇ ਤਿੰਨ ਪੱਖਾਂ - ਧਰਮ, ਭਾਸ਼ਾ ਅਤੇ ਲਿੱਪੀ - ਨੇ ਪੰਜਾਬੀ ਪਛਾਣ ਦੀ ਬਹਿਸ ਨੂੰ ਘੜਨ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਭੂਮਿਕਾ ਨਿਭਾਈ ਹੈ।[6] ਪੰਦਰਵੀਂ ਸਦੀ ਵਿਚ ਸਿੱਖ ਮਤ ਦੇ ਉਭਾਰ ਅਤੇ ਉਸ ਤੋਂ ਬਾਅਦ ਹੋਏ ਇਸ ਦੇ ਪਸਾਰੇ ਨੇ ਪੰਜਾਬੀ ਪਛਾਣ ਦੇ ਪ੍ਰਗਟਾਵੇ ਨੂੰ ਪ੍ਰਭਾਵਿਤ ਕਰਨ ਵਾਲੇ ਧਰਮ, ਭਾਸ਼ਾ ਅਤੇ ਲਿੱਪੀ ਦੇ ਮਾਧਿਅਮਾਂ ਨੂੰ ਘੜਨ ਵਿਚ ਫ਼ੈਸਲਾਕੁੰਨ ਭੂਮਿਕਾ ਨਿਭਾਈ ਹੈ। ਖੁਸ਼ਵੰਤ ਸਿੰਘ (1999) ਨੇ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੇ ਉਭਾਰ ਦੀ ਵਿਆਖਿਆ, ਪੰਜਾਬ ਆਏ, ਇੱਥੇ ਵੱਸੇ ਅਤੇ ਇੱਥੋਂ ਦੇ ਸਥਾਨਕ ਲੋਕਾਂ ਵਿਚ ਸ਼ਾਮਲ ਹੋ ਗਏ, ਅਨੇਕ ਵੰਨਗੀਆਂ ਦੇ ਭਾਸ਼ਾਈ ਅਤੇ ਨਸਲੀ ਸਮੂਹਾਂ ਦੇ ਆਪਸੀ ਪ੍ਰਭਾਵ ਵਿਚੋਂ ਹੋਏ ਵਿਲੱਖਣ ਪੰਜਾਬੀ ਪਛਾਣ ਦੇ ਉਭਾਰ ਦੇ ਪ੍ਰਗਟਾਵੇ ਦੇ ਰੂਪ ਵਿਚ ਕੀਤੀ ਹੈ। ਉਹ ਲਿਖਦੇ ਹਨ:

ਭਾਰਤ ਦਾ ਮੁੱਖ ਦਰਵਾਜ਼ਾ ਹੋਣ ਕਰਕੇ ਲਗਾਤਾਰ ਜੰਗ ਦਾ ਮੈਦਾਨ ਬਣੇ ਰਹਿਣਾ ਅਤੇ ਇਸ ਨੂੰ ਜਿੱਤਣ ਵਾਲੇ ਸਾਰੇ ਹਮਲਾਵਰਾਂ ਦਾ ਪਹਿਲਾ ਘਰ ਹੋਣਾ ਪੰਜਾਬ ਦੇ ਲੇਖਾਂ ਵਿਚ ਲਿਖਿਆ ਹੋਇਆ ਸੀ। ਬਹੁਤ ਘਟ ਧਾੜਵੀ ਆਪਣੀਆਂ ਪਤਨੀਆਂ ਨੂੰ ਆਪਣੇ ਨਾਲ ਲਿਆਏ, ਸ਼ਾਇਦ ਕੋਈ ਹੀ ਲਿਆਇਆ ਹੋਵੇ ਅਤੇ ਜਿਹੜੇ ਆਪਣੇ ਜਿੱਤੇ ਹੋਏ ਇਲਾਕਿਆਂ ਵਿਚ ਵਸ ਗਏ ਉਨ੍ਹਾਂ ਨੇ ਸਥਾਨਕ ਔਰਤਾਂ ਹਾਸਲ ਕਰ ਲਈਆਂ। ਇਸ ਤਰ੍ਹਾਂ ਬਾਹਰੋਂ ਆ ਕੇ ਜਿੱਤਣ ਵਾਲੀਆਂ ਨਸਲਾਂ ਦਾ ਖ਼ੂਨ ਇਸ ਵਿਚ ਰਲ਼ ਗਿਆ ਅਤੇ ਕਈ ਓਪਰੀਆਂ ਭਾਸ਼ਾਵਾਂ - ਅਰਬੀ, ਫ਼ਾਰਸੀ, ਪਸ਼ਤੋ ਅਤੇ ਤੁਰਕੀ - ਇਸ ਧਰਤੀ ’ਤੇ ਬੋਲੀਆਂ ਜਾਣ ਲੱਗੀਆਂ। ਆਰੀਅਨਾਂ ਦੇ ਵੈਦਿਕ, ਜੈਨੀ, ਬੋਧੀ ਧਰਮਾਂ ਅਤੇ ਅਰਬਾਂ, ਤੁਰਕਾਂ, ਮੰਗੋਲਾਂ, ਈਰਾਨੀਆਂ ਦੇ ਇਸਲਾਮਕ ਮਤ ਦੇ ਪ੍ਰਭਾਵ ਅਧੀਨ ਵਿਚਰ ਰਹੇ ਮੂਲਨਿਵਾਸੀਆਂ ਦਾ ਜੀਵਾਤਮਵਾਦ ਵੀ ਇਸੇ ਤਰ੍ਹਾਂ ਹੀ ਪੈਦਾ ਹੋਇਆ ਸੀ। ਇਸ ਤਰ੍ਹਾਂ ਖ਼ੂਨ ਅਤੇ ਬੋਲੀ ਦੇ ਰਲੇਵੇਂ ਨਾਲ ਪੰਜਾਬੀ ਲੋਕਾਂ ਅਤੇ ਉਨ੍ਹਾਂ ਦੀ ਭਾਸ਼ਾ ਦਾ ਜਨਮ ਹੋਇਆ ਸੀ। ਇੱਥੋਂ ਹੀ ਇਸ ਉਮੀਦ ਦੀ ਭਾਵਨਾ ਵਧਦੀ ਗਈ ਕਿ ਉਨ੍ਹਾਂ ਦੇ ਪੂਰਵਜਾਂ ਦੇ ਅਨੇਕ ਮਤਾਂ ਵਿਚੋਂ ਪੰਜਾਬ ਦੇ ਲੋਕਾਂ ਲਈ ਇਕ ਨਵੇਂ ਮਤ ਦਾ ਜਨਮ ਹੋਵੇਗਾ।

ਪੰਦਰਵੀਂ ਸਦੀ ਦੇ ਅੰਤ ਤੱਕ ਜਿਹੜੀਆਂ ਵੱਖ-ਵੱਖ ਨਸਲਾਂ ਪੰਜਾਬ ਵਿਚ ਇਕੱਤਰ ਹੋ ਚੁੱਕੀਆਂ ਸਨ ਉਹ ਆਪਣੇ ਜਨਮ ਸਥਾਨ ਦੀਆਂ ਹੇਰਵੇ ਭਰੀਆਂ ਸਿਮਰਤੀਆਂ ਭੁੱਲ ਚੁੱਕੇ ਸਨ ਅਤੇ ਉਹ ਆਪਣੇ ਵੱਲੋਂ ਅਪਣਾਈ ਗਈ ਭੂਮੀ ਨਾਲ ਮੋਹਵੰਤੀ ਸਾਂਝ ਵਿਕਸਤ ਕਰਨ ਲੱਗ ਪਏ ਸਨ। ਪੰਜਾਬੀ ਚੇਤਨਤਾ ਦੇ ਵਿਕਾਸ ਵਿਚ ਮੁੱਖ ਭੂਮਿਕਾ ਨਿਭਾਉਣ ਵਾਲਾ ਤੱਤ ਅਨੇਕ ਭਾਸ਼ਾਵਾਂ ਦੀਆਂ ਆਵਾਜ਼ਾਂ ਵਿਚੋਂ ਇਕ ਸਾਂਝੀ ਬੋਲੀ ਦਾ ਪੈਦਾ ਹੋਣਾ ਸੀ।

ਭਾਵੇਂ ਪੰਜਾਬੀ ਤੇਜ਼ੀ ਨਾਲ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਵੰਡੇ ਗਏ ਸਨ ਪਰ ਦੋਵਾਂ ਮਤਾਂ ਵਿਚਾਲੇ ਫਿਰ ਤੋਂ ਸਾਂਝ ਪੁਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਅਤੇ ਲੋਕਾਂ ਅੰਦਰ ਜੀਓ ਅਤੇ ਜੀਣ ਦਿਓ ਦੀ ਇਕ ਖ਼ਾਸ ਇੱਛਾ ਪੈਦਾ ਹੋ ਚੁੱਕੀ ਸੀ। ਇਸ ਸਹਿਣਸ਼ੀਲਤਾ ਦੀ ਭਾਵਨਾ ਨੂੰ ਪੰਜਾਬੀ ਰਾਸ਼ਟਰਵਾਦ ਦੇ ਰੂਪ ਵਿਚ ਇਕ ਸਕਾਰਾਤਮਕ ਵਿਸ਼ਾ-ਵਸਤੂ ਪ੍ਰਦਾਨ ਕਰਨ ਵਾਸਤੇ ਗੁਰੂ ਨਾਨਕ ਤੇ ਉਨ੍ਹਾਂ ਤੋਂ ਬਾਅਦ ਆਏ ਦਸ ਗੁਰੂਆਂ ਦੇ ਹਵਾਲੇ ਕਰ ਦਿੱਤਾ ਗਿਆ। (ਪੰਨਾ 13-14)

ਗਰੇਵਾਲ (1999) ਵੱਖ-ਵੱਖ ਕਿਸਮਾਂ ਦੇ ਨਸਲੀ, ਭਾਸ਼ਾਈ ਅਤੇ ਧਾਰਮਿਕ ਸਮੂਹਾਂ ਦੇ ਆਪਸੀ ਪ੍ਰਭਾਵ ਵਿਚੋਂ ਵਿਲੱਖਣ ਪੰਜਾਬੀ ਸਭਿਆਚਾਰ ਦੇ ਉਭਾਰ ਦਾ ਸੰਕੇਤ ਦੇਣ ਲਈ ਪੰਜਾਬੀ ਇਤਿਹਾਸ ਦੇ ਇਸ ਤੋਂ ਵੀ ਪਹਿਲਾਂ ਵਾਲੇ ਕਾਲ ਦਾ ਹਵਾਲਾ ਦਿੰਦਾ ਹੈ:

> ...ਈਸਾ ਤੋਂ ਪਹਿਲਾਂ ਦੇ ਹਜ਼ਾਰ ਸਾਲਾਂ ਦੇ ਪਹਿਲੇ ਅੱਧ ਦੌਰਾਨ, ਸਪਤਸਿੰਧੂ {ਸੱਤ ਦਰਿਆ} ਵਿਚ ਨਵੇਂ ਕਬੀਲੇ ਆ ਗਏ, ਜਿਨ੍ਹਾਂ ਨੇ ਹੌਲੀ-ਹੌਲੀ ਵੈਦਿਕ ਸਭਿਆਚਾਰ ਦੇ ਪੈਰੋਕਾਰਾਂ ਨੂੰ ਪੂਰਬ ਵਾਲੇ ਪਾਸੇ ਪਹਿਲਾਂ ਕੁਰੂਕਸ਼ੇਤਰ ਅਤੇ ਫਿਰ ਜਮਨਾ-ਗੰਗਾ ਦੁਆਬ ਅਤੇ ਗੰਗਾ ਤੋਂ ਉਪਰਲੇ ਪਾਸੇ ਵਾਲੇ ਮੈਦਾਨਾਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ। ਆਪਣੇ 'ਕੱਟੜਵਾਦੀ' ਮੁੱਲਾਂ ਨਾਲ ਉਹ 'ਪੰਜਾਬ' ਦੇ ਲੋਕਾਂ ਨੂੰ ਆਪਣੇ ਸਭਿਆਚਾਰ ਦੀ ਵਲਗਣ ਤੋਂ ਬਾਹਰ ਵਾਲੇ ਲੋਕਾਂ ਵੱਜੋਂ ਹੀਣ ਭਾਵਨਾ ਨਾਲ ਦੇਖਣ ਲੱਗ ਪਏ। ‘ਪੰਜਾਬੀਆਂ’ ਦੀਆਂ ਵਿਲੱਖਣਤਾਵਾਂ ਵਿਚ, ਇਹ ਜ਼ਿਕਰ ਕੀਤਾ ਗਿਆ ਹੈ ਕਿ ਇਹ ਉੱਨ ਅਤੇ ਘੋੜਿਆਂ ਦਾ ਵਪਾਰ ਕਰਦੇ ਸਨ; ਉਹ ਸਮੁੰਦਰੀ ਯਾਤਰਾਵਾਂ ’ਤੇ ਜਾਂਦੇ ਸਨ; ਉਨ੍ਹਾਂ ਨੂੰ ਲੜਨਾ ਪਸੰਦ ਸੀ; ਉਹ ਲਸਣ ਅਤੇ ਅਦਰਕ ਖਾਂਦੇ ਸਨ ਅਤੇ ਕੁੱਕੜਾਂ, ਭੇਡਾਂ, ਗਧਿਆਂ, ਸੂਰਾਂ, ਊਠਾਂ ਅਤੇ ਗਾਵਾਂ ਦਾ ਮਾਸ ਖਾਂਦੇ ਸਨ; ਉਹ ਸ਼ਰਾਬ ਪੀਂਦੇ ਸਨ ਅਤੇ ਉਨ੍ਹਾਂ ਦੀਆਂ ਔਰਤਾਂ ਨਸ਼ੇ ਦੀ ਹਾਲਤ ਵਿਚ ਗੀਤ ਗਾਉਂਦੀਆਂ ਤੇ ਉਨ੍ਹਾਂ ਨਾਲ ਨੱਚਦੀਆਂ ਸਨ। ਯੂਨਾਨੀਆਂ, ਪਠਾਣਾਂ, ਸ਼ਾਕਾਵਾਂ ਅਤੇ ਕੁਸ਼ਨਾਂ ਦੀ ਆਮਦ ਨਾਲ ਸਮਾਜਕ ਤਬਦੀਲੀ ਦੀ ਰਫ਼ਤਾਰ ਤੇਜ਼ ਹੋ ਗਈ। ਸੱਚਮੁੱਚ, ਕੁਸ਼ਨ ਸਾਮਰਾਜ ਇਰਾਨੀ, ਚੀਨੀ, ਰੋਮਨ ਅਤੇ ਭਾਰਤੀ ਸਭਿਆਚਾਰਾਂ ਦੀ ਕੁਠਾਲੀ ਬਣ ਗਿਆ ਅਤੇ ਜੀਵਨ ਤੇ ਸਭਿਆਚਾਰ ਦੇ ਲਗਪਗ ਹਰ ਪੱਖ ਵਿਚ ‘ਕ੍ਰਾਂਤੀ’ ਆ ਗਈ। ਮਹਾਂਯਾਨ ਬੁੱਧਵਾਦ ਦੇ ਫ਼ਲਸਫ਼ੇ ਦੀ ਹੁਣ ਸੰਸਕ੍ਰਿਤ ਤੋਂ ਇਲਾਵਾ ਹੋਰ ਭਾਸ਼ਾਵਾਂ ਵਿਚ ਵਿਆਖਿਆ ਹੋਣ ਲੱਗ ਪਈ ਸੀ। ਏਸ਼ੀਆ ਦੇ ਵੱਖ-ਵੱਖ ਸਭਿਆਚਾਰਕ ਰੁਝਾਣ ਜਜ਼ਬ, ਆਤਮਸਾਤ ਅਤੇ ਮਿਸ਼ਰਿਤ ਕਰਦਿਆਂ ਖਿੱਤੇ {ਪੰਜਾਬ} ਦੇ ਲੋਕਾਂ ਨੇ ਇਕ ਢਿਲਕਵੀਂ ਅਤੇ ਲਚਕੀਲੀ ਮਾਨਸਿਕਤਾ ਵਿਕਸਿਤ ਕਰ ਲਈ।
>
> (ਪੰਨਾ 43-44)

ਇਹ ਬਹਿਸ ਕਰਨਾ ਵੀ ਤਰਕਸੰਗਤ ਹੋਵੇਗਾ ਕਿ ਵੱਖਰੇ ਪੰਜਾਬੀ ਸਭਿਆਚਾਰ, ਪੰਜਾਬੀ ਭਾਸ਼ਾ ਅਤੇ ਇਕ ਪੰਜਾਬੀ ਧਰਮ ਦੇ ਉਭਾਰ ਵੱਖਰੀ ਪੰਜਾਬੀ ਪਛਾਣ ਦੇ ਉਭਾਰ ਦੇ ਸਫ਼ਰ ਵਿਚ ਵੱਖੋ-ਵੱਖਰੇ ਮੀਲ-ਪੱਥਰ ਹਨ। ਬਤੌਰ ਵੱਖਰੇ ਪੰਜਾਬੀ ਧਰਮ ਸਿੱਖ ਧਰਮ ਨੇ (ਬਲਾਰਡ, 1999) ਸਿੱਖ ਮਤ ਦੇ ਬਾਨੀ ਗੁਰੂ ਨਾਨਕ (1469-1539) ਤੋਂ ਬਾਅਦ ਗੱਦੀ ਸੰਭਾਲਣ ਵਾਲੇ ਗੁਰੂ ਅੰਗਦ (1504-52) ਦੇ ਕਾਲ ਵਿਚ ਪੰਜਾਬੀ ਭਾਸ਼ਾ ਦੀ ਲਿੱਪੀ ਵੱਜੋਂ ਗੁਰਮੁਖੀ ਦੀ ਸ਼ੁਰੂਆਤ ਕੀਤੀ ਗਈ। ਇਸ ਨੇ ਪੁਰਾਤਨ ਪਵਿੱਤਰ ਭਾਸ਼ਾਵਾਂ ਸੰਸਕ੍ਰਿਤ ਤੇ ਅਰਬੀ ਦੇ ਮੁਕਾਬਲੇ ਵਿਚ ਗੁਰਮੁਖੀ ਵਿਚ ਲਿਖੀ ਗਈ ਪੰਜਾਬੀ ਭਾਸ਼ਾ ਦਾ ਰੁਤਬਾ ਵਧਾ ਕੇ ਪਵਿੱਤਰ ਭਾਸ਼ਾ ਵਾਲਾ ਬਣਾ ਦਿੱਤਾ। (ਸ਼ੈਕਲ 2003)। ਭੂਗੋਲਿਕ ਸਥਾਨ, ਆਰਥਕ ਜੀਵਨ-ਜਾਚ, ਸਭਿਆਚਾਰਕ ਵਿਸ਼ੇਸ਼ਤਾਵਾਂ, ਪੰਜਾਬੀ ਭਾਸ਼ਾ ਅਤੇ ਇਸ ਦੀ ਆਪਣੀ ਲਿੱਪੀ ਦਾ ਵਿਕਾਸ (ਬ੍ਰਾਂਤ 2012) ਅਤੇ ਇਕ ਅੱਡਰੇ ਪੰਜਾਬੀ ਧਰਮ ਦੇ ਉਭਾਰ ਇਨ੍ਹਾਂ ਸਭ ਨੇ ਮਿਲ ਕੇ ਪੰਜਾਬੀ ਪਛਾਣ ਦੀ ਘਾੜਤ ਵਿਚ ਵੱਖ-ਵੱਖ ਤਰੀਕਿਆਂ

ਨਾਲ ਯੋਗਦਾਨ ਦਿੱਤਾ। ਪੰਜਾਬੀ ਪਛਾਣ ਨੇ ਪੰਜਾਬ ਖਿੱਤੇ ਦੇ ਲੋਕਾਂ ਨੂੰ ਬਾਕੀ ਭਾਰਤ ਨਾਲੋਂ ਵਿਲੱਖਣ ਅੰਦਾਜ਼ ਵਿਚ ਅੱਡਰੇ ਨਜ਼ਰ ਆਉਣ ਲਾ ਦਿੱਤਾ।

## ਪੰਜਾਬੀ ਰਾਜ ਦੀ ਪ੍ਰਭੂਸੱਤਾ ਦਾ ਉਭਾਰ ਤੇ ਨਿਘਾਰ

ਮਹਾਰਾਜਾ ਰਣਜੀਤ ਸਿੰਘ ਦੇ ਅਧੀਨ 1799 ਈਸਵੀ ਵਿਚ ਪੰਜਾਬ ਰਾਜ ਦੀ ਪ੍ਰਭੂਸੱਤਾ ਦਾ ਉਭਾਰ ਵਿਲੱਖਣ ਪੰਜਾਬੀ ਪਛਾਣ ਦੇ ਵਿਕਾਸ ਦੇ ਪੜਾਅ ਵਿਚ ਇਕ ਸ਼ਾਨਦਾਰ ਪਲ ਸੀ। ਇੰਝ ਲੱਗ ਰਿਹਾ ਸੀ ਜਿਵੇਂ ਅੱਡਰੀ ਕੌਮੀ ਪਛਾਣ ਆਪਣੀ ਪ੍ਰਭੂਸੱਤਾ ਵਾਲਾ ਰਾਜ ਹਾਸਲ ਕਰ ਕੇ ਆਪਣੇ ਉਦੇਸ਼ ਦੇ ਸਿਖ਼ਰ ਪਹੁੰਚ ਰਹੀ ਸੀ। ਅੰਗਰੇਜ਼ਾਂ ਵੱਲੋਂ 1849 ਵਿਚ ਕਬਜ਼ਾ ਕੀਤੇ ਜਾਣ ਅਤੇ ਇਸ ਨੂੰ ਇਕ ਸੰਯੁਕਤ ਸਾਮਰਾਜੀ ਸੱਤਾ ਅਧੀਨ ਬਾਕੀ ਭਾਰਤ ਨਾਲ ਮਿਲਾਉਣ ਤੋਂ ਪਹਿਲਾਂ ਪ੍ਰਭੂਸੱਤਾ ਵਾਲੇ ਰਾਜ ਵੱਜੋਂ ਪੰਜਾਬ ਦੀ ਹੋਂਦ ਪੰਜਾਹ ਸਾਲ (1799-1849) ਰਹੀ। ਸੱਚਾਈ ਇਹ ਹੈ ਕਿ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਬੰਗਾਲੀ ਫ਼ੌਜ ਰਾਹੀਂ ਹਾਸਲ ਕੀਤਾ, ਜਿਸ ਦੇ ਜ਼ਿਆਦਾਤਰ ਸਿਪਾਹੀ ਉੱਤਰੀ ਭਾਰਤ ਤੋਂ ਆਏ ਸਨ। ਇਸ ਗੱਲ ਨੇ ਪੰਜਾਬੀਆਂ, ਖ਼ਾਸ ਕਰ ਸਿੱਖਾਂ ਅਤੇ ਉੱਤਰ ਭਾਰਤ ਦੇ ਵਸਨੀਕ 'ਹਿੰਦੁਸਤਾਨੀਆਂ' ਜਿਨ੍ਹਾਂ ਨੂੰ ਪੰਜਾਬੀ ਪੂਰਬੀਏ ਜਾਂ ਕਾਲੇ ਕਹਿੰਦੇ ਸਨ, ਨਾਲ ਕਦੇ ਨਾ ਭਰਨ ਵਾਲੀ ਦਰਾਰ ਪੈਦਾ ਕਰ ਦਿੱਤੀ। ਇਹ ਦਰਾੜ ਉਦੋਂ ਹੋਰ ਵੀ ਡੂੰਘੀ ਹੋ ਗਈ ਜਦੋਂ ਪੰਜਾਬੀ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਨੇ 1857 ਈਸਵੀ ਦੀ ਬਗ਼ਾਵਤ ਵੇਲੇ ਅੰਗਰੇਜ਼ਾਂ ਦਾ ਸਾਥ ਦੇ ਕੇ ਪੂਰਬੀਆਂ ਤੋਂ ਬਦਲਾ ਲਿਆ (ਚੈਟਰਜੀ, 2007; ਡਾਲਰਿੰਪਲ, 2006; ਅਤੇ ਸਿੰਘ 2007)।

## ਬਸਤੀਵਾਦੀ ਜਿੱਤ, ਵਿਸ਼ਵੀਕਰਨ ਦਾ ਸ਼ੁਰੂਆਤੀ ਦੌਰ ਅਤੇ ਪੰਜਾਬੀ ਪਛਾਣ ਦਾ ਖੇਰੂੰ-ਖੇਰੂੰ ਹੋਣਾ

ਜਿੱਥੇ 1799 ਈਸਵੀ ਵਿਚ ਪ੍ਰਭੂਸੱਤਾ ਵਾਲੇ ਪੰਜਾਬੀ ਰਾਜ ਦਾ ਉਭਾਰ ਹੋਇਆ ਤੇ ਪੰਜਾਬੀ ਪਛਾਣ ਆਪਣੇ ਸਿਖਰ ਤੱਕ ਪਹੁੰਚੀ, ਉੱਥੇ 1849 ਈਸਵੀ ਵਿਚ ਇਸ ਰਾਜ ਦੇ ਟੁੱਟਣ ਕਰਕੇ ਪੰਜਾਬੀ ਪਛਾਣ ਦੇ ਨਿਘਾਰ ਅਤੇ ਖੇਰੂੰ-ਖੇਰੂੰ ਹੋਣ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਗਈ। 1849 ਈਸਵੀ ਵਿਚ ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਜ਼ਰੀਏ ਪੰਜਾਬ ਨੂੰ ਮੁੱਢਲੇ ਵਿਸ਼ਵੀਕਰਨ ਦੀ ਘੁੰਮਣਘੇਰੀ ਵਿਚ ਝੋਕ ਦਿੱਤਾ ਗਿਆ। ਪੰਜਾਬੀ ਪਛਾਣ ਦੀ ਸਾਂਝੀਵਾਲਤਾ, ਇਕਸਾਰਤਾ ਅਤੇ ਮੰਤਵ ਨੂੰ ਹੁਣ ਤੱਕ ਦੀਆਂ ਸਭ ਤੋਂ ਮੁਸ਼ਕਿਲ ਚੁਣੌਤੀਆਂ ਅਤੇ ਖ਼ਤਰਿਆਂ ਦਾ ਸਾਹਮਣਾ ਕਰਨਾ ਪਿਆ। ਨਾ ਸਿਰਫ਼ ਪੰਜਾਬੀ ਰਾਸ਼ਟਰ ਨੇ ਆਪਣਾ ਪ੍ਰਭੂਸੱਤਾ ਵਾਲਾ ਰਾਜ ਗੁਆ ਦਿੱਤਾ, ਜਿਹੜਾ ਇਸ ਦਾ ਰਾਖਾ, ਸਰਪ੍ਰਸਤ ਅਤੇ ਪ੍ਰਚਾਰਕ ਸੀ, ਬਲਕਿ ਇਸ ਨੇ ਸਮੇਂ ਦੀ ਸਭ ਤੋਂ ਤਾਕਤਵਰ ਸਾਮਰਾਜਵਾਦੀ ਸੱਤਾ ਦੇ ਆਰਥਕ, ਸਿਆਸੀ ਅਤੇ ਸਭਿਆਚਾਰਕ ਹਮਲਿਆਂ ਸਮੇਤ ਵਧੇਰੇ ਅਤੇ ਦੁਖਦਾਈ ਪੁਨਰ-ਸਥਾਪਨ ਹੰਢਾਇਆ ਸੀ। ਬਸਤੀਵਾਦੀ ਸੱਤਾ ਦੀ ਵਧਦੀ ਫ਼ੌਜੀ, ਆਰਥਕ ਅਤੇ ਸਭਿਆਚਾਰਕ ਤਾਕਤ ਦਾ ਕੋਈ ਸੰਯੁਕਤ ਵਿਰੋਧ ਕਰਨ ਦੀ ਬਜਾਇ, ਹਾਰੇ, ਤਿਰਸਕਾਰੇ ਅਤੇ ਢੇਰੀ-ਢਾਹ ਚੁੱਕੇ ਪੰਜਾਬੀ ਨਿਗੂਣੀਆਂ ਆਰਥਕ ਟੁਕੜਿਆਂ ਅਤੇ ਰਿਆਇਤਾਂ ਲਈ ਧੱਕਾ-ਮੁੱਕੀ ਕਰਦੇ ਹੋਏ ਨਜ਼ਰ ਆਏ। ਪੰਜਾਬੀ ਮੁਸਲਮਾਨਾਂ ਅਤੇ ਸਿੱਖਾਂ ਨੂੰ ਵੱਡੀ ਗਿਣਤੀ ਵਿਚ ਸਾਮਰਾਜੀ ਫ਼ੌਜ ਵਿਚ ਭਰਤੀ ਕੀਤਾ ਗਿਆ ਅਤੇ ਪੰਜਾਬੀ ਹਿੰਦੂਆਂ ਨੂੰ ਬਸਤੀਵਾਦੀ ਪ੍ਰਸ਼ਾਸਨ ਅਤੇ ਅਰਥਚਾਰੇ ਵੱਲੋਂ ਦਿੱਤੇ ਗਏ ਸਿਵਿਲ ਸੇਵਾਵਾਂ ਅਤੇ ਵਪਾਰਕ ਮੌਕਿਆਂ ਨਾਲ ਵਰਚਾਇਆ ਗਿਆ (ਅਲੀ, 1989; ਟਾਲਬੋਟ, 1991; ਮਜ਼ੂਮਦਾਰ, 2003, ਯੰਗ 2005)। ਪੰਜਾਬੀਆਂ ਦੀਆਂ ਆਰਥਕ ਲੋੜਾਂ, ਮਜਬੂਰੀਆਂ ਅਤੇ ਅਕਾਂਖਿਆਵਾਂ ਦੇ ਇਸ ਬਸਤੀਵਾਦੀ ਜੁਗਤ ਨੇ ਪੰਜਾਬੀ ਸਮਾਜ ਵਿਚ ਧਾਰਮਕ ਆਧਾਰ 'ਤੇ ਮੌਜੂਦ ਪੇਸ਼ਾਗਤ ਵਰਗ-ਵੰਡ ਹੋਰ ਜ਼ਿਆਦਾ ਡੂੰਘੀਆਂ ਅਤੇ ਵੱਡੀਆਂ ਹੋ ਗਈਆਂ। ਇਨ੍ਹਾਂ ਹੀ ਵੰਡੀਆਂ ਨੇ ਅੱਗੇ ਚੱਲ ਕੇ ਬਸਤੀਵਾਦੀ ਅਤੇ ਉੱਤਰ-ਬਸਤੀਵਾਦੀ ਦੌਰ ਵਿਚ ਸੰਯੁਕਤ ਪੰਜਾਬੀ ਪਛਾਣ ਘੜਨ ਲਈ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਵਿਚ ਨਾਕਾਰਾਤਮਕ ਖੋਰਾ ਲਾਊ ਭੂਮਿਕਾ ਨਿਭਾਉਣੀ ਸੀ। ਪੰਜਾਬੀ ਮੁਸਲਮਾਨ ਅਤੇ ਪੰਜਾਬੀ ਸਿੱਖ ਖੇਤੀ ਆਧਾਰਤ ਅਰਥਚਾਰੇ ਅਤੇ ਪੰਜਾਬੀ ਹਿੰਦੂ ਸਰਵਿਸ ਸੈਕਟਰ ਵਿਚ ਜ਼ਿਆਦਾ ਪੈਰ ਜਮਾ ਗਏ। ਬਸਤੀਵਾਦੀ ਹਾਕਮਾਂ ਵੱਲੋਂ ਪੰਜਾਬ ਵਿਚ ਚਲਾਈਆਂ ਗਈਆਂ ਸਭ ਤੋਂ ਵੱਡੀਆਂ ਉਮੀਦਾਂ ਵਾਲੀਆਂ ਸਿਆਸੀ-ਆਰਥਿਕ ਵਿਕਾਸ ਯੋਜਨਾਵਾਂ ਵਿਚੋਂ ਇਕ ਯੋਜਨਾ ਨਹਿਰੀ ਕਲੋਨੀਆਂ ਦੀ ਸੀ। ਇਨ੍ਹਾਂ ਕਲੋਨੀਆਂ ਦੀ ਉਸਾਰੀ ਨੇ ਕਿਸਾਨਾਂ, ਫ਼ੌਜੀਆਂ, ਵਪਾਰੀਆਂ ਤੇ ਪੇਸ਼ਵਰਾਂ ਨੂੰ ਲੁਭਾਉਣੇ ਮੌਕੇ ਦਿੱਤੇ। ਬਹੁ-ਗਿਣਤੀ ਕਿਸਾਨ ਅਤੇ ਫ਼ੌਜੀ ਮੁਸਲਮਾਨ ਤੇ ਸਿੱਖ ਸਨ ਅਤੇ ਬਹੁਗਿਣਤੀ ਵਪਾਰੀ ਤੇ ਪੇਸ਼ੇਵਰ ਹਿੰਦੂ ਸਨ (ਅਲੀ, 1989; ਓਮਿੱਸੀ, 1994; ਮੁਖਰਜੀ, 2005, ਸਿੰਘ 2008 ਏ)।

ਵਧਦੀ ਸਾਮਰਾਜੀ ਆਰਥਿਕਤਾ ਦੇ ਰੁਜ਼ਗਾਰ ਤੇ ਆਰਥਿਕ ਫ਼ਾਇਦਿਆਂ ਦੀ ਲਾਲਸਾ ਨੇ ਪੰਜਾਬੀ ਪਛਾਣ ਨੂੰ ਵਿਸਥਾਪਿਤ, ਦਿਸ਼ਾਹੀਣ ਅਤੇ ਏਕੇ ਤੋਂ ਰਹਿਤ ਕਰਕੇ ਛੱਡ ਦਿੱਤਾ। ਸ਼ਾਹ ਮੁਹੰਮਦ ਦੀ ਸਰੋਦੀ ਸ਼ਾਇਰੀ ਵਿਚ 1840ਵਿਆਂ ਦੀਆਂ ਐਂਗਲੋ-ਪੰਜਾਬ ਜੰਗਾਂ ਵਿਚ ਅੰਗਰੇਜ਼ਾਂ ਦੇ ਦੰਦ ਖੱਟੇ ਕਰਨ ਵਾਲੇ ਜਿਸ ਪੰਜਾਬ ਦੇ ਸੋਹਲੇ ਗਾਉਂਦੀਆਂ ਸਨ, ਹੁਣ ਸਿਰਫ਼ ਇਕ ਦਹਾਕੇ ਬਾਅਦ ਉਹੀ ਪੰਜਾਬ ਆਪਣੇ ਬੀਤੇ ਗੌਰਵ ਤੋਂ ਮੁੱਖ ਮੋੜੀ ਬੈਠਾ ਸੀ। ਸਾਂਝੀ ਪੰਜਾਬੀ ਪਛਾਣ ਦੀ ਯੋਜਨਾ ਖੂਹ-ਖ਼ਾਤੇ ਪੈ ਗਈ ਸੀ। ਘਟੋ-ਘਟ ਉਸ ਸਮੇਂ ਤੱਕ ਇਸ ਦੀ ਪੁਨਰ-ਲੱਭਤ, ਪੁਨਰ-ਪ੍ਰਾਪਤੀ ਅਤੇ ਪੁਨਰ-ਘਾੜਤ ਦਾ ਕੋਈ ਨਾਮੋ-ਨਿਸ਼ਾਨ ਤੱਕ ਨਹੀਂ ਸੀ। ਵਿਰੋਧ, ਇੱਥੋਂ ਤੱਕ ਕਿ ਲਾਮਿਸਾਲ ਕੂਕਿਆਂ ਵੱਲੋਂ ਕੀਤੇ ਗਏ ਹਥਿਆਰਬੰਦ ਵਿਰੋਧ ਵਰਗੀਆਂ ਵਿਰਲੀਆਂ-ਟਾਵੀਆਂ ਅਤੇ ਇੱਕਾ-ਦੁੱਕਾ ਕੋਸ਼ਿਸ਼ਾਂ ਵੀ ਬੇਰਹਿਮੀ ਨਾਲ ਦਰੜ ਦਿੱਤੀਆਂ ਗਈਆਂ ਸਨ। ਜੇਤੂ ਅੰਗਰੇਜ਼ ਹਾਕਮਾਂ ਨੇ ਪੰਜਾਬੀ ਸਮਾਜ ਦੇ ਅਜਿਹੇ ਬਾਗ਼ੀ ਵਰਗਾਂ ਨਾਲ ਬੜਾ ਬੇਰਹਿਮੀ ਭਰਿਆ ਵਿਹਾਰ ਕੀਤਾ ਅਤੇ ਇਸ ਦੇ ਸਮਾਂਤਰ ਅਧੀਨਗੀ ਕਬੂਲਣ ਵਾਲੇ ਵਰਗਾਂ ਪ੍ਰਤੀ ਬੜੀ ਖੁੱਲ੍ਹਦਿਲੀ ਦਿਖਾਈ। ਸੋਟੀ ਅੱਗੇ ਬੰਨ੍ਹੀ ਗਾਜਰ ਦੀ ਨੀਤੀ ਵਾਲਾ ਸਿਆਸੀ ਅਰਥਚਾਰਾ ਆਪਣੇ ਪ੍ਰਾਚੀਨ ਰੂਪ ਵਿਚ ਕਾਰਜ ਕਰ ਰਿਹਾ ਸੀ ਜਿਸ ਨੂੰ ਉੱਤਰ ਬਸਤੀਵਾਦੀ ਕੌਮੀ ਰਾਜਾਂ ਦੀ ਸੱਤਾ ਹਥਿਆਉਣ ਵਾਲੇ ਭਾਰਤੀ ਅਤੇ ਪਾਕਿਸਤਾਨੀ ਕੁਲੀਨ ਵਰਗਾਂ ਨੇ ਅਪਣਾ ਲਿਆ ਸੀ।

ਉੱਨੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਪੰਜਾਬ ਪੰਜਾਬੀ ਪਛਾਣ ਨਾਲ ਸੰਬੰਧਤ ਦੋ ਅਜਿਹੇ ਰੁਝਾਣਾਂ ਦਾ ਗਵਾਹ ਬਣਿਆਂ ਜੋ ਨਾਟਕੀ ਰੂਪ ਵਿਚ ਇਕ-ਦੂਜੇ ਦੇ ਉਲਟ ਸਨ। ਸਾਮਰਾਜੀ ਹਾਕਮਾਂ ਦੀ ਛਤਰ-ਛਾਇਆ ਵਿਚ ਫੈਲ ਰਹੀ ਇਸਾਈਅਤ ਦੇ ਵਿਰੋਧ ਵਿਚ ਪੰਜਾਬ ਦੇ ਤਿੰਨ ਪ੍ਰਮੁੱਖ ਧਾਰਮਿਕ ਭਾਈਚਾਰਿਆਂ ਵਿਚ ਉਭਰੀਆਂ ਧਾਰਮਿਕ ਸੁਧਾਰ ਲਹਿਰਾਂ ਦੇ ਨਤੀਜੇ ਵੱਜੋਂ ਮੁਲਸਮਾਨ, ਹਿੰਦੂ, ਸਿੱਖ ਵਾਲੀ ਤਿਹਰੀ ਧਾਰਮਿਕ ਵੰਡ ਦੇਖਣੀ ਪਈ। ਈਸਾਈਅਤ ਦੇ ਰੂਪ ਵਿਚ ਤਿੰਨ ਪੰਜਾਬੀ ਧਾਰਮਿਕ ਭਾਈਚਾਰਿਆਂ ਵੱਲੋਂ 'ਸਾਮਰਾਜਵਾਦੀ' ਸਭਿਆਚਾਰਕ-ਧਾਰਮਿਕ ਹਮਲਿਆਂ ਦਾ ਵਿਰੋਧ ਕਰਨਾ, ਸਿਧਾਂਤਕ ਤੌਰ ’ਤੇ ਤਾਂ, ਪੰਜਾਬੀ ਏਕੇ ਦਾ ਆਧਾਰ ਰਿਹਾ ਹੈ ਪਰ ਅਮਲੀ ਰੂਪ ਵਿਚ ਇਸ ਨੇ ਤਿੰਨਾਂ ਭਾਈਚਾਰਿਆਂ ਵਿਚਾਲੇ ਧਾਰਮਿਕ ਪਛਾਣਾਂ ਤੇ ਹੱਦਬੰਦੀਆਂ ਨੂੰ ਹੋਰ ਤਿੱਖਾ ਕੀਤਾ (ਓਬਰਾਏ, 1994)। ਪੰਜਾਬੀ ਪਛਾਣ ਦੇ ਅਕਾਦਮਿਕ ਪ੍ਰਵਚਨ ਵਿਚ ਹਾਲੇ ਤੱਕ ਲਗਭਗ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤੀ ਗਈ ਪੰਜਾਬੀ ਪਛਾਣ ਦੀ ਇਕ ਹੋਰ ਸ਼੍ਰੇਣੀ ਹੈ, ਜਿਸ ਨੂੰ ਪੈਦਾ ਕਰਨ ਵਿਚ ਗਲੋਬਲ ਹੁੰਦੇ ਸਾਮਰਾਜਵਾਦ ਵੱਲੋਂ ਨਿਭਾਈ ਗਈ ਭੂਮਿਕਾ ਦੀ ਨਿਸ਼ਾਨਦੇਹੀ ਕਰਕੇ ਇਸ ਦੇ ਆਪਾ-ਵਿਰੋਧੀ ਖਾਸੇ ਨੂੰ ਦਰਜ ਕਰਨਾ ਮਹਤੱਵਪੂਰਨ ਹੋਵੇਗਾ। ਪੰਜਾਬ ਵਿਚ ਸਾਮਰਾਜੀ ਸਭਿਆਚਾਰਕ ਦਖ਼ਲਅੰਦਾਜ਼ੀ ਦੀ ਪ੍ਰਕਿਰਿਆ ਨੇ ਪੰਜਾਬੀ ਪਛਾਣ ਦੇ ਚੌਥੇ ਧਾਰਮਿਕ ਤੱਤ ਨੂੰ ਜਨਮ ਦਿੱਤਾ - ਪੰਜਾਬੀ ਈਸਾਈ। ਈਸਾਈ ਮਿਸ਼ਨਰੀ ਪੰਜਾਬੀ ਭਾਸ਼ਾ ਵਿਚ ਛਪਾਈ ਦੀਆਂ ਆਧੁਨਿਕ ਤਕਨੀਕਾਂ ਅਤੇ ਸਹੂਲਤਾਂ ਸਥਾਪਿਤ ਕਰਨ ਵਿਚ ਮੋਹਰੀ ਸਨ। ਜ਼ਿਆਦਾਤਰ ਪੰਜਾਬੀ ਈਸਾਈ ਦਲਿਤ ਸਮਾਜ ਵਿਚ ਧਰਮ-ਪਰਿਵਰਤਨ ਕਰਨ ਵਾਲੇ ਲੋਕ ਸਨ, ਜਿਨ੍ਹਾਂ ਵਿਚ ਪ੍ਰਮੁੱਖ ਪੰਜਾਬੀ ਹਿੰਦੂ ਸਨ, ਪਰ ਸਿੱਖ ਅਤੇ ਮੁਸਲਮਾਨ ਵੀ ਸਨ। ਇਹ ਪੰਜਾਬੀ ਇਸਾਈ ਪੰਜਾਬੀ ਸਮਾਜ ਦਾ ਉਹ ਹਿੱਸਾ ਹੈ ਜੋ ਪੰਜਾਬੀ ਦੇ ਪ੍ਰਚਾਰ ਲਈ ਸਭ ਤੋਂ ਜ਼ਿਆਦਾ ਵਚਨਬੱਧ ਹੈ।

ਦੂਸਰਾ ਰੁਝਾਣ ਜਿਹੜਾ ਪੰਜਾਬੀ ਪਛਾਣ ਦੇ ਟੁਕੜਿਆਂ ਵਿਚ ਵੰਡੇ ਜਾਣ ਦੇ ਵਿਰੋਧ ਵਿਚ ਸੀ ਉਹ ਸਿਆਸੀ-ਆਰਥਿਕ ਖੇਤਰ ਦਾ ਰੁਝਾਣ ਸੀ, ਜੋ ਕਿ ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੇ ਰੂਪ ਵਿਚ ਉਭਰਿਆ। ਇਹ ਪੰਜਾਬ ਦੇ ਤਿੰਨ ਪ੍ਰਮੁੱਖ ਧਾਰਮਿਕ ਭਾਈਚਾਰਿਆਂ ਨਾਲ ਸੰਬੰਧਤ ਕਿਸਾਨੀ ਆਬਾਦੀ - ਖ਼ਾਸ ਕਰ ਉਸ ਦੇ ਕੁਲੀਨ ਵਰਗਾਂ ਦਾ- ਜਮਾਤ-ਆਧਾਰਤ ਸਿਆਸੀ ਗਠਜੋੜ ਸੀ। ਇਸ ਪਾਰਟੀ ਨੇ ਭਾਰਤ ਅਤੇ ਪਾਕਿਸਤਾਨ ਦੀ ਮੰਗ ਤੋਂ ਅਗਾਂਹ ਵਧਦਿਆਂ ਤੀਸਰਾ ਰਾਹ ਲੱਭਣ ਦੀ ਕੋਸ਼ਿਸ਼ ਕੀਤੀ। ਇਸ ਨੇ ਸੁਤੰਤਰ ਪੰਜਾਬ ਦਾ ਵਿਚਾਰ ਉਭਾਰਿਆ। ਖਿਜਰ ਹਯਾਤ ਖ਼ਾਨ ਸਾਂਝੇ ਪੰਜਾਬ ਦਾ ਆਖ਼ਰੀ ਪ੍ਰੀਮੀਅਰ ਅਤੇ ਸੰਨ 1942 ਤੋਂ 1947 ਤੱਕ ਪੰਜਾਬ ਯੂਨੀਅਨਿਸਟ ਪਾਰਟੀ ਦਾ ਆਗੂ ਸੀ। ਨਜ਼ਰ ਟਿਵਾਣਾ ਦੇ ਆਪਣੇ ਪਿਤਾ ਖਿਜਰ ਹਯਾਤ ਖ਼ਾਨ ਦੇ ਬਾਰੇ ਸੰਸਮਰਣ ਸਾਨੂੰ ਇਸ ਮਹਾਨ ਪੰਜਾਬੀ ਰਾਸ਼ਟਰਵਾਦੀ ਦੀ ਦੁਰਲੱਭ ਵਿਸ਼ਵ-ਦ੍ਰਿਸ਼ਟੀ ਦੇ ਦਰਸ਼ਨ ਕਰਵਾਉਂਦੇ ਹਨ ਜਿਸ ਨੇ ਜਿਨਾਹ ਅਤੇ 1947 ਦੀ ਭਾਰਤ ਦੀ ਵੰਡ ਦਾ ਵਿਰੋਧ ਪੰਜਾਬੀ ਰਾਸ਼ਟਰਵਾਦੀ ਨਜ਼ਰੀਏ ਨਾਲ ਕੀਤਾ ਸੀ। ਪੰਜਾਬ ਨੂੰ ਵੰਡ ਤੋਂ ਬਚਾਉਣ ਦੀ ਆਖ਼ਰੀ ਕੋਸ਼ਿਸ਼ ਵੱਜੋਂ ਉਸ ਨੇ ਅੰਗਰੇਜ਼ਾਂ ਨੂੰ ਪੰਜਾਬ ਨੂੰ ਭਾਰਤ ਅਤੇ ਪਾਕਿਤਾਨ ਤੋਂ ਵੱਖਰੀ ਇਕਾਈ ਦੇ ਰੂਪ ਵਿਚ ਅੱਡ ਕਰਕੇ ਵਡੇਰੇ ਅੰਗਰੇਜ਼ੀ ਸਾਮਾਰਾਜ ਦਾ ਹਿੱਸਾ ਬਣਾਈ ਰੱਖਣ ਦੀ ਤਜਵੀਜ਼ ਮੰਨਣ ਲਈ ਲੁਭਾਉਣ ਦੀ ਕੋਸ਼ਿਸ਼ ਕੀਤੀ ਸੀ।

ਨਜ਼ਰ ਟਿਵਾਣਾ ਲਿਖਦਾ ਹੈ: 'ਆਪਣੇ ਕਾਰਜਕਾਲ ਦੇ ਆਖ਼ਰੀ ਸਮੇਂ ਦੌਰਾਨ, ਉਨ੍ਹਾਂ ਨੇ ਵਿਚਾਰ ਉਭਾਰਿਆ ਕਿ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਦੇ ਅੰਦਰ ਹੀ ਸਵੈ-ਸਾਸ਼ਨ ਵਾਲਾ ਸੁਤੰਤਰ ਰਾਜ ਬਣ ਜਾਣਾ ਚਾਹੀਦਾ ਹੈ। ਇਸ ਗੱਲ ਦਾ ਪ੍ਰਮਾਣ ਅਧਿਕਾਰਕ ਰਿਕਾਰਡਾਂ ਤੋਂ ਲਿਆ ਜਾ ਸਕਦਾ ਹੈ, ਉਂਝ ਅੰਗਰੇਜ਼ਾਂ ਨੇ ਇਹ ਤਜਵੀਜ਼ ਨਜ਼ਰਅੰਦਾਜ਼ ਕਰ ਦਿੱਤੀ ਕਿਉਂਕਿ ਇਹ ਉਨ੍ਹਾਂ ਦੇ ਰਣਨੀਤਿਕ ਮਨੋਰਥ ਨੂੰ ਮੁਆਫ਼ਕ ਨਹੀਂ ਸੀ' (ਟਿਵਾਣਾ, 1999, ਪੰਨਾ 256)।[9] ਇਕ ਪਲ ਲਈ ਲੱਗਿਆ, ਆਸ ਦੀ ਇਕ ਨਿੱਕੀ ਜਿਹੀ ਚਮਕ ਨਜ਼ਰ ਆਈ ਕਿ 1849 ਈਸਵੀ ਵਿਚ ਅੰਗਰੇਜ਼ਾਂ ਨੇ ਜਿਹੜਾ ਪ੍ਰਭੂਸੱਤਾ ਵਾਲਾ ਪੰਜਾਬੀ ਰਾਜ ਖੋਹਿਆ ਸੀ ਪੰਜਾਬੀ ਉਸ ਨੂੰ ਅੰਗਰੇਜ਼ਾਂ ਤੋਂ ਵਾਪਸ ਹਾਸਲ ਕਰ ਸਕਦੇ ਸਨ। ਪੰਜਾਬ ਵਾਸਤੇ ਬਸਤੀਵਾਦ ਤੋਂ ਸੱਚੀ ਮੁਕਤੀ ਇਹੀ ਹੋਣੀ ਸੀ। ਪਰ ਸੰਨ 1947 ਦੀਆਂ ਘਟਨਾਵਾਂ ਨੇ ਪੰਜਾਬ ਦੀ ਤ੍ਰਾਸਦੀ ਨੂੰ ਹੋਰ ਵੀ ਸੰਘਣਾ ਕਰ ਦਿੱਤਾ। ਜੇ 1849 ਈਸਵੀ ਵਿਚ ਪੰਜਾਬ ਨੇ ਆਪਣੀ ਪ੍ਰਭੂਸੱਤਾ ਗੁਆਈ ਸੀ, ਫਿਰ ਵੀ ਇਸ ਨੇ ਆਪਣੀ ਸੰਯੁਕਤ ਖੇਤਰੀ ਇਕਾਈ ਵਾਲੀ ਹੋਂਦ ਬਚਾਈ ਰੱਖੀ ਸੀ। ਸੰਨ 1947 ਵਿਚ ਤਾਂ ਇਸ ਨੇ ਆਪਣੀ ਸੰਯੁਕਤ ਖੇਤਰੀ ਇਕਾਈ ਵਾਲੀ ਹੋਂਦ ਹੀ ਗੁਆ ਲਈ। ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ - ਲਹਿੰਦਾ ਪੰਜਾਬ ਮੁਸਲਮਾਨ ਦੇਸ਼ ਪਾਕਿਤਸਤਾਨ ਦਾ ਹਿੱਸਾ ਬਣ ਗਿਆ ਅਤੇ ਚੜ੍ਹਦਾ ਪੰਜਾਬ ਹਿੰਦੂ ਬਹੁ-ਗਿਣਤੀ ਵਾਲੇ, ਭਾਵੇਂ ਰਸਮੀ ਤੌਰ 'ਤੇ ਧਰਮ-ਨਿਰਪੱਖ, ਭਾਰਤ ਦਾ ਹਿੱਸਾ ਬਣ ਗਿਆ।[10]

## ਉਤਰ-ਬਸਤੀਵਾਦ ਅਤੇ ਮੁਕਾਬਲੇ ਵਾਲਾ ਰਾਸ਼ਟਰਵਾਦ

ਦੋ ਕੌਮੀ ਰਾਜਾਂ ਭਾਰਤ ਅਤੇ ਪਾਕਿਸਤਾਨ ਦੇ ਬਣਨ ਨਾਲ ਦੋ ਪੰਜਾਬ ਦੋ ਬਿਲਕੁਲ ਵੱਖਰੀਆਂ ਸਥਿਤੀਆਂ ਵਿਚ ਪੁਨਰ-ਸਥਾਪਿਤ ਹੋ ਗਏ। ਖੇਤਰੀ ਪੰਜਾਬੀ ਪਛਾਣ ਗੁਆਉਣ ਦੀ ਕੀਮਤ ਤਾਰ ਕੇ ਪਾਕਿਸਤਾਨ ਵਾਲਾ ਪੰਜਾਬ ਪਾਕਿਸਤਾਨ ਵਿਚ ਭਾਰੂ ਸਿਆਸੀ ਧਿਰ ਬਣ ਗਿਆ (ਸਮਦ, 1995)। ਭਾਰਤੀ ਸੰਘ ਵਿਚ ਮੁਕਾਬਲਤਨ ਇਕ ਛੋਟੇ ਸੂਬੇ, ਭਾਰਤੀ ਪੰਜਾਬ ਨੇ ਪੰਜਾਬੀ ਬੋਲਣ ਵਾਲੇ ਸੂਬੇ ਦੀ ਦੋ ਦਹਾਕੇ ਲੰਮੀ ਗਹਿ-ਗੱਚ ਲੜਾਈ ਦੇਖੀ, ਪਰ ਭਾਰਤ ਦੀਆਂ ਭੋਜਨ ਦੀਆਂ ਲੋੜਾਂ ਪ੍ਰਭਾਵਸ਼ਾਲੀ ਰੂਪ ਵਿਚ ਸਫ਼ਲਤਾ ਨਾਲ ਪੂਰੀਆਂ ਕਰਨ ਦੇ ਬਾਵਜੂਦ ਭਾਰਤੀ ਸੰਘੀ ਰਾਜ ਦੇ ਸਿਆਸੀ ਸੱਤਾ ਵਾਲੇ ਢਾਂਚੇ ਵਿਚ ਇਹ ਸਿਆਸੀ ਤੌਰ 'ਤੇ ਇਕ ਹਾਸ਼ੀਆਗਤ ਸੂਬਾ ਬਣਿਆ ਰਿਹਾ (ਸਿੰਘ, 2008)। ਭਾਰਤੀ ਪੰਜਾਬ ਧਰਮ-ਨਿਰਪੱਖ ਭਾਰਤੀ ਰਾਸ਼ਟਰਵਾਦ, ਹਿੰਦੂ ਰਾਸ਼ਟਰਵਾਦ, ਸਿੱਖ ਰਾਸ਼ਟਰਵਾਦ ਅਤੇ ਮਾਰਕਸਵਾਦੀ ਕੌਮਾਂਤਰੀਵਾਦ ਦੇ ਅੰਤਰ-ਸੰਬੰਧਾਂ ਬਾਰੇ ਅਤੇ ਪੰਜਾਬੀ ਪਛਾਣ ਨਾਲ ਜੁੜੇ ਹੋਣ ਦੇ ਆਪਾ-ਵਿਰੋਧੀ ਰੂਪਾਂ ਵਾਲੇ ਭਾਂਤ-ਭਾਂਤ ਦੇ ਦਾਅਵਿਆਂ ਦਾ ਗਵਾਹ ਬਣਿਆ (ਪੀ. ਸਿੰਘ, 1997 ਅਤੇ 2002)। 1 ਨਵੰਬਰ 1966 ਪੰਜਾਬੀ ਸੂਬੇ ਦੀ ਸਿਰਜਣਾ ਭਾਸ਼ਾ ਆਧਾਰਿਤ ਪੰਜਾਬੀ ਪਛਾਣ ਮਜ਼ਬੂਤ ਕਰਨ ਦੇ ਮਾਮਲੇ ਵਿਚ ਇਕ ਵੱਡਾ ਮੀਲ-ਪੱਥਰ ਸੀ। ਪੰਜਾਬੀ ਭਾਸ਼ਾ ਨੂੰ ਸੂਬੇ ਦੀ ਅਧਿਕਾਰਕ ਭਾਸ਼ਾ ਹੋਣ ਦਾ ਦਰਜਾ ਇਤਿਹਾਸ ਵਿਚ ਪਹਿਲੀ ਵਾਰ ਮਿਲਿਆ ਸੀ- ਉਹ ਦਰਜਾ ਜਿਹੜਾ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਭੂਸੱਤਾ ਦੇ ਰਾਜ ਵਾਲੇ ਪੰਜਾਬ ਵਿਚ ਵੀ ਨਹੀਂ ਮਿਲਿਆ ਸੀ। ਪੰਜਾਬੀ ਭਾਸ਼ਾ ਦੀ ਇਹ ਸ਼ਾਨਦਾਰ ਜਿੱਤ ਨੂੰ ਖੋਰਾ ਲੱਗਿਆ ਪੰਜਾਬੀ ਬੋਲਣ ਵਾਲੇ ਸ਼ਹਿਰ ਚੰਡੀਗੜ੍ਹ ਨੂੰ ਪੰਜਾਬ ਦੀ ਪੂਰੀ ਰਾਜਧਾਨੀ ਨਾ ਬਣਾਇਆ ਜਾਣਾ ਕਿਉਂਕਿ ਚੰਡੀਗੜ੍ਹ ਦੀ ਆਬਾਦੀ ਦਾ ਖ਼ਾਸਾ ਹਿੰਦੂ ਬਹੁ-ਗਿਣਤੀ ਵਾਲਾ ਸੀ। ਪੰਜਾਬੀ ਪਛਾਣ ਨੂੰ ਇਹ ਝਟਕਾ ਇਸ ਲਈ ਲੱਗਾ ਕਿ ਭਾਸ਼ਾਈ ਪਛਾਣ ਦੀ ਤੁਲਨਾ ਵਿਚ ਧਾਰਮਿਕ ਪਛਾਣ ਨੂੰ ਤਰਜੀਹ ਦਿੱਤੀ ਗਈ। ਚੰਡੀਗੜ੍ਹ ਦਾ ਅਧਵਾਟੇ ਲਟਕਿਆ ਦਰਜਾ ਪੰਜਾਬੀ ਪਛਾਣ ਬਣਾਉਣ ਵਿਚ ਖੜ੍ਹੇ ਅੜਿੱਕੇ ਦੀ ਬਾਰ-ਬਾਰ ਯਾਦ ਦਿਵਾਉਂਦਾ ਹੈ (ਸਿੰਘ, 2008)।

## ਡਾਇਸਪੋਰਾ, ਵਿਸ਼ਵੀਕਰਨ ਦਾ ਇਕ ਉਚੇਰਾ ਪੱਧਰ ਅਤੇ ਪੰਜਾਬੀ ਪਛਾਣ: ਨਵੀਆਂ ਚੁਣੌਤੀਆਂ ਅਤੇ ਮੌਕੇ

ਪੰਜਾਬੀ ਪਛਾਣ ਨਾਲ ਸੰਬੰਧਤ ਇਕ ਹੋਰ ਤਾਕਤ ਚੁੱਪਚਾਪ, ਹੌਲੀ-ਹੌਲੀ ਉੱਭਰ ਰਹੀ ਹੈ ਉਹ ਹੈ ਪੰਜਾਬੀ ਡਾਇਸਪੋਰਾ ਦਾ ਉਭਾਰ (ਸਿੰਘ 2012)। 1960ਵਿਆਂ ਤੋਂ ਪੰਜਾਬੀਆਂ ਦੇ ਪੱਛਮ ਵੱਲ ਸਥਾਨਗਤ ਅਤੇ ਸਭਿਆਚਾਰਕ ਪੁਨਰ-ਸਥਾਪਨ ਨੇ ਪੰਜਾਬੀ ਪਛਾਣ ਦੇ ਆਮ ਪੱਖਾਂ ਦੇ ਪ੍ਰਗਟਾਵੇ ਲਈ ਨਵੀਂ ਜ਼ਮੀਨ ਤਿਆਰ ਕਰ ਦਿੱਤੀ ਹੈ। ਪੰਜਾਬੀ ਪਛਾਣ ਵਿਚ ਵੱਖਵਾਦੀ ਵੰਡਾਂ ਪੈਦਾ ਕਰਨ ਵਾਲੇ ਡਾਇਸਪੋਰਾ ਦੇ ਇਕ ਹਿੱਸੇ ਦਾ ਮੋਹਰੀ ਖਿਡਾਰੀ ਬਣਨਾ ਸਾਂਝੀ ਪੰਜਾਬੀ ਪਛਾਣ ਦੇ ਇਸ ਪ੍ਰਗਟਾਵੇ ਦੇ ਸਮਾਂਤਰ ਅਤੇ ਵਿਰੋਧ ਵਿਚ ਚੱਲਣ

ਵਾਲਾ ਵਰਤਾਰਾ ਹੈ (ਤਾਤਲਾ, 1999)। ਇਸ ਡਾਇਸਪੋਰਾ ਦੀ ਆਪਾ-ਵਿਰੋਧੀ ਆਵਾਜ਼ ਨੇ ਸੰਸਾਰ ਅਰਥਚਾਰੇ ਅਤੇ ਮੀਡੀਆ ਦੇ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿਚ ਵਿਸ਼ੇਸ਼ ਮਹਤੱਤਾ ਹਾਸਲ ਕਰ ਲਈ ਹੈ। ਹੁਣ ਤੱਕ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਵਸਤਾਂ ਤੇ ਵਿਚਾਰਾਂ, ਬਹੁਤ ਥੋੜ੍ਹੀ ਹੱਦ ਤੱਕ, ਭਾਰਤ ਅਤੇ ਪਾਕਿਸਤਾਨ ਅਤੇ ਭਾਰਤ/ਪਾਕਿਸਤਾਨ ਅਤੇ ਬਾਕੀ ਦੁਨੀਆ ਵਿਚਾਲੇ ਮਜ਼ਦੂਰਾਂ ਦੇ ਆਦਾਨ-ਪ੍ਰਦਾਨ ਦੇ ਅਣਗਿਣਤ ਮੌਕੇ ਪੈਦਾ ਕੀਤੇ ਹਨ। ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਵਧਦੇ ਵਪਾਰਕ ਸੰਬੰਧਾਂ ਤੋਂ ਮਿਲਣ ਵਾਲੇ ਆਰਥਕ ਲਾਭਾਂ ਦੀ ਚਾਹਤ ਨੇ ਸਾਂਝੀ ਪੰਜਾਬੀ ਵਿਰਾਸਤ ਅਤੇ ਪਛਾਣ ਦੀ ਪੁਨਰ-ਖੋਜ ਦੀ ਲੜੀ ਚਲਾ ਦਿੱਤੀ ਹੈ। ਪਰ ਇਹ ਪ੍ਰਕਿਰਿਆ ਅਸਾਵੀਂ ਹੈ। ਸਾਂਝੇ ਸਭਿਆਚਾਰ ਅਤੇ ਸਾਹਿਤ ’ਤੇ ਆਧਾਰਿਤ ਸਭਿਆਚਾਰਕ ਆਦਾਨ-ਪ੍ਰਦਾਨ ਅਗਵਾਈ ਕਰ ਰਿਹਾ ਹੈ, ਜਦਕਿ ਭੂਗੋਲਿਕ-ਸਿਆਸੀ ਮਨੋਰਥਾਂ ਦੇ ਮੱਦੇਨਜ਼ਰ ਆਰਥਕ ਮੁਹਾਜ ’ਤੇ ਤਰੱਕੀ ਰੁਕੀ ਹੋਈ ਹੈ। ਸਰਹੱਦਾਂ ਦੇ ਆਰ-ਪਾਰ ਵਧੇ ਹੋਏ ਸਭਿਆਚਾਰਕ ਆਦਾਨ-ਪ੍ਰਦਾਨ ਕਰਕੇ, ਗਲੋਬਲ ਪੰਜਾਬੀ ਪਛਾਣ ਬਣਾਉਣ ਦੀ ਪ੍ਰਕਿਰਿਆ ਦੇ ਉਤਪ੍ਰੇਰਕ ਵੱਜੋਂ ਆਪਣੀ ਤਾਕਤ ਦਾ ਅਹਿਸਾਸ ਹੋਣ ’ਤੇ ਸੰਸਾਰ ਪੱਧਰ ਦੇ ਪੰਜਾਬੀ ਡਾਇਸਪੋਰਾ ਦੀ ਕਲਪਨਾ ਅਚਾਨਕ ਉਬਾਲੇ ਮਾਰ ਰਹੀ ਹੈ। ਗਲੋਬਲ ਪੰਜਾਬੀ ਪਛਾਣ ਦੀ ਮੁਹਿੰਮ ਵਾਸਤੇ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਕਰਵਾਉਣੀਆਂ ਉਨ੍ਹਾਂ ਦੀ ਕਾਰਵਾਈ ਦਾ ਰੰਗਮੰਚ ਬਣ ਗਿਆ ਹੈ। ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਲਿੱਪੀਆਂ ਤੁਰੰਤ ਅਨੁਵਾਦ ਕਰਨ ਵਾਲੀਆਂ ਨਵੀਆਂ ਤਕਨੀਕੀ ਸੰਭਾਵਨਾਵਾਂ ਨੇ ਸੰਚਾਰ ਦੀਆਂ ਕਈ ਰੁਕਾਵਟਾਂ ਅਤੇ ਕੌਮੀ ਸਰਹੱਦਾਂ ਉਲੰਘ ਦਿੱਤੀਆਂ ਹਨ। ਵੱਖ-ਵੱਖ ਲਿੱਪੀਆਂ ਵਿਚ ਨਾਲੋ-ਨਾਲ ਪੰਜਾਬੀ ਸਾਹਿਤ ਛਾਪਣ ਵਾਲੀਆਂ ਮੈਗਜ਼ੀਨਾਂ ਅਤੇ ਵੈੱਬਸਾਈਟਾਂ ਸਾਹਮਣੇ ਆ ਰਹੀਆਂ ਹਨ। ਅਕੈਡਮੀ ਆਫ਼ ਪੰਜਾਬ ਇਨ ਨਾਰਥ ਅਮਰੀਕਾ (ਅਪਨਾ) ਵਰਗੀਆਂ ਪੰਜਾਬੀ ਸੰਸਥਾਵਾਂ ਪੰਜਾਬੀਅਤ ਦੀਆਂ ਸਾਂਝੀਆਂ ਸਭਿਆਚਾਰਕ ਤੰਦਾਂ ਜੋੜਨ ਵਿਚ ਮਹਤੱਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਸਾਂਝੀਆਂ ਪੰਜਾਬੀ ਪਛਾਣਾਂ ਦੀ ਪੁਨਰ-ਖੋਜ ਦੀਆਂ ਇਹ ਕੋਸ਼ਿਸ਼ਾਂ ਨੇ ਭਾਰਤੀ ਰਾਸ਼ਟਰਵਾਦ ਅਤੇ ਪਾਕਿਸਤਾਨੀ ਰਾਸ਼ਟਰਵਾਦ ਦੀਆਂ ਕਈ ਸੰਵੇਦਨਾਵਾਂ ਨੂੰ ਪਰੇਸ਼ਾਨ ਕਰ ਦਿੱਤਾ ਹੈ। ਗਲੋਬਲ ਪੰਜਾਬੀ ਪਛਾਣ ਦਾ ਉਭਾਰਿਆ ਗਿਆ ਵਰਤਾਰਾ ਅਤੇ ਸਾਂਝੀ ਪੰਜਾਬੀ ਪਛਾਣ ਦੀ ਪੁਨਰ-ਖੋਜ ਦੀਆਂ ਕੋਸ਼ਿਸ਼ਾਂ ਵਾਲੀਆਂ ਆਵਾਜ਼ਾਂ ਭਾਰਤੀ ਅਤੇ ਪਾਕਿਸਤਾਨੀ ਰਾਸ਼ਟਰਵਾਦੀਆਂ ਵੱਲੋਂ ਇਨ੍ਹਾਂ ਦੋ ਕੌਮੀ ਰਾਜਾਂ ਨੂੰ ਆਪਣੀ ਹੋਂਦ ਦੇ ਜਾਇਜ਼ ਹੋਣ ਦੀ ਸੰਭਾਵਿਤ ਆਲੋਚਨਾ ਵੱਜੋਂ ਬੇਚੈਨੀ ਨਾਲ ਦੇਖੀਆਂ ਜਾਂਦੀਆਂ ਹਨ। ਵਿਸ਼ਵੀਕਰਨ ਕੌਮੀ ਰਾਜਾਂ ਨੂੰ ਕਮਜ਼ੋਰ ਕਰਦਾ ਹੈ ਇਸ ਗੱਲ ਦਾ ਡਰ ਭਾਰਤ ਅਤੇ ਪਾਕਿਸਤਾਨ ਦੇ ਕੌਮੀ ਰਾਜਾਂ ਅੰਦਰ ਬੇਚੈਨੀ ਪੈਦਾ ਕਰਦਾ ਹੈ। ਦੂਜੇ ਪਾਸੇ ਪੰਜਾਬੀ ਰਾਸ਼ਟਰਵਾਦੀ, ਵਿਸ਼ਵੀਕਰਨ ਦੇ ਕੌਮੀ ਰਾਜਾਂ ਨੂੰ ਕਮਜ਼ੋਰ ਕਰਨ ਦੇ ਸੁਭਾਵਿਕ ਵਿਹਾਰ ਤੋਂ ਆਪਣੇ ਆਪ ਨੂੰ ਹੋਣ ਵਾਲੇ ਸੰਭਾਵਿਤ ਫਾਇਦਿਆਂ ਨੂੰ ਖ਼ੁਸ਼ੀ ਦੀ ਚਮਕ ਨਾਲ ਵੇਖਦੇ ਹਨ। ਭਾਰਤੀ ਅਤੇ ਪਾਕਿਸਤਾਨੀ ਰਾਸ਼ਟਰਵਾਦੀਆਂ ਦੀ ਬੇਚੈਨੀ ਅਤੇ ਪੰਜਾਬੀ ਰਾਸ਼ਟਰਵਾਦੀਆਂ ਦੀ ਖ਼ੁਸ਼ੀ ਭਰੀ ਚਮਕ ਵਧਾ-ਚੜ੍ਹਾ ਕੇ ਦਿਖਾਈ ਜਾ ਰਹੀ ਹੋ ਸਕਦੀ ਹੈ ਕਿਉਂਕਿ ਵਿਸ਼ਵੀਕਰਨ ਇਕ ਆਪਾ-ਵਿਰੋਧੀ ਅਤੇ ਜਟਿਲ ਪ੍ਰਕਿਰਿਆ ਹੈ ਜਿਸ ਦੇ ਨਤੀਜਿਆਂ ਦਾ ਕਿਆਸ ਨਹੀਂ ਲਾਇਆ ਜਾ ਸਕਦਾ।

ਪੂੰਜੀਵਾਦ ਅਧੀਨ ਬਾਕੀ ਸਾਰੀਆਂ ਸਮਾਜਕ ਇਕਾਈਆਂ ਵਾਂਗ ਡਾਇਸਪੋਰਾ ਵੀ ਬਹੁਤ ਜ਼ਿਆਦਾ ਵੰਨ-ਸੁਵੰਨਾ ਹੈ। ਗਲੋਬਲ ਪੰਜਾਬੀ ਪਛਾਣ ਦੇ ਹਿੱਤ ਵਾਸਤੇ ਡਾਇਸਪੋਰਾ ਦੇ ਬੁੱਧੀਜੀਵੀ ਕੁਲੀਨ ਵਰਗ ਦੀ ਲੋੜ ਤੋਂ ਜ਼ਿਆਦਾ ਸਰਗਰਮੀ ਡਾਇਸਪੋਰਾ ਦੇ ਸਾਧਾਰਨ ਵਿਅਕਤੀ ਦੀ ਹੋਂਦ ਦੇ ਨਿਤਾ-ਪ੍ਰਤੀ ਦੇ ਆਮ ਜੀਵਨ ਨੂੰ ਆਪਣੇ ਪਰਛਾਵੇਂ ਹੇਠ ਦੱਬਦੀ ਹੋਈ ਲੱਗਦੀ ਹੈ। ਧਰਮ, ਜਾਤ, ਭਾਸ਼ਾ ਅਤੇ ਲਿੱਪੀ ਦੇ ਪਾੜੇ ਅਲੋਪ ਨਹੀਂ ਹੋਏ ਹਨ; ਬਲਕਿ ਕੁਝ ਮਾਮਲਿਆਂ ਵਿਚ ਉਹ ਮਾਤ-ਭੂਮੀ ਨਾਲੋਂ ਜ਼ਿਆਦਾ ਗੂੜ੍ਹੇ ਹੋਏ ਹਨ। ਮਿਸਾਲ ਵੱਜੋਂ ਪੱਛਮ ਨਾਲੋਂ ਪੰਜਾਬ ਵਿਚ ਰੋਜ਼ਾਨਾ ਜੀਵਨ ਵਿਚ ਸਿੱਖਾਂ ਤੇ ਹਿੰਦੂਆਂ ਦਾ ਆਪਸੀ ਮੇਲ-ਮਿਲਾਪ ਜ਼ਿਆਦਾ ਹੈ। ਇਸੇ ਤਰ੍ਹਾਂ ਰੋਜ਼ਾਨਾ ਜੀਵਨ ਵਿਚ ਵੱਖ-ਵੱਖ ਜਾਤੀਗਤ ਸਮੂਹਾਂ ਦਾ ਮੇਲ-ਮਿਲਾਪ ਪੰਜਾਬ ਵਿਚ ਪੱਛਮ ਨਾਲੋਂ ਜ਼ਿਆਦਾ ਹੈ। ਰੋਜ਼ਾਨਾ ਜੀਵਨ ਦੇ ਰੁਝੇਵਿਆਂ ਭਰੇ ਚੱਕਰ ਵਿਚ ਐਤਵਾਰ ਦਾ ਦਿਨ ਹੀ ਸਮਾਜਕ ਮੇਲ-ਜੋਲ ਦਾ ਮੌਕਾ ਪ੍ਰਦਾਨ ਕਰਦਾ ਹੋਇਆ ਲੱਗਦਾ ਹੈ। ਪੱਛਮ ਵਿਚ ਰਹਿੰਦੇ ਬਹੁ-ਗਿਣਤੀ ਪੰਜਾਬੀ ਐਤਵਾਰ ਦੇ ਮੇਲ-ਜੋਲ ਵਾਲੇ ਸਮੇਂ ਦਾ ਇਕ ਹਿੱਸਾ ਨਿਰੰਤਰ ਹੀ ਮੰਦਿਰ, ਮਸੀਤ, ਗੁਰਦੁਆਰੇ ਅਤੇ ਗਿਰਜੇ ਜਾਣ ਲਈ ਵਰਤਦੇ ਹਨ। ਧਾਰਮਕ ਮੇਲ-ਜੋਲ ਦਾ ਇਹ ਹਫ਼ਤਾਵਾਰੀ ਅਨੁਭਵ ਉਨ੍ਹਾਂ ਨੂੰ ਖ਼ੁਦਮੁਖ਼ਤਿਆਰ ਸਮਾਜਕ-ਸਭਿਆਚਾਰ ਮਾਹੌਲ ਪ੍ਰਦਾਨ ਕਰਦਾ ਹੈ ਪਰ ਅੰਤਰ-ਧਾਰਮਿਕ ਸਾਂਝਾਂ ਮਜ਼ਬੂਤ ਕਰਨ ਵਿਚ ਭੂਮਿਕਾ ਨਹੀਂ ਨਿਭਾਉਂਦਾ।

ਡਾਇਸਪੋਰਾ ਦੀ ਨਵੀਂ ਪੀੜ੍ਹੀ ਹੀ ਹੈ ਜੋ ਜੀਵਨ ਜਿਓਣ ਦੇ ਨਵੇਂ ਅੰਦਾਜ਼ਾਂ ਦਾ ਤਜਰਬਾ ਕਰ ਰਹੀ ਹੈ ਅਤੇ ਨਾ ਸਿਰਫ ਧਰਮ ਤੇ ਜਾਤ ਦੀ ਹੱਦਾਂ ਪਾਰ ਕਰਨ ਦੀਆਂ ਬਲਕਿ ਐਫ਼ਰੋ-ਕੈਰਿਬੀਆਈ ਸਭਿਆਚਾਰ ਨਾਲ ਕਲਾਤਮਕ ਅਤੇ ਸਮਾਜਕ ਸਾਂਝਾਂ ਸਿਰਜਣ ਦੀਆਂ ਕੋਸ਼ਿਸ਼ਾਂ ਵੀ ਕਰ ਰਹੀ ਹੈ (ਬੌਮਨ ਅਤੇ ਬੈਨਰਜੀ 1990)। ਭੰਗੜਾ ਆਧਾਰਤ ਸੰਗੀਤ ਵੱਖ-ਵੱਖ ਰੂਪਾਂ ਵਿਚ ਪੰਜਾਬੀ ਅਤੇ ਸੰਯੁਕਤ ਪਛਾਣਾਂ ਦੇ ਮੇਲ ਦਾ ਕੇਂਦਰ ਬਿੰਦੂ ਬਣ ਕੇ ਉਭਰਿਆ ਹੈ। ਇਸ ਨੇ ਵੱਖ-ਵੱਖ ਲਿੱਪੀਆਂ ਵਿਚ ਪੰਜਾਬੀ ਭਾਸ਼ਾ ਸਿੱਖਣ ਦੀ ਨਵੀਂ ਦਿਲਚਸਪੀ ਵੀ ਪੈਦਾ ਕੀਤੀ ਹੈ (ਸ਼ਰਮਾ ਤੇ ਸਾਥੀ, 1996; ਕੌਰ ਤੇ ਕਾਲੜਾ, 1999)। ਖ਼ਾਸ ਕਰ ਜਾਤ, ਧਰਮ, ਭਾਸ਼ਾ ਅਤੇ ਖਿੱਤੇ ਵਰਗੇ ਪੰਜਾਬੀ ਪਛਾਣ ਦੇ ਮਸਲਿਆਂ ਨਾਲ ਪੰਜਾਬੀ ਡਾਇਸਪੋਰਾ ਦੀ ਸਾਂਝ ਦੀਆਂ ਜਟਿਲਤਾਵਾਂ ਨੂੰ ਸਮਝਣ ਲਈ ਪੰਜਾਬੀ ਡਾਇਸਪੋਰਾ ਦੇ ਸਥਾਨਗਤ ਵਖਰੇਵਿਆਂ ਦਾ (ਜਿਵੇਂ ਬਰਤਾਨਵੀ ਪੰਜਾਬੀ ਡਾਇਸਪੋਰਾ, ਉੱਤਰੀ-ਅਮਰੀਕੀ ਪੰਜਾਬੀ ਡਾਇਸਪੋਰਾ, ਪੂਰਬੀ ਏਸ਼ੀਆਈ ਪੰਜਾਬੀ ਡਾਇਸਪੋਰਾ, ਪੂਰਬੀ ਅਫ਼ਰੀਕੀ ਡਾਇਸਪੋਰਾ ਆਦਿ) ਪੰਜਾਬੀ ਪਛਾਣ ਦੇ ਵਖਰੇਵਿਆਂ ’ਤੇ ਪੈਣ ਵਾਲਾ ਪ੍ਰਭਾਵ ਇਕ ਹੋਰ ਵਿਸ਼ਾ ਹੈ ਜਿਸ ਬਾਰੇ ਵਧੇਰੇ ਅਧਿਐਨ ਕਰਨ ਦੀ ਲੋੜ ਹੈ (ਯੂਕੇ ਅਤੇ ਕੈਨੇਡਾ ਵਿਚ ਜਾਤ ਸੰਬੰਧੀ ਵਖਰੇਵੇਂ ਦੇਖਣ ਦੀ ਮੁੱਢਲੀ ਕੋਸ਼ਿਸ਼ ਵੱਜੋਂ ਸਿੰਘ, 2012 ਦੀ ਲਿਖਤ ਵਾਚੋ)।

ਸਿਨੇਮਾ ਅਤੇ ਫ਼ਿਲਮ ਸੰਗੀਤ ਵਿਚ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਪ੍ਰਚਲਿਤ ਖਿੱਚ ਨੇ ਸਾਂਝੀ ਪੰਜਾਬੀ ਪਛਾਣ ਨੂੰ ਬਹੁਤ ਵੱਡੇ ਪੱਧਰ ’ਤੇ ਉਤਸ਼ਾਹਤ ਕੀਤਾ ਹੈ। ਬਾਲੀਵੁੱਡ ਸਾਂਝੇ ਪੰਜਾਬੀ ਸਭਿਆਚਾਰ ਦੇ ਜਸ਼ਨ ਦਾ ਸਥਾਨ ਅਤੇ ਮਾਧਿਅਮ ਬਣ ਚੁੱਕਾ ਹੈ, ਜਿਸ ਵਿਚ ਕੁਝ ਪ੍ਰਮੁੱਖ ਬਾਲੀਵੁੱਡ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ (ਜਿਵੇਂ ਯਸ਼ ਚੋਪੜਾ) ਨੇ ਫ਼ਿਲਮ ਦੇ ਬਿਰਤਾਂਤ ਵਿਚ ਪੰਜਾਬੀ ਸਭਿਆਚਾਰਕ ਵਿਸ਼ਾ-ਵਸਤੂਆਂ ਦੀ ਸ਼ਮਹੂਲੀਅਤ ਵਾਲਾ ਸਫ਼ਲਤਾ ਦਾ ਇਕ ਫਾਰਮੂਲਾ ਜਿਹਾ ਲੱਭ ਲਿਆ ਹੈ (ਦਾਸ, 2006)। ਪੰਜਾਬੀ ਜਸ਼ਨ ਦੇ ਇਸ ਨਵੇਂ ਹੰਭਲੇ ਵਿਚ ਸਰਦਾਰ ਦੀ ਪਛਾਣ ਵੀ ਰੂਪਾਂਤਰਿਤ ਹੋ ਗਈ ਹੈ, ਕਮਲੇ-ਰਮਲੇ ਦੀ ਬਜਾਇ ਹੁਣ ਸਿੰਘ ਨੂੰ ਤਾਕਤਵਰ, ਸੋਹਣੇ, ਉਤੇਜਨਾ-ਭਰਪੂਰ ਅਤੇ ਆਕਰਸ਼ਕ ਕਿੰਗ (ਰਾਜੇ) ਵੱਜੋਂ ਪੇਸ਼ ਕੀਤਾ ਜਾਂਦਾ ਹੈ (ਸਿੰਘ, 2010)। ਬਾਲੀਵੁੱਡ ਦੀ ਉਸ ਫ਼ਿਲਮ ਨੂੰ ਵਪਾਰਕ ਤੌਰ ’ਤੇ ਸਫਲ ਮੰਨ ਲਿਆ ਜਾਂਦਾ ਹੈ ਜੋ ਉਹ ਪੰਜਾਬ ਅਤੇ ਪੰਜਾਬੀ ਡਾਇਸਪੋਰਾ ਵਿਚ ਵਧੀਆ ਚੱਲ ਜਾਵੇ। ਪਾਕਿਸਤਾਨੀ ਪੰਜਾਬ ਦੀ ਵੱਡੀ ਮੰਡੀ ਨੇ ਸਾਂਝੇ ਪੰਜਾਬੀ ਸਭਿਆਚਾਰ ਦਾ ਜਸ਼ਨ ਮਨਾਉਣ ਦੇ ਆਰਥਕ ਆਕਰਸ਼ਣ ਵਿਚ ਹੋਰ ਵੀ ਵਾਧਾ ਕੀਤਾ ਹੈ। ਕਈ ਨਵੀਆਂ ਪੰਜਾਬੀ ਫਿਲਮਾਂ ਦਾ ਮੁੱਖ ਅਦਾਕਾਰ ਹਰਭਜਨ ਮਾਨ ਰਾਤੋਂ-ਰਾਤ ਸਿਤਾਰਾ ਬਣ ਗਿਆ ਹੈ (ਅੱਬੀ, 2012); ਜਦਕਿ ਮੌਲਾ ਜੱਟ ਦੀ ਸ਼੍ਰੇਣੀ ਵਾਲੀਆਂ, ਬਹਾਦਰ ਤੇ ਦੇਸੀ ਪੰਜਾਬੀ ਕਿਸਾਨ ਨੂੰ ਪਰਦਾਪੇਸ਼ ਕਰਨ ਵਾਲੀਆਂ ਫ਼ਿਲਮਾਂ ਨੂੰ ਭਾਰੀ ਸਫ਼ਲਤਾ ਹਾਸਲ ਹੋਈ ਹੈ। ਇਸ ਸ਼੍ਰੇਣੀ ਦੀਆਂ ਕਈ ਫਿਲਮਾਂ ਦਾ ਸਿਤਾਰਾ, ਸੁਲਤਾਨ ਰਾਹੀ, ਪਾਕਿਸਤਾਨ ਦਾ ਸਭ ਤੋਂ ਹਰਮਨ-ਪਿਆਰਾ ਨਾਇਕ ਬਣ ਗਿਆ ਹੈ ਅਤੇ ਪੰਜਾਬੀ ਸਿਨੇਮਾ ਨੇ ਪਹਿਲਾਂ ਭਾਰੇ ਰਹੇ ਉਰਦੂ ਸਿਨੇਮਾ ਨੂੰ ਹਾਲ ਦੇ ਸਾਲਾਂ ਵਿਚ ਪਛਾੜ ਦਿੱਤਾ ਹੈ (ਆਈਅਰਜ, 2008)।

ਸਰਬ-ਸਾਂਝੀ ਪੰਜਾਬੀ ਪਛਾਣ ਦੀ ਭਾਵਨਾਤਮਕ ਖਿੱਚ ਖ਼ਤਮ ਨਹੀਂ ਹੋਈ ਹੈ। ਪਰ ਅੱਜ ਦੇ ਵਿਸ਼ਵੀਕਰਨ ਦੇ ਸੰਸਾਰ ਵਿਚ, ਪੁਨਰ-ਖੋਜ ਕੀਤੀ ਗਈ ਗਲੋਬਲ ਪੰਜਾਬੀ ਪਛਾਣ ਨੂੰ ਗਲੋਬਲ ਹਿੰਦੂਵਾਦ, ਗਲੋਬਲ ਸਿੱਖਵਾਦ, ਗਲੋਬਲ ਇਸਲਾਮ ਅਤੇ ਗਲੋਬਲ ਇਸਾਈਅਤ ਨਾਲ ਮੁਕਾਬਲਾ ਕਰਨਾ ਪਵੇਗਾ। ਭਾਰਤ ਹੋਵੇ ਭਾਵੇਂ ਪਾਕਿਸਤਾਨ ਜਾਂ ਫਿਰ ਡਾਇਸਪੋਰਾ, ਪੰਜਾਬੀ ਪਛਾਣ ਅਤੇ ਵਿਸ਼ਵੀਕ੍ਰਿਤ ਧਰਮ ਵਿਚਾਲੇ ਮੁਕਾਬਲੇ ਵਿਚ ਇਕ ਪਾਸੇ ਭਾਸ਼ਾ ਤੇ ਸਭਿਆਚਾਰ ਅਤੇ ਦੂਜੇ ਪਾਸੇ ਧਰਮ ਵਿਚਾਲੇ ਪੁਰਾਣਾ ਮੁਕਾਬਲਾ ਮੁੜ ਦੁਹਰਾਇਆ ਜਾ ਰਿਹਾ ਹੈ। ਧਰਮ ਭਾਸ਼ਾ ਤੇ ਸਭਿਆਚਾਰ ਨੂੰ ਆਦਮਖ਼ੋਰ ਬਣਾ ਸਕਦਾ ਹੈ, ਪਰ ਓਨੀ ਹੀ ਜ਼ੋਰਦਾਰ ਢੰਗ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਲੋਕਾਂ ਦੀਆਂ ਭਾਸ਼ਾਈ ਸਾਂਝਾਂ ਅਤੇ ਸਭਿਆਚਾਰ ਤੰਦਾਂ ਇੰਨੀਆਂ ਹੰਢਣਸਾਰ ਮਜ਼ਬੂਤੀ ਤੇ ਪ੍ਰਚੰਡਤਾ ਵਾਲੀਆਂ ਹਨ ਕਿ ਉਹ ਧਾਰਮਿਕ ਵੱਖਵਾਦ ਦੀ ਚੁਣੌਤੀ ਨੂੰ ਉਲੰਘ ਸਕਦੇ ਹਨ। ਜਦੋਂ ਤੱਕ ਪੰਜਾਬੀ ਭਾਸ਼ਾ ਜਿਊਂਦੀ ਤੇ ਚੜ੍ਹਦੀ ਕਲਾ ਵਿਚ ਹੈ, ਉਦੋਂ ਤੱਕ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਪਛਾਣ ਦੀ ਉਮੀਦ ਹਮੇਸ਼ਾ ਬਣੀ ਰਹੇਗੀ (ਕਵੈਂਟਰੀ, 2008)। ਭਾਸ਼ਾਵਾਂ ਮਰਦੀਆਂ ਹਨ ਪਰ ਪੰਜਾਬੀ ਭਾਸ਼ਾ ਦਾ ਲੰਮਾ ਇਤਿਹਾਸ ਹੈ, ਇਸ ਦਾ ਅਤਿ-ਵਿਕਸਿਤ ਸਾਹਿਤ ਹੈ ਅਤੇ ਨਾ ਸਿਰਫ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿਚ ਬਲਕਿ ਦੁਨੀਆਂ ਦੇ ਲਗਪਗ ਹਰ ਮਹਾਂਦੀਪ ਵਿਚ (ਜੇ ਪੜ੍ਹੀ ਤੇ ਲਿਖੀ ਨਹੀਂ ਵੀ ਜਾਂਦੀ) ਇਹ ਕਈ ਲੱਖ ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਵਿਸ਼ਵੀਕਰਨ ਪੰਜਾਬੀ ਭਾਸ਼ਾ ਲਈ ਖ਼ਤਰਨਾਕ ਰੁਝਾਣ ਪੈਦਾ ਕਰ ਸਕਦਾ ਹੈ ਪਰ ਨਾ ਸਿਰਫ ਪੰਜਾਬੀ ਭਾਸ਼ਾ ਬਲਕਿ ਵੰਨ-ਸੁਵੰਨੇ ਪੰਜਾਬੀ ਕਲਾ ਰੂਪਾਂ ਦੇ ਵਿਕਾਸ

ਲਈ ਉਸੇ ਪੱਧਰ ਦੀ ਨਵੀਂ ਦਿਲਚਸਪੀ ਅਤੇ ਨਵੇਂ ਮੌਕੇ ਪੈਦਾ ਕਰ ਸਕਦਾ ਹੈ। ਮੈਂ ਇੱਥੇ ਇਹ ਵੀ ਜੋੜਨਾ ਚਾਹਾਂਗਾ ਕਿ ਜੇ ਕੋਈ ਇਹ ਦਲੀਲ ਦਿੰਦਾ ਹੈ ਕਿ ਵਿਸ਼ਵੀਕਰਨ ਕੋਈ ਮੌਕੇ ਪੈਦਾ ਨਹੀਂ ਕਰੇਗਾ ਸਿਰਫ਼ ਖ਼ਤਰੇ ਹੀ ਪੈਦਾ ਕਰੇਗਾ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਭਵਿੱਖ ਦੀ ਘਾੜਤ ਸਿਰਫ ਵਿਸ਼ਵੀਕਰਨ ਹੀ ਕਰੇਗਾ। ਮੈਂ ਇਸ ਗੱਲ ’ਤੇ ਜ਼ਿਆਦਾ ਜ਼ੋਰ ਦੇਣਾ ਚਾਹੁੰਦਾ ਹਾਂ ਕਿਉਂਕਿ ਇਸ ਖੋਜ-ਪੱਤਰ ਵਿਚ ਇਹ ਗੱਲ ਪੂਰੀ ਤਰ੍ਹਾਂ ਉਭਰ ਨਹੀਂ ਸਕੀ ਕਿ ਵਿਸ਼ਵੀਕਰਨ ਦੀ ਤਾਕਤ ਦੀਆਂ ਵੀ ਸੀਮਾਵਾਂ ਹਨ। ਸਮਾਜਾਂ ਦਾ ਇਤਿਹਾਸ, ਜਿਸ ਵਿਚ ਭਾਸ਼ਾਈ ਸਮਾਜਕ ਸਮੂਹ ਵੀ ਸ਼ਾਮਲ ਹਨ, ਵਿਸ਼ਵੀਕਰਨ ਵਰਗੀਆਂ ਬਾਹਰੀ ਤਾਕਤਾਂ ਨੇ ਹੀ ਨਹੀਂ ਘੜਿਆ। ਇਹ ਅੰਦਰੂਨੀ ਮਜ਼ਬੂਤੀ ਅਤੇ ਸਮਾਜਾਂ ਤੇ ਭਾਸ਼ਾਈ ਸਮਾਜਕ ਸਮੂਹਾਂ ਦੀ ਸ਼ਕਤੀ ਨਾਲ ਵੀ ਆਪਣਾ ਰੂਪ ਅਖ਼ਤਿਆਰ ਕਰਦਾ ਰਿਹਾ ਹੈ।

ਉੱਪਰ ਮੈਂ ਧਰਮ ਅਤੇ ਭਾਸ਼ਾ ਵਿਚਾਲੇ ਜਿਸ ਟਕਰਾਅ ਦਾ ਜ਼ਿਕਰ ਕੀਤਾ ਹੈ ਇਸ ਵਿਚ ਵਿਸ਼ਵੀਕਰਨ ਦੀ ਭੂਮਿਕਾ ਸਪੱਸ਼ਟ ਨਹੀਂ ਹੈ। ਵਿਸ਼ਵੀਕਰਨ ਖ਼ਤਰੇ ਅਤੇ ਮੌਕੇ ਦਾ ਜੋ ਵਰਤਾਰਾ ਭਾਸ਼ਾ ਲਈ ਪੈਦਾ ਕਰਦਾ ਹੈ ਉਹ ਧਰਮ ’ਤੇ ਵੀ ਹੂਬਹੂ ਲਾਗੂ ਹੁੰਦਾ ਹੈ। ਪੰਜਾਬੀ ਭਾਸ਼ਾ ਦੇ ਮਾਮਲੇ ਵਿਚ ਇਹ ਸੱਚਾਈ ਕਿ ਇਕ ਪੰਜਾਬੀ ਬੋਲਣ ਵਾਲਾ ਸੂਬਾ ਮੌਜੂਦ ਹੈ (ਭਾਵੇਂ ਭਾਰਤ ਸੰਘੀ ਢਾਂਚੇ ਦਾ ਹਿੱਸਾ ਹੋਣ ਕਰਕੇ ਇਸ ਦੀਆਂ ਤਾਕਤਾਂ ਸੀਮਿਤ ਹਨ) ਜਿਸ ਦਾ ਆਧਾਰ ਪੰਜਾਬੀ ਭਾਸ਼ਾ ਹੈ ਜਿਸ ਦਾ ਅਰਥ ਹੈ ਵਿਸ਼ਵੀਕਰਨ ਦੀ ਕੋਈ ਵੀ ਤਾਕਤ ਇਸ ਭਾਸ਼ਾ ਨੂੰ ਮਿਟਾ ਨਹੀਂ ਸਕਦੀ। ਮੈਂ ਕਦੇ ਵੀ ਇਹ ਕਲਪਨਾ ਨਹੀਂ ਕਰ ਸਕਦਾ ਕਿ ਭਾਰਤੀ ਪੰਜਾਬ ਦੇ ਦੋ ਕਰੋੜ ਤੋਂ ਜ਼ਿਆਦਾ ਵਾਸੀ ਅਮਰੀਕਾ ਵੱਲੋਂ ਆਰੰਭੇ ਗਏ ਵਿਸ਼ਵੀਕਰਨ ਦੀ ਅੰਗਰੇਜ਼ੀ ਅਤੇ ਹਿੰਦੀ ਨਾਲ ਚਲਾਈ ਜਾ ਰਹੀ ਭਾਰਤੀ ਤਾਨਾਸ਼ਾਹੀ ਦੇ ਬਰਾਬਰ ਦੀ ਤਾਕਤ ਬਣਨ ਵਾਸਤੇ ਅੰਗਰੇਜ਼ੀ ਜਾਂ ਹਿੰਦੀ ਬੋਲਣ ਲੱਗ ਜਾਣਗੇ। ਵਿਸ਼ਵੀਕਰਨ ਦੀਆਂ ਸਾਰੀਆਂ ਆਰਥਕ ਖਿੱਚਾਂ ਅਤੇ ਹਿੰਦੀ ਤਾਨਾਸ਼ਾਹੀ ਦੀ ਤਾਕਤ ਦੇ ਬਾਵਜੂਦ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਵਧ-ਫੁੱਲ ਰਹੀ ਹੈ। ਪੰਜਾਬੀ ਅਖ਼ਬਾਰਾਂ ਦੀ ਲਗਾਤਾਰ ਵਧਦੀ ਛਪਣ ਗਿਣਤੀ ਪੰਜਾਬੀ ਭਾਸ਼ਾ ਦੀ ਬਹੁਰੰਗੀ ਜੀਵਨ ਸ਼ਕਤੀ ਦੇ ਅਨੇਕ ਕਾਰਕਾਂ ਵਿਚੋਂ ਇਕ ਸੰਕੇਤ ਮਾਤਰ ਹੈ।[11] ਪਾਕਿਸਤਾਨ ਵਿਚ ਸ਼ਾਇਦ ਜੇ ਕੋਈ ਮਿਲਦਾ ਹੋਵੇ ਤਾਂ ਪੰਜਾਬੀ ਭਾਸ਼ਾ ਨੂੰ ਸਰਕਾਰ ਵੱਲੋਂ ਨਾਮਾਤਰ ਹੀ ਕੋਈ ਸਹਿਯੋਗ ਮਿਲਦਾ ਹੈ ਪਰ ਸੰਕੇਤ ਇਸ ਗੱਲ ਦੇ ਹਨ ਕਿ ਭਵਿੱਖ ਵਿਚ ਇਹ ਹਾਲਤ ਪੰਜਾਬੀ ਦੇ ਹੱਕ ਵਿਚ ਤਬਦੀਲ ਹੋਣ ਵਾਲੀ ਹੈ (ਅਈਅਰ, 2008)। ਪੰਜਾਬੀ ਡਾਇਸਪੋਰੇ ਵਿਚ ਪੰਜਾਬੀ ਭਾਸ਼ਾ ਪ੍ਰਤੀ ਦਿਲਚਸਪੀ ਲਾਜ਼ਮੀ ਤੌਰ ’ਤੇ ਵਧੀ ਹੈ ਭਾਵੇਂ ਕਿ ਇਹ ਬਹੁਤ ਜ਼ਿਆਦਾ ਨਹੀਂ ਹੈ। ਜੇ ਪੰਜਾਬੀ ਭਾਸ਼ਾ ਦੀ ਹਾਲਤ ਇਸ ਦੀ ਸਿਹਤਮੰਦ ਹੋਂਦ ਦਾ ਸੰਕੇਤ ਦਿੰਦੀ ਹੈ ਤਾਂ ਇਹ ਪੰਜਾਬੀ ਪਛਾਣ ਦੀ ਤਾਕਤ ਬਣੇ ਰਹਿਣ ਦਾ ਹਾਂ-ਪੱਖੀ ਸੰਕੇਤ ਹੈ। ਇਸ ਗੱਲ ਦਾ ਇਹ ਅਰਥ ਨਹੀਂ ਹੈ ਕਿ ਪੰਜਾਬੀ ਭਾਸ਼ਾ ਪੰਜਾਬੀ ਪਛਾਣ ਦੀ ਨਿਸ਼ਾਨਦੇਹੀ ਕਰਨ ਵਾਲਾ ਸਭ ਤੋਂ ਮਹਤੱਵਪੂਰਨ ਤੱਤ ਹੈ। ਇਹ ਸੰਭਵ ਹੈ ਕਿ ਸਾਂਝੇ ਪੰਜਾਬੀ ਸਭਿਆਚਾਰ ਜਿਸ ਨੂੰ ਪਰਿਭਾਸ਼ਤ ਕਰਨਾ ਮੁਸ਼ਕਿਲ ਹੋ ਸਕਦਾ ਹੈ ਪਰ ਹੰਢਾਏ ਗਏ ਤਜਰਬਿਆਂ ਵਿਚ ਪ੍ਰਤੱਖ ਰੂਪ ਵਿਚ ਮੌਜੂਦ ਹੋਣ ਕਰਕੇ ਪੰਜਾਬੀ ਪਛਾਣ ਦਾ ਪ੍ਰਮੁੱਖ ਪਛਾਣ ਚਿੰਨ੍ਹ ਹੋ ਸਕਦਾ ਹੈ। ਸਾਂਝੇ ਪੰਜਾਬੀ ਸਭਿਆਚਾਰ ਦੇ ਨਾਲ-ਨਾਲ, ਪੰਜਾਬੀ ਭਾਸ਼ਾ ਪੰਜਾਬੀ ਪਛਾਣ ਦਾ ਮਹਤੱਵਪੂਰਨ ਪਛਾਣ ਚਿੰਨ੍ਹ ਬਣੀ ਰਹੇਗੀ। ਹਾਲੇ ਤੱਕ ਇਸ ਗੱਲ ਦਾ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ ਕਿ ਵਿਸ਼ਵੀਕਰਨ ਦੀਆਂ ਤਾਕਤਾਂ ਨੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਤਰੱਕੀ ਨੂੰ ਕੋਈ ਨੁਕਸਾਨ ਪਹੁੰਚਾਇਆ ਹੈ। ਉਂਝ ਭਵਿੱਖ ਵਿਚ ਵਿਸ਼ਵੀਕਰਨ ਦੇ ਸੰਦਰਭ ਵਿਚ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਪਛਾਣ ਨੂੰ ਲਗਾਤਾਰ ਆਦਾਨ-ਪ੍ਰਦਾਨ, ਵਿਰੋਧ, ਸਹਿਯੋਗ, ਹੇਰ-ਫੇਰ ਵਿਚ ਪਛਾੜਨਾ ਅਤੇ ਵਿਸ਼ਵੀਕਰਨ ਦੀਆਂ ਆਪਾ-ਵਿਰੋਧੀ ਤਾਕਤਾਂ ਦੀ ਵਰਤੋਂ ਕਰਦੇ ਰਹਿਣਾ ਹੋਵੇਗਾ। ਵਿਸ਼ਵੀਕਰਨਤਾ ਦੇ ਸੰਦਰਭ ਵਿਚ ਪੰਜਾਬੀ ਪਛਾਣ ਨੂੰ ਨਾ ਸਿਰਫ਼ ਆਪਣੀ ਹੋਂਦ ਬਚਾਈ ਰੱਖਣ ਲਈ ਬਲਕਿ ਆਪਣੀ ਹੋਰ ਜ਼ਿਆਦਾ ਸਮੁੱਚਤਾ ਅਤੇ ਵਾਧੇ ਵਾਸਤੇ ਆਪਣੇ ਆਪ ਦੀ ਪੁਨਰ-ਸਥਾਪਨਾ ਅਤੇ ਪੁਨਰ-ਖੋਜ ਕਰਦੇ ਰਹਿਣਾ ਲਾਜ਼ਮੀ ਹੋਵੇਗਾ।

## ਸਾਰ-ਤੱਤ ਅਤੇ ਸਿੱਟਾ

ਪੰਜਾਬੀ ਪਛਾਣ ਦਾ ਪਿਛੋਕੜ ਬਹੁਤ ਪੁਰਾਣਾ ਹੈ। ਇਹ ਰਲੇਵੇਂ ਅਤੇ ਟੋਟੇ-ਟੋਟੇ ਹੋਣ ਦੇ ਕਈ ਪੜਾਵਾਂ ਵਿਚੋਂ ਲੰਘੀ ਹੈ। 1799 ਤੋਂ 1849 ਦੌਰਾਨ ਪ੍ਰਭੂਸੱਤਾ ਵਾਲੇ ਪੰਜਾਬੀ ਰਾਜ ਦੀ ਸਥਾਪਨਾ ਦੇ ਨਾਲ ਇਹ ਆਪਣੇ ਸਿਖਰ ਤੱਕ ਪਹੁੰਚੀ। ਇਸ ਪ੍ਰਭੂਸੱਤਾ ਵਾਲੇ ਰਾਜ ਦਾ ਵਧਦੇ ਅੰਗਰੇਜ਼ੀ ਸਾਮਰਾਜ ਵਿਚ ਰਲੇਵਾਂ ਹੋਣ ਨਾਲ ਵਿਸ਼ਵੀਕਰਨ ਦੀ ਸ਼ੁਰੂਆਤੀ ਆਮਦ ਹੋਈ ਜਿਸ ਨੇ ਪੰਜਾਬੀ ਪਛਾਣ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਭਾਵੇਂ

ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਅਠਾਨਵੇਂ ਸਾਲਾਂ ਦੌਰਾਨ ਟੁੱਟਣ ਅਤੇ ਰਲੇਵੇਂ ਦੇ ਆਪਾ-ਵਿਰੋਧੀ ਰੁਝਾਣ ਮੌਜੂਦ ਸਨ, ਅਖ਼ੀਰ ਬਸਤੀਵਾਦ ਦਾ ਪਤਨ ਪੰਜਾਬ ਤੇ ਪੰਜਾਬੀ ਪਛਾਣ ਦੀ ਦਰਦਨਾਕ ਵੰਡ ਤੱਕ ਪਹੁੰਚ ਗਿਆ। ਪੰਜਾਬੀਆਂ ਨੇ ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਡਾਇਸਪੋਰਾ ਵਿਚ ਆਪਣੀਆਂ ਨਵੀਆਂ ਪਛਾਣਾਂ ਨੂੰ ਅਪਣਾ ਲਿਆ। ਡਾਇਸਪੋਰਕ ਤਜਰਬੇ ਨੇ ਕੌਮੀ ਰਾਜਾਂ ਦੀਆਂ ਸਰਹੱਦਾਂ ਤੋਂ ਉੱਪਰ ਉੱਠ ਜਾਣ ਵਾਲੀ ਗਲੋਬਲ ਪੰਜਾਬੀ ਪਛਾਣ ਦੇ ਰੂਪ ਵਿਚ ਪੰਜਾਬੀ ਪਛਾਣ ਦੀ ਮੁੜ-ਸੁਰਜੀਤੀ ਦੀਆਂ ਸੰਭਾਵਨਾਵਾਂ ਵਧਾ ਦਿੱਤੀਆਂ। ਡਾਇਸਪੋਰਾ ਆਪਣੇ-ਆਪ ਵਿਚ ਕਈ ਵਰਗਾਂ ਵਿਚ ਵੰਡੀ ਹੋਈ ਇਕਾਈ ਹੈ। ਬੁੱਧੀਜੀਵੀ ਡਾਇਸਪੋਰਾ, ਡਾਇਸਪੋਰਾ ਦਾ ਕੁਲੀਨ ਵਰਗ ਅਤੇ ਸਮਾਜਵਾਦੀ ਕੌਮਾਂਤਰੀਵਾਦ ਤੋਂ ਪ੍ਰੇਰਿਤ ਡਾਇਸਪੋਰਾ ਦੇ ਸਿਆਸੀ ਤੌਰ ’ਤੇ ਪ੍ਰਗਤੀਵਾਦੀ ਵਰਗਾਂ ਨੇ ਗਲੋਬਲ ਪੰਜਾਬੀ ਪਛਾਣ ਦੀਆਂ ਅਕਾਂਖਿਆਵਾਂ ਦਾ ਪ੍ਰਗਟਾਵਾ ਕੀਤਾ। ਡਾਇਸਪੋਰਾ ਦਾ ਵੱਡਾ ਹਿੱਸਾ ਸਮਾਜਕ ਜੀਵਨ ਵਿਚ ਮੇਲ-ਜੋਲ ਦੇ ਮਹਤੱਵਪੂਰਨ ਸਾਧਨ ਵੱਜੋਂ ਅੱਜ ਵੀ ਧਰਮ ’ਤੇ ਨਿਰਭਰ ਚੱਲਿਆ ਆ ਰਿਹਾ ਹੈ। ਇਸ ਨੇ ਵਿਸ਼ਵੀਕ੍ਰਿਤ ਧਾਰਮਿਕ ਦ੍ਰਿਸ਼ਟੀ ਨੂੰ ਹੁਲਾਰਾ ਦਿੱਤਾ ਹੈ ਜੋ ਪੰਜਾਬੀ ਪਛਾਣ ਨੂੰ ਘਟਾ ਕੇ ਵੇਖਦੀ ਹੈ। ਬਾਵਜੂਦ ਇਸਦੇ, ਪੰਜਾਬੀ ਡਾਇਸਪੋਰਾ ਦੀਆਂ ਨਵੀਆਂ ਪੀੜ੍ਹੀਆਂ ਹਾਈਬ੍ਰਿਡ ਸੰਗੀਤ ਅਤੇ ਕਲਾ ਰੂਪਾਂ ਰਾਹੀਂ ਪੰਜਾਬੀ ਪਛਾਣ ਦੀ ਪੁਨਰ-ਖੋਜ ਕਰ ਰਹੀਆਂ ਹਨ।

ਪੰਜਾਬੀ ਭਾਸ਼ਾ ਪੰਜਾਬੀ ਪਛਾਣ ਦਾ ਮਹਤੱਵਪੂਰਨ ਪਛਾਣ-ਚਿੰਨ੍ਹ ਬਣੀ ਹੋਈ ਹੈ। ਵੱਖ-ਵੱਖ ਵਿਚਾਰਧਾਰਕ ਅਤੇ ਸਭਿਆਚਾਰਕ ਤਾਨਾਸ਼ਾਹੀਆਂ ਕਰਕੇ ਭਾਰਤ, ਪਾਕਿਸਤਾਨ ਅਤੇ ਡਾਇਸਪੋਰਾ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਇਕ ਅਸਾਵਾਂ ਵਰਤਾਰਾ ਹੈ। 1966 ਵਿਚ ਪੰਜਾਬੀ ਬੋਲਣ ਵਾਲਾ ਸੂਬਾ ਬਣਨ ਤੋਂ ਬਾਅਦ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਜਿਸ ਤਰ੍ਹਾਂ ਦਾ ਹੁਲਾਰਾ ਮਿਲਿਆ ਉਸ ਤਰ੍ਹਾਂ ਦਾ ਹੁਲਾਰਾ ਪਾਕਿਸਤਾਨ ਵਿਚ ਨਹੀਂ ਮਿਲਿਆ ਬਲਕਿ ਸੱਤਾ ਤੇ ਫ਼ੌਜੀ ਤਾਕਤ ’ਤੇ ਕਾਬਜ਼ ਪੰਜਾਬੀ ਕੁਲੀਨ ਵਰਗ ਜਿਸ ਨੂੰ ਆਪਣੇ ਆਪ ਦੀ ਪਛਾਣ ਸਮੇਤ ਖੇਤਰੀ ਪਛਾਣਾਂ ਨੂੰ ਨਿਰ-ਉਤਸ਼ਾਹਤ ਕਰਨਾ ਉਨ੍ਹਾਂ ਦੇ ਕੇਂਦਰੀਕ੍ਰਿਤ ਸੱਤਾ ਢਾਂਚੇ ਨੂੰ ਕਾਇਮ ਰੱਖਣ ਲਈ ਸਾਜ਼ਗਾਰ ਲੱਗਦਾ ਹੈ, ਉਸ ਨੇ ਪੰਜਾਬੀ ਭਾਸ਼ਾ ਤੇ ਪਛਾਣ ਨੂੰ ਪਿੱਛੇ ਹੀ ਧੱਕਿਆ ਹੈ। ਭਾਵੇਂ ਇਸ ਗੱਲ ਦਾ ਕੋਈ ਸਪੱਸ਼ਟ ਪ੍ਰਮਾਣ ਨਹੀਂ ਮਿਲਦਾ ਕਿ ਵਿਸ਼ਵੀਕਰਨ ਨੇ, ਸਮੁੱਚੇ ਰੂਪ ਵਿਚ, ਪੰਜਾਬੀ ਭਾਸ਼ਾ ਦੇ ਨਿਘਾਰ ਜਾਂ ਵਿਕਾਸ ਵਿਚ ਕੋਈ ਭੂਮਿਕਾ ਨਿਭਾਈ ਹੈ, ਪੰਜਾਬੀ ਪਛਾਣ ਨੂੰ ਵਿਸ਼ਵੀਕਰਨ ਦੁਆਰਾ ਖੁੱਲ੍ਹੀਆਂ ਛੱਡੀਆਂ ਸਭਿਆਚਾਰਕ ਤੇ ਆਰਥਕ ਤਾਕਤਾਂ ਨਾਲ ਲਗਾਤਾਰ ਪੁਨਰ-ਸਮਝੌਤਾ ਕਰਦੇ ਰਹਿਣ ਦੀ ਲੋੜ ਹੈ। ਪੰਜਾਬੀ ਪਛਾਣ ਦੀ ਹੋਂਦ ਨੂੰ ਨਾ ਸਿਰਫ ਬਚਾਈ ਰੱਖਣ ਲਈ ਬਲਕਿ ਇਸ ਨੂੰ ਪ੍ਰਫੁੱਲਿਤ ਕਰਨ ਵਾਸਤੇ ਇਹ ਪੁਨਰ-ਸਮਝੌਤਾ ਪੰਜਾਬੀ ਪਛਾਣ ਨੂੰ ਨਵਿਆਉਣ, ਪੁਨਰ-ਸਥਾਪਨ ਅਤੇ ਪੁਨਰ-ਖੋਜ ਕਰਨ ਲਈ ਲਾਜ਼ਮੀ ਹੈ।

{ਆਭਾਰ: ਇਹ ਖੋਜ-ਪੱਤਰ ਕਈ ਦੋਸਤਾਂ ਨਾਲ ਵਿਚਾਰ-ਚਰਚਾਵਾਂ ਕਰਕੇ ਲਿਖਿਆ ਜਾ ਸਕਿਆ ਹੈ, ਪਰ ਮੈਂ ਇਸ ਦੇ ਖਰੜੇ ਨੂੰ ਬਹੁਤ ਧਿਆਨ ਨਾਲ ਪੜ੍ਹਨ ਤੇ ਵਿਸਤਾਰ ਸਹਿਤ ਟਿੱਪਣੀਆਂ ਕਰਨ ਲਈ ਸ਼ਿੰਦਰ ਥਾਂਦੀ, ਇਸ ਪਰਚੇ ਦਾ ਪਹਿਲਾ ਸੰਸਕਰਣ ਲਿਖਣ ਦਾ ਮਹਤੱਵਪੂਰਨ ਪ੍ਰੇਰਨਾ ਸਰੋਤ ਬਣਨ ਲਈ ਭੁਪਿੰਦਰ ਬਰਾੜ ਦਾ ਜ਼ਿਕਰ ਵਿਸ਼ੇਸ਼ ਧੰਨਵਾਦ ਸਮੇਤ ਕਰਾਂਗਾ। ਇਸ ਤੋਂ ਪਹਿਲੇ ਖਰੜੇ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਲਈ ਇਸ਼ਤਿਆਕ ਅਹਿਮਦ, ਗੈਰੀ ਬ੍ਰਾਊਨਿੰਗ, ਮੀਨਾ ਢਾਂਡਾ, ਡੋਰਿਸ ਜੈਕਬਸ਼ ਅਤੇ ਬਿੱਲ ਮੈਕੀਥ ਦਾ ਧੰਨਵਾਦ ਕਰਨਾ ਵੀ ਬਣਦਾ ਹੈ। ਨੋਟ: ਪ੍ਰੀਤਮ ਸਿੰਘ ਦਾ 2007 ਦਾ ਕਾਨਫ਼ਰੰਸ ਵਾਲਾ ਖੋਜ-ਪੱਤਰ ਹੁਣ ਸੋਧੇ ਹੋਏ ਸੰਸਕਰਣ ਦੇ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। Dr. Pritam Singh Competing nationalism in the contestations over Sikh rule in 1857, 2018}

## ਟਿੱਪਣੀਆਂ:

1. ਸਾਲ 1994 ਵਿਚ ਕਵੈਂਟਰੀ ਯੂਨੀਵਰਸਿਟੀ ਵਿਖੇ ਪੰਜਾਬੀ ਪਛਾਣ ਬਾਰੇ ਹੋਈ ਪਹਿਲੀ ਕੌਮਾਂਤਰੀ ਕਾਨਫਰੰਸ ਲਈ ਭੇਜੇ ਗਏ ਖੋਜ-ਪੱਤਰਾਂ ਦੇ ਸੰਗ੍ਰਹਿ ਦੇ ਰੂਪ ਵਿਚ ਪ੍ਰਕਾਸ਼ਿਤ ਹੋਈ ਪੁਸਤਕ ਨੇ 'ਐਕਸਪਲੋਰੇਸ਼ਨ' ਸ਼ਬਦ ਨੂੰ ਆਪਣੇ ਸਿਰਲੇਖ 'ਗਲੋਬਲਾਈਜ਼ੇਸ਼ਨ ਐਂਡ ਦ ਰੀਜਨ: ਐਕਸਪਲੋਰੇਸ਼ਨ ਇੰਨ ਪੰਜਾਬੀ ਆਇਡੈਂਟਟੀ' (ਸਿੰਘ ਤੇ ਥਾਂਦੀ, 1996) ਵਿਚ ਪ੍ਰਮੁੱਖਤਾ ਦਿੱਤੀ। ਇਸੇ ਪੁਸਤਕ ਦੇ ਸੋਧੇ ਹੋਏ ਸੰਸਕਣ ਦਾ ਸਿਰਲੇਖ 'ਗਲੋਬਲ ਸੰਦਰਭ ਵਿਚ ਪੰਜਾਬੀ ਪਛਾਣ' (ਸਿੰਘ ਤੇ ਥਾਂਦੀ, 1996) ਪੰਜਾਬੀ ਪਛਾਣ ਬਾਰੇ ਜ਼ਿਆਦਾ ਆਤਮ-ਵਿਸ਼ਵਾਸ ਨਾਲ ਭਰੇ ਪ੍ਰਵਚਨ ਹੋਣ ਦਾ ਸੰਕੇਤ ਦਿੰਦਾ ਹੈ। ਜਦੋਂ ਮੈਂ ਆਪਣੇ ਪ੍ਰਕਾਸ਼ਕ (ਅਕਸਫਰਡ ਯੂਨੀਵਰਸਿਟੀ ਪ੍ਰੈਸ) ਨੂੰ

ਸੁਝਾਅ ਦਿੱਤਾ ਕਿ ਸੋਧੇ ਹੋਏ ਸੰਸਕਰਣ ਦਾ ਸਿਰਲੇਖ ਪਹਿਲਾਂ ਵਾਲਾ ਹੀ ਰੱਖਿਆ ਜਾਣਾ ਚਾਹੀਦਾ ਸੀ ਤਾਂ ਪ੍ਰਕਾਸ਼ਨ ਵਾਲੀ ਟੀਮ ਜਦੋਂ ਮੇਰੇ ਕੋਲ ਫੇਰ ਆਈ ਤਾਂ ਉਸ ਕੋਲ ਜੋ ਜਨਤਕ ਰਾਇ ਪਹੁੰਚੀ ਸੀ। ਉਸ ਅਨੁਸਾਰ ਲੋਕਾਂ ਦੀ ਸਪੱਸ਼ਟ ਮੰਗ ਸੀ ਕਿ ਪੰਜਾਬੀ ਪਛਾਣ ਨੂੰ ਉਪ-ਸਿਰਲੇਖ ਦੀ ਬਜਾਇ ਮੁਖ ਸਿਰਲੇਖ ਵਿਚ ਰੱਖਿਆ ਜਾਣਾ ਚਾਹੀਦਾ ਹੈ। ਮੈਨੂੰ ਮਹਿਸੂਸ ਹੋਇਆ ਕਿ ਪਹਿਲੀ ਕੋਸ਼ਿਸ਼ (1996) ਵੇਲੇ ਪੰਜਾਬੀ ਪਛਾਣ ਦੀ ਖੋਜੀ ਬਿਰਤੀ ਨੇ ਵਿਸ਼ੇ ਪ੍ਰਤੀ ਝਿਜਕ ਵਾਲਾ ਨਜ਼ਰੀਆ ਹੋਣ ਦਾ ਸੰਕੇਤ ਦਿੱਤਾ ਜਦ ਕਿ ਦੂਜੀ ਕੋਸ਼ਿਸ਼ (1999) ਨਾਲ ਵਿਸ਼ੇ ਅਤੇ ਪੰਜਾਬੀ ਪਛਾਣ ਦੀ ਮੁਹਿੰਮ ਬਾਰੇ ਜ਼ਿਆਦਾ ਆਤਮ-ਵਿਸ਼ਵਾਸ ਭਰਿਆ ਨਜ਼ਰੀਆ ਵਿਕਸਿਤ ਹੋਇਆ। ਪੰਜਾਬੀ ਪਛਾਣ ਬਾਰੇ 'ਐਕਸਪਲੋਰ/ਖੋਜ" ਕਰਨ ਦੀ ਉਸ ਪਹਿਲੀ ਕੋਸ਼ਿਸ਼ ਤੋਂ ਹੀ ਵਿਸ਼ਵੀਕਰਨ ਦਾ ਪੱਧਰ ਕਾਫ਼ੀ ਵਧ ਗਿਆ ਹੈ ਅਤੇ ਭਾਵੇਂ ਇਹ ਹਾਲੇ ਵੀ ਕਈ ਨੁਕਤਿਆਂ ਤੋਂ ਸਵਾਲਾਂ ਦੇ ਘੇਰੇ ਵਿਚ ਆਉਂਦਾ ਹੈ ਜਦ ਕਿ ਇਹ ਨੁਕਤੇ ਆਪਣੇ ਆਪ ਵਿਚ ਇਕ-ਦੂਜੇ ਦੇ ਵਿਰੋਧੀ ਹੋ ਸਕਦੇ ਹਨ, ਪਰ ਪੰਜਾਬੀ ਪਛਾਣ ਦਾ ਵਿਚਾਰ ਪਹਿਲਾਂ ਨਾਲੋਂ ਲਾਜ਼ਮੀ ਤੌਰ ’ਤੇ ਜ਼ਿਆਦਾ ਵਜ਼ਨਦਾਰ ਅਤੇ ਪ੍ਰਵਾਨਿਤ ਹੋ ਗਿਆ ਹੈ (ਦੇਖੋ ਅਹਿਮਦ, 2007; ਜੋਦਕਾ, 1997; ਪੀ. ਸਿੰਘ, 1999, 2010)।

2. ਦ ਪੰਜਾਬ ਰੀਸਰਚ ਗਰੁੱਪ (ਪੀਆਰਜੀ), ਇਕ ਅਕਾਦਮਿਕ ਸਮੂਹ ਹੈ ਜਿਹੜਾ ਸਾਲ 1984 ਵਿਚ ਆਪਣੀ ਸਥਾਪਨਾ ਤੋਂ ਪੰਜਾਬ ਬਾਰੇ ਚੱਲ ਰਹੀ ਖੋਜ ਬਾਰੇ ਸੈਮੀਨਾਰ ਵਿਚਾਰ-ਚਰਚਾਵਾਂ ’ਤੇ ਕੇਂਦਰਿਤ ਹੈ, ਉਹ ਤਿੰਨ ਪੰਜਾਬਾਂ ਨੂੰ ਥੋੜ੍ਹੇ ਜਿਹੇ ਵੱਖਰੇ ਢੰਗ ਨਾਲ ਪਰਿਭਾਸ਼ਤ ਕਰਦਾ ਹੈ - 1947 ਤੋਂ ਪਹਿਲਾਂ ਦਾ ਇਤਿਹਾਸਕ ਪੰਜਾਬ, 1947 ਤੋਂ ਬਾਅਦ ਦਾ ਦੋ ਕੌਮੀ ਰਾਜਾਂ ਭਾਰਤ ਅਤੇ ਪਾਕਿਸਤਾਨੀ ਵਿਚ ਵੰਡਿਆ ਪੰਜਾਬ ਅਤੇ ਡਾਇਸਪੋਰਿਕ ਪੰਜਾਬ। ਦ ਐਸੋਸੀਏਸ਼ਨ ਫਾਰ ਪੰਜਾਬ ਸਟਡੀਜ਼ (ਯੂਕੇ) ਨੇ ਸੰਨ 1994 ਵਿਚ ਇਕ ਖੋਜ-ਰਸਲਾ 'ਇੰਟਰਨੈਸ਼ਨ ਜਰਨਲ ਆਫ਼ ਪੰਜਾਬ ਸਟਡੀਜ਼' ਸ਼ੁਰੂ ਕੀਤਾ ਜਿਹੜਾ ਪੰਜਾਬ ਦੀਆਂ ਉਪਰੋਕਤ ਸ਼੍ਰੇਣੀਆਂ ਨੂੰ ਹੀ ਦਰਜ ਕਰਦਾ ਹੈ। ਖੋਜ-ਰਸਾਲੇ ਦੀ ਜਾਣ-ਪਛਾਣ ਵਿਚ ਲਿਖਿਆ ਹੈ: "ਦ ਇੰਟਰਨੈਸ਼ਨਲ ਜਰਨਲ ਆਫ ਪੰਜਾਬ ਸਟਡੀਜ਼ 1947 ਤੋਂ ਪਹਿਲਾਂ ਦੇ ਇਤਿਹਾਸਕ ਪੰਜਾਬ, 1947 ਤੋਂ ਬਾਅਦ ਵਾਲੇ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਅਤੇ ਪੰਜਾਬੀ ਡਾਇਸਪੋਰਾ ਬਾਰੇ ਕੌਮਾਂਤਰੀ ਅਤੇ ਤੁਲਾਨਾਤਮਕ ਖੋਜ ਪੇਸ਼ ਕਰਦਾ ਹੈ। " ਸੰਨ 2005 ਵਿਚ ਐਸੋਸੀਏਸ਼ਨ ਆਫ ਪੰਜਾਬ ਸਟਡੀਜ਼ (ਯੂਕੇ) ਅਤੇ ਸੈਂਟਰ ਫਾਰ ਸਿੱਖ ਐਂਡ ਪੰਜਾਬ ਸਟਡੀਜ਼, ਕੈਲੀਫੋਰਨੀਆ ਯੂਨੀਵਰਸਿਟੀ, ਸਾਂਤਾ ਬਾਰਬਰਾ (ਅਮਰੀਕਾ) ਦੇ ਸਾਂਝੇ ਪ੍ਰੋਜੈਕਟ ਵੱਜੋਂ ਇਸ ਖੋਜ-ਰਸਾਲੇ ਦਾ ਨਾਮ ਬਦਲ ਕੇ 'ਜਰਨਲ ਆਫ਼ ਪੰਜਾਬ ਸਟਡੀਜ਼' ਕਰ ਦਿੱਤਾ ਗਿਆ, ਜੋ ਪੰਜਾਬ ਦੇ ਇਤਿਹਾਸ ਅਤੇ ਭੂਗੋਲ ਨੂੰ ਉਭਾਰ ਕੇ ਇਸ ਨੂੰ ਇਕ ਖੇਤਰ ਦੇ ਰੂਪ ਵਿਚ ਪਰਿਭਾਸ਼ਤ ਕਰਦਾ ਹੈ। ਇਸ ਦੀ ਜਾਣ-ਪਛਾਣ ਵਿਚ ਲਿਖਿਆ ਹੈ, "ਅੰਮ੍ਰਿਤਸਰ ਤੇ ਲਾਹੌਰ ਦੇ ਆਲੇ-ਦੁਆਲੇ ਕੇਂਦਰਿਤ, ਪੰਜਾਬ ਦਾ ਖੇਤਰ ਦੱਖਣ-ਪੂਰਬ ਵਿਚ ਦਿੱਲੀ ਤੋਂ ਲੈ ਕੇ ਉੱਤਰ-ਪੱਛਮ ਵਿਚ ਪੇਸ਼ਾਵਰ ਤੱਕ ਫੈਲਿਆ ਹੋਇਆ ਹੈ ਅਤੇ ਭਾਰਤੀ ਉਪ-ਮਹਾਂਦੀਪ ਨੂੰ ਕੇਂਦਰੀ ਏਸ਼ੀਆ ਅਤੇ ਮਿਡਲ ਈਸਟ ਨਾਲ ਜੋੜਦਾ ਹੈ। ਸਿੰਧੂ ਘਾਟੀ ਦੀ ਸਭਿਅਤਾ ਨਾਲ ਆਰੰਭ ਹੋਏ ਇਸ ਖਿੱਤੇ ਨੇ ਭਾਰਤ ਦੀ ਸਭਿਆਚਾਰਕ, ਆਰਥਕ ਤੇ ਸਿਆਸੀ ਤਰੱਕੀ ਵਿਚ ਮਹਤੱਵਪੂਰਨ ਭੂਮਿਕਾ ਨਿਭਾਈ ਹੈ। " ਭਾਰਤੀ ਉਪ-ਮਹਾਂਦੀਪ ਵਿਚ ਖਿੱਤੇ ਵੱਜੋਂ ਭੂਗੋਲ ’ਤੇ ਕੇਂਦਰਿਤ ਇਸ ਪਰਿਭਾਸ਼ਾ ਦੇ ਨਾਲ, ਖੋਜ-ਰਸਾਲਾ ਸਿਰਫ਼ ਦੋ ਪੰਜਾਬਾਂ ਦੀ ਕਲਪਨਾ ਕਰਦਾ ਹੈ: "ਦ ਜਰਨਲ ਆਫ ਪੰਜਾਬ ਸਟਡੀਜ਼ ਪੰਜਾਬ ਦੇ ਖਿੱਤੇ ਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਬਾਰੇ ਅੰਤਰ-ਅਨੁਸ਼ਾਸਨੀ ਅਤੇ ਤੁਲਨਾਤਮਕ ਗਿਆਨ (ਜਾਂ ਅਧਿਐਨ) ਦਾ ਇਕ ਮੰਚ ਹੈ। " ਜੇ ਅਸੀਂ ਉਪਰੋਕਤ ਵੱਖ-ਵੱਖ ਵਿਆਖਿਆਵਾਂ ਨੂੰ ਮਿਲਾ ਲਈਏ ਤਾਂ ਅਸੀਂ ਚਾਰ ਪੰਜਾਬਾਂ ਤੱਕ ਪਹੁੰਚਦੇ ਹਾਂ - 1947 ਤੋਂ ਪਹਿਲਾਂ ਦਾ ਇਤਿਹਾਸਕ ਪੰਜਾਬ, 1947 ਤੋਂ ਬਾਅਦ ਦਾ ਭਾਰਤੀ ਪੰਜਾਬ, 1947 ਤੋਂ ਬਾਅਦ ਦਾ ਪਾਕਿਸਤਾਨੀ ਪੰਜਾਬ ਅਤੇ ਪੰਜਾਬੀ ਡਾਇਸਪੋਰਾ। ਪੰਜਾਬੀ ਪਛਾਣ ਦੀ ਵਿਭਿੰਨਤਾ ਅਤੇ ਏਕਤਾ ਨੂੰ ਪੂਰੀ ਤਰ੍ਹਾਂ ਸਮਝਣ ਲਈ ਅਸੀਂ ਇਕ ਪੰਜਵਾਂ ਆਯਾਮ ਵੀ ਸ਼ਾਮਲ ਕਰ ਸਕਦੇ ਹਾਂ - ਗਲੋਬਲ ਪੰਜਾਬੀ ਪਛਾਣ। ਗਲੋਬਲ ਪੰਜਾਬੀ ਪਛਾਣ ਡਾਇਸਪੋਰਿਕ ਪੰਜਾਬੀ ਪਛਾਣ ਤੋਂ ਜ਼ਿਆਦਾ ਵਸੀਹ ਹੈ। ਇਹ ਪਾਰ-ਖੇਤਰੀ ਪਛਾਣ ਹੈ। ਇਸ ਵਿਚ ਡਾਇਸਪੋਰਿਕ ਪੰਜਾਬੀ ਤਾਂ ਸ਼ਾਮਿਲ ਹਨ ਹੀ ਇਸ ਦੇ ਨਾਲ ਹੀ ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਭਾਰਤ ਤੇ ਪਾਕਿਸਤਾਨ ਦੇ ਦੂਜੇ ਸੂਬਿਆਂ ਵਿਚ ਵੱਸੇ ਪੰਜਾਬੀ ਵੀ ਸ਼ਾਮਲ ਹਨ। ਪੰਜਾਬੀਆਂ ਦਾ ਇਹ ਅਖ਼ੀਰਲਾ ਜੁੱਟ ਅੰਦਰੂਨੀ-ਡਾਇਸਪੋਰਾ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ - ਉਹ ਲੋਕ ਜੋ ਆਪਣੀ ਭਾਸ਼ਾਈ ਮਾਤ-ਭੂਮੀ ਤੋਂ ਦੂਰ ਰਹਿ ਰਹੇ ਹਨ ਪਰ ਹਾਲੇ ਵੀ ਉਸ ਖੇਤਰੀ ਸਥਾਨ ਅਤੇ ਕੌਮੀ ਰਾਜ ਵਿਚ ਮੌਜੂਦ ਹਨ ਜਿਸ ਦਾ ਹਿੱਸਾ ਉਨ੍ਹਾਂ ਦੀ ਮਾਤ-ਭੂਮੀ ਹੈ। ਪੰਜਾਬੀਅਤ ਦੇ ਵਿਚਾਰ ਬਾਰੇ ਚਰਚਾ

ਦੇਖਣ ਲਈ ਪੰਜਾਬ ਰੀਸਰਚ ਗਰੁੱਪ ਦੀ ਵੈਬਸਾਈਟ ਦੇ ਇਸ ਲਿੰਕ ’ਤੇ ਜਾਉ http://theprg.co.uk/2010/06/03/the-idea-ofpunjabiyat-by-pritam-singh/

3. ਜਾਤੀ ਆਧਾਰਤ ਵਰਣ-ਵੰਡ ਸਮਾਜਕ ਸੰਗਠਨ ਅਤੇ ਸਿਧਾਂਤਕ ਵਿਸ਼ਵ-ਦ੍ਰਿਸ਼ਟੀ ਦੋਵਾਂ ਦੇ ਰੂਪ ਵਿਚ ਇਕ ਵਿਲੱਖਣ ਅਤੇ ਵਿਸ਼ੇਸ਼ ਵਿਧੀ-ਵਿਧਾਨ ਹੈ ਜਿਹੜਾ ਹਿੰਦੂ ਸਭਿਅਤਾ ਦੇ ਵਿਕਾਸ ਨਾਲ ਸਥਾਪਿਤ ਹੋਇਆ। ਜਾਤ ਦਾ ਵਿਧੀ-ਵਿਧਾਨ ਹਿੰਦੂਵਾਦ ਨੂੰ ਇਕ ਵਿਲੱਖਣ ਪਛਾਣ ਪ੍ਰਦਾਨ ਕਰਦਾ ਹੈ। ਭਵਿੱਖ ਵਿਚ ਇਸ ਵਿਧੀ-ਵਿਧਾਨ ਦੇ ਮਜ਼ਬੂਤ ਹੋਣ, ਰੂਪ ਬਦਲਣ ਜਾਂ ਖੰਡਿਤ ਹੋਣ ਦੀਆਂ ਸੰਭਾਵਨਾਵਾਂ ਅਤੇ ਹਿੰਦੂਵਾਦ ਦੀ ਵਿਲੱਖਣ ਪਛਾਣ ਦੀਆਂ ਇਨ੍ਹਾਂ ਸਾਰੀਆਂ ਸੰਭਾਵਨਾਵਾਂ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ ਇਸ ਇਸ ਖੋਜ-ਪੱਤਰ ਦੇ ਦਾਇਰੇ ਤੋਂ ਬਾਹਰ ਦੀ ਗੱਲ ਹੈ। ਪੰਜਾਬੀ ਪਛਾਣ ਦੇ ਜਾਤੀਗਤ ਅਤੇ ਲਿੰਗਕ ਆਯਾਮ ਇਸ ਖੋਜ-ਪੱਤਰ ਵਿਚ ਵਿਚਾਰੇ ਨਹੀਂ ਗਏ ਹਨ। ਪੰਜਾਬੀ ਪ੍ਰਵਾਸੀ ਔਰਤਾਂ ਦੀ ਪਛਾਣ ਦੇ ਸੰਦਰਭ ਵਿਚ ਲਿੰਗ, ਪ੍ਰਵਾਸ ਅਤੇ ਵਿਸ਼ਵੀਕਰਨ ਨੂੰ ਸੰਯੁਕਤ ਰੂਪ ਵਿਚ ਵਾਚਣ ਲਈ ਬਚੂ (1999) ਦੀ ਲਿਖਤ ਵਾਚੋ। ਪੰਜਾਬੀ ਨੌਜਵਾਨਾਂ ਦੇ ਅੰਤਰ-ਨਿੱਜੀ ਰਿਸ਼ਤਿਆਂ ਵਿਚ ਜਾਤੀਗਤ ਪਛਾਣ ਦੀ ਚਲਦੀ ਆ ਰਹੀ ਪ੍ਰਸੰਗਿਕਤਾ ਅਤੇ ਜਾਤੀਵਾਦ ਪ੍ਰਤੀ ਦਲਿਤਾਂ ਵੱਲੋਂ ਪ੍ਰਤਿਕਿਰਿਆ ਦੇ ਪ੍ਰਗਟਾਵੇ ਦੇ ਢੰਗਾਂ ਬਾਰੇ ਜਾਣਨ ਲਈ ਢਾਂਡਾ (2009) ਦੀ ਲਿਖਤ ਵਾਚੋ।

4. ਫੈਲਦੇ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਨ ਤੋਂ ਪਹਿਲਾਂ ਪੰਜਾਬ ਪੰਜਾਹ ਸਾਲ (1799 ਤੋਂ 1849) ਇਕ ਸੁਤੰਤਰ ਪ੍ਰਭੂਸੱਤਾ ਵਾਲਾ ਰਾਜ ਰਿਹਾ ਹੈ (ਚੋਪੜਾ, 1960)। ਰਣਜੀਤ ਸਿੰਘ ਦੇ ਰਾਜ ਦੇ ਦੌਰਾਨ ਅਤੇ ਬਰਤਾਨਵੀ ਸਾਮਰਾਜ ਵਿਚ ਮਿਲਾਏ ਜਾਣ ਤੋਂ ਛੇਤੀ ਹੀ ਬਾਅਦ, ਉਸ ਦੇ ਰਾਜ ਨੂੰ ਸਾਰੇ ਪੰਜਾਬੀਆਂ ਵੱਲੋਂ ਪੰਜਾਬੀ ਰਾਜ ਵੱਜੋਂ ਦੇਖਿਆ ਜਾਂਦਾ ਸੀ ਅਤੇ ਉਸ ਨੂੰ 'ਸ਼ੇਰ-ਏ-ਪੰਜਾਬ' ਵੱਜੋਂ ਯਾਦ ਕੀਤਾ ਜਾਂਦਾ ਹੈ (ਖ਼ੁਸ਼ਵੰਤ ਸਿੰਘ, 1997)। ਬਾਅਦ ਵਿਚ ਪੰਜਾਬੀ ਪਛਾਣ ਦੇ ਵੱਖ-ਵੱਖ ਟੋਟਿਆਂ ਵਿਚ ਵੰਡੇ ਜਾਣ ਕਰਕੇ ਸਮੂਹਿਕ ਸਿਮਰਤੀ ਵਿਚ ਰਣਜੀਤ ਸਿੰਘ ਬਹਿਸ ਦਾ ਵਿਸ਼ਾ ਬਣ ਗਿਆ। ਇਕ ਪਾਸੇ, ਉਸ ਨੂੰ ਸਿੱਖ ਰਾਸ਼ਟਰਵਾਦੀ ਦੇ ਰੂਪ ਵਿਚ ਦਰਸਾਇਆ ਜਾਂਦਾ ਹੈ ਤਾਂ ਜੋ ਸਿੱਖਾਂ ਦਾ ਆਪਣੇ ਰਾਜ ਅਤੇ ਸਿਆਸੀ ਪ੍ਰਭੂਸੱਤਾ ਦਾ ਸੁਪਨਾ ਪੂਰਾ ਹੋ ਸਕੇ ਅਤੇ ਦੂਜੇ ਪਾਸੇ ਉਸ ਨੂੰ ਪੰਜਾਬੀ ਰਾਸ਼ਟਰਵਾਦੀਆਂ ਵੱਲੋਂ ਸਾਂਝੀ ਪੰਜਾਬੀ ਪਛਾਣ ਦੇ ਪ੍ਰਤੀਕ ਵੱਜੋਂ ਦੇਖਿਆ ਜਾਂਦਾ ਹੈ ਅਤੇ ਧਰਮ-ਨਿਰਪੱਖ ਪੰਜਾਬੀ ਸ਼ਾਸਕ ਵੱਜੋਂ ਸਲਾਹਿਆ ਜਾਂਦਾ ਹੈ। ਤਾਹਿਰ (1999) ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਪੰਜਾਬੀ ਸ਼ਾਇਰ ਕਾਦਰਯਾਰ (ਜਨਮ 1802) ਦੀ ਰਚਨਾ ਦਾ ਅਧਿਐਨ ਕਰਦਿਆਂ ਦਲੀਲ ਪੇਸ਼ ਕਰਦਾ ਹੈ ਕਿ ਕਵੀ ਰਣਜੀਤ ਸਿੰਘ ਦੀ ਸਲਤਨਤ ਨਾਲ ਪਛਾਣ ਆਪਣੀ ਵਾਰ ਰਾਹੀਂ ਕਰਵਾਉਂਦਾ ਹੈ ਜਿਸ ਵਿਚ ਸਿੱਖ ਯੋਧੇ ਹਰੀ ਸਿੰਘ ਨਲੂਏ ਦੀ ਪਠਾਣਾਂ ਤੇ ਅਫ਼ਗਾਨਾਂ ਖ਼ਿਲਾਫ਼ ਜੰਗਾਂ ਵਿਚ ਜਿੱਤਾਂ ਦੇ ਸੋਹਲੇ ਗਾਏ ਗਏ ਹਨ।

5. ਇਕ ਸਮੂਹਿਕ ਪਛਾਣ ਵਿਚ ਅੰਦਰੂਨੀ ਵਖਰੇਵੇਂ ਹੋਣ ਦੇ ਬਾਵਜੂਦ ਇਕ ਵਡੇਰੀ ਸਾਂਝ ਹੋਣ ਵਾਲਾ ਪੱਖ ਬ੍ਰਹਿਮੰਡੀ ਪ੍ਰਸੰਗਿਕਤਾ ਰੱਖਦਾ ਹੈ। ਮਿਸਾਲ ਵੱਜੋਂ ਲਿਓਨ ਟ੍ਰੋਟਸਕੀ ਦੇ ਪ੍ਰਸਿੱਧ ਜੀਵਨੀਕਾਰ ਦਿਉਚਰ (1980) ਨੇ ਲਿਖਿਆ ਹੈ ਕਿ ਭਾਵੇਂ ਸਟਾਲਿਨ ਦੇ ਰਾਜ ਵਿਚ ਰੂਸ ਦੀ ਕਿਸਾਨੀ ਅੰਦਰੂਨੀ ਪੱਧਰ ’ਤੇ ਵਖਰੇਵਿਆਂ ਨਾਲ ਭਰੀ ਹੋਈ ਸੀ, ਪਰ ਫਿਰ ਵੀ ਪੇਂਡੂ ਅਰਥਚਾਰੇ ਅੰਦਰ ਇਸ ਦੇ ਸਮਾਜਕ-ਆਰਥਕ ਜੀਵਨ ਵਿਚੋਂ ਪੈਦਾ ਹੋਈ ਇਸ ਦੀ ਜਮਾਤੀ ਏਕਤਾ ਸਟਾਲਿਨਵਾਦੀ ਸਮੂਹੀਕਰਨ ਦੇ ਖ਼ਿਲਾਫ਼ ਇਸ ਦੀ ਤਾਕਤ ਵੀ ਸੀ ਅਤੇ ਇਸ ਦੇ ਖ਼ਿਲਾਫ਼ ਵਰਤਾਈ ਗਈ ਸਟਾਲਨਵਾਦੀ ਦਹਿਸ਼ਤ ਦੀ ਅੱਤ ਦਾ ਕਾਰਨ ਵੀ ਸੀ।

6. ਧਰਮ ਅਤੇ ਧਾਰਮਿਕ ਵਖਰੇਵਿਆਂ ਨੂੰ ਪਛਾਣ ਦੇ ਦੂਜੇ ਚਿੰਨ੍ਹਾਂ ਤੋਂ ਇਸ ਹੱਦ ਤੱਕ ਵਧੇਰੇ ਤਰਜੀਹ ਦੇਣਾ ਗ਼ਲਤ ਹੋਵੇਗਾ ਕਿ ਸਾਂਝ ਪੈਦਾ ਕਰਨ ਵਾਲੇ ਸਾਰੇ ਤੱਤ ਇਨਕਾਰੀ ਹੋਣ ਦੇ ਬਿੰਦੂ ’ਤੇ ਕੇਂਦਰਿਤ ਹੋ ਜਾਣ। ਇਸ ਕਿਸਮ ਦੀ ਤਰਜੀਹ ਧਰਮ ਅਤੇ ਧਾਰਮਿਕ ਵਖਰੇਵਿਆਂ ਨੂੰ ਲਾਜ਼ਮੀ ਕਰਨ ਦੇ ਤੁੱਲ ਹੋਵੇਗੀ। ਉਹ ਦਲੀਲ ਜਿਹੜੀ ਵਾਜਿਬ ਤੌਰ ’ਤੇ ਧਾਰਮਿਕ ਵਖਰੇਵਿਆਂ ਦੇ ਮਹੱਤਵ ਨੂੰ ਉਭਾਰਦੀ ਹੈ ਪਰ, ਅਫ਼ਸੋਸ, ਧਾਰਮਿਕ ਵਖਰੇਵਿਆਂ ਅਤੇ ਪੰਜਾਬੀ ਪਛਾਣ ਦੀਆਂ ਸੰਭਾਵਨਾਵਾਂ ਤੋਂ ਇਨਕਾਰੀ ਹੋਣ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਇਕ ਆਵਸ਼ਕਤਾਵਾਦੀ ਨਜ਼ਰੀਏ ਨਾਲ ਦੇਖਦੀ ਹੈ, ਉਸ ਦੇ ਅਧਿਐਨ ਲਈ ਜੀ. ਸਿੰਘ (2006) ਦੀ ਖੋਜ ਵਾਚੋ। ਉਹ ਪਛਾਣ ਨੂੰ ਇੰਨੀ ਮਜ਼ਬੂਤੀ ਨਾਲ ਧਾਰਮਿਕ ਖੇਤਰ ਵਿਚ ਸਥਾਪਿਤ ਕਰਦੇ ਹਨ ਕਿ ਘਟੋ-ਘਟ ਪੰਜਾਬੀਆਂ ਦੇ ਮਾਮਲੇ ਵਿਚ, ਉਹ ਅਜਿਹੀ ਪੰਜਾਬੀ ਪਛਾਣ ਦੀ ਸੰਕਲਪਨਾ ਜਿਹੜੀ ਧਾਰਮਿਕ ਹੱਦਾਂ ਤੋਂ ਅਗਾਂਹ ਹੋਵੇ ਨੂੰ ਸਿਰਫ਼ ਇਕ ਖ਼ਾਮ-ਖ਼ਿਆਲੀ ਮੰਨਦੇ ਹਨ। ਇਸ ਕਿਸਮ ਦੀ ਆਵਸ਼ਕਤਾਵਾਦੀ ਦਲੀਲ ਠੀਕ ਨਹੀਂ ਹੈ

ਕਿਉਂਕਿ ਆਵਸ਼ਕਤਾਵਾਦ ਇਕਹਿਰਾ, ਘਟਾਉਵਾਦੀ ਅਤੇ ਸਾਧਾਰਨਤਾਵਾਦੀ ਹੁੰਦਾ ਹੈ। ਇਸ ਕਰਕੇ ਇਹ ਬਹੁ-ਪਰਤੀ, ਆਪਾ-ਵਿਰੋਧੀ ਅਤੇ ਮਨੁੱਖੀ ਹੋਂਦ ਅਤੇ ਅਨੁਭਵਾਂ ਦੇ ਗੁੰਝਲਦਾਰ ਸੁਭਾਅ ਨੂੰ ਸਮਝਣ ਵਿਚ ਅਸਮਰੱਥ ਹੁੰਦਾ ਹੈ। ਇਕ ਹੋਰ ਪੰਜਾਬੀ ਖੋਜਕਾਰ ਜਿਸ ਨੇ ਪੰਜਾਬ ਦੀ ਵੰਡ ਦੇ ਅਧਿਐਨ ਵਿਚ ਕਾਫ਼ੀ ਊਰਜਾ ਲਗਾਈ ਹੈ ਉਹ 1947 ਦੀ ਵੰਡ ਵੇਲੇ ਫ਼ਿਰਕੂ ਹਿੰਸਾ ਦੇ ਵਹਿਸ਼ੀਪੁਣੇ ਤੋਂ ਇਨ੍ਹਾਂ ਜ਼ਿਆਦਾ ਪ੍ਰਭਾਵਿਤ ਹੈ ਕਿ ਉਹ ਸਾਂਝੀ ਪੰਜਾਬੀ ਪਛਾਣ ਦੀ ਸੰਭਾਵਨਾ ਬਾਰੇ ਨਿਰਾਸ਼ਾਵਾਦੀ ਹੈ (ਅਹਿਮਦ 2012)। ਉਸ ਨੇ ਆਪਣਾ ਨਿਰਾਸ਼ਾਵਾਦ ਜ਼ਿਆਦਾ ਜ਼ੋਰਦਾਰ ਠੰਢ ਨਾਲ ਮੇਰੇ ਨਾਲ ਨਿੱਜੀ ਗੱਲਬਾਤ ਦੌਰਾਨ ਜ਼ਾਹਿਰ ਕੀਤਾ ਪਰ ਫਿਰ ਆਪਣੇ ਨਿਰਾਸ਼ਾਵਾਦ ਤੋਂ ਜਾਇਜ਼ ਸਾਬਤ ਕਰਨ ਲਈ ਆਸ਼ਾਵਾਦੀ ਸੁਰ ਵਿਚ ਕਹਿਣ ਲੱਗਾ ਕਿ ਸਾਨੂੰ ਪੰਜਾਬੀਆਂ ਨੂੰ 'ਉਨ੍ਹਾਂ {ਫ਼ਿਰਕੂ ਧਾਰਮਿਕ ਵੰਡਾਂ} ਨੂੰ ਫ਼ਲਸਫ਼ਾਨਾ ਅਤੇ ਨੈਤਿਕ ਰੂਪ ਮਾਤ ਦੇਣੀ ਪਵੇਗੀ ਅਤੇ ਕੀ ਪਤਾ ਇਕ ਦਿਨ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਸਾਡੀਆਂ ਪਿਛਲੀਆਂ ਪੀੜ੍ਹੀਆਂ ਤੇ ਸਾਡੇ ਤੋਂ ਜ਼ਿਆਦਾ ਸਿਆਣੀਆਂ ਹੋਣ' (ਈ-ਮੇਲ 24 ਸਤੰਬਰ 2012)। ਅਹਿਮਦ ਦਾ ਨਜ਼ਰੀਆ ਇਕ ਖੁੱਲ੍ਹੀਆਂ ਸੰਭਾਵਨਾਵਾਂ ਵਾਲੇ ਭਵਿੱਖ ਦਾ ਇਸ਼ਾਰਾ ਕਰਦਾ ਹੈ।

7. ਭਾਰਤੀ ਉਪ-ਮਹਾਂਦੀਪ ਦਾ ਪ੍ਰਸਿੱਧ ਜੀਵਨੀਕਾਰ ਸਪੇਟ ਪੰਜਾਬ ਦੇ ਦਰਿਆਵਾਂ ਨੂੰ ਇਸ ਦੇ ਵਿਲੱਖਣ ਪਛਾਣ ਚਿੰਨ੍ਹਾਂ ਵੱਜੋਂ ਰੇਖਾਂਕਿਤ ਕਰਦਾ ਹੈ: "ਪੱਛਮ ਤੋਂ ਪੂਰਬ ਵੱਲ ਪੰਜ ਦਰਿਆ ਜੇਹਲਮ, ਚੇਨਾਬ, ਰਾਵੀ, ਬਿਆਸ ਅਤੇ ਸਤਲੁਜ, ਜਿਨ੍ਹਾਂ ਤੋਂ ਇਸ ਸੂਬੇ ਦਾ ਨਾਮ ਰੱਖਿਆ ਗਿਆ ਅਤੇ ਇਸ ਨੂੰ ਦੱਖਣ-ਪੱਛਮ ਵਿਚ ਪੰਜਨਦ ਜਾਂ ਪੰਜ ਦਰਿਆਵਾਂ ਦੀ ਧਰਤੀ ਵੱਜੋਂ ਸਥਾਪਿਤ ਕੀਤਾ (ਸਪੇਟ ਅਤੇ ਲਰਨਮੰਥ 1972, ਪੰਨਾ 516)। ਖ਼ੁਸ਼ਵੰਤ ਸਿੰਘ ਸਮੁੱਚੇ ਰੂਪ ਵਿਚ ਪੰਜਾਬ ਦੀ ਭੂਗੋਲਿਕ ਏਕਤਾ ਵੱਲ ਇਸ਼ਾਰਾ ਕਰਦਾ ਹੈ ਜਿਸ ਤੋਂ ਇਸ ਨੂੰ ਇਕ ਅਜਿਹੀ ਪਛਾਣ ਮਿਲਦੀ ਜੋ ਗੁਆਂਢੀ ਦੇਸ਼ਾਂ ਅਤੇ ਬਾਕੀ ਭਾਰਤ ਤੋਂ ਵੱਖਰੀ ਸੀ (ਖ਼ੁਸ਼ਵੰਤ ਸਿੰਘ, 1999, ਪੰਨਾ 3)। ਸ਼ੈਕਲ (2003) ਦੀ ਖੋਜ ਵੀ ਵੇਖੋ।

8. ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਪਿੰਡਾਂ ਦੀਆਂ ਆਪਣੀਆਂ ਕਈ ਫੇਰੀਆਂ ਵਿਚ ਮੈਂ ਦੇਖਿਆ ਕਿ ਪੰਜਾਬੀ ਦਲਿਤ, ਜਿਨ੍ਹਾਂ ਦਾ ਇਕ ਵੱਡਾ ਹਿੱਸਾ ਇਸਾਈ ਹੈ, ਉਹ ਪੰਜਾਬੀ ਅਖ਼ਬਾਰਾਂ ਦੇ ਪੱਕੇ ਪਾਠਕ ਹਨ। ਭਾਰਤੀ ਪੰਜਾਬ ਵਿਚ ਪੰਜਾਬੀ ਅਖ਼ਬਾਰਾਂ ਦੀ ਵਧਦੀ ਛਪਣ ਗਿਣਤੀ ਅਤੇ ਆਰਥਕ ਸਫ਼ਲਤਾ ਦਾ ਸਿਹਰਾ ਲਾਜ਼ਮੀ ਤੌਰ 'ਤੇ ਇਨ੍ਹਾਂ ਪੰਜਾਬੀ ਇਸਾਈ ਪਾਠਕਾਂ ਨੂੰ ਦਿੱਤਾ ਜਾ ਸਕਦਾ ਹੈ। ਇੱਥੇ ਪ੍ਰਵਾਸੀ ਪੰਜਾਬੀ ਇਸਾਈਆਂ ਦੇ ਜੀਵਨ ਦੇ ਇਕ ਦਿਲਚਸਪ ਪਲ ਦਾ ਜ਼ਿਕਰ ਕਰਨਾ ਵਾਜਿਬ ਹੋਵੇਗਾ। ਮੇਰੇ ਪੰਜਾਬੀ ਇਸਾਈ ਜਾਣਕਾਰਾਂ ਮੁਤਾਬਿਕ, ਯੂਕੇ ਵਿਚ ਵਸਣ ਵਾਲੇ ਪੰਜਾਬੀ ਇਸਾਈਆਂ ਦੀ ਗਿਣਤੀ ਦੇ ਮਾਮਲੇ ਵਿਚ ਬੈਡਫਰਡ ਪਹਿਲੇ ਅਤੇ ਅਕਸਫਰਡ ਦੂਸਰੇ ਸਥਾਨ 'ਤੇ ਹੈ। ਅਕਸਫਰਡ ਸਿਟੀ ਕਾਊਂਸਲ ਵੱਲੋਂ ਸੈਕੰਡਰੀ ਸਿੱਖਿਆ ਵਿਚ ਪੰਜਾਬੀ ਨੂੰ ਵਿਸ਼ੇ ਵੱਜੋਂ ਪੜ੍ਹਨ ਵਾਲੇ ਬੱਚਿਆਂ ਨੂੰ ਪੜ੍ਹਾਉਣ ਲਈ ਨਿਯੁਕਤ ਕੀਤੇ ਗਏ ਇਕ ਅਧਿਆਪਕ ਨੇ ਮੈਨੂੰ ਦੱਸਿਆ ਕਿ ਉਹ ਬਾਈ ਵਿਦਿਆਰਥੀਆਂ ਦੀ ਜਮਾਤ ਨੂੰ ਪੜ੍ਹਾਉਂਦੀ ਹੈ ਜਿਸ ਵਿਚ ਇਕ ਸਿੱਖ, ਇਕ ਹਿੰਦੂ ਅਤੇ ਬਾਕੀ ਸਾਰੇ ਵੀਹ ਪੰਜਾਬੀ ਇਸਾਈ ਹਨ। ਇਸ ਬਾਰੇ ਹੋਰ ਪੜਤਾਲ ਕਰਨ 'ਤੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਕਿ ਮੱਧ-ਵਰਗੀ ਹਿੰਦੂ ਅਤੇ ਸਿੱਖ ਜਿਹੜੇ ਪੰਜਾਬ ਤੋਂ ਅਕਸਫਰਡ ਵਰਗੇ ਸ਼ਹਿਰਾਂ ਵਿਚ ਆਏ ਉਹ ਜ਼ਿਆਦਾ ਸੌਖਿਆਈ ਨਾਲ ਇੱਥੋਂ ਦੀ ਮੱਧ-ਵਰਗੀ ਜੀਵਨ ਸ਼ੈਲੀ ਵਿਚ ਢਲ ਗਏ ਅਤੇ ਆਪਣੇ ਬੱਚਿਆਂ ਨਾਲ ਸੌਖਿਆਈ ਨਾਲ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹਨ। ਪੰਜਾਬੀ ਇਸਾਈ, ਜਿਨ੍ਹਾਂ ਦੀ ਬਹੁਗਿਣਤੀ ਆਪਣੇ ਬੱਚਿਆਂ ਨਾਲ ਸਿਰਫ਼ ਪੰਜਾਬੀ ਵਿਚ ਹੀ ਜ਼ਿਆਦਾ ਸਹਿਜਤਾ ਨਾਲ ਗੱਲ ਕਰ ਸਕਦੇ ਹਨ, ਉਨ੍ਹਾਂ ਨੂੰ ਹੀ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੀ ਲੋੜ ਹੈ। ਇਹ ਪੰਜਾਬੀ ਇਸਾਈ ਇਕ ਸਥਾਨਕ ਗਿਰਜਾਘਰ ਜਿੱਥੇ ਉਹ ਜਾਂਦੇ ਹਨ ਨੂੰ ਇਕ ਧਾਰਮਿਕ ਪ੍ਰਾਰਥਨਾ ਪੰਜਾਬੀ ਵਿਚ ਕਰਨ ਲਈ ਮਜਬੂਰ ਕਰਨ ਵਿਚ ਸਫ਼ਲ ਹੋ ਚੁੱਕੇ ਹਨ। ਈਸਟ ਅਕਸਫਰਡ ਕਮਿਊਨਿਟੀ ਸੈਂਟਰ ਦੇ ਨੋਟਿਸ ਬੋਰਡ 'ਤੇ ਉੱਥੇ ਹੋਣ ਵਾਲੀਆਂ ਪ੍ਰਾਰਥਨਾਵਾਂ ਦੀ ਸਮਾਂ-ਸਾਰਣੀ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਦਰਸਾਈ ਹੁੰਦੀ ਹੈ। ਇਹ ਪੰਜਾਬੀ ਇਸਾਈ ਯੂਕੇ ਅਤੇ ਪੰਜਾਬ ਵਿਚ ਛਪਣ ਵਾਲੀਆਂ ਪੰਜਾਬੀ ਅਖ਼ਬਾਰਾਂ, ਰਸਾਲਿਆਂ ਅਤੇ ਕਿਤਾਬਾਂ ਦੀ ਪਾਠਕ ਗਿਣਤੀ ਦਾ ਇਕ ਮਹਤੱਵਪੂਰਨ ਹਿੱਸਾ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਪੰਜਾਬੀਆਂ ਵੱਜੋਂ ਪੁਨਰ-ਸਥਾਪਤ ਕਰ ਲਿਆ ਹੈ ਅਤੇ ਇਸ ਪੁਨਰ-ਸਥਾਪਨਾ ਦੇ ਰਾਹੀਂ ਆਪਣੇ ਆਪ ਨੂੰ ਤਾਕਤਵਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਮਈ 2009 ਵਿਚ ਪਾਕਿਸਤਾਨ ਦੀ ਫੇਰੀ ਦੌਰਾਨ, ਤੇਜ ਪੁਰੇਵਾਲ ਦੇ ਸਹਿਯੋਗ ਨਾਲ ਮੈਨੂੰ ਲਾਹੌਰ ਦੇ ਕਈ ਪੰਜਾਬੀ ਇਸਾਈਆਂ ਨਾਲ ਮੁਲਾਕਾਤ ਕਰਨ ਅਤੇ ਉਨ੍ਹਾਂ ਦੇ ਗਿਰਜੇ ਵਿਚ ਪ੍ਰਾਰਥਨਾ ਵਿਚ ਸ਼ਾਮਲ ਹੋਣ ਦਾ ਮੌਕਾ

ਮਿਲਿਆ। ਉਹ ਪੰਜਾਬੀ ਇਸਾਈ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਨੂੰ ਵਰਤਣ ਵਾਲੀ ਅਤੇ ਇਸ ਦੇ ਹੱਕ ਵਿਚ ਝੰਡਾ ਬੁਲੰਦ ਕਰਨ ਵਾਲੀ ਸਭ ਤੋਂ ਮਜ਼ਬੂਤ ਧਿਰ ਹਨ।

9. ਖਿਜਰ ਟਿਵਾਣਾ ਨੇ ਆਪਣੇ ਸਾਂਝੇ ਪੰਜਾਬ ਦਾ ਸੁਪਨਾ ਜਿਉਂਦਾ ਰੱਖਿਆ। ਨਜ਼ਰ ਟਿਵਾਣਾ ਦੱਸਦਾ ਹੈ ਕਿ ਉਸ ਦੇ ਪਿਤਾ ਨੇ ਸੰਨ 1964 ਵਿਚ ਲੰਡਨ ਵਿਖੇ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਦੇ ਇਕ ਗ਼ੈਰ-ਰਸਮੀ ਇਕੱਠ ਵਿਚ ਦੱਸਿਆ: 'ਤੁਹਾਡੇ ਵਿਚੋਂ ਜਿਹੜੇ ਮੇਰੀ ਪੀੜ੍ਹੀ ਦੇ ਨਹੀਂ ਹਨ ਉਹ ਪੰਜਾਬੀ ਪਛਾਣ ਨੂੰ 1947 ਵਾਲੀ ਫ਼ਿਰਕੂ ਵੰਡ ਦੇ ਪ੍ਰਭਾਵਾਂ ਤੋਂ ਮੁਕਤ ਹੁੰਦੇ ਹੋਏ ਦੇਖਣਗੇ ਅਤੇ ਭੂਗੋਲਿਕ ਨਕਸ਼ੇ ਦੀਆਂ ਸੀਮਾਵਾਂ ਨੂੰ ਉਲੰਘ ਚੁੱਕੇ ਖ਼ੁਸ਼ਹਾਲ ਅਤੇ ਖ਼ੁਸ਼ ਪੰਜਾਬ ਦੇ ਲਾਹਿਆਂ ਦਾ ਆਨੰਦ ਮਾਣਨਗੇ' (ਟਿਵਾਣਾ, 1999, ਪੰਨਾ 252)। ਇਸ ਤੋਂ ਇਲਾਵਾ ਟਾਲਬੋਟ (1994) ਅਤੇ ਮਲਿਕ (1995, 1998 ਅਤੇ 1999) ਦੀਆਂ ਲਿਖਤਾਂ ਵੀ ਦੇਖੋ।

10. ਭਾਰਤ ਦੀ ਧਰਮ-ਨਿਰਪੱਖਤਾ ਕਿਵੇਂ ਸੰਸਥਾਗਤ ਹਿੰਦੂ ਪੱਖਪਾਤੀ ਨਜ਼ਰੀਏ ਨਾਲ ਪੇਤਲੀ ਅਤੇ ਕਮਜ਼ੋਰ ਕੀਤੀ ਗਈ ਇਸ ਦੀ ਚਰਚਾ ਵਾਸਤੇ ਸਿੰਘ (2005) ਦੀ ਭਾਰਤੀ ਸੰਵਿਧਾਨ ਅੰਦਰਲੇ ਇਸ ਕਿਸਮ ਦੇ ਪੱਖਪਾਤੀ ਨਜ਼ਰੀਏ ਸੰਬੰਧੀ ਕੇਸ ਸਟੱਡੀ ਦਾ ਅਧਿਐਨ ਕਰੋ। ਇਸ ਦੇ ਨਾਲ ਹੀ ਬਾਜਪਈ (2002, 2009/10, 2011) ਅਤੇ ਚਿਰਿਯਾਂਕਣਦੱਤ (2002) ਦੀਆਂ ਲਿਖਤਾਂ ਵੀ ਵਾਚੋ।

11. ਜਲੰਧਰ ਸਥਿਤ ਹਿੰਦ ਸਮਾਚਾਰ ਅਖ਼ਬਾਰ ਸਮੂਹ ਇਕ ਆਰੀਆ ਸਮਾਜੀ ਅਦਾਰਾ ਹੈ ਅਤੇ ਆਰੀਆ ਸਮਾਜ ਦਾ ਪੰਜਾਬੀ ਭਾਸ਼ਾ ਵਿਰੋਧੀ ਮੁਹਿੰਮਾਂ ਦਾ ਲੰਮਾ ਇਤਿਹਾਸ ਹੈ (ਬੰਗਾ, 1999; ਦਿਉਲ, 2000)। ਇਸ ਅਦਾਰੇ ਨੂੰ ਪੰਜਾਬੀ ਅਖ਼ਬਾਰਾਂ ਦੀ ਵਧਦੀ ਪਾਠਕ ਗਿਣਤੀ ਤੋਂ ਮੁਨਾਫ਼ਾ ਖੱਟਣ ਲਈ ਰੋਜ਼ਾਨਾ ਪੰਜਾਬੀ ਅਖ਼ਬਾਰ ਜਗਬਾਣੀ ਸ਼ੁਰੂ ਕਰਨ ਲਈ ਮਜਬੂਰ ਹੋਣਾ ਪਿਆ। ਇਸੇ ਤਰ੍ਹਾਂ ਚੰਡੀਗੜ੍ਹ ਸਥਿਤ ਟ੍ਰਿਬਿਊਨ ਅਖ਼ਬਾਰ ਸਮੂਹ ਜਿਹੜਾ ਇਤਿਹਾਸਕ ਤੌਰ 'ਤੇ ਪੰਜਾਬੀ ਭਾਸ਼ਾ ਦੇ ਉਭਾਰ ਜਾਂ ਨਿਘਾਰ ਦੇ ਮਾਮਲੇ ਵਿਚ ਨਿਰਲੇਪ ਰਿਹਾ ਹੈ, ਉਸ ਨੇ ਪੰਜਾਬੀ ਅਖ਼ਬਾਰਾਂ ਦੀ ਫੈਲਦੀ ਮੰਡੀ ਵਿਚ ਹਿੱਸੇਦਾਰੀ ਹਾਸਲ ਕਰਨ ਲਈ ਪੰਜਾਬੀ ਟ੍ਰਿਬਿਊਨ ਸ਼ੁਰੂ ਕੀਤਾ ਹੈ। ਐਂਡਰਸਨ (1991) ਸਮੂਹਿਕ ਭਾਈਚਾਰਕ ਸੰਚਾਰ ਅਤੇ ਕੌਮੀ ਪਛਾਣਾਂ ਦੀ ਉਸਾਰੀ ਵਿਚ ਪ੍ਰਿੰਟ ਮੀਡੀਆ ਦੀ ਭੂਮਿਕਾ 'ਤੇ ਜ਼ੋਰ ਦਿੰਦਾ ਹੈ।

## References:


- Abbi, K., 2012. **'Globality and the Reinvention of Punjabi Cinema'.** In: Brar B., and Mukherjee, P. eds. 2012.
- Ahmed, I., 2007. **'Restoring Punjabi Identity'**, South Asia Post, October 6.
- Ahmed, I., 2012. **The Punjab Bloodied, Partitioned and Cleansed: Unravelling the 1947 Tragedy through Secret British Reports and First-Person Accounts.** Karachi: Oxford University Press.
- Ali, I., 1989. **The Punjab under Imperialism, 1885-1947.** Delhi: Oxford University Press.
- Andeson, B., 1991. **Imagined Communities: Reflections on the Origin and Spread of Nationalism.** London: Verso.
- Ayers, A., 2008. 'Language, the Nation, and Symbolic Capital: The Case of Punjab'. Journal of Asian Studies, vol. 67, no. 3, pp. 917-46. Also included in an abridged version in F. Mir and A. Malhotra (eds.) 2012. Punjab Reconsidered: History, Culture and Practice. Delhi: Oxford University Press.
- Bajpai, R., 2002. 'Conceptual Vocabularies of Secularism and Minority Rights in India'. **Journal of Political Ideologies, vol. 7,** no. 2, pp. 179-97.
- Bajpai, R., 2009/10. 'Constitution-making and Political Safeguards for Minorities: An Ideological Explanation', Journal of Contemporary Thought, 30 (winter 2009), pp. 57-87. Also published in M.R. Ansari and Deeptha Achar (eds.), Discourse, Democracy and Difference: Perspectives on Community, Politics and Culture

(Delhi: Sahitya Akademi, 2010).


- Bajpai, R., 2011. **Debating Differences: Group Rights and Liberal Democracy in India.** Delhi: Oxford University Press.
- Bhachu, P., 1999. **'Multiple Migrants and Multiple Diasporas: Cultural Reproduction and the Transformation among British Punjabi Women in 1990s Britain'.** In: SINGH and THANDI, 1999, pp. 343-55.
- Ballard, R., 1999. 'Panth, Kismet, **Dharam te Qaum: Continuity and Change in Four Dimensions of Punjabi Religion'**. In: SINGH and THANDI, 1999, pp. 7- 37.
- Banga, I., 1999. **'Arya Samaj and Punjabi Identity'**. In: Singh and Thandi, 1999, pp. 245-52.
- Bauman, G., and S. Banerji., 1990. 'Bhangra 1984-8: Fusion and Professionalism in a Genre of South Asian Dance Music'. In: P. Oliver (ed.) Black Music in Britain: Essays on the Afro-Asian Contributions to Popular Music. Oxford: Oxford University Press.
- Brandt, C., 2012. 'Script as a Preserver of Languages in South Asia?' Paper presented at the 22nd Conference on South Asian Studies, ISCTE-Lisbon University, July 25-28.
- Brar, B., and Mukherjee, P. eds. 2012. Facing Globality: Politics of Resistance, Relocation, and Reinvention in India. Delhi: Oxford University Press.
- Chaterjee, C., 2007. 'The Great Rebellion of 1857 and the Birth of a New Identity of the Sikhs of the Punjab'. Paper presented at the conference on Mutiny at the Margins: New Perspectives on the Indian Uprising of 1857, University of Edinburgh, July 23-27.
- Chiriyankandath, J., 2002. 'Creating a Secular State in a Religious Country: The Debate in the Indian Constituent Assembly'. Commonwealth and Comparative Politics, vol. 38, no. 2, July, pp. 1-24.
- Chopra, G. L., 1960. Punjab as a Sovereign State (1799-1839). Second edition. Vishveshvaranand Vedic Research Institute, Hoshiarpur.
- Coventry, A., 2008. 'Maan Boli Punjabi Naal Juri Punjabiyat Di Hond' (The bond between mother tongue Punjabi and Punjabi identity), Des Pradesh, March 7, p. 39.
- Dalrymple, W., 2006. **The Last Mughal: The Fall of a Dynasty,** Delhi 1857.
- London: Bloomsbury.
  Das, S. M., 2006. 'Partition and Punjabiyat in Bombay Cinema: The Cinematic Perspectives of Yash Chopra and Others'. Contemporary South Asia, vol. 15, no. 4, pp. 453-71.
- Deol, H., 2000. **Religion and Nationalism in India: The Case of the Punjab.** London: Routledge.
- Deutscher, I., 1980. **The Prophet Unarmed: Trotsky, 1921-1929.** Oxford: Oxford University Press. (First published 1959.)
- Dhanda, M., 2009. 'Punjabi Dalit Youth: Social Dynamics of Transitions in Identity'. Contemporary South Asia, vol. 17, no. 1, March, pp. 47-64.

- Grewal, J.S., 1999. **'Punjabi Identity: A Historical Perspective'**. In: Singh and Thandi, 1999, pp. 41-54.
- Jodhka, S., 1997. 'Crisis of the 1980s and Changing Agenda of 'Punjab Studies': A Survey of Some Recent Research'. Economic and Political Weekly, vol. 32, no. 6, February 8-14, pp. 273-9.
- Kaur, R., and V. Kalra., 1999. "Brazen Translations: Notes for a New Terminology'. In: Singh and Thandi, 1999, pp. 403-12.
- Malik, I., 1995. 'Identity Formation and Muslim Party Politics in the Punjab,1897-1936: A Retrospective Analysis'. **Modern Asian Studies, vol. 29,** no.2, pp. 293-323.
- Malik, I., 1998. 'Pluralism, Partition and Punjabisation: Politics of Muslim Identity in the British Punjab'. **International Journal of Punjab Studies, vol. 5,** no. 1, January-June, pp. 1-27.
- Malik, I., 1999. **'Muslim Nationalism and Ethno-regional Postulations:** Sir Fazl-I-Husain and the Party Politics in the Punjab'. In: SINGH and THANDI, 1999, pp. 201-32.
- Mazumdar, R.K., 2003. **The Indian Army and the Making of Punjab.** Delhi: Permanent Black.
- Mukhrjee, M., 2005. **Colonialising Agriculture: The Myth of Punjab Exceptionalism.** New Delhi: Sage.
- Oberoi, H., 1994. **The Construction of Religious Boundaries: Culture, Identity and Diversity in the Sikh Tradition.** Delhi: Oxford University Press.
- Omissi, D., 1994. **The Sepoy and the Raj.** London: Macmillan.
- Punjab Research Group, 2010. 'The Idea of Punjabiyat'. **http://theprg.co.uk/2010/06/03/the-idea-of-punjabiyat-by-pritam-singh/**
- Samad, Y., 1995. 'Pakistan or Punjabistan: Crisis of National Identity'. International **Journal of Punjab Studies, vol. 2,** no.1, January-June, pp. 23-42.
- Shackle, C., 2003. 'Panjabi'. In: George Cardona and Dhanesh Jain (eds.), **The Indo- Aryan Languages.** London and New York: Routledge.
- Sharma, S., Hutnyk, J., and Sharma, A., 1996. "Dis-orienting Rhythms: The Politics of the New South Asian Dance Music'. London: Zed Books.
- Singh, D., 1999. **'Shah Mohammad on Punjabi Identity'.** In: Singh and Thandi, 1999, pp. 69-77.
- Singh, G., 2006. 'Beyond Punjabi Romanticism'. Seminar, no. 567, November.
- Singh, Khushwant, 1997. 'Ranjit Singh'. In: Harbans Singh, ed. **The Encyclopaedia of Sikhism Vol. 3.** Patiala: Punjabi University, 1997, pp. 479- 87.
- Singh, Khushwant, 1999. **A History of the Sikhs Vol. 1**: 1469-1839. Reprint with corrections (first edition 1963). New Delhi: Oxford University Press.
- Singh, P., 1997. 'Marxism, Indian State and Punjab'. **International Journal of Punjab Studies (IJPS), vol. 4,** no. 2, pp. 237-50.
- Singh, P., 1999. 'Interrogating Identities amidst Prosperity and Violence' **International Journal of Punjab Studies, vol. 6,** no. 2, pp. 253-66, July- December.
- Singh, P., 2002. 'Political Economy of Nationalism: Minority Left and Minority

Nationalisms vs. Mainstream Left and Majority Nationalism in India'. **International Journal of Punjab Studies, vol. 9,** no. 2, pp. 287-98, July- December.

- Singh, P., 2005. 'Hindu Bias in India's 'Secular' Constitution: Probing Flaws in the Instruments of Governance'. **Third World Quarterly, vol. 26,** no. 6, pp. 909-26.
- Singh, P., 2007. 'Conflicting Nationalisms in the Contestation over Sikh Role in 1857'. Paper presented at the conference on Mutiny at the Margins: New Perspectives on the Indian Uprising of 1857, University of Edinburgh, July 23-27.
- Singh, P., 2008. Federalism, Nationalism and Development: India and the Punjab Economy. London/New York: Routledge (paperback edition 2009, special Indian reprint 2009).
- Singh, P, 2008a. 'Review of M. Mukherjee 'Colonializing Agriculture". **'Journal of South Asian Development, vol. 3,** no. 1, pp. 177-83.
- Singh, P., 2010. **"The Idea of Punjabiyat'.** The Himal South Asian, May.
- Singh, P., 2012. 'The Diasporic Dimension of Punjabiyat'. Asian Voice/Gujarat Samachar,May.**(http://issuu.com/abpl/docs/britishpunjabi2012?mode= window&view Mode=doublePage)**
- Singh, P., 2012a. Review of SIKHISM. Dimensions of Asian Spirituality. By Doris R. Jakobsh. Honolulu:University of Hawai'i Press, 2012, in Pacific Affairs: Volume 85, No. 4 - December 2012
- Singh, Patwant and RAI, Jyoti, 2009. Empire of the Sikhs: **The Life and Times of Maharaja Ranjit Singh.** Penguin Books: New Delhi.
- Singh, P., and Thandi, S.S., eds. 1996. **Globalisation and the Region: Explorations in Punjabi Identity. Coventry:** Association of Punjab Studies (UK).
- Singh, P., and Thandi, S.S., eds., 1999. **Punjabi Identity in a Global Context.** New Delhi: Oxford University Press.
- Spate, O.H.K., and Learmonth, A.T.A., 1972. India and Pakistan: **A General and Regional Geography.** Reprint of third edition. London: Methuen. First published 1954.
- Talbot, I., 1991. 'British Rule in the Punjab, 1849-1947'. **Journal of Imperial and Commonwealth History, vol. xix,** no. 2, May, 203-21.
- Talbot, I., 1994. 'Khizr, the Unionist Party and the Struggle for a United Punjab: 1943-1947'. Indo-British Review, vol. xxi, no.1, pp. 73-88.
- Tahir, M.A., 1999. **'A Coat of Many Colours: The Problematics in Qadiryar'.** In: Singh and Thandi (1999), pp. 55-68.
- Tatla, D.S., 1999. **The Sikh Diaspora: The Search for Statehood.** London: University of London Press.
- Tiwana, N., 1999. **'Unionism in the British Punjab: A Personal Memoir'.** In: Singh and Thandi (1999), pp. 253-56.
- Yong, T.T., 2005. The Garrison State: Military, **Government and Society in Colonial Punjab,** 1849-1947. Delhi: Sage.

◈





# ਪੰਜਾਬ 2.0
## ਪੰਜਾਬ ਦੇ ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ

ਪੰਜਾਬ, ਅੰਨਦਾਤੇ ਤੋਂ ਭਿਖਾਰੀ ਕਿਵੇਂ ਬਣ ਗਿਆ? ਹਰ ਇਨਕਲਾਬ ਤੋਂ ਬਾਅਦ, ਪਿਛਲੇ ਵੀਹ-ਬਾਈ ਸਾਲਾਂ ਤੋਂ, ਪੰਜਾਬ ਦੀਆਂ ਸਰਕਾਰਾਂ ਨੇ ਟਿਕਾਊ ਅਤੇ ਸਮਿਲਿਤ ਵਿਕਾਸ ਦਾ ਰਸਤਾ ਤਿਆਗ ਕੇ, ਮੁਫ਼ਤਖੋਰੀ ਦੀਆਂ ਸਕੀਮਾਂ ਨਾਲ ਲੋਕਾਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਕਰਕੇ ਪੰਜਾਬ ਦੇ ਅਰਥਚਾਰੇ ਅਤੇ ਸਿਆਸਤ ਨੂੰ ਕੋਈ ਨਵੀਂ ਸੇਧ ਨਾ ਮਿਲ ਸਕੀ। ਖੇਤੀਬਾੜੀ ਆਮਦਨ ਦੀ ਥਾਂ ਕਰਜ਼ੇ ਦਾ ਸਾਧਨ ਬਣ ਗਈ। ਸਕੂਲੀ ਅਤੇ ਉੱਚ ਸਿੱਖਿਆ ਬਰਬਾਦ ਹੋ ਗਈਆਂ। ਤਕਨੀਕੀ ਸਿੱਖਿਆ ਸਨਅਤੀ ਵਿਕਾਸ ਦਾ ਆਧਾਰ ਨਾ ਬਣ ਸਕੀ। ਆਧਾਰ ਢਾਂਚੇ ਬਾਰੇ ਸੋਚ ਸੜਕ ਨਿਰਮਾਣ ਤੋਂ ਅੱਗੇ ਨਾ ਵਧੀ। ਜਮਹੂਰੀ ਸੰਸਥਾਵਾਂ ਨੂੰ ਅਫ਼ਸਰਸ਼ਾਹੀ ਦੇ ਹਵਾਲੇ ਕਰਕੇ ਭ੍ਰਿਸ਼ਟਚਾਰ ਦੇ ਅੱਡਿਆਂ ਵਿਚ ਤਬਦੀਲ ਕਰ ਦਿੱਤਾ ਗਿਆ। ਸਿਆਸਤ ਮਾਫੀਏ ਦਾ ਰੂਪ ਧਾਰਨ ਲੱਗ ਪਈ। ਬੇਰੁਜ਼ਗਾਰ ਯੂਥ ਨੂੰ ਨਸ਼ਿਆਂ ਅਤੇ ਜੁਰਮ ਦੇ ਹਵਾਲੇ ਕਰ ਦਿੱਤਾ ਗਿਆ। ਡਰੇ ਹੋਏ ਮਾਪੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਲਈ ਵਿਦੇਸ਼ ਭੇਜਣ ਲੱਗੇ। ਪੰਜਾਬ ਅਕਲੋਂ ਖਾਲੀ ਹੋਣ ਲੱਗ ਪਿਆ। ਯੂਪੀ ਬਿਹਾਰ ਤੋਂ ਆਉਣ ਵਾਲੀ ਲੇਬਰ ਨੇ ਪੰਜਾਬ ਦਾ ਝੋਨਾ ਅਤੇ ਡੰਗਰ ਪਸ਼ੂ ਤਾਂ ਬਚਾ ਲਏ; ਫੈਕਟਰੀਆਂ ਦੀਆਂ ਚਿਮਨੀਆਂ ਵਿਚੋਂ ਨਿਕਲਣ ਵਾਲੇ ਧੂੰਏਂ ਨੂੰ ਵੀ ਬੰਦ ਹੋਣੋਂ ਰੋਕ ਲਿਆ ਪਰ ਪੰਜਾਬ ਦੀ ਬਰਬਾਦੀ ਨੂੰ ਨਾ ਰੋਕ ਸਕੇ। ਜਿਸਨੇ ਰੋਕਣਾ ਸੀ, ਪੰਜਾਬ ਦੀ ਉਹ ਯੂਥ ਤਾਂ ਕਦੋਂ ਦੀ ਪਰਵਾਸ ਕਰਕੇ ਏਥੋਂ ਜਾ ਚੁੱਕੀ ਸੀ। ਬਾਕੀ ਜਾਣ ਲਈ ਤਿਆਰ ਬੈਠੀ ਸੀ।

ਵਿਦੇਸ਼ਾਂ ਨੂੰ ਜਾਣ ਵਾਲੀ ਯੂਥ, ਉਥੇ ਸੈਟਲ ਹੋਣ ਲਈ ਅਕਲ ਦੇ ਨਾਲ-ਨਾਲ ਪੈਸਾ ਵੀ ਲਿਜਾਣ ਲੱਗ ਪਈ। ਪੰਜਾਬੀਆਂ ਨੇ ਪੰਜਾਬ ਤੋਂ ਵੀ ਵੱਧ ਕਨੇਡਾ ਨਾਲ ਆਈਡੈਂਟੀਫਾਈ ਕਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦਾ ਬਿਜ਼ਿਨਸ ਜ਼ਮੀਨਾਂ ਦੀ ਵੇਚ ਵੱਟ ਤੋਂ ਅੱਗੇ ਨਾ ਵਧ ਸਕਿਆ। ਸਨਅਤੀਕਰਣ ਅਤੇ ਆਧੁਨਿਕੀਕਰਣ ਦੇ ਰੁਕ ਜਾਣ ਕਰਕੇ ਨਵਾਂ ਰੁਜ਼ਗਾਰ ਵੀ ਪੈਦਾ ਨਾ ਹੋ ਸਕਿਆ। ਪੰਜਾਬ ਦੇ ਨਿਘਾਰ ਦੀ ਕਹਾਣੀ ਮੁਕਣ ਵਾਲੀ ਨਹੀਂ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਨੂੰ ਇਸ ਮੰਦਹਾਲੀ 'ਚੋਂ ਬਾਹਰ ਕੱਢ ਕੇ ਮੁੜ ਖੁਸ਼ਹਾਲੀ ਦੇ ਰਾਹ 'ਤੇ ਕਿਵੇਂ ਤੋਰਿਆ ਜਾਵੇ।



**ਡਾ. ਅਮਰਜੀਤ ਗਰੇਵਾਲ**
ਪੰਜਾਬੀ ਚਿੰਤਕ
ਲੁਧਿਆਣਾ
98761-38523
grewal52@gmail.com

ਪੰਜਾਬ ਵਿਚ ਖੇਤੀਬਾੜੀ ਦੀ ਵਿਕਾਸ ਦਰ ਜੋ 1971-72 ਤੋਂ 1985-86 ਤੱਕ 5-7 ਪ੍ਰਤੀਸ਼ਤ ਸੀ, 2005-06 ਤੋਂ 2014-15 ਵਿਚ ਘਟ ਕੇ 1.61 ਪ੍ਰਤੀਸ਼ਤ ਰਹਿ ਗਈ। ਹਰੇ ਇਨਕਲਾਬ ਦੇ ਢੰਗ ਤਰੀਕਿਆਂ ਨਾਲ ਜੋ ਪ੍ਰਾਪਤ ਕੀਤਾ ਜਾ ਸਕਦਾ ਸੀ, ਪੰਜਾਬ ਨੇ ਉਹ 1985-86 ਤੱਕ ਪ੍ਰਾਪਤ ਕਰ ਲਿਆ ਸੀ। ਪੰਜਾਬ ਨੂੰ ਅੱਗੇ ਵਧਣ ਲਈ ਨਵੀਂ ਦਿਸ਼ਾ ਚਾਹੀਦੀ ਸੀ। ਪਰ ਪੰਜਾਬ ਸਰਕਾਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਕੀਰ ਦੀਆਂ ਫਕੀਰ ਬਣੀਆਂ ਰਹੀਆਂ।

ਖੇਤੀ ਮਾਹਿਰ ਵਿਅਕਤੀਗਤ ਪੱਧਰ 'ਤੇ ਤਾਂ ਬਹੁਤ ਰੌਲਾ ਪਾਉਂਦੇ ਰਹੇ। ਪਰ ਕਿਸੇ ਦੇ ਕੰਨ 'ਤੇ ਜੂੰ ਵੀ ਨਾ ਸਰਕੀ। ਸਭ ਮੰਨਦੇ ਹਨ ਕਿ ਪੰਜਾਬ ਨੂੰ ਆਪਣੀ ਹੋਂਦ ਦੀ ਬਹਾਲੀ ਲਈ, ਆਪਣੇ ਆਪ, ਆਪਣੀ ਆਰਥਿਕਤਾ, ਆਪਣੀ ਖੇਤੀਬਾੜੀ, ਆਪਣੀਆਂ ਸਮਾਜਕ ਕਦਰਾਂ-ਕੀਮਤਾਂ ਅਤੇ ਖ਼ਾਸ ਕਰਕੇ ਆਪਣੀ ਰਾਜਨੀਤੀ ਨੂੰ ਨਵੇਂ ਸਿਰੇ ਤੋਂ ਵਿਉਂਤਣਾ ਹੋਵੇਗਾ। ਆਪਣੇ ਆਪ ਨੂੰ ਪੁਨਰ-ਕਲਪਿਤ ਕਰਕੇ, ਨਵੇਂ ਰਾਹਾਂ 'ਤੇ ਤੁਰਨ ਦੀ ਲੋੜ ਹੈ। ਪਰ ਕੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਕੋਲ ਅਜਿਹਾ ਕਰਨ ਲਈ ਲੋੜੀਂਦੀ ਸੂਝ-ਬੂਝ ਅਤੇ ਸਿਆਸੀ ਇੱਛਾਂ ਸ਼ਕਤੀ ਮੌਜੂਦ ਹੈ।

ਪਿਛਲੇ ਵੀਹ ਪੱਚੀ ਸਾਲਾਂ ਦੇ ਤਜ਼ਰਬੇ ਨੇ ਸਾਨੂੰ ਸਮਝਾ ਦਿੱਤਾ ਹੈ ਕਿ ਮੁਫਤ ਬਿਜਲੀ-ਪਾਣੀ ਵਰਗੀਆਂ ਸਕੀਮਾਂ ਨਾਲ ਪੰਜਾਬ ਦੀ ਖੇਤੀਬਾੜੀ ਨੂੰ ਨਹੀਂ ਬਚਾਇਆ ਜਾ ਸਕਦਾ। ਕੇਵਲ ਅਸੀਂ ਹੀ ਨਹੀਂ, ਦੁਨੀਆ ਦਾ ਕੋਈ ਵੀ ਵਿਕਾਸਸ਼ੀਲ ਦੇਸ਼, ਵਿਸ਼ਵ ਬੈਂਕ ਅਤੇ ਆਈ ਐਮ ਐਫ ਵਰਗੀਆਂ ਮਲਟੀ ਲੇਟਰਲ ਏਜੰਸੀਆਂ ਵੱਲੋਂ ਦਿੱਤੀ ਜਾਣ ਵਾਲੀ ਬਾਹਰੀ ਸਹਾਇਤਾ ਨਾਲ ਗਰੀਬੀ ਦੇ ਚੱਕਰਵਿਊ ਤੋਂ ਬਾਹਰ ਨਹੀਂ ਆਇਆ। ਗਰੀਬ ਲੋਕਾਂ ਦੇ ਖਾਤਿਆਂ ਵਿਚ ਪੈਸੇ ਜਮ੍ਹਾਂ ਕਰਵਾ ਕੇ ਉਨ੍ਹਾਂ ਨੂੰ ਗਰੀਬੀ ਰੇਖਾ ਤੋਂ ਉਪਰ ਨਹੀਂ ਉਠਾਇਆ ਜਾ ਸਕਦਾ। ਆਰਟੀਫੀਸ਼ਲ ਇੰਟੈਲੀਜੈਂਸ ਦੀ ਆਮਦ ਨਾਲ ਪੈਦਾ ਹੋਣ ਵਾਲੀ ਬੇਕਾਰੀ/ਬੇਰੁਜ਼ਗਾਰੀ ਦਾ ਟਾਕਰਾ ਕਰਨ ਲਈ, ਕਿਰਤ ਅਤੇ ਰੁਜ਼ਗਾਰ ਦੇ ਨਵੇਂ ਸਾਧਨ ਪੈਦਾ ਕਰਨ ਦੀ ਥਾਂ ਯੂਨੀਵਰਸਲ ਬੇਸਿਕ ਇਨਕਮ ਵਰਗੀਆਂ ਸਕੀਮਾਂ ਰਾਹੀਂ ਲੋਕਾਂ ਦੇ ਹੱਥਾਂ ਵਿਚ ਠੂਠੇ ਫੜਾਏ ਜਾ ਰਹੇ ਹਨ। ਸੁਆਲ ਹੈ ਕਿ ਜੇ ਆਰਥਿਕ ਸਹਾਇਤਾ ਲੋਕਾਂ ਦੀ ਗਰੀਬੀ ਦੂਰ ਨਹੀਂ ਕਰ ਸਕਦੀ ਤਾਂ ਫੇਰ ਜਾਨਣਾ ਹੋਵੇਗਾ ਕਿ ਜਿਹੜੇ ਲੋਕ/ਮੁਲਕ ਗਰੀਬੀ 'ਚੋਂ ਨਿਕਲ ਕੇ ਖੁਸ਼ਹਾਲੀ ਦੇ ਰਸਤੇ ਪਏ ਹਨ, ਉਨ੍ਹਾਂ ਨੇ ਕਿਹੜਾ ਰਸਤਾ ਅਪਣਾਇਆ ਸੀ।

ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਦੱਖਣੀ ਕੋਰੀਆ ਬਹੁਤ ਗਰੀਬ ਮੁਲਕ ਸੀ। ਸਿੱਖਿਆ ਅਤੇ ਸਿਹਤ ਸੰਭਾਲ ਤਰਸਯੋਗ ਹਾਲਤ ਵਿਚ ਸਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਮਾਫੀਏ ਦਾ ਬੋਲਬਾਲਾ ਸੀ। ਪਰ ਅੱਜ ਉਹ ਦੁਨੀਆਂ ਦੇ ਸਭ ਤੋਂ ਅਮੀਰ ਮੁਲਕਾਂ ਵਿਚੋਂ ਇਕ ਹੈ। ਕੇਵਲ ਆਰਥਿਕ ਪੱਖੋਂ ਹੀ ਨਹੀਂ, ਹਰ ਪੱਖੋਂ ਸਫਲ ਆਖਿਆ ਜਾ ਸਕਦਾ ਹੈ। ਸੁਆਲ ਹੈ ਕਿ ਇਹ ਕੌਤਕ ਦੱਖਣੀ ਕੋਰੀਆ ਵਰਗੇ ਦੂਜੇ ਮੁਲਕਾਂ ਜਿਵੇਂ ਕਿ ਬੁਰੂੰਦੀ, ਹਾਇਤੀ, ਨਿਗਰ, ਗਉਟੇਮਾਲਾ ਆਦਿ ਵਿਚ ਕਿਉਂ ਨਹੀਂ ਵਾਪਰਿਆ। ਇਹ ਮੁਲਕ ਅੱਜ ਵੀ ਓਨੇ ਹੀ ਗਰੀਬ ਹਨ ਜਿੰਨੇ ਕਿ ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਸਨ। ਆਰਥਿਕ ਸਹਾਇਤਾ ਤਾਂ ਸਭ ਨੂੰ ਉਪਲਬਦ ਸੀ, ਫੇਰ ਦੱਖਣੀ ਕੋਰੀਆ ਹੀ ਸਫਲ ਕਿਉਂ ਹੋਇਆ। ਦੱਖਣੀ ਕੋਰੀਆ ਨੇ ਪੰਜਾਬ ਦੀਆਂ ਸਰਕਾਰਾਂ ਵਾਂਗ ਆਪਣੇ ਲੋਕਾਂ ਨੂੰ ਖੈਰਾਤ ਨਹੀਂ ਵੰਡੀ। ਉਨ੍ਹਾਂ ਲਈ ਕੰਮ-ਧੰਦਾ ਅਤੇ ਰੁਜ਼ਗਾਰ ਪੈਦਾ ਕੀਤਾ। ਮੁਲਕ ਦੇ ਟਿਕਾਊ ਵਿਕਾਸ ਵਿਚ ਹਰ ਕਿਸੇ ਦੀ ਸ਼ਮੂਲੀਅਤ ਰਾਹੀਂ ਸਮਾਜ-ਆਰਥਿਕ ਗਤੀਸ਼ੀਲਤਾ ਦੇ ਫੈਲਾਅ ਨੂੰ ਯਕੀਨੀ ਬਣਾਇਆ।

ਦੋ ਹੀ ਰਸਤੇ ਹਨ। ਇਕ ਰਸਤਾ ਉਹ ਹੈ ਜੋ ਪਿਛਲੇ ਵੀਹ ਬਾਈ ਸਾਲਾਂ ਤੋਂ, ਪੰਜਾਬ ਦੀਆਂ ਸਰਕਾਰਾਂ ਨੇ ਅਪਣਾਇਆ ਹੋਇਆ ਹੈ। ਮੁਫਤ ਬਿਜਲੀ ਪਾਣੀ, ਆਟਾ-ਦਾਲ ਅਤੇ ਬੱਸ ਯਾਤਰਾ ਵਰਗੀਆਂ ਸਕੀਮਾਂ ਰਾਹੀਂ ਕਿਰਤ ਦੀ ਪੂਜਾ ਕਰਨ ਵਾਲੇ ਪੰਜਾਬੀਆਂ ਨੂੰ ਭਿਖਾਰੀ ਬਨਾਉਣ ਦਾ ਰਸਤਾ। ਦੂਜਾ ਰਸਤਾ ਉਹ ਹੈ ਜਿਸ ਨੂੰ ਅਪਣਾ ਕੇ ਦੱਖਣੀ ਕੋਰੀਆ ਵਰਗੇ ਭਿਖਾਰੀ ਅਤੇ ਗਰੀਬ ਮੁਲਕ ਦਾਤੇ ਬਣ ਗਏ। ਇਹ ਹੈ ਰੁਜ਼ਗਾਰ ਉਤਪਾਦਨ ਅਤੇ ਸਮਾਜ-ਆਰਥਿਕ ਗਤੀਸ਼ੀਲਤਾ ਦੇ ਫੈਲਾਅ ਲਈ ਟਿਕਾਊ ਅਤੇ ਸਮਿਲਤ ਵਿਕਾਸ ਦਾ ਰਸਤਾ।

ਜੇਕਰ ਅਸੀਂ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਦੇਖਣਾ ਚਾਹੁੰਦੇ ਹਾਂ। ਇਸ ਨੂੰ ਭਿਖਾਰੀ ਤੋਂ ਦਾਤਾ ਬਣ ਰਿਹਾ ਦੇਖਣ ਦੇ ਚਾਹਵਾਨ ਹਾਂ ਤਾਂ, ਸਾਨੂੰ ਆਪਣਾ ਰਸਤਾ ਬਦਲਣਾ ਹੋਵੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਅਫ਼ਸਰਸ਼ਾਹੀ ਤਾਂ ਆਪਣੇ ਪਿਛਲੇ ਏਜੰਡੇ 'ਤੇ ਹੀ ਚੱਲਣਾ ਪਸੰਦ ਕਰਨਗੀਆਂ। ਪਰ ਲੋਕਾਂ ਦੀ ਇੱਛਾ ਤਾਂ ਨਿਸ਼ਚੇ ਹੀ ਇਸ ਏਜੰਡੇ ਨੂੰ ਬਦਲਣ ਦੀ ਹੋਵੇਗੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਪੰਜਾਬ ਦੇ ਸਧਾਰਨ ਲੋਕ ਦੋ ਵਿਰੋਧੀ ਮੰਜ਼ਿਲਾਂ ਦੇ ਰਾਹੀਂ ਬਣ ਬੈਠੇ ਹਨ। ਕੀ ਇਸ ਵਾਰ ਵੀ ਸਿਆਸੀ ਪਾਰਟੀਆਂ ਲੋਕਾਂ ਨੂੰ ਬੇਵਕੂਫ ਬਣਾਉਣ ਵਿਚ ਸਫਲ ਹੋ ਜਾਣਗੀਆਂ, ਜਾਂ ਲੋਕ ਸਿਆਸੀ ਪਾਰਟੀਆਂ ਨੂੰ ਨਵੇਂ ਰਾਹਾਂ 'ਤੇ ਤੁਰਨ ਲਈ ਮਜਬੂਰ ਕਰ ਲੈਣਗੇ। ਇਕੋ ਇਕ ਆਸ ਹੈ, ਉਹ ਵੀ ਤਾਂ ਜੇ ਕਿਸਾਨ ਸੰਘਰਸ਼, ਜੋ ਕਿਸਾਨਾਂ ਦਾ ਸੰਘਰਸ਼ ਨਾ ਰਹਿ ਕੇ ਸਭਨਾਂ ਧਿਰਾਂ ਦਾ ਸੰਘਰਸ਼ ਬਣ ਚੁਕਿਆ ਹੈ, ਨਵੇਂ ਰਸਤੇ ਅਤੇ ਉਸਦੇ ਨਵੇਂ ਏਜੰਡੇ ਨੂੰ ਅਪਣਾ ਲਵੇ। ਮੈਂ ਨਹੀਂ ਕਹਿੰਦਾ ਕਿ ਕਿਸਾਨ ਜਥੇਬੰਦੀਆਂ ਚੋਣਾਂ ਵਿਚ ਭਾਗ ਲੈਣ। ਪੰਜਾਬ ਲਈ ਚੋਣ ਏਜੰਡਾ ਤਾਂ ਦੇ ਹੀ

ਸਕਦੀਆਂ ਹਨ। ਮੈਂ ਇਹ ਵੀ ਨਹੀਂ ਕਹਿੰਦਾ ਕਿ ਉਹ ਮੇਰੀਆਂ ਸਿਫਾਰਸ਼ਾਂ ਨੂੰ ਏਜੰਡੇ ਦੇ ਰੂਪ ਵਿਚ ਸਵੀਕਾਰ ਕਰ ਲੈਣ। ਚੋਣਾਂ ਵਿਚ ਬਹੁਤ ਘੱਟ ਸਮਾਂ ਬਚਿਆ ਹੈ। ਇਸ ਲਈ, ਉਨ੍ਹਾਂ ਨੂੰ ਵੱਖ-ਵੱਖ ਧਿਰਾਂ ਦੀ ਨੁਮਾਇੰਦਗੀ ਕਰਨ ਵਾਲੇ ਵਿਦਵਾਨਾਂ, ਤਕਨਾਲੋਜੀ ਮਾਹਿਰਾਂ, ਅਰਥ-ਸ਼ਾਸਤਰੀਆਂ ਅਤੇ ਸਿਆਸੀ ਲੋਕਾਂ ਨਾਲ ਸਲਾਹ ਮਸ਼ਵਰਾ ਕਰਕੇ, ਡੇਢ ਦੋ ਮਹੀਨਿਆਂ ਦੇ ਅੰਦਰ-ਅੰਦਰ, ਆਪਣੇ ਏਜੰਡੇ ਨੂੰ ਅੰਤਿਮ ਰੂਪ ਦੇ ਕੇ, ਸਿਆਸੀ ਪਾਰਟੀਆਂ ਨੂੰ ਇਸ ਏਜੰਡੇ ਉਪਰ ਅਧਾਰਿਤ ਇਲੈਕਸ਼ਨ ਮੈਨੀਫੈਸਟੋ ਦੇ ਰੂਪ ਵਿਚ ਪੰਜ ਸਾਲਾਂ ਦਾ ਰੋਡ ਮੈਪ ਪੇਸ਼ ਕਰਨ ਲਈ ਆਖਿਆ ਜਾ ਸਕਦਾ ਹੈ। ਕਿਸਾਨ ਸੰਘਰਸ਼ ਤੋਂ ਗੱਲ ਸ਼ੁਰੂ ਕਰਦੇ ਹਾਂ।

## 1. ਕਿਸਾਨ ਸੰਘਰਸ਼ ਤੇ ਚੋਣ ਮੈਨੀਫੈਸਟੋ

### 1.1 ਕਿਸਾਨ ਸੰਘਰਸ਼ ਦੀਆਂ ਪਰਤਾਂ

ਭਾਰਤ ਸਰਕਾਰ ਦੁਆਰਾ ਲਿਆਂਦੇ ਗਏ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨ ਲੰਮੇ ਅਰਸੇ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਸਰਕਾਰ ਦਾ ਕਹਿਣਾ ਹੈ ਕਿ ਉਸਨੇ ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਬਣਾਏ ਹਨ ਪਰ ਕਿਸਾਨਾਂ ਦਾ ਜੁਆਬ ਹੈ ਕਿ ਉਨ੍ਹਾਂ ਨੂੰ ਇਸ ਭਲਾਈ ਦੀ ਲੋੜ ਨਹੀਂ, ਇਸ ਲਈ ਕਾਨੂੰਨ ਵਾਪਿਸ ਲਏ ਜਾਣ।

ਖੇਤੀ ਕਾਨੂੰਨਾਂ ਨੂੰ ਲੈ ਕੇ ਸਰਕਾਰ ਅਤੇ ਕਿਸਾਨ ਹੀ ਨਹੀਂ, ਅਰਥ ਸ਼ਾਸਤਰੀ ਵੀ ਦੋ ਵਿਰੋਧੀ ਧੜ੍ਹਿਆਂ ਵਿਚ ਵੰਡੇ ਹੋਏ ਹਨ। ਪਹਿਲੇ ਧੜ੍ਹੇ ਵਿਚ ਨਵ-ਉਦਾਰਵਾਦ ਨੂੰ ਪ੍ਰਣਾਏ ਹੋਏ ਉਹ ਵਿਦਵਾਨ ਸ਼ਾਮਲ ਹਨ ਜਿਨ੍ਹਾਂ ਨੂੰ ਮੰਡੀ ਦੇ ਵਿਸਤਾਰ ਵਿਚ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਦਿਖਾਈ ਦਿੰਦਾ ਹੈ। ਇਸ ਲਈ ਇਹ ਲੋਕ ਕਾਨੂੰਨਾਂ ਦਾ ਸਮਰਥਨ ਕਰਦੇ ਹਨ। ਦੂਸਰੇ ਧੜ੍ਹੇ ਵਿਚ ਉਹ ਅਰਥਸ਼ਾਸਤਰੀ ਸ਼ਾਮਲ ਹਨ ਜਿਨ੍ਹਾਂ ਨੂੰ ਡਰ ਹੈ ਕਿ ਖੁੱਲ੍ਹੀ ਮੰਡੀ ਦੇ ਮਾਧਿਅਮ ਰਾਹੀਂ ਕਾਰਪੋਰੇਟ ਕਿਸਾਨਾਂ ਨੂੰ ਖਾ ਜਾਵੇਗਾ। ਇਸ ਲਈ ਇਹ ਕਾਨੂੰਨ ਰੱਦ ਹੋਣੇ ਚਾਹੀਦੇ ਹਨ। ਖੇਤੀ ਉਪਜ ਉਪਰ ਕਿਸ ਦਾ ਨਿਯੰਤਰਣ ਹੋਵੇ; ਸਰਕਾਰ ਦਾ ਜਾਂ ਕਾਰਪੋਰੇਟ ਦਾ, ਇਹੋ ਰੌਲਾ ਹੈ। ਤੀਜਾ ਬਦਲ ਕਿ ਕਿਸਾਨਾਂ ਦਾ ਆਪਣਾ ਹੀ ਨਿਯੰਤਰਣ ਹੋਵੇ, ਇਹ ਗੱਲ ਠੋਕ ਵਜਾ ਕੇ ਕੋਈ ਵੀ ਨਹੀਂ ਆਖਦਾ। ਇਨ੍ਹਾਂ ਨੂੰ ਸ਼ਾਇਦ ਵਿਸ਼ਵਾਸ ਹੀ ਨਹੀਂ ਕਿ ਕਿਸਾਨ ਆਪਣੇ ਆਪ ਨੂੰ ਅਤੇ ਆਪਣੀ ਜਿਣਸ ਨੂੰ ਆਪ ਵੀ ਸੰਭਾਲ ਸਕਦੇ ਹਨ। ਇਸ ਬਾਰੇ ਚਰਚਾ ਬਾਅਦ ਵਿਚ ਕਰਾਂਗੇ।

ਦੋਨੋ ਧਿਰਾਂ ਜਾਣਦੀਆਂ ਹਨ ਕਿ ਖੇਤੀ ਧੰਦੇ ਦੇ ਅਗਾਊਂ ਵਿਕਾਸ ਲਈ, ਖੇਤੀ ਵੰਨਸੁਵੰਨਤਾ ਅਤੇ ਖੇਤੀ ਜਿਣਸਾਂ ਵਿਚ ਗੁਣਾਤਮਕ ਵਾਧੇ (ਵੈਲਯੂ ਅਡੀਸ਼ਨ) ਦੀ ਸਖ਼ਤ ਲੋੜ ਹੈ। ਸਾਡੇ ਕੋਲ ਕਣਕ ਝੋਨੇ ਲਈ ਤਾਂ ਲੋੜੀਂਦਾ ਆਧਾਰ ਢਾਂਚਾ (ਇਨਫਰਾਸਟਰਕਚਰ) ਮੌਜੂਦ ਹੈ ਪਰ ਦੂਸਰੀਆਂ ਫਸਲਾਂ, ਖਾਸ ਕਰਕੇ ਸਬਜੀਆਂ ਅਤੇ ਫਲਾਂ ਆਦਿ ਦੀ ਕਾਸ਼ਤ, ਸਾਂਭ ਸੰਭਾਲ, ਢੋਆ ਢੁਆਈ ਅਤੇ ਮੰਡੀਕਰਣ ਲਈ ਆਵੱਸ਼ਕ ਆਧਾਰ ਢਾਂਚੇ ਦੇ ਨਿਰਮਾਣ ਤੋਂ ਬਿਨਾ ਨਾ ਖੇਤੀਬਾੜੀ ਵਿਚ ਵਿਭਿੰਨਤਾ (ਡਾਈਵਰਸੀਫੀਕੇਸ਼ਨ) ਆਵੇਗੀ ਅਤੇ ਨਾ ਹੀ ਕੁਦਰਤੀ ਵਸੀਲਿਆਂ ਦੀ ਸਾਂਭ ਸੰਭਾਲ ਹੋਵੇਗੀ। ਨਾ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਨਾ ਹੀ ਨਵਾਂ ਰੁਜ਼ਗਾਰ ਪੈਦਾ ਹੋ ਸਕਦਾ ਹੈ।

ਖੇਤੀ ਦੇ ਅਗਾਊਂ ਵਿਕਾਸ, ਜਿਸ ਨੂੰ ਆਪਾਂ ਹਰਾ ਇਨਕਲਾਬ-2 ਵੀ ਆਖ ਸਕਦੇ ਹਾਂ, ਲਈ ਅਜਿਹੇ ਆਧਾਰ ਢਾਂਚੇ ਅਤੇ ਨਵੀਂ ਡਿਜੀਟਲ/ ਨੈੱਟਵਰਕ ਤਕਨਾਲੋਜੀ ਨਾਲ ਲੈਸ ਮਾਨਵੀ ਵਸੀਲਿਆਂ ਦੀ ਤਿਆਰੀ ਸਾਡੀ ਪ੍ਰਥਮ ਲੋੜ ਬਣ ਗਈ ਹੈ। ਪਰ ਸਰਕਾਰ ਇਸ ਵਡੇਰੇ ਕੰਮ ਨੂੰ ਹੱਥ ਪਾਉਣ ਤੋਂ ਘਬਰਾ ਰਹੀ ਹੈ। ਉਹ ਇਹ ਜ਼ਿੰਮੇਵਾਰੀ ਆਪਣੇ ਗਲੋਂ ਲਾਹ ਕੇ ਕਾਰਪੋਰੇਟ ਨੂੰ ਤੋਹਫ਼ੇ ਵਜੋਂ ਪੇਸ਼ ਕਰਨਾ ਚਾਹੁੰਦੀ ਹੈ। ਹੋ ਸਕਦਾ ਹੈ ਕਿ ਕਾਰਪੋਰੇਟ ਹੀ ਸਰਕਾਰ ਉਪਰ ਅਜਿਹਾ ਕਰਨ ਲਈ ਦਬਾਅ ਪਾ ਰਿਹਾ ਹੋਵੇ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਰਪੋਰੇਟ ਦਾ ਉਦੇਸ਼ ਕਿਸਾਨਾਂ ਦੀ ਭਲਾਈ ਨਹੀਂ, ਆਪਣਾ ਮੁਨਾਫ਼ਾ ਹੈ।

ਸਰਕਾਰ ਇਹ ਜ਼ਿੰਮੇਵਾਰੀ ਮਾਰਕਿਟ ਭਾਵ ਕਾਰਪੋਰੇਟ ਨੂੰ ਕਿਉਂ ਸੌਂਪਣਾ ਚਾਹੁੰਦੀ ਹੈ ? ਇਹ ਜਾਨਣਾ ਵੀ ਜ਼ਰੂਰੀ ਹੈ। ਇਹ ਜ਼ਿੰਮੇਵਾਰੀ ਕੇਵਲ ਦੋ ਏਜੰਸੀਆਂ ਹੀ ਨਿਭਾ ਸਕਦੀਆਂ ਹਨ। ਨੰਬਰ ਇਕ ਸਟੇਟ (ਰਾਜ ਸੱਤਾ), ਜੋ ਇਸ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ ਅਤੇ ਨੰਬਰ ਦੋ, ਮਾਰਕਿਟ; ਜਿਸਦੇ ਮਾਧਿਅਮ ਰਾਹੀਂ ਇਹ ਕੰਮ ਕਾਰਪੋਰੇਟ ਨੂੰ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਰਕਾਰ ਸੋਚਦੀ ਹੈ ਕਿ ਜੇ ਉਸਦਾ ਅਨਾਜ ਦੀ ਖਰੀਦ (ਪਰਿਕਿਉਰਮੈਂਟ) ਅਤੇ ਵੰਡ (ਪਬਲਿਕ ਡਿਸਟਰੀਬਿਊਸ਼ਨ) ਤੋਂ ਖਹਿੜਾ ਛੁਟ ਜਾਂਦਾ ਹੈ ਤਾਂ ਉਸ ਕੋਲ ਕਈ

ਲੱਖ ਕਰੋੜ ਰੁਪਏ ਬਚ ਜਾਂਦੇ ਹਨ। ਇਸ ਬਚੇ ਹੋਏ ਪੈਸੇ ਨੂੰ ਡਾਇਰੈਕਟ ਬੈਂਕ ਟਰਾਂਸਫਰ (ਡੀ ਬੀ ਟੀ) ਰਾਹੀਂ, ਗਰੀਬ ਗੁਰਬਿਆਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾ ਕੇ, ਵੱਡਾ ਸਿਆਸੀ ਲਾਭ ਉਠਾਇਆ ਜਾ ਸਕਦਾ ਹੈ। ਸਟੇਟ ਅਤੇ ਮਾਰਕਿਟ ਤੋਂ ਇਲਾਵਾ ਕੀ ਕੋਈ ਤੀਸਰੀ ਧਿਰ ਨਹੀਂ, ਜੋ ਇਸ ਕੰਮ ਦੀ ਥੋੜ੍ਹੀ ਬਹੁਤ ਜ਼ਿੰਮੇਵਾਰੀ ਉਠਾ ਸਕੇ। ਆਪਾਂ ਇਹ ਗੱਲ ਬਾਅਦ ਵਿਚ ਕਰਨ ਦਾ ਨਿਰਣਾ ਲਿਆ ਹੈ, ਇਸ ਲਈ ਪਹਿਲਾਂ ਕਿਸਾਨਾਂ ਦੀ ਗੱਲ ਕਰਦੇ ਹਾਂ ਕਿ ਉਹ ਕੀ ਸੋਚਦੇ ਹਨ।

### 1.2 ਕਾਰਪੋਰੇਟ ਹੀ ਵਲੀ ਕੰਧਾਰੀ ਹੈ

ਇਹ ਗੱਲ ਕਿਸੇ ਕੋਲੋਂ ਵੀ ਭੁਲੀ ਹੋਈ ਨਹੀਂ ਕਿ ਕਣਕ-ਝੋਨੇ ਦੇ ਮੌਜੂਦਾ ਫਸਲੀ ਚੱਕਰ, ਖਾਸ ਕਰਕੇ ਝੋਨੇ ਦੀ ਕਾਸ਼ਤ ਨੇ ਪੰਜਾਬ, ਪੰਜਾਬ ਦੀਆਂ ਜ਼ਮੀਨਾਂ, ਵਾਤਾਵਰਣ, ਯੂਥ, ਅਰਥਚਾਰੇ, ਨੈਤਿਕ ਕਦਰਾਂ ਕੀਮਤਾਂ, ਸਿਆਸਤ ਅਤੇ ਭਵਿੱਖ, ਸਭ ਕਾਸੇ ਨੂੰ ਬਰਬਾਦ ਕਰ ਦਿੱਤਾ ਹੈ। ਕਿਉਂਕਿ ਸਰਕਾਰ ਕੋਈ ਸੁਰੱਖਿਅਤ ਬਦਲ ਪੇਸ਼ ਨਹੀਂ ਕਰ ਰਹੀ, ਇਸ ਲਈ ਕਿਸਾਨਾਂ ਨੂੰ ਕਣਕ-ਝੋਨੇ ਦੇ ਸੁਰੱਖਿਅਤ ਸਰਕਾਰੀ ਘੇਰੇ ਵਿਚੋਂ ਬਾਹਰ ਆਉਣਾ ਖੁਸ਼ਗਵਾਰ ਨਹੀਂ ਲਗਦਾ। ਮੌਜੂਦਾ ਸਰਕਾਰੀ ਵਿਵਸਥਾ ਦੀ ਤਬਦੀਲੀ ਵਿਚ ਵੱਡਾ ਰਿਸਕ ਦਿਖਾਈ ਦਿੰਦਾ ਹੈ। ਕਿਸਾਨਾਂ ਨੂੰ ਖਦਸ਼ਾ ਹੈ ਕਿ ਨਵ-ਉਦਾਰਵਾਦ ਦੇ 2008 ਦੇ ਸੰਕਟ ਬਾਅਦ, ਕਾਰਪੋਰੇਟ ਦੀ ਅੱਖ ਭੋਜਨ (ਫੂਡ) ਦੀ ਸੁਰੱਖਿਅਤ ਮੰਡੀ ਉਪਰ ਟਿਕ ਗਈ ਹੈ। ਉਹ ਇਸ ਨੂੰ ਕਾਬੂ ਕਰਨ ਦੇ ਚੱਕਰ ਵਿਚ ਹੈ। ਕਿਸਾਨ, ਕਾਰਪੋਰੇਟ ਖੇਤੀ ਨੂੰ, ਕੌਂਟਰੈਕਟ ਫਾਰਮਿੰਗ ਨਾਲ ਜੁੜੇ ਆਪਣੇ ਕੌੜੇ ਤਜ਼ਰਬਿਆਂ ਦੇ ਲੈਂਜ਼ ਵਿਚੋਂ ਦੇਖ ਰਹੇ ਹਨ। ਅਫ਼ਸਰਸ਼ਾਹੀ ਦੀਆਂ ਨਲਾਇਕੀਆਂ ਕਾਰਨ, ਖੇਤੀ ਧੰਦੇ ਦੇ ਠੋਸ ਨੀਤੀ ਨਿਰਮਾਣ ਦੀ ਗੈਰ ਹਾਜ਼ਰੀ ਵਿਚ, ਸਰਕਾਰ ਕਿਸਾਨਾਂ ਦਾ ਵਿਸ਼ਵਾਸ ਜਿਤਣ ਵਿਚ ਨਾਕਾਮਯਾਬ ਰਹੀ ਹੈ।

ਕਿਸਾਨ ਖੇਤੀ ਧੰਦੇ ਉਪਰ ਕਾਰਪੋਰੇਟ ਦੇ ਏਕਾਧਿਕਾਰ ਨੂੰ 'ਵਲੀ ਕੰਧਾਰੀ' ਵਾਲੀ ਸਾਖੀ ਰਾਹੀਂ ਡੀਕੋਡ ਕਰਦੇ ਹਨ। ਵਲੀ ਕੰਧਾਰੀ ਇਕ ਡੈਮ ਦਾ ਨਿਰਮਾਣ ਕਰਕੇ ਪਾਣੀ ਦੇ ਖੁੱਲ੍ਹੇ ਵਹਾਅ ਨੂੰ ਆਪਣੇ ਕਬਜ਼ੇ ਹੇਠਲੇ ਤਲਾਬ/ ਝੀਲ ਵਿਚ ਜਮ੍ਹਾਂ ਕਰ ਲੈਂਦਾ ਹੈ। ਲੋਕਾਂ ਨੂੰ ਆਪਣੀਆਂ ਘਰੇਲੂ ਅਤੇ ਖੇਤੀ ਨਾਲ ਜੁੜੀਆਂ ਲੋੜਾਂ ਮੁਤਾਬਕ, ਪਾਣੀ ਮਿਲਣ ਲਗਦਾ ਹੈ। ਹੜ੍ਹਾਂ ਦਾ ਖਤਰਾ ਵੀ ਟਲ ਜਾਂਦਾ ਹੈ। ਪਰ ਅਜਿਹਾ ਹੋਣ ਨਾਲ ਸਾਰਾ ਇਲਾਕਾ, ਉਸ ਇਲਾਕੇ ਦਾ ਅਰਥਚਾਰਾ, ਰਾਜਨੀਤੀ ਅਤੇ ਰਹਿਤਲ ਪੂਰੀ ਤਰ੍ਹਾਂ ਨਾਲ ਵਲੀ ਕੰਧਾਰੀ ਦੇ ਕੰਟਰੋਲ ਹੇਠ ਆ ਗਏ। ਵਲੀ ਕੰਧਾਰੀ ਦੀ ਹੁਣ ਮਰਜ਼ੀ ਸੀ ਕਿ ਕਿਸ ਨੂੰ ਕਿੰਨਾ ਪਾਣੀ ਦੇਣਾ ਹੈ ਅਤੇ ਕਿਸ ਦਾ ਪਾਣੀ ਰੋਕਣਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਇਲਾਕੇ ਦਾ ਤਾਨਾਸ਼ਾਹ ਬਣ ਜਾਂਦਾ ਹੈ। ਕਿਸਾਨਾਂ ਦੇ ਕਹਿਣ ਮੁਤਾਬਕ, ਕਾਰਪੋਰੇਟ ਵੀ ਹੁਣ ਵਲੀ ਕੰਧਾਰੀ ਦੀਆਂ ਲੀਹਾਂ ਉਪਰ ਚੱਲ ਕੇ ਖੇਤੀ/ ਭੋਜਨ ਉਪਰ ਆਪਣਾ ਸੰਪੂਰਨ ਕੰਟਰੋਲ ਸਥਾਪਤ ਕਰਨਾ ਚਾਹੁੰਦਾ ਹੈ।

ਕਿਉਂਕਿ ਭੋਜਨ ਤੋਂ ਬਿਨਾਂ ਤਾਂ ਜੀਵਨ ਹੀ ਸੰਭਵ ਨਹੀਂ, ਇਸ ਲਈ ਭੋਜਨ ਉਪਰ ਕੰਟਰੋਲ ਦਾ ਅਰਥ ਹੈ ਜੀਵਨ ਸ਼ਕਤੀ ਉਪਰ ਹੀ ਕੰਟਰੋਲ ਸਥਾਪਤ ਕਰ ਲੈਣਾ। ਪਰ ਗੁਰੂ ਨਾਨਕ ਦੀ ਸਪਿਰਟ ਨਾਲ ਜੁੜੇ ਵਿਭਿੰਨ ਧਰਮਾਂ, ਅਕੀਦਿਆਂ, ਸੰਸਕ੍ਰਿਤੀਆਂ ਅਤੇ ਇਲਾਕਿਆਂ ਦੇ ਕਿਸਾਨ ਦ੍ਰਿੜ ਕਰੀ ਬੈਠੇ ਹਨ ਕਿ ਉਹ ਅਜਿਹਾ ਨਹੀ ਹੋਣ ਦੇਣਗੇ। ਜਿਵੇਂ ਗੁਰੂ ਨਾਨਕ ਨੇ ਵਲੀ ਕੰਧਾਰੀ ਦੇ ਡੈਮ (ਤਾਨਾਸ਼ਾਹੀ) ਨੂੰ ਤੋੜ ਕੇ ਪਾਣੀ ਉਪਰ ਹਰ ਕਿਸੇ ਦਾ ਜਮਹੂਰੀ ਅਧਿਕਾਰ ਮੁੜ ਸਥਾਪਿਤ ਕਰ ਦਿੱਤਾ ਸੀ, ਉਸੇ ਤਰਜ਼ 'ਤੇ ਹੁਣ ਕਿਸਾਨ ਵੀ ਭੋਜਨ ਉਪਰ ਕਾਰਪੋਰੇਟਰ ਦੀ ਚੌਧਰ ਸਥਾਪਿਤ ਕਰਨ ਵਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਜ਼ਿਦ ਫੜੀ ਬੈਠੇ ਹਨ।

ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਮੁਲਕ ਦੀ ਕਾਰਪੋਰੇਟਾਈਜ਼ੇਸ਼ਨ ਕਿਸੇ ਸਿਆਸੀ ਪਾਰਟੀ ਦੀ ਨਹੀਂ, ਭਾਰਤੀ ਸਟੇਟ ਦਾ ਨਵ-ਉਦਾਰਵਾਦੀ ਏਜੰਡਾ ਹੈ ਜੋ 1991 ਵਿਚ ਡਾ. ਮਨਮੋਹਨ ਸਿੰਘ ਦੇ ਆਰਥਿਕ ਸੁਧਾਰਾਂ ਨਾਲ ਵਿਸ਼ਵ ਸਰਮਾਏ ਦੇ ਪ੍ਰਭਾਵ ਅਧੀਨ ਸ਼ੁਰੂ ਹੁੰਦਾ ਹੈ। ਵਰਤਮਾਨ ਵਿਸ਼ਵ ਸੱਤਾ ਦਾ ਨਿਰਮਾਣ ਕਰਨ ਵਾਲੀ ਨਵ-ਉਦਾਰਵਾਦੀ ਸੋਚ ਨੂੰ ਵਿਸਥਾਪਿਤ ਕਰਨ ਵਾਲੀ ਇਸ ਲੜਾਈ ਨੂੰ ਕਿਸੇ ਇਕ ਸਿਆਸੀ ਪਾਰਟੀ ਵਿਰੁੱਧ ਲੜੀ ਜਾਣ ਵਾਲੀ ਲੜਾਈ ਤੱਕ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਜੇ ਇਕ ਪਾਰਟੀ ਦੀ ਸਰਕਾਰ ਜਾਂਦੀ ਹੈ, ਤਾਂ ਕੀ ਭਰੋਸਾ ਹੈ ਕਿ ਦੂਸਰੀ ਪਾਰਟੀ ਦੀ ਸਰਕਾਰ ਆ ਕੇ ਇਸ ਏਜੰਡੇ ਨੂੰ ਕਿਸੇ ਨਵੇਂ ਰੂਪ ਵਿਚ ਲਾਗੂ ਕਰਨ ਦਾ ਪ੍ਰੋਗਰਾਮ ਨਹੀਂ ਉਲੀਕੇਗੀ। ਕੀ ਕਿਸੇ ਸਿਆਸੀ ਪਾਰਟੀ ਨੇ ਖੇਤੀ ਦੇ ਅਗਾਊਂ ਵਿਕਾਸ ਲਈ ਕਦੀ ਕੋਈ ਵੱਖਰਾ ਪ੍ਰੋਗਰਾਮ ਦਿਤਾ ਹੈ?

ਕਿਸਾਨਾਂ ਦੀ ਅਤੇ ਸਰਕਾਰ ਦੀ ਇਨ੍ਹਾਂ ਕਾਨੂੰਨਾਂ ਬਾਰੇ ਵੱਖੋ ਵੱਖਰੀ ਸਮਝ ਕਿਉਂ ਬਣੀ ਹੋਈ ਹੈ, ਇਹ ਤਾਂ

ਅਸੀਂ ਆਪਣੀ ਅਕਲ ਮੁਤਾਬਕ ਕਿਸੇ ਹੱਦ ਤੱਕ ਸਮਝ ਲਿਆ। ਪਰ ਜੇ ਕਿਸਾਨਾਂ ਦਾ ਇਹ ਮਸਲਾ ਕਿਸੇ ਤਰ੍ਹਾਂ ਹੱਲ ਹੋ ਜਾਂਦਾ ਹੈ ਤਾਂ ਵੀ ਇਸ ਮਸਲੇ ਨੂੰ ਪੈਦਾ ਕਰਨ ਵਾਲਾ ਵਿਚਾਰਧਾਰਕ ਸੰਕਟ ਕੋਈ ਨ ਕੋਈ ਹੋਰ ਰੂਪ ਧਾਰ ਕੇ ਵਿਕਾਸ ਦੇ ਤਮਾਮ ਮਸਲਿਆਂ ਵਿਚ ਪ੍ਰਗਟ ਹੁੰਦਾ ਹੀ ਰਹੇਗਾ। ਅੱਜ ਖੇਤੀ ਦਾ ਮਸਲਾ ਉਠਿਆ ਹੈ, ਕੱਲ੍ਹ ਸਿੱਖਿਆ ਅਤੇ ਸਿਹਤ ਸੁਰੱਖਿਆ ਦੇ ਮਸਲੇ ਵੀ ਉਠ ਸਕਦੇ ਹਨ। ਇਹ ਸੰਕਟ ਹੈ ਸਰਕਾਰੀ ਖੇਤਰ (ਪਬਲਿਕ ਸੈਕਟਰ) ਅਤੇ ਨਿਜੀ ਖੇਤਰ (ਪਰਾਈਵੇਟ ਸੈਕਟਰ) ਵਿਚਲੇ ਵਿਚਾਰਧਾਰਕ ਟਕਰਾਅ ਦਾ ਜਾਂ ਉਸ ਨੀਤੀ ਨਿਰਮਾਣ ਦੀ ਘਾਟ ਦਾ, ਜਿਸ ਰਾਹੀਂ ਸਰਕਾਰ, ਮੱਧ-ਵਰਗੀ ਵਿਉਪਾਰ ਅਤੇ ਕਿਸਾਨੀ ਭਾਈਚਾਰਾ ਰਲ ਕੇ ਇਸ ਸੰਕਟ ਦਾ ਸਮਾਧਾਨ ਪੇਸ਼ ਕਰਨ। ਤਿੰਨਾਂ ਦੇ ਆਪਸੀ ਸਹਿਯੋਗ ਵਿਚ ਹੀ ਇਸ ਸੰਕਟ ਦਾ ਸਮਾਧਾਨ ਹੈ।

ਜਦੋਂ ਕਿਧਰੇ ਵਿਕਾਸ ਦੀ ਗੱਲ ਤੁਰਦੀ ਹੈ; ਖਾਸ ਕਰਕੇ ਨਵੀਨਤਮ ਅਤੇ ਸਿਰਜਣਾਤਮਕ (ਇਨੋਵੇਟਿਵ ਐਂਡ ਕਰੀਏਟਿਵ) ਪਹਿਲੂਆਂ ਉਪਰ ਟਿਕੇ ਵਿਕਾਸ ਦੀ; ਤਾਂ ਵਿਕਾਸ ਦੇ ਉਸ ਪ੍ਰੋਗਰਾਮ ਵਿਚ ਸਰਕਾਰੀ ਅਤੇ ਨਿੱਜੀ ਖੇਤਰ ਦੇ ਰੋਲ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਹੈ ਕਿ ਕਿਹੜੀ ਧਿਰ ਕੀ ਰੋਲ ਨਿਭਾਏਗੀ। ਪਰ ਬਹੁਤੀ ਵਾਰੀ ਸਰਕਾਰੀ ਰੋਲ ਪ੍ਰਾਈਵੇਟ ਸੈਕਟਰ ਦੇ ਪ੍ਰੋਗਰਾਮਾਂ ਨੂੰ ਸਬਸਿਡੀਆਂ ਅਤੇ ਟੈਕਸੇਸ਼ਨ ਰਾਹੀਂ ਉਤਸਾਹਿਤ ਜਾਂ ਨਿਰਉਤਸਾਹਿਤ ਕਰਨ ਵਾਲੀਆਂ ਨੀਤੀਆਂ ਦੇ ਰੂਪ ਵਿਚ ਹੀ ਵਿਚਾਰਿਆ ਜਾਂਦਾ ਹੈ। ਇਸੇ ਸੋਚ ਅਧੀਨ ਸਰਕਾਰ ਖੇਤੀ ਅਤੇ ਭੋਜਨ ਦੇ ਕਾਰੋਬਾਰ ਨੂੰ, ਜੋ ਹੁਣ ਤੱਕ ਸਰਕਾਰੀ ਨਿਯੰਤਰਣ ਹੇਠ ਚੱਲ ਰਿਹਾ ਸੀ, ਕਾਰਪੋਰੇਟ ਨੂੰ ਸੌਂਪਣਾ ਚਾਹੁੰਦੀ ਹੈ। ਕੀ ਇਸ ਸੰਕਟ ਦਾ ਹੱਲ ਹਾਂ ਜਾਂ ਨਾਂਹ ਦੇ ਰੂਪ ਵਿਚ ਹੀ ਵਿਚਾਰਿਆ ਜਾਣਾ ਚਾਹੀਦਾ ਹੈ, ਜਾਂ ਫਿਰ ਕਿ ਸਰਕਾਰ, ਮੱਧ-ਵਰਗੀ ਵਿਉਪਾਰ ਅਤੇ ਕਿਸਾਨੀ ਭਾਈਚਾਰੇ ਦੇ ਆਪਸੀ ਸਹਿਯੋਗ ਉਪਰ ਟਿਕਿਆ ਕੋਈ ਹੋਰ ਤੀਸਰਾ ਵਿਕਲਪ ਵੀ ਵਿਚਾਰਿਆ ਜਾ ਸਕਦਾ ਹੈ। ਇਸ ਬਾਰੇ ਗੱਲ ਕਰਨ ਦੀ ਲੋੜ ਹੈ।

ਮੌਜੂਦਾ ਕਿਸਾਨ ਸੰਘਰਸ਼ ਦੀਆਂ ਖੇਤੀ ਸੰਕਟ ਤੋਂ ਇਲਾਵਾ ਹੋਰ ਵੀ ਕਈ ਸਿਆਸੀ ਪਰਤਾਂ ਹਨ। ਜੇ ਬਾਕੀ ਗੱਲਾਂ ਨੂੰ ਪਾਸੇ ਰੱਖ ਕੇ ਇਕੱਲੇ ਖੇਤੀ ਸੰਕਟ ਬਾਰੇ ਹੀ ਸੋਚਣਾ ਹੋਵੇ, ਤਾਂ ਸਹਿਜੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਜੇ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲੈਂਦੀ ਹੈ ਤਾਂ ਵੀ ਕਿਸਾਨੀ ਅਤੇ ਖੇਤੀ ਸੰਕਟ ਖਤਮ ਨਹੀਂ ਹੋਵੇਗਾ। ਇਸ ਦੇ ਉਲਟ ਜੇ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਠੁਕਰਾ ਕੇ, ਖੇਤੀ ਸੈਕਟਰ ਨੂੰ ਆਪਣੀ ਸਟਰੈਟਿਜੀ ਮੁਤਾਬਕ, ਨਵ-ਉਦਾਰਵਾਦੀ ਲੀਹਾਂ ਉਪਰ ਤੋਰ ਲੈਂਦੀ ਹੈ ਤਾਂ ਸੰਕਟ ਦਾ ਹੱਲ ਫੇਰ ਵੀ ਨਹੀਂ ਹੋਵੇਗਾ। ਸਗੋਂ ਇਹ ਸੰਕਟ ਹੋਰ ਡੂੰਘਾ ਹੋ ਜਾਵੇਗਾ। ਤੀਸਰੇ ਵਿਕਲਪ ਦੀ ਖੋਜ ਆਵੱਸ਼ਕ ਹੈ।

### 1.3 ਅਨਿਆਂ ਦੇ ਵਿਭਿੰਨ ਰੂਪਾਂ ਵਿਰੁਧ ਸਾਂਝਾ ਮੋਰਚਾ

ਇਸ ਤੋਂ ਪਹਿਲਾਂ ਕਿ ਆਪਾਂ ਕੋਈ ਹੱਲ ਸੁਝਾਉਣ ਦੀ ਕੋਸ਼ਿਸ ਕਰੀਏ, ਇਕ ਹੋਰ ਚੀਜ਼ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਇਸ ਸੰਕਟ ਨੂੰ ਨਾ ਕੇਂਦਰ ਸਰਕਾਰ ਇਕੱਲਿਆਂ ਹੱਲ ਕਰ ਸਕਦੀ ਹੈ ਅਤੇ ਨਾ ਹੀ ਰਾਜ ਸਰਕਾਰਾਂ। ਗਲੋਬਲ ਆਰਡਰ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਖੋਜ, ਸਿੱਖਿਆ, ਤਕਨਾਲੋਜੀ ਅਤੇ ਸਮਾਜਕ ਤਬਦੀਲੀ ਦੇ ਮੁੱਦੇ ਵੀ ਇਸ ਸੰਕਟ ਨਾਲ ਗਹਿਰੀ ਤਰ੍ਹਾਂ ਜੁੜੇ ਹੋਏ ਹਨ। ਖੇਤੀ ਵਿਕਾਸ ਦੇ ਇਸ ਸਮੁੱਚੇ ਈਕੋਸਿਸਟਮ ਨੂੰ ਸਮਝੇ ਬਿਨਾਂ ਨਾ ਖੇਤੀ ਸੰਕਟ ਹੱਲ ਹੋਵੇਗਾ ਅਤੇ ਨਾ ਹੀ ਖੇਤੀ ਧੰਦਾ ਸਮਾਰਟ, ਸਸਟੇਨੇਬਲ ਅਤੇ ਇਨਕਲੂਸਿਵ ਵਿਕਾਸ ਦੇ ਰਾਹ ਪਵੇਗਾ। ਇਸੇ ਲਈ ਸੁਰਜੀਤ ਪਾਤਰ ਲਿਖਦੇ ਹਨ:

*ਇਹ ਬਾਤ ਨਿਰੀ ਏਨੀ ਹੀ ਨਹੀਂ,*
*ਨਾ ਇਹ ਮਸਲਾ ਸਿਰਫ ਕਿਸਾਨ ਦਾ ਏ*
*ਇਹ ਪਿੰਡ ਦੇ ਵਸਦੇ ਰਹਿਣ ਦਾ ਏ,*
*ਜਿਹਨੂੰ ਤੌਖਲਾ ਉਜੜ ਜਾਣ ਦਾ ਏ*

ਪਿੰਡ ਵਿਚ ਕੇਵਲ ਕਿਸਾਨ ਹੀ ਨਹੀਂ ਵਸਦੇ। ਹੋਰ ਜਾਤ ਬਰਾਦਰੀਆਂ ਅਤੇ ਧੰਦਿਆਂ ਵਾਲੇ ਲੋਕ ਵੀ ਵਸਦੇ ਹਨ। ਇਕ ਸਮਾਂ ਸੀ ਜਦੋਂ ਦੂਜੀਆਂ ਜਾਤਾਂ ਦੇ ਲੋਕ ਵੀ ਵਿਭਿੰਨ ਕਾਰਜ-ਰੂਪਾਂ ਵਿਚ ਖੇਤੀਬਾੜੀ ਦੇ ਧੰਦੇ ਨਾਲ ਜੁੜੇ ਹੋਣ ਕਾਰਨ, ਕਿਸਾਨੀ ਉਪਰ ਹੀ ਨਿਰਭਰ ਕਰਦੇ ਸਨ। ਪਰ ਹੁਣ ਪਿੰਡ ਦੇ ਬਹੁ ਗਿਣਤੀ ਪਰਿਵਾਰ ਅਤੇ ਕਿਸਾਨ ਪਰਿਵਾਰਾਂ ਦੇ ਵੀ ਬਹੁ ਗਿਣਤੀ ਮੈਂਬਰ ਖੇਤੀ ਨਹੀਂ ਕਰਦੇ, ਹੋਰ ਕੰਮ ਧੰਦੇ ਅਤੇ ਕਾਰ ਵਿਹਾਰ ਕਰਨ ਲੱਗ ਪਏ ਹਨ। ਜਜਮਾਨੀ ਢਾਂਚਾ ਬਿਖਰ ਗਿਆ। ਸੀਰੀਆਂ ਦੀ ਥਾਂ ਪਰਵਾਸੀ ਮਜ਼ਦੂਰਾਂ ਨੇ ਲੈ ਲਈ ਹੈ। ਪਿੰਡ, ਪਿੰਡ ਦੇ ਵਿਭਿੰਨ ਕੰਮ ਧੰਦਿਆਂ ਅਤੇ ਭਾਈਚਾਰਿਆਂ ਬਾਰੇ ਹੁਣ ਵੱਖਰੀ ਤਰ੍ਹਾਂ ਸੋਚਣਾ ਪਵੇਗਾ। ਪਿੰਡ

ਹੁਣ ਕੇਵਲ ਪਿੰਡ ਵਿਚ ਹੀ ਨਹੀਂ, ਸ਼ਹਿਰ ਵਿਚ ਵੀ ਜਾ ਵਸਿਆ ਹੈ। ਜ਼ਮੀਨਾਂ ਠੇਕੇ ਉਪਰ ਦੇ ਕੇ, ਬਹੁਤ ਸਾਰੇ ਜ਼ਿਮੀਂਦਾਰ ਪਰਿਵਾਰਾਂ ਨੇ ਵੀ ਆਪਣਾ ਮੂੰਹ ਸ਼ਹਿਰ ਵੱਲ ਕਰ ਲਿਆ ਹੈ। ਪਿੰਡ, ਜੋ ਕਿਸੇ ਵੇਲੇ ਖੇਤੀ ਦੀ ਸਾਂਝੀ ਤੰਦ ਅਤੇ ਜਜਮਾਨੀ ਰਿਸ਼ਤਿਆਂ ਵਿਚ ਬੱਝਿਆ ਹੋਇਆ ਸੀ, ਹਰੇ ਇਨਕਲਾਬ ਬਾਅਦ ਬਿਖਰ ਕੇ ਹੁਣ ਫੇਰ ਜੁੜ ਰਿਹਾ ਹੈ। ਪਰ ਉਨ੍ਹਾਂ ਨੂੰ ਜੋੜਨ ਵਾਲੀ ਤੰਦ ਹੁਣ ਖੇਤੀਬਾੜੀ ਦਾ ਧੰਦਾ ਨਹੀਂ, ਬੇਇਨਸਾਫੀ, ਸ਼ੋਸ਼ਣ ਅਤੇ ਧੱਕੇਸ਼ਾਹੀ ਵਿਰੁੱਧ ਸੰਘਰਸ਼ ਦੀ ਸਾਂਝ ਹੈ। ਕਿਸਾਨੀ ਸੰਘਰਸ਼ ਰਾਹੀਂ ਇਸ ਸਾਂਝ ਦੀ ਪਹਿਚਾਣ ਬਣਨ ਲੱਗੀ ਹੈ।

ਕਿਸਾਨ ਸੰਘਰਸ਼ ਕੇਵਲ ਕਿਸਾਨਾਂ ਦਾ ਹੀ ਸੰਘਰਸ਼ ਨਹੀਂ। ਹਰ ਧਿਰ, ਜੋ ਮਹਿਸੂਸ ਕਰਦੀ ਹੈ ਕਿ ਉਸ ਨਾਲ ਧੱਕਾ ਹੋ ਰਿਹਾ ਹੈ, ਇਸ ਸੰਘਰਸ਼ ਵਿਚ ਸ਼ਾਮਲ ਹੈ। ਚੰਡੀਗੜ੍ਹ ਦੇ ਚੌਂਕ ਚੁਰਾਹਿਆਂ ਵਿਚ ਕਿਸਾਨਾਂ ਦਾ ਸਮਰਥਨ ਕਰ ਰਹੇ ਲੋਕ ਇਸ ਗੱਲ ਦਾ ਸਬੂਤ ਹਨ। ਕਿਸਾਨ ਸੰਘਰਸ਼ ਵਿਚ ਵਿਭਿੰਨ ਧਿਰਾਂ ਦੀ ਸ਼ਮੂਲੀਅਤ ਨੇ ਸਾਬਤ ਕਰ ਦਿੱਤਾ ਹੈ ਕਿ ਵਿਤਕਰਾ ਕੇਵਲ ਕਿਸਾਨਾਂ ਨਾਲ ਹੀ ਨਹੀਂ ਹੋ ਰਿਹਾ, ਛੋਟੇ ਵਿਉਪਾਰੀ ਅਤੇ ਮਜ਼ਦੂਰ ਨਾਲ ਵੀ ਹੋ ਰਿਹਾ ਹੈ। ਭਾਵੇਂ ਕਿਸਾਨ ਸੰਘਰਸ਼ ਵਿਚ ਇਨ੍ਹਾਂ ਦੀ ਆਵਾਜ਼ ਨਹੀਂ ਉਠਾਈ ਜਾ ਰਹੀ, ਪਰ ਧੱਕਾ ਤਾਂ ਦਲਿਤਾਂ, ਘੱਟ ਗਿਣਤੀਆਂ, ਔਰਤਾਂ, ਪਰਵਾਸੀਆਂ, ਬੇਰੁਜ਼ਗਾਰਾਂ, ਵਿਦਿਆਰਥੀਆਂ, ਕਰਮਚਾਰੀਆਂ, ਠੇਕੇ ਤੇ ਕੰਮ ਕਰ ਰਹੇ ਅਧਿਆਪਕਾਂ, ਗਰੀਬ ਲੜਕੀਆਂ, ਵਾਤਾਵਰਣ ਆਦਿ ਪਤਾ ਨਹੀਂ ਕਿਸ ਕਿਸ ਨਾਲ ਹੋ ਰਿਹਾ ਹੈ। ਪਰ ਇਹ ਸਭ ਧਿਰਾਂ ਆਪੋ ਆਪਣੇ ਦੁਖ ਦਰਦ ਲੈ ਕੇ ਓਥੇ ਹਾਜ਼ਰ ਜ਼ਰੂਰ ਹਨ। ਕਿਸਾਨ ਸੰਘਰਸ਼ ਕੇਵਲ ਤਿੰਨ ਖੇਤੀ ਕਾਨੂੰਨਾਂ ਖਿਲਾਫ ਨਹੀਂ, ਉਸ ਵਿਵਸਥਾ ਦੇ ਖਿਲਾਫ ਲੜਿਆ ਜਾ ਰਿਹਾ ਹੈ, ਜੋ ਇਨ੍ਹਾਂ ਸਾਰਿਆਂ ਨੂੰ ਇਹ ਦੁਖ ਦਰਦ ਦੇ ਰਹੀ ਹੈ। ਖੇਤੀ ਕਾਨੂੰਨ ਤਾਂ ਉਹ ਆਖਰੀ ਤਿਣਕਾ ਹੈ, ਜਿਸ ਦੇ ਭਾਰ ਨਾਲ ਲੋਕਾਂ ਦੇ ਸਬਰ ਦਾ ਜਹਾਜ਼ ਡੁਬਿਆ, ਪਰ ਜਹਾਜ਼ ਤਾਂ ਕਦੋਂ ਦਾ ਲੋਕਾਂ ਦੇ ਦੁਖ ਦਰਦਾਂ ਨਾਲ ਓਵਰਲੋਡ ਚੱਲ ਰਿਹਾ ਸੀ।

ਇਹ ਕਿਸੇ ਇਕ ਜਮਾਤ/ਧਿਰ ਦਾ ਸੰਘਰਸ਼ ਨਹੀਂ। ਅਨਿਆਂ ਦੇ ਵਿਭਿੰਨ ਰੂਪਾਂ ਵਿਰੁੱਧ ਇਕ ਵਿਆਪਕ ਸੰਘਰਸ਼ ਹੈ, ਜੋ ਲੋਕਾਂ ਦੇ ਮਨਾਂ ਵਿਚ ਪਤਾ ਨਹੀਂ ਕਦੋਂ ਦਾ ਸੁਲਗ ਰਿਹਾ ਸੀ। ਇਹ ਵੀ ਸਮਝਣ ਦੀ ਜ਼ਰੂਰਤ ਹੈ ਕਿ ਇਹ ਸੰਘਰਸ਼ ਕੇਵਲ ਹਕੂਮਤ ਵਿਰੁੱਧ ਨਹੀਂ, ਜਗੀਰੂ ਲੀਡਰਸ਼ਿਪ, ਪੂੰਜੀਵਾਦ, ਨਵ-ਉਦਾਰਵਾਦ, ਫਾਸ਼ੀਵਾਦ, ਏਕਾਧਿਕਾਰਵਾਦ, ਵੱਖਵਾਦ, ਲਾਲ-ਫੀਤਾਸ਼ਾਹੀ, ਭ੍ਰਿਸ਼ਟਾਚਾਰ, ਆਦਿ ਦੁਆਰਾ ਫੈਲਾਈ ਜਾ ਰਹੀ ਹਰ ਕਿਸਮ ਦੀ ਬੇਇਨਸਾਫੀ ਵਿਰੁੱਧ ਚੱਲ ਰਿਹਾ ਨਿਰੰਤਰ ਸੰਘਰਸ਼ ਹੈ, ਜੋ ਹੌਲੀ ਹੌਲੀ ਲੋਕਾਂ ਦੇ ਮਨਾਂ ਵਿਚੋਂ ਨਿਕਲ ਕੇ ਸੜਕਾਂ ਉਪਰ ਆ ਗਿਆ ਹੈ। ਇਹ ਗੱਲ ਵੀ ਕਿਸੇ ਕੋਲੋਂ ਭੁੱਲੀ ਹੋਈ ਨਹੀਂ ਕਿ ਕਿਸਾਨਾਂ ਦੀਆਂ ਇਹ ਮੰਗਾਂ ਮੰਨੇ ਜਾਣ ਨਾਲ ਉਨ੍ਹਾਂ ਦੇ ਦੁਖ ਦਰਦ ਦੂਰ ਨਹੀਂ ਹੋ ਜਾਣੇ। ਆਪਣੀਆਂ ਇਨ੍ਹਾਂ ਮੰਗਾਂ ਉਪਰ ਅੜ ਕੇ ਉਹ ਤਾਂ ਕੇਵਲ ਏਨਾ ਹੀ ਕਹਿਣ ਦੀ ਹੀ ਕੋਸ਼ਿਸ਼ ਕਰ ਰਹੇ ਹਨ ਕਿ ਸਾਨੂੰ ਹੁਣ ਹੋਰ ਨਾ ਸਤਾਓ; ਅਸੀਂ ਅੱਗੇ ਹੀ ਬਹੁਤ ਸਤੇ ਹੋਏ ਹਾਂ। ਸਿਆਸੀ ਪਾਰਟੀਆਂ, ਖਾਸ ਕਰਕੇ ਵਿਰੋਧੀ ਧਿਰਾਂ ਅਤੇ ਵਿਦਵਾਨਾਂ ਵਾਸਤੇ ਵੀ ਉਨ੍ਹਾਂ ਕੋਲ ਕੇਵਲ ਏਨਾ ਹੀ ਕਹਿਣ ਲਈ ਬਚਿਆ ਹੈ ਕਿ ਤੁਹਾਨੂੰ ਵੀ ਬਹੁਤ ਦੇਖ ਲਿਆ;ਹੁਣ ਤਾਂ ਸਾਨੂੰ ਆਪ ਹੀ ਕੁਝ ਕਰਨਾ ਪਵੇਗਾ।

### 1.4 ਕਦੋਂ ਤੱਕ ਚੱਲੇਗਾ ਇਹ ਸੰਘਰਸ਼

ਕਿਸਾਨ ਮੋਰਚੇ ਦੇ ਕਈ ਹਮਦਰਦ ਇਹ ਵੀ ਸੋਚਦੇ ਹਨ ਕਿ ਇਕ ਸਮਾਂ ਆਇਆ ਸੀ, ਜਦੋਂ ਸਰਕਾਰ ਨੇ ਕਿਸਾਨਾਂ ਦੀਆਂ ਲਗਭਗ ਸਾਰੀਆਂ ਮੰਗਾਂ ਮੰਨ ਲਈਆਂ ਸਨ। ਸਰਕਾਰ ਦਾ ਕਿਸਾਨਾਂ ਨੂੰ ਕਹਿਣਾ ਸੀ ਕਿ ਭਾਵੇਂ ਇਨ੍ਹਾਂ ਕਾਨੂੰਨਾਂ ਦੀਆਂ ਸਾਰੀਆਂ ਮਦਾਂ ਤਬਦੀਲ ਕਰਵਾ ਲਵੋ, ਪਰ ਕਾਨੂੰਨ ਰੱਦ ਕਰਵਾਉਣ ਦੀ ਜ਼ਿਦ ਨਾ ਕਰੋ। ਇਨ੍ਹਾਂ ਹਮਦਰਦਾਂ ਦਾ ਕਹਿਣਾਂ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਸਰਕਾਰ ਦੀ ਇਹ ਗੱਲ ਮੰਨ ਲੈਣੀ ਚਾਹੀਦੀ ਸੀ। ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਇਸ ਨਾਲ ਸਹਿਮਤ ਵੀ ਸਨ। ਇਹ ਸੁਆਲ ਕਰਦੇ ਹਨ ਕਿ ਸੰਘਰਸ਼ ਨੂੰ ਹੋਰ ਕਿੰਨਾ ਕੁ ਖਿਚਿਆ ਜਾ ਸਕਦਾ ਹੈ। ਕਿਸਾਨ ਆਖਰ ਕਦੋਂ ਤੱਕ ਲੜਦੇ ਰਹਿਣਗੇ। ਸਰਕਾਰ ਵੀ ਚੁੱਪ ਵੱਟ ਕੇ ਇਹੋ ਸੋਚ ਰਹੀ ਹੈ ਕਿ ਕਿਸਾਨ ਆਪਣੇ ਇਸ ਸੰਘਰਸ਼ ਨੂੰ ਹੋਰ ਕਿੰਨਾ ਕੁ ਖਿੱਚ ਲੈਣਗੇ।

ਕਿਸਾਨ ਕਦੋਂ ਤੱਕ ਲੜਨਗੇ? ਬੜਾ ਦਿਲਚਸਪ ਸੁਆਲ ਹੈ। ਕਿਸਾਨ ਕਹਿੰਦੇ ਹਨ ਕਿ 2024, ਭਾਵ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੱਕ ਤਾਂ ਬੈਠਾਂਗੇ ਹੀ ਬੈਠਾਂਗੇ; ਨਵੀਂ ਸਰਕਾਰ ਬਣਾ ਕੇ ਜਾਵਾਂਗੇ। ਉਹ ਅਜਿਹਾ ਕਰ ਸਕਦੇ ਹਨ। ਇਸ ਦੇ ਕਈ ਕਾਰਨ ਹਨ। ਖੇਤੀ ਦਾ ਕੰਮ ਸਾਰਾ ਸਾਲ ਹਰ ਵੇਲੇ ਤਾਂ ਹੁੰਦਾ ਨਹੀਂ। ਜੇਕਰ ਉਹ ਲੌਕਡਾਊਨ ਦੌਰਾਨ, ਲੱਖ ਪਾਬੰਦੀਆਂ ਦੇ ਬਾਵਜੂਦ, ਵਧੀਆ ਪੈਦਾਵਾਰ ਕਰ ਸਕਦੇ ਹਨ, ਤਾਂ ਇਹ ਸੰਘਰਸ਼ ਵੀ ਖੇਤੀ ਪੈਦਾਵਾਰ ਵਿਚ ਰੁਕਾਵਟ ਨਹੀਂ ਬਣੇਗਾ। ਉਹ ਸ਼ਿਫਟਾਂ ਵਿਚ ਧਰਨੇ 'ਤੇ ਬੈਠਦੇ ਹਨ। ਧਰਨੇ

ਉਪਰ ਬੈਠੇ ਕਿਸਾਨਾਂ ਦੇ ਕੰਮਾਂ ਕਾਰਾਂ ਨੂੰ ਪਿੱਛੇ ਪਿੰਡ ਵਿਚ ਬੈਠੇ ਕਿਸਾਨ ਸੰਭਾਲ ਲੈਂਦੇ ਹਨ। ਆਪਸੀ ਸਹਿਯੋਗ ਦੀਆਂ ਲੁਪਤ ਹੋ ਰਹੀਆਂ ਸੰਭਾਵਨਾਵਾਂ ਮੁੜ ਤੋਂ ਜਾਗ ਰਹੀਆਂ ਹਨ। ਖਾਣ-ਪੀਣ ਅਤੇ ਆਣ-ਜਾਣ ਦੇ ਸਾਧਨ ਉਨ੍ਹਾਂ ਦੇ ਆਪਣੇ ਹਨ। ਸਾਂਝਾ ਲੰਗਰ ਲਗਾਉਣ ਲਈ ਕਿਸੇ ਤੋਂ ਮੰਗਣ ਨਹੀਂ ਜਾਣਾ। ਗਰਮੀ ਸਰਦੀ ਅਤੇ ਮੀਂਹ ਹਨੇਰੀ ਤੋਂ ਬਚਾਅ ਲਈ ਉਨ੍ਹਾਂ ਨੇ ਪੱਕੇ ਘਰ ਬਣਾ ਲਏ ਹਨ। ਟਿਊਬ ਵੈੱਲ ਲੱਗ ਰਹੇ ਹਨ। ਸਵੇਰੇ ਟੁੰਡੇ ਅਸਰਾਜੇ ਦੀ ਧੁਨ ਵਿਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਯੋਗ ਦੀਆਂ ਕਲਾਸਾਂ ਲੱਗਦੀਆਂ ਹਨ। ਮਹਿਫਲਾਂ ਜੰਮਦੀਆਂ ਹਨ। ਅਖਾੜੇ ਭਰਦੇ ਹਨ। ਗਾਉਣ ਵਜਾਉਣ ਹੁੰਦਾ ਹੈ। ਤਾਸ਼ ਚੱਲਦੀ ਹੈ। ਸਿਆਸੀ ਤਕਰੀਰਾਂ ਅਤੇ ਬਹਿਸ ਮੁਵਾਸੇ ਹੁੰਦੇ ਹਨ। ਖੁੰਡ ਚਰਚਾ ਹੁੰਦੀ ਹੈ। ਸਾਥ ਦੇਣ ਲਈ ਪਰਿਵਾਰ ਵੀ ਆਉਂਦੇ ਜਾਂਦੇ ਰਹਿੰਦੇ ਹਨ। ਕਿਸਾਨ ਧਰਨੇ 'ਤੇ ਬੈਠਦੇ ਨਹੀਂ, ਪਿੰਡਾਂ ਵਿਚ ਰੂਪਾਂਤ੍ਰਿਤ ਹੋ ਰਹੇ ਧਰਨਿਆਂ ਵਿਚ ਸਹਿਜ ਨਾਲ ਵਸ ਰਸ ਰਹੇ ਹਨ। ਦੁੱਖ ਤਕਲੀਫਾਂ ਅਤੇ ਸ਼ਹਾਦਤਾਂ ਉਹਨਾ ਨੂੰ ਤੋੜਦੀਆਂ ਨਹੀਂ, ਜੋੜਦੀਆਂ ਹਨ।

ਕਈ ਅਰਥ ਸ਼ਾਸਤਰੀ ਸੋਚਦੇ ਸਨ ਕਿ ਜੇ ਕਦੀ ਪੈਦਾਵਾਰ ਦਾ ਚੱਕਾ ਘੁੰਮਣਾ ਬੰਦ ਹੋ ਗਿਆ ਤਾਂ ਜੀਵਨ ਧਾਰਾ ਦਾ ਵਹਾਅ ਹੀ ਰੁਕ ਜਾਵੇਗਾ। ਪਰ ਕਰੋਨਾ ਸੰਕਟ ਦੌਰਾਨ ਹੋਏ ਲੌਕ ਡਾਊਨ ਨੇ ਸਾਬਤ ਕਰ ਦਿੱਤਾ ਹੈ ਕਿ ਜੇ ਖੇਤੀਬਾੜੀ ਦਾ ਕੰਮ ਧੰਦਾ ਚਲਦਾ ਰਹੇ ਤਾਂ ਜੀਵਨ ਧਾਰਾ ਵੀ ਚਲਦੀ ਰਹਿੰਦੀ ਹੈ। ਬਾਕੀ ਦੇ ਕੰਮ ਧੰਦੇ ਇੰਤਜ਼ਾਰ ਕਰ ਸਕਦੇ ਹਨ। ਇਸੇ ਲਈ ਇਹ ਸੋਚਿਆ ਜਾ ਰਿਹਾ ਹੈ ਕਿ ਜੇ ਕਿਸਾਨ ਇਹ ਫੈਸਲਾ ਕਰ ਲੈਣ ਕਿ ਕੇਵਲ ਆਪਣੀਆਂ ਅਤੇ ਆਪਣੇ ਸੰਗੀ ਸਾਥੀਆਂ/ ਭਾਈਚਾਰੇ ਦੀਆਂ ਲੋੜਾਂ ਜੋਗਾ ਹੀ ਭੋਜਨ ਪੈਦਾ ਕਰਨਾ ਹੈ ਤਾਂ ਮੁਲਕ ਨੂੰ ਬੜੀ ਨਾਜ਼ੁਕ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸਾਨ ਅਜਿਹਾ ਕਰਨਗੇ ਨਹੀਂ। ਪਰ ਸਰਕਾਰ ਨੂੰ ਇਹ ਗੱਲ ਸਮਝਣੀ ਪਵੇਗੀ ਕਿ ਜ਼ਿਦ ਠੀਕ ਨਹੀਂ ਹੁੰਦੀ। ਜਮਹੂਰੀਅਤ ਦਾ ਇਹੋ ਅਸੂਲ ਹੈ ਕਿ ਜਿਸ ਧਿਰ ਬਾਰੇ ਕੋਈ ਫੈਸਲਾ ਲੈਣਾ ਹੋਵੇ, ਉਸ ਫੈਸਲੇ ਵਿਚ ਸਬੰਧਤ ਧਿਰ ਦੀ ਸ਼ਮੂਲੀਅਤ ਜ਼ਰੂਰੀ ਹੈ। ਇਹ ਵੀ ਸਮਝਣਾ ਪਵੇਗਾ ਕਿ ਕਿਸਾਨ ਕੇਵਲ ਅਨਾਜ ਹੀ ਪੈਦਾ ਨਹੀਂ ਕਰਦੇ, ਆਪਸੀ ਮਿਲਵਰਤਨ, ਸਹਿਯੋਗ ਅਤੇ ਦਇਆ ਉਪਰ ਅਧਾਰਿਤ ਸਮਾਜਕ ਰਿਸ਼ਤਿਆਂ ਦਾ ਨਿਰਮਾਣ ਵੀ ਕਰਦੇ ਹਨ। ਕਿਸਾਨੀ ਸੰਘਰਸ਼ ਨੇ ਤਾਂ ਆਜ਼ਾਦੀ, ਬਰਾਬਰੀ, ਸਬਰ ਸੰਤੋਖ ਅਤੇ ਦਇਆ ਉਪਰ ਅਧਾਰਿਤ ਸਮਾਜਕ ਨਿਰਮਾਣ ਦੇ ਕਾਰਜ ਨੂੰ ਹੋਰ ਵੀ ਬਲਸ਼ਾਲੀ ਬਣਾ ਦਿੱਤਾ ਹੈ।

## 2. ਪੰਜਾਬ ਸੰਕਟ

### 2.1 ਸੀਮਾ ਅਤੇ ਸੰਭਾਵਨਾ

ਸੱਤਾ ਦੀ ਚੂਹੇ ਦੌੜ ਵਿਚ ਵਿਅਸਤ ਸਿਆਸੀ ਪਾਰਟੀਆਂ ਅਤੇ ਸਾਰਥਕਤਾ ਗੁਆ ਚੁੱਕੇ ਵਿਦਵਾਨਾਂ ਨੂੰ ਆਪਣਾ ਖੁਰ ਰਿਹਾ ਪ੍ਰਭਾਵ ਬਚਾਉਣ ਲਈ ਆਪਣੇ ਰੋਲ ਨੂੰ ਮੁੜ ਤੋਂ ਵਿਚਾਰਨ ਦੀ ਲੋੜ ਹੈ। ਇਸ ਦਿਸ਼ਾ ਵਿਚ ਅੱਗੇ ਵਧਣ ਤੋਂ ਪਹਿਲਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਕੋਲ ਜੋ ਹੈ, ਉਸਨੂੰ ਵੰਡਣ ਦਾ ਮਸਲਾ ਟਕਰਾਅ ਪੈਦਾ ਕਰਦਾ ਹੈ। ਜੋ ਗਿਆਨ ਸਾਨੂੰ ਉਪਲਭਧ ਹੈ, ਉਸ ਬਾਰੇ ਸਾਡੇ ਸਭ ਦੇ ਵੱਖੋ ਵੱਖਰੇ ਅਤੇ ਵਿਪਰੀਤ ਵਿਚਾਰ ਹੋ ਸਕਦੇ ਹਨ। ਲੱਖ ਅਸਹਿਮਤੀਆਂ ਵੀ ਹੋਣਗੀਆਂ। ਰਾਜਨੀਤਕ ਸ਼ਕਤੀ ਦੀ ਵੰਡ ਦਾ ਮਸਲਾ ਬਣਿਆ ਹੀ ਰਹਿੰਦਾ ਹੈ। ਪਰ ਜੋ ਸਾਡੇ ਕੋਲ ਨਹੀਂ ਹੈ, ਜਾਂ ਜਿਸ ਬਾਰੇ ਸਾਨੂੰ ਕੋਈ ਗਿਆਨ ਨਹੀਂ, ਉਸ ਨੂੰ ਪ੍ਰਾਪਤ ਕਰਨ ਲਈ ਅਸੀਂ ਸਭ ਬਰਾਬਰ ਹਾਂ ਅਤੇ ਉਸ ਦੀ ਪ੍ਰਾਪਤੀ ਲਈ ਰਲ ਕੇ ਸੰਘਰਸ਼ ਵੀ ਕਰਦੇ ਹਾਂ।

ਗਿਆਨ/ ਸ਼ਕਤੀ ਜੋ ਹੈ, ਉਹ ਸੀਮਤ ਹੈ। ਸੀਮਾਂ ਥੁੜ੍ਹ ਦੀ ਮਾਨਸਿਕਤਾ ਨੂੰ ਜਗਾਉਂਦੀ ਹੈ। ਥੁੜ੍ਹ ਦੀ ਮਾਨਸਿਕਤਾ ਵਿਚੋਂ ਪ੍ਰਤਿਯੋਗ (ਕੰਪੀਟੀਸ਼ਨ) ਉਪਜਦਾ ਹੈ। ਇਸਦੇ ਉਲਟ ਜੋ ਨਹੀਂ ਹੈ, ਜੋ ਅਗਿਆਤ ਹੈ, ਉਹ ਅਸੀਮ ਹੈ। ਉਹ ਸਾਡੇ ਅੰਦਰ ਸਿਰਜਣਾ (ਕਰੀਏਟਿਵਿਟੀ), ਸਹਿਯੋਗ (ਕੋਆਪਰੇਸ਼ਨ) ਅਤੇ ਬਰਾਬਰੀ ਦੀ ਭਾਵਨਾ ਜਗਾਉਂਦਾ ਹੈ। ਕਿਸਾਨ ਜੋ ਪੈਦਾ ਕਰਦੇ ਹਨ, ਉਹ ਸੀਮਤ ਹੈ, ਇਸ ਲਈ ਉਸਦੀ ਵੰਡ ਅਤੇ ਨਿਯੰਤਰਣ ਦਾ ਮਸਲਾ ਬਣਿਆ ਰਹਿੰਦਾ ਹੈ। ਪਰ ਕਿਸਾਨ ਜੋ ਹਾਲੇ ਪੈਦਾ ਨਹੀਂ ਕਰ ਰਹੇ, ਉਹ ਅਸੀਮ ਹੈ। ਖੇਤੀ ਸੰਕਟ/ ਕਿਸਾਨ ਸੰਕਟ/ ਪੇਂਡੂ ਸੰਕਟ ਦਾ ਸਮਾਧਾਨ, ਉਹ ਜੋ ਹੈ, ਉਸਦੀ ਵੰਡ ਵਿਚ ਨਹੀਂ; ਉਹ ਜੋ ਨਹੀਂ ਹੈ, ਉਸ ਦੀ ਸਿਰਜਣਾ ਲਈ ਸਭ ਦੇ ਬਰਾਬਰੀ ਉਪਰ ਅਧਾਰਿਤ ਸਹਿਯੋਗ ਵਿਚ ਹੈ।

ਇਹ ਸਮਝ ਪਾਲਦੇ ਹੋਏ ਕਿ 'ਅਸੀਮ ਅਗਿਆਨਤਾ ਵਿਚ ਗਿਆਨ ਅਤੇ ਸਹਿਯੋਗ ਦੀਆਂ ਅਸੀਮ ਸੰਭਾਵਨਾਵਾਂ ਲੁਕੀਆਂ ਹੁੰਦੀਆਂ ਹਨ', ਆਪਾਂ ਪੰਜਾਬ ਦੇ ਖੇਤੀ ਸੰਕਟ ਵੱਲ ਪਰਤਦੇ ਹਾਂ। ਇਸੇ ਰਸਤਿਉਂ ਪੰਜਾਬ ਦੇ ਚੋਣ ਏਜੰਡੇ 'ਤੇ ਪਹੁੰਚਣ ਦਾ ਯਤਨ ਕਰਾਂਗੇ।

## 2.2 ਖੇਤੀ ਸੰਕਟ

ਖੇਤੀ ਮਾਹਿਰਾਂ ਨੂੰ ਅਕਸਰ ਇਹੋ ਕਹਿੰਦੇ ਸੁਣਿਆ ਹੈ ਕਿ ਪੰਜਾਬ ਵਿਚ ਨਾ ਵਾਹੀ ਯੋਗ ਜ਼ਮੀਨ ਵਿਚ ਵਾਧਾ ਹੋ ਸਕਦਾ ਹੈ ਅਤੇ ਨਾ ਹੀ ਫਸਲੀ ਘਣਤਾ ਵਧਾਈ ਜਾ ਸਕਦੀ ਹੈ। ਖੇਤੀ ਰਸਾਇਣਾਂ ਦੇ ਵਧੇਰੇ ਉਪਯੋਗ ਰਾਹੀਂ ਫਸਲਾਂ ਦੀ ਉਤਪਾਦਕਤਾ ਵਧਾਉਣਾ ਸਮਾਜ ਅਤੇ ਵਾਤਾਵਰਣ ਲਈ ਖਤਰਾ ਸਹੇੜਨ ਵਾਲੀ ਗੱਲ ਹੋਵੇਗੀ। ਇਹ ਤਾਂ ਰਹੀ ਪੰਜਾਬ ਦੇ ਖੇਤੀ ਸੰਕਟ ਦੀ ਤਸਵੀਰ। ਕਿਸਾਨੀ ਸੰਕਟ ਤਾਂ ਇਸ ਤੋਂ ਵੀ ਗਹਿਰਾ ਹੈ। ਇਨ੍ਹਾਂ ਮਾਹਿਰਾਂ ਦੇ ਕਹਿਣ ਮੁਤਾਬਕ, ਨਵੇਂ ਰੁਜ਼ਗਾਰ ਦੀ ਗੈਰਹਾਜ਼ਰੀ ਵਿਚ, ਖੇਤੀ ਉਪਰ ਜਨਸੰਖਿਆ ਦੇ ਲਗਾਤਾਰ ਵਧ ਰਹੇ ਬੋਝ ਕਾਰਨ ਹੁਣ ਇਹ ਲਾਹੇਵੰਦ ਧੰਦਾ ਹੀ ਨਹੀਂ ਰਹੀ।

ਇਸ ਤਰ੍ਹਾਂ ਦੇ ਦੁਰ ਪ੍ਰਚਾਰ ਕਾਰਨ ਹੀ ਪੰਜਾਬ ਦੀ ਯੂਥ ਖੇਤੀ ਧੰਦੇ ਤੋਂ ਦੂਰ ਹੁੰਦੀ ਜਾ ਰਹੀ ਹੈ। ਆਧੁਨਿਕ ਰੁਜ਼ਗਾਰ ਲਈ ਯੋਗਤਾ ਹਾਸਲ ਕਰਨ ਵਾਸਤੇ ਮਹਿੰਗੀ ਸਿੱਖਿਆ ਵੀ ਹਾਸਲ ਕਰਦੇ ਹਨ। ਪਰ ਪੰਜਾਬ ਦੀ ਜਗੀਰੂ ਸਿਆਸਤ ਅਤੇ ਭ੍ਰਿਸ਼ਟ ਅਫਸਰਸ਼ਾਹੀ ਨੇ ਪੰਜਾਬ ਵਿਚ ਆਧੁਨਿਕ ਸੈਕਟਰ ਵਿਕਸਤ ਹੀ ਨਹੀਂ ਹੋਣ ਦਿੱਤਾ। ਪੰਜਾਬ ਤੋਂ ਬਾਹਰ ਰੁਜ਼ਗਾਰ ਇਸ ਲਈ ਨਹੀਂ ਮਿਲਦਾ ਕਿਉਂਕਿ ਇਥੇ ਜੋ ਪੜ੍ਹਾਇਆ ਜਾਂਦਾ ਹੈ ਉਸ ਦੀ ਨਾ ਸਮਾਜ ਨੂੰ ਜ਼ਰੂਰਤ ਹੈ ਨਾਂ ਹੀ ਸਨਅਤ ਨੂੰ। ਜੋ ਸਨਅਤ ਅਤੇ ਸਮਾਜ ਨੂੰ ਚਾਹੀਦਾ ਹੈ, ਉਹ ਇਥੇ ਪੜ੍ਹਾਇਆ ਹੀ ਨਹੀਂ ਜਾਦਾ। ਖੇਤੀ, ਸਿੱਖਿਆ ਅਤੇ ਰੁਜ਼ਗਾਰ, ਸਾਡਾ ਤਿੰਨਾਂ ਵੱਲ ਕੋਈ ਧਿਆਨ ਨਹੀਂ। ਨਤੀਜੇ ਵਜੋਂ, ਪੰਜਾਬ ਵਿਚ ਇਰਰੈਲੇਵੈਂਟ ਯੂਥ ਦੀ ਇਕ ਵੱਡੀ ਫੌਜ ਤਿਆਰ ਹੋ ਰਹੀ ਹੈ। ਬੇਰੁਜ਼ਗਾਰੀ ਦਾ ਨਹੀਂ, ਬੇਕਾਰੀ ਦਾ ਮਸਲਾ ਹੈ।

ਕਿਉਂਕਿ ਸਾਡਾ ਖੇਤੀਬਾੜੀ ਵਿਚ ਵਿਸ਼ਵਾਸ ਨਹੀਂ ਰਿਹਾ, ਇਸ ਲਈ ਬਹੁਤੇ ਕਿਸਾਨ ਪਰਿਵਾਰਾਂ ਕੋਲ ਜਿਹੜੇ ਚਾਰ ਸਿਆੜ ਬਚੇ ਹੁੰਦੇ ਹਨ, ਉਨ੍ਹਾਂ ਨੂੰ ਵੇਚ ਵੱਟ ਕੇ ਬੱਚਿਆਂ ਨੂੰ ਸਟੂਡੈਂਟ ਵੀਜ਼ੇ ਤੇ ਕਨੇਡਾ ਅਮਰੀਕਾ ਜਾਂ ਅਸਟਰੇਲੀਆ ਭੇਜਣ ਵਿਚ ਹੀ ਆਪਣੀ ਜਿਤ ਸਮਝ ਲੈਂਦੇ ਹਨ। ਅਜਿਹਾ ਸਮਝਣਾ ਠੀਕ ਵੀ ਹੈ ਕਿਉਂਕਿ ਜਿਹੜੇ ਬੱਚੇ ਬਾਹਰ ਨਹੀਂ ਜਾ ਪਾਉਂਦੇ, ਉਨ੍ਹਾਂ ਲਈ ਪੰਜਾਬ ਕੋਲ ਵੀ ਸਿਰਫ ਨਸ਼ੇ ਅਤੇ ਜੁਰਮ ਦੇ ਧੰਦੇ ਹੀ ਬਚੇ ਹਨ।

## 2.3 ਸਿਆਸਤ ਦਾ ਨਵਾਂ ਰੂਪ

ਪੰਜਾਬ ਉਜੜ ਰਿਹਾ ਹੈ। ਪੰਜਾਬ ਬਰਬਾਦ ਹੋ ਰਿਹਾ ਹੈ। ਉਹ ਸਿਆਸੀ ਧਿਰਾਂ, ਜਿਨ੍ਹਾਂ ਨੇ ਪੰਜਾਬ ਨੂੰ ਉਜੜਨ ਦਿੱਤਾ, 2022 ਵਿਚ ਵੀ ਉਹ ਆਪਣੇ ਉਹੋ ਪੁਰਾਣੇ ਪਾਪੂਲਰ ਪ੍ਰੋਗਰਾਮ ਲੈਕੇ, ਵੋਟਰਾਂ ਨੂੰ ਬੇਵਕੂਫ ਬਣਾਉਣ ਲਈ, ਫਿਰ ਤੋਂ ਚੋਣ ਮੈਦਾਨ ਵਿਚ ਆ ਰਹੀਆਂ ਹਨ। ਪੰਜਾਬੀਆਂ ਨੂੰ ਮੰਗਤੇ ਸਮਝ ਕੇ ਖੈਰਾਤ ਵੰਡਣ ਵਾਲੀਆਂ ਇਨ੍ਹਾਂ ਸਿਆਸੀ ਪਾਰਟੀਆਂ ਨੇ ਵਿਚਾਰਧਾਰਾ, ਮੁੱਦੇ, ਵਿਕਾਸ ਪ੍ਰੋਗਰਾਮ ਅਤੇ ਲੋਕ ਰਾਇ ਆਦਿ ਸਭ ਨੂੰ ਤਿਆਗ ਕੇ ਇਕ ਨਵੀਂ ਯੁੱਧ ਨੀਤੀ ਅਪਣਾ ਲਈ ਹੈ। ਇਸ ਨਵੀਂ ਯੁੱਧ ਨੀਤੀ ਦੇ ਦੋ ਤਿੰਨ ਮਹੱਤਵਪੂਰਨ ਪਹਿਲੂਆਂ ਬਾਰੇ ਗੱਲ ਕਰਨੀ ਬਣਦੀ ਹੈ।

ਨੰਬਰ ਇਕ, ਇਨ੍ਹਾਂ ਲੋਕਾਂ ਲਈ ਸਿਆਸਤ ਹੁਣ ਵਿਚਾਰਧਾਰਾ ਦਾ ਮੁੱਦਾ ਨਾ ਰਹਿ ਕੇ, ਕੇਵਲ ਅਤੇ ਕੇਵਲ ਚੋਣਾਂ ਜਿੱਤਣ ਦੀ ਕਲਾ ਬਣ ਕੇ ਰਹਿ ਗਈ ਹੈ। ਇਸ ਕਲਾ ਲਈ ਕਿਉਂਕਿ ਹੁਣ ਅਤਿ ਆਧੁਨਿਕ ਤਕਨਾਲੋਜੀ ਅਤੇ ਮੰਡੀਕਰਣ ਦੀਆਂ ਤਕਨੀਕਾਂ ਦਾ ਵੱਡੀ ਪੱਧਰ ’ਤੇ ਇਸਤੇਮਾਲ ਹੋ ਰਿਹਾ ਹੈ, ਇਸ ਲਈ ਨਾਅਰੇ ਅਤੇ ਤਕਰੀਰਾਂ ਲਿਖਣ ਤੋਂ ਲੈ ਕੇ ਰੈਲੀਆਂ ਆਯੋਜਿਤ ਕਰਨ ਅਤੇ ਡਿਜੀਟਲ ਮਾਰਕਿਟਿੰਗ ਤੱਕ ਸਾਰੇ ਕੰਮ ਵੱਡੀਆਂ ਆਈ ਟੀ ਕੰਪਨੀਆਂ ਨੂੰ ਠੇਕੇ ’ਤੇ ਦੇ ਦਿੱਤੇ ਜਾਂਦੇ ਹਨ। ਆਧੁਨਿਕ ਵਿਆਹ ਸ਼ਾਦੀਆਂ ਵਾਂਗ ਇਲੈਕਸ਼ਨਾਂ ਵੀ ਹੁਣ **ਈਵੰਟ ਮੈਨੇਜਮੈਂਟ** ਦਾ ਕਾਰੋਬਾਰ ਬਣ ਕੇ ਰਹਿ ਗਈਆਂ ਹਨ। ਆਉਣ ਵਾਲੀਆਂ 2022 ਦੀਆਂ ਚੋਣਾਂ ਲਈ, ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਇਹ ਕੰਮ ਪਹਿਲਾਂ ਹੀ ਅਜਿਹੇ ਠੇਕੇਦਾਰਾਂ ਨੂੰ ਸੌਂਪ ਵੀ ਚੁੱਕੀਆਂ ਹਨ। ਠੇਕੇਦਾਰਾਂ ਨੇ ਆਪਣਾ ਕੰਮ ਸ਼ੁਰੂ ਵੀ ਕਰ ਦਿੱਤਾ ਹੈ।

ਜਿਵੇਂ ਕੋਰੋਨਾ ਸੰਕਟ ਦੌਰਾਨ ਹੋਏ ਲੌਕ ਡਾਊਨ ਨੇ ਆਨਲਾਈਨ ਬਿਜ਼ਨਸ ਨੂੰ ਬਹੁਤ ਵੱਡਾ ਹੁਲਾਰਾ ਦਿੱਤਾ ਸੀ, ਉਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚੇ ਦੀ ਸਿਆਸੀ ਰੈਲੀਆਂ ਉਪਰ ਰੋਕ ਰਹਿੰਦੀ ਖੂੰਹਦੀ ਸਿਆਸੀ ਐਕਟਿਵਿਟੀ ਨੂੰ ਵੀ ਖਤਮ ਕਰਕੇ, ਇਨ੍ਹਾਂ ਇਲੈਕਸ਼ਨ ਮੈਨੇਜਮੈਂਟ ਕੰਪਨੀਆਂ ਦੀ ਜੇਬ ਹੋਰ ਭਾਰੀ ਕਰ ਦੇਵੇਗੀ। ਰੀਟੇਲ ਵਾਂਗ ਸਿਆਸਤ ਵੀ ਆਨਲਾਈਨ ਹੋ ਰਹੀ ਹੈ। ਪੰਜਾਬ ਚੋਣਾਂ ਦੀ ਇਹ ਆਊਟ ਸੋਰਸਿੰਗ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸਿਆਸੀ ਪਾਰਟੀਆਂ ਡਿਜੀਟਲ ਪਲੈਟਫਾਰਮ ਬਣ ਕੇ

ਰਹਿ ਜਾਣਗੀਆਂ ਅਤੇ ਉਮੀਦਵਾਰਾਂ ਦੀ ਚੋਣ ਤੋਂ ਲੈਕੇ ਸਰਕਾਰਾਂ ਬਣਾਉਣ ਤੱਕ ਦਾ ਸਾਰਾ ਕੰਮ ਐਮਾਜ਼ੌਨ/ IBM ਵਰਗੀਆਂ ਬਹੁ-ਕੌਮੀ ਕੰਪਨੀਆਂ ਦੇ ਹਵਾਲੇ ਹੋ ਜਾਵੇਗਾ। ਪੰਜਾਬ ਦੀਆਂ 2022 ਦੀਆਂ ਚੋਣਾਂ ਇਸ ਗੱਲ ਵੱਲ ਸਪੱਸ਼ਟ ਇਸ਼ਾਰਾ ਕਰ ਰਹੀਆਂ ਹਨ। ਹਰ ਪਾਰਟੀ ਸੈਂਕੜੇ ਕਰੋੜ ਰੁਪਏ ਖਰਚ ਕਰਕੇ ਇਸ ਸਿਆਸੀ ਗੁਲਾਮੀ ਲਈ ਆਪਣਾ ਯੋਗਦਾਨ ਪਾ ਰਹੀ ਹੈ। ਦਰਅਸਲ, ਇਕ ਨਵਾਂ ਸਾਮਰਾਜ ਸਿਰਜ ਹੋ ਰਿਹਾ ਹੈ। ਅਜਿਹੇ ਸਾਮਰਾਜ ਦੇ ਨਿਰਮਾਣ ਵਿਚ ਸਿਆਸੀ ਪਾਰਟੀਆਂ ਵਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ।

ਚੋਣਾਂ ਦੇ ਸੀਨ ਵਿਚ ਜਿਹੜਾ ਦੂਸਰਾ ਪਹਿਲੂ ਵੱਡਾ ਯੋਗਦਾਨ ਪਾ ਰਿਹਾ ਹੈ, ਉਹ ਹੈ ਸਿਆਸੀ ਪਤਵੰਤਿਆ ਦੀ ਐਕਸਕਲੂਸਿਵ ਕਲੱਬ ਦਾ ਹੋਂਦ ਵਿਚ ਆਉਣਾ। ਚੋਣ ਲੜਨਾ ਦਿਨੋ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ। ਚੋਣ ਲੜਨ ਲਈ ਹੀ ਨਹੀਂ, ਕਈ ਵਾਰ ਤਾਂ ਟਿਕਟ ਲੈਣ ਲਈ ਵੀ ਵਾਧੂ ਪੈਸੇ ਖਰਚਣੇ ਪੈਂਦੇ ਹਨ। ਨਵੇਂ ਬੰਦੇ ਲਈ ਤਾਂ ਪਾਰਟੀ ਟਿਕਟ ਲੈਣੀ ਅਤੇ ਚੋਣ ਲੜਨਾ ਲਗਭਗ ਅਸੰਭਵ ਹੀ ਹੋ ਗਿਆ ਹੈ। ਪਰ ਹਾਂ, ਜੇਕਰ ਤੁਹਾਡੇ ਕੋਲ ਵਾਧੂ ਪੈਸਾ ਹੈ ਤਾਂ ਕੋਈ ਮੁਸ਼ਕਲ ਨਹੀਂ। ਦਰਅਸਲ ਸਿਅਸਤ ਹੁਣ ਅਮੀਰ ਸਿਆਸਤਦਾਨਾਂ ਦੀ ਇਲੀਟ ਕਲੱਬ ਬਣ ਕੇ ਰਹਿ ਚੁਕੀ ਹੈ। ਇਸ ਕਲੱਬ ਦੀ ਮੈਂਬਰਸਿਪ ਲੈਣ ਲਈ ਹੀ ਨਹੀਂ, ਇਸ ਦੇ ਮੈਂਬਰ ਬਣੇ ਰਹਿਣ ਉਪਰ ਵੀ ਕਰੋੜਾਂ ਰੁਪੈ ਖਰਚ ਹੁੰਦੇ ਹਨ। ਸ਼ਾਇਦ ਇਸੇ ਲਈ ਜੇ ਸਾਰੇ ਨਹੀਂ ਤਾਂ ਬਹੁਤੇ ਸਿਆਸਤਦਾਨ ਅਤੇ ਸਿਆਸੀ ਪਾਰਟੀਆਂ ਪਾਵਰ ਵਿਚ ਆਉਦਿਆਂ ਹੀ ਪੈਸੇ ਬਣਾਉਣ ਦੇ ਚੱਕਰ ਵਿਚ ਪੈ ਜਾਂਦੀਆਂ ਹਨ।

ਇਸ ਕਲੱਬ ਦੀ ਮੈਂਬਰਸ਼ਿਪ ਲੈਣੀ ਹੀ ਮੁਸ਼ਕਿਲ ਹੈ। ਜੇਕਰ ਤੁਸੀ ਇਸ ਕਲੱਬ ਦੇ ਮੈਂਬਰ ਹੋ ਤਾਂ ਕੋਈ ਮਨਾਹੀ ਨਹੀਂ ਕਿ ਤੁਸੀ ਬਾਰ ਵਿਚ ਬੈਠਣਾ ਹੈ ਜਾਂ ਰੈਸਟੋਰੈਂਟ ਵਿਚ। ਭਾਵ ਕਿ ਤੁਸੀ ਕਾਂਗਰਸ ਵੱਲੋਂ ਚੋਣ ਲੜਨੀ ਹੈ, ਅਕਾਲੀ ਦਲ ਵੱਲੋਂ, ਬੀ ਜੇ ਪੀ ਵੱਲੋਂ ਜਾਂ ਆਪ ਵੱਲੋਂ। ਪੈਸੇ ਦਾ ਰੋਲ ਇੰਨਾ ਵਧ ਗਿਆ ਹੈ ਕਿ ਕਾਰਪੋਰੇਟ ਅਤੇ ਮਾਫੀਏ ਦੀ ਮਦਦ ਬਿਨਾ ਪਾਵਰ ਵਿਚ ਆਉਣਾ ਸ਼ਾਇਦ ਸੰਭਵ ਹੀ ਨਹੀਂ ਰਿਹਾ। ਕਾਰਪੋਰੇਟ ਅਤੇ ਮਾਫੀਏ ਦੁਆਰਾ ਸਬਸੇਡਾਈਜ਼ਡ ਇਹ ਸਿਆਸੀ ਕਲੱਬ ਹੀ ਹੁਣ ਸਟੇਟ ਬਣ ਚੁਕੀ ਹੈ। ਸਟੇਟ ਦੇ ਨਿਰਮਾਣ ਵਿਚ ਵਿਚਾਰਧਾਰਾ ਅਤੇ ਪਾਲੇਟਿਕਸ ਦਾ ਹੁਣ ਕੋਈ ਰੋਲ ਨਹੀਂ ਰਹਿ ਗਿਆ।

ਜੇਕਰ ਸਟੇਟ (ਰਾਜ ਸੱਤਾ) ਦੇ ਨਿਰਮਾਣ ਅਤੇ ਚਲਨ ਵਿਚ ਵਿਚਾਰਧਾਰਾ ਜਾਂ ਪਾਲੇਟਿਕਸ ਦਾ ਕੋਈ ਰੋਲ ਹੀ ਨਹੀਂ ਰਹਿ ਗਿਆ ਤਾਂ ਫੇਰ ਇਸ ਸਟੇਟ ਨੂੰ ਚਲਾ ਕੌਣ ਰਿਹਾ ਹੈ ? ਕੀ ਕਾਰਪੋਰੇਟ ਦੇ ਇਸ਼ਾਰੇ 'ਤੇ ਅਫਸਰਸ਼ਾਹੀ ਚਲਾ ਰਹੀ ਹੈ? ਬਿਲਕੁਲ ਨਹੀਂ। ਸਟੇਟ, ਤਕਨਾਲੋਜੀ ਰਾਹੀ, ਆਪਣੇ ਆਪ ਨੂੰ ਆਪ ਹੀ ਚਲਾ ਰਹੀ ਹੈ। ਇਸੇ ਨੂੰ ਟੈਕਨਾਲੋਜੀਕਲ ਡੀਟਰਮਨਿਜ਼ਮ ਆਖਿਆ ਗਿਆ ਹੈ। ਜਿਥੇ ਵਿਚਾਰਧਾਰਾ ਅਤੇ ਸਿਆਸਤ ਨੂੰ ਰੱਦ ਕਰਕੇ ਹਰ ਸਮੱਸਿਆ ਅਤੇ ਚੁਣੌਤੀ ਦੇ ਸਮਾਧਾਨ ਲਈ ਸਿਆਸੀ ਨਿਰਣਿਆਂ ਵੱਲ ਨਹੀਂ, ਸਗੋਂ ਤਕਨੀਕੀ ਹੱਲਾਂ (ਟੈਕਨਾਲੋਜੀਕਲ ਸੋਲਿਊਸ਼ਨਜ਼) ਵੱਲ ਦੇਖਿਆ ਜਾਂਦਾ ਹੈ। ਇਕ ਅਜਿਹੀ ਸਥਿਤੀ ਜਿਥੇ ਕੋਈ ਕਿਸੇ ਦਾ ਮਾਲਕ ਨਹੀਂ। ਜਿਥੇ ਹਰ ਕਿਸੇ ਨੇ ਪੂੰਜੀ ਦੇ ਵਿਸਤਾਰ ਲਈ, ਆਪਣੇ ਆਪ ਨੂੰ ਆਪ ਹੀ ਗੁਲਾਮ ਬਣਾਇਆ ਹੋਇਆ ਹੈ।

ਵੀਹਵੀਂ ਸਦੀ, ਜਿਸਨੂੰ ਮਿਸ਼ੇਲ ਫੂਕੋ ਨੇ ਅਨੁਸ਼ਾਸਨੀ ਸਮਾਜ (ਡਸਿਪਲਨਰੀ ਸੁਸਾਇਟੀ) ਦੇ ਰੂਪ ਵਿਚ ਬੜੀ ਮਿਹਨਤ ਨਾਲ ਬਿਆਨ ਕੀਤਾ ਸੀ, ਉਸਦਾ ਸਮਾਂ ਬੀਤ ਗਿਆ ਹੈ। ਵੀਹਵੀਂ ਸਦੀ ਦੇ ਅਨੁਸ਼ਾਸਨੀ ਸਮਾਜ ਇੱਕੀਵੀਂ ਸਦੀ ਦੇ ਪ੍ਰਾਪਤੀ ਸਮਾਜਾਂ (ਅਚੀਵਮੈਂਟ ਸੁਸਾਇਟੀਜ਼) ਵਿਚ ਤਬਦੀਲ ਹੋ ਗਏ ਹਨ। ਜੇਕਰ ਇਸ ਗੱਲ ਨੂੰ ਸਮਝਣ ਵਿਚ ਮੁਸ਼ਕਿਲ ਆ ਰਹੀ ਹੈ ਤਾਂ ਪੰਜਾਬੀ ਕਿਸਾਨ ਵੱਲ ਦੇਖੋ। ਦੋ ਚਾਰ ਕੀਲਿਆਂ ਵਾਲਾ ਛੋਟੇ ਤੋਂ ਛੋਟਾ ਕਿਸਾਨ ਵੀ ਆਪਣੇ ਆਪ ਨੂੰ ਮਾਲਕ ਸਮਝਦਾ ਹੈ। ਉਹ ਮਹਿੰਗੀਆਂ ਖੇਤੀ ਰਸਾਇਣਾਂ ਖਰੀਦ ਕੇ ਅਤੇ ਸਸਤੀਆਂ ਜਿਣਸਾਂ ਵੇਚ ਕੇ ਵੀ ਇਹ ਨਹੀਂ ਸੋਚਦਾ ਕਿ ਉਹ ਇਨ੍ਹਾਂ ਲੁਟੇਰਿਆਂ ਲਈ ਕੰਮ ਕਰ ਰਿਹਾ ਹੈ। ਉਹ ਵੱਧ ਤੋਂ ਵੱਧ ਪੈਦਾਵਾਰ ਕਰਕੇ ਆਪਣਾ ਘੱਟ ਅਤੇ ਇਨ੍ਹਾਂ ਲੁਟੇਰਿਆਂ ਦਾ ਵੱਧ ਫਾਇਦਾ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਓਪਨ ਸੋਰਸ ਐਪ ਪ੍ਰਾਜੈਕਟਾਂ 'ਤੇ ਦਿਨ ਰਾਤ ਕੰਮ ਕਰਕੇ ਐਂਡਰਾਇਡ (ਗੂਗਲ) ਅਤੇ ਆਈ ਓ ਐਸ (ਐਪਲ) ਦਾ ਅਰਬਾਂ ਖਰਬਾਂ ਦਾ ਬਿਜ਼ਨਸ ਚਲਾਉਣ ਵਾਲੇ ਨੌਜੁਆਨ ਉਦਮੀਆਂ ਉਪਰ ਕਿਸੇ ਨੂੰ ਨਿਗ੍ਹਾ ਰੱਖਣ ਦੀ ਜਾਂ ਕੰਟਰੋਲ ਕਰਨ ਦੀ ਕੋਈ ਜ਼ਰੂਰਤ ਨਹੀਂ। ਉਹ ਆਪਣੇ ਆਪ ਨੂੰ ਆਪ ਹੀ ਦਿਨ ਰਾਤ ਪੂੰਜੀ ਦੀ ਸੇਵਾ ਵਿਚ ਲਗਾਈ ਰੱਖਦੇ ਹਨ। ਅਸੀਂ ਪੂੰਜੀ ਦੀ ਸੰਪੂਰਨ ਡਿਕਟੇਟਰਸ਼ਿਪ ਦੇ ਯੁੱਗ ਵਿਚ ਜੀ ਰਹੇ ਹਾਂ। ਜਿਥੇ ਪੂੰਜੀ ਦੇ ਵਿਸਤਾਰ ਲਈ ਗਧਿਆਂ ਵਾਂਗ ਕੰਮ ਕਰਨਾ ਹੀ ਹਰ ਕਿਸੇ ਦੀ ਜ਼ਿੰਦਗੀ ਦਾ ਇਕੋ ਇਕ ਅਰਥ/ ਮਨੋਰਥ ਰਹਿ ਗਿਆ ਹੈ। ਕਿਰਤ ਦੇ ਬੋਲਬਾਲੇ ਨੇ ਨਾਮ ਜਪਣਾ ਅਤੇ ਵੰਡ ਛਕਣਾ ਭੁਲਾ ਦਿੱਤਾ ਹੈ।

ਸਨਮਾਨ ਯੋਗ ਅਤੇ ਲੋੜੀਂਦੀ ਕਿਰਤ ਦੇ ਨਾਲ ਨਾਲ ਨਾਮ ਜਪਣ ਅਤੇ ਵੰਡ ਛਕਣ ਵੱਲ ਕਿਵੇਂ ਪਰਤਣਾ ਹੈ, ਨਵ-ਉਦਾਰਵਾਦ ਅਤੇ ਤਕਨਾਲੋਜੀ ਤਾਂ ਇਸਦਾ ਹੱਲ ਦੱਸਣਗੇ ਨਹੀਂ, ਨੈਤਿਕਤਾ ਅਤੇ ਸਿਆਸਤ ਵੱਲ ਵਾਪਿਸ ਪਰਤਣਾ ਹੋਵੇਗਾ। ਕਾਰਪੋਰੇਟੀ ਟੈਕਨੋ-ਪਾਲੇਟਿਕਸ ਨੂੰ ਭਾਈਚਾਰਕ ਐਥੀਕੋ-ਪਾਲੇਟਿਕਸ ਵਿਚ ਰੂਪਾਂਤ੍ਰਿਤ ਕਰਨਾ ਹੋਵੇਗਾ।

## 3. ਵਿਸ਼ਵ ਭਾਈਚਾਰੇ ਦਾ ਸੰਕਟ ਅਤੇ ਕਿਸਾਨ ਸੰਘਰਸ਼

### 3.1 ਵਰਤਮਾਨ ਸਥਿਤੀ/ਸੰਕਟ ਨੂੰ ਸੁਲਝਾਉਣ ਲਈ, ਕਿਸਾਨ ਸੰਘਰਸ਼ ਕਿਵੇਂ ਸਹਾਈ ਹੋ ਸਕਦਾ ਹੈ?

ਮੌਜੂਦਾ ਸੰਕਟ, ਜਿਸਨੂੰ ਆਪਾਂ ਪੰਜਾਬ ਦੇ ਖੇਤੀ ਸੰਕਟ ਦੇ ਰੂਪ ਵਿਚ ਅਨੁਭਵ ਕਰ ਰਹੇ ਹਾਂ, ਉਹ ਇਕੱਲੇ ਪੰਜਾਬ ਦਾ ਸੰਕਟ ਨਹੀਂ, ਨਾ ਹੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਉਸ ਨੂੰ ਇਕੱਲਿਆਂ ਸੁਲਝਾ ਸਕਦੀ ਹੈ। ਉਹ ਗਲੋਬਲ ਸੰਕਟ ਹੈ। ਕੇਵਲ ਆਮ ਲੋਕਾਂ ਦਾ ਹੀ ਨਹੀਂ, ਵਿਸ਼ਵ ਸਰਮਾਏ ਦਾ ਵੀ ਸੰਕਟ ਹੈ। ਸੰਨ 2008 ਦੇ ਆਰਥਕ ਸੰਕਟ ਤੋਂ ਬਾਅਦ ਨਵ-ਉਦਾਰਵਾਦ ਦੇ ਬਦਲ ਬਾਰੇ ਬੜੀ ਗੰਭੀਰਤਾ ਨਾਲ ਸੋਚਿਆ ਵਿਚਾਰਿਆ ਜਾ ਰਿਹਾ ਹੈ। ਪਰ ਮੇਰਾ ਸੁਆਲ ਇਹ ਹੈ ਕਿ ਕਿਸਾਨ ਸੰਘਰਸ਼ ਨੂੰ ਲੀਡ ਕਰ ਰਹੇ ਪੰਜਾਬੀ (ਮੈਂ ਸੰਯੁਕਤ ਕਿਸਾਨ ਮੋਰਚੇ ਦੇ ਲੀਡਰਾਂ ਦੀ ਜਾਂ ਇਕੱਲੇ ਕਿਸਾਨਾਂ ਦੀ ਗੱਲ ਨਹੀਂ ਕਰ ਰਿਹਾ, ਪੰਜਾਬ ਦੇ ਲੋਕਾਂ ਦੀ ਗੱਲ ਕਰ ਰਿਹਾ ਹਾਂ), ਜਿਨ੍ਹਾਂ ਨੂੰ ਇਸ ਸੰਕਟ ਦੀ ਪੂਰੀ ਸਮਝ ਵੀ ਨਹੀਂ, ਉਹ ਇਹ ਕਿਉਂ ਸੋਚਦੇ ਹਨ ਕਿ ਉਨ੍ਹਾਂ ਨੂੰ ਇਸ ਗਲੋਬਲੀ ਸੰਕਟ ਦੇ ਹੱਲ ਲਈ ਆਪਣਾ ਸਭ ਕੁਝ ਦਾਅ ਤੇ ਲਗਾ ਕੇ ਵੀ ਇਸ ਮੋਰਚੇ ਨੂੰ ਸਮਰਥਨ ਦੇਣਾ ਚਾਹੀਦਾ ਹੈ। ਪੰਜਾਬ ਇਸ ਤਰ੍ਹਾਂ ਕਿਉਂ ਸੋਚਦਾ ਹੈ, ਇਸ ਸੁਆਲ ਦੇ ਜੁਆਬ ਲਈ ਪੰਜਾਬ ਨੂੰ ਸਮਝਣਾ ਹੋਵੇਗਾ।

### 3.2 ਪੰਜਾਬੀ ਸਪਿਰਟ

ਪ੍ਰੋ. ਪੂਰਨ ਸਿੰਘ ਲਿਖਦੇ ਹਨ, "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ।" ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਹਿੰਦੂ ਵੀ ਹੋਣਗੇ, ਮੁਸਲਮਾਨ ਵੀ ਹੋਣਗੇ, ਸਿਖ ਵੀ ਹੋਣਗੇ, ਜੈਨੀ, ਬੋਧੀ, ਸੂਫੀ, ਇਸਾਈ, ਦਲਿਤ, ਨਾਸਤਿਕ, ਸਭ ਹੋਣਗੇ, ਪਰ ਇਨ੍ਹਾਂ ਸਭਨਾ ਅੰਦਰ ਗੁਰੂ ਦੁਆਰਾ ਬਖਸੀ ਆਜ਼ਾਦੀ, ਬਰਾਬਰੀ, ਪਿਆਰ, ਮੁਹੱਬਤ, ਦਇਆ, ਸਬਰ, ਸੰਤੋਖ, ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਸਪਿਰਟ ਹਮੇਸ਼ਾ ਠਾਠਾਂ ਮਾਰਦੀ ਰਹਿੰਦੀ ਹੈ।

ਦੂਸਰੇ, ਹਰ ਕੋਈ ਇਸ ਗੱਲ 'ਤੇ ਵਿਸ਼ਵਾਸ ਕਰਦਾ ਹੈ ਕਿ ਗੁਰੂ ਨਾਨਕ, ਜਿਨ੍ਹਾਂ ਦੇ ਨਾਮ ਤੇ ਪੰਜਾਬ ਦੇ ਜੀਣ ਥੀਣ ਦੀ ਗੱਲ ਚੱਲਦੀ ਹੈ, ਸਿੱਖਾਂ ਨੂੰ ਨਹੀਂ, ਜਗਤ ਨੂੰ ਤਾਰਨ ਆਏ ਸਨ। ਇਸੇ ਲਈ ਉਨ੍ਹਾਂ ਨੂੰ ਜਗਤ ਗੁਰੂ ਨਾਨਕ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਸਿੱਖ, ਸਿੱਖ ਪ੍ਰੰਪਰਾ, ਸਿੱਖ ਸੰਸਥਾਵਾਂ ਅਤੇ ਖਾਲਸਾ ਪੰਥ ਤਾਂ ਉਨ੍ਹਾਂ ਦੇ ਇਸ ਮਿਸ਼ਨ ਦੀ ਪੂਰਤੀ ਹਿਤ ਹੀ ਨਿਰਮਿਤ ਹੁੰਦੇ ਹਨ: ਆਜ਼ਾਦੀ, ਬਰਾਬਰੀ, ਦਇਆ, ਸਬਰ ਸੰਤੋਖ ਅਤੇ ਸਮਾਜਕ ਨਿਆਂ ਵਰਗੀਆਂ ਕਦਰਾਂ ਕੀਮਤਾਂ ਦੇ ਆਧਾਰ 'ਤੇ ਜਗਤ ਦੇ ਪੁਨਰ ਨਿਰਮਾਣ ਲਈ। ਇਸ ਲਈ ਜਿਥੇ ਕਿਤੇ ਵੀ ਸਰਬੱਤ ਦੇ ਭਲੇ ਲਈ ਜਗਤ ਦੇ ਪੁਨਰ-ਨਿਰਮਾਣ ਦੀ ਗੱਲ ਚਲਦੀ ਹੈ, ਗੁਰੂ ਨਾਨਕ ਦੇ ਨਾਮ 'ਤੇ ਜੀਣ ਥੀਣ ਵਾਲੇ ਪੰਜਾਬੀ ਸਭ ਤੋਂ ਪਹਿਲਾਂ ਹਾਜ਼ਰ ਹੁੰਦੇ ਹਨ। ਇਸੇ ਲਈ ਉਹ ਲੋਕ, ਜੋ ਕਿਰਸਾਣੀ ਦਾ ਕਿੱਤਾ ਨਹੀਂ ਕਰਦੇ, ਉਹ ਵੀ ਵੱਡੀ ਗਿਣਤੀ ਵਿਚ, ਚੰਡੀਗੜ੍ਹ ਦੇ ਚੁਰੱਸਤਿਆ 'ਤੇ ਕਿਸਾਨੀ ਸੰਘਰਸ਼ ਦੇ ਝੰਡੇ ਝੁਲਾਉਂਦੇ ਅਕਸਰ ਨਜ਼ਰ ਆਉਂਦੇ ਹਨ। ਸਰਬੱਤ ਦੇ ਭਲੇ ਦੀ ਇਹ ਸਪਿਰਟ ਕੋਈ ਕਹਿਣ ਸੁਣਨ ਵਾਲੀ ਗੱਲ ਨਹੀਂ। ਕੋਰੋਨਾ ਸੰਕਟ ਜਾਂ ਕਿਸੇ ਵੀ ਸੰਕਟ ਦੌਰਾਨ, ਗੁਰੂ ਪਿਆਰਿਆਂ ਵੱਲੋਂ ਕੀਤੀ ਜਾ ਰਹੀ ਲੰਗਰ ਅਤੇ ਹਰ ਕਿਸਮ ਦੀ ਅਤੁਟ ਸੇਵਾ ਸਭ ਦਾ ਧਿਆਨ ਖਿਚਦੀ ਹੈ। ਹਰ ਕੋਈ ਇਨ੍ਹਾਂ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਣ ਲਈ ਉਤਾਵਲਾ ਹੁੰਦਾ ਹੈ। ਉਤਾਵਲਾ ਹੋਵੇ ਵੀ ਕਿਉਂ ਨਾ, ਗੁਰੂ ਨਾਨਕ ਦੀ ਨੌਂਵੀਂ ਜੋਤ ਗੁਰੂ ਤੇਗ ਬਹਾਦਰ ਨੇ ਆਪਣੀ ਸ਼ਹਾਦਤ ਰਾਹੀਂ, ਆਪਣਿਆਂ ਤੋਂ ਵੀ ਵੱਧ, ਦੂਸਰਿਆਂ ਦੇ ਦੂਸਰੇਪਣ/ ਵਿਪਰੀਤਪਣ ਦੀ ਆਜ਼ਾਦੀ ਲਈ ਜਾਨ ਤੱਕ ਕੁਰਬਾਨ ਕਰ ਦੇਣ ਦੀ ਜਾਚ ਜੋ ਸਿਖਾਈ ਸੀ।

ਪੰਜਾਬੀਆਂ ਦੀ ਇਕ ਹੋਰ ਵੀ ਖਾਸੀਅਤ ਹੈ। ਉਨ੍ਹਾਂ ਦਾ ਘਰ-ਸੰਸਾਰ ਕੇਵਲ ਪੰਜਾਬ ਤੱਕ ਸੀਮਤ ਨਹੀਂ।

ਪੰਜਾਬ ਤੋਂ ਤਾਂ ਉਨ੍ਹਾਂ ਦੀ ਯਾਤਰਾ ਆਰੰਭ ਹੁੰਦੀ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਜਾਵੇ, ਉਹੋ ਧਰਤੀ ਪਵਿੱਤਰ ਹੋ ਜਾਂਦੀ ਹੈ। ਕੇਵਲ ਧਰਤੀ ਨਹੀਂ, ਸਮੁੱਚੀ ਕਾਇਨਾਤ ਹੀ ਉਨ੍ਹਾਂ ਲਈ ਪਵਿਤਰ ਅਤੇ ਪਿਆਰ ਕਰਨ ਯੋਗ ਹੈ। ਉਹ ਤਾਂ ਕਾਲ ਦੀ ਸੀਮਾਂ ਵਿਚ ਵੀ ਨਹੀਂ ਬੱਝਦੇ। ਉਹ ਅਕਾਲ ਦੇ ਪੁਜਾਰੀ ਹਨ। ਉਹਨਾਂ ਨੇ ਸਿੱਖਾਂ ਦਾ ਜਾਂ ਖ਼ਾਲਸੇ ਦਾ ਨਹੀਂ ਸਰਬੱਤ ਦੇ ਭਲੇ ਲਈ, ਅਕਾਲ ਦਸ ਤਖ਼ਤ ਸਥਾਪਤ ਕਰਨ ਦੇ ਸੁਪਨਾ ਦੇਖਿਆ ਹੈ। ਪ੍ਰੋ. ਪੂਰਨ ਸਿੰਘ ਤੋਂ ਬਾਅਦ ਅਗਰ ਕਿਸੇ ਨੇ ਸਿਖ ਸਪਿਰਟ ਨੂੰ ਪਛਾਣ ਕੇ, ਇਸ ਨੂੰ ਸਹੀ ਤਰ੍ਹਾਂ ਨਾਲ ਪ੍ਰੀਭਾਸ਼ਤ ਕਰਨ ਦਾ ਯਤਨ ਕੀਤਾ ਹੈ ਤਾਂ ਉਹ ਵਰਲਡ ਪੰਜਾਬੀ ਸੈਂਟਰ ਦੇ ਨਿਰਦੇਸ਼ਕ ਪ੍ਰੋ. ਬਲਕਾਰ ਸਿੰਘ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਦਾ ਧਰਮ ਉਹ ਧਰਮ ਹੈ ਜਿਥੇ ਸਿਖ ਹੋਏ ਤੋਂ ਬਿਨਾਂ ਵੀ ਸਿੱਖ ਹੋਇਆ ਜਾ ਸਕਦਾ ਹੈ'।

ਇਸ ਗੱਲ ਨੂੰ ਹੋਰ ਤਰ੍ਹਾਂ ਸਮਝਣ ਦੀ ਕੋਸ਼ਿਸ ਕਰਦੇ ਹਾਂ। ਜਦੋਂ ਮਨੁੱਖ ਨੇ ਪਹਿਲੀ ਵਾਰ ਧਰਤੀ ਦੇ ਘੇਰੇ ਦੀ ਗਣਨਾ ਕੀਤੀ ਜੋ ਲਗਭਗ 40,000 ਕਿਲੋਮੀਟਰ ਹੈ, ਤਾਂ ਇਹ ਘੇਰਾ ਉਸਨੂੰ ਬਹੁਤ ਵੱਡਾ ਲੱਗਿਆ ਹੋਵੇਗਾ। ਅਤੀ ਵਿਸ਼ਾਲ। ਪਰ ਹੌਲੀ ਹੌਲੀ ਜਦੋਂ ਉਸ ਨੇ ਬ੍ਰਹਿਮੰਡ ਦੀ ਖੋਜ ਆਰੰਭ ਕੀਤੀ; ਉਨ੍ਹਾਂ ਧਰਤੀਆਂ/ ਗ੍ਰਹਿਆਂ/ ਗਲੈਕਸੀਆਂ ਦੇ ਭੇਤ ਖੁੱਲ੍ਹਣੇ ਸ਼ੁਰੂ ਹੋਏ, ਜਿਨ੍ਹਾਂ ਤੱਕ ਰੋਸ਼ਨੀ ਦੀ ਸਪੀਡ ਨਾਲ ਚੱਲ ਕੇ ਵੀ ਅਰਬਾਂ ਖਰਬਾਂ ਸਾਲਾਂ ਵਿਚ  ਨਹੀਂ ਪਹੁੰਚਿਆ ਜਾ ਸਕਦਾ ਤਾਂ ਉਸਨੂੰ ਅਹਿਸਾਸ ਹੋਇਆ ਕਿ ਇਹ ਧਰਤੀ ਕਿੰਨੀ ਛੋਟੀ ਹੈ।

ਜਿਵੇਂ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਅਨੁਮਾਨ ਲਾਉਣਾ ਮੁਸ਼ਕਿਲ ਸੀ, ਹੁਣ ਉਸੇ ਤਰ੍ਹਾਂ ਧਰਤੀ ਦੇ ਨਿੱਕੇਪਣ ਦਾ ਅਨੁਮਾਨ ਲਾਉਣਾ ਵੀ ਓਨਾ ਹੀ ਮੁਸ਼ਕਿਲ ਹੈ। ਅਜਿਹਾ ਦੋ ਗੱਲਾਂ ਕਰਕੇ ਹੋ ਰਿਹਾ ਹੈ। ਨੰਬਰ ਇਕ ਤਾਰਾ ਵਿਗਿਆਨ ਦੀਆਂ ਖੋਜਾਂ ਕਰਕੇ ਅਤੇ ਨੰਬਰ ਦੋ, ਉਨ੍ਹਾਂ ਤਕਨੀਕਾਂ ਅਤੇ ਸੁਵਿਧਾਵਾਂ ਦੇ ਵਿਕਸਤ ਹੋ ਜਾਣ ਕਰਕੇ, ਜਿਨ੍ਹਾਂ ਨੇ ਧਰਤੀ ਨੂੰ ਇਕ ਪਿੰਡ ਬਣਾ ਦਿੱਤਾ ਹੈ।

ਉਹ ਗਿਆਨ, ਉਹ ਦੌਲਤ, ਉਹ ਕੰਪਿਊਟਰੀ ਸ਼ਕਤੀ ਜੋ ਸਮੇਂ ਦੇ ਕਿਸੇ ਇਕ ਪੜਾਅ 'ਤੇ ਬਹੁਤ ਵੱਡੀ ਪ੍ਰਤੀਤ ਹੁੰਦੀ ਹੈ, ਹੌਲੀ ਹੌਲੀ ਸਮਾਂ ਪਾ ਕੇ ਬਹੁਤ ਨਿਗੂਣੀ ਜਾਪਣ ਲੱਗ ਪੈਂਦੀ ਹੈ। ਸੰਭਾਵਨਾਵਾਂ ਨੇ ਹਮੇਸ਼ਾ ਅਨੰਤ ਹੀ ਰਹਿਣਾ ਹੁੰਦਾ ਹੈ। ਪ੍ਰਾਪਤੀਆ ਉਨ੍ਹਾਂ ਤੱਕ ਕਦੇ ਵੀ ਨਹੀਂ ਪਹੁੰਚਦੀਆਂ। ਵਿਕਾਸ ਦੇ ਪਹੀਏ ਨੂੰ ਰੋਕਿਆ ਨਹੀਂ ਜਾ ਸਕਦਾ। ਜਿਹੜੇ ਲੋਕ ਪੰਜਾਬ ਦੀ ਖੜੋਤ ਦਾ ਕੂੜ ਪ੍ਰਚਾਰ ਕਰ ਰਹੇ ਹਨ ਕਿ ਪੰਜਾਬ, ਪੰਜਾਬ ਦੇ ਅਰਥਚਾਰੇ, ਪੰਜਾਬ ਦੇ ਖੇਤੀ ਧੰਦੇ ਅਤੇ ਪੰਜਾਬ ਦੇ ਸਿਆਸੀ ਮਹੌਲ ਦੀਆਂ ਕ੍ਰਾਂਤੀਕਾਰੀ ਸੰਭਾਵਨਾਵਾਂ ਮੁਕ ਗਈਆਂ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਮਾਂ-ਸਥਾਨ ਦੇ ਹਰ ਬਿੰਦੂ ਨੂੰ ਪੰਜਾਬੀਆਂ ਨੇ ਕੇਵਲ ਇਕ ਸੰਭਾਵਨਾ ਦੇ ਤੌਰ 'ਤੇ ਹੀ ਦੇਖਿਆ ਹੈ, ਜਿਥੋਂ ਉਹ ਆਪਣੀ ਅਗਾਊਂ ਯਾਤਰਾ ਆਰੰਭ ਕਰ ਸਕਦੇ ਹਨ। ਕਿਸਾਨ ਸੰਕਟ/ ਸੰਘਰਸ਼ ਉਸ ਪਲ ਦੀ ਨਿਸ਼ਾਨਦੇਹੀ ਕਰਦਾ ਹੈ ਜਿਥੋਂ ਪੰਜਾਬ ਦੀ ਅਗਲੀ ਯਾਤਰਾ ਨੇ ਆਰੰਭ ਹੋਣਾ ਹੈ। ਪੰਜਾਬ-2.0 ਦੇ ਆਰੰਭ ਦਾ ਕੰਮ ਸ਼ੁਰੂ ਹੋਣਾ ਹੈ। ਇਸ ਪਲ ਨੂੰ ਇਤਿਹਾਸਕ ਮੋੜ ਵਜੋਂ ਸਮਝਣ ਦੀ ਲੋੜ ਹੈ ਪਰ ਇਸ ਇਤਿਹਾਸਕ ਮੋੜ ਨੂੰ ਦੁਨੀਆਂ ਤੋਂ ਅਲਹਿਦਾ ਕਰਕੇ ਵੀ ਨਹੀਂ ਸਮਝਿਆ ਜਾ ਸਕਦਾ।

## 4. ਪੰਜਾਬ ਦੇ ਪੁਰਨ-ਨਿਰਮਾਣ ਦੀ ਆਵੱਸ਼ਕਤਾ ਕਿਉਂ

ਪੰਜਾਬ ਵਿਚ ਹਰੇ ਇਨਕਲਾਬ ਨੇ ਆਪਣੀਆਂ ਸਾਰੀਆਂ ਸੰਭਾਵਨਾਵਾਂ ਮੁਕਾ ਲਈਆਂ ਹਨ। ਹਰੇ ਇਨਕਲਾਬ ਦੇ ਮਾਡਲ ਰਾਹੀਂ, ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਉਪਰ ਹੁਣ ਹੋਰ ਅੱਗੇ ਨਹੀਂ ਲਿਜਾਇਆ ਜਾ ਸਕਦਾ। ਇਸ ਵਿਕਾਸ ਮਾਡਲ ਨੂੰ ਜਾਰੀ ਰੱਖਣ ਨਾਲ ਤਾਂ ਪੰਜਾਬ ਦਾ ਖੇਤੀ ਸੰਕਟ ਸਗੋਂ ਹੋਰ ਗਹਿਰਾ ਹੋਵੇਗਾ। ਇਸ ਮਾਡਲ ਉਪਰ ਹੁਣ ਜਿੰਨੀ ਤੇਜ਼ੀ ਨਾਲ ਨਿਵੇਸ਼ ਹੋਵੇਗਾ, ਓਨੀ ਹੀ ਤੇਜ਼ੀ ਨਾਲ ਪੰਜਾਬ ਆਪਣੀ ਮੌਤ ਵੱਲ ਵਧੇਗਾ। ਪੰਜਾਬ ਨੂੰ ਹੁਣ ਇਕ ਬਦਲਵੇਂ ਵਿਕਾਸ ਮਾਡਲ ਦੀ ਜ਼ਰੂਰਤ ਹੈ, ਜੋ ਉਸਨੂੰ ਸਮਾਰਟ, ਸਸਟੇਨੇਬਲ ਅਤੇ ਇਨਕਲੂਸਿਵ ਵਿਕਾਸਵੱਲ ਲਿਜਾ ਸਕੇ।

ਉਨੀਵੀਂ ਸਦੀ ਵਿਚ ਬਰਤਾਨਵੀ ਸਾਮਰਾਜ ਦੇ ਵਿਸਤਾਰ ਨੇ ਲੰਡਨ ਨੂੰ ਦੁਨੀਆਂ ਦੇ ਕੇਂਦਰੀ ਸ਼ਹਿਰ ਵਜੋਂ ਸਥਾਪਤ ਕਰ ਦਿੱਤਾ ਸੀ। ਇਹ ਲੋਕਾਂ ਨੂੰ ਸ਼ਕਤੀਸ਼ਾਲੀ ਚੁੰਬਕ ਵਾਂਗ ਖਿਚ ਰਿਹਾ ਸੀ। ਹਰ ਕੋਈ ਲੰਡਨ ਵਿਚ ਰਹਿਣਾ ਪਸੰਦ ਕਰਦਾ ਸੀ। ਨਤੀਜੇ ਵਜੋਂ ਲੰਡਨ ਦੁਨੀਆਂ ਦਾ ਸਭ ਤੋਂ ਵੱਡਾ ਸ਼ਹਿਰ ਬਣ ਗਿਆ। ਉਨੀਵੀਂ ਸਦੀ ਦੇ ਅੰਤ ਤੱਕ ਲੰਡਨ ਵਿਚ 11,000 ਗੱਡੀਆਂ, ਕਈ ਹਜ਼ਾਰ ਬੱਸਾਂ ਅਤੇ ਅਨੇਕਾਂ ਕਿਸਮ ਦੀਆਂ ਬੱਘੀਆਂ ਨੇ ਵਾਹਨਾਂ ਦੀ ਘਣਤਾ ਇਸ ਕਦਰ ਵਧਾ ਦਿਤੀ ਕਿ ਇਨ੍ਹਾਂ ਵਾਹਨਾ ਨੂੰ ਖਿਚਣ ਵਾਲੇ

ਘੋੜ੍ਹਿਆਂ ਨੇ ਲੰਡਨ ਦੀਆਂ ਸੜਕਾਂ ਨੂੰ ਆਪਣੀ ਲਿੱਦ ਨਾਲ ਭਰ ਦਿੱਤਾ। ਇਸ ਸਭ ਕਾਸੇ ਨੂੰ ਦੇਖਦੇ ਹੋਇਆਂ 1894 ਵਿਚ ਟਾਈਮਜ਼ ਆਫ ਲੰਡਨ ਨੇ ਭਵਿਖਬਾਣੀ ਕੀਤੀ ਕਿ ਪੰਜਾਹ ਸਾਲਾਂ ਦੇ ਅੰਦਰ ਅੰਦਰ ਲੰਡਨ ਦੀ ਹਰ ਗਲੀ ਨੌਂ ਫੁਟ ਲਿੱਦ ਦੇ ਹੇਠਾਂ ਦਬ ਜਾਵੇਗੀ।

ਕੇਵਲ ਲੰਡਨ ਹੀ ਤਬਾਹੀ ਦਾ ਸਾਹਮਣਾ ਨਹੀਂ ਸੀ ਕਰ ਰਿਹਾ। ਨਿਊ ਯਾਰਕ ਤੋਂ ਲੈ ਕੇ ਸਿਡਨੀ ਤੱਕ ਹਰ ਸ਼ਹਿਰ ਇਸ ਸੰਕਟ ਵਿਚ ਫਸਿਆ ਹੋਇਆ ਸੀ। ਲਿੱਦ ਦੇ ਪ੍ਰਦੂਸ਼ਣ ਤੋਂ ਭਹਿਭੀਤ ਹੋ ਕੇ 1898 ਵਿਚ ਨਿਊਯੌਰਕ ਅੰਦਰ ਸ਼ਹਿਰੀ ਯੋਜਨਾਬੰਦੀ ਦੀ ਪਹਿਲੀ ਅੰਤਰਰਾਸ਼ਟਰੀ ਕਾਨਫਰੰਸ ਬੁਲਾਈ ਗਈ। ਇਸ ਵਿਚ ਘੋੜਿਆਂ ਦੀ ਲਿੱਦ ਦਾ ਪ੍ਰਦੂਸ਼ਣ ਇਕੋ ਇਕ ਏਜੰਡਾ ਸੀ। ਤਿੰਨ ਦਿਨਾ ਕਾਨਫਰੰਸ ਕੋਈ ਵੀ ਹੱਲ ਨਾ ਕੱਢ ਸਕੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਧਰਤੀ ਉਤੋਂ ਜੀਵਨ ਹੀ ਖਤਮ ਹੋਣ ਜਾ ਰਿਹਾ ਹੋਵੇ।

ਕਾਨਫਰੰਸ ਤਾਂ ਭਾਵੇਂ ਕੋਈ ਹੱਲ ਨਾ ਕੱਢ ਸਕੀ ਪਰ ਇੰਟਰਨਲ ਕੰਬਸ਼ਚਨ ਇੰਜਨ ਦੀ ਤਕਨਾਲੋਜੀ, ਜੋ ਚੁੱਪ ਚੁਪੀਤੇ ਵਿਕਸਤ ਹੋ ਰਹੀ ਸੀ, ਦੇ ਆਉਂਣ ਨਾਲ ਇਹ ਸਮੱਸਿਆ ਕੁਝ ਹੀ ਸਾਲਾਂ ਵਿਚ ਖਤਮ ਹੋ ਗਈ। ਦਸਾਂ ਸਾਲਾਂ ਦੇ ਅੰਦਰ ਅੰਦਰ 1917 ਵਿਚ ਆਖਰੀ ਘੋੜਾ ਗੱਡੀ ਵੀ ਅਲਵਿਦਾ ਕਹਿ ਗਈ।

ਹੁਣ ਇਕ ਵਾਰ ਫਿਰ ਅਸੀਂ ਉਸੇ ਕਿਸਮ ਦੇ ਗੰਭੀਰ ਸੰਕਟ ਵਿਚੋਂ ਲੰਘ ਰਹੇ ਹਾਂ। ਉਸ ਤੋਂ ਵੀ ਕਿਤੇ ਵੱਡੇ ਗਲੋਬਲੀ ਸੰਕਟ ਵਿਚੋਂ, ਜਿਸਨੇ ਮਾਨਵੀ ਹੋਂਦ ਨੂੰ ਹੀ ਖਤਰੇ ਵਿਚ ਪਾ ਦਿਤਾ ਹੈ। ਕੋਲੇ, ਡੀਜ਼ਲ, ਪੈਟਰੋਲ. ਗੈਸ ਆਦਿ ਦੇ ਰੂਪ ਵਿਚ ਧਰਤੀ ਦੀਆਂ ਤਹਿਆਂ ਅੰਦਰ ਕੈਦ ਪਏ ਜਿਸ ਬਾਲਣ (ਫੌਸਿਲ ਫਿਊਲ) ਨੇ ਨਵੀਂ ਇੰਟਰਨਲ ਕੰਬਸ਼ਚਨ ਇੰਜਣ ਤਕਨਾਲੋਜੀ ਦੀ ਸਹਾਇਤਾ ਨਾਲ ਵੀਹਵੀਂ ਸਦੀ ਵਿਚ ਸਾਨੂੰ ਲਿੱਦ ਦੇ ਪ੍ਰਦੂਸ਼ਣ ਤੋਂ ਤਾਂ ਬਚਾ ਲਿਆ ਸੀ, ਪਰ ਅੱਜ ਉਹੋ ਫੌਸਿਲ ਫਿਊਲ ਤਕਨਾਲੋਜੀ ਮਾਨਵਤਾ ਅਤੇ ਧਰਤੀ ਲਈ ਖਤਰਾ ਬਣੀ ਹੋਈ ਹੈ। ਇਸੇ ਤਕਨਾਲੋਜੀ ਉਪਰ ਅਧਾਰਿਤ ਹਰੇ ਇਨਕਲਾਬ ਨੇ ਪੰਜਾਬ ਦੀ ਖੇਤੀ ਅਤੇ ਕਿਰਸਾਣੀ ਨੂੰ ਵੀ ਡੂੰਘੇ ਸੰਕਟ ਵਿਚ ਫਸਾ ਦਿੱਤਾ ਹੈ। ਇਸ ਸੰਕਟ ਨੂੰ ਕੁਦਰਤੀ ਖੇਤੀ ਵੱਲ ਪਿਛੇ ਮੁੜਕੇ ਨਹੀਂ, ਨਵੀਂ ਗਰੀਨ ਇਨਰਜੀ ਦੀ ਭਵਿੱਖਮੁਖੀ ਤਕਨਾਲੋਜੀ ਨੂੰ ਅਪਣਾਅ ਕੇ ਹੀ ਹੱਲ ਕੀਤਾ ਜਾ ਸਕਦਾ ਹੈ। ਪੰਜਾਬ ਨੇ ਪਿਛੇ ਨਹੀਂ ਮੁੜਨਾ, ਅੱਗੇ ਵਧਣਾ ਹੈ। ਨਵੀਂ ਤਕਨਾਲੋਜੀ ਨੂੰ ਅਪਣਾਅ ਕੇ ਪੰਜਾਬ ਨੂੰ ਫਿਰ ਤੋਂ ਮਹਾਨ ਬਣਾਉਣਾ ਹੈ। ਪੰਜਾਬ ਵਿਚ ਦੂਜੇ ਹਰੇ ਇਨਕਲਾਬ ਦੀ ਸ਼ੁਰੂਆਤ ਰਾਹੀਂ ਦੁਨੀਆਂ ਨੂੰ ਆਚੰਭਿਤ ਕਰਕੇ। ਦੂਜਾ ਹਰਾ ਇਨਕਲਾਬ ਕੇਵਲ ਖੇਤੀ ਨੂੰ ਮੁੜ ਤੋਂ ਮੁਨਾਫੇਯੋਗ ਧੰਦਾ ਬਣਾ ਕੇ ਕਿਸਾਨ ਨੂੰ ਹੀ ਮੁੜ ਕੇ ਜਿਉਂਦਿਆਂ ਵਿਚ ਹੀ ਨਹੀਂ ਕਰੇਗਾ, ਸਗੋਂ ਪਿੰਡ ਅਤੇ ਪੰਜਾਬ ਦਾ ਪੁਨਰ ਨਿਰਮਾਣ ਕਰਕੇ ਜੀਣ ਥੀਣ ਦੇ ਨਵੇਂ ਅਰਥ ਵੀ ਪੈਦਾ ਕਰੇਗਾ।

ਵੀਹਵੀਂ ਸਦੀ ਦੀ ਫੌਸਿਲ ਫਿਊਲ ਸਭਿਅਤਾ ਨੇ, ਮਾਨਵਤਾ ਦੀ ਹੋਂਦ ਲਈ ਕੇਵਲ ਸੰਕਟ ਹੀ ਖੜ੍ਹਾ ਨਹੀਂ ਕੀਤਾ, ਸਗੋਂ ਮਾਨਵ ਹੋਂਦ ਲਈ ਪੈਦਾ ਹੋ ਰਹੇ ਇਸ ਸੰਕਟ ਦੇ ਸਮਾਧਾਨ ਵਾਸਤੇ ਉਸ ਅੰਦਰ ਨਵੀਂ ਚੇਤਨਾ ਵੀ ਜਗਾਈ ਹੈ। ਇਹ ਪਹਿਲੀ ਵਾਰ ਹੈ ਕਿ ਮਨੁੱਖ ਨੇ ਆਪਣੇ ਆਪ ਨੂੰ ਵਿਅਕਤੀਆਂ, ਪਰਿਵਾਰਾਂ, ਭਾਈਚਾਰਿਆਂ ਅਤੇ ਕੌਮਾਂ ਆਦਿ ਨਾਲੋਂ ਵੱਧ ਮਾਨਵ ਜਾਤੀ ਦੇ ਰੂਪ ਵਿਚ ਦੇਖਣਾ ਸ਼ੁਰੂ ਕੀਤਾ ਹੈ। ਮਾਨਵਤਾ ਨੂੰ ਦਰਪੇਸ਼ ਸਾਂਝੇ ਸੰਕਟਾਂ ਨੂੰ ਰਲ ਕੇ ਹੱਲ ਕਰਨ ਦਾ ਬੀੜਾ ਉਠਾਇਆ ਹੈ। ਆਰਥਿਕ, ਰਾਜਨੀਤਕ, ਸੰਸਕ੍ਰਿਤਕ ਅਤੇ ਨੈਤਿਕ ਵਿਕਾਸ ਦੇ ਅਗਲੇ ਪੜਾਅ ਤਹਿ ਕਰਨ ਲਈ ਉਸਨੇ ਮਾਨਵ ਜਾਤੀ ਦੇ ਰੂਪ ਵਿਚ ਆਪਣੀ ਇਕ ਸਾਂਝੀ ਪਹਿਚਾਣ ਬਣਾਉਣੀ ਸ਼ੁਰੂ ਕੀਤੀ ਹੈ। ਇਹ ਪਹਿਚਾਣ ਸਭ ਦੀ ਸ਼ਮੂਲੀਅਤ ਨਾਲ ਹੀ ਨਿਰਮਿਤ ਹੋ ਰਹੀ ਹੈ। ਕਿਸੇ ਵੀ ਮੁਲਕ ਜਾਂ ਭਾਈਚਾਰੇ ਲਈ ਇਸ ਨੈਟਵਰਕ ਤੋਂ ਬਾਹਰ ਰਹਿ ਕੇ ਸਰਵਾਈਵ ਕਰਨਾ ਤਾਂ ਸ਼ਾਇਦ ਸੰਭਵ ਹੀ ਨਾ ਹੋ ਸਕੇ। ਇਸ ਲਈ ਪੰਜਾਬ ਦੀ ਗੱਲ ਕਰਨ ਤੋਂ ਪਹਿਲਾਂ ਇਸ ਨੈਟਵਰਕ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ।

## 5. ਗਲੋਬਲ ਨੈੱਟਵਰਕ

ਵੀਹਵੀਂ ਸਦੀ ਦੇ ਕੇਂਦ੍ਰੀਕ੍ਰਿਤ ਬਿਜਲੀ, ਸੰਚਾਰ ਅਤੇ ਆਵਾਜਾਈ ਦੇ ਢਾਂਚੇ ਨੂੰ ਊਰਜਿਤ ਕਰਨ ਵਾਲੀ ਫੌਸਿਲ ਫਿਊਲ ਦੀ ਥਾਂ ਧੁੱਪ ਅਤੇ ਹਵਾ ਤੋਂ ਪ੍ਰਾਪਤ ਹੋਣ ਵਾਲੀ ਬਿਜਲੀ ਨੇ ਲੈ ਲਈ ਹੈ। ਇਸ ਤਰ੍ਹਾਂ ਹੋਣ ਨਾਲ ਵਾਤਾਵਰਣ ਦੇ ਵਿਨਾਸ਼ ਅਤੇ ਕਲਾਈਮੇਟ ਚੇਂਜ ਦੀ ਸਮੱਸਿਆ ਨੂੰ ਠੱਲ੍ਹ ਤਾਂ ਪੈਣੀ ਹੀ ਪੈਣੀ ਹੈ। ਪਰ ਵੱਡੇ ਵੱਡੇ ਤਾਪ ਬਿਜਲੀ ਘਰਾਂ ਵਿਚ ਪੈਦਾ ਹੋਣ ਵਾਲੀ ਬਿਜਲੀ ਨੂੰ ਫੈਕਟਰੀਆਂ, ਦਫਤਰਾਂ, ਘਰਾਂ ਅਤੇ ਦੁਕਾਨਾਂ ਤੱਕ ਪਚਾਉਣ ਵਾਲਾ ਕੇਂਦ੍ਰੀਕ੍ਰਿਤ ਢਾਂਚਾ ਵੀ ਟੁੱਟੇਗਾ। ਧੁੱਪ ਅਤੇ ਹਵਾ ਤੋਂ ਘਰ ਘਰ ਪੈਦਾ ਹੋਣ ਵਾਲੀ ਬਿਜਲੀ ਦਾ ਸਮਾਰਟ ਡਿਸਟਰੀਬਿਊਟਡ ਨੈਟਵਰਕ ਉਸਦੀ ਥਾਂ ਲੈ ਰਿਹਾ ਹੈ। ਇਹ ਬਿਜਲੀ ਦੇ ਉਤਪਾਦਨ ਅਤੇ

ਡਿਸਟਰੀਬਿਊਸ਼ਨ ਵਿਚ ਵਾਪਰਨ ਵਾਲੀ ਕ੍ਰਾਂਤੀਕਾਰੀ ਤਬਦੀਲੀ ਹੈ ਜੋ ਸਾਡੀ ਆਰਥਿਕਤਾ, ਰਾਜਨੀਤੀ, ਰਹਿਣ ਸਹਿਣ ਅਤੇ ਸੋਚ ਨੂੰ ਮੁਢੋਂ ਸੁਡੋਂ ਹੀ ਤਬਦੀਲ ਕਰਕੇ ਰੱਖ ਦੇਵੇਗੀ।

### 5.1 ਡਿਜ਼ੀਟਲ ਮੋਬਿਲਟੀ ਅਤੇ ਲੈਜਿਸਟਿਕ ਨੈੱਟਵਰਕ

ਧੁੱਪ ਅਤੇ ਹਵਾ ਤੋਂ ਪ੍ਰਾਪਤ ਹੋਣ ਵਾਲੀ ਬਿਜਲੀ ਦਾ ਨੈੱਟਵਰਕ, ਡਿਜੀਟਲ ਮੋਬਿਲਟੀ ਅਤੇ ਲੌਜਿਸਟਿਕ ਨੈੱਟਵਰਕ ਨੂੰ ਵੀ ਊਰਜਿਤ ਕਰਦਾ ਹੈ। ਇਹ ਮੋਬਿਲਟੀ ਨੈੱਟਵਰਕ ਡੀਜ਼ਲ/ ਪੈਟਰੋਲ/ ਗੈਸ ਨਾਲ ਚੱਲਣ ਵਾਲੇ ਟਰਾਂਸਪੋਰਟ ਸਿਸਟਮ ਦੀ ਥਾਂ ਲੈਣ ਲਈ ਬੜੀ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ। ਇਸ ਮੋਬਿਲਟੀ ਨੈੱਟਵਰਕ ਦੀਆਂ ਤਿੰਨ ਖੂਬੀਆਂ ਹਨ। ਨੰਬਰ ਇਕ, ਗੱਡੀਆਂ ਡੀਜ਼ਲ ਪੈਟਰੋਲ ਦੀ ਥਾਂ ਸੋਲਰ ਇਨਰਜੀ (ਬੈਟਰੀ) ਅਤੇ ਫਿਊਲ ਸੈਲ ਨਾਲ ਚੱਲਣਗੀਆਂ। ਇਸ ਨਾਲ ਪ੍ਰਤੀ ਕਿਲੋਮੀਟਰ ਖਰਚਾ ਦਸ ਗੁਣਾ ਘਟ ਜਾਂਦਾ ਹੈ। ਵਾਤਾਵਰਣ ਵੀ ਸਾਫ ਸੁਥਰਾ ਰਹੇਗਾ। ਨੰਬਰ ਦੋ, ਗੱਡੀਆਂ ਹੁਣ ਡਰਾਈਵਰ ਨਹੀਂ, ਸਮਾਰਟ ਸਿਸਟਮ ਆਪਣੇ ਆਪ ਚਲਾਉਣਗੇ। ਕੇਵਲ ਸਮਾਰਟ ਗੱਡੀਆਂ ਹੀ ਨਹੀਂ, ਸਮਾਰਟ ਸੜਕਾਂ ਵੀ ਇਸ ਸਿਸਟਮ ਦਾ ਭਾਗ ਹੋਣ ਜਾ ਰਹੀਆਂ ਹਨ। ਨੰਬਰ ਤਿੰਨ, ਲੋਕਾਂ ਨੂੰ ਆਪਣੀਆਂ ਗੱਡੀਆਂ ਰੱਖਣ ਦੀ ਲੋੜ ਨਹੀਂ ਰਹੇਗੀ। ਗੱਡੀ ਸੇਵਾ ਹਰ ਸਮੇਂ ਤੁਰੰਤ ਉਪਲਭਧ ਹੋਵੇਗੀ। ਲਗਭਗ ਮੁਫਤ ਵਾਂਗ ਹੀ। ਫੋਰਡ ਸਮਾਰਟ ਮੋਬਿਲਟੀ ਦੇ ਨਾਮ ਨਾਲ ਫੋਰਡ ਕੰਪਨੀ ਇਹ ਸੇਵਾ ਬਹੁਤ ਜਲਦੀ ਸ਼ੁਰੂ ਕਰਨ ਜਾ ਰਹੀ ਹੈ।

### 5.2 ਸੂਚਨਾ ਨੈੱਟਵਰਕ

ਇੰਟਰਨੈੱਟ ਆਫ ਥਿੰਗਜ਼, ਜਿਸ ਰਾਹੀਂ ਦੁਨੀਆਂ ਦੇ ਤਮਾਮ ਉਪਕਰਣ, ਮਸ਼ੀਨਾਂ, ਘਰ, ਦਫਤਰ, ਫੈਕਟਰੀਆਂ, ਖੇਤ ਖਲਿਆਣ ਅਤੇ ਕੁਦਰਤੀ ਵਾਤਾਵਰਣ ਆਦਿ ਸਭ, ਹਰ ਕਿਸੇ ਨਾਲ, ਇਕ ਸਾਂਝੇ ਡਿਜੀਟਲ ਨਿਊਰਲ ਨੈੱਟਵਰਕ ਵਿਚ ਬੰਨ੍ਹਣ ਜਾ ਰਹੇ ਹਨ, ਨਾਲ ਦੁਨੀਆਂ ਦਾ ਕਾਰ ਵਿਹਾਰ ਅਤੇ ਅਰਥਚਾਰਾ ਪੂਰੀ ਤਰ੍ਹਾਂ ਬਦਲ ਜਾਣਗੇ। ਸਮਾਜਕ ਰਿਸ਼ਤੇ ਅਤੇ ਰਾਜਨੀਤੀ ਵੀ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਣਗੇ।

ਤਮਾਮ ਸੂਚਨਾ, ਗਿਆਨ, ਵਿਗਿਆਨ, ਕਲਾ, ਤਕਨਾਲੋਜੀ, ਕਾਰ ਵਿਹਾਰ, ਪੈਦਾਵਾਰ, ਖਪਤ, ਮਨਪ੍ਰਚਾਵਾ, ਵਿਉਪਾਰ, ਰਾਜਨੀਤੀ, ਸਿਹਤ ਸੰਭਾਲ, ਖੋਜ ਅਤੇ ਸਿੱਖਿਆ ਆਦਿ ਡਿਜੀਟਲ ਨੈੱਟਵਰਕ ਵਿਚ ਬੱਝ ਕੇ ਸਾਡੇ ਲਈ ਕਿਸ ਕਿਸਮ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਉਜਾਗਰ ਕਰਦੇ ਹਨ, ਇਸ ਬਾਰੇ ਕਿਸੇ ਹੋਰ ਨੇ ਨਹੀਂ, ਅਸੀਂ ਹੀ ਸੋਚਣਾ ਹੈ। ਅੱਖਾਂ ਬੰਦ ਕਰਕੇ ਨਹੀਂ ਬੈਠਿਆ ਜਾ ਸਕਦਾ ਹੈ। ਇਸ ਨਿਰਮਿਤ ਹੋ ਰਹੇ ਅਤੀ ਵਿਸ਼ਾਲ ਅਤੇ ਜਟਿਲ ਨੈੱਟਵਰਕ ਨੂੰ ਆਪਣੇ ਨਿੱਜੀ, ਪਰਿਵਾਰਕ, ਭਾਈਚਾਰਕ ਅਤੇ ਕੌਮੀ ਪੱਧਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕਿਵੇਂ ਉਪਯੋਗ ਵਿਚ ਲਿਆਉਣਾ ਹੈ, ਇਹ ਤਾਂ ਸਾਨੂੰ ਖੁਦ ਹੀ ਸੋਚਣਾ ਪਵੇਗਾ। ਕੇਵਲ ਸੋਚਣਾ ਹੀ ਬਹੁਤ ਨਹੀਂ ਹੋਵੇਗਾ। ਪਹਿਲੇ ਹਰੇ ਇਨਕਲਾਬ ਵਾਲੀ ਪੰਜਾਬੀ ਸਪਿਰਟ ਜਗਾ ਕੇ ਦੂਜੇ ਹਰੇ ਇਨਕਲਾਬ ਦਾ ਨਿਰਮਾਣ ਕਰਨਾ ਹੈ। **ਹਰੇ ਦੇ ਅਰਥ ਹੁਣ ਉਹ ਨਹੀਂ ਰਹਿ ਜਾਣਗੇ। ਖੇਤੀ ਇਨਕਲਾਬ ਦੇ ਨਾਲ ਨਾਲ ਊਰਜਾ ਅਤੇ ਗਿਆਨ/ ਸੰਚਾਰ ਤਕਨਾਲੋਜੀ ਨਾਲ ਜੁੜ ਕੇ ਵਧੇਰੇ ਸਮਿਲਤ ਹੋ ਜਾਣਗੇ।**

### 5.3 ਦੂਜੇ ਹਰੇ ਇਨਕਲਾਬ ਦੀ ਤਿਆਰੀ

ਜਿਵੇਂ ਪੰਜਾਬ ਵਿਚ ਪਹਿਲੇ ਹਰੇ ਇਨਕਲਾਬ ਵੇਲੇ, ਹਰੇ ਇਕਲਾਬ ਦੀ ਤਕਨਾਲੋਜੀ ਪਹਿਲਾਂ ਤੋਂ ਹੀ ਉਪਲਬਧ ਸੀ, ਬਿਲਕੁਲ ਉਸੇ ਤਰ੍ਹਾਂ ਹੁਣ ਦੂਜੇ ਹਰੇ ਇਨਕਲਾਬ ਦੀ ਤਕਨਾਲੋਜੀ ਵੀ ਉਪਲਭਧ ਹੈ। ਪਰ ਇਸ ਉਪਲਬਧ ਤਕਨਾਲੋਜੀ ਨੂੰ ਆਪਣੀਆਂ ਕ੍ਰਾਂਤੀਕਾਰੀ ਲੋੜਾਂ ਦੀ ਪੂਰਤੀ ਲਈ ਕਿਵੇਂ ਉਪਯੋਗ ਵਿਚ ਲਿਆਉਣਾ ਹੈ, ਅਜਿਹਾ ਕਰਨ ਲਈ ਹਰ ਪੱਧਰ ਲਈ ਸਾਨੂੰ ਕਿਹੋ ਜਿਹੀਆਂ ਖੋਜ, ਸਮਾਜਕ, ਆਰਥਕ, ਰਾਜਨੀਤਕ, ਵਿਦਿਅਕ ਅਤੇ ਸਭਿਆਚਾਰਕ ਸੰਸਥਾਵਾਂ ਦੀ ਲੋੜ ਪਵੇਗੀ। ਇਸ ਬਾਰੇ ਕੇਵਲ ਸੋਚਣਾ ਹੀ ਨਹੀ ਹੋਵੇਗਾ, ਇਨ੍ਹਾਂ ਨੂੰ ਨਿਰਮਿਤ ਕਰਨ ਦੀ ਜ਼ਿੰਮੇਵਾਰੀ ਵੀ ਸਾਨੂੰ ਆਪ ਹੀ ਉਠਾਉਣੀ ਪਵੇਗੀ। ਇਸ ਨਵੇਂ ਮਹੌਲ ਵਿਚ ਅਸੀਂ ਉਨ੍ਹਾਂ ਸੁਪਨਿਆਂ ਨੂੰ ਵੀ ਸਾਕਾਰ ਕਰਨਾ ਹੈ, ਜਿਨ੍ਹਾਂ ਬਾਰੇ ਵੀਹਵੀਂ ਸਦੀ ਵਿਚ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਨਵੇਂ ਸੁਪਨਿਆ, ਨਵੀਆਂ ਖੁੱਲ੍ਹਾਂ ਅਤੇ ਨਵੀਆਂ ਉਡਾਰੀਆਂ ਭਰਨ ਦੀ ਜਾਚ ਸਿਖਣੀ ਹੋਵੇਗੀ। ਨਹੀਂ ਤਾਂ ਫੇਰ ਅਸੀਂ ਹੋਰਾਂ ਦੇ ਸੁਪਨਿਆਂ ਦੀ ਹੀ ਗੁਲਾਮੀ ਕਰਦੇ ਰਹਾਂਗੇ। ਕੇਵਲ ਆਪਣੇ

ਹੀ ਨਹੀਂ, ਆਪਣੇ ਬੱਚਿਆਂ ਦੇ ਸੁਪਨਿਆਂ ਬਾਰੇ ਵੀ ਸੋਚਣਾ ਹੋਵੇਗਾ। ਬੱਚੇ, ਜਿਨ੍ਹਾਂ ਨੇ ਇਸ ਨਵੇਂ ਸਿਰਜੇ ਜਾ ਰਹੇ ਸੰਸਾਰ ਵਿਚ ਜੀਣਾ ਥੀਣਾ ਹੈ, ਉਨ੍ਹਾਂ ਨੂੰ ਕੀ ਪੜ੍ਹਾਉਣਾ ਹੈ, ਕਿਉਂ ਪੜ੍ਹਾਉਣਾ ਹੈ, ਕਦੋਂ ਪੜ੍ਹਾਉਣਾ ਹੈ ਅਤੇ ਕਿਵੇਂ ਪੜ੍ਹਾਉਣਾ ਹੈ, ਇਹ ਸਭ ਕੁਝ ਨਵੀਂ ਤਰ੍ਹਾਂ ਨਾਲ ਰਲ ਮਿਲ ਕੇ ਤੁਰੰਤ ਸੋਚਣਾ ਹੋਵੇਗਾ। ਅਜਾਈਂ ਗਵਾਉਣ ਲਈ ਕੋਈ ਟਾਈਮ ਨਹੀਂ।

ਇਸ ਮਿਸ਼ਨ ਦੀ ਪੂਰਤੀ ਲਈ ਕਿਹੜੇ ਕੰਮ ਕੇਵਲ ਕੇਂਦਰੀ ਸਰਕਾਰ ਹੀ ਕਰ ਸਕਦੀ ਹੈ; ਕਿਹੜੇ ਰਾਜ ਸਰਕਾਰ ਕਰੇਗੀ, ਕਿਹੜੇ ਪਰਾਈਵੇਟ ਸੈਕਟਰ ਦੇ ਜਿੰਮੇ ਹੋ ਸਕਦੇ ਹਨ ਅਤੇ ਕਿਹੜੇ ਕੰਮ ਪਰਿਵਾਰਕ, ਸਥਾਨਕ ਅਤੇ ਭਾਈਚਾਰਕ ਪੱਧਰ 'ਤੇ ਹੋਣ ਵਾਲੇ ਹਨ, ਇਹ ਸਭ ਕੁਝ ਸੋਚਣਾ ਹੋਵੇਗਾ। ਕਿਉਂਕਿ ਸਰਕਾਰਾਂ ਬਿਨਾਂ ਪਰੈਸ਼ਰ ਦੇ ਤਾਂ ਕੰਮ ਕਰਨਗੀਆਂ ਨਹੀਂ। ਅਫਸਰਸ਼ਾਹੀ ਨੇ ਵੀ ਨਵੇਂ ਕੰਮ ਵਿਚ ਅੜਿਕਾ ਬਣਨਾ ਹੀ ਬਣਨਾ ਹੁੰਦਾ ਹੈ। ਚੇਤਨਾ ਲਹਿਰ ਦੀ ਜ਼ਰੂਰਤ ਹੋਵੇਗੀ, ਜੋ ਦੂਜੇ ਹਰੇ ਇਨਕਲਾਬ ਦੇ ਏਜੰਡੇ ਨੂੰ 2022 ਦੀਆਂ ਚੋਣਾ ਦਾ ਲੋਕ ਏਜੰਡਾ ਬਣਾ ਦੇਵੇ।

ਜਿਵੇਂ ਪਹਿਲੇ ਹਰੇ ਇਨਕਲਾਬ ਨੇ ਸਰੀਰਕ ਕਿਰਤ ਦੀ ਮੰਗ ਪੈਦਾ ਕੀਤੀ ਸੀ, ਬਿਲਕੁਲ ਉਸੇ ਤਰ੍ਹਾਂ ਦੂਸਰੇ ਹਰੇ ਇਨਕਲਾਬ ਦੀ ਸਫਲਤਾ ਲਈ ਨਵੇਂ ਗਿਆਨ ਅਤੇ ਨਵੀਂ ਤਕਨਾਲੋਜੀ ਨਾਲ ਲੈਸ ਪੰਜਾਬੀ ਯੂਥ ਦੀ ਵੱਡੇ ਪੱਧਰ 'ਤੇ ਜ਼ਰੂਰਤ ਹੋਵੇਗੀ। ਜਿਹੜੀਆਂ ਉੱਚ ਵਿਦਿਅਕ ਸੰਸਥਾਵਾਂ ਵਿਚ ਹੁਣ ਉੱਲੂ ਬੋਲ ਰਹੇ ਹਨ, ਉਥੇ ਛੇਤੀ ਹੀ ਗਹਿਮਾਂ ਗਹਿਮੀ ਹੋਣ ਵਾਲੀ ਹੈ। ਦੂਜੇ ਹਰੇ ਇਨਕਲਾਬ ਦੀ ਤਿਆਰੀ ਦਾ ਕਾਊਂਟ ਡਾਊਨ ਆਰੰਭ ਹੋਣ ਵਾਲਾ ਹੈ। ਪਹਿਲੇ ਹਰੇ ਇਨਕਲਾਬ ਦਾ ਕੰਮ ਕੇਵਲ ਇਕ ਯੂਨੀਵਰਸਿਟੀ ਨਾਲ ਹੀ ਸਿਰੇ ਚੜ੍ਹ ਗਿਆ ਸੀ, ਪਰ ਹੁਣ ਦੂਜੇ ਹਰੇ ਇਨਕਲਾਬ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਇਕ ਜਾਂ ਦੋ ਨਹੀਂ, ਦਰਜਨਾਂ ਯੂਨੀਵਰਸਿਟੀਆਂ ਦੇ ਨੈੱਟਵਰਕ ਦੀ ਜ਼ਰੂਰਤ ਰਹੇਗੀ। ਜੋ ਕੰਮ ਪਹਿਲਾਂ ਖੇਤੀ ਰਸਾਇਣ ਕੰਪਨੀਆਂ ਨੇ ਕੀਤਾ ਸੀ, ਉਹ ਕੰਮ ਵੀ ਹੁਣ ਨਵੀਆਂ ਲੋੜਾਂ ਅਨੁਸਾਰ ਇਨ੍ਹਾਂ ਯੂਨੀਵਰਸਿਟੀਆਂ ਨੂੰ ਹੀ ਕਰਨਾ ਹੋਵੇਗਾ।

## 6. ਚੁਣੌਤੀਆਂ ਤੇ ਸੰਭਾਵਨਾਵਾਂ

ਇਸ ਤੋਂ ਪਹਿਲਾਂ ਕਿ ਆਪਾਂ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਅਤੇ ਉਨ੍ਹਾਂ ਦੇ ਸਮਾਧਾਨ ਲਈ ਪੰਜਾਬ ਦੇ ਨਵ-ਨਿਰਮਾਣ ਦੀ ਗੱਲ ਤੋਰੀਏ, ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਸ ਗੱਲ ਨੂੰ ਹੁਣ ਨਵੇਂ ਵਿਕਸਤ ਹੋ ਰਹੇ ਗਲੋਬਲ ਡਿਜੀਟਲ ਨੈੱਟਵਰਕ/ ਇਨਫਰਾਸਟਰਕਚਰ ਦੇ ਪਰਿਪੇਖ ਤੋਂ ਬਾਹਰ ਰੱਖ ਕੇ ਨਹੀਂ ਵਿਚਾਰਿਆ ਜਾ ਸਕਦਾ। ਜੇਕਰ ਅਸੀਂ ਪੰਜਾਬ ਬਾਰੇ ਥੋੜ੍ਹੇ ਜਿੰਨੇ ਵੀ ਗੰਭੀਰ ਹਾਂ ਤਾਂ ਸਾਨੂੰ, ਜਿਵੇਂ ਆਪਾਂ ਚਰਚਾ ਕਰ ਆਏ ਹਾਂ, ਪੰਜਾਬ ਦੀਆਂ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਦਾ ਏਜੰਡਾ, ਇਨ੍ਹਾਂ ਤੇਜ਼ੀ ਨਾਲ ਬਦਲ ਰਹੀਆਂ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖ ਕੇ ਹੀ ਤਿਆਰ ਕਰਨਾ ਚਾਹੀਦਾ ਹੈ।

### 6.1 ਪੰਜਾਬ ਦੀ ਸ਼ਾਨ ਨੂੰ ਬਹਾਲ ਕਰਨ ਦਾ ਮਸਲਾ

ਜੇਕਰ ਅਸੀਂ ਪੰਜਾਬ ਦੀ ਪਹਿਲਾਂ ਵਾਲੀ ਸ਼ਾਨ ਬਹਾਲ ਕਰਨਾ ਚਾਹੁੰਦੇ ਹਾਂ ਤਾਂ ਇਸ ਗੱਲ ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਜ਼ਰੂਰਤ ਰਹੇਗੀ ਕਿ ਇਹ ਚੋਣਾਂ ਕਿਸੇ ਪਾਪੂਲਰ ਕਿਸਮ ਦੇ ਚਾਲੂ ਏਜੰਡੇ 'ਤੇ ਨਾ ਲੜੀਆਂ ਜਾਣ। ਆਉਣ ਵਾਲੇ ਪੰਜ ਸਾਲ ਪੰਜਾਬ ਲਈ ਬਹੁਤ ਕਰਿਟੀਕਲ ਹਨ। ਹਰ ਪਾਰਟੀ ਨੂੰ ਕੇਵਲ ਏਜੰਡਾ ਹੀ ਨਹੀਂ, ਸਗੋਂ ਪੰਜਾਂ ਸਾਲਾਂ ਦਾ ਪੂਰਾ ਰੋਡ ਮੈਪ ਤਿਆਰ ਕਰਕੇ ਹੀ ਲੋਕਾਂ ਦੀ ਕਚਹਿਰੀ ਵਿਚ ਪੇਸ਼ ਹੋਣਾ ਚਾਹੀਦਾ ਤਾਂ ਜੋ ਹਰ ਤਿਮਾਹੀ ਪਾਰਟੀ ਦੀ ਵਚਨਬੱਧਤਾ ਦਾ ਲੇਖਾ ਜੋਖਾ ਹੋ ਸਕੇ।

ਪੰਜਾਬ ਇਸ ਸਮੇਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਕੇਵਲ ਖੇਤੀਬਾੜੀ ਹੀ ਨਹੀਂ, ਪੰਜਾਬ ਦਾ ਪਿੰਡ ਵੀ ਸੰਕਟ ਵਿਚ ਹੈ। ਅਸਲੀ ਮਸਲਾ ਤਾਂ ਪੰਜਾਬ ਅਤੇ ਪਿੰਡ ਦੀ ਪਹਿਲਾਂ ਵਾਲੀ ਸ਼ਾਨ ਨੂੰ ਮੁੜ ਬਹਾਲ ਕਰਨ ਦਾ ਹੀ ਹੈ। ਪੰਜਾਬ ਦੇ ਪੁਨਰ-ਨਿਰਮਾਣ ਦਾ ਏਜੰਡਾ ਤਿਆਰ ਕਰਕੇ, ਇਸ ਨੂੰ ਲਾਗੂ ਕਰਨ ਲਈ ਪੰਜਾਂ ਸਾਲਾਂ ਦਾ ਰੋਡ ਮੈਪ ਤਿਆਰ ਰੱਖਣ ਦਾ ਹੈ।

### 6.2 ਪੰਜਾਬ ਦੇ ਵਾਤਾਵਰਣ ਦੀ ਬਰਬਾਦੀ ਦਾ ਮਸਲਾ

ਦੂਸਰਾ ਮਸਲਾ ਪੰਜਾਬ ਦੇ ਵਾਤਾਵਰਣ ਦੀ ਬਰਬਾਦੀ ਅਤੇ ਧਰਤੀ ਹੇਠਲੇ ਪਾਣੀਆਂ ਵਰਗੇ ਕੁਦਰਤੀ ਵਸੀਲਿਆਂ ਨੂੰ ਲਗਾਤਾਰ ਲੱਗ ਰਹੇ ਖੋਰੇ ਦਾ ਹੈ। ਲੁਧਿਆਣੇ ਦਾ ਬੁੱਢਾ ਦਰਿਆ ਪੰਜਾਬ ਦੇ ਜਾਨ ਲੇਵਾ ਦੂਸ਼ਿਤ

ਵਾਤਾਵਰਣ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਹੁਣ ਤਾਂ ਕੇਵਲ ਬਲਾਤਕਾਰ ਅਤੇ ਆਤਮ ਹੱਤਿਆ ਵਰਗੇ ਰੂਪਕ ਹੀ ਪੰਜਾਬ ਦੀ ਨਿਘਰ ਰਹੀ ਸਥਿਤੀ ਨੂੰ ਬਿਆਨ ਕਰ ਸਕਦੇ ਹਨ। ਹਰੇ ਇਨਕਲਾਬ ਦੀ ਵਿਚਾਰਧਾਰਾ ਅਧੀਨ, ਵਧੇਰੇ ਪੈਦਾਵਾਰ ਦੇ ਲਾਲਚ ਵੱਸ ਅਸੀਂ ਆਪਣੀਆਂ ਜ਼ਮੀਨਾਂ, ਪਾਣੀਆਂ, ਹਵਾਵਾਂ, ਸਿਹਤ ਸੁਰੱਖਿਆ, ਨੈਤਿਕ ਕਦਰਾਂ ਕੀਮਤਾਂ ਅਤੇ ਜੀਵਨ ਮੁੱਲਾਂ ਆਦਿ ਸਭ ਨੂੰ ਰੇਪ ਕੀਤਾ ਹੈ।

ਕੋਲੇ ਨਾਲ ਚੱਲਣ ਵਾਲੇ ਤਾਪ ਬਿਜਲੀ ਘਰ, ਪੈਟਰੋਕੈਮੀਕਲ ਖਾਦਾਂ, ਡੀਜ਼ਲ ਇੰਜਣ/ ਟਰੈਕਟਰ/ ਕੰਬਾਈਨਾਂ, ਬੱਸਾਂ/ ਕਾਰਾਂ/ ਟਰੱਕ ਆਦਿ, ਭਾਵ ਫੌਸਿਲ ਫਿਊਲ ਦੁਆਰਾ ਊਰਜਿਤ ਹੋਣ ਵਾਲਾ ਸਮੁੱਚਾ ਆਧਾਰ ਢਾਂਚਾ, ਜਿਸ ਉਪਰ ਕੇਵਲ ਪੰਜਾਬ ਦੀ ਖੇਤੀਬਾੜੀ, ਸਨਅਤ, ਟਰਾਂਸਪੋਰਟ, ਵਿਉਪਾਰ, ਘਰ ਪਰਿਵਾਰ ਆਦਿ ਹੀ ਨਹੀਂ, ਪੂਰਾ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਢਾਂਚਾ ਟਿਕਿਆ ਹੋਇਆ ਹੈ, ਇਹ ਹੀ ਪੰਜਾਬ ਦੇ ਪ੍ਰਦੂਸਣ ਅਤੇ ਬਹੁ ਪੱਖੀ ਸੰਕਟ ਦਾ ਕਾਰਨ ਬਣਿਆ। ਇਸ ਆਧਾਰ ਢਾਂਚੇ ਨੂੰ ਤਬਦੀਲ ਕੀਤੇ ਬਿਨਾ ਪੰਜਾਬ ਦੇ ਦੁਖ ਦੂਰ ਨਹੀਂ ਹੋ ਸਕਦੇ, ਸਗੋਂ ਹੋਰ ਡੂੰਘੇ ਹੁੰਦੇ ਚਲੇ ਜਾਣਗੇ।

### 6.3 ਪੰਜਾਬੀ ਨੌਜਵਾਨਾਂ ਲਈ ਰੁਜ਼ਗਾਰ ਦਾ ਮਸਲਾ

ਤੀਸਰਾ ਹੈ, ਆਟੋਮੇਸ਼ਨ/ਆਰਟੀਫੀਸ਼ਲ ਇੰਟੈਲੀਜੈਂਸ ਦਾ ਖਤਰਾ ਜੋ ਸਾਥੋਂ ਰੁਜ਼ਗਾਰ/ ਕਿਰਤ ਹੀ ਖੋਂਹਦਾ ਜਾ ਰਿਹਾ ਹੈ। ਪਹਿਲਾਂ ਮਸ਼ੀਨ ਨੇ ਸਾਡੀ ਜਿਸਮਾਨੀ ਲੇਬਰ ਨੂੰ ਰੀਪਲੇਸ ਕੀਤਾ ਸੀ। ਹੁਣ ਸਾਡੀ ਦਿਮਾਗੀਲੇਬਰ ਵੀ ਇਰਰੈਲੇਵੈਂਟ ਹੁੰਦੀ ਜਾ ਰਹੀ ਹੈ। ਲੋਕ ਸਿੰਗੁਲੈਰਿਟੀ ਦੀਆਂ ਗੱਲਾਂ ਕਰ ਰਹੇ ਹਨ, ਜਦੋਂ ਮਸ਼ੀਨੀ ਸਿਆਣਪ ਮਨੁੱਖੀ ਸਿਆਣਪ ਨੂੰ ਪਾਰ ਕਰ ਜਾਵੇਗੀ।

### 6.4 ਪੰਜਾਬ ਵਿਚ ਸਮਾਜਕ-ਆਰਥਿਕ ਨਾ-ਬਰਾਬਰੀ ਦਾ ਮਸਲਾ

ਚੌਥਾ ਹੈ ਵਧ ਰਹੀ ਨਾਬਰਾਬਰੀ ਦਾ ਖਤਰਾ। ਇਹ ਖਤਰਾ ਏਨਾ ਭਿਆਨਕ ਹੈ ਕਿ ਮਾਨਵ ਜਾਤੀ ਹੁਣ ਜਾਤੀ ਅਤੇ ਜਮਾਤੀ ਵਖਰੇਵਿਆਂ ਤੋਂ ਵੀ ਪਾਰ ਰੈਲੇਵੈਂਟਸ ਅਤੇ ਇਰਰੈਲੇਵੈਂਟਸ ਦੀਆਂ ਦੋ ਨਸਲਾਂ ਵਿਚ ਵੰਡੀ ਜਾ ਰਹੀ ਹੈ। ਅਜਿਹੇ ਅਣਹੋਇਆਂ ਦੀ ਫੌਜ ਵਿਚ ਵਾਧਾ ਹੋ ਰਿਹਾ ਹੈ, ਜਿਨ੍ਹਾਂ ਕੋਲ ਨਾ ਕੰਮ ਕਾਰ ਹੋਵੇਗਾ ਅਤੇ ਨਾ ਹੀ ਜੀਣ ਦਾ ਕੋਈ ਵਸੀਲਾ। ਇਨ੍ਹਾਂ ਲੋਕਾਂ ਲਈ ਰੁਜ਼ਗਾਰ ਦਾ ਨਹੀਂ, ਮੁਫਤ ਬਿਜਲੀ ਅਤੇ ਆਟੇ ਦਾਲ ਦਾ ਪ੍ਰਬੰਧ ਹੋ ਰਿਹਾ ਹੈ। ਅੰਨ ਦਾਤਿਆਂ ਨੂੰ ਭਿਖਾਰੀਆਂ ਦੀ ਕੌਮ ਬਣਾਇਆ ਜਾ ਰਿਹਾ ਹੈ।

ਹਰੀ ਕ੍ਰਾਂਤੀ ਦੇ ਰੂਪ ਵਿਚ, ਪੰਜਾਬ ਦੇ ਖੇਤੀ ਵਿਕਾਸ ਦੀ ਕਹਾਣੀ ਦੁਨੀਆਂ ਦੀਆਂ ਅਤੀ ਪ੍ਰਭਾਵਸ਼ਾਲੀ ਕਹਾਣੀਆਂ ਵਿਚੋਂ ਇਕ ਹੈ। ਜੱਟ ਸਿੱਖ ਜਾਤੀ ਦੇ ਕਿਸਾਨ ਹੀ ਪ੍ਰਮੁੱਖ ਤੌਰ ’ਤੇ ਇਸ ਕਹਾਣੀ ਦੇ ਨਿਰਮਾਤਾ ਸਨ। ਇਸ ਭਾਈਚਾਰੇ ਨੇ ਜਿਥੇ ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਬਣਾ ਕੇ, ਉਸ ਦਾ ਗੌਰਵ ਵਧਾਇਆ, ਓਥੇ ਖੇਤੀ ਵਿਕਾਸ ਅਤੇ ਇਸ ਨਾਲ ਜੁੜੇ ਧੰਦਿਆਂ ਦੇ ਵਿਸਤਾਰ ਰਾਹੀਂ, ਅਣਗਿਣਤ ਰੁਜ਼ਗਾਰ ਸਹੂਲਤਾਂ ਪੈਦਾ ਕਰਕੇ, ਪੰਜਾਬ ਦੀ ਖੁਸ਼ਹਾਲੀ ਦਾ ਬਿਰਤਾਂਤ ਵੀ ਰਚਿਆ। ਨਤੀਜੇ ਵਜੋਂ ਪੰਜਾਬ ਦੇ ਸਮਾਜਕ ਜੀਵਨ, ਅਰਥਚਾਰੇ ਅਤੇ ਸਿਆਸਤ ਉਪਰ ਇਸ ਭਾਈਚਾਰੇ ਦਾ ਸੰਪੂਰਨ ਕੰਟਰੋਲ ਹੋ ਗਿਆ। ਇਸ ਦੀਆਂ ਚਾਹਤਾਂ ਵਿਚੋਂ ਹੀ ਪੰਜਾਬ ਨੂੰ ਦਿਸ਼ਾ ਪ੍ਰਾਪਤ ਹੁੰਦੀ ਰਹੀ ਹੈ। ਪੰਜਾਬ ਵਿਚ ਕੁਝ ਵੀ ਅਜਿਹਾ ਨਹੀਂ ਵਾਪਰ ਸਕਦਾ ਜੋ ਇਸ ਭਾਈਚਾਰੇ ਦੇ ਜਮਾਤੀ ਹਿੱਤਾਂ ਦੀ ਉਲੰਘਣਾ ਕਰਦਾ ਹੋਵੇ। ਅਜਿਹਾ ਹੋਣ ਨਾਲ ਜਿਥੇ ਗੈਰ ਜੱਟ-ਸਿਖ ਭਾਈਚਾਰੇ ਹਾਸ਼ੀਏ ’ਤੇ ਚਲੇ ਗਏ ਹਨ, ਓਥੇ ਪੰਜਾਬ ਦੇ ਸਨਅਤੀ ਅਤੇ ਆਧੁਨਿਕ ਸੈਕਟਰ ਦੇ ਨਿਰਮਾਣ ਲਈ ਲੋੜੀਂਦੇ ਆਰਥਕ ਵਸੀਲਿਆ ਨੂੰ ਵੀ ਖੇਤੀ ਵਿਕਾਸ ਦੀ ਝੋਲੀ ਵਿਚ ਪਾ ਕੇ, ਪੰਜਾਬ ਦੇ ਆਧੁਨਿਕੀਕਰਨ, ਸਨਅਤੀਕਰਨ ਅਤੇ ਸ਼ਹਿਰੀਕਰਨ ਦੀਆਂ ਸੰਭਾਵਨਾਵਾਂ ਠੁੱਸ ਕਰ ਦਿੱਤੀਆਂ ਗਈਆਂ।

### 6.5 ਪੰਜਾਬ ਦੇ ਸਮਲਿਤ ਵਿਕਾਸ ਦਾ ਮਸਲਾ

ਉਹ ਆਧਾਰ ਢਾਂਚਾ, ਜਿਸ ਉਪਰ ਪੰਜਾਬ ਦੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਦਾ ਬਿਰਤਾਂਤ ਟਿਕਿਆ ਹੋਇਆ ਸੀ, ਆਪਣੀਆਂ ਤਮਾਮ ਸੰਭਾਵਨਾਵਾਂ ਮੁਕਾ ਕੇ, ਪੰਜਾਬ ਦੇ ਨਵ-ਨਿਰਮਾਣ ਲਈ ਸਪੇਸ ਪੈਦਾ ਕਰ ਦਿੰਦਾ ਹੈ। ਸਾਡੇ ਲਈ ਹੁਣ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬ ਦੇ ਨਵ-ਨਿਰਮਾਣ ਵਿਚ ਘੱਟ ਗਿਣਤੀਆਂ, ਔਰਤਾਂ, ਦਲਿਤਾਂ, ਸ਼ਿਲਪੀਆਂ, ਕਾਰੀਗਰਾਂ, ਸ਼ਾਹੂਕਾਰਾਂ, ਵਪਾਰੀਆਂ, ਛੋਟੇ ਅਤੇ ਬੇਜ਼ਮੀਨੇ ਕਿਸਾਨਾ, ਸ਼ਹਿਰੀ ਸਿੱਖਾਂ, ਪਰਵਾਸੀ ਕਾਮਿਆਂ ਆਦਿ ਸਭ ਦੀ ਸ਼ਮੂਲੀਅਤ ਨੂੰ ਬਰਾਬਰ ਯਕੀਨੀ ਬਣਾਇਆ ਜਾਵੇ। ਇਸ

ਯੋਗਦਾਨ ਨੂੰ ਯਕੀਨੀ ਬਣਾ ਕੇ ਹੀ ਪੰਜਾਬ ਨੂੰ ਸਮਿਲਤ ਵਿਕਾਸ ਦੇ ਰਾਹੇ ਪਾਇਆ ਜਾ ਸਕਦਾ ਹੈ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਕੇਵਲ ਅੰਗਰੇਜ਼ੀ ਜ਼ੁਬਾਨ ਦੇ ਸਿਰ 'ਤੇ ਸਮਿਲਤ ਵਿਕਾਸ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ। ਪੰਜਾਬੀ ਜ਼ੁਬਾਨ ਨੂੰ ਵੀ ਸਿਖਿਆ ਅਤੇ ਵਿਕਾਸ ਦਾ ਮਾਧਿਅਮ ਬਣਾਉਣਾ ਪਵੇਗਾ। ਸਮਿਲਤ ਵਿਕਾਸ ਪੰਜਾਬ ਲਈ ਪੰਜਵੀਂ ਚੁਣੌਤੀ ਹੈ।

### 6.6 ਪੰਜਾਬ ਦੀਆਂ ਨੈਤਿਕ ਕਦਰਾਂ ਕੀਮਤਾਂ ਦਾ ਮਸਲਾ

ਇੰਟੈਲੀਜੈਂਟ ਮਸ਼ੀਨਾਂ ਸਾਡੇ ਸਾਹਮਣੇ ਕੇਵਲ ਬੇਰੁਜ਼ਗਾਰੀ ਅਤੇ ਨਾਬਰਾਬਰੀ ਦੇ ਮਸਲੇ ਹੀ ਨਹੀਂ, ਬਲਕਿ ਨੈਤਿਕਤਾ ਦਾ ਛੇਵਾਂ ਮਸਲਾ ਵੀ ਖੜ੍ਹਾ ਕਰ ਰਹੀਆਂ ਹਨ। ਚੰਗੀ ਆਰਥਕਤਾ ਵਿਚੋਂ ਚੰਗੀ ਰਾਜਨੀਤੀ ਅਤੇ ਚੰਗੀ ਰਾਜਨੀਤੀ ਵਿਚੋਂ ਚੰਗੀਆਂ ਕਦਰਾਂ-ਕੀਮਤਾ ਪੈਦਾ ਹੁੰਦੀਆਂ ਹਨ। ਇਸਦੇ ਉਲਟ ਚੰਗੀਆਂ ਕਦਰਾਂ ਕੀਮਤਾਂ ਵਿਚੋਂ ਚੰਗੀ ਰਾਜਨੀਤੀ ਅਤੇ ਚੰਗੀ ਰਾਜਨੀਤੀ ਵਿਚੋਂ ਚੰਗੀ ਅਰਥ ਵਿਵਸਥਾ ਵੀ ਪੈਦਾ ਹੋ ਸਕਦੀ ਹੈ। ਹਕੀਕਤ ਵਿਚ ਇਹ ਤਿੰਨੋ ਇਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ। ਇਨਾਂ ਤਿੰਨਾਂ ਉਪਰ ਇਕੋ ਵੇਲੇ ਸੰਗਠਿਤ ਢੰਗ ਨਾਲ ਕੰਮ ਕਰਨ 'ਤੇ ਹੀ ਚੰਗੇ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਮਨੁੱਖ ਨੂੰ ਤਾਂ ਅਸੀਂ ਨੈਤਿਕਤਾ ਨਹੀਂ ਪੜ੍ਹਾ ਸਕੇ ਪਰ ਮਸ਼ੀਨਾਂ (ਏ ਆਈ, ਰੋਬੋ ਆਦਿ) ਨੂੰ ਤਾਂ ਸਹਿਜੇ ਹੀ ਪੜ੍ਹਾ ਸਕਦੇ ਹਾਂ। ਬਿਨਾ ਡਰਾਈਵਰ ਦੇ ਚੱਲਣ ਵਾਲੀ ਰੋਬੋ ਕਾਰ ਅੰਦਰ ਤਾਂ ਇਹ ਨੈਤਿਕਤਾ ਸਹਿਜੇ ਹੀ ਪ੍ਰੋਗਰੈਮ ਕੀਤੀ ਜਾ ਸਕਦੀ ਹੈ ਕਿ ਕਾਰ ਵਿਚ ਬੈਠੇ ਨੱਬੇ ਸਾਲ ਦੇ ਬਜ਼ੁਰਗ ਨੂੰ ਬਚਾਉਣਾ ਹੈ ਜਾਂ ਸੜਕ ਉਪਰ ਜਾ ਰਹੇ ਸਕੂਲੀ ਬੱਚਿਆਂ ਨੂੰ। ਅਜਿਹਾ ਕਰਨ ਲਈ ਕੇਵਲ ਆਰਟੀਫੀਸ਼ਲ ਇੰਟੈਲੀਜੈਂਸ ਵਿਚ ਮੁਹਾਰਤ ਹਾਸਲ ਕਰਨੀ ਹੀ ਬਹੁਤ ਨਹੀਂ ਹੋਵੇਗੀ। ਗੁਰੂਆਂ ਦੁਆਰਾ ਦਰਸਾਏ ਜੀਵਨ ਦੇ ਮੰਤਵ ਅਤੇ ਅਰਥਾਂ ਨੂੰ ਸਮਝਣਾ ਹੋਵੇਗਾ।

ਇਸ ਦੇ ਨਾਲ ਵਧ ਰਹੀ ਅਸਹਿਣਸ਼ੀਲਤਾ (ਇਨਟੌਲਰੈਂਸ) ਦਾ ਮਸਲਾ ਵੀ ਜੁੜਿਆ ਹੋਇਆ ਹੈ। ਗੁਰੂ ਨਾਨਕ ਦੀ ਪਰੰਪਰਾ ਤਾਂ ਦੂਸਰੇ ਦੇ ਦੂਸਰੇਪਣ ਨੂੰ ਇਸ ਕਦਰ ਪਰਵਾਨ ਦੀ ਹੈ ਕਿ ਗੁਰੂ ਤੇਗ ਬਹਾਦਰ, ਭਾਵੇਂ ਆਪ ਤਾਂ ਜਨੇਊ ਪਹਿਨਣ ਦੇ ਹੱਕ ਵਿਚ ਨਹੀਂ ਸਨ ਪਰ ਦੂਸਰੇ ਦੇ ਦੂਸਰੇਪਣ (ਜਨੇਊ ਪਹਿਨਣ ਦੇ ਅਧਿਕਾਰ) ਨੂੰ ਆਪਣੇ ਜੀਵਨ ਤੋਂ ਵੀ ਵੱਧ ਮਹੱਤਵ ਦਿੰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਨਵੀਨਤਾ ਦੇ ਨਿਰਮਾਣ ਲਈ ਇਕਸਾਰਤਾ ਦੀ ਨਹੀਂ ਵੰਨਸਵੰਨਤਾ ਅਤੇ ਸਹਿਯੋਗ ਦੀ ਲੋੜ ਹੁੰਦੀ ਹੈ। ਕੇਵਲ ਮਨੁੱਖਾਂ ਦੇ ਮਨੁੱਖਾਂ ਨਾਲ ਸਹਿਯੋਗ ਦੀ ਹੀ ਨਹੀਂ, ਮਸ਼ੀਨਾਂ ਦੇ ਮਸ਼ੀਨਾਂ ਨਾਲ ਅਤੇ ਮਨੁੱਖਾਂ ਦੇ ਮਸ਼ੀਨਾਂ ਨਾਲ ਅਤੇ ਵਾਤਾਵਰਣ ਨਾਲ ਸਹਿਯੋਗ ਦੀ ਵੀ ਬਰਾਬਰ ਲੋੜ ਹੈ। ਦਇਆ ਅਤੇ ਹਮਦਰਦੀ ਉਪਰ ਅਧਾਰਿਤ ਨਵੇਂ ਮਾਈਂਡਸੈਟ ਦਾ ਨਿਰਮਾਣ ਨਵੇਂ ਯੁੱਗ ਦੀ ਕੁੰਜੀ ਹੈ। ਸਭ ਤੋਂ ਵੱਡੀ ਚੁਣੌਤੀ ਵੀ।

### 6.7 ਪੰਜਾਬ ਵਿਚ ਆਜ਼ਾਦੀ ਅਤੇ ਬਰਾਬਰੀ ਦਾ ਮਸਲਾ

ਸੱਤਵਾਂ ਮਸਲਾ ਹੈ ਆਜ਼ਾਦੀ ਦਾ ਅਤੇ ਅੱਠਵਾਂ ਬਰਾਬਰੀ ਦਾ। ਗੁਰੂ ਦ੍ਰਿੜ ਕਰਵਾਉਂਦੇ ਹਨ ਕਿ ਪ੍ਰਮਾਤਮਾ ਹੀ ਇਕੋ ਇਕ ਮਾਲਕ, ਗੁਰੂ, ਪਰਮ ਪਿਤਾ, ਪਤੀ ਪ੍ਰਮੇਸ਼ਰ ਅਤੇ ਸੱਚਾ ਪਾਤਸ਼ਾਹ ਹੈ। ਸਭ ਦਾ ਮਾਲਕ ਕੇਵਲ ਉਹੋ ਹੀ ਹੈ। ਉਸ ਇਕ ਤੋਂ ਸਿਵਾ ਹੋਰ ਕਿਸੇ ਦੀ ਅਥਾਰਟੀ ਨਹੀਂ ਮੰਨਣੀ। ਇਸ ਤਰ੍ਹਾਂ ਉਹ ਮਨੁੱਖ ਨੂੰ ਘਰ ਵਿਚ ਪਿਤਾ ਅਤੇ ਪਤੀ, ਸਮਾਜ ਵਿਚ ਬ੍ਰਾਹਮਣ, ਖੇਤ ਵਿਚ ਜਗੀਰਦਾਰ/ ਸ਼ਾਹੂਕਾਰ ਅਤੇ ਰਾਜ ਵਿਚ ਰਜਵਾੜੇ ਦੀ ਥਾਂ ਇਕੋ ਇਕ ਪ੍ਰਮਾਤਮਾ ਦੀ ਗੁਲਾਮੀ ਨਾਲ ਜੋੜ ਕੇ, ਉਸ ਨੂੰ ਹਰ ਕਿਸਮ ਦੀ ਸਮਾਜ-ਸਭਿਆਚਾਰਕ ਅਤੇ ਆਰਥਿਕ-ਰਾਜਨੀਤਕ ਗੁਲਾਮੀ ਤੋਂ ਮੁਕਤ ਕਰਵਾ ਦਿੰਦੇ ਹਨ। ਅਜਿਹਾ ਕਰਦਿਆਂ ਉਹ ਮਨੁੱਖ ਨੂੰ ਕੇਵਲ ਗੁਲਾਮੀ ਤੋਂ ਹੀ ਮੁਕਤ ਨਹੀਂ ਕਰਵਾਉਂਦੇ, ਰਾਜੇ ਅਤੇ ਰੰਕ, ਬ੍ਰਾਹਮਣ ਅਤੇ ਸ਼ੂਦਰ, ਮਰਦ ਅਤੇ ਔਰਤ, ਸਭ ਨੂੰ ਪ੍ਰਮਾਤਮਾਂ ਦੀ ਇਕੋ ਜੇਹੀ ਗੁਲਾਮੀ ਨਾਲ ਜੋੜ ਕੇ ਬਰਾਬਰੀ ਅਤੇ ਸਰਬ ਸਾਂਝੀਵਾਲਤਾ ਦਾ ਮਾਹੌਲ ਵੀ ਸਿਰਜ ਦਿੰਦੇ ਹਨ।

ਸਾਫ ਸੁਥਰੇ ਵਾਤਾਵਰਣ, ਸਨਮਾਨਯੋਗ ਕਿਰਤ, ਸਮਾਜਕ ਬਰਾਬਰੀ, ਨੈਤਿਕ ਕਦਰਾਂ ਕੀਮਤਾਂ, ਜੀਵਨ ਮੁੱਲਾਂ, ਸਹਿਣਸ਼ੀਲਤਾ ਅਤੇ ਆਜ਼ਾਦੀ ਨਾਲ ਜੁੜੀ ਆਰਥਿਕਤਾ, ਰਾਜਨੀਤੀ ਅਤੇ ਸੰਸਕ੍ਰਿਤੀ ਉਹ ਪ੍ਰਿੰਸੀਪਲਜ਼ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਪੰਜਾਬ ਦੇ ਪੁਨਰ-ਨਿਰਮਾਣ ਦਾ ਕੰਮ ਆਰੰਭਿਆ ਜਾ ਸਕਦਾ ਹੈ। ਗੁਰਾਂ ਦੇ ਨਾਮ ਤੇ ਵਸਣ ਵਾਲੇ ਇਸ ਪੰਜਾਬ ਦਾ ਉਦੇਸ਼ ਹੀ ਕਦਰਾਂ ਕੀਮਤਾਂ, ਅਰਥਾਂ, ਵਿਚਾਰਾਂ, ਚਿਹਨਾਂ,

ਮੁੱਲਾਂ, ਪ੍ਰੋਗਰਾਮਾਂ, ਪ੍ਰੈਕਟਿਸਿਜ਼, ਪ੍ਰੰਪਰਾਵਾਂ ਅਤੇ ਸੰਸਥਾਵਾਂ ਦਾ ਇਕ ਅਜਿਹਾ ਵਾਤਾਵਰਣ ਉਸਾਰਨਾ ਹੈ, ਜਿਸ ਵਿਚ ਅਸੀਂ ਅਤੇ ਸਾਡੇ ਬੱਚੇ ਆਪਣੇ ਆਪ ਅਤੇ ਆਪਣੇ ਭਵਿੱਖ/ਸੰਸਾਰ ਦਾ ਅਰਥ ਭਰਪੂਰ ਨਿਰਮਾਣ ਕਰ ਸਕਣ।

'ਕੁਝ ਵੀ ਨਹੀਂ ਹੋ ਸਕਦਾ' ਦੀ ਜ਼ੋਰ ਫੜ ਰਹੀ ਨਿਰਾਸ਼ਾ ਨੇ ਪੰਜਾਬੀਆਂ ਦੀ ਉਡਾਣ ਨੂੰ ਆਤਮ ਹੱਤਿਆ ਦੇ ਕਿਨਾਰੇ 'ਤੇ ਲਿਆ ਖੜ੍ਹਾ ਕੀਤਾ ਹੈ। ਪੰਜਾਬ ਦੀ ਖੁਸ਼ਹਾਲੀ ਨੂੰ ਮੁੜ ਬਹਾਲ ਕਰਨਾ, ਜਿਨ੍ਹਾਂ ਦੀ ਜ਼ਿੰਮੇਵਾਰੀ ਸੀ, ਉਹ ਤਾਂ ਉਜੜ ਰਹੇ ਪੰਜਾਬ ਨੂੰ ਹੋਰ ਵੀ ਉਜਾੜਨ ਵਿਚ ਮਸਰੂਫ ਹਨ। ਮਾਫੀਆ, ਕੁਰੱਪਸ਼ਨ ਅਤੇ ਜਗੀਰੂ ਮਾਈਂਡਸੈਟ ਪੰਜਾਬ ਨੂੰ ਘੁਣ ਵਾਂਗ ਲੱਗੇ ਹੋਏ ਹਨ। ਬਿਨਾ ਸ਼ੱਕ, ਪੰਜਾਬ ਦੀ ਸ਼ਾਨਾਂਮੱਤੀ ਸਰਵਾਈਵਲ ਖਤਰੇ ਵਿਚ ਹੈ। ਕੌਣ ਬਚਾਵੇਗਾ ਪੰਜਾਬ ਨੂੰ; ਸਿਆਸੀ ਪਾਰਟੀਆਂ, ਅਫਸਰਸ਼ਾਹੀ ਜਾਂ ਕਾਰਪੋਰਟ? ਬਿਲਕੁਲ ਨਹੀਂ। ਪੰਜਾਬ ਦੇ ਨਵ-ਨਿਰਮਾਣ ਲਈ, ਦੂਜੇ ਹਰੇ ਇਨਕਲਾਬ ਦੇ ਰੂਪ ਵਿਚ ਸਭ ਕੁਝ ਨਵੀਂ ਤਰ੍ਹਾਂ ਨਾਲ ਸੋਚਣਾ ਹੋਵੇਗਾ। ਉਹ ਵੀ ਤੁਰੰਤ। ਨਹੀਂ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ।

## 7. ਨਵੇਂ ਪੰਜਾਬ ਦੇ ਨਿਰਮਾਣ ਦਾ ਮਾਰਗ

ਉਹ ਨਵਾਂ ਕੀ ਹੈ, ਜੋ ਪੰਜਾਬ ਦੀ ਰੁਲ ਰਹੀ ਆਬਰੂ ਨੂੰ ਮੁੜ ਬਹਾਲ ਕਰ ਸਕਦਾ ਹੈ? ਨਵੀਂ ਪਾਲਿਸੀ, ਨਵੀ ਤਕਨਾਲੋਜੀ ਜਾਂ ਨਵੀਂ ਮੰਡੀ? ਉਦਾਹਰਣ ਲੈ ਕੇ ਇਸ ਘੁੰਡੀ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਾਂ। ਮੰਨ ਲਵੋ ਸਰਕਾਰ ਫੈਸਲਾ ਕਰ ਲੈਂਦੀ ਹੈ ਕਿ ਕਾਰਾਂ ਹੁਣ ਡੀਜ਼ਲ ਪੈਟਰੋਲ ਦੀ ਥਾਂ ਬਿਜਲੀ ਨਾਲ ਚੱਲਣਗੀਆਂ। ਇਸ ਪਾਲਿਸੀ ਨੂੰ ਲਾਗੂ ਕਰਨ ਲਈ ਨਵੀਂ ਕਿਸਮ ਦੀ ਬੈਟਰੀ (ਤਕਨਾਲੋਜੀ) ਦੀ ਲੋੜ ਹੋਵੇਗੀ, ਜਿਸ ਨੂੰ ਇਕ ਵਾਰ ਚਾਰਜ ਕਰਨ ਨਾਲ ਕਾਰ ਘੱਟੋ ਘੱਟ ਢਾਈ ਤਿੰਨ ਸੌ ਕਿਲੋਮੀਟਰ ਚੱਲ ਸਕੇ। ਅਜਿਹੀ ਬੈਟਰੀ ਦੇ ਨਿਰਮਾਣ ਲਈ ਖੋਜ ਸੰਸਥਾਵਾਂ ਦੇ ਬੈਟਰੀ ਪ੍ਰਾਜੈਕਟਾਂ ਵਿਚ ਨਿਵੇਸ਼ ਪਹਿਲੀ ਲੋੜ ਬਣ ਜਾਵੇਗੀ। ਫਿਰ ਇਸ ਖੋਜ ਨੂੰ ਪ੍ਰਯੋਗਸ਼ਾਲਾਂ ਵਿਚੋਂ ਕੱਢ ਕੇ ਸੜਕ ਤੇ ਲਿਆਉਣ ਲਈ ਮੰਡੀ ਦੀ ਲੋੜ ਹੋਵੇਗੀ। ਮੰਡੀ ਤੋਂ ਭਾਵ ਹੈ, ਇਸ ਬੈਟਰੀ ਦੀ ਮਾਸ ਪਰੋਡਕਸ਼ਨ ਕਰਕੇ ਮੰਡੀ ਵਿਚ ਸਸਤੇ ਭਾਅ 'ਤੇ ਵੇਚਣਾ ਤਾਂ ਜੋ ਖਪਤਕਾਰਾਂ ਨੂੰ ਵੀ ਡੀਜ਼ਲ/ ਪੈਟਰੋਲ ਦੀ ਕਾਰ ਚਲਾਉਣ ਨਾਲੋਂ ਬਿਜਲੀ ਦੀ ਕਾਰ ਚਲਾਉਣੀ ਸਸਤੀ ਪਵੇ। ਇਹ ਵੀ ਸੋਚਣਾ ਪਵੇਗਾ ਕਿ ਕੈਪੀਟਲ ਮਾਰਕਿਟ ਨੂੰ ਆਪਣਾ ਪੈਸਾ ਡੀਜ਼ਲ/ ਪੈਟਰੋਲ ਦੇ ਅਰਬਾਂ ਖਰਬਾਂ ਦੇ ਸਥਾਪਤ ਬਿਜ਼ਨਸ ਵਿਚੋਂ ਕੱਢ ਕੇ ਬੈਟਰੀ ਦੇ ਨਵੇਂ ਭਾਵ ਰਿਸਕੀ ਬਿਜ਼ਨਸ ਵਿਚ ਲਗਾਉਣ ਲਈ ਕਿਵੇਂ ਤਿਆਰ ਕਰਨਾ ਹੈ। ਕਹਿਣ ਤੋਂ ਭਾਵ ਹੈ ਕਿ ਪਾਲਿਸੀ, ਤਕਨਾਲੋਜੀ ਅਤੇ ਮੰਡੀ ਨੂੰ ਅਲੱਗ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਸਪੱਸ਼ਟ ਹੈ ਕਿ ਪੰਜਾਬ ਦੇ ਨਵ-ਨਿਰਮਾਣ ਲਈ ਨਵੀਂ ਪਾਲਿਸੀ, ਨਵੀਂ ਤਕਨਾਲੋਜੀ, ਨਵੀਂ ਮੰਡੀ ਅਤੇ ਨਵੇਂ ਮਾਂਈਡਸੈਟ ਉਪਰ ਅਧਾਰਿਤ ਸੰਗਠਿਤ ਅਤੇ ਸਹਿਯੋਗੀ ਪ੍ਰੋਗਰਾਮ ਉਲੀਕਣ ਦੀ ਲੋੜ ਹੈ।

### 7.1 ਨਵੇਂ ਪੰਜਾਬ ਦੇ ਨਿਰਮਾਣ ਲਈ ਨਵੀਂ ਊਰਜਾ ਦੀ ਲੋੜ

ਕਿਸੇ ਵੀ ਪਰਿਵਾਰ, ਭਾਈਚਾਰੇ ਜਾਂ ਮੁਲਕ ਦੀ ਖੁਸ਼ਹਾਲੀ ਦਾ ਅਨੁਮਾਨ ਉਸਦੀ ਪ੍ਰਤੀ ਜੀਅ ਊਰਜਾ ਦੀ ਖਪਤ ਤੋਂ ਲਾਇਆ ਜਾਂਦਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਧੇਰੇ ਖੁਸ਼ਹਾਲ ਹੋਵੇ ਤਾਂ ਪੰਜਾਬ ਨੂੰ ਵਧੇਰੇ ਊਰਜਾ ਪੈਦਾ ਕਰਨੀ ਹੋਵੇਗੀ। ਪਰ ਪੰਜਾਬ ਨੇ ਤਾਂ ਹਰੇ ਇਨਕਲਾਬ ਦੀ ਸਫਲਤਾ ਲਈ ਵਧੇਰੇ ਊਰਜਾ ਦੀ ਖਪਤ ਰਾਹੀਂ ਪੰਜਾਬ ਦੇ ਵਾਤਾਵਰਣ ਅਤੇ ਕੁਦਰਤੀ ਵਸੀਲਿਆਂ ਦੇ ਉਜਾੜੇ ਦਾ ਦ੍ਰਿਸ਼ ਵੀ ਦੇਖਿਆ ਹੋਇਆ ਹੈ। ਇਸ ਵਿਰੋਧਾਭਾਸ ਨੇ ਊਰਜਾ ਦੇ ਅਜਿਹੇ ਵਸੀਲਿਆਂ ਦੀ ਖੋਜ ਵੱਲ ਧਿਆਨ ਖਿਚਿਆ ਜੋ ਕੇਵਲ ਖੁਸ਼ਹਾਲੀ ਹੀ ਪੈਦਾ ਕਰਨ, ਪ੍ਰਦੂਸ਼ਣ ਬਿਲਕੁਲ ਨਹੀਂ। ਸੋਲਰ ਅਤੇ ਵਿੰਡ ਇਨਰਜੀ ਉਪਰ ਹੋਣ ਵਾਲੀ ਖੋਜ ਨੇ ਸੰਭਵ ਕਰ ਦਿੱਤਾ ਹੈ ਕਿ ਸੋਲਰ (ਧੁੱਪ) ਅਤੇ ਵਿੰਡ (ਹਵਾ) ਤੋਂ ਅਜਿਹੀ ਊਰਜਾ ਹੁਣ ਸਹਿਜੇ ਹੀ ਸਸਤੇ ਭਾਅ ਪ੍ਰਾਪਤ ਕੀਤੀ ਜਾ ਸਕਦੀ ਹੈ।

ਅਸੀਂ ਇਹ ਵੀ ਚਾਹੁੰਦੇ ਹਾਂ ਕਿ ਕੁਦਰਤੀ ਸਮਾਜਕ ਅਤੇ ਨੈਤਿਕ ਵਾਤਾਵਰਣ ਨੂੰ ਦੂਸ਼ਿਤ ਕੀਤੇ ਬਿਨਾਂ, ਪੰਜਾਬ ਦੇ ਗਰੀਬ ਤੋਂ ਗਰੀਬ ਪਰਿਵਾਰ ਵੀ ਕੁਦਰਤ ਦੀ ਇਸ ਨਿਆਮਤ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ ਹੋਏ ਮੱਧ ਵਰਗੀ ਸਹੂਲਤਾਂ ਪ੍ਰਾਪਤ ਕਰਨ। ਇਸ ਚੁਣੌਤੀ ਦੇ ਸਮਾਧਾਨ ਨੂੰ ਦੋ ਹਿਸਿਆਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। ਨੰਬਰ ਇਕ, ਫੌਸਿਲ ਫਿਊਲ (ਕੋਲੇ, ਤੇਲ ਅਤੇ ਗੈਸ) ਦੀ ਥਾਂ ਧੁਪ (ਸੋਲਰ) ਅਤੇ ਹਵਾ (ਵਿੰਡ) ਨੂੰ ਊਰਜਾ ਉਤਪਾਦਨ ਦਾ ਆਧਾਰ ਬਣਾਉਣਾ। ਅਜਿਹਾ ਕਰਨ ਲਈ ਸੋਲਰ ਅਤੇ ਵਿੰਡ ਇਨਰਜੀ ਉਪਰ ਵੱਧ

ਤੋਂ ਵੱਧ ਖੋਜ ਦੀ ਜ਼ਰੂਰਤ ਰਹੇਗੀ ਤਾਂ ਜੋ ਇਸ ਵਿਧਾ ਰਾਹੀਂ ਪੈਦਾ ਹੋਣ ਵਾਲੀ ਊਰਜਾ ਨੂੰ ਵੱਧ ਤੋਂ ਵੱਧ ਕਫਾਇਤੀ ਬਣਾਇਆ ਜਾ ਸਕੇ।

ਕਿਉਂਕਿ ਸੋਲਰ ਅਤੇ ਵਿੰਡ ਇਨਰਜੀ ਚੌਵੀ ਘੰਟੇ ਤਾਂ ਉਪਲਬਧ ਹੁੰਦੀ ਨਹੀਂ, ਇਸ ਲਈ ਇਸਨੂੰ ਸਟੋਰ ਕਰਨ ਵਾਲੀ ਬੈਟਰੀ ਤਕਨਾਲੋਜੀ ਉਪਰ ਵੀ ਵੀ ਨਿਰੰਤਰ ਖੋਜ ਦੀ ਜ਼ਰੂਰਤ ਹੈ। ਵਿਸ਼ਵ ਭਰ ਦੀਆਂ ਖੋਜ ਅਤੇ ਸਿਖਿਆ ਸੰਸਥਾਵਾਂ ਇਸ ਕੰਮ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ, ਤਾਂ ਜੋ ਉਨ੍ਹਾਂ ਦੇ ਲੋਕ ਇਸਦਾ ਲਾਭ ਉਠਾ ਸਕਣ। ਪੰਜਾਬ ਨੂੰ ਵੀ ਇਸ ਤਬਦੀਲੀ ਲਈ ਮਾਨਵੀ ਵਸੀਲਿਆਂ ਦੀ ਤਿਆਰੀ ਵਾਸਤੇ ਖੋਜ ਅਤੇ ਸਿੱਖਿਆ ਦੀ ਇਸ ਦਿਸ਼ਾ ਵਿਚ ਤੁਰਨ ਦੀ ਸਖਤ ਲੋੜ ਹੈ।

ਨੰਬਰ ਦੋ, ਜ਼ਰੂਰੀ ਹੈ ਕਿ ਹਰ ਪਰਿਵਾਰ ਇਸ ਤਬਦੀਲੀ ਦਾ ਬਰਾਬਰ ਲਾਭ ਉਠਾਵੇ। ਊਰਜਾ ਦੇ ਇਸ ਨਵੇਂ ਸ਼ਾਸਨ ਰਾਹੀ, ਇਕ ਅਜਿਹੀ ਸਮਾਜ ਆਰਥਕ ਰਾਜਨੀਤਕ ਵਿਵਸਥਾ ਦਾ ਨਿਰਮਾਣ ਕਰੀਏ ਕਿ ਜਿਸ ਨਾਲ ਪੰਜਾਬ ਨੂੰ ਬਰਾਬਰੀ ਵਾਲੇ ਸਮਿਲਤ ਅਤੇ ਟਿਕਾਊ ਵਿਕਾਸ ਦੀਆਂ ਲੀਹਾਂ ਉਪਰ ਤੋਰਿਆ ਜਾ ਸਕੇ।

ਵਰਤਮਾਨ ਊਰਜਾ ਸ਼ਾਸਨ ਵਿਚ ਬਿਜਲੀ ਦਾ ਵਹਾ ਵੱਡੇ ਵੱਡੇ ਬਿਜਲੀ ਘਰਾਂ ਤੋਂ ਖ਼ਪਤਕਾਰਾਂ ਵੱਲ ਇਕੋ ਦਿਸ਼ਾ ਵਿਚ ਚਲਦਾ ਹੈ। ਇਹ ਬਿਜਲੀ ਘਰ, ਜੋ ਕਿਸੇ ਵੇਲੇ ਸਰਕਾਰੀ ਨਿਯੰਤ੍ਰਣ ਵਿਚ ਹੁੰਦੇ ਸਨ, ਹੁਣ ਨਵ-ਉਦਾਰਵਾਦੀ ਵਿਵਸਥਾ ਅਧੀਨ, ਵੱਧ ਤੋਂ ਵੱਧ ਮੁਨਾਫੇ ਲਈ ਕਾਰਪੋਰੇਟ ਘਰਾਣਿਆਂ ਦੇ ਕੇਂਦ੍ਰੀਕ੍ਰਿਤ ਕੰਟਰੋਲ ਹੇਠ ਚੱਲ ਰਹੇ ਹਨ। ਪਰ ਧੁੱਪ ਅਤੇ ਹਵਾ ਉਪਰ ਅਧਾਰਿਤ ਨਵੀਂ ਆ ਰਹੀ ਨਵਿਆਉਣਯੋਗ ਊਰਜਾ ਪ੍ਰਣਾਲੀ ਵਿਚ ਬਿਜਲੀ ਦਾ ਵਹਾ, ਉਪਰ ਤੋਂ ਥੱਲੇ ਵੱਲ, ਇਕੋ ਦਿਸ਼ਾ ਵਿਚ ਨਹੀਂ ਹੁੰਦਾ। ਆਮ ਘਰਾਂ, ਫੈਕਟਰੀਆਂ, ਆਦਿ ਦੀਆਂ ਛੱਤਾਂ ਉਪਰ ਲੱਗ ਰਹੇ ਛੋਟੇ ਛੋਟੇ ਸੋਲਰ ਪੈਨਲ ਵਿਸ਼ਾਲ ਕਿਸਮ ਦੇ ਬਿਜਲੀ-ਘਰਾਂ ਦੀ ਥਾਂ ਲੈ ਰਹੇ ਹਨ। ਖਪਤਕਾਰ ਹੀ ਉਤਪਾਦਕ ਬਣ ਰਹੇ ਹਨ। ਇਹ ਉਤਪਾਦਕ-ਖਪਤਕਾਰ ਇਕ ਸਾਂਝੇ ਸਹਿਯੋਗੀ ਸਮਾਰਟ ਗਰਿਡ ਵਿਚ ਬੱਝ ਕੇ ਖਰੀਦ-ਵੇਚ ਵੀ ਕਰ ਸਕਦੇ ਹਨ। ਹਾਈਰਾਰਕੀ, ਨੈੱਟਵਰਕ ਵਿਚ ਤਬਦੀਲ ਹੋ ਰਹੀ ਹੈ। ਊਰਜਾ ਦਾ ਇੰਟਰਨੈਟ ਵਿਕਸਤ ਹੋ ਰਿਹਾ ਹੈ। ਵਿਕੀਪੀਡੀਆ ਵੀ ਆਖ ਸਕਦੇ ਹੋ।

ਇੰਟਰਨੈੱਟ ਅਤੇ ਵਿਕੀਪੀਡੀਆ ਵਾਂਗ ਹੀ ਊਰਜਾ ਦੇ ਜਟਿਲ ਨੈੱਟਵਰਕ ਨੂੰ ਵੀ ਹੁਣ ਪ੍ਰੰਪਰਾਗਤ ਢੰਗ ਤਰੀਕਿਆਂ ਅਤੇ ਸੰਚਾਰ ਵਿਧੀਆਂ ਨਾਲ ਮੈਨੇਜ ਨਹੀਂ ਕੀਤਾ ਜਾ ਸਕਦਾ। ਨਵੇਂ ਵਿਕਸਤ ਹੋ ਰਹੇ ਸੂਚਨਾ ਨੈੱਟਵਰਕ ਦੇ ਸਹਿਯੋਗ ਦੀ ਆਵੱਸ਼ਕਤਾ ਅਨਿਵਾਰੀ ਹੋ ਜਾਂਦੀ ਹੈ। ਊਰਜਾ ਨੈੱਟਵਰਕ ਅਤੇ ਸੂਚਨਾ ਨੈੱਟਵਰਕ ਦਾ ਇਹ ਮਿਲਨ ਇਕ ਅਜਿਹੀ ਕ੍ਰਾਂਤੀਕਾਰੀ ਸੰਭਾਵਨਾ ਨੂੰ ਜਨਮ ਦੇ ਰਿਹਾ ਹੈ, ਜੋ ਖੇਤੀਬਾੜੀ, ਉਦਯੋਗ, ਟਰਾਂਸਪੋਰਟ, ਰੀਅਲ ਐਸਟੇਟ, ਰੀਟੇਲ, ਸਿੱਖਿਆ, ਸਿਹਤ ਸੰਭਾਲ ਆਦਿ ਹਰ ਖੇਤਰ ਵਿਚ ਪ੍ਰਗਟ ਹੋਣ ਵਾਲਾ ਹੈ।

ਨਵੀਂ ਸੰਚਾਰ ਤਕਨਾਲੋਜੀ ਦੇ ਨਵੇਂ ਊਰਜਾ ਪ੍ਰਬੰਧ ਨਾਲ ਮਿਲਨ ਵਿਚੋਂ ਪੈਦਾ ਹੋਣ ਵਾਲੀ ਇਹ ਕੋਈ ਪਹਿਲੀ ਕ੍ਰਾਂਤੀ ਨਹੀਂ। ਦਰਅਸਲ, ਇਤਿਹਾਸਕ ਤਬਦੀਲੀ ਕੇਵਲ ਉਦੋਂ ਹੀ ਵਾਪਰਦੀ ਹੈ ਜਦੋਂ ਨਵੀਂ ਸੰਚਾਰ ਤਕਨਾਲੋਜੀ ਦਾ ਨਵੀਂ ਕਿਸਮ ਦੇ ਊਰਜਾ ਪ੍ਰਬੰਧ ਨਾਲ ਮਿਲਨ ਹੁੰਦਾ ਹੈ। ਊਰਜਾ ਦੇ ਨਵੇਂ ਵਸੀਲਿਆਂ ਰਾਹੀਂ ਨਿਰਮਿਤ ਹੋ ਰਹੀ ਪਹਿਲਾਂ ਨਾਲੋਂ ਵਧੇਰੇ ਜਟਿਲ ਵਿਵਸਥਾ ਨੂੰ ਸੰਚਾਰ ਦੇ ਪੁਰਾਣੇ ਮਾਧਿਅਮਾਂ ਨਾਲ ਆਰਗੇਨਾਈਜ਼ ਨਹੀਂ ਕੀਤਾ ਜਾ ਸਕਦਾ। ਅਜਿਹਾ ਕਰਨ ਲਈ ਸੰਚਾਰ ਤਕਨਾਲੋਜੀ ਦੇ ਨਵੇਂ ਰਿਜੀਮ ਦੀ ਲੋੜ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਮਸ਼ੀਨੀਕਰਨ, ਟਿਊਬਵੈਲ ਸਿੰਚਾਈ, ਪੈਟਰੋਕੈਮੀਕਲ ਖਾਦਾਂ ਅਤੇ ਤਾਪ ਬਿਜਲੀਘਰਾਂ ਉਪਰ ਅਧਾਰਿਤ ਹਰਾ ਇਨਕਲਾਬ ਫੌਸਿਲ ਫਿਊਲ ਤਕਨਾਲੋਜੀ ਕਾਰਨ ਹੀ ਸੰਭਵ ਹੋ ਪਾਇਆ। ਕੋਲੇ ਨਾਲ ਬਿਜਲੀਘਰ ਚੱਲੇ ਅਤੇ ਬਿਜਲੀ ਘਰਾਂ ਨਾਲ ਟਿਊਬਵੈਲ। ਇਸੇ ਤਰ੍ਹਾਂ ਡੀਜ਼ਲ ਨਾਲ ਚੱਲਣ ਵਾਲੇ ਟਰੈਕਟਰ/ ਕੰਬਾਈਨਾ ਅਤੇ ਪੈਟਰੋਕੈਮੀਕਲ ਖਾਦਾਂ ਵੀ ਹਰੇ ਇਨਕਲਾਬ ਦਾ ਆਧਾਰ ਬਣੇ। ਹੁਣ ਜਦੋਂ ਫੌਸਿਲ ਫਿਊਲ ਤਕਨਾਲੋਜੀ ਦੇ ਆਪਣੀਆਂ ਤਮਾਮ ਈਕਾਲੋਜੀਕਲ ਹੱਦਾਂ ਨੂੰ ਪਾਰ ਕਰ ਜਾਣ ਕਾਰਨ, ਖੇਤੀਬਾੜੀ ਗਹਿਰੇ ਸੰਕਟ ਵਿਚ ਫਸ ਗਈ ਹੈ ਤਾਂ ਖੇਤੀਬਾੜੀ, ਪਿੰਡ ਅਤੇ ਪੰਜਾਬ ਦੇ ਬਚਾਅ ਲਈ ਊਰਜਾ ਨੈੱਟਵਰਕ ਅਤੇ ਸੂਚਨਾ ਨੈੱਟਵਰਕ ਦੇ ਸਹਿਯੋਗ ਵਿਚ ਹੀ ਦੂਜੇ ਹਰੇ ਇਨਲਾਬ ਦੇ ਰੂਪ ਵਿਚ ਆਸ ਦੀ ਕਿਰਨ ਦਿਖਾਈ ਦੇ ਰਹੀ ਹੈ।

ਦੂਜੇ ਹਰੇ ਇਨਕਲਾਬ ਦੇ ਰੂਪ ਵਿਚ ਨਵੀਂ ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਵਿਵਸਥਾ ਕੋਈ ਅਚੱਲ ਸੰਰਚਨਾ ਨਹੀਂ, ਇਕ ਜੀਵਿਤ ਪ੍ਰਾਣੀ ਦੀ ਤਰ੍ਹਾਂ ਹੈ। ਸੂਚਨਾ, ਗਿਆਨ ਅਤੇ ਸੰਚਾਰ ਦਾ ਨੈੱਟਵਰਕ ਦਿਮਾਗ ਵਾਂਗ ਉਸਦੀਆਂ ਸਾਰੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਦਾ ਹੈ। ਇਸੇ ਤਰ੍ਹਾਂ ਊਰਜਾ

ਨੈੱਟਵਰਕ ਉਸ ਸਰਕੂਲੇਟਰੀ ਸਿਸਟਮ ਵਾਂਗ ਹੈ ਜੋ ਸ਼ਰੀਰ ਦੇ ਹਰ ਸੈੱਲ ਨੂੰ ਆਕਸੀਜਨ ਭਰਪੂਰ ਖ਼ੂਨ ਦੀ ਸਪਲਾਈ ਕਰਦਾ ਹੈ। ਜੀਣ ਲਈ, ਦੋਨਾਂ ਦੀ ਹੋਂਦ ਪੂਰੀ ਤਰ੍ਹਾਂ ਇਕ ਦੂਸਰੇ ਉਪਰ ਨਿਰਭਰ ਕਰਦੀ ਹੈ। ਇਸੇ ਤਰ੍ਹਾਂ ਦੂਜੇ ਹਰੇ ਇਨਕਲਾਬ ਦੇ ਜੀਵ ਦੀ ਸਰਵਾਈਵਲ ਲਈ ਸੂਚਨਾ ਨੈੱਟਵਰਕ ਦਿਮਾਗ ਵਾਂਗ ਅਤੇ ਊਰਜਾ ਨੈੱਟਵਰਕ ਦਿਲ ਦੀ ਤਰਾਂ ਕੰਮ ਕਰਦਾ ਹੈ।

ਗਿਆਨ ਅਤੇ ਊਰਜਾ ਦੇ ਨੈੱਟਵਰਕਾਂ ਦੀ ਤਰ੍ਹਾਂ ਹੀ, ਮੋਬਿਲਟੀ ਨੈੱਟਵਰਕ, ਪਾਣੀ ਅਤੇ ਸਿੰਚਾਈ ਨੈੱਟਵਰਕ, ਛੋਟੇ ਧੰਦਿਆਂ ਦਾ ਨੈੱਟਵਰਕ ਅਤੇ ਹੋਰ ਵੀ ਕਿੰਨੇ ਹੀ ਅਜੇਹੇ ਨੈੱਟਵਰਕ ਹਨ, ਜੋ ਦੂਜੇ ਹਰੇ ਇਨਕਲਾਬ ਦੇ ਆਧਾਰ ਢਾਂਚੇ (ਇਨਫਰਾਸਟਰਕਚਰ) ਦਾ ਇੰਟਰਨੈੱਟ ਆਫ ਥਿੰਗਜ਼ ਦੇ ਰੂਪ ਵਿਚ ਗਠਨ ਕਰਦੇ ਹਨ।

## 7.2 ਪੰਜਾਬ ਦੀ ਪਛਾਣ ਦਾ ਮਸਲਾ

ਦੂਜੇ ਹਰੇ ਇਨਕਲਾਬ ਦੇ ਏਜੰਡੇ ਦੀ ਰੂਪ ਰੇਖਾ ਤਿਆਰ ਕਰਨ ਤੋਂ ਪਹਿਲਾਂ ਪੰਜਾਬ ਦੀ ਪਛਾਣ ਬਾਰੇ ਸੋਚ ਵਿਚਾਰ ਕਰਨੀ ਆਵੱਸ਼ਕ ਹੋ ਜਾਂਦੀ ਹੈ।

*ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ ।*

ਇਹ ਕਾਵਿ ਸਤਰਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਵਿਚੋਂ ਲਈਆਂ ਗਈਆਂ ਹਨ, ਜੋ ਉਨ੍ਹਾਂ ਦੀ 1922 ਵਿਚ ਛਪੀ ਪੁਸਤਕ **ਖੁਲ੍ਹੇ ਮੈਦਾਨ** ਵਿਚ ਸ਼ਾਮਲ ਹੈ। ਜਿਸ ਪੰਜਾਬ ਬਾਰੇ ਪ੍ਰੋ. ਸਾਹਿਬ ਨੇ ਇਹ ਕਾਵਿ ਸਤਰਾਂ ਲਿਖੀਆਂ. ਉਹ ਪੰਜਾਬ ਅੱਜ ਵਾਲਾ 50,362 ਵਰਗ ਕਿਲੋਮੀਟਰ ਵਿਚ ਸੁੰਗੜਿਆ ਸਿੱਖ ਬਹੁਗਿਣਤੀ ਵਾਲਾ ਪੰਜਾਬ ਨਹੀਂ ਸੀ। ਸੁਲੇਮਾਨ ਪਹਾੜੀਆਂ ਤੋਂ ਲੈਕੇ ਜਮੁਨਾ ਦਰਿਆ ਤੱਕ 12 ਲੱਖ ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ, ਸਿੱਖ ਘੱਟ ਗਿਣਤੀ ਵਾਲਾ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰਕ ਸੂਬਾ ਸੀ।

ਸੰਨ 1947 ਵਿਚ ਜਦੋਂ ਪੰਜਾਬ ਦੀ ਵੰਡ ਹੋਈ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਦੇਖਿਆ ਕਿ ਪੰਜਾਬ ਦੇ ਕਿਸੇ ਵੀ ਹਿੱਸੇ ਵਿਚ ਸਿੱਖਾਂ ਦੀ ਬਹੁ ਗਿਣਤੀ ਨਹੀਂ ਸੀ। ਇਸ ਲਈ ਉਹ ਸੰਪਰਦਾਇਕ ਲੀਹਾਂ ਉਪਰ ਵੰਡੇ ਜਾ ਰਹੇ ਹਿੰਦੋਸਤਾਨ ਵਿਚ ਕਿਸੇ ਵੀ ਅਜਿਹੇ ਖਿੱਤੇ ਦੀ ਨਿਸ਼ਾਨਦੇਹੀ ਨਹੀਂ ਸਨ ਕਰ ਸਕਦੇ, ਜਿਥੇ ਪਾਕਿਸਤਾਨ ਦੀਆਂ ਲੀਹਾਂ ’ਤੇ ਸਿੱਖਾਂ ਲਈ ਵੱਖਰੇ ਮੁਲਕ ਦਾ ਨਿਰਮਾਣ ਕੀਤਾ ਜਾ ਸਕਦਾ। ਸਿੱਖ ਲੀਡਰਸ਼ਿਪ ਪੰਜਾਬ ਦੀ ਵੰਡ ਅਤੇ ਜਨਸੰਖਿਆ ਦੇ ਤਬਾਦਲੇ ਲਈ ਸਹਿਮਤ ਹੋ ਗਈ। ਪੰਜਾਬ ਦੋ ਹਿਸਿਆਂ ਵਿਚ ਵੰਡਿਆ ਗਿਆ। ਅਣਵੰਡੇ ਪੰਜਾਬ ਦੇ 29 ਜਿਲ੍ਹਿਆਂ ਵਿਚੋਂ 16 ਜਿਲ੍ਹੇ ਪਾਕਿਸਤਾਨ ਵਿਚ ਜਾ ਕੇ ਮੁਸਲਿਮ ਪੰਜਾਬ ਵਿਚ ਰੂਪਾਂਤ੍ਰਿਤ ਹੋ ਗਏ। ਬਾਕੀ ਦੇ 13 ਜਿਲ੍ਹੇ ਭਾਰਤ ਵਿਚ ਰਹਿ ਗਏ। ਪੁਰਾਣੇ ਪੰਜਾਬ ਦੇ ਇਸ 33 ਪ੍ਰਤੀਸ਼ਤ ਹਿੱਸੇ ਅੰਦਰ ਵੀ ਸਿਖ ਬਹੁਗਿਣਤੀ ਵਿਚ ਨਹੀਂ ਸਨ। ਅਕਾਲੀ ਦਲ ਦੀ ਸਰਕਾਰ ਬਣਨ ਵਿਚ ਦਿੱਕਤਾਂ ਸਨ।

ਪਹਿਲੀ ਨਵੰਬਰ 1966 ਨੂੰ ਬੋਲੀ ਦੇ ਆਧਾਰ ’ਤੇ ਪੰਜਾਬ ਦੇ ਪਹਾੜੀ ਇਲਾਕਿਆਂ ਨੂੰ ਹਿਮਾਚਲ ਵਿਚ ਸ਼ਾਮਲ ਕਰਕੇ ਅਤੇ ਦੱਖਣੀ ਜਿਲ੍ਹਿਆਂ ਦਾ ਇਕ ਵੱਖਰਾ ਰਾਜ ਹਰਿਆਣਾ ਸਥਾਪਤ ਕਰਕੇ, ਅਕਾਲੀ ਦਲ ਦੀ ਮੰਗ ’ਤੇ ਪੰਜਾਬ ਨੂੰ ਸਿੱਖ ਬਹੁਗਿਣਤੀ ਵਾਲਾ ਪੰਜਾਬੀ ਬੋਲਦਾ ਇਕ ਭਾਸ਼ੀ ਸੂਬਾ ਬਣਾ ਦਿਤਾ ਗਿਆ। ਕੀ ਸ਼੍ਰੋਮਣੀ ਅਕਾਲੀ ਦਲ ਦੀਆਂ ਰਾਜਸੀ ਆਕਾਂਖਿਆਵਾ ਵਿਚੋਂ ਪੈਦਾ ਹੋਏ ਇਸ ਨਿੱਕੇ ਜਿਹੇ ਸਿੱਖ ਬਹੁਗਿਣਤੀ ਵਾਲੇ ਖਿੱਤੇ ਨੂੰ, ਗੁਰਾਂ ਦੇ ਨਾਮ ’ਤੇ ਜੀਣ ਵਾਲਾ ਪੰਜਾਬ ਆਖਿਆ ਜਾ ਸਕਦਾ ਹੈ? ਜੇ ਨਹੀਂ ਤਾਂ ਕਿਉਂ ਨਹੀਂ, ਇਹ ਕੇਵਲ ਸੁਆਲ ਹੀ ਨਹੀਂ, ਚੁਣੋਤੀ ਵੀ ਹੈ। ਨਿਰਸੰਦੇਹ ਇਹ ਸ਼੍ਰੋਮਣੀ ਅਕਾਲੀ ਦਲ ਦੁਆਰਾ ਆਪਣੀਆਂ ਸਰਕਾਰਾਂ ਦੌਰਾਨ, ਗੁਰਮਤਿ ਸਿਧਾਂਤਾਂ ਰਾਹੀਂ ਉਸਾਰਿਆ ਜਾ ਰਿਹਾ ਪੰਜਾਬ ਨਹੀਂ ਹੈ। ਪੱਛਮੀ ਉਦਾਰ ਜਮਹੂਰੀਅਤ ਦੇ ਆਧੁਨਿਕਤਾਵਾਦੀ ਸਿਧਾਂਤਾਂ ਰਾਹੀਂ ਨਿਰਮਿਤ ਹੋ ਰਿਹਾ ਪੰਜਾਬ ਹੈ। ਪਿਆਰ ਦੀ ਉਹ ਜੋਤ ਜੋ ਗੁਰਾਂ ਨੇ ਕੇਵਲ ਸਾਡੇ ਦਿਲਾਂ ਵਿਚ ਹੀ ਨਹੀਂ, ਸਗੋਂ ਪੰਜਾਬ ਦੇ ਪਹਾੜਾਂ, ਦਰਿਆਵਾਂ, ਬਨਸਪਤੀ, ਪਸ਼ੂ ਪੰਛੀਆਂ, ਜੰਗਲ ਬੇਲਿਆਂ, ਬਾਗ ਬਗੀਚਿਆਂ, ਖੇਤਾਂ, ਸੁੰਦਰ ਮੁਟਿਆਰਾਂ, ਗੱਭਰੂ ਛੈਲ ਛਬੀਲਿਆਂ, ਕਿਸਾਨਾਂ ਮਜ਼ਦੂਰਾਂ ਆਦਿ ਸਭ ਵਿਚ ਜਗਾਈ ਜਾਂ ਜਗਾਣੀ ਚਾਹੀ ਸੀ, ਉਸ ਜੋਤ ਦਾ ਕੀ ਬਣਿਆ:

*ਮਾਣੀ ਮਾਣੀ ਤੂੰ ਆਪਣਾ ਸਿਦਕ ਤੇ ਸਿਖੀ,*
*ਮਾਣੀ ਤੂੰ ਆਪਣਾ ਪਿਆਰ ਉਚਾ ਉਹ ਗੁਰਾਂ ਵਾਲਾ ਸਦਕੇ।*
*ਗੰਢ ਪਾਈਂ ਇਹ ਤੂੰ ਪੀਡੀ,*

*ਰੱਖੀਂ ਟੇਕ ਤੂੰ ਸਾਰੀ ਆਪਣੀ ਸੱਚੀ ਸਰਕਾਰ ਤੇ।*
*ਜਗਾਈਂ ਜਗਾਈਂ ਉਹ ਲਾਟ, ਵੇ ਲਾਲਾ।*
*ਬੁਝਣ ਦੇਈਂ ਨਾਂਹ ਜੋਤ ਜਿਹੜੀ ਗੁਰਾਂ ਆਣ ਸਥਾਪੀ ਤੇਰੇ ਵਿਚ,*
*ਦੇਖ ਜਿਹੜੀ ਬਲ ਰਹੀ ਤੇਰੇ ਦਰਿਆਵਾਂ ਦੇ ਦਿਲ ਵਿਚ,*
*ਉਹ ਦੇਖ ਜਿਹੜੀ ਚਮਕ ਰਹੀ ਹਿਮਾਲਾ ਦੀਆਂ ਜੋਤਾਂ ਵਿਚ,*
*ਉਹ ਦੇਖ, ਖੋਲ੍ਹ ਦਿਲ ਦਾ ਬੂਹਾ,*
*ਜਿਹੜੀ ਗੁਰਾਂ ਦੀ ਮਿਹਰ ਨਾਲ ਲਟ ਲਟ, ਬਲ ਰਹੀ ਤੇਰੇ ਆਪਣੇ ਅੰਦਰ।*

ਮੈਂ ਇਹ ਨਹੀਂ ਆਖ ਰਿਹਾ ਕਿ ਪ੍ਰੋ. ਪੂਰਨ ਸਿੰਘ ਦੇ ਸਮਿਆਂ ਵਿਚ ਗੁਰਾਂ ਦੁਆਰਾ ਸਥਾਪੀ ਇਹ ਲਾਟ ਲਟ- ਲਟ ਬਲ ਰਹੀ ਸੀ। ਇਹ ਬਸਤੀਵਾਦ ਦਾ ਸਮਾਂ ਸੀ; ਬਲ ਵੀ ਕਿੰਝ ਸਕਦੀ ਸੀ! ਇਸੇ ਲਈ ਤਾਂ ਪ੍ਰੋ. ਪੂਰਨ ਸਿੰਘ ਉਸ ਪੁਰਾਣੇ ਪੰਜਾਬ ਨੂੰ ਕੂਕਾਂ ਮਾਰ ਰਿਹਾ ਹੈ:

*ਆ ਪੰਜਾਬ ਪਿਆਰ ਤੂੰ ਮੁੜ ਆ।*
*ਆ ਸਿਖ ਪੰਜਾਬ ਤੂੰ ਘਰ ਆ।*

ਉਸ ਪੰਜਾਬ ਦੇ ਨਿਰਮਾਣ ਲਈ ਹੋਕਾ ਦੇ ਰਿਹਾ ਹੈ ਜਿਥੇ ਗੁਰਾਂ ਦੁਆਰਾ ਸਥਾਪਤ ਕੀਤੀ ਆਜ਼ਾਦੀ, ਬਰਾਬਰੀ ਅਤੇ ਪਿਆਰ ਵਾਲੀ ਇਹ ਲਾਟ ਲਟ-ਲਟ ਬਲ ਸਕੇ। ਬਸਤੀਵਾਦੀ ਸਮਾਂ ਗੁਜ਼ਰ ਗਿਆ। ਅਸੀਂ ਗੁਲਾਮੀ ਦੀ ਇਕ ਕੈਦ ਵਿਚੋਂ ਨਿਕਲ ਕੇ ਦੂਜੀ ਵਿਚ ਫਸ ਗਏ ਹਾਂ। ਪਹਿਲਾਂ ਅਸੀਂ ਕਿਸੇ ਦੇ ਗੁਲਾਮ ਹੁੰਦੇ ਸੀ। ਹੁਣ ਅਸੀਂ ਆਪਣੀਆਂ ਹੀ ਆਕਾਂਖਿਆਵਾਂ ਦੇ ਗੁਲਾਮ ਹੋ ਗਏ ਹਾਂ। ਮਾਲਕ ਅਤੇ ਗੁਲਾਮ ਦੋਨੋ ਸਾਡੇ ਸਭਨਾ ਅੰਦਰ ਬਰਾਬਰ ਮੌਜੂਦ ਹਨ।

ਮੈਂ ਜੋ ਕਹਿਣਾ ਚਾਹ ਰਿਹਾ ਹਾਂ, ਉਹ ਇਹ ਹੈ ਕਿ ਸਾਡਾ ਵਰਤਮਾਨ ਪੰਜਾਬ ਬਾਰੇ ਸੁਪਨਾ ਉਹ ਨਹੀਂ, ਜੋ ਸੁਪਨਾ ਪ੍ਰੋ. ਪੂਰਨ ਸਿੰਘ ਨੇ ਲਿਆ ਸੀ। ਅਸੀ ਉਸ ਤਰ੍ਹਾਂ ਦੇ ਪੰਜਾਬ ਦੀ ਕਲਪਨਾ ਨਹੀਂ ਕਰਦੇ ਜਿਹੋ ਜਿਹੇ ਪੰਜਾਬ ਦੀ ਕਲਪਨਾ ਪ੍ਰੋ. ਪੂਰਨ ਸਿੰਘ ਨੇ ਕੀਤੀ ਸੀ। ਅਸੀਂ ਪੰਜਾਬ ਨੂੰ ਪ੍ਰੋ. ਪੂਰਨ ਸਿੰਘ ਵਾਂਗ ਨਹੀਂ, ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਾਂਗ ਇਮੈਜਿਨ ਕਰ ਰਹੇ ਹਾਂ। ਅਸੀਂ ਪ੍ਰੋ. ਪੂਰਨ ਸਿੰਘ ਦੇ ਸੁਪਨਿਆਂ ਦਾ ਨਹੀਂ, ਸਿੰਘ ਸਭਾ ਅਤੇ ਅਕਾਲੀ ਦਲ ਦੇ ਸੁਪਨਿਆਂ ਦਾ ਪੰਜਾਬ ਸਿਰਜਣਾ ਲੋਚਦੇ ਹਾਂ। ਪ੍ਰੋ. ਪੂਰਨ ਸਿੰਘ ਆਪਣੇ ਸੁਪਨਿਆਂ ਦੀ ਗੱਲ ਕਰਦੇ ਹੋਏ ਆਖਦੇ ਹਨ:

*ਖਾੜ ਖਾੜ ਚੱਲਣ ਵਿਚ ਮੇਰੇ ਸੁਫਨਿਆਂ,*
*ਪੰਜਾਬ ਦੇ ਦਰਿਆ।*
*ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,*
*ਪਿਆਰਾ ਜਪੁ ਸਾਹਿਬ ਗਾਉਂਦੇ, ਠੰਡੇ ਤੇ ਠਾਰਦੇ, ਪਿਆਰਦੇ।*

ਪ੍ਰੋ. ਪੂਰਨ ਸਿੰਘ ਦੇ ਦਰਿਆ ਵੀ ਕੇਵਲ ਪਿਆਰਾ ਜਪੁ ਸਾਹਿਬ ਹੀ ਗਾਉਂਦੇ ਹਨ; ਪਿਆਰੀ ਗੀਤਾ ਜਾਂ ਪਿਆਰੀ ਕੁਰਾਨ ਨਹੀਂ। ਪੰਜਾਬ ਵਿਚ ਕੇਵਲ ਸਿੱਖ ਹੀ ਨਹੀਂ, ਹਿੰਦੂ, ਮੁਸਲਮਾਨ, ਇਸਾਈ, ਬੋਧੀ, ਜੈਨੀ, ਆਦਿ ਵੱਖ-ਵੱਖ ਅਕੀਦਿਆਂ ਵਾਲੇ ਸਭ ਤਰ੍ਹਾਂ ਦੇ ਲੋਕ ਵਸਦੇ ਹਨ। ਫਿਰ ਕੇਵਲ ਸਿੱਖ ਪੰਜਾਬ ਦਾ ਹੋਕਾ ਹੀ ਕਿਉਂ ? ਇਸ ਤਰ੍ਹਾਂ ਤਾਂ ਪ੍ਰੋ. ਪੂਰਨ ਸਿੰਘ ਦੇ ਪੰਜਾਬ ਅਤੇ ਸਿੰਘ ਸਭਾ/ ਅਕਾਲੀ ਦਲ ਦੇ ਪੰਜਾਬ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਨਿਰਸੰਦੇਹ ਦੋਨੋ ਧਿਰਾਂ ਸਿੱਖ-ਪੰਜਾਬ ਦਾ ਹੀ ਨਿਰਮਾਣ ਕਰਨਾ ਚਾਹੁੰਦੀਆਂ ਹਨ: ਸਿਖ-ਚੌਧਰ ਵਾਲੇ ਪੰਜਾਬ ਦਾ ਪਰ ਦੋਨਾਂ ਦੀ ਸਿੱਖ-ਚੌਧਰ ਦੀ ਪਰਿਭਾਸ਼ਾ ਵੱਖੋ ਵੱਖਰੀ ਹੈ। ਪ੍ਰੋ. ਪੂਰਨ ਸਿੰਘ ਦੇ ਪ੍ਰੇਰਨਾ ਸ੍ਰੋਤ ਸਿੱਖ ਸਿਧਾਂਤ ਹਨ ਜਦੋਂ ਕਿ ਅਕਾਲੀ ਦਲ ਦੀ ਰਾਜਨੀਤੀ ਦਾ ਆਧਾਰ ਪੱਛਮ ਦੇ ਆਧੁਨਿਕਤਾਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਸਿੰਘ ਸਭਾ ਲਹਿਰ।

ਪ੍ਰੋ. ਪੂਰਨ ਸਿੰਘ ਪੰਜਾਬ ਦੇ ਵੰਨ-ਸੁਵੰਨੇ ਭਾਈਚਾਰਿਆਂ ਨੂੰ ਸਿੱਖ ਸਪਿਰਟ ਵਿਚ ਬੰਨ੍ਹਣਾ ਚਾਹੁੰਦੇ ਸਨ। ਇਸਦੇ ਉਲਟ, ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਪੰਜਾਬ ਵਿਚ ਸਿੱਖ ਲੀਡਰਸ਼ਿਪ ਦੀ ਚੌਧਰ/ ਹਕੂਮਤ ਸਥਾਪਤ ਕਰਨਾ ਸੀ। ਸਿੱਖ ਲੀਡਰਸ਼ਿਪ ਦੀ ਚੌਧਰ ਦਾ ਅਰਥ ਸਿੱਖ ਭਾਈਚਾਰੇ ਦੀ ਚੌਧਰ ਵੀ ਨਹੀਂ ਸੀ।

ਸਿੱਖ ਲੀਡਰਸ਼ਿਪ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ ਤਾਂ ਸਿੱਖ ਸਿਧਾਂਤਾਂ/ ਸਿੱਖ ਸਪਿਰਟ ਦੀ ਥਾਂ 'ਤੇ ਸਿੱਖ ਰਹਿਤ-ਮਰਯਾਦਾ ਨੂੰ ਸਿਖ ਪਹਿਚਾਣ ਦਾ ਆਧਾਰ ਬਣਾਇਆ ਗਿਆ। ਫਿਰ ਇਸ ਪਹਿਚਾਣ ਦੇ ਆਧਾਰ

’ਤੇ ਸਿੱਖਾਂ ਦੀ ਅੰਦਰੂਨੀ (ਆਰਥਿਕ-ਰਾਜਨੀਤਕ ਅਤੇ ਸਭਿਆਚਾਰਕ) ਵੰਨ-ਸਵੰਨਤਾ ਰੌਂਦ ਕੇ ਉਨ੍ਹਾਂ ਨੂੰ ਇਕ ਹੋਮੋਜੀਨੀਅਸ ਭਾਈਚਾਰੇ ਵਿਚ ਰੂਪਾਂਤ੍ਰਿਤ ਕਰ ਦਿਤਾ ਜਾਂਦਾ ਹੈ। ਆਪਣੇ ਆਪ ਨੂੰ ਸਹਿਜਧਾਰੀ ਸਿੱਖ ਮੰਨਣ ਵਾਲੇ ਪੰਜਾਬ ਦੇ ਉਹ ਲੋਕ ਜੋ ਇਸ ਨਵੀਂ ਸਿੰਘ ਸਭਾਈ ਪਰਿਭਾਸ਼ਾ ਵਿਚ ਫਿਟ ਨਹੀਂ ਸਨ ਬੈਠਦੇ, ਅਚਾਨਕ ਹੀ ਗੈਰ-ਸਿੱਖ ਹੋ ਕੇ 'ਹੋਰ' ਹੋ ਗਏ। ਕਿਉਂਕਿ ਪੰਜਾਬ ਵਿਚ ਇਸ ਨਵੀਂ ਪਹਿਚਾਣ ਵਾਲੇ ਸਿੱਖਾਂ ਦੀ ਬਹੁਗਿਣਤੀ ਸੀ, ਇਸ ਲਈ ਸਿੱਖ ਸਿਧਾਂਤਾਂ/ ਸਿੱਖ ਸਪਿਰਟ ਤੋਂ ਸੱਖਣੀ ਇਲੀਟ ਲੀਡਰਸ਼ਿਪ ਨੇ ਗਿਣਤੀ ਦੇ ਆਧਾਰ ’ਤੇ ਪੰਜਾਬ ਨੂੰ ਸਿੱਖ ਭਾਈਚਾਰੇ ਦੇ ਹੋਮਲੈਂਡ ਵਜੋਂ ਕਲਪਿਤ ਕਰਨਾ ਸ਼ੁਰੂ ਕਰ ਦਿਤਾ। ਅਕਾਲੀ ਦਲ ਦਾ ਸਮੁੱਚਾ ਇਤਿਹਾਸ ਅਜਿਹੇ ਖਿੱਤੇ/ ਹੋਮਲੈਂਡ ਦੇ ਨਿਰਮਾਣ ਦਾ ਹੀ ਇਤਿਹਾਸ ਹੈ। ਸਿੱਖ ਸਪਿਰਟ ਨੂੰ ਦਰ ਕਿਨਾਰ ਕਰਕੇ ਉਹ ਸਿੱਖ ਬਹੁਗਿਣਤੀ ਵਾਲੇ ਪੰਜਾਬੀ ਖਿੱਤੇ ਦਾ ਨਿਰਮਾਣ ਵੀ ਕਰ ਵੀ ਲੈਂਦੇ ਹਨ ਪਰ ਉਹ ਖਿੱਤਾ ਸਿੱਖ ਲੀਡਰਸ਼ਿਪ ਦੀਆਂ ਝੋਲੀਆਂ ਭਰਦਾ ਭਰਦਾ, ਆਪ ਹਰ ਪੱਖੋਂ ਗਰੀਬ ਹੁੰਦਾ ਚਲਾ ਗਿਆ।

ਪ੍ਰੋ. ਪੂਰਨ ਸਿੰਘ ਦਾ ਪ੍ਰਾਜੈਕਟ ਇਸ ਤੋਂ ਬਿਲਕੁਲ ਵੱਖਰਾ ਹੈ। ਉਹ ਵੱਖਰੀ ਤਰ੍ਹਾਂ ਦੇ ਹੈਜਮੌਨਿਕ ਪ੍ਰਵਚਨਾਂ ਦਾ ਨਿਰਮਾਣ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੇ ਪ੍ਰਵਚਨਾਂ ਦੀ ਗੱਲ ਕਰਨ ਤੋਂ ਪਹਿਲਾਂ, ਹੈਜਮਨੀ ਕੀ ਹੈ, ਇਸ ਬਾਰੇ ਸਪੱਸ਼ਟ ਹੋਣਾ ਜ਼ਰੂਰੀ ਹੋ ਜਾਂਦਾ ਹੈ।

ਪ੍ਰੋ. ਪੂਰਨ ਸਿੰਘ (1881-1931) ਦੇ ਸਮਕਾਲੀ ਅਨਤੋਨੀਓ ਗਰਾਮਸ਼ੀ (1891-1937) ਦੇ ਹੈਜਮਨੀ ਦੇ ਸਿਧਾਂਤ[4] ਅਨੁਸਾਰ ਕੋਈ ਧਿਰ ਕੇਵਲ ਇਸੇ ਲਈ ਹੀ ਸੱਤਾ ਵਿਚ ਨਹੀਂ ਟਿਕੀ ਹੁੰਦੀ ਕਿ ਉਸਨੇ ਸੰਬੰਧਤ ਮੁਲਕ/ ਸੂਬੇ ਦੇ ਆਰਥਿਕ ਢਾਂਚੇ ਅਤੇ ਰਾਜ ਪ੍ਰਬੰਧ ਉਪਰ ਕਬਜ਼ਾ ਕੀਤਾ ਹੋਇਆ ਹੁੰਦਾ ਹੈ। ਉਸਨੇ ਲੋਕਾਂ ਦੇ ਮਨਾ ਨੂੰ ਵੀ ਕਾਬੂ ਕੀਤਾ ਹੁੰਦਾ ਹੈ। ਮਨਾਂ ਦੇ ਇਸ ਕੰਟਰੋਲ ਕਰਕੇ ਹੀ ਲੋਕ ਉਸ ਧਿਰ ਦੀਆਂ ਕਦਰਾਂ ਕੀਮਤਾਂ ਨੂੰ ਆਪਣੇ ਸਮਾਜ ਦੀ ਸਾਂਝੀ ਸੋਚ, ਆਸ਼ਿਆਂ ਅਤੇ ਮੁੱਲਾਂ ਦੇ ਰੂਪ ਵਿਚ ਅਪਣਾਉਂਦੇ ਹਨ। ਲੋਕਾਂ ਦੇ ਮਨਾਂ ਉਪਰ ਰਾਜ ਕਰਨ ਵਾਲੀ ਇਸ ਸਭਿਆਚਾਰਕ ਸ਼ਕਤੀ ਨੂੰ ਹੀ ਹੈਜਮਨੀ ਦਾ ਨਾਮ ਦਿਤਾ ਗਿਆ ਹੈ।

ਪ੍ਰੋ. ਪੂਰਨ ਸਿੰਘ ਜਾਣਦੇ ਸਨ ਕਿ ਪੰਜਾਬ ਦੇ ਨਿਰਮਿਤ ਹੋ ਰਹੇ ਆਧੁਨਿਕਤਾਵਾਦੀ ਸਮਾਜ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਓਨੀ ਦੇਰ ਤੱਕ ਚੌਧਰ ਸਥਾਪਤ ਨਹੀਂ ਹੋ ਸਕਦੀ, ਜਿੰਨੀ ਦੇਰ ਤੱਕ ਉਹ ਬਹੁ-ਧਰਮੀ, ਬਹੁ-ਜਾਤੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰਕ ਪੰਜਾਬੀ ਭਾਈਚਾਰੇ ਦੇ ਮਨਾਂ ਨੂੰ ਸਿੱਖ ਸਿਧਾਂਤਾਂ ਅਤੇ ਸਿੱਖ ਸਪਿਰਟ ਦੇ ਆਸ਼ਿਆਂ ਨਾਲ ਜਿੱਤ ਨਹੀਂ ਲੈਂਦੇ। ਪ੍ਰੋ. ਸਾਹਿਬ ਜਾਣਦੇ ਸਨ ਕਿ ਉਹ ਪੰਜਾਬੀ ਸਮਾਜ ਦੇ ਵੱਖਰੇਵਿਆਂ ਨੂੰ ਤਾਂ ਦੂਰ ਨਹੀਂ ਕਰ ਸਕਦੇ। ਕਰਨੇ ਵੀ ਨਹੀਂ ਚਾਹੀਦੇ। ਗੁਰੂ ਨਾਨਕ ਸਾਹਿਬ ਨੇ ਤਾਂ ਹਿੰਦੂਆਂ ਨੂੰ ਚੰਗੇ ਹਿੰਦੂ ਅਤੇ ਮੁਸਲਮਾਨਾਂ ਨੂੰ ਨੇਕ ਮੁਸਲਮਾਨ ਬਣਨ ਦਾ ਹੀ ਸੁਨੇਹਾ ਦਿੱਤਾ ਸੀ। ਕੇਵਲ ਏਨਾ ਹੀ ਨਹੀਂ, ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਨੇ ਦੂਸਰੇ ਦੇ ਦੂਸਰੇਪਣ ਦੀ ਸੁਰੱਖਿਆ ਅਤੇ ਆਜ਼ਾਦੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ ਸੀ, ਉਨ੍ਹਾਂ ਦੇ ਸਿੱਖ ਇਨ੍ਹਾਂ ਵਖਰੇਵਿਆਂ ਨੂੰ ਮਿਟਾਉਣ ਬਾਰੇ ਭਲਾ ਸੋਚ ਵੀ ਕਿਵੇਂ ਸਕਦੇ ਸਨ ! ਇਸ ਲਈ ਪ੍ਰੋ. ਸਾਹਿਬ ਪੰਜਾਬ ਅੰਦਰ ਹਰਮਨ ਪਿਆਰੇ ਕਿਰਦਾਰ ਵਾਲੀ, ਇਕ ਸਰਬ ਸਾਂਝੀ 'ਸਮੂਹਿਕ ਇੱਛਾ' ਦਾ ਨਿਰਮਾਣ ਕਰਨ ਲਈ, ਸਿੱਖ ਸਿਧਾਂਤਾਂ ਦੇ ਆਧਾਰ ’ਤੇ, ਸਿੱਖ ਕੌਣ ਹੈ? ਦੀ ਪਰਿਭਾਸ਼ਾ ਨੂੰ ਹੀ ਵਿਸਤਾਰ ਦਿੰਦੇ ਹਨ।

ਗਰਾਮਸ਼ੀ ਸੋਚਦੇ ਸਨ ਕਿ ਕਿਸੇ ਵੀ ਸਮਾਜ ਅੰਦਰ ਆਪਣੀ ਚੌਧਰ ਦੀ ਸਥਾਪਨਾ ਲਈ ਉਸ ਸਮਾਜ ਦੀਆਂ ਸੱਭੇ ਧਿਰਾਂ ਸੰਘਰਸ਼ ਕਰਦੀਆਂ ਹਨ ਪਰ ਸਫਲ ਉਹੋ ਧਿਰ ਹੁੰਦੀ ਹੈ ਜੋ ਹਰਮਨ ਪਿਆਰੇ ਕਿਰਦਾਰ ਵਾਲੀ ਸਮੂਹਿਕ ਇੱਛਾ ਦਾ ਨਿਰਮਾਣ ਕਰ ਲਵੇ। ਪ੍ਰੋ. ਪੂਰਨ ਸਿੰਘ ਸਿੱਖ ਸਿਧਾਂਤਾਂ ਉਪਰ ਟਿਕੀ ਸਿੱਖ ਸਪਿਰਟ ਦੇ ਰੂਪ ਵਿਚ ਇਕ ਅਜਿਹੀ ਆਰਗੈਨਿਕ ਵਿਚਾਰਧਾਰਾ ਦਾ ਹੀ ਨਿਰਮਾਣ ਕਰ ਰਹੇ ਸਨ ਜੋ ਸਮੂਹ ਪੰਜਾਬੀਆਂ ਨੂੰ ਸੰਗਠਿਤ ਕਰਕੇ ਇਕ ਨਵੇਂ ਯੁੱਗ ਦਾ ਨਿਰਮਾਣ ਕਰ ਸਕੇ।

ਆਪਣੇ ਇਸ ਹੈਜਮੌਨਿਕ ਪ੍ਰਾਜੈਕਟ ਦੀ ਰੂਪ ਰੇਖਾ ਤਿਆਰ ਕਰਦੇ ਸਮੇਂ ਜਿਹੜੇ ਚਾਰ ਪ੍ਰਾਜੈਕਟਾਂ ਦੀ ਪ੍ਰੋ. ਸਾਹਿਬ ਡੂੰਘੀ ਘੋਖ ਪੜਤਾਲ ਕਰਦੇ ਹਨ, ਉਹ ਇਸ ਪ੍ਰਕਾਰ ਹਨ: ਨੰਬਰ ਇਕ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਪਿਛੇ ਕੰਮ ਕਰ ਰਿਹਾ ਹੈਜਮੌਨਿਕ ਪ੍ਰਾਜੈਕਟ; ਨੰਬਰ ਦੋ, ਅੰਗਰੇਜ਼ੀ ਰਾਜ ਦਾ ਬਸਤੀਵਾਦੀ ਪ੍ਰਾਜੈਕਟ; ਨੰਬਰ ਤਿੰਨ ਅੰਮ੍ਰਿਸਰ ਸਿੰਘ ਸਭਾ ਦੁਆਰਾ ਸਨਾਤਨੀ ਪ੍ਰੰਪਰਾ ਦੀ ਸਾਂਭ ਸੰਭਾਲ ਦਾ ਪਰਾਜੈਕਟ ਅਤੇ ਨੰਬਰ ਚਾਰ, ਪੰਜਾਬ ਦੇ ਪਿੰਡਾਂ ਦੀ ਲੋਕਧਾਰਾਈ ਪ੍ਰੰਪਰਾ। ਉਹ ਦਰਅਸਲ ਆਜ਼ਾਦੀ ਅਤੇ ਬਰਾਬਰੀ ਵਰਗੇ ਸਿੱਖ ਸਿਧਾਂਤਾਂ ਅਤੇ ਸਿੱਖ ਸਪਿਰਟ ਵਾਲੇ ਇਕ ਬਹੁ-ਧਰਮੀ, ਬਹੁ-ਸੰਸਕ੍ਰਿਤਕ, ਬਹੁ-ਭਾਸ਼ਾਈ, ਅਤੇ ਬਹੁ-ਸੰਪਰਦਾਇਕ ਪੰਜਾਬ ਦਾ ਸੁਪਨਾ ਦੇਖ ਰਹੇ ਸਨ:

ਕਿਸੇ ਰੂਮੀ ਟੋਪੀ ਲਾਲ ਬੁੰਬਲ ਕਾਲੇ ਵਾਲੀ ਪਾਈ ਹੈ, ਇਹ ਕੋਈ ਈਰਾਨ ਦਾ, ਟਰਕੀ ਦਾ ਫੌਜ ਵਾਲਾ। ਕਿਸੇ ਮਲਮਲ ਦਾ ਸਾਰਾ ਥਾਨ, ਵਾਂਗ ਚਿਟੀਆਂ ਲਹਿਰਾਂ ਸਿਰ ਤੇ ਲਪੇਟਿਆ, ਇਹ ਕੋਈ ਪੁਰਾਣੇ ਵੇਲੇ ਦਾ ਸ਼ਰੀਫ ਮੁਸਲਮਾਨ ਜ਼ਿਮੀਂਦਾਰ ਹੈ। ਕਿਸੇ ਦਾ ਬਨਾਰਸੀ ਦੁਪੱਟਾ ਮਾਰੇ ਗੋਟੇ ਦੀ ਝਲਕ, ਨਵਾਂ ਮਹਾਰਾਜ ਚਲਿਆ ਮੱਥਾ ਟੇਕਨ ਸਤਿਗੁਰ ਰਾਮਦਾਸ ਨੂੰ, ਧੰਨ ਗੁਰੂ ਰਾਮਦਾਸ ਨੂੰ! ਕਿਧਰੇ ਸੁਹਣੀ ਸਿਖ ਪਗੜੀ ਸਿੱਧੀ ਬੱਧੀ ਦਿਸ ਆਉਂਦੀ। ਨਵੀਆਂ ਨਵੀਆਂ ਕੁਤਰੀਆਂ ਤੇ ਮੁੰਨੀਆਂਦਾਹੜੀਆਂ ਦਿਸਦੀਆਂ। ਹਿੰਦੂਆਂ ਤੇ ਮੁਸਲਮਾਨਾਂ ਦੇ ਸ਼ਰੀਫ ਚਿਹਰੇ, ਬੁਢੇ ਤੇ ਜਵਾਨ ਤੇ ਅੱਧਖੜ ਜਿਹੇ। ਬਜ਼ਾਰ ਵਿਚ ਗਦਵਦ ਆਪੇ ਵਿਚ ਛੋਂਹਦੇ, ਖੜਕਦੇ, ਲੱਗਦੇ ਸੁਹਣੇ ਨੱਕ, ਕਾਬਲੀ ਤੇ ਚੀਨੀ, ਤੇ ਹੁਨੀ ਤੇ ਈਰਾਨੀ ਯੂਨਾਨੀ ਸਾਰੇ ਮਿਲੇ ਜੁਲੇ, ਸਭ ਗਦਗਦ ਹੁੰਦੇ ਇਸ ਚਲਦੇ ਸਮਾਜ ਵਿਚ। ਮੁਸਲਮਾਨ, ਸਿਖ, ਹਿੰਦੂ, ਕੋਈ ਹੋਵੇ, ਪੰਜਾਬ-ਗਲੀ ਦੀ ਸੱਚੀ ਸਜ ਸਾਰੀ, ਇਹ ਰਲੀ ਮਿਲੀ, ਮਿਲੀ ਜੁਲੀ

ਇਸ ਵਖਰੇਵਿਆਂ ਭਰਪੂਰ ਪੰਜਾਬ ਵਿਚ ਸਿੱਖ ਚੌਧਰ ਦੀ ਸਥਾਪਨਾ ਵਾਸਤੇ ਉਹ ਪੰਜਾਬ ਨੂੰ ਅਕਾਲੀ ਦਲ ਵਾਂਗ ਛੋਟਾ ਕਰਨੇ ਦੀ ਥਾਂ ਸਿੱਖੀ ਨੂੰ ਮੋਕਲਾ ਕਰਕੇ ਸਭ ਨੂੰ ਆਪਣੀ ਬੁੱਕਲ ਵਿਚ ਲੈਣ ਦੇ ਹਾਮੀ ਸਨ। ਉਹਨਾ ਨੂੰ ਰਾਂਝਾ ਗੁਰੂ ਦਾ ਸਿੱਖ ਅਤੇ ਅਮਰੀਕੀ ਕਵੀ ਵਾਲਟ ਵਿਟਮੈਨ ਅਮਰੀਕਾ ਵਿਚ ਜੰਮਿਆ ਸਿੱਖ ਦਿਖਾਈ ਦਿੰਦੇ ਸਨ:

*ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ,*
*ਸਤਿਗੁਰਾਂ ਦੇ ਸਿਖ ਨੂੰ ਪਾ ਹੱਥ ਰੋਇਆ।*
*ਆ-ਵੀਰਾ ਰਾਂਝਿਆ।*
*ਆ-ਭੈਣੇ ਹੀਰੇ।*
*ਸਾਨੂੰ ਛੱਡ ਨਾ ਜਾਵੋ,*
*ਬਿਨ ਤੁਸਾਂ ਅਸੀਂ ਸੱਖਣੇ।*
*ਤੇਰੀ ਬਾਂਸਰੀ ਦੀ ਸੱਦ,*
*ਅੱਗ ਪਈ ਲਾਉਂਦੀ ਹਵਾਵਾਂ ਨੂੰ, ਛਾਵਾ ਨੂੰ,*
*ਦਰੱਖਤ ਵੀ ਉਠ ਸਾਰੇ ਨੱਚਦੇ,*
*ਤੇਰੀ ਬਾਂਸਰੀ, ਇਕ ਮਨ ਸਾਰਾ, ਹੀਰ ਹੀਰ ਬੋਲਦੀ।*
*ਆ ਹੀਰੇ! ਦੇਖ ਤੇਰੇ ਪੱਤਣ ਆਣ ਅੱਜ ਉਤਰਿਆ,*
*ਇਕ ਪਾਤਸ਼ਾਹ ਦਿਲ ਦਾ;*
*ਜੋਗੀਆਂ ਵਾਲੇ ਰੇਖ ਉਸਦੇ,*
*ਕੁਝ ਅਗੰਮ ਦੇ ਲੇਖ ਉਸਦੇ, ਇਕ ਸੁਹਣਾ ਰੱਬ ਜਿਹਾ ਆਦਮੀ।*

ਹੀਰ ਨੂੰ ਉਹ **"ਤੂੰ ਧੀ ਪਾਤਸ਼ਾਹਾਂ ਦੀ"** ਆਖਦੇ ਹਨ ਅਤੇ ਸੋਹਣੀ ਦਾ ਬੁੱਤ ਉਹਨਾ ਨੂੰ ਕੌਮੀ ਨਿਸ਼ਾਨ ਪ੍ਰਤੀਤ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸੇ ਹੈਜਮੌਨਿਕ ਪ੍ਰਾਜੈਕਟ ਰਾਹੀਂ ਸਿੱਖ ਰਾਜ ਦੀ ਸਥਾਪਨਾ ਅਤੇ ਵਿਸਤਾਰ ਕੀਤਾ ਸੀ। ਸਿੱਖ ਰਾਜ ਨੇ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖਾਂ ਨੂੰ ਸਮਾਨੰਤਰ ਮਹੱਤਵ ਦਿੱਤਾ। ਉਦਾਸੀਆਂ ਅਤੇ ਨਿਰਮਲਿਆਂ ਨੂੰ ਆਪਣੇ ਵਿਸਤਾਰ ਲਈ ਦਿਲ ਖੋਲ੍ਹ ਕੇ ਗਰਾਂਟਾਂ ਦਿੱਤੀਆਂ ਗਈਆਂ। ਸਭਨਾ ਧਰਮਾਂ ਨੂੰ ਸਮਾਨੰਤਰ ਰੁਤਬਾ ਪ੍ਰਾਪਤ ਸੀ। ਸਿੰਘ ਸਭਾ ਦੇ ਸ਼ੁਰੂਆਤੀ ਦੌਰ ਵਿਚ ਅੰਮ੍ਰਿਤਸਰ ਸਿੰਘ ਸਭਾ ਦੀ ਵੀ ਇਹੋ ਪਾਲਿਸੀ ਸੀ। ਮੋਨੋਲਿਥਕ ਪੰਥ ਦੀ ਧਾਰਨਾ ਨੂੰ ਬਹੁਤਾ ਮਹੱਤਵ ਪ੍ਰਾਪਤ ਨਹੀਂ ਸੀ।

ਇਹ ਤਾਂ 1873 ਵਿਚ ਕਰਿਸ਼ਚੀਅਨ ਮਿਸ਼ਨਰੀ ਸਕੂਲ ਦੇ ਇਕ ਸਿੱਖ ਵਿਦਿਆਰਥੀ ਦੇ ਇਸਾਈ ਧਰਮ ਗ੍ਰਹਿਣ ਕਰਨ ਦੀ ਖਬਰ ਨੇ ਜਦੋਂ ਸਿੱਖ ਭਾਈਚਾਰੇ ਵਿਚ ਹਲਚਲ ਪੈਦਾ ਕੀਤੀ, ਤਾਂ ਧਰਮ ਪਰਿਵਰਤਨ ਵਿਰੁੱਧ ਦਰਬਾਰ ਸਾਹਿਬ ਨਾਲ ਲਗਦੇ ਮਜੀਠੀਆਂ ਦੇ ਬੁੰਗੇ ਵਿਚ ਸਿੱਖ ਪਤਵੰਤਿਆਂ ਦੀ ਹੋਣ ਵਾਲੀ ਬੈਠਕ ਵਿਚ ਗਿਆਨੀ, ਗ੍ਰੰਥੀ, ਨਿਰਮਲੇ, ਉਦਾਸੀ ਆਦਿ ਹਰ ਤਰ੍ਹਾਂ ਦੇ ਸਿੱਖ ਸ਼ਾਮਲ ਹੋਏ ਜਿਨ੍ਹਾਂ ਨੇ ਰਲ ਕੇ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ।

ਮੁਸਲਮਾਨ ਪੀਰ ਦੀ ਦਰਗਾਹ ਉਪਰ ਸਿਜਦਾ ਕਰਨ ਵਾਲੇ ਪੰਜਾਬੀ ਬੰਦੇ, ਜੋ ਦਰਬਾਰ ਸਾਹਿਬ ਅਤੇ

ਮਾਤਾ ਦੇ ਦਰਸ਼ਨਾਂ ਨੂੰ ਵੀ ਓਨੀ ਹੀ ਸ਼ਰਧਾ ਨਾਲ ਜਾਂਦੇ ਸਨ, ਵਿਚਕਾਰ ਇਨ੍ਹਾਂ ਸਿੰਘ ਸਭਾ ਅਤੇ ਆਰੀਆ ਸਮਾਜ ਵਰਗੀਆਂ ਆਧੁਨਿਕਤਾਵਾਦੀ ਲਹਿਰਾਂ ਦੇ ਪ੍ਰਭਾਵ ਅਧੀਨ ਪੰਜਾਬੀ ਬੰਦੇ ਹਿੰਦੂ, ਸਿੱਖ ਅਤੇ ਮੁਸਲਿਮ ਕੌਮਾਂ ਵਿਚ ਸੰਗਠਿਤ ਹੋਣ ਲੱਗੇ। ਕੌਮੀ ਵੰਡੀਆਂ ਦੇ ਜ਼ੋਰ ਫੜਨ ਨਾਲ ਪੰਜਾਬ ਅਤੇ ਉਸਦੇ ਵਸੀਲਿਆਂ ਨੂੰ ਹਥਿਆਉਣ ਲਈ ਸੰਘਰਸ਼ ਸ਼ੁਰੂ ਹੋ ਗਿਆ। ਆਪੋ ਆਪਣੇ ਭਾਈਚਾਰਿਆਂ ਦੇ ਵਿਕਾਸ ਲਈ ਕੌਮੀ ਨਿਰਮਾਣ ਅਤੇ ਸੁਧਾਰ ਲਹਿਰਾਂ ਜ਼ੋਰ ਫੜਨ ਲੱਗ ਪਈਆਂ। ਵੱਖੋ ਵੱਖਰੀਆਂ ਕੌਮਾਂ ਅੰਦਰ ਆਪੋ ਆਪਣੇ ਕੌਮੀ ਰਾਜਾਂ ਦੀ ਤਾਂਘ ਜਾਗ ਪਈ। ਸਿੰਘ ਸਭਾ ਲਹਿਰ ਦੁਆਰਾ ਜਗਾਈ ਇਸੇ ਬਸਤੀਵਾਦੀ ਭਾਵਨਾ ਵਿਚੋਂ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬੀ ਸੂਬਾ ਜਨਮ ਲੈਂਦੇ ਹਨ।

ਪੰਜਾਬ ਵਿਚ ਆਪਣੀ ਚੌਧਰ ਸਥਾਪਤ ਕਰਨ ਲਈ ਸਿੱਖ ਭਾਈਚਾਰੇ ਕੋਲ ਦੋ ਵਿਕਲਪ ਮੌਜੂਦ ਸਨ। ਇਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ ਸਿੱਖ ਸਿਧਾਂਤਾਂ ਦੇ ਆਧਾਰ 'ਤੇ ਸਿੱਖ ਸਪਿਰਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ ਜਿਸਨੂੰ ਉਹ ਪੰਜਾਬ ਪਿਆਰ ਅਤੇ ਸਿੱਖ ਪੰਜਾਬ ਦਾ ਨਾਮ ਦਿੰਦੇ ਹਨ। ਦੂਸਰਾ ਸੀ ਇਕ ਅਜਿਹੇ ਸਿੱਖ ਬਹੁਗਿਣਤੀ ਵਾਲੇ ਖਿੱਤੇ ਦੀ ਸਥਾਪਨਾ ਜਿਥੇ ਸਿੱਖ ਲੀਡਰਸ਼ਿਪ ਆਪਣੀ ਹਕੂਮਤ ਸਥਾਪਤ ਕਰ ਸਕੇ। ਅਕਾਲੀ ਦਲ ਨੇ ਸਿੱਖ ਸਪਿਰਟ ਦੀ ਥਾਂ ਸਿੱਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਣਾ ਕੇ ਕੇਵਲ ਆਪਣੇ ਆਪ ਨੂੰ ਹੀ ਨਹੀਂ, ਸਗੋਂ ਪੰਜਾਬ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਇਸਦੀ ਮੌਜੂਦਾ ਸੰਕਟਮਈ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।

ਪ੍ਰੋ. ਪੂਰਨ ਸਿੰਘ ਆਪਣੇ ਪੰਜਾਬ ਪ੍ਰਾਜੈਕਟ ਲਈ ਸਿੱਖ ਸਪਿਰਟ ਦੇ ਜਿਹੜੇ ਦੋ ਮੁੱਲਾਂ ਨੂੰ ਆਧਾਰ ਬਣਾਉਂਦੇ ਹਨ, ਉਹ ਹਨ ਆਜ਼ਾਦੀ ਅਤੇ ਬਰਾਬਰੀ। ਪ੍ਰੋ. ਪੂਰਨ ਸਿੰਘ ਪੰਜਾਬੀ ਬੰਦੇ ਨੂੰ "ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ ਆਜ਼ਾਦ ਕੀਤੇ ਬੰਦੇ" ਦੇ ਰੂਪ ਵਿਚ ਦੇਖਦੇ ਹਨ। ਉਹ ਇਸ ਆਜ਼ਾਦੀ ਨੂੰ ਪੂਰੀ ਸ਼ਿਦਤ ਨਾਲ ਸੈਲੀਬਰੇਟ ਵੀ ਕਰਦੇ ਹਨ:

*ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ*
*ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,*
*ਆਜ਼ਾਦ ਕੀਤੇ ਇਹ ਬੰਦੇ।*
*ਪੰਜਾਬ ਨਾ ਹਿੰਦੂ ਨਾ ਮੁਸਲਮਾਨ,*
*ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ।*
*ਜਵਾਨ ਖੁਲ੍ਹੇ ਖੋਲ੍ਹੇ ਪਿਆਰਿਆਂ,*
*ਆਜ਼ਾਦੀ ਦੇ ਪਿਆਰ ਵਿਚ,*
*ਦੁਨੀਆਂ ਥੀਂ ਵਿਹਲੇ*
*ਦੀਨ ਥੀਂ ਵਿਹਲੇ*
*ਰਲੇ ਨਾ ਰਲੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ।*
*ਮੰਨੇ ਨਾ ਮਨੀਂਦੇ ਕਦੀ, ਕੁਦ ਕੁਦ, ਉਛਲਦੇ, ਡੁਲ੍ਹਦੇ,*
*ਮਰਜ਼ੀ ਦੇ ਮਾਲਕ ਇਹ,*
*ਦਿਲ ਦੇ ਚਾਅ ਉੱਤੇ ਉੱਲਰਦੇ*
*ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ।*

ਪ੍ਰੋ. ਪੂਰਨ ਸਿੰਘ ਦੀ ਇਹ ਵਿਅਕਤੀਗਤ ਆਜ਼ਾਦੀ ਦੂਸਰੇ ਦੇ ਦੂਸਰੇਪਣ ਦੀ ਕੀਮਤ ਉਪਰ ਹਾਸਲ ਕੀਤੀ ਆਜ਼ਾਦੀ ਨਹੀਂ। ਚੌਧਰ ਰਾਹੀਂ ਹਾਸਲ ਕੀਤੀ ਹੋਈ ਆਜ਼ਾਦੀ ਵੀ ਨਹੀਂ। ਇਹ ਤਾਂ ਪਿਆਰ, ਮੁਹੱਬਤ, ਇਸ਼ਕ ਅਤੇ ਭਾਈਚਾਰਕਤਾ ਵਿਚ ਬੱਝੀ ਹੋਈ ਉਹ ਆਜ਼ਾਦੀ ਹੈ, ਜੋ ਕੇਵਲ ਆਪਣੀ ਆਜ਼ਾਦੀ ਲਈ ਹੀ ਨਹੀਂ, ਦੂਸਰੇ ਦੀ ਆਜ਼ਾਦੀ ਲਈ ਵੀ ਜਾਨ ਦੇ ਸਕਦੀ ਹੈ।

ਜੇਕਰ ਪੂਰਨ ਸਿੰਘ ਦਾ ਪੰਜਾਬੀ ਬੰਦਾ ਬੰਧਨਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ, ਤਾ ਇਸ ਪਿਛੇ ਪਿਆਰ ਦੀ ਉਹ ਭਾਵਨਾ ਕੰਮ ਕਰਦੀ ਹੈ, ਜੋ ਉਸਨੂੰ ਉਦਾਰਵਾਦ ਦੇ ਰਸਤੇ ਨਹੀਂ, ਦੂਸਰਿਆਂ ਦਾ ਪਿਆਰ ਪਾਉਣ ਲਈ ਉਨ੍ਹਾਂ ਦੀ ਗੁਲਾਮੀ ਕਰਨ ਵਾਲੀ ਸਹਿਯੋਗੀ ਭਾਵਨਾ ਦੇ ਮਾਰਗ ਉਪਰ ਵੀ ਬਰਾਬਰ ਤੋਰਦੀ ਹੈ।

ਪ੍ਰੋ. ਪੂਰਨ ਸਿੰਘ ਦਾ ਇਹ ਪ੍ਰਾਜੈਕਟ ਕਿਸੇ ਹੱਦ ਤੱਕ ਉਦਾਰ ਜਮਹੂਰੀਅਤ ਦਾ ਪ੍ਰਾਜੈਕਟ ਤਾਂ ਜ਼ਰੂਰ ਸੀ।

ਪਰ ਪੱਛਮੀ ਲੀਹਾਂ ਉਪਰ ਉਸਰੇ ਆਧੁਨਿਕਤਾਵਾਦੀ ਪ੍ਰਾਜੈਕਟ ਤੋਂ ਬਿਲਕੁਲ ਵੱਖਰਾ ਇਲਾਹੀ ਸੁਰਾਂ ਵਿਚ ਬੱਝਾ ਸਿੱਖ ਪ੍ਰਾਜੈਕਟ ਸੀ ਜਿਸ ’ਤੇ ਨਿੱਠ ਕੇ ਕੰਮ ਕਰਨ ਦੀ ਲੋੜ ਹੈ:

*ਇਥੇ ਬਾਬੇ ਦੇ ਸ਼ਬਦ ਨੇ*
*ਪੱਥਰਾਂ ਨੂੰ ਪਿਘਲਾਇਆ*
*ਮਰਦਾਨੇ ਦੀ ਰਬਾਬ ਵੱਜੀ*
*ਪਰਬਤਾਂ ਸਲਾਮ ਕੀਤਾ*
*ਬੂਟਾ ਬੂਟਾ ਵਜਦ ਵਿਚ ਨੱਚਿਆ*
*ਪੰਜਾਬ ਦੀ ਮਿੱਟੀ ਦਾ ਜੱਰਾ ਜੱਰਾ ਕੰਬਿਆ ਪਿਆਰ ਵਿਚ*
*ਉਸੇ ਇਲਾਹੀ ਸੁਰ ਵਿਚ ਦਰਿਆ ਪਏ ਵਗਦੇ*
*ਇਹ ਨਵੇਂ ਸੱਜਰੇ ਬਰਫਾਨੀ ਦਰਿਆਵਾਂ ਦਾ ਦੇਸ ਹੈ*
*ਦਰਿਆ ਹੋ ਰਹਿਣਾ, ਦਰਿਆ ਹੋ ਜੀਣਾ, ਇਥੇ ਇਹ ਸਤਿਗੁਰਾਂ ਦਾ ਆਦੇਸ਼ ਹੈ।*

ਇਸ ਵਿਚਾਰ ਚਰਚਾ ਰਾਹੀਂ ਮੈਂ ਇਹ ਕਹਿਣ ਦੀ ਕੋਸ਼ਿਸ ਕੀਤੀ ਸੀ ਕਿ ਉਤਰ-ਬਸਤੀਵਾਦੀ ਪੰਜਾਬ ਦੇ ਨਿਰਮਾਣ ਲਈ, ਉਸ ਸਮੇਂ ਸਿੱਖ ਭਾਈਚਾਰੇ ਕੋਲ ਦੋ ਹੀ ਵਿਕਲਪ ਮੌਜੂਦ ਸਨ। ਇਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ ਸਿੱਖ ਸਿਧਾਂਤਾਂ ਦੇ ਆਧਾਰ ’ਤੇ ਸਿੱਖ ਸਪਿਰਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ, ਜਿਸਨੂੰ ਉਹ ਪੰਜਾਬ-ਪਿਆਰ ਅਤੇ ਸਿੱਖ-ਪੰਜਾਬ ਦਾ ਨਾਮ ਦਿੰਦੇ ਹਨ। ਦੂਸਰਾ ਸੀ, ਇਕ ਅਜਿਹੇ ਸਿੱਖ ਬਹੁਗਿਣਤੀ ਵਾਲੇ ਖਿੱਤੇ ਦੀ ਸਥਾਪਨਾ ਜਿਥੇ ਸਿਖ ਲੀਡਰਸ਼ਿਪ ਆਪਣੀ ਹਕੂਮਤ ਸਥਾਪਤ ਕਰ ਸਕੇ। ਅਕਾਲੀ ਦਲ ਨੇ ਸਿੱਖ ਸਪਿਰਟ ਦੀ ਥਾਂ, ਪੰਜਾਬ ਨੂੰ ਵੱਢ ਟੁੱਕ ਕੇ ਸਿੱਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਣਾਇਆ। ਪੰਜਾਬ ਅਤੇ ਪੰਜਾਬੀ ਭਾਈਚਾਰੇ ਦੀ ਮੌਜੂਦਾ ਸੰਕਟਮਈ ਸਥਿਤੀ ਬਿਆਨ ਕਰਦੀ ਹੈ ਕਿ ਸਾਡੀ ਇਹ ਚੋਣ ਠੀਕ ਨਹੀਂ ਸੀ।

ਸਿੱਖ ਸਪਿਰਟ ਵਾਲਾ ਬਹੁ-ਧਰਮੀ ਅਤੇ ਬਹੁ-ਸਭਿਆਚਾਰਕ ਪੰਜਾਬ ਹੀ ਕਿਉਂ; ਆਧੁਨਿਕਤਾਵਾਦੀ ਸੋਚ ਵਾਲਾ ਧਰਮ-ਨਿਰਪੱਖ ਪੰਜਾਬ ਕਿਉਂ ਨਹੀ? ਜਿਥੇ ਸਿੱਖ ਸਪਿਰਟ ਦੂਸਰੇ ਦੇ ਦੂਸਰੇਪਣ ਲਈ ਵਿਗਸਣ ਦੀਆਂ ਸੰਭਾਵਨਾਵਾਂ ਜਗਾ ਕੇ, ਬਹੁਭਾਂਤੀ ਸਮਾਜ ਨੂੰ ਸੰਵਾਦੀ-ਵਿਕਾਸ ਦੇ ਰਾਹੇ ਪਾਉਂਦੀ ਹੈ; ਉਥੇ ਧਰਮ ਨਿਰਪੱਖ ਸੋਚ ਇਨ੍ਹਾਂ ਵੱਖਰੇਵਿਆਂ ਨੂੰ ਨਜ਼ਰ-ਅੰਦਾਜ਼ ਕਰਕੇ, ਸਮਾਜ ਵਿਚ ਮੌਜੂਦ ਵਿਭਿੰਨ ਧਿਰਾਂ ਨੂੰ ਕੰਪੀਟੀਸ਼ਨ ਅਤੇ ਵਿਵਾਦੀ-ਹਿੰਸਾ ਦੇ ਰਾਹੇ ਪਾ ਦਿੰਦੀ ਹੈ। ਜ਼ੀਜ਼ੇਕ ਸੱਚ ਆਖਦੇ ਹਨ ਕਿ ਫਿਰਕੂ ਚੇਤਨਾ ਨੂੰ ਧਰਮ-ਨਿਰਪੱਖਤਾ ਅਤੇ ਕੌਮੀ ਨਿਰਮਾਣ ਦੀਆਂ ਧਾਰਨਾਵਾਂ ਤੋਂ ਅਲਹਿਦਾ ਕਰਕੇ ਦੇਖਿਆ ਹੀ ਨਹੀਂ ਜਾ ਸਕਦਾ।

ਜੋ ਗਲਤੀ ਹੋਈ, ਉਹ ਤੇ ਹੋ ਗਈ ਪਰ ਹੁਣ ਕੀ ਕੀਤਾ ਜਾਵੇ? ਕੀ ਪ੍ਰੋ. ਪੂਰਨ ਸਿੰਘ ਦੀਆਂ ਲੀਹਾਂ ’ਤੇ ਪੰਜਾਬ ਦਾ ਪੁਨਰ-ਨਿਰਮਾਣ ਸੰਭਵ ਹੈ? ਮੈਂ ਕਹਾਂਗਾ ਕਿ ਬਿਲਕੁਲ ਹੈ। ਪੰਜਾਬ ਕੇਵਲ ਉਹ ਹੀ ਨਹੀਂ, ਜੋ ਅਕਾਲੀ ਲੀਡਰਸ਼ਿਪ ਨੇ ਆਪਣੇ ਸੁਪਨਿਆਂ ਦੀ ਪੂਰਤੀ ਲਈ ਕਾਂਟ-ਛਾਂਟ ਕਰਕੇ ਘੜਿਆ ਸੀ। ਪੰਜਾਬ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਦੁਨੀਆਂ ਨੂੰ ਕੌਮੀ-ਰਾਜਾਂ ਵਿਚ ਵੰਡਣ ਵਾਲੀਆਂ ਚਾਰ ਦੀਵਾਰੀਆਂ ਵਿਚ ਆਪਣੇ ਹਿੱਸੇ ਦੇ ਛੇਦ ਕਰਕੇ ਸੰਚਾਰ, ਸੰਵਾਦ ਅਤੇ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਰਾਹੀਂ ਪੰਜਾਬ ਨੇ ਕੇਵਲ ਆਪਣੇ ਆਪ ਨੂੰ ਹੀ ਪੁਨਰ-ਨਿਰਮਿਤ ਨਹੀਂ ਕਰਨਾ, ਸਗੋਂ ਦੁਨੀਆਂ ਦੇ ਪੁਨਰ ਨਿਰਮਾਣ ਵਿਚ ਵੀ ਬਣਦਾ ਯੋਗਦਾਨ ਪਾਉਣਾ ਹੈ।

ਸਾਂਝੇ ਨੈੱਟਵਰਕ ਵਿਚ ਬੱਝੇ, ਦੁਨੀਆਂ ਭਰ ਦੇ ਬਹੁ-ਭਾਂਤੀ ਅਤੇ ਬਹੁ-ਸਥਾਨੀ ਪੰਜਾਬੀਆਂ ਉਪਰ, ਹੁਣ ਇਕ ਵਾਰ ਫਿਰ ਤੋਂ ਪੰਜਾਬ ਦੇ ਪੁਨਰ-ਨਿਰਮਾਣ ਦੀ ਨਵੀਂ ਜ਼ਿੰਮੇਵਾਰੀ ਆ ਪਈ ਹੈ। ਨਵੀਆਂ ਚੁਣੌਤੀਆਂ/ਸਮੱਸਿਆਵਾਂ ਦੇ ਸਮਾਧਾਨ ਲਈ, ਪੰਜਾਬ ਦੀ ਪੁਨਰ-ਸਿਰਜਣਾ ਵਾਸਤੇ, ਕਿਸ ਕਿਸਮ ਦੀ ਸੋਚ, ਕਿਹੋ ਜਿਹੀ ਲੀਡਰਸ਼ਿਪ ਅਤੇ ਕਿੱਦਾਂ ਦੀਆਂ ਸੰਸਥਾਵਾਂ ਦੀ ਲੋੜ ਰਹੇਗੀ, ਇਸ ਬਾਰੇ ਵੀ ਡੂੰਘੀ ਸੋਚ ਵਿਚਾਰ ਕਰਨ ਦੀ ਲੋੜ ਹੈ। ਇਸ ਵਕਤ ਕਿਉਂਕਿ ਆਪਾਂ ਆਪਣੀ ਵਿਚਾਰ ਚਰਚਾ ਨੂੰ ਕੇਵਲ 50,362 ਵਰਗ ਕਿਲੋਮੀਟਰ ਵਿਚ ਸੁੰਗੜੇ ਭਾਰਤੀ ਪੰਜਾਬ ਦੇ ਪੁਨਰ-ਨਿਰਮਾਣ ਦੇ ਏਜੰਡੇ ਤੱਕ ਸੀਮਤ ਕੀਤਾ ਹੋਇਆ ਹੈ, ਇਸ ਲਈ ਗਲੋਬਲ ਪੰਜਾਬ ਦੇ ਨਿਰਮਾਣ ਬਾਰੇ ਕਦੀ ਫੇਰ ਗੱਲ ਬਾਤ ਦਾ ਵਾਅਦਾ ਕਰਕੇ ਆਪਾਂ ਭਾਰਤੀ ਪੰਜਾਬ ਦੇ ਏਜੰਡੇ ਵੱਲ ਵਾਪਿਸ ਪਰਤਦੇ ਹਾਂ। ਇਹ ਏਜੰਡਾ ਹੈ, ਪੰਜਾਬ 2.0 ਭਾਵ ਦੂਜੇ ਹਰੇ ਇਨਕਲਾਬ ਦੀ ਰੂਪ ਰੇਖਾ ਤਿਆਰ

ਕਰਨਾ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੂਜੇ ਹਰੇ ਇਨਕਲਾਬ ਦੀ ਕਹਾਣੀ ਵੀ ਗਲੋਬਲ ਪੰਜਾਬ ਦੇ ਪਰਿਪੇਖ ਵਿਚੋਂ ਬਾਹਰ ਕੱਢ ਕੇ ਨਹੀਂ ਕੀਤੀ ਜਾ ਸਕਦੀ।

## ੮. ਪੰਜਾਬ ਦੇ ਨਵ-ਨਿਰਮਾਣ ਦੀ ਰੂਪ ਰੇਖਾ

ਹੁਣ ਆਪਾਂ ਪੰਜਾਬ ਵਿਚ ਦੂਜੇ ਹਰੇ ਇਨਕਲਾਬ ਦੀ ਰੂਪ ਰੇਖਾ ਵੱਲ ਰੁਖ ਕਰਦੇ ਹਾਂ। ਪਹਿਲਾਂ ਇਸਦੇ ਵਿਭਿੰਨ ਪੱਖਾਂ ਬਾਰੇ ਚਰਚਾ ਕਰਾਂਗੇ। ਫਿਰ ਇਨ੍ਹਾਂ ਪੱਖਾਂ ਦੇ ਅੰਤਰ-ਸਬੰਧਾਂ ਨੂੰ ਘੋਖਦੇ ਹੋਏ ਦੂਜੇ ਹਰੇ ਇਨਕਲਾਬ ਦੇ ਸਮੁੱਚੇ ਸੰਗਠਿਤ ਆਰਕੀਟੈਕਚਰ ਬਾਰੇ ਇਸ ਦ੍ਰਿਸ਼ਟੀਕੋਣ ਤੋਂ ਗੱਲ ਤੋਰਾਂਗੇ ਕਿ ਇਸ ਰਾਹੀਂ ਪੰਜਾਬ ਦਾ ਕਿਹੋ ਜਿਹਾ ਰੂਪ ਉਘੜ ਕੇ ਸਾਹਮਣੇ ਆਉਣ ਵਾਲਾ ਹੈ। ਇਹ ਵੀ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਦੂਜੇ ਹਰੇ ਇਨਕਲਾਬ ਦਾ ਇਹ ਟੈਕਨੋ-ਪੁਲਿਟੀਕਲ ਪ੍ਰੋਗਰਾਮ, ਪੰਜਾਬ ਦੇ ਸਮਾਜ-ਸਭਿਆਚਾਰ ਅਤੇ ਰਾਜਨੀਤਕ ਨੈਤਿਕਤਾ ਨੂੰ ਕਿੰਝ ਪ੍ਰਭਾਵਿਤ ਕਰੇਗਾ ! ਕਿਹੋ ਜਿਹੇ ਮਾਈਂਡਸੈਟ ਦਾ ਨਿਰਮਾਣ ਕਰੇਗਾ।

### 8.1 ਆਤਮ-ਨਿਰਭਰ ਘਰ-ਪਰਿਵਾਰ

ਜਿਥੋਂ ਤੱਕ ਸਾਫ ਸੁਥਰੇ ਹਵਾ, ਪਾਣੀ, ਊਰਜਾ ਅਤੇ ਸ਼ੁੱਧ ਭੋਜਨ ਦਾ ਸੁਆਲ ਹੈ, ਹਰ ਘਰ-ਪਰਿਵਾਰ ਆਤਮ ਨਿਰਭਰ ਹੋਣਾ ਚਾਹੀਦਾ ਹੈ। ਕਿਸੇ ਨੂੰ ਵੀ ਮੰਡੀ ਜਾਂ ਸਰਕਾਰੀ ਖੈਰਾਤ ਉਪਰ ਨਿਰਭਰ ਨਾ ਕਰਨਾ ਪਵੇ। ਗੱਲ ਤਾਂ ਚੰਗੀ ਲਗਦੀ ਹੈ ਪਰ ਬੇਜ਼ਮੀਨੇ ਪਰਿਵਾਰ, ਜਿਨ੍ਹਾਂ ਕੋਲ ਆਪਣੇ ਜੋਗਾ ਭੋਜਨ ਉਗਾਉਣ ਲਈ ਧਰਤੀ ਹੀ ਨਹੀਂ, ਉਹ ਕੀ ਕਰਨਗੇ ? ਸ਼ਹਿਰੀ ਪਰਿਵਾਰਾਂ ਬਾਰੇ ਵੀ ਸੋਚਣਾ ਹੋਵੇਗਾ।

ਜ਼ਮੀਨ ਜਿਸ ਵਿਚ ਅਸੀਂ ਫਸਲਾਂ ਬੀਜਦੇ ਹਾਂ; ਪਾਣੀ, ਜਿਸ ਨਾਲ ਅਸੀਂ ਇਨ੍ਹਾਂ ਨੂੰ ਪਾਲਦੇ ਹਾਂ ਅਤੇ ਹਵਾ, ਜਿਸ ਵਿਚ ਇਹ ਸਾਹ ਲੈਂਦੀਆਂ ਹਨ; ਸਭ ਜ਼ਹਿਰਾਂ ਨਾਲ ਪਲੀਤ ਹਨ। ਊਰਜਾ, ਜਿਸ ਦੀ ਇਨ੍ਹਾਂ ਸਾਰੇ ਕਾਰਜਾਂ ਲਈ ਹਮੇਸ਼ਾ ਲੋੜ ਰਹਿੰਦੀ ਹੈ, ਉਹ ਵੀ ਵਾਤਾਵਰਣ ਨੂੰ ਦੂਸ਼ਿਤ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੀ ਹੈ। ਇਸ ਸਮੱਸਿਆ ਦਾ ਹੱਲ ਹੈ: **ਰਹਿੰਦ-ਖੂੰਹਦ ਮੁਕਤ ਅਤੇ ਮਿੱਟੀ-ਰਹਿਤ ਖੇਤੀਬਾੜੀ**, **ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ** ਅਤੇ **ਸੂਰਜੀ ਊਰਜਾ**। ਹਰ ਪਰਿਵਾਰ, ਇਹ ਤਿੰਨੋਂ ਕੰਮ ਆਪਣੇ ਘਰ ਵਿਚ ਹੀ ਕਰ ਸਕਦਾ ਹੈ।

ਸਭ ਤੋਂ ਪਹਿਲਾਂ ਗੱਲ ਕਰਾਂਗੇ ਰਹਿੰਦ-ਖੂੰਹਦ ਮੁਕਤ ਅਤੇ ਮਿੱਟੀ-ਰਹਿਤ ਘਰੇਲੂ ਖੇਤੀਬਾੜੀ ਦੀ, ਜਿਸ ਵਾਸਤੇ ਹਾਈਡਰੋਪੌਨਿਕ ਅਤੇ ਐਰੋਪੌਨਿਕ ਦੀਆਂ ਦੋ ਤਕਨੀਕਾਂ ਉਪਲਬਧ ਹਨ। ਦੋਹਾਂ ਤਕਨੀਕਾਂ ਵਿਚ ਨਾ ਤਾਂ ਮਿੱਟੀ ਦੀ ਵਰਤੋਂ ਹੁੰਦੀ ਹੈ ਅਤੇ ਨਾ ਹੀ ਬਹੁਤੇ ਪਾਣੀ ਦੀ ਲੋੜ ਪੈਂਦੀ ਹੈ। ਭਾਵੇਂ ਹਾਈਡਰੋਪੌਨਿਕ ਖੇਤੀ ਵਿਚ ਵੀ ਪਾਣੀ ਦੀ ਬਹੁਤ ਬੱਚਤ ਹੋ ਜਾਂਦੀ ਹੈ ਪਰ ਐਰੋਪੌਨਿਕ ਖੇਤੀ ਵਿਚ ਤਾਂ ਫਸਲ ਨੂੰ ਖੁਰਾਕੀ ਤੱਤਾਂ ਵਾਲੇ ਪਾਣੀ ਦੀ ਸਿੱਲ੍ਹ ਨਾਲ ਹੀ ਪਾਲ ਲਿਆ ਜਾਂਦਾ ਹੈ। ਇਸ ਕਿਸਮ ਦੀ ਖੇਤੀ ਲਈ ਜ਼ਮੀਨ ਦੀ ਨਹੀਂ, ਮਿਸਤਰੀਆਂ ਦੁਆਰਾ ਤਿਆਰ ਕੀਤੇ ਇਕ ਸਸਤੇ ਜਿਹੇ ਬਹੁ-ਮੰਜ਼ਲੀ ਢਾਂਚੇ ਦੀ ਜ਼ਰੂਰਤ ਹੁੰਦੀ ਹੈ, ਜਿਸਨੂੰ ਛੱਤ ਉੱਪਰ ਲੰਮੇ ਦਾਅ ਜਾਂ ਵਿਹੜੇ ਵਿਚ ਖੜ੍ਹੇ ਦਾਅ ਰੱਖ ਕੇ ਸਬਜ਼ੀਆਂ, ਸਲਾਦ, ਕੰਦ-ਮੂਲ ਅਤੇ ਮਾਈਕਰੋ ਗਰੀਨ ਆਦਿ ਉਗਾਏ ਜਾ ਸਕਦੇ ਹਨ। ਇਸ ਤਕਨੀਕ ਨਾਲ ਕੈਸ਼ ਕਰੌਪਸ, ਅਨਾਜ ਅਤੇ ਫਲਦਾਰ ਰੁੱਖਾਂ ਤੋਂ ਬਿਨਾ ਹੋਰ ਸਭ ਕੁਝ ਪੈਦਾ ਹੋ ਸਕਦਾ ਹੈ।

ਹੁਣ ਆਉਂਦੇ ਹਾਂ ਪਾਣੀ ਵੱਲ। ਅਸੀਂ ਕੇਵਲ ਧਰਤੀ ਹੇਠਲੇ ਪਾਣੀ ਦੀ ਹੀ ਦੁਰਵਰਤੋਂ ਨਹੀਂ ਕੀਤੀ, ਦਰਿਆਵਾਂ ਸਮੇਤ ਇਸਨੂੰ ਜ਼ਹਿਰਾਂ ਨਾਲ ਪਲੀਤ ਵੀ ਕਰ ਲਿਆ ਹੈ। ਪੀਣ ਨੂੰ ਛੱਡੋ, ਇਹ ਤਾਂ ਹੁਣ ਫਸਲਾਂ ਦੀ ਸਿੰਜਾਈ ਦੇ ਵੀ ਯੋਗ ਨਹੀਂ ਰਿਹਾ। ਘਰੇਲੂ ਵਰਤੋਂ ਅਤੇ ਘਰੇਲੂ ਖੇਤੀ ਲਈ ਮੀਂਹ ਦੇ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੀਂਹ ਦੇ ਪਾਣੀ ਨੂੰ ਕਿਵੇਂ ਸੰਭਾਲਣਾ ਹੈ, ਇਸ ਕੰਮ ਲਈ ਅਨੇਕਾਂ ਦੇਸੀ ਅਤੇ ਆਧੁਨਿਕ ਢੰਗ ਤਰੀਕੇ ਉਪਲਭਧ ਹਨ। ਪੀਣ ਲਈ ਅਤੇ ਖਾਣਾ ਪਕਾਉਣ ਲਈ ਇਸ ਤੋਂ ਵਧੀਆ ਪਾਣੀ ਨਹੀਂ ਮਿਲੇਗਾ।

ਹਵਾ ਸਾਫ ਤਾਂ ਹੀ ਮਿਲੇਗੀ ਜੇਕਰ ਸੋਲਰ ਇਨਰਜੀ ਦੇ ਰੂਪ ਵਿਚ ਕਲੀਨ ਊਰਜਾ ਦਾ ਇਸਤੇਮਾਲ ਹੋਵੇਗਾ। ਆਪਣੀ ਛੱਤ ਉਪਰ ਸੋਲਰ ਪੈਨਲ ਲਗਾ ਕੇ ਹਰ ਘਰ ਆਪਣੇ ਜੋਗੀ ਊਰਜਾ ਤਾਂ ਸਹਿਜੇ ਹੀ ਪੈਦਾ ਕਰ ਸਕਦਾ ਹੈ। ਜੇਕਰ ਵਾਧੂ ਹੋਵੇ ਤਾਂ ਵੇਚ ਵੀ ਸਕਦਾ ਹੈ। ਦੋਪਾਸੜ ਮੀਟਰ ਲੱਗ ਜਾਂਦੇ ਹਨ ਜਿਹੜੇ ਰਾਤ ਵੇਲੇ ਖਰੀਦੀ ਅਤੇ ਦਿਨ ਵੇਲੇ ਵੇਚੀ ਬਿਜਲੀ ਦੀ ਸਿਸਟਮ ਨੂੰ ਰਿਪੋਰਟਿੰਗ ਕਰਦੇ ਰਹਿੰਦੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਹਾਈਡਰੋਪੌਨਿਕ ਅਤੇ ਐਰੋਪੌਨਿਕ ਤਕਨਾਲੋਜੀ ਨੂੰ

ਸਟੈਂਡਰਡਾਈਜ਼ ਕਰਕੇ, ਇਸਦੀ ਸਿਫਾਰਸ਼ ਵੀ ਕੀਤੀ ਹੋਈ ਹੈ। ਪੂਰੀ ਸਕੀਮ, ਜਿਸ ਰਾਹੀਂ ਇਕ ਆਮ ਔਸਤਨ ਪਰਿਵਾਰ ਦੀਆਂ ਵਿਟਾਮਿਨ, ਪ੍ਰੋਟੀਨ ਅਤੇ ਹੋਰ ਲੋੜੀਂਦੇ ਤੱਤਾਂ ਨਾਲ ਭਰਪੂਰ ਤੰਦਰੁਸਤ ਅਤੇ ਸਵੱਛ ਭੋਜਨ, ਸਾਫ ਸੁਥਰੇ ਪਾਣੀ ਅਤੇ ਬਿਜਲੀ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਸਕਦੀਆਂ ਹਨ। ਇਸ ਉਪਰ ਕੇਵਲ ਇਕ ਲੱਖ ਦਾ ਇਕ ਵਾਰ ਹੀ ਖਰਚਾ ਹੋਣਾ ਹੈ। ਬੀਜਾਂ ਅਤੇ ਖੁਰਾਕੀ ਤੱਤਾਂ ਦੇ ਮਾਮੂਲੀ ਜਿਹੇ ਖਰਚੇ ਤੋਂ ਇਲਾਵਾ ਹੋਰ ਕੋਈ ਖਰਚਾ ਨਹੀ। ਬਿਜਲੀ ਪਾਣੀ ਭੋਜਨ ਸਭ ਮੁਫਤ। ਜੇਕਰ ਯੂਨਿਟ ਵੱਡਾ ਹੈ ਜਾਂ ਖਪਤ ਘੱਟ ਹੈ ਤਾਂ ਮੁਨਾਫਾ ਵੀ ਹੋ ਸਕਦਾ ਹੈ। ਪੰਜਾਬ ਵਿਚ ਇਸ ਸਕੀਮ ਨੂੰ ਸ਼ੁਰੂ ਕਰਨ ਦੀ ਗੱਲ ਚੱਲੀ ਸੀ ਪਰ ਪੰਜਾਹ ਹਜ਼ਾਰ ਦੀ ਸਬਸਿਡੀ ਦੇਣ ਲਈ ਫੰਡਾਂ ਦੀ ਘਾਟ ਕਾਰਨ ਅਮਲ ਵਿਚ ਨਹੀਂ ਲਿਆਂਦੀ ਜਾ ਸਕੀ। ਬਹੁਤ ਸਾਰੇ ਲੋਕ ਇਸਨੂੰ ਨਿੱਜੀ ਅਤੇ ਕਮਰਸ਼ੀਅਲ ਪੱਧਰ ’ਤੇ ਅਪਣਾਅ ਵੀ ਰਹੇ ਹਨ। ਜੇਕਰ ਇਸਨੂੰ ਪਰਿਵਾਰਕ ਪੱਧਰ ’ਤੇ ਅਪਣਾ ਲਿਆ ਜਾਂਦਾ ਹੈ ਤਾਂ ਲੋਕਾਂ ਦੀ ਸ਼ੁੱਧ ਭੋਜਨ, ਸ਼ੁੱਧ ਪਾਣੀ ਅਤੇ ਸ਼ੁੱਧ ਊਰਜਾ ਲਈ ਲਈ ਮੰਡੀ ਉਪਰ ਨਿਰਭਰਤਾ ਖਤਮ ਹੋ ਜਾਵੇਗੀ। ਖਰਚੇ ਦੀ ਥਾਂ ਆਮਦਨ ਸ਼ੁਰੂ ਹੋ ਸਕਦੀ ਹੈ।

ਮੇਰੇ ਇਕ ਦੋਸਤ ਨੇ ਕੁਝ ਅਰਸਾ ਪਹਿਲਾਂ ਬਿਜਲੀ ਨਾਲ ਚੱਲਣ ਵਾਲੀ ਕਾਰ ਖਰੀਦੀ ਸੀ। ਸ਼ੁਰੂ ਸ਼ੁਰੂ ਵਿਚ ਤਾਂ ਉਸਦੀ ਸਿਕਾਇਤ ਰਹੀ ਕਿ ਚਾਰਜਿੰਗ ਦੀਆਂ ਸੁਵਿਧਾਵਾਂ ਬਹੁਤ ਘੱਟ ਹਨ। ਇਸ ਲਈ ਉਹ ਇਸਨੂੰ ਬਹੁਤਾ ਆਊਟ ਆਫ ਸਟੇਸ਼ਨ ਨਹੀਂ ਲਿਜਾਂਦਾ। ਭਾਵੇਂ ਉਸਦੀ ਇਹ ਸ਼ਿਕਾਇਤ ਹਾਲੇ ਵੀ ਖਤਮ ਨਹੀਂ ਹੋਈ ਪਰ ਹੁਣ ਉਹ ਇਸਦੀਆਂ ਸਿਫਤਾਂ ਕਰਦਾ ਨਹੀਂ ਥੱਕਦਾ। ਕਿਉਂਕਿ ਉਸਦਾ ਘਰ ਸੋਲਰ ਇਨਰਜੀ ਦੇ ਪੈਨਲ ਲੱਗੇ ਹੋਏ ਹਨ, ਇਸ ਲਈ ਘਰ ਦੇ ਨਾਲ ਨਾਲ ਉਸਦੀ ਕਾਰ ਵੀ ਮੁਫਤ ਚੱਲਣ ਲੱਗ ਪਈ ਹੈ।

ਉਸਨੇ ਇਕ ਸਕੀਮ ਦੱਸੀ। ਇਕ ਬਿਜ਼ਨਸ ਪਲੈਨ ਕਿ ਜਦੋਂ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਦੀ ਗਿਣਤੀ ਵਧ ਗਈ ਤਾਂ ਉਹ ਕੋਈ ਪਾਰਕਿੰਗ ਲੌਟ ਠੇਕੇ ’ਤੇ ਲੈਕੇ ਉਸ ਵਿਚ ਕਾਰ ਖੜ੍ਹੀ ਕਰਨ ਵਾਲੀ ਹਰ ਥਾਂ ’ਤੇ ਚਾਰਜਿੰਗ ਯੂਨਿਟ ਲਗਾ ਦੇਵੇਗਾ। ਮੰਨ ਲਵੋ ਕਿ ਤੁਸੀਂ ਰਾਤ ਵੇਲੇ ਕਾਰ ਪੂਰੀ ਚਾਰਜ ਕਰ ਲਈ। ਸਵੇਰੇ ਦਸ ਵਜੇ ਕਾਰ ’ਤੇ ਦਫਤਰ ਪਹੁੰਚ ਗਏ। ਹੁਣ ਸਾਰਾ ਦਿਨ ਤੁਹਾਡੀ ਕਾਰ ਦਫਤਰ ਦੇ ਬਾਹਰ ਪਾਰਕਿੰਗ ਵਿਚ ਖੜ੍ਹੀ ਰਹੇਗੀ। ਜੇਕਰ ਦਿਨ ਵੇਲੇ ਖਪਤ ਦੇ ਵਧ ਜਾਣ ਕਾਰਨ ਬਿਜਲੀ ਦਾ ਭਾਅ ਵੀ ਵਧ ਜਾਂਦਾ ਹੈ ਤਾਂ ਤੁਸੀਂ ਉਸੇ ਚਾਰਜਿੰਗ ਯੂਨਿਟ ਰਾਹੀਂ, ਪਾਰਕਿੰਗ ਵਿਚ ਖੜ੍ਹੀ ਕਾਰ ਦੀ ਵਾਪਿਸ ਘਰ ਜਾਣ ਜੋਗੀ ਚਾਰਜਿੰਗ ਬਚਾ ਕੇ, ਬਾਕੀ ਦੀ ਵੇਚ ਵੀ ਸਕਦੇ ਹੋ। ਇਸ ਤਰ੍ਹਾਂ ਪਾਰਕ ਕੀਤੀ ਹੋਈ ਕਾਰ, ਬਿਨਾਂ ਇਧਰ ਉਧਰ ਜਾਏ, ਖੜ੍ਹੇ ਖੜ੍ਹੇ ਹੀ ਬਿਜ਼ਨਸ ਕਰੇਗੀ। ਇਸੇ ਤਰ੍ਹਾਂ ਸ਼ੁੱਧ ਪਾਣੀ ਅਤੇ ਸ਼ੁੱਧ ਆਰਗੈਨਿਕ ਭੋਜਨ ਦਾ ਵੀ ਘਰੇਲੂ ਬਿਜ਼ਨਸ ਸ਼ੁਰੂ ਹੋ ਸਕਦਾ ਹੈ।

ਇਸ ਯੋਜਨਾ ਦੇ ਅਮਲ ਵਿਚ ਆਉਣ ਨਾਲ, ਜਿਥੇ ਆਮ ਲੋਕਾਂ ਲਈ ਵਧੀਆ ਭੋਜਨ ਉਪਲਭਧ ਰਹੇਗਾ, ਓਥੇ ਅਨਾਜ ਉਪਰ ਨਿਰਭਰਤਾ ਘਟਣ ਨਾਲ ਫਸਲੀ ਚੱਕਰ ਬਦਲੇਗਾ ਅਤੇ ਭੋਜਨ ਦੀ ਪਿਰਾਮਿਡ ਵਿਚ ਸਿਹਤ-ਪੱਖੀ ਸਿਫਤੀ ਤਬਦੀਲੀ ਵੀ ਦੇਖਣ ਨੂੰ ਮਿਲੇਗੀ। ਜੋ ਜ਼ਮੀਨ ਵਿਹਲੀ ਹੋਵੇਗੀ ਉਸਨੂੰ ਖੇਤੀ ਬਿਜ਼ਨਸ ਦੇ ਨਾਲ ਨਾਲ ਜੰਗਲਾਤ ਅਧੀਨ ਲਿਆ ਕੇ ਵਾਤਾਵਰਣ ਦੇ ਸੁਧਾਰ ਲਈ ਵਰਤਿਆ ਜਾ ਸਕੇਗਾ।

## 8.2 ਆਤਮ ਨਿਰਭਰ ਪਿੰਡ

ਇਹ ਸਕੀਮ ਕੇਵਲ ਪਿੰਡਾਂ ਅਤੇ ਸ਼ਹਿਰਾਂ ਦੇ ਘਰ-ਪਰਿਵਾਰਾਂ ਨੂੰ ਹੀ ਨਹੀਂ, ਸਗੋਂ ਪਿੰਡਾਂ ਨੂੰ ਆਤਮ-ਨਿਰਭਰ ਬਣਾਉਣ ਵਿਚ ਵੀ ਸਹਾਈ ਹੋਵੇਗੀ। ਜੇਕਰ ਇਹ ਫੈਸਲਾ ਲੈ ਲਿਆ ਜਾਵੇ ਕਿ ਪਿੰਡ ਵਿਚ ਪੈਦਾ ਹੋਣ ਵਾਲੀ ਖੇਤੀ ਜਿਣਸ, ਭਾਵੇਂ ਉਹ ਘਰਾਂ ਵਿਚ ਪੈਦਾ ਹੋ ਰਹੀਆਂ ਵਾਧੂ ਸਬਜ਼ੀਆਂ ਅਤੇ ਸਲਾਦ ਹੋਣ, ਭਾਵੇਂ ਪਿੰਡ ਦੀਆਂ ਸਾਂਝੀਆਂ ਥਾਵਾਂ ਉਪਰ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੇ ਭਾਵੇਂ ਖੇਤਾਂ ਵਿਚੋਂ ਆਉਣ ਵਾਲੀ ਜਿਣਸ, ਉਹ ਬਿਨਾ ਪ੍ਰਾਸੈਸ ਕੀਤਿਆਂ ਪਿੰਡ ਤੋਂ ਬਾਹਰ ਨਹੀਂ ਜਾਵੇਗੀ, ਤਾਂ ਨਾ ਕੇਵਲ ਪਿੰਡ ਦੀ ਖੁਸ਼ਹਾਲੀ ਵਿਚ ਹੀ ਵਾਧਾ ਹੋਵੇਗਾ ਸਗੋਂ ਪਿੰਡਾਂ ਤੋਂ ਸ਼ਹਿਰਾਂ ਵੱਲ ਹੋਣ ਵਾਲੀ ਮਾਈਗਰੇਸ਼ਨ ਵੀ ਘਟੇਗੀ। ਇਹ ਸਭ ਕੁਝ ਪਹਿਲਾਂ ਸੰਭਵ ਨਹੀਂ ਸੀ। ਨਵੀਂ ਤਕਨਾਲੋਜੀ ਦੇ ਆਉਣ ਨਾਲ, ਕੇਵਲ ਏਨਾ ਹੀ ਨਹੀਂ ਹੋਰ ਵੀ ਬਹੁਤ ਕੁਝ ਸੰਭਵ ਹੋ ਗਿਆ ਹੈ। ਮਸਲਨ ਟੈਲੀਮਾਈਗਰੇਸ਼ਨ ਰਾਹੀ ਪਿੰਡ ਵਿਚ ਘਰ ਬੈਠਿਆ ਹੀ ਰੀਮੋਟ ਜੌਬ ਉਪਲਭਧ ਹੋ ਸਕਦੀ ਹੈ। ਸਭ ਕੁਝ ਹੋ ਸਕਦਾ ਹੈ। ਇਕੋ ਸਮੱਸਿਆ ਹੈ ਅਤੇ ਉਹ ਹੈ ਅਫਸਰਸ਼ਾਹੀ ਦਾ 'ਜੈਸੇ ਥੇ' ਦਾ ਕੰਮ ਲਟਕਾਊ ਅਤੇ ਕੁਰੱਪਟ ਰਵਈਆ, ਜਿਸਨੂੰ ਲੋਕ ਸ਼ਕਤੀ ਦੇ ਪਰੈਸ਼ਰ ਹੇਠ ਕੇਵਲ ਸਿਆਸੀ ਇੱਛਾ ਸ਼ਕਤੀ ਹੀ ਲੀਹ ’ਤੇ ਲਿਆ ਸਕਦੀ ਹੈ।

ਇਹ ਵੀ ਨਹੀਂ ਕਿ ਖੇਤੀ ਕੇਵਲ ਘਰਾਂ ਦੀਆਂ ਛੱਤਾਂ ਅਤੇ ਵਿਹੜਿਆ ਜਾਂ ਪਿੰਡ ਦੀਆਂ ਸ਼ਾਮਲਾਟਾ ਵਿਚ ਹੀ ਹੋਵੇਗੀ। ਅਨਾਜ ਦੇ ਨਾਲ ਨਾਲ ਕਮਾਦ, ਨਰਮਾਂ, ਤੇਲ ਬੀਜ, ਦਾਲਾਂ ਆਦਿ ਨਕਦੀ ਫਸਲਾਂ, ਬਾਗਬਾਨੀ ਅਤੇ ਕਮਰਸ਼ੀਅਲ ਕਾਸ਼ਤਕਾਰੀ ਤਾਂ ਨਿਸ਼ਚੇ ਹੀ ਖੇਤਾਂ ਵਿਚ ਜਾਂ ਪੌਲੀਹਾਊਸਾਂ ਦੀ ਸੁਰੱਖਿਅਤ ਕਾਸ਼ਤਕਾਰੀ ਦੇ ਰੂਪ ਵਿਚ ਹੀ ਹੋਵੇਗੀ। ਖੇਤ ਮਜ਼ਦੂਰਾਂ, ਖਾਸ ਕਰਕੇ ਪਰਵਾਸੀ ਮਜ਼ਦੂਰਾਂ ਦੀ ਕਮੀਂ ਅਤੇ ਖੇਤੀ ਉਤਪਾਦਨ ਦੇ ਦਿਨੋ ਦਿਨ ਮਹਿੰਗੇ ਹੋਣ ਕਾਰਨ ਪਰੰਪਰਾਗਤ ਕਾਸ਼ਤਕਾਰੀ ਕੋਈ ਮੁਨਾਫੇ ਵਾਲਾ ਸੌਦਾ ਨਹੀਂ ਰਹਿ ਗਈ। ਪੌਦ ਪ੍ਰਜਨਨ (ਪਲਾਂਟ ਬਰੀਡਿੰਗ) ਅਤੇ ਜੈਨੇਟਿਕਸ ਤੋਂ ਬਾਅਦ ਇੰਟਰਨੈਟ ਆਫ ਥਿੰਗਜ਼, ਸੈਂਸਰ ਤਕਨਾਲੋਜੀ, ਬਿਗ ਡੇਟਾ ਐਨਾਲਿਟਕਸ, ਰਬੌਟਿਕਸ ਅਤੇ ਮਸ਼ੀਨ ਲਰਨਿੰਗ ਵਰਗੀਆਂ ਤਕਨੀਕਾਂ ਰਾਹੀ ਕਾਸ਼ਤਕਾਰੀ, ਦੂਜੇ ਹਰੇ ਇਨਕਲਾਬ ਦੇ ਰਾਹੇ ਪੈ ਕੇ, ਸਹਿਜੇ ਹੀ ਮੁੜ ਮੁਨਾਫੇ ਵਾਲਾ ਧੰਦਾ ਬਣ ਸਕਦੀ ਹੈ।

ਪੰਜਾਬ ਦੇ ਪਿੰਡਾਂ ਵਿਚ; ਨੰਬਰ ਇਕ, ਹਰ ਕਿਸੇ ਲਈ ਰੁਜ਼ਗਾਰ ਦਾ ਤਸੱਲੀਬਖਸ਼ ਪ੍ਰਬੰਧ ਕਰਨ ਵਾਸਤੇ; ਨੰਬਰ ਦੋ, ਕਿਸਾਨ ਪਰਿਵਾਰਾਂ ਦੀ ਆਮਦਨ ਵਿਚ ਘੱਟੋ ਘੱਟ ਚਾਰ ਗੁਣਾ ਵਾਧੇ ਦਾ ਟੀਚਾ ਮਿਥ ਕੇ; ਅਤੇ ਨੰਬਰ ਤਿੰਨ, ਖੇਤੀ ਧੰਦੇ ਨੂੰ ਸੋਸ਼ਲੀ, ਇਕਨੌਮੀਕਲੀ ਅਤੇ ਈਕਾਲੋਜੀਕਲੀ ਸਸਟੇਨੇਬਲ ਅਤੇ ਇਨਕਲੂਸਿਵ (ਸਮਿਲਤ) ਬਣਾਉਣ ਲਈ ਹੇਠ ਲਿਖੇ ਕਦਮ ਉਠਾਏ ਜਾ ਸਕਦੇ ਹਨ:

### 8.3 ਵੰਨਸੁਵੰਨਤਾ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਰੀਮੋਟ ਸੈਂਸਿੰਗ ਵਿਭਾਗ ਦੀ ਸਹਾਇਤਾ ਨਾਲ ਕੀਤੀ ਗਈ ਵਿਆਪਿਕ ਮੈਪਿੰਗ ਨੇ ਇਹ ਖੁਲਾਸਾ ਕਰ ਦਿਤਾ ਹੈ ਕਿ ਪੰਜਾਬ ਨੂੰ ਸਹਿਜੇ ਹੀ ਦੋ ਦਰਜਨ ਤੋਂ ਵੀ ਵਧੇਰੇ ਵਿਸ਼ੇਸ਼ (ਨਿਚ) ਖੇਤਰਾਂ ਵਿਚ ਵੰਡ ਕੇ ਨਵੀਆਂ ਮੰਡੀਆਂ ਵਿਕਸਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਸ਼ੇਸ਼ ਖੇਤਰਾਂ ਦੀ ਚੋਣ ਉਥੇ ਸੌਖਿਆਂ ਹੀ ਵਧੀਆ ਢੰਗ ਨਾਲ ਉਗਾਈਆਂ ਜਾ ਸਕਣ ਵਾਲੀਆਂ ਫਸਲਾਂ/ ਉਤਪਾਦਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਨ੍ਹਾਂ ਫਸਲਾਂ/ ਉਤਪਾਦਾਂ ਵਿਚ ਪ੍ਰਮੁੱਖ ਤੌਰ 'ਤੇ ਜੈਵਿਕ ਖੇਤੀ, ਕਿੰਨੂ, ਅਮਰੂਦ, ਅੰਗੂਰ, ਬਾਸਮਤੀ, ਮੱਕੀ, ਦਾਲਾਂ, ਸਬਜ਼ੀਆਂ, ਫੁੱਲਾਂ ਦੀ ਖੇਤੀ, ਜੜ੍ਹੀ ਬੂਟੀਆਂ, ਚਿਕਿਤਸਕ ਪੌਦੇ, ਬੀਜ ਉਤਪਾਦਨ, ਗੁੜ, ਖੁੰਬਾਂ, ਮਧੂ ਮੱਖੀ ਪਾਲਣ, ਫਿਸ਼ਰੀ, ਪੋਲਟਰੀ, ਗੋਟਰੀ, ਡੇਅਰੀ, ਕਣਕ ਅਤੇ ਹੋਰ ਸੀਰੀਅਲ ਸ਼ਾਮਲ ਹਨ। ਇਹ ਪਹਿਲਾ ਨੁਕਤਾ ਸੀ।

### 8.4 ਵੈਲਯੂ ਅਡੀਸ਼ਨ

ਦੂਸਰਾ ਨੁਕਤਾ ਹੈ, ਇਨ੍ਹਾਂ ਫਸਲਾਂ/ ਉਤਪਾਦਾਂ ਦੀ ਪ੍ਰਾਸੈਸਿੰਗ ਅਤੇ ਪੈਕਿਜਿੰਗ ਰਾਹੀਂ, ਵੈਲਯੂ ਅਡੀਸ਼ਨ। ਇਸ ਗੱਲ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਪਰੋਕਤ ਖੇਤੀ ਜਿਣਸਾਂ ਦੀ ਸਾਰੀ ਪ੍ਰਾਸੈਸਿੰਗ/ ਵੈਲਯੂ ਅਡੀਸ਼ਨ ਪਿੰਡ ਵਿਚ ਹੀ ਹੋਵੇ। ਹੁਣ ਤੱਕ ਖੇਤੀ ਜਿਣਸਾਂ ਦੀ ਪ੍ਰਾਸੈਸਿੰਗ ਲਈ ਰਾਜ ਜਾਂ ਜਿਲ੍ਹਾ ਪੱਧਰ ਤੇ ਭਾਰੀ ਇਨਵੈਸਟਮੈਂਟ ਵਾਲੇ ਵੱਡੇ ਵੱਡੇ ਪ੍ਰਾਜੈਕਟ ਹੀ ਲੱਗਦੇ ਸਨ। ਇਸ ਲਈ,ਇਨ੍ਹਾਂ ਨੂੰ ਲਗਾਉਣਾ ਜਾਂ ਨਾਂ ਲਗਾਉਣਾ ਪੂਰੀ ਤਰ੍ਹਾਂ ਨਾਲ ਸਰਕਾਰ ਜਾਂ ਕਾਰਪੋਰੇਟ ਉਪਰ ਹੀ ਨਿਰਭਰ ਕਰਦਾ ਸੀ। ਪਰ ਹੁਣ ਇਹ ਨਿਰਭਰਤਾ ਖਤਮ ਹੋ ਚੁਕੀ ਹੈ। ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰੌਸੈਸਿੰਗ ਵਿਭਾਗ ਦੇ ਮਾਹਿਰਾਂ ਨੇ ਦੱਸਿਆ ਕਿ ਹੁਣ ਤਾਂ ਹਰ ਕਿਸਾਨ ਪਰਿਵਾਰ ਛੋਟੀ ਜਿਹੀ ਲਾਗਤ ਨਾਲ ਆਪਣੇ ਘਰੇ ਹੀ ਛੋਟੇ ਯੂਨਿਟ ਸਥਾਪਿਤ ਕਰ ਸਕਦਾ ਹੈ ਜੋ ਵੱਡੇ ਪ੍ਰਾਜੈਕਟਾਂ ਜਿੰਨੇ ਹੀ ਐਫੀਸ਼ੈਂਟ ਅਤੇ ਕੌਸਟ ਇਫੈਕਟਿਵ ਹੁੰਦੇ ਹਨ। ਬਹੁਤ ਹੀ ਛੋਟੇ ਕਿਸਾਨ ਪਰਿਵਾਰ ਆਪਣੀ ਜਿਣਸ ਦੀ ਪ੍ਰਾਸੈਸਿੰਗ ਲਈ ਮੁਹੱਲੇ ਅਤੇ ਪਿੰਡ ਪੱਧਰ ਦੇ ਯੂਨਿਟਾਂ ਦੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

### 8.5 ਖੇਤੀ ਧੰਦੇ ਦੀ ਲੋਕਧਾਰਾ

ਇਹ ਸੰਕਲਪ ਮੂਲ ਰੂਪ ਵਿਚ ਇਸ ਆਧਾਰ 'ਤੇ ਟਿਕਿਆ ਹੋਇਆ ਹੈ ਕਿ ਕਿ ਹਰ ਕਿਸਾਨ ਨੂੰ ਇਕ ਐਂਟਰਪਰਿਨਿਓਰ ਵਜੋਂ, ਹਰ ਪੇਂਡੂ ਪਰਿਵਾਰ ਨੂੰ ਇਕ ਕਾਰੋਬਾਰੀ ਘਰ ਵਜੋਂ ਅਤੇ ਹਰ ਪਿੰਡ ਨੂੰ ਇਕ ਬ੍ਰੈਂਡ ਵਜੋਂ ਵਿਕਸਤ ਕੀਤਾ ਜਾਵੇ। ਦੁਖਾਂਤ ਇਹ ਹੈ ਕਿ ਇਸ ਨਵੀਂ ਡਿਵੈਲਪਮੈਂਟ ਤੋਂ ਅਨਜਾਣ ਅਫਸਰਸ਼ਾਹੀ ਅਤੇ ਅਰਥਸ਼ਾਸਤਰੀਆਂ ਨੇ, ਖੇਤੀ ਉਪਜ ਦੀ ਪ੍ਰਾਸੈਸਿੰਗ ਨੂੰ ਉਤਸਾਹਿਤ ਕਰਨ ਅਤੇ ਉਸਦੇ ਵਿਸ਼ਵ ਪੱਧਰ 'ਤੇ ਮੰਡੀਕਰਨ ਲਈ ਸਰਕਾਰ ਨੂੰ ਇਹ ਕੰਮ ਕਾਰਪੋਰੇਟ ਦੇ ਹਵਾਲੇ ਕਰਨ ਦੀ ਸਲਾਹ ਦੇ ਦਿੱਤੀ, ਜਦੋਂ ਕਿ ਸਰਕਾਰ

ਦੀ ਥੋੜ੍ਹੀ ਬਹੁਤੀ ਸਹਾਇਤਾ ਨਾਲ ਇਹ ਕੰਮ ਕਿਸਾਨ ਖੁਦ ਹੀ ਕਰ ਸਕਦੇ ਸਨ। ਨਵੀਂ ਤਕਨਾਲੋਜੀ ਦੀ ਆਮਦ ਨਾਲ ਖੇਤੀ ਉਤਪਾਦਨ ਦੇ ਨਾਲ ਨਾਲ ਖੇਤੀ ਉਤਪਾਦਾਂ ਦੀ ਪ੍ਰਾਸੈਸਿੰਗ ਦਾ ਕੰਮ ਕਾਰ ਵੀ ਕਿਸਾਨਾਂ ਦੀ ਪਹੁੰਚ ਵਿਚ ਆ ਗਿਆ ਹੈ। ਇਹ ਕੰਮ ਜੋ ਕਾਰਪੋਰੇਟ ਕਰਦਾ ਸੀ ਹੁਣ ਕਿਸਾਨ ਪਰਿਵਾਰ ਖੁਦ ਕਰਿਆ ਕਰਨਗੇ। ਫੂਡ ਚੇਨ ਵਿਚ ਕਿਸਾਨ ਦੀ ਹਿੱਸੇਦਾਰੀ ਵੱਧ ਰਹੀ ਹੈ। ਜਿਵੇਂ ਗਿਆਨ ਦੇ ਖੇਤਰ ਵਿਚ ਐਨਸਾਈਕਲੋਪੀਡੀਆ ਬਰੀਟੈਨੀਕਾ (ਕਾਰਪੋਰੇਟ) ਵਿਕੀਪੀਡੀਆ ਦੀ ਲੋਕਧਾਰਾ ਦੇ ਸਾਹਮਣੇ ਟਿਕ ਨਹੀਂ ਸਕਿਆ, ਬਿਲਕੁਲ ਉਸੇ ਤਰ੍ਹਾਂ ਖੇਤੀਬਾੜੀ ਦਾ ਬਿਜ਼ਨਸ ਵੀ ਹੁਣ ਕਾਰਪੋਰੇਟ ਨਹੀਂ, ਕਿਸਾਨ ਖੁਦ ਹੀ ਸੰਭਾਲਣਗੇ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸੰਘਰਸ਼ ਦੇ ਨਾਲ ਨਾਲ ਇਨ੍ਹਾਂ ਹਕੀਕਤ ਬਣਨ ਜਾ ਰਹੀਆਂ ਸੰਭਾਵਨਾਵਾਂ ਵੱਲ ਵੀ ਧਿਆਨ ਦੇਣ।

ਖੇਤੀ ਉਤਪਾਦਾਂ ਦੀ ਪ੍ਰਾਸੈਸਿੰਗ ਨਾਲ ਤਿਆਰ ਹੋਣ ਵਾਲੀਆਂ ਖੇਤੀ ਵਸਤਾਂ ਦੀ ਟਰਾਂਸਪੋਰਟ ਦਾ ਮਸਲਾ ਵੀ ਇਸੇ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਪੰਜਾਬ ਦੀ ਬਹੁਤ ਸਾਰੀ ਟਰਾਂਸਪੋਰਟ ਕਿਸਾਨ/ ਪੇਂਡੂ ਪਰਿਵਾਰਾਂ ਕੋਲ ਹੈ, ਪਰ ਇਹ ਡਰ ਰਹੇ ਹਨ ਕਿ ਜੇ ਕਿਤੇ ਟਰਾਂਸਪੋਰਟ ਦਾ ਕਾਰੋਬਾਰ ਵੀ ਕਾਰਪੋਰੇਟ ਕੋਲ ਹੀ ਨਾ ਚਲਿਆ ਗਿਆ ਤਾਂ ਉਹ ਕੀ ਕਰਨਗੇ ? ਇਕੋ ਜੁਆਬ ਹੈ ਕਿ ਕੀ ਉਬਰ ਦੇ ਆਉਣ ਨਾਲ ਟੈਕਸੀ ਡਰਾਈਵਰਾਂ/ ਮਾਲਕਾਂ ਦਾ ਕੰਮ ਖਤਮ ਹੋ ਗਿਆ ਹੈ !

ਜਦੋਂ ਟਰੱਕ ਆਪਣੇ ਆਪ ਚੱਲਣ ਲੱਗ ਪਏ ਅਤੇ ਡਰਾਈਵਰਾਂ ਦੀ ਲੋੜ ਹੀ ਨਾ ਰਹੀ, ਭਾਵ ਟਰਾਂਸਪੋਰਟ ਸਿਸਟਮ ਮੋਬਿਲਟੀ ਅਤੇ ਲੌਜਿਸਟਿਕ ਨੈੱਟਵਰਕ ਵਿਚ ਤਬਦੀਲ ਹੋ ਗਿਆ ਤਾਂ ਟਰੱਕਾਂ ਦੀ ਲੋੜ ਤਾਂ ਫੇਰ ਵੀ ਬਣੀ ਰਹੇਗੀ। ਆਟੋਮੋਬਾਇਲ ਕੰਪਨੀਆਂ ਟਰੱਕਾਂ ਦੀ ਮੈਨੂਫੈਕਚਰਿੰਗ ਅਤੇ ਮੋਬਿਲਟੀ ਨੈੱਟਵਰਕ ਦੀ ਸਾਂਭ ਸੰਭਾਲ ਦਾ ਕੰਮ ਸੰਭਾਲਣਗੀਆਂ। ਕੀ ਲੋੜ ਹੈ ਕਿ ਇਸ ਨੈੱਟਵਰਕ ਦੀ ਸਹਾਇਤਾ ਨਾਲ ਚੱਲਣ ਵਾਲਾ ਢੋਆ ਢੁਆਈ ਦਾ ਖਲਜਗਣ ਵੀ ਉਹ ਖੁਦ ਹੀ ਸਾਂਭਣ।

ਨੌਕਰ ਭਰਤੀ ਕਰਕੇ ਢੋਆ ਢੁਆਈ ਦਾ ਇਹ ਕੰਮ ਆਪ ਕਰਨ ਦੀ ਥਾਂ, ਛੋਟੀਆਂ ਛੋਟੀਆਂ ਟਰਾਂਸਪੋਰਟ ਕੰਪਨੀਆਂ ਨੂੰ ਆਊਟਸੋਰਸ ਕਰਨਾ ਇਨ੍ਹਾਂ ਦੀ ਮਜਬੂਰੀ ਹੋਵੇਗੀ। ਗੂਗਲ ਐਂਡਰਾਇਡ ਨੈੱਟਵਰਕ ਚਲਾਉਂਦਾ ਹੈ, ਪਰ ਉਸ ਨੈੱਟਵਰਕ 'ਤੇ ਚੱਲਣ ਵਾਲੀਆਂ ਐਪਸ ਖੁਦ ਨਹੀਂ ਬਣਾਉਂਦਾ, ਆਊਟਸੋਰਸ ਕਰਦਾ ਹੈ। ਕਲਾਊਡ ਸੋਰਸਿੰਗ ਆਖ ਲਵੋ, ਬਿਹਤਰ ਹੋਵੇਗਾ। ਨੈੱਟਵਰਕਾਂ ਦੇ ਉਭਰ ਰਹੇ ਨਵੇਂ ਬਿਜ਼ਨਸ ਮਾਡਲ ਨੂੰ ਸਮਝਣ ਦੀ ਜ਼ਰੂਰਤ ਹੈ। ਖੇਤੀ ਧੰਦੇ ਵਿਚ ਕਿਸਾਨਾਂ/ ਪੇਂਡੂ ਭਾਈਚਾਰੇ ਦਾ ਰੋਲ ਚਾਰ ਗੁਣਾਂ ਨਹੀਂ, ਸਗੋਂ ਘੱਟੋ ਘੱਟ ਦਸ ਗੁਣਾਂ ਵਧਣ ਵਾਲਾ ਹੈ। ਨੌਕਰੀਆਂ (ਜੌਬਜ਼) ਜਾਣਗੀਆਂ ਅਤੇ ਕੰਮ ਧੰਦੇ (ਛੋਟੇ ਛੋਟੇ ਬਿਜ਼ਨਸ) ਭਾਰੀ ਗਿਣਤੀ ਵਿਚ ਆਉਣਗੇ। ਯੂਨੀਵਰਸਟੀਆਂ ਦੀ ਜ਼ਿੰਮੇਵਾਰੀ ਹੁਣ ਵਰਕਰ/ ਮਨੇਜਰ ਪੈਦਾ ਕਰਨ ਦੀ ਨਹੀਂ, ਐਂਟਰਪਰਿਨਿਓਰ ਪੈਦਾ ਕਰਨ ਦੀ ਹੋਵੇਗੀ।

## 8.6 ਬਰੈਂਡ ਡਿਵੈਲਪਮੈਂਟ

ਤੀਸਰਾ ਨੁਕਤਾ ਹੈ ਇਨ੍ਹਾਂ ਵੈਲਯੂ ਐਡਿਡ ਵਸਤੂਆਂ ਦੀ ਬਰੈਂਡ ਡਿਵੈਲਪਮੈਂਟ ਦਾ। ਜਿਥੋਂ ਤੱਕ ਭੋਜਨ ਜਾਂ ਕਲਾ ਅਤੇ ਸ਼ਿਲਪ ਦਾ ਸੁਆਲ ਹੈ, ਇਨ੍ਹਾਂ ਖੇਤਰਾਂ ਵਿਚ ਪੰਜਾਬ ਤੋਂ ਵਧੀਆ ਬਰੈਂਡ ਕੋਈ ਹੋਰ ਹੋ ਹੀ ਨਹੀਂ ਸਕਦਾ। ਬਰੈਂਡ ਡਿਵੈਲਪਮੈਂਟ ਦੀ ਜ਼ਰੂਰਤ ਰਹੇਗੀ। ਬਰੈਂਡ ਡਿਵੈਲਪਮੈਂਟ ਵਿਚ ਹੀ ਕਿੰਨੇ ਨਵੇਂ ਬਿਜ਼ਨਸ ਸ਼ੁਰੂ ਹੋ ਸਕਦੇ ਹਨ। ਹਰ ਨਵੀਂ ਸਮੱਸਿਆ ਇਕ ਨਵੀਂ ਮਾਰਕਿਟ ਖੜ੍ਹੀ ਕਰ ਦਿੰਦੀ ਹੈ, ਜਿਸ ਦੀ ਪੂਰਤੀ ਲਈ ਨਵੇਂ ਬਿਜ਼ਨਸ ਸ਼ੁਰੂ ਕਰਨ ਦੀ ਜ਼ਰੂਰਤ ਹੁੰਦੀ ਹੈ। ਬਿਜ਼ਨਸ ਬਾਰੇ ਸੋਚ ਬਦਲਣੀ ਪਵੇਗੀ। ਪੰਜਾਬ ਹਮੇਸ਼ਾ ਤੋਂ ਹੀ ਬਿਜ਼ਨਸ ਨੂੰ ਸੋਸ਼ਲ ਬਿਜ਼ਨਸ ਦੇ ਰੂਪ ਵਿਚ ਦੇਖਦਾ ਆਇਆ ਹੈ। ਸਮਾਜ ਦੀਆਂ ਸਮੱਸਿਆਵਾਂ ਨੂੰ, ਸਮਾਜ ਦੀ ਭਲਾਈ ਵਾਸਤੇ ਬਿਜ਼ਨਸ ਦੇ ਤਰੀਕਿਆ ਰਾਹੀਂ ਹੱਲ ਕਰਨ ਦਾ ਨਾਮ ਹੀ ਸੋਸ਼ਲ ਬਿਜ਼ਨਸ ਹੈ। ਸਰਬੱਤ ਦੇ ਭਲੇ ਦੀ ਸੋਚ ਨੂੰ ਮਨ ਵਿਚ ਵਸਾ ਕੇ ਇਸ ਦਿਸ਼ਾ ਵਿਚ ਚੱਲਾਂਗੇ ਤਾਂ ਕਿਰਤ ਕਮਾਈ ਦੀ ਵੀ ਕੋਈ ਘਾਟ ਨਹੀਂ ਰਹੇਗੀ, ਖੁਸ਼ਹਾਲੀ ਦਾ ਹਰ ਰਸਤਾ ਪੰਜਾਬ ਵੱਲ ਜਾਵੇਗਾ।

## 8.7 ਮਾਰਕਿਟ ਇੰਟੈਲੀਜੈਂਸ

ਚੌਥਾ ਹੈ, ਅਤੀ ਮਹੱਤਵਪੂਰਨ ਮਾਰਕਿਟ ਇੰਟੈਲੀਜੈਂਸ ਦੀਆਂ ਸੁਵਿਧਾਵਾਂ ਦੀ ਨਿਰਮਾਣਕਾਰੀ ਦਾ

ਮੁੱਦਾ। ਪੰਜਵੇਂ ਨੰਬਰ 'ਤੇ ਹੈ ਮੰਡੀਕਰਨ ਅਤੇ ਰੀਟੇਲਿੰਗ। ਚੌਥੇ ਅਤੇ ਪੰਜਵੇਂ ਨੁਕਤੇ ਦੀ ਸਿੱਧੀ ਲਈ ਸਾਨੂੰ ਪੂਰੀ ਤਰ੍ਹਾਂ ਨਾਲ ਮਸ਼ੀਨ ਲਰਨਿੰਗ ਅਤੇ ਬਲੌਕ ਚੇਨ ਤਕਨਾਲੋਜੀ ਦੁਆਰਾ ਸੰਚਾਲਿਤ ਡਿਜੀਟਲ ਪਲੈਟਫਾਰਮ, ਪ੍ਰੋਟੋਕੋਲ, ਨੈੱਟਵਰਕ ਅਤੇ ਈਕੋਸਿਸਟਮ ਉਪਰ ਨਿਰਭਰ ਕਰਨਾ ਹੋਵੇਗਾ ਜਿਸਦੀ ਮੱਦਦ ਨਾਲ ਪਰਿਵਾਰ, ਮਹੱਲੇ ਅਤੇ ਪਿੰਡ ਪੱਧਰ ਦੇ ਯੂਨਿਟਾਂ ਨੂੰ ਸਾਥਾਨਕ, ਰਾਜ, ਕੌਮੀ ਅਤੇ ਵਿਸ਼ਵ ਪੱਧਰ ਦੀਆਂ ਮੰਡੀਆਂ ਨਾਲ ਜੋੜਿਆ ਜਾ ਸਕਦਾ ਹੈ। ਸਰਕਾਰ ਨੂੰ ਇਸ ਦਿਸ਼ਾ ਵਿਚ ਸੋਚਣਾ ਚਾਹੀਦਾ ਹੈ। ਕੇਂਦਰ ਸਰਕਾਰ ਦੀ ਵੀ ਲੋੜ ਨਹੀਂ, ਪੰਜਾਬ ਸਰਕਾਰ ਹੀ ਆਪਣੇ ਸੀਮਤ ਜਿਹੇ ਵਸੀਲਿਆਂ ਨਾਲ ਇਹ ਬਹੁਤ ਵੱਡਾ ਦਿਖਾਈ ਦੇਣ ਵਾਲਾ ਪ੍ਰੋਗਰਾਮ ਸੌਖਿਆਂ ਹੀ ਬੜੇ ਆਰਾਮ ਨਾਲ ਕਰ ਸਕਦੀ ਹੈ। ਇੰਟਰਨੈਟ ਇਕ ਪਲੇਟਫਾਰਮ ਹੈ, ਜਿਸ ਉਪਰ ਹਜ਼ਾਰਾਂ ਨਹੀਂ, ਲੱਖਾਂ ਬਿਜ਼ਨਸ ਚੱਲ ਰਹੇ ਹਨ। ਗੱਲ ਨੂੰ ਸੌਖਿਆਂ ਸਮਝਣ ਲਈ ਉਬਰ ਅਤੇ ਏਅਰ ਬੀ ਐਨ ਬੀ ਦੀ ਉਦਾਹਰਨ ਲੈ ਸਕਦੇ ਹਾਂ, ਜਿਨ੍ਹਾਂ ਦੇ ਸਿਰ 'ਤੇ ਕ੍ਰਮਵਾਰ ਟੈਕਸੀ ਚਾਲਕਾਂ ਅਤੇ ਸੈਲਾਨੀਆਂ ਲਈ ਕਮਰੇ ਕਿਰਾਏ ਤੇ ਦੇਣ ਵਾਲੇ ਅਣਗਿਣਤ ਲੋਕਾਂ ਦੀ ਰੋਜ਼ੀ ਰੋਟੀ ਚੱਲ ਰਹੀ ਹੈ। ਅਸੀਂ ਵੀ ਪੰਜਾਬ ਲਈ ਇਕ ਅਜਿਹੇ ਪਲੈਟਫਾਰਮ ਦੇ ਨਿਰਮਾਣ ਦੀ ਲੋੜ ਉਪਰ ਜ਼ੋਰ ਦੇ ਰਹੇ ਹਾਂ ਜੋ ਹਰ ਕਿਸੇ ਲਈ ਖੁਸ਼ਹਾਲੀ ਦਾ ਪੈਗਾਮ ਲੈ ਕੇ ਆਵੇ। ਜਿਨ੍ਹਾਂ ਲੋਕਾਂ ਨੂੰ ਸਰਕਾਰ ਖੈਰਾਤ ਵੰਡਣ ਦੀਆਂ ਸਕੀਮਾਂ ਬਣਾ ਰਹੀ ਹੈ, ਉਹ ਆਪਣੀ ਕਿਰਤ ਕਮਾਈ ਰਾਹੀਂ ਸਭ ਦੀ ਝੋਲੀ ਭਰਨ।

ਇਸ ਸਕੀਮ ਦੇ ਲਾਗੂ ਹੋ ਜਾਣ ਨਾਲ ਪੰਜਾਬ ਦੇ ਕਿਸੇ ਵੀ ਪਿੰਡ ਦਾ ਕੋਈ ਵੀ ਮੁੰਡਾ ਕੁੜੀ ਜਾਂ ਕੰਮ ਕਰਨ ਦੇ ਯੋਗ ਵਿਅਕਤੀ ਵਿਹਲਾ ਨਹੀਂ ਰਹੇਗਾ। ਕੋਈ ਬੇਕਾਰ ਨਹੀਂ ਹੋਵੇਗਾ। ਇਹ ਸਕੀਮ ਹਰ ਪੰਜਾਬੀ ਨੂੰ ਐਂਟਰਪਰਿਨਿਓਰ ਬਣਾਉਣ ਦੀ ਸਮਰੱਥਾ ਰੱਖਦੀ ਹੈ। ਸੱਭੇ ਇਨੋਵੇਟਿਵ ਅਤੇ ਕਰੀਏਟਿਵ ਵਰਕਰਜ਼ ਹੋਣਗੇ। ਆਪਣੇ ਹੁਨਰ 'ਤੇ ਮਾਣ ਕਰਨ ਵਾਲੇ ਅਤੇ ਦੂਜਿਆ ਦੇ ਹੁਨਰ ਦੀ ਕਦਰ ਜਾਨਣ ਵਾਲੇ ਇਨੋਵਿਟਿਵ ਅਤੇ ਕਰੀਏਟਿਵ ਵਰਕਰਜ਼।

## 8.8 ਸ਼ਿਲਪਕਾਰੀ ਸਿਰਜਣਾਤਮਕ ਸਨਅਤ

ਇਸੇ ਡਿਜੀਟਲ ਪਲੇਟਫਾਰਮ ਦੀ ਸਹਾਇਤਾ ਨਾਲ ਪੇਂਡੂ ਸ਼ਿਲਪਕਾਰਾਂ, ਕਲਾਕਾਰਾਂ, ਕਾਰੀਗਰਾਂ ਅਤੇ ਖਾਸ ਕਰਕੇ ਘਰੇਲੂ ਸ਼ਿਲਪਕਾਰੀ ਵਿਚ ਨਿਪੁੰਨ ਪੇਂਡੂ ਔਰਤਾਂ ਲਈ ਸ਼ਿਲਪਕਾਰੀ ਦੇ ਧੰਦਿਆਂ ਨੂੰ ਸਹਿਜੇ ਹੀ ਵਿਕਸਤ ਕੀਤਾ ਜਾ ਸਕਦਾ ਹੈ। ਗੈਰ ਕਾਸਤਕਾਰ ਅਤੇ ਬੇਜ਼ਮੀਨੇ ਕਿਸਾਨ ਪਰਿਵਾਰਾਂ ਲਈ ਇਹ ਸਕੀਮ ਵੱਡੀ ਖਿੱਚ ਦਾ ਕਾਰਨ ਬਣੇਗੀ। ਹਰ ਪਿੰਡ ਵਿਚ ਇਨੋਵੇਟਿਵ ਅਤੇ ਕਰੀਏਟਿਵ ਕਲਚਰਲ ਇੰਡਸਟਰੀ ਵੀ ਵਿਕਸਤ ਕੀਤੀ ਜਾ ਸਕਦੀ ਹੈ। ਕਰੀਏਟਿਵ ਇੰਡਸਟਰੀ ਦਾ ਆਧਾਰ ਮਨੁੱਖਾਂ ਦੀ ਵਿਅਕਤੀਗਤ ਅਤੇ ਕੋਆਪਰੇਟਿਵ ਸਕਿਲ ਹੈ ਜਿਸ ਰਾਹੀਂ ਉਨ੍ਹਾਂ ਦੀ ਸਿਰਜਣਾ ਸ਼ਕਤੀ ਨੂੰ ਡਿਜੀਟਲ ਤਕਨੀਕਾਂ ਅਤੇ ਮਨੇਜਰੀਅਲ ਸਕਿਲਜ਼ ਦੀ ਸਹਾਇਤਾ ਨਾਲ ਦੌਲਤ ਵਿਚ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ।

ਕਿਉਂਕਿ ਕਰੀਏਟਿਵ ਇੰਡਸਟਰੀ ਉਥੇ ਹੀ ਜਾਵੇਗੀ ਜਿਥੇ ਕਰੀਏਟਿਵ ਵਰਕਰਜ਼ ਹੋਣਗੇ। ਅਤੇ ਕਰੀਏਟਿਵ ਵਰਕਰਜ਼ ਉਥੇ ਜਾਣਗੇ, ਜਿਥੇ ਕਰੀਏਟਿਵ ਇੰਡਸਟਰੀ ਹੋਵੇਗੀ। ਇਸ ਲਈ ਕਰੀਏਟਿਵ ਇੰਡਸਟਰੀ ਦੀ ਸਥਾਪਨਾ ਦੇ ਨਾਲ ਨਾਲ ਕਰੀਏਟਿਵ ਵਰਕਰਜ਼ ਦੀ ਟਰੇਨਿੰਗ ਲਈ ਵਿਦਿਅਕ ਸੰਸਥਾਵਾਂ ਲਈ ਸਕਿਲ, ਡਿਜ਼ਾਈਨ ਅਤੇ ਐਂਟਰਪਰਿਨਿਓਰਸ਼ਿਪ ਸੈਂਟਰ ਖੋਲ੍ਹਣ ਦੀਆਂ ਸੰਭਾਵਨਾਵਾਂ ਬਣਨਗੀਆਂ। ਸੰਗੀਤ, ਨਾਟਕ, ਲਲਿਤ ਕਲਾਵਾਂ, ਸਾਹਿਤ ਸਿਰਜਣਾ, ਸਿਨਮਾ ਅਤੇ ਡਿਜੀਟਲ ਮੀਡੀਆ ਵਿਚ ਸਿੱਖਿਆ ਅਤੇ ਖੋਜ ਕਾਰਜਾਂ ਲਈ ਉੱਚ ਸਿੱਖਿਆ ਸੰਸਥਾਵਾਂ ਦੀ ਸਥਾਪਨਾ ਵੀ ਏਜੰਡੇ 'ਤੇ ਰਹੇਗੀ। ਇਹ ਕਰੀਏਟਿਵ ਇੰਡਸਟਰੀ, ਕਰੀਏਟਿਵ ਵਰਕਰਜ਼, ਕਰੀਏਟਿਵ ਵਰਕਸ਼ਾਪਾਂ, ਕਰੀਏਟਿਵ ਉਤਸਵ, ਕਰੀਏਟਿਵ ਲੈਂਡ ਯੂਜ਼ ਪਲੈਨਿੰਗ, ਕਰੀਏਟਿਵ ਲੈਂਡਸਕੇਪਿੰਗ ਅਤੇ ਸਮੁੱਚਾ ਕਰੀਏਟਿਵ ਮਹੌਲ ਰਲ ਕੇ ਹੀ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲੀ ਦੇ ਨਾਲ ਨਾਲ ਸਿਰਜਣਾ ਦਾ ਆਨੰਦ ਵੀ ਪ੍ਰਦਾਨ ਕਰੇਗਾ।

ਸ਼ੁਰੂਆਤ ਸੰਗੀਤ, ਸੌਫਟਵੇਅਰ, ਸਿਨਮਾ (ਵੀਡੀਓ), ਆਰਟ, ਕਰਾਫਟ, ਡਿਜ਼ਾਈਨ, ਡਿਜੀਟਲ ਗੇਮਜ਼, ਆਰਕੀਟੈਕਚਰ ਆਦਿ ਨਾਲ ਸੰਬੰਧਤ ਕਰੀਏਟਿਵ ਇੰਡਸਟਰੀ ਅਤੇ ਟਰੇਨਿੰਗ/ ਸਿੱਖਿਆ/ ਐਂਟਰਪਰਿਨਿਉਰਸ਼ਿਪ ਸੈਂਟਰਾਂ ਦੀ ਸਥਾਪਨਾ ਨਾਲ ਹੋ ਸਕਦੀ ਹੈ। ਕਰੀਏਟਿਵ ਇੰਡਸਟਰੀ ਮੂਲ ਰੂਪ ਵਿਚ ਸਿੰਬੋਲਿਕ ਵੈਲਯੂ ਦੇ ਉਤਪਾਦਨ, ਸਰਕੂਲੇਸ਼ਨ ਅਤੇ ਕੰਜ਼ਮਪਸ਼ਨ ਨਾਲ ਜੁੜੀ ਹੋਣ ਕਾਰਨ ਸੁਸਾਇਟੀ ਦੀ ਸਮਾਜ-ਸਭਿਆਚਾਰਕ, ਆਰਥਕ-ਰਾਜਨੀਤਕ, ਅਰਬਨ ਲੈਂਡਯੂਜ਼ ਟਰਾਂਸਫਰਮੇਸ਼ਨ ਅਤੇ ਐਥੀਕੋ-ਪੁਲਿਟੀਕਲ ਡਿਸੀਯਨ ਮੇਕਿੰਗ ਵਿਚ ਅਤੀ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਕਰੀਏਟਿਵ ਇੰਡਟਰੀਜ਼ ਦਾ ਜਿੰਨਾ ਸੰਬੰਧ ਨਵੀਂ ਤਕਨਾਲੋਜੀ ਅਤੇ ਨਵੀਂ ਸਿਰਜਣਾ ਨਾਲ ਹੈ, ਓਨਾ ਹੀ ਸੰਬੰਧ ਆਰਟ ਐਂਡ ਕਰਾਫਟ ਦੀਆਂ ਲੋਕਧਾਰਾਈ ਪਰੰਪਰਾਵਾਂ ਨਾਲ ਵੀ ਹੈ। ਪੰਜਾਬ ਦੇ ਸੁਆਦਿਸ਼ਟ ਖਾਣਿਆਂ, ਤੰਤੀ ਸਾਜ਼ਾਂ, ਗਹਿਣਿਆਂ, ਫਰਨੀਚਰ, ਲੱਕੜੀ ਦੇ ਹੋਰ ਸਾਜ਼ੋ-ਸਮਾਨ, ਪੌਟਰੀ, ਫੁਲਕਾਰੀ, ਦਰੀ, ਕਰੋਸ਼ੀਏ ਆਦਿ ਦੇ ਕੰਮ ਕਾਰਾਂ ਨੂੰ ਇਹ ਡਿਜੀਟਲ ਪਲੇਟਫਾਰਮ/ ਨੈੱਟਵਰਕ/ ਇਕੋ ਸਿਸਟਮ ਸਹਿਜੇ ਹੀ ਮੁਨਾਫੇ ਵਾਲੇ ਧੰਦਿਆ ਵਿਚ ਤਬਦੀਲ ਕਰ ਦੇਵੇਗਾ। ਇਹ ਲੋਕਧਾਰਾ ਵਿਮਨ ਐਂਪਾਵਰਮੈਂਟ ਦੇ ਨਾਲ ਨਾਲ ਇਕ ਵੱਡੀ ਕਲਚਰਲ ਇੰਡਸਟਰੀ ਦਾ ਰੂਪ ਧਾਰ ਸਕਦੀ ਹੈ।

ਇਸ ਸੁਆਲ ਦਾ ਕਿ ਕੀ ਪੰਜਾਬ ਕੋਲ ਇਸ ਕ੍ਰਾਂਤੀਕਾਰੀ ਸੰਭਾਵਨਾ ਦਾ ਲਾਭ ਉਠਾਉਣ ਲਈ ਲੋੜੀਂਦਾ ਡਿਜੀਟਲ ਇਨਫਰਾਸਟਰਕਚਰ ਖੜ੍ਹਾ ਕਰਨ ਦੇ ਸਮਰੱਥ ਵੀ ਹੈ ਜਾਂ ਨਹੀਂ? ਅਸੀਂ ਜਾਣਦੇ ਹਾਂ ਕਿ ਇਹ ਆਧਾਰ ਢਾਂਚਾ ਪੰਜਾਬ ਪੱਧਰ ’ਤੇ ਨਹੀਂ, ਕੌਮੀ ਅਤੇ ਵਿਸ਼ਵ ਪੱਧਰ ’ਤੇ ਬੜੀ ਤੇਜ਼ੀ ਨਾਲ ਨਿਰਮਿਤ ਹੋ ਰਿਹਾ ਹੈ, ਪੰਜਾਬ ਦੀ ਜ਼ਿੰਮੇਵਾਰੀ ਤਾਂ ਕੇਵਲ ਇਸ ਆਧਾਰ ਢਾਂਚੇ ਨੂੰ ਪੰਜਾਬ ਦੇ ਪੁਨਰ-ਨਿਰਮਾਣ ਲਈ ਵਰਤੋਂ ਵਿਚ ਲਿਆਉਣ ਵਾਸਤੇ ਰੋਡ ਮੈਪ ਤਿਆਰ ਕਰਨ ਦੀ ਹੀ ਹੈ। ਬਾਕੀ ਸਭ ਕੁਝ ਤਾਂ ਪੰਜਾਬ ਦੇ ਉੱਦਮੀ ਲੋਕਾਂ ਨੇ ਗੁਰੂ ਦੀ ਕਿਰਪਾ ਨਾਲ ਆਪ ਹੀ ਕਰ ਲੈਣਾ ਹੈ।

ਸਰਕਾਰ ਨੇ ਤਾਂ ਇਸ ਨੂੰ ਆਪਣੀਆਂ ਲੋੜਾਂ ਅਨੁਸਾਰ ਵਰਤੋਂ ਵਿਚ ਲਿਆਉਣ ਵਾਸਤੇ ਲੋੜੀਦੇ ਪ੍ਰਬੰਧ ਅਤੇ ਲਿੰਕ ਹੀ ਸਥਾਪਤ ਕਰਨੇ ਹੋਣਗੇ, ਪਰ ਸਮੱਸਿਆ ਤਾਂ ਇਹ ਹੈ ਕਿ ਅਸੀਂ ਹਾਲੇ ਅਰਥਚਾਰੇ ਨੂੰ ਰੀਵਾਈਵ ਕਰਨ ਬਾਰੇ ਹੀ ਸੋਚ ਰਹੇ ਹਾਂ, ਉਹ ਵੀ ਪ੍ਰੰਪਰਾਗਤ ਤਕਨਾਲੋਜੀ ਨਾਲ, ਪ੍ਰੰਪਰਾਗਤ ਤਰੀਕਿਆਂ ਰਾਹੀ। ਇਹ ਪਹੁੰਚ ਸੰਕਟ ਦੇ ਸਮਾਧਾਨ ਵੱਲ ਨਹੀਂ, ਇਸਨੂੰ ਹੋਰ ਡੂੰਘਾ ਕਰਨ ਵੱਲ ਹੀ ਲਿਜਾ ਰਹੀ ਹੈ। ਅਫ਼ਸਰਸ਼ਾਹੀ ਪ੍ਰੋਸੀਜ਼ਰਜ਼ ਦੀ ਥਾਂ ਇਨੋਵੇਟਿਵ ਅਤੇ ਕਰੀਏਟਿਵ ਪਹੁੰਚ ਦੀ ਜ਼ਰੂਰਤ ਹੈ। ਵਿਕਾਸ ਦੇ ਕੰਮ ਸੈਕਟਰੀਏਟ ਦੀ ਥਾਂ ਇੰਨੋਵੇਸ਼ਨ ਅਤੇ ਖੋਜ ਨਾਲ ਪ੍ਰਤੀਬੱਧ ਸੰਸਥਾਵਾਂ ਤੋਂ ਹੀ ਤੁਰਨੇ ਚਾਹੀਦੇ ਹਨ। ਪਹਿਲੇ ਹਰੇ ਇਨਕਲਾਬ ਦੀ ਰੂਪ ਰੇਖਾ ਅਤੇ ਇੰਪਲੀਮੈਂਟੇਸ਼ਨ ਪਲੈਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਿਰਦੇਸ਼ਨ ਅਧੀਨ ਸਰਕਾਰੀ ਮਹਿਕਮਿਆਂ, ਕਾਰਪੋਰੇਸ਼ਨਾਂ, ਪਰਾਈਵੇਟ ਅਦਾਰਿਆਂ, ਅੰਤਰਰਾਸ਼ਟਰੀ ਖੋਜ ਸੰਸਥਾਵਾਂ, ਮਲਟੀਲੇਟਰਲ ਏਜੰਸੀਆਂ, ਭਾਰਤ ਸਰਕਾਰ ਅਤੇ ਮੀਡੀਆ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹੀ ਸੀ। ਪਰ ਹੁਣ ਦੂਜੇ ਹਰੇ ਇਨਕਲਾਬ ਦਾ ਸੰਬੰਧ ਕੇਵਲ ਖੇਤੀਬਾੜੀ ਨਾਲ ਹੀ ਨਹੀਂ, ਉਸਤੋਂ ਵੀ ਵੱਧ ਨਵੀਂ ਤਕਨਾਲੋਜੀ ਜਿਵੇਂ ਕਿ ਮਸ਼ੀਨ ਲਰਨਿੰਗ, ਬਿਗ ਡੇਟਾ ਐਨਾਲਿਟਕਸ, ਨਿਊਰਲ ਨੈੱਟਵਰਕਸ, ਇੰਟਰਨੈਟ ਆਫ ਥਿੰਗਜ਼, ਰੋਬੌਟਿਕਸ, ਬਲੌਕ ਚੇਨ, 3-ਡੀ ਪਰਿੰਟਿੰਗ, ਬਾਇਓਟੈਕਨਾਲੋਜੀ ਦੀਆਂ ਉਭਰ ਰਹੀਆਂ ਨਵੀਆਂ ਤਕਨੀਕਾਂ, ਨੈਤਿਕਤਾ ਅਤੇ ਸਿਰਜਣਾ ਆਦਿ ਹੋਰ ਵੀ ਬਹੁਤ ਸਾਰੇ ਖੇਤਰਾਂ, ਜਿਨ੍ਹਾਂ ਦਾ ਮੈ ਨਾਮ ਨਹੀਂ ਲੈ ਸਕਿਆ ਜਾਂ ਜੋ ਹਾਲੇ ਬੀਜ ਰੂਪ ਵਿਚ ਹੀ ਹਨ, ਨਾਲ ਬਹੁਤ ਹੀ ਗਹਿਰੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਲਈ ਇਸਦੀ ਰੂਪਰੇਖਾ ਅਤੇ ਇੰਪਲੀਮੈਂਟੇਸ਼ਨ ਪਲੈਨ ਤਿਆਰ ਕਰਨ ਦੀ ਜ਼ਿੰਮੇਵਾਰੀ ਵੀ ਕਿਸੇ ਇਕ ਖੋਜ ਸੰਸਥਾ/ ਯੂਨੀਵਰਸਿਟੀ ਨੂੰ ਨਹੀਂ ਸੌਂਪੀ ਜਾ ਸਕਦੀ। ਏਥੇ ਵੀ ਨੈੱਟਵਰਕ ਤਕਨਾਲੋਜੀ ਹੀ ਉਪਯੋਗ ਵਿਚ ਲਿਆਉਣੀ ਪਵੇਗੀ। ਪੰਜਾਬ ਦੀਆਂ ਸਾਰੀਆਂ ਸੰਸਥਾਵਾਂ ਨੂੰ,ਪਾਲੇਟਿਕਸ ਅਤੇ ਅਫਸਰਸ਼ਾਹੀ ਤੋਂ ਪੂਰੀ ਤਰ੍ਹਾਂ ਮੁਕਤ ਪਰ ਇਸ ਕਾਜ ਲਈ ਪੂਰੀ ਤਰ੍ਹਾਂ ਸਮਰਪਿਤ ਮਾਹਿਰਾਂ, ਵਿਦਵਾਨਾਂ, ਅਰਥ ਸ਼ਾਸਤਰੀਆਂ, ਸਮਾਜ ਸ਼ਾਸਤਰੀਆਂ, ਕਲਾਕਾਰਾਂ ਅਤੇ ਦੂਰਦਰਸ਼ੀ ਲੋਕਾਂ ਦੀ ਟੀਮ ਵਾਲੀ ਇਕ ਨੋਡਲ ਏਜੰਸੀ ਦੀ ਅਗਵਾਈ ਅਧੀਨ ਕੰਮ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਜਿਵੇਂ ਪੰਜਾਬ ਨੂੰ ਸਾਫ ਸੁਥਰੇ ਹਵਾ ਪਾਣੀ ਅਤੇ ਊਰਜਾ ਦੀ ਜ਼ਰੂਰਤ ਹੈ, ਬਿਲਕੁਲ ਉਸੇ ਤਰ੍ਹਾਂ, ਸਾਫ ਸੁਥਰੀਆਂ ਕਦਰਾਂ ਕੀਮਤਾਂ ਨਾਲ ਜੁੜੀ ਹੋਈ, ਉਸਾਰੂ ਅਤੇ ਪ੍ਰਤੀਬੱਧ ਸੋਚ ਦੀ ਸ਼ਾਇਦ ਉਸ ਤੋਂ ਵੀ ਵੱਧ ਲੋੜ ਹੈ, ਕਿਉਂਕਿ ਇਸੇ ਸੋਚ ਨੇ ਪੰਜਾਬ ਦੇ ਪੁਨਰ-ਨਿਰਮਾਣ ਦਾ ਆਧਾਰ ਬਣਨਾ ਹੈ।

◈




ਸੰਵਾਦ-15 (ਜਨਵਰੀ-ਜੂਨ 2022) ISSN : 2395-1273 **www.sanvad.org**

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦਾ ਸਮਾਜਕ- ਆਰਥਿਕ ਅਤੇ ਜਨਸੰਖਿਅਕ ਵਿਸ਼ਲੇਸ਼ਣ:

## ਜ਼ਿਲ੍ਹਾ ਪਟਿਆਲਾ ਦਾ ਇਕ ਅਧਿਐਨ



**ਡਾ. ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ,
ਅਰਥ ਸ਼ਾਸਤਰ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ।
99156-82196
giansingh88@
yahoo.com

ਕੌਮਾਂਤਰੀ ਪਰਵਾਸ ਉਹ ਪਹਿਲੂ ਹੈ, ਜਿਹੜਾ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਆਰਥਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਪਰਵਾਸੀ ਕਾਮੇ ਘਰੇਲੂ ਅਤੇ ਵਿਦੇਸ਼ਾਂ ਦੇ ਆਰਥਿਕ ਅਤੇ ਸਮਾਜਕ ਵਿਕਾਸ ਵਿਚ ਵੱਡਾ ਯੋਗਦਾਨ ਪਾਉਂਦੇ ਹਨ (ਕੁਮਾਰ ਅਤੇ ਹੁਸੈਨ, 2008)। ਪਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ। ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ ਹੀ ਮਨੁੱਖ ਦਾ ਪਰਵਾਸ ਵੀ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ-ਪਦਾਰਥਾਂ ਦੀ ਭਾਲ ਵਿਚ ਇਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ-ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ-ਵੱਖ ਦੇਸ਼ਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿਚ ਆਇਆ। ਸ਼ੁਰੂਆਤ ਵਿਚ ਭਾਰਤੀ ਪਰਵਾਸੀਆਂ ਨੇ ਆਪਣੇ ਦੇਸ਼ ਦੇ ਨੇੜਲੇ ਦੇਸ਼ਾਂ ਜਿਵੇਂ ਸਿੰਗਾਪੁਰ ਅਤੇ ਹਾਂਗਕਾਂਗ ਵਿਚ ਪਰਵਾਸ ਕੀਤਾ, ਪਰ ਬਾਅਦ ਵਿਚ ਇਹ ਅਸਟਰੇਲੀਆ, ਕੈਨੇਡਾ, ਅਤੇ ਯੂ.ਐੱਸ.ਏ. ਵਰਗੇ ਹੋਰ ਦੂਰ-ਦੁਰਾਡੇ ਦੇਸ਼ਾਂ ਵਿਚ ਪਰਵਾਸ ਕਰਨ ਲੱਗੇ (ਯੂ.ਐੱਨ.ਓ.ਡੀ.ਸੀ., 2009)।

ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਗ੍ਰੇਟ ਬ੍ਰਿਟੇਨ ਨੂੰ ਪੁਨਰ-ਨਿਰਮਾਣ ਲਈ ਕਿਰਤ ਦੀ ਲੋੜ ਸੀ; ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਯੂ.ਐੱਸ.ਏ. ਨੇ ਵੀ ਭਾਰਤੀਆਂ ਲਈ ਆਪਣੇ ਦਰਵਾਜ਼ੇ ਖੋਲ੍ਹੇ। ਪੰਜਾਬੀਆਂ ਨੇ ਇਹਨਾਂ ਸਭ ਮੌਕਿਆਂ ਦਾ ਫ਼ਾਇਦਾ ਉਠਾਕੇ ਵੱਡੀ ਗਿਣਤੀ ਵਿਚ ਇਹਨਾਂ ਦੇਸ਼ਾਂ ਵਿਚ ਪਰਵਾਸ ਕੀਤਾ। ਇਸ ਤੋਂ ਇਲਾਵਾ, ਪਰਵਾਸੀਆਂ ਦੀ ਬ੍ਰਿਟਿਸ਼ ਫ਼ੌਜ ਵਿਚ ਭਰਤੀ ਦੀ ਸ਼ੁਰੂਆਤ ਹੋਣ ਨਾਲ ਉਹਨਾਂ ਲਈ ਬ੍ਰਿਟਿਸ਼ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿਚ ਪਰਵਾਸ ਲਈ ਰਾਹ ਖੁੱਲ੍ਹ ਗਏ। ਬ੍ਰਿਟਿਸ਼ ਸਰਕਾਰ ਨੇ ਆਪਣੀਆਂ ਹੋਰ ਬਸਤੀਆਂ ਵਿਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫ਼ੌਜ ਵਿਚ ਭਾਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ। ਸ਼ੁਰੂਆਤ ਦੇ ਭਾਰਤੀ ਪਰਵਾਸੀਆਂ ਨੇ ਬ੍ਰਿਟਿਸ਼ ਸਾਮਰਾਜ ਦੀਆਂ ਪੂਰਬ ਵਿਚ ਸਥਿਤ ਬਸਤੀਆਂ, ਨਿਊਜ਼ੀਲੈਂਡ, ਅਸਟਰੇਲੀਆ, ਯੂ.ਕੇ., ਕੈਨੇਡਾ,

**ਡਾ. ਗੁਰਿੰਦਰ ਕੌਰ**, ਸਾਬਕਾ ਪ੍ਰੋਫ਼ੈਸਰ, ਭੂਗੋਲ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
**ਡਾ. ਧਰਮਪਾਲ**, ਅਸਿਟੈਂਟ ਪ੍ਰੋਫ਼ੈਸਰ, ਅਰਥ ਸ਼ਾਸਤਰ ਵਿਭਾਗ, ICDEOL, ਹਿਮਾਚਲ ਪ੍ਰਦੇਸ਼, ਯੂਨੀਵਰਸ਼ਿਟੀ, ਸ਼ਿਮਲਾ।
**ਡਾ. ਰਸ਼ਮੀ**, ਲੈਕਚਰਾਰ, ਆਈ.ਏ.ਐੱਸ, ਟ੍ਰੇਨਿੰਗ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
**ਡਾ. ਜੋਤੀ**, ਅਸਿਟੈਂਟ ਪ੍ਰੋਫ਼ੈਸਰ, ਜੀ.ਜੀ.ਡੀ. ਐੱਸ.ਡੀ. ਕਾਲਜ, ਖੇੜੀਗੁਰਨਾ, ਬਨੂੜ।

ਯੂ.ਐੱਸ.ਏ., ਅਤੇ ਅਫਰੀਕਾ, ਖ਼ਾਸਕਰ ਪੂਰਬੀ ਅਫਰੀਕਾ ਵਿਚ ਪਰਵਾਸ ਕੀਤਾ। 1970 ਦੇ ਦਹਾਕੇ ਵਿਚ, ਮੱਧ ਪੂਰਬ ਦੇ ਦੇਸ਼ਾਂ ਨੂੰ ਤਰਜ਼ੀਹ ਦਿੱਤੀ ਗਈ (ਕਪੂਰੀਆ, 2018)। ਹਾਲ ਹੀ ਵਿਚ ਯੂਰਪ, ਖ਼ਾਸਕਰ ਦੱਖਣੀ ਯੂਰਪ, ਦੇ ਦੇਸ਼ਾਂ ਵਿਚ ਵਧੇਰੇ ਪਰਵਾਸ ਹੋ ਰਿਹਾ ਹੈ (ਜੈਕਬਸਨ ਅਤੇ ਮਾਈਰਵੋਲਡ, 2011)।

ਖੇਤੀਬਾੜੀ ਉਤਪਾਦਕਤਾ ਦੇ ਹਿਸਾਬ ਨਾਲ ਪੰਜਾਬ ਦੇਸ਼ ਵਿਚ ਸਭ ਤੋਂ ਅੱਗੇ ਹੈ। ਸੂਬੇ ਦੀ ਕੁੱਲ ਆਬਾਦੀ ਦਾ 62.51 ਪ੍ਰਤਿਸ਼ਤ ਪੇਂਡੂ ਖੇਤਰਾਂ ਅਤੇ ਬਾਕੀ (37.49 ਪ੍ਰਤਿਸ਼ਤ) ਸ਼ਹਿਰੀ ਖੇਤਰਾਂ ਵਿਚ ਰਹਿੰਦਾ ਹੈ। ਸੂਬੇ ਦੀ ਕੁੱਲ ਕਾਰਜਸ਼ਕਤੀ ਦਾ 35.60 ਪ੍ਰਤਿਸ਼ਤ ਹਿੱਸਾ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਉੱਤੇ ਨਿਰਭਰ ਕਰਦਾ ਹੈ (ਭਾਰਤ ਸਰਕਾਰ, 2011)। 'ਹਰੇ ਇਨਕਲਾਬ' ਦੇ ਆਉਣ ਨਾਲ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿਚ ਸਭ ਤੋਂ ਉੱਨਤ ਸੂਬੇ ਵਜੋਂ ਉੱਭਰਿਆ ਹੈ। ਭਾਵੇਂ ਖੇਤੀਬਾੜੀ ਖੇਤਰ ਦੀ ਕੁੱਲ ਸੂਬਾ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਅਤੇ ਕਾਰਜਸ਼ਕਤੀ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣ ਵਿਚ ਕਮੀ ਆਈ ਹੈ, ਪਰ ਫਿਰ ਵੀ ਇਹ ਸੂਬੇ ਦੀ ਆਰਥਿਕਤਾ ਦਾ ਸਭ ਤੋਂ ਮਹੱਤਵਪੂਰਨ ਖੇਤਰ ਹੈ (ਗਰੋਵਰ ਅਤੇ ਹੋਰ, 2017)। 'ਹਰੇ ਇਨਕਲਾਬ' ਨੇ ਜਿੱਥੇ ਖੇਤੀਬਾੜੀ ਉਤਪਾਦਨ ਵਿਚ ਵਾਧਾ ਕੀਤਾ, ਉੱਥੇ ਮਿੱਟੀ ਅਤੇ ਪਾਣੀ ਦੇ ਪੱਧਰ ਉੱਤੇ ਮਾੜੇ ਪ੍ਰਭਾਵ ਪਾਏ ਅਤੇ ਉਤਪਾਦਨ ਲਾਗਤ ਵਿਚ ਵਾਧਾ ਕੀਤਾ। ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ। ਗ਼ੈਰ-ਖੇਤੀਬਾੜੀ ਖੇਤਰ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਨੌਜਵਾਨਾਂ ਵਿਚ ਆਪਣੇ ਦੇਸ਼ ਅਤੇ ਸੂਬੇ ਲਈ ਬੇਰੁਖੀ ਹੋਣ ਕਰਕੇ ਉਹ ਬਾਹਰਲੇ ਦੇਸ਼ਾਂ ਵਿਚ ਜਾਣ ਲਈ ਤੜਫ਼ ਰਹੇ ਹਨ।

ਕੇਰਲਾ ਸੂਬੇ ਤੋਂ ਬਾਅਦ ਕੌਮਾਂਤਰੀ ਪਰਵਾਸ ਦੇ ਮਾਮਲੇ ਵਿਚ ਪੰਜਾਬ ਦੂਜੇ ਨੰਬਰ ਉੱਤੇ ਹੈ (ਦੀ ਟ੍ਰਿਬਿਊਨ, 2019)। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਗਾਤਾਰ ਵੱਧ ਰਿਹਾ ਹੈ। ਵਿਦੇਸ਼ ਮੰਤਰਾਲੇ ਦੀ ਸਾਲਾਨਾ ਰਿਪੋਰਟ (2018-19) ਅਨੁਸਾਰ, 2018 ਵਿਚ ਕੌਮਾਂਤਰੀ ਪਰਵਾਸ ਵਿਚ ਪੰਜਾਬ ਦਾ ਹਿੱਸਾ 6 ਪ੍ਰਤਿਸ਼ਤ ਸੀ। 1992-93 ਵਿਚ ਪੰਜਾਬ ਦੇ ਸਿਰਫ਼ 3 ਪ੍ਰਤਿਸ਼ਤ ਪਰਿਵਾਰਾਂ ਵਿਚੋਂ ਲੋਕ ਬਾਹਰਲੇ ਦੇਸ਼ਾਂ ਵਿਚ ਗਏ ਹੋਏ ਸਨ (ਐੱਨ.ਐੱਫ.ਐੱਚ.ਐੱਸ.-1) ਜੋ 2010-11 ਵਿਚ 11 ਪ੍ਰਤਿਸ਼ਤ ਹੋ ਗਏ (ਨੰਦਾ ਅਤੇ ਵੇਰੋਨ, 2015)। ਮੌਜੂਦਾ ਅਧਿਐਨ ਵਿਚ,ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਸਮਾਜਕ-ਆਰਥਿਕ ਅਤੇ ਜਨਸੰਖਿਅਕ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ।

## ਖੋਜ ਵਿਧੀ

ਮੌਜੂਦਾ ਅਧਿਐਨ ਮੁੱਢਲੇ ਅੰਕੜਿਆਂ ਉੱਤੇ ਆਧਾਰਿਤ ਹੈ। ਅਧਿਐਨ ਦੇ ਉਦੇਸ਼ ਲਈ ਜ਼ਿਲ੍ਹਾ ਪਟਿਆਲਾ ਦੇ ਪੰਜ ਪਿੰਡਾਂ ਦੀ ਚੋਣ ਰੈਂਡਮ ਵਿਧੀ ਰਾਹੀਂ ਕੀਤੀ ਗਈ। ਇਹਨਾਂ ਪਿੰਡਾਂ ਵਿਚੋਂ 1951 ਤੋਂ 2019 ਤੱਕ ਦੇ ਸਮੇਂ ਦੌਰਾਨ ਉਹਨਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਹਨਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸ਼ਾਂ ਵਿਚ ਗਿਆ। ਇਹ ਅਧਿਐਨ ਇਹਨਾਂ ਪਿੰਡਾਂ ਦੇ 207 ਪਰਿਵਾਰਾਂ ਦੇ 296 ਪਰਵਾਸੀਆਂ ਨਾਲ ਸੰਬੰਧਿਤ ਹੈ। ਲੋੜੀਂਦੇ ਮੁੱਢਲੇ ਅੰਕੜੇ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਨਿੱਜੀ ਮੁਲਾਕਾਤ ਵਿਧੀ ਦੁਆਰਾ ਇਕੱਤਰ ਕੀਤੇ ਗਏ ਹਨ। ਅੰਕੜਿਆਂ ਦੇ ਵਿਸ਼ਲੇਸ਼ਣ ਲਈ ਔਸਤਨ ਅਤੇ ਪ੍ਰਤਿਸ਼ਤ ਮੁੱਲਾਂ ਦੀ ਵਰਤੋਂ ਕੀਤੀ ਗਈ ਹੈ। ਅਧਿਐਨ ਦੇ ਨਤੀਜੇ ਗੋਲਾਕਾਰ ਅਕ੍ਰਿਤੀਆਂ, ਖੜ੍ਹਵੀਆਂ ਅਇਤਾਂ ਅਤੇ ਰੇਖਾ ਗ੍ਰਾਫ਼ਾਂ ਦੁਆਰਾ ਵੀ ਪ੍ਰਦਰਸ਼ਤ ਕੀਤੇ ਗਏ ਹਨ।

## ਨਤੀਜੇ ਅਤੇ ਚਰਚਾ

ਸਾਰਨੀ-1 ਤੋਂ ਪਤਾ ਲੱਗਦਾ ਹੈ ਕਿ ਕੁਲ 207 ਸਰਵੇਖਣ ਕੀਤੇ ਘਰਾਂ ਵਿਚੋਂ ਪਰਵਾਸ ਕੀਤੇ ਗਏ ਵਿਅਕਤੀਆਂ ਦੀ ਗਿਣਤੀ 296 ਹੈ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਘਰਾਂ ਤੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਦੋ-ਤਿਹਾਈ ਤੋਂ ਵੱਧ ਪਰਿਵਾਰਾਂ (67.63%) ਵਿਚ ਇਕੱਲੇ ਵਿਅਕਤੀ ਅਤੇ ਬਾਕੀ 32.37 % ਪਰਿਵਾਰਾਂ ਵਿਚ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਇੱਕ-ਚੌਥਾਈ ਤੋਂ ਥੋੜ੍ਹੇ ਜਿਹੇ ਘੱਟ (23.67%) ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ, ਜਦੋਂਕਿ 6.76 ਪ੍ਰਤਿਸ਼ਤ ਪਰਿਵਾਰਾਂ ਵਿਚ ਤਿੰਨ ਵਿਅਕਤੀ ਕੌਮਾਂਤਰੀ ਪਰਵਾਸੀ ਹਨ। ਕੁਝ ਪਰਿਵਾਰਾਂ (1.93%) ਵਿਚ ਚਾਰ ਵਿਅਕਤੀ ਕੌਮਾਂਤਰੀ ਪਰਵਾਸੀ ਹਨ। ਸਰਵੇਖਣ ਕੀਤੇ ਪੰਜਾਂ ਪਿੰਡਾਂ ਵਿਚੋਂ 12 ਪਰਿਵਾਰਾਂ ਦੇ ਸਾਰੇ ਵਿਅਕਤੀ ਹੀ ਦੂਸਰੇ ਦੇਸ਼ਾਂ ਵਿਚ ਚਲੇ ਗਏ ਹਨ।

**ਸਾਰਨੀ 1**

**ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ**

| | |
|---|---|
| ਪਰਵਾਸੀਆਂ ਦੀ ਗਿਣਤੀ | 296 |
| ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ | 207 |
| ਇਕੱਲੇ ਪਰਵਾਸੀ ਵਾਲੇ ਪਰਿਵਾਰਾਂ ਦੀ ਗਿਣਤੀ | 140 (67.63) |
| ਦੋ ਪਰਵਾਸੀਆਂ ਵਾਲੇ ਪਰਿਵਾਰਾਂ ਦੀ ਗਿਣਤੀ | 49 (23.67) |
| ਤਿੰਨ ਪਰਵਾਸੀਆਂ ਵਾਲੇ ਪਰਿਵਾਰਾਂ ਦੀ ਗਿਣਤੀ | 14 (6.76) |
| ਚਾਰ ਪਰਵਾਸੀਆਂ ਵਾਲੇ ਪਰਿਵਾਰਾਂ ਦੀ ਗਿਣਤੀ | 4 (1.93) |
| ਉਹਨਾਂ ਪਰਿਵਾਰਾਂ ਦੀ ਗਿਣਤੀ ਜਿਹਨਾਂ ਦੇ ਸਾਰੇ ਵਿਆਕਤੀ ਪਰਵਾਸ ਕਰ ਗਏ | 12 |

**ਸਰੋਤ**: ਫੀਲਡ ਸਰਵੇਖਣ, 2020

**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸਬੰਧ ਨਹੀਂ ਹੈ, ਪਰ ਅਸਿੱਧੇ ਤੌਰ ਉੱਤੇ ਇਕ ਦੂਜੇ ਨਾਲ ਜੁੜੇ ਹੋਏ ਹਨ। ਪਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿਚੋਂ ਪੈਦਾ ਹੁੰਦਾ ਹੈ। ਮਰਦਮਸ਼ੁਮਾਰੀ 2011 ਦੇ ਅਨੁਸਾਰ, ਪੰਜਾਬ ਸੂਬੇ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ 31.94 ਪ੍ਰਤਿਸ਼ਤ ਸੀ ਜੋ ਭਾਰਤ ਦੇ ਕਿਸੇ ਵੀ ਹੋਰ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੀ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੇ ਪ੍ਰਤਿਸ਼ਤ ਨਾਲੋਂ ਵੱਧ ਅਨੁਪਾਤ ਸੀ। ਪਰਵਾਸੀਆਂ ਦੀ ਜਾਤੀ ਵੰਡ ਨੂੰ ਦਰਸਾਉਂਦੇ ਅੰਕੜੇ ਸਾਰਨੀ 2 ਅਤੇ ਚਿੱਤਰ 1 ਵਿਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦੀ ਵੱਡੀ ਬਹੁਗਿਣਤੀ, ਭਾਵ 92.57 ਪ੍ਰਤਿਸ਼ਤ ਜਨਰਲ ਵਰਗ ਨਾਲ ਸੰਬੰਧਿਤ ਹੈ। ਕੇਵਲ 4.73 ਪ੍ਰਤਿਸ਼ਤ ਅਨੁਸੂਚਿਤ ਜਾਤੀਆਂ ਅਤੇ 2.70 ਪ੍ਰਤਿਸ਼ਤ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਸਾਰੀਆਂ ਜਾਤੀਆਂ ਵਿਚ ਜੱਟ ਜਾਤੀ ਦਾ ਬੋਲਬਾਲਾ ਹੈ, ਜਿਸਦਾ ਅਨੁਪਾਤ 91.56 ਪ੍ਰਤਿਸ਼ਤ ਹੈ।


**ਸਾਰਨੀ 2**

**ਪਰਵਾਸੀਆਂ ਦੀ ਜਾਤੀ ਆਧਾਰਿਤ ਵੰਡ**

| ਸ਼੍ਰੇਣੀ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| **(ੳ) ਜਨਰਲ** | | |
| ਜੱਟ | 271 | 91.56 |
| ਬ੍ਰਾਹਮਣ | 3 | 1.01 |
| **ਉਪ-ਕੁੱਲ (ੳ)** | **274** | **92.57** |
| **(ਅ) ਅਨੁਸੂਚਿਤ ਜਾਤੀਆਂ** | | |
| ਗਡਰੀਏ | 8 | 2.70 |
| ਰਾਮਦਾਸੀਏ | 5 | 1.69 |
| ਬਾਜ਼ੀਗਰ | 1 | 0.34 |
| **ਉਪ-ਕੁੱਲ (ਅ)** | **14** | **4.73** |
| **(ੲ) ਪੱਛੜੀਆਂ ਸ਼੍ਰੇਣੀਆਂ** | | |
| ਮੈਹਰੇ/ਝਿਊਰ | 3 | 1.01 |
| ਘੁਮਿਆਰ/ਪਰਜਾਪਤ | 2 | 0.68 |
| ਨਾਈ | 2 | 0.67 |
| ਲੁਹਾਰ | 1 | 0.34 |
| **ਉਪ-ਕੁੱਲ (ੲ)** | **8** | **2.70** |
| **ਕੁੱਲ (ੳ+ਅ+ੲ)** | **296** | **100.00** |

**ਸਰੋਤ**: ਫੀਲਡ ਸਰਵੇਖਣ, 2020

**ਚਿੱਤਰ 1**
**ਪਰਵਾਸੀਆਂ ਦੀ ਜਾਤੀ ਆਧਾਰਿਤ ਵੰਡ**




**ਸਰੋਤ** : ਸਾਰਨੀ 2 ਉਤੇ ਆਧਾਰਿਤ।

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ,ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ ਉੱਤੇ ਖੁਸ਼ਹਾਲ ਹੋਇਆ ਜਿਸਨੇ ਪੇਂਡੂ ਖੇਤਰਾਂ ਵਿਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂਕਿ, ਸਮਾਜਕ-ਆਰਥਿਕ ਜ਼ਰੂਰਤਾਂ ਵਿਚ ਤਬਦੀਲੀ ਦੇ ਨਾਲ ਜ਼ਮੀਨੀ ਵੰਡ ਹੋਈ ਅਤੇ ਇਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿਚ ਵੀ ਜ਼ੋਰ ਫੜ੍ਹ ਰਹੀ ਹੈ। ਸਾਰਨੀ 3 ਤੋਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ (56.42 ਪ੍ਰਤਿਸ਼ਤ) ਪਰਵਾਸੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂ ਕਿ ਬਾਕੀ 43.58 ਪ੍ਰਤਿਸ਼ਤ ਪਰਵਾਸੀ ਸਾਂਝੇ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ। ਜਨਰਲ ਵਰਗ ਦੇ ਸੰਦਰਭ ਵਿਚ ਲਗਭਗ ਅਜਿਹੀ ਪ੍ਰਵਿਰਤੀ ਦੇਖਣ ਨੂੰ ਮਿਲੀ। ਜਨਰਲ ਵਰਗ ਦੇ ਪਰਵਾਸੀਆਂ ਵਿਚੋਂ, 54.02 ਪ੍ਰਤਿਸ਼ਤ ਇਕਹਿਰੇ ਪਰਿਵਾਰ ਪ੍ਰਣਾਲੀ ਅਤੇ 45.98 ਪ੍ਰਤਿਸ਼ਤ ਸਾਂਝੇ ਪਰਿਵਾਰਾਂ ਵਿਚ ਰਹਿ ਰਹੇ ਸਨ। ਹਾਲਾਂਕਿ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕ੍ਰਮਵਾਰ 92.86 ਅਤੇ 75.00 ਪ੍ਰਤਿਸ਼ਤ ਪਰਵਾਸੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕ੍ਰਮਵਾਰ 7.14 ਅਤੇ 25.00 ਪ੍ਰਤਿਸ਼ਤ ਪਰਵਾਸੀ ਸਾਂਝੇ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ।

**ਸਾਰਨੀ 3**
**ਪਰਿਵਾਰਾਂ ਦੀ ਕਿਸਮ ਦੇ ਆਧਾਰ ਉੱਤੇ ਵੰਡ**

| ਪਰਿਵਾਰਾਂ ਦੀ ਕਿਸਮ | ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀਆਂ | ਪੱਛੜੀਆਂ ਸ਼੍ਰੇਣੀਆਂ | |
| ਸਾਂਝੇ ਪਰਿਵਾਰਾਂ | 126 (45.98) | 1 (7.14) | 2 (25.00) | 129 (43.58) |
| ਇਕਹਿਰੇ ਪਰਿਵਾਰਾਂ | 148 (54.02) | 13 (92.86) | 6 (75.00) | 167 (56.42) |
| **ਕੁੱਲ** | **274 (100.00)** | **14 (100.00)** | **8 (100.00)** | **296 (100.00)** |

**ਸਰੋਤ**: ਫੀਲਡ ਸਰਵੇਖਣ, 2020
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਿੱਖਿਆ ਅਤੇ ਪਰਵਾਸ ਦਾ ਇਕ ਦੂਜੇ ਨਾਲ ਇਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀ ਦੀ ਪਰਵਾਸ ਵਾਲੀ ਜਗ੍ਹਾ ਦੇ ਸਮਾਜਕ-ਆਰਥਿਕ ਵਾਤਾਵਰਨ ਵਿਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ (ਬਰਾਉਨੇ, 2017)। ਉੱਚ-ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪਰਵਾਸ ਨੂੰ 'ਬਰੇਨ ਡਰੇਨ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਉੱਚ-ਸਿੱਖਿਆ ਹਾਸਿਲ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿਚ ਦਿੰਦੇ ਹਨ। ਵਿਦੇਸ਼ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਰਸਾਉਣ ਵਾਲੇ ਅੰਕੜੇ ਸਾਰਨੀ 5 ਵਿਚ ਦਿੱਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਕੁੱਲ 296 ਪਰਵਾਸੀਆਂ ਵਿਚੋਂ 43.58 ਪ੍ਰਤਿਸ਼ਤ ਨੇ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ । ਤਕਰੀਬਨ 30 ਪ੍ਰਤਿਸ਼ਤ ਨੇ ਆਪਣੀ ਗ੍ਰੈਜੂਏਸ਼ਨ, ਜਦੋਂਕਿ 10.14 ਪ੍ਰਤਿਸ਼ਤ ਨੇ ਪੋਸਟ-ਗ੍ਰੈਜੂਏਟ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (2.37 ਪ੍ਰਤਿਸ਼ਤ) ਕੋਲ ਪਰਵਾਸ ਦੇ ਸਮੇਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਯੋਗਤਾ ਸੀ। ਦੋ ਵਿਅਕਤੀ (0.67 ਪ੍ਰਤਿਸ਼ਤ) ਐੱਮ.ਫਿਲ./ਪੀ.ਐੱਚ.ਡੀ.ਡਿਗਰੀ ਧਾਰਕ ਸਨ ਜਦੋਂ ਉਹਨਾਂ ਨੇ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲੇ ਲੋਕ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਵਿਕਲਪ ਸਮਝਦੇ ਹਨ। ਇਹ ਵਰਣਨਯੋਗ ਹੈ ਕਿ ਨੀਵੇਂ-ਵਿੱਦਿਅਕ ਪੱਧਰ ਵਾਲੇ ਪਰਵਾਸੀ ਜਾਂ ਤਾਂ ਬਜ਼ੁਰਗ ਵਰਗ ਨਾਲ ਸੰਬੰਧਿਤ ਸਨ ਜੋ ਆਪਣੇ ਪਰਿਵਾਰਾਂ ਸਮੇਤ ਪਰਵਾਸ ਕਰ ਗਏ ਜਾਂ ਵਿਦੇਸ਼ਾਂ ਵਿਚ ਪਹਿਲਾਂ ਗਏ ਮਰਦ ਪਰਵਾਸੀਆਂ ਦੀਆਂ ਘੱਟ ਪੜ੍ਹੀਆਂ ਜੀਵਨ-ਸਾਥਣਾਂ ਸਨ।

**ਸਾਰਨੀ 4**

**ਪਰਵਾਸ ਦੇ ਸਮੇਂ ਕੌਮਾਂਤਰੀ ਪਰਵਾਸੀਆਂ ਦੀ ਵਿੱਦਿਅਕ ਯੋਗਤਾ**

| ਵਿੱਦਿਅਕ ਯੋਗਤਾ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਅਨਪੜ੍ਹ | 3 | 1.01 |
| ਪ੍ਰਾਇਮਰੀ | 5 | 1.69 |
| ਮਿਡਲ | 5 | 1.69 |
| ਮੈਟ੍ਰਿਕ | 27 | 9.12 |
| ਸੈਕੰਡਰੀ | 129 | 43.58 |
| ਗ੍ਰੈਜੂਏਸ਼ਨ | 88 | 29.73 |
| ਪੋਸਟ-ਗ੍ਰੈਜੂਏਸ਼ਨ | 30 | 10.14 |
| ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. | 7 | 2.37 |
| ਐੱਮ.ਫਿਲ./ਪੀ.ਐੱਚ.ਡੀ. | 2 | 0.67 |
| ਕੁੱਲ | **296** | **100.00** |

**ਸਰੋਤ:** ਫੀਲਡ ਸਰਵੇਖਣ, 2020

ਉਮਰ ਅਤੇ ਪਰਵਾਸ ਵਿਚ ਗੂੜ੍ਹਾ ਸੰਬੰਧ ਹੈ ਕਿਉਂਕਿ ਪਰਵਾਸ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੁੱਖ ਤੌਰ ਉੱਤੇ ਇਸ ਲਈ ਹੈ ਕਿਉਂਕਿ ਪਰਵਾਸ ਇਕ ਜ਼ੋਖਮ-ਭਰਿਆ ਕਦਮ ਹੈ ਜਿਸ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀ ਇਹਨਾਂ ਚੁਣੌਤੀਆਂ ਨੂੰ ਸਹਿਣ ਕਰਨ ਅਤੇ ਪਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲੇ ਮੌਕਿਆਂ ਦਾ ਲਾਭ ਲੈਣ ਲਈ ਵਿਦੇਸ਼ ਜਾਣ ਲਈ ਕਾਹਲੇ ਪਏ ਹਨ। ਪਰਵਾਸੀਆਂ ਦੀ ਵਿਦੇਸ਼ਾਂ ਵਿਚ ਜਾਣ ਵੇਲੇ ਉਹਨਾਂ ਦੀ ਉਮਰ ਦੇ ਸੰਬੰਧ ਵਿਚ ਅੰਕੜੇ ਸਾਰਨੀ 5 ਵਿਚ ਦਿੱਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸ ਕਰਨ ਵੇਲੇ ਬਹੁਤ ਜ਼ਿਆਦਾ ਪਰਵਾਸੀ (96.62 ਪ੍ਰਤਿਸ਼ਤ) 15 ਤੋਂ 45 ਸਾਲ ਦੀ ਉਮਰ ਸਮੂਹ ਨਾਲ ਸੰਬੰਧਿਤ ਸਨ। ਕੁੱਲ ਪਰਵਾਸੀਆਂ ਵਿਚੋਂ, ਤਿੰਨ-ਚੌਥਾਈ ਦੇ ਕਰੀਬ (74.66 ਪ੍ਰਤਿਸ਼ਤ) ਦੀ ਉਮਰ 20 ਤੋਂ 30 ਸਾਲ ਦੀ ਸੀ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖ਼ਾਸ

ਤੌਰ ਉੱਤੇ ਕੌਮਾਂਤਰੀ ਪਰਵਾਸ ਇਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕਰਵਾਏ ਗਏ ਇਕ ਹੋਰ ਖੋਜ ਅਧਿਐਨ ਨਾਲ ਮੇਲ ਖਾਂਦਾ ਹੈ ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤਿਸ਼ਤ ਪਰਵਾਸੀ 30 ਸਾਲ ਜਾਂ ਇਸਤੋਂ ਘੱਟ ਉਮਰ ਦੇ ਸਨ। ਛੋਟੀ ਉਮਰ ਵਿਚ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿਚ ਲੰਬੇ ਸਮੇਂ ਲਈ ਕੰਮ ਕਰ ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ ਨੌਕਰੀ ਦੇ ਮੌਕੇ ਪ੍ਰਦਾਨ ਕਰਕੇ ਬਹੁਤੀ ਵਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇਕ ਹੋਰ ਖੋਜ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇਕ ਵੱਡਾ ਨੁਕਸਾਨ ਹੈ, ਜਿਸਦਾ ਸਿੱਧਾ ਲਾਭ ਉਹਨਾਂ ਦੇਸ਼ਾਂ ਨੂੰ ਹੁੰਦਾ ਹੈ ਜਿਹਨਾਂ ਨੇ ਉਹਨਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ। ਕਿਸੇ ਵੀ ਦੇਸ਼ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਹਨਾਂ ਨੂੰ ਵਿਦੇਸ਼ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

**ਸਾਰਨੀ 5**

**ਪਰਵਾਸ ਦੇ ਸਮੇਂ ਪਰਵਾਸੀਆਂ ਦੀ ਉਮਰ ਅਨੁਸਾਰ ਵੰਡ**

| ਉਮਰ (ਸਾਲਾਂ ਵਿੱਚ) | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| 15 ਤੋਂ ਘੱਟ | 6 | 2.03 |
| 15-20 | 31 | 10.47 |
| 20-25 | 133 | 44.93 |
| 25-30 | 88 | 29.73 |
| 30-35 | 22 | 7.43 |
| 35-40 | 6 | 2.03 |
| 40-45 | 6 | 2.03 |
| 45 ਜਾਂ ਵੱਧ | 4 | 1.35 |
| **ਕੁੱਲ** | **296** | **100.00** |

**ਸਰੋਤ**: ਫੀਲਡ ਸਰਵੇਖਣ, 2020

ਕੌਮਾਂਤਰੀ ਪਰਵਾਸ ਨੌਜਵਾਨ-ਕੇਂਦਰਿਤ ਹੋਣ ਦੇ ਨਾਲ-ਨਾਲ ਇਕ ਮਰਦ-ਕੇਂਦਰਿਤ ਵਰਤਾਰਾ ਵੀ ਹੈ ਕਿਉਂਕਿ ਪੂਰੀ ਦੁਨੀਆ ਦੇ ਕਿਰਤ ਬਜ਼ਾਰਾਂ ਵਿਚ ਕੁਸ਼ਲ ਅਤੇ ਅਕੁਸ਼ਲ ਕਾਰਜਾਂ ਲਈ ਮਰਦਾਂ ਦੀ ਮੰਗ ਔਰਤਾਂ ਦੇ ਮੁਕਾਬਲੇ ਜ਼ਿਆਦਾ ਹੈ। ਸਾਰਨੀ 6 ਵਿਚ ਦਿੱਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਕੁੱਲ 296 ਪਰਵਾਸੀਆਂ ਵਿਚੋਂ, 173 (58.45ਪ੍ਰਤਿਸ਼ਤ) ਮਰਦ ਅਤੇ ਬਾਕੀ 123 (41.55 ਪ੍ਰਤਿਸ਼ਤ) ਔਰਤਾਂ ਹਨ। ਜਨਰਲ ਸ਼੍ਰੇਣੀ ਦੇ ਮਾਮਲੇ ਵਿਚ ਅਜਿਹਾ ਹੀ ਵਰਤਾਰਾ ਦੇਖਣ ਨੂੰ ਮਿਲਿਆ,ਪਰ ਅਨੁਸੂਚਿਤ ਜਾਤੀਆਂ ਦੇ ਮਾਮਲੇ ਵਿਚ, ਸਾਰੇ ਪਰਵਾਸੀ ਮਰਦ ਅਤੇ ਪੱਛੜੀਆਂ ਸ਼੍ਰੇਣੀਆਂ ਵਿਚ 87.50 ਪ੍ਰਤਿਸ਼ਤ ਮਰਦ ਅਤੇ ਬਾਕੀ 12.50 ਪ੍ਰਤਿਸ਼ਤ ਔਰਤਾਂ ਹਨ।

**ਸਾਰਨੀ 6**

**ਪਰਵਾਸੀਆਂ ਦੀ ਲਿੰਗ ਆਧਾਰਿਤ ਵੰਡ**

| ਕਿਸਮ | ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀਆ | ਪੱਛੜੀਆਂ ਸ਼੍ਰੇਣੀਆਂ | |
| ਮਰਦ | 152 (55.47) | 14 (100.00) | 7 (87.50) | 173 (58.45) |
| ਔਰਤ | 122 (44.53) | 0 (0.00) | 1 (12.50) | 123 (41.55) |
| **ਕੁੱਲ** | **274 (100.00)** | **14 (100.00)** | **8 (100.00)** | **296 (100.00)** |

**ਸਰੋਤ**: ਫੀਲਡ ਸਰਵੇਖਣ, 2020

**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 7 ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਦੇ ਮੰਜ਼ਿਲ ਵਾਲੇ ਦੇਸ਼ਾਂ ਬਾਰੇ ਜਾਣਕਾਰੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਮੰਜ਼ਿਲ ਵਾਲੇ ਦੇਸ਼ਾਂ ਦੀ ਸੂਚੀ ਭਾਵੇਂ ਲੰਮੀ ਹੈ, ਪਰ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਜ਼ਿਆਦਾ ਤਰਜੀਹ ਵਾਲੇ ਦੇਸ਼- ਕੈਨੇਡਾ, ਅਸਟਰੇਲੀਆ, ਨਿਊਜ਼ੀਲੈਂਡ, ਯੂ.ਐੱਸ.ਏ. ਅਤੇ ਇਟਲੀ ਹਨ, ਜਿੱਥੇ ਪੇਂਡੂ ਪੰਜਾਬ ਦੇ 129, 66, 25, 17, ਅਤੇ 16 ਵਿਅਕਤੀਆਂ ਨੇ ਪਰਵਾਸ ਕੀਤਾ। ਮੌਜੂਦਾ ਅਧਿਐਨ ਦਾ ਇਹ ਨਤੀਜਾ ਇਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ ਮੇਲ ਖਾਂਦਾ ਹੈ ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸ਼ਾਂ ਵੱਲ ਹੋ ਰਿਹਾ ਹੈ। ਵਿਕਸਤ ਦੇਸ਼ਾਂ ਵਿਚੋਂ ਕੈਨੇਡੀਅਨ ਸਰਕਾਰ ਪਰਵਾਸੀਆਂ ਨੂੰ ਪੱਕੀ ਨਿਵਾਸਤਾ ਪ੍ਰਦਾਨ ਕਰਨ ਵਿਚ ਸਭ ਤੋਂ ਵੱਧ ਉਦਾਰ ਹੈ ਅਤੇ ਉਸ ਨੇ ਕੌਮਾਂਤਰੀ ਵਿਦਿਆਰਥੀਆਂ ਲਈ 200 ਦੇ ਕਰੀਬ ਕਾਲਜ ਖੋਲ੍ਹੇ ਹਨ, ਪੰਜਾਬੀ ਨੌਜਵਾਨ ਇਸ ਮੌਕੇ ਦਾ ਪੂਰਾ ਫ਼ਾਇਦਾ ਉੱਠਾ ਰਹੇ ਹਨ। ਇਸ ਸਾਲ ਸੂਬੇ ਦੇ ਲਗਭਗ 1.25 ਲੱਖ ਵਿਦਿਆਰਥੀਆਂ ਨੇ ਸਿੱਖਿਆ ਲਈ ਕੈਨੇਡਾ ਪਰਵਾਸ ਕੀਤਾ ਅਤੇ ਸਿਰਫ਼ 25 ਹਜ਼ਾਰ ਨੇ ਅਸਟਰੇਲੀਆ ਦੀ ਚੋਣ ਕੀਤੀ, ਜਦੋਂ ਕਿ ਨਿਊਜ਼ੀਲੈਂਡ, ਯੂ.ਐੱਸ.ਏ. ਅਤੇ ਯੂ.ਕੇ. ਨੇ ਇਸ ਸੰਬੰਧੀ ਕਾਨੂੰਨ ਅਤੇ ਨੀਤੀਆਂ ਬਹੁਤ ਸਖ਼ਤ ਕਰ ਲਈਆਂ ਹਨ (ਦਿ ਟ੍ਰਿਬਿਊਨ, 2018)।

**ਸਾਰਨੀ 7**

**ਕੌਮਾਂਤਰੀ ਪਰਵਾਸ ਦੇ ਦੇਸ਼ਾਂ ਦਾ ਵੇਰਵਾ**

| ਦੇਸ਼ ਦਾ ਨਾਂ | ਜਨਰਲ | | ਅਨੁਸੂਚਿਤ ਜਾਤੀ | | | ਪੱਛੜੀਆਂ ਸ਼੍ਰੇਣੀਆਂ | | | | ਕੁੱਲ |
|---|---|---|---|---|---|---|---|---|---|---|
| | ਜੱਟ | ਬ੍ਰਾਹਮਣ | ਗਡਰੀਏ | ਰਾਮਦਾਸੀਏ | ਬਾਜ਼ੀਗਰ | ਮੈਹਰੇ/ ਝਿਊਰ | ਘੁਮਿਆਰ/ ਪਰਜਾਪਤ | ਨਾਈ | ਲੁਹਾਰ | |
| ਕੈਨੇਡਾ | 125 | 1 | | 2 | | | | 1 | | 129 |
| ਅਸਟਰੇਲੀਆ | 64 | 1 | | | | | | 1 | | 66 |
| ਨਿਊਜ਼ੀਲੈਂਡ | 24 | | | | | 1 | | | | 25 |
| ਯੂ.ਐੱਸ.ਏ. | 17 | | | | | | | | | 17 |
| ਇਟਲੀ | 15 | | 1 | | | | | | | 16 |
| ਸਾਈਪ੍ਰਸ | 1 | | 4 | | | | | | | 5 |
| ਦੁਬਈ | 1 | 1 | | 1 | | | 2 | | | 5 |
| ਯੂ.ਕੇ. | 5 | | | | | | | | | 5 |
| ਜਰਮਨੀ | 3 | | 1 | | | | | | | 4 |
| ਜਾਰਡਨ | | | 2 | 2 | | | | | | 4 |
| ਬਹਿਰੀਨ | 3 | | | | | | | | | 3 |
| ਦੱਖਣੀ ਅਫਰੀਕਾ | 2 | | | | | | | | 1 | 3 |
| ਮਲੇਸ਼ੀਆ | | | | | 1 | 1 | | | | 2 |
| ਸਊਦੀ ਅਰਬ | 1 | | | | | 1 | | | | 2 |
| ਸਿੰਗਾਪੁਰ | 2 | | | | | | | | | 2 |
| ਸਪੇਨ | 2 | | | | | | | | | 2 |
| ਸਵੀਡਨ | 2 | | | | | | | | | 2 |
| ਕੁਵੈਤ | 1 | | | | | | | | | 1 |
| ਫਿਲੀਪੀਨਜ਼ | 1 | | | | | | | | | 1 |
| ਪੁਰਤਗਾਲ | 1 | | | | | | | | | 1 |
| ਥਾਈਲੈਂਡ | 1 | | | | | | | | | 1 |
| **ਕੁੱਲ** | **271** | **3** | **8** | **5** | **1** | **3** | **2** | **2** | **1** | **296** |


**ਸਰੋਤ**: ਫੀਲਡ ਸਰਵੇਖਣ, 2020

ਇਹ ਸਾਰਨੀ ਅੱਗੇ ਦਰਸਾਉਂਦੀ ਹੈ ਕਿ ਜਨਰਲ ਸ਼੍ਰੇਣੀ ਵਿਚੋਂ, ਸਭ ਤੋਂ ਵੱਧ ਪੇਂਡੂ ਲੋਕ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਯੂ.ਐੱਸ.ਏ. ਅਤੇ ਇਟਲੀ ਗਏ ਹਨ। ਹਾਲਾਂਕਿ, ਅਨੁਸੂਚਿਤ ਜਾਤੀਆਂ ਵਿਚ, ਸਾਈਪ੍ਰਸ ਅਤੇ ਜਾਰਡਨ ਸਭ ਤੋਂ ਤਰਜ਼ੀਹੀ ਵਾਲੇ ਮੰਜ਼ਿਲ ਦੇਸ਼ ਹਨ। ਪੱਛੜੀਆਂ ਸ਼੍ਰੇਣੀਆਂ ਦੇ ਦੋ ਵਿਅਕਤੀ ਦੁਬਈ ਗਏ, ਅਤੇ ਇਹਨਾਂ ਸ਼੍ਰੇਣੀਆਂ ਵਿਚੋਂ ਇਕ ਇਕ ਵਿਅਕਤੀ ਕੈਨੇਡਾ, ਮਲੇਸ਼ੀਆ, ਆਸਟਰੇਲੀਆ, ਨਿਊਜ਼ੀਲੈਂਡ, ਦੱਖਣੀ ਅਫਰੀਕਾ, ਅਤੇ ਸਾਊਦੀ ਅਰਬ ਗਿਆ ਹੈ ।

ਚਿੱਤਰ 2 ਤੋਂ ਸਪੱਸ਼ਟ ਹੈ ਕਿ ਪੇਂਡੂ ਪੰਜਾਬ ਤੋਂ ਸਭ ਤੋਂ ਵੱਧ ਲੋਕ ਕੈਨੇਡਾ ਗਏ, ਉਸ ਤੋਂ ਬਾਅਦ ਤਰਜ਼ੀਹ ਵਾਲੇ ਦੇਸ਼ ਅਸਟਰੇਲੀਆ, ਨਿਊਜ਼ੀਲੈਂਡ, ਯੂ.ਐੱਸ.ਏ. ਅਤੇ ਇਟਲੀ ਹਨ।

**ਚਿੱਤਰ 2**

**ਕੌਮਾਂਤਰੀ ਪਰਵਾਸ ਦੇ ਦੇਸ਼ਾਂ ਦਾ ਵੇਰਵਾ**




**ਸਰੋਤ:** ਸਾਰਨੀ 7 ਉੱਤੇ ਆਧਾਰਿਤ।

ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦਾ ਵੇਰਵਾ ਸਾਰਨੀ 8 ਵਿਚ ਦਿੱਤਾ ਗਿਆ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਪੇਂਡੂ ਪੰਜਾਬ ਦੇ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ, ਸਭ ਤੋਂ ਵੱਧ ਪਰਿਵਾਰਾਂ ਕੋਲ (24.64 ਪ੍ਰਤਿਸ਼ਤ) ਜ਼ਮੀਨ ਦਾ ਆਕਾਰ 2.51 ਤੋਂ 5.00 ਏਕੜ ਤੱਕ ਹੈ। 20.29 ਪ੍ਰਤਿਸ਼ਤ ਪਰਿਵਾਰਾਂ ਕੋਲ 10 ਏਕੜ ਤੋਂ ਵੱਧ ਜ਼ਮੀਨ ਹੈ। ਇਸ ਤੋਂ ਬਾਅਦ 17.39, 14.01, ਅਤੇ 13.04 ਪ੍ਰਤਿਸ਼ਤ ਪਰਿਵਾਰਾਂ ਕੋਲ ਕ੍ਰਮਵਾਰ 7.51 ਤੋਂ 10.00 ਏਕੜ, 2.51 ਏਕੜ ਤੋਂ ਘੱਟ, ਅਤੇ 5.01 ਤੋਂ 7.50 ਏਕੜ ਤੱਕ ਜ਼ਮੀਨ ਹੈ। ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ, 10.63 ਪ੍ਰਤਿਸ਼ਤ ਪਰਿਵਾਰਾਂ ਕੋਲ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਹੈ। ਜਾਤੀ-ਆਧਾਰਿਤ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਬਹੁਤੇ ਪਰਿਵਾਰ ਬੇਜ਼ਮੀਨੇ ਹਨ। ਖੋਜ ਦਾ ਇਹ ਮਹੱਤਵਪੂਰਨ ਨਤੀਜਾ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਕੌਮਾਂਤਰੀ ਪਰਵਾਸ ਬਹੁਤ ਮਹਿੰਗਾ ਵਰਤਾਰਾ ਹੈ। ਆਮ ਤੌਰ ਉੱਤੇ ਜ਼ਮੀਨਾਂ ਦੀ ਮਾਲਕੀ ਵਾਲੀ ਜੱਟ ਜਾਤੀ ਹੀ ਇਸ ਨੂੰ ਬਰਦਾਸ਼ਤ ਕਰ ਸਕਦੀ ਹੈ ਕਿਉਂਕਿ ਪਰਵਾਸ ਕਰਨ ਸਮੇਂ ਇਹ ਜਾਤੀ ਆਪਣੀ ਜ਼ਮੀਨ ਨੂੰ ਗਿਰਵੀ ਰੱਖਕੇ ਜਾਂ ਵੇਚਕੇ ਫੰਡ ਇਕੱਠਾ ਕਰ ਸਕਦੀ ਹੈ।

**ਸਾਰਨੀ 8**

**ਪਰਵਾਸੀਆਂ ਦੀ ਜ਼ਮੀਨ ਮਾਲਕੀ ਅਨੁਸਾਰ ਵੰਡ**

| ਜ਼ਮੀਨ ਦਾ ਆਕਾਰ (ਏਕੜਾਂ ਵਿੱਚ) | ਜਾਤੀ ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀਆਂ | ਪੱਛੜੀਆਂ ਸ਼੍ਰੇਣੀਆਂ | |
| ਭੂਮੀਹੀਣ | 4 (2.15) | 12 (92.31) | 6 (75.00) | 22 (10.63) |
| 2.50ਏਕੜ ਤੱਕ | 26 (13.98) | 1 (7.69) | 2 (25.00) | 29 (14.01) |
| 2.51-5.00 | 51 (27.42) | 0 (0.00) | 0 (0.00) | 51 (24.64) |
| 5.01-7.50 | 27 (14.52) | 0 (0.00) | 0 (0.00) | 27 (13.04) |
| 7.51-10.00 | 36 (19.35) | 0 (0.00) | 0 (0.00) | 36 (17.39) |
| 10.00 ਤੋਂ ਵੱਧ | 42 (22.58) | 0 (0.00) | 0 (0.00) | 42 (20.29) |
| **ਕੁੱਲ** | **186 (100.00)** | **13 (100.00)** | **8 (100.00)** | **207 (100.00)** |

**ਸਰੋਤ**: ਫੀਲਡ ਸਰਵੇਖਣ, 2020

**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 9 ਅਤੇ ਚਿੱਤਰ 3 ਤੋਂ ਇਹ ਪਤਾ ਲੱਗਦਾ ਹੈ ਕਿ ਪੇਂਡੂ ਪੰਜਾਬ ਦੇ ਕੁੱਲ 296 ਪਰਵਾਸੀਆਂ ਵਿਚੋਂ, 2019 ਵਿਚ 22.30 ਪ੍ਰਤਿਸ਼ਤ, 2018 ਵਿਚ 15.88 ਪ੍ਰਤਿਸ਼ਤ, 2017 ਵਿਚ 12.16 ਪ੍ਰਤਿਸ਼ਤ, 2016 ਵਿਚ 7.43 ਪ੍ਰਤਿਸ਼ਤ, 2015 ਵਿਚ 7.09 ਪ੍ਰਤਿਸ਼ਤ, 2010 ਵਿਚ 5.41 ਪ੍ਰਤਿਸ਼ਤ ਅਤੇ ਹੋਰ ਸਾਲਾਂ ਵਿਚ 5 ਪ੍ਰਤਿਸ਼ਤ ਤੋਂ ਘੱਟ ਵਿਅਕਤੀਆਂ ਨੇ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਤੌਰ ਉੱਤੇ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਪਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ ਬਾਅਦ ਤੇਜ਼ੀ ਆਈ ਹੈ।

**ਸਾਰਨੀ 9**


**ਪਰਵਾਸੀਆਂ ਦੀ ਪਰਵਾਸ ਦੇ ਸਾਲ ਅਨੁਸਾਰ ਵੰਡ**

| ਪਰਵਾਸ ਦਾ ਸਾਲ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| 2019 | 66 | 22.30 |
| 2018 | 47 | 15.88 |
| 2017 | 36 | 12.16 |
| 2016 | 22 | 7.43 |
| 2015 | 21 | 7.09 |
| 2014 | 14 | 4.73 |
| 2013 | 5 | 1.69 |
| 2012 | 3 | 1.01 |
| 2011 | 12 | 4.05 |
| 2010 | 16 | 5.41 |
| 2009 | 11 | 3.72 |
| 2008 | 11 | 3.72 |
| 2007 | 5 | 1.69 |
| 2006 | 6 | 2.03 |
| 2005 | 5 | 1.69 |
| 2004 | 3 | 1.01 |
| 2003 | 0 | 0.00 |
| 2002 | 0 | 0.00 |
| 2001 | 1 | 0.34 |
| 2000 ਜਾਂ ਪਹਿਲਾਂ | 12 | 4.05 |
| **ਕੁੱਲ** | **296** | **100.00** |

**ਸਰੋਤ**: ਫੀਲਡ ਸਰਵੇਖਣ, 2020

**ਚਿੱਤਰ 3**

**ਪਰਵਾਸੀਆਂ ਦੀ ਪਰਵਾਸ ਦੇ ਸਾਲ ਅਨੁਸਾਰ ਵੰਡ**




**ਸਰੋਤ:** ਸਾਰਨੀ 9 ਉੱਤੇ ਆਧਾਰਿਤ।

ਵਿਦੇਸ਼ਾਂ ਵਿਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿਚ ਵਧੇਰੇ ਸਮਾਂ ਲੱਗਦਾ ਹੈ,ਪਰ ਇਸ ਵਿਚ ਘੱਟ ਜੋਖ਼ਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗ਼ੈਰ-ਕਨੂੰਨੀ ਪਰਵਾਸ ਦੂਜੇ ਦੇਸ਼ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜਕੇ ਦੇਸ਼ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਹੈ, ਜੋ ਇਕ ਬਹੁਤ ਹੀ ਜੋਖ਼ਮ ਭਰਪੂਰ ਮਾਮਲਾ ਹੈ। ਅਧਿਐਨ ਦਾ ਇਕ ਸਕਾਰਾਤਮਕ ਪਹਿਲੂ ਇਹ ਹੈ ਕਿ 92.91 ਪ੍ਰਤਿਸ਼ਤ ਮਾਮਲਿਆਂ ਵਿਚ, ਪਰਵਾਸ ਦਾ ਢੰਗ ਕਾਨੂੰਨੀ ਹੈ, ਜਦੋਂਕਿ ਸਿਰਫ਼ 7.09 ਪ੍ਰਤਿਸ਼ਤ ਮਾਮਲਿਆਂ ਵਿਚ, ਇਹ ਗ਼ੈਰ-ਕਾਨੂੰਨੀ ਹੈ। ਗ਼ੈਰ-ਕਾਨੂੰਨੀ ਪਰਵਾਸੀਆਂ ਵਿਚੋਂ, 4.05 ਪ੍ਰਤਿਸ਼ਤ ਲੋਕ ਕੰਮ ਦੇ ਵੀਜ਼ੇ, ਜਦੋਂਕਿ 3.04 ਪ੍ਰਤਿਸ਼ਤ ਵਿਜ਼ਟਰ ਵੀਜ਼ਾ ਉੱਤੇ ਉੱਤੇ ਦੂਜੇ ਦੇਸ਼ਾਂ ਵਿਚ ਗਏ (ਸਾਰਨੀ 10)। ਯੂ.ਐੱਨ.ਓ.ਡੀ.ਸੀ. (2009) ਦੀ ਇਕ ਰਿਪੋਰਟ ਵੀ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਬਹੁਗਿਣਤੀ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸ਼ਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

**ਸਾਰਨੀ 10**

**ਪਰਵਾਸੀਆਂ ਦੀ ਪਰਵਾਸ ਦੇ ਢੰਗ ਅਨੁਸਾਰ ਵੰਡ**

| **ਪਰਵਾਸ ਦੇ ਢੰਗ** | **ਪਰਵਾਸੀਆਂ ਦੀ ਗਿਣਤੀ** | **ਪ੍ਰਤਿਸ਼ਤ** |
|---|---|---|
| ਕਨੂੰਨੀ | **275** | **92.91** |
| ਗ਼ੈਰ-ਕਨੂੰਨੀ | 21 | 7.09 |
| **ਕੁੱਲ** | **296** | **100.00** |
| **ਗ਼ੈਰ-ਕਨੂੰਨੀ ਪਰਵਾਸ ਦੌਰਾਨ ਵੀਜ਼ੇ ਦੀ ਕਿਸਮ** | | |
| 1) ਵਰਕ | 12 | 4.05 |
| 2) ਵਿਜ਼ਟਰ | 9 | 3.04 |
| **ਕੁੱਲ** | **21** | **7.09** |

**ਸਰੋਤ:** ਫੀਲਡ ਸਰਵੇਖਣ, 2020

**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 11 ਦਰਸਾਉਂਦੀ ਹੈ ਕਿ ਪੇਂਡੂ ਪੰਜਾਬ ਵਿਚੋਂ ਅੱਧੇ ਤੋਂ ਵੱਧ (51.69 ਪ੍ਰਤਿਸ਼ਤ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ, ਜਦੋਂ ਕਿ ਇੱਕ-ਚੌਥਾਈ ਤੋਂ ਥੋੜ੍ਹਾ ਵੱਧ (25.34 ਪ੍ਰਤਿਸ਼ਤ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। 17.23 ਪ੍ਰਤਿਸ਼ਤ ਵਿਅਕਤੀ ਸਪਾਉਜ਼ ਵੀਜ਼ੇ ਉੱਤੇ ਵਿਦੇਸ਼ ਗਏ,

ਜਦੋਂਕਿ ਥੋੜ੍ਹੇ ਜਿਹੇ (3.72 ਪ੍ਰਤਿਸ਼ਤ) ਵਿਅਕਤੀਆਂ ਨੇ ਵਿਜ਼ਟਰ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਸਿਰਫ਼ 2.03 ਪ੍ਰਤਿਸ਼ਤ ਵਿਅਕਤੀਆਂ ਦੇ ਕੋਲ ਵਿਦੇਸ਼ ਜਾਣ ਲਈ ਪਰਿਵਾਰ ਆਧਾਰਿਤ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ। ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਿਚੋਂ, ਕੰਮ ਦੇ ਮਕਸਦ ਲਈ ਵਿਦੇਸ਼ਾਂ ਵਿਚ ਜਾਣ ਵਾਲੇ ਵਿਅਕਤੀਆਂ ਦੀ ਵਧੇਰੇ ਗਿਣਤੀ ਹੈ ਕਿਉਂਕਿ ਦੇਸ਼ ਵਿਚ ਉਹਨਾਂ ਲਈ ਰੁਜ਼ਗਾਰ ਦੇ ਮੌਕੇ ਨਹੀਂ ਹਨ। ਹਾਲਾਂਕਿ, ਜਨਰਲ ਸ਼੍ਰੇਣੀ ਦੇ ਮਾਮਲੇ ਵਿਚ, 54.01 ਪ੍ਰਤਿਸ਼ਤ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਸਿਰਫ਼ 21.53 ਅਤੇ 18.25 ਪ੍ਰਤਿਸ਼ਤ ਵਿਅਕਤੀਆਂ ਦੇ ਵਿਦੇਸ਼ ਜਾਣ ਲਈ ਕ੍ਰਮਵਾਰ ਵਰਕ ਵੀਜ਼ਾ ਅਤੇ ਸਪਾਊਜ਼ ਵੀਜ਼ਾ ਦੀ ਵਰਤੋਂ ਕੀਤੀ।

**ਸਾਰਨੀ 11**

**ਪਰਵਾਸ ਲਈ ਵੀਜ਼ੇ ਦੀ ਕਿਸਮ**

| ਵੀਜ਼ੇ ਦੀ ਕਿਸਮ | ਜਾਤੀ ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀਆਂ | ਪੱਛੜੀਆਂ ਸ਼੍ਰੇਣੀਆਂ | |
| 1) ਪੜ੍ਹਾਈ | 148 (54.01) | 3 (21.43) | 2 (25.00) | 153 (51.69) |
| 2) ਵਰਕ | 59 (21.53) | 11 (78.57) | 5 (62.50) | 75 (25.34) |
| 3) ਸਪਾਊਜ਼ | 50 (18.25) | 0 (0.00) | 1 (12.50) | 51 (17.23) |
| 4) ਵਿਜ਼ਟਰ | 11 (4.01) | 0 (0.00) | 0 (0.00) | 11 (3.72) |
| 5) ਪਰਿਵਾਰ ਆਧਾਰਿਤ/ਖ਼ੂਨ ਨਾਲ ਸੰਬੰਧਿਤ | 6 (2.19) | 0 (0.00) | 0 (0.00) | 6 (2.03) |
| **ਕੁੱਲ** | **274 (100.00)** | **14 (100.00)** | **8 (100.00)** | **296 (100.00)** |

**ਸਰੋਤ:** ਫੀਲਡ ਸਰਵੇਖਣ, 2020

**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਜੇ ਕੋਈ ਵਿਅਕਤੀ ਉੱਚ-ਸਿੱਖਿਆ ਲਈ ਵਿਦੇਸ਼ਾਂ ਵਿਚ ਜਾਣਾ ਚਾਹੁੰਦਾ ਹੈ, ਤਾਂ ਉਸ ਨੂੰ ਅੰਗਰੇਜ਼ੀ ਭਾਸ਼ਾ ਦੇ ਕੁਝ ਬੁਨਿਆਦੀ ਟੈਸਟ ਜਿਵੇਂ ਆਈਲੈਟਸ/ਟੋਫਲ/ ਜੀ.ਆਰ.ਈ./ ਸੈੱਟ/ਪੀ.ਟੀ.ਈ. ਪਾਸ ਕਰਨੇ ਪੈਂਦੇ ਹਨ, ਜੋ ਵਿਦੇਸ਼ਾਂ ਦੁਆਰਾ ਸਵੀਕਾਰੇ ਗਏ ਹਨ ਜਿੱਥੇ ਅੰਗਰੇਜ਼ੀ ਭਾਸ਼ਾ ਸੰਚਾਰ ਦਾ ਮੁੱਖ ਸਾਧਨ ਮੰਨੀ ਜਾਂਦੀ ਹੈ। ਵਿਦੇਸ਼ ਜਾਣ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਪਾਸ ਕੀਤੇ ਗਏ ਅੰਗਰੇਜ਼ੀ ਭਾਸ਼ਾ ਦੇ ਟੈਸਟ ਦੇ ਵੇਰਵੇ ਸਾਰਨੀ 12 ਵਿਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਕੁੱਲ 296 ਪਰਵਾਸੀਆਂ ਵਿਚੋਂ, ਦੋ-ਤਿਹਾਈ ਤੋਂ ਜ਼ਿਆਦਾ(68.24 ਪ੍ਰਤਿਸ਼ਤ) ਨੇ ਇਹ ਪ੍ਰੀਖਿਆ ਪਾਸ ਕੀਤੀ ਹੈ, ਜਦੋਂਕਿ ਬਾਕੀ 31.76 ਪ੍ਰਤਿਸ਼ਤਨੇ ਇਸ ਕਿਸਮ ਦੀ ਕੋਈ ਪ੍ਰੀਖਿਆ ਪਾਸ ਨਹੀਂ ਕੀਤੀ ਹੈ।

**ਸਾਰਨੀ 12**

**ਪਰਵਾਸੀਆਂ ਦੁਆਰਾ ਪਾਸ ਕੀਤੇ ਗਏ ਅੰਗਰੇਜ਼ੀ ਭਾਸ਼ਾ ਦੇ ਟੈਸਟ ਦਾ ਵੇਰਵਾ**

| ਵੇਰਵਾ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਅੰਗਰੇਜ਼ੀ ਭਾਸ਼ਾ ਦਾ ਬੁਨਿਆਦੀ ਟੈਸਟ ਪਾਸ ਕਰਨ ਵਾਲੇ ਪਰਵਾਸੀ | 202 | 68.24 |
| ਟੈਸਟ ਪਾਸ ਨਾ ਕਰਨ ਵਾਲੇ ਪਰਵਾਸੀ | 94 | 31.76 |
| **ਕੁੱਲ** | **296** | **100.00** |

**ਸਰੋਤ:** ਫੀਲਡ ਸਰਵੇਖਣ, 2020

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇਕ ਤੱਤ ਹੀ ਦੁਆਰਾ ਪ੍ਰਭਾਵਿਤ ਨਹੀਂ ਹੁੰਦਾ; ਸਗੋਂ ਇਹ ਬਹੁਤ ਸਾਰੇ ਤੱਤਾਂ ਦੇ ਸੁਮੇਲ ਦੁਆਰਾ ਪ੍ਰਭਾਵਿਤ ਹੁੰਦਾ ਹੈ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇਕ ਸਖ਼ਤ ਕਦਮ ਹੈ ਕਿਉਂਕਿ ਇਸ ਕਿਸਮ ਦੇ

ਪਰਵਾਸ ਵਿਚ ਬਹੁਤ ਜ਼ਿਆਦਾ ਜੋਖ਼ਮ ਦੇ ਨਾਲ-ਨਾਲ ਵੱਧ ਲਾਭ ਵੀ ਸ਼ਾਮਿਲ ਹੁੰਦੇ ਹਨ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਤੱਤਾਂ ਬਾਰੇ ਦੱਸਿਆ(ਸਾਰਨੀ 13) :

**ਸਾਰਨੀ 13**
**ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ**

| ਕ੍ਰਮ ਅੰਕ | ਪ੍ਰਭਾਵਿਤ ਕਰਨ ਵਾਲੇ ਤੱਤ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|---|
| 1. | ਬੇਰੁਜ਼ਗਾਰੀ | 154 | 52.03 |
| 2. | ਹਾਣੀਆਂ ਦਾ ਦਬਾਅ | 73 | 24.66 |
| 3. | ਨਸ਼ਾਖੋਰੀ ਤੋਂ ਬਚਣਾ | 27 | 9.12 |
| 4. | ਵਧੇਰੇ ਕਮਾਈ ਕਰਨ ਦੀ ਇੱਛਾ | 137 | 46.28 |
| 5. | ਦੂਜੇ ਦੇਸ਼ਾਂ ਵਿੱਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ | 126 | 42.57 |
| 6. | ਪਰਿਵਾਰਕ ਪਰਵਾਸ | 13 | 4.39 |
| 7. | ਉੱਚ-ਸਿੱਖਿਆ ਪ੍ਰਾਪਤ ਕਰਨਾ | 6 | 2.03 |

**ਸਰੋਤ:** ਫੀਲਡ ਸਰਵੇਖਣ, 2020

- 52.03 ਪ੍ਰਤਿਸ਼ਤ ਪਰਵਾਸੀਆਂ ਦੇ ਮਾਮਲੇ ਵਿਚ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।
- 46.28 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸ਼ਾਂ ਵਿਚ ਪਰਵਾਸ ਲਈ ਪ੍ਰੇਰਿਤ ਕੀਤਾ।
- ਵਿਦੇਸ਼ਾਂ ਵਿਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 42.57 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਤ ਕੀਤਾ।
- ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਇੱਕ-ਚੌਥਾਈ ਤੋਂ ਥੋੜ੍ਹੇ ਜਿਹੇ ਘੱਟ (24.66 ਪ੍ਰਤਿਸ਼ਤ) ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ ਗਏ।
- 9.12 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ।
- ਪੇਂਡੂ ਪੰਜਾਬ ਦੇ ਲੋਕਾਂ ਦੇ ਇਕ ਛੋਟੇ ਜਿਹੇ ਹਿੱਸੇ (4.39 ਪ੍ਰਤਿਸ਼ਤ) ਦੇ ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸ਼ਾਂ ਵਿਚ ਵੱਸ ਜਾਣਾ ਸੀ।
- ਕੇਵਲ 2.03 ਪ੍ਰਤਿਸ਼ਤ ਵਿਅਕਤੀਆਂ ਨੇ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿਚ ਪਰਵਾਸ ਕੀਤਾ।

ਮੌਜੂਦਾ ਅਧਿਐਨ ਦਰਸਾਉਂਦਾ ਹੈ ਕਿ 153 ਵਿਅਕਤੀ ਉੱਚੀ ਵਿਦਿਆ ਗ੍ਰਹਿਣ ਕਰਨ ਦੇ ਉਦੇਸ਼ ਲਈ ਵਿਦੇਸ਼ਾਂ ਵਿਚ ਗਏ। ਇਸ ਲਈ ਵਿਦੇਸ਼ਾਂ ਵਿਚ ਵਿਦਿਆਰਥੀਆਂ ਦੁਆਰਾ ਚੁਣੇ ਗਏ ਕੋਰਸਾਂ ਬਾਰੇ ਜਾਣਕਾਰੀ ਸਾਰਨੀ 14 ਵਿਚ ਦਿੱਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਇੱਕ-ਚੌਥਾਈ ਤੋਂ ਵੱਧ (26.14 ਪ੍ਰਤਿਸ਼ਤ) ਵਿਦਿਆਰਥੀਆਂ ਨੇ ਕਾਮਰਸ ਅਤੇ ਮੈਨੇਜਮੈਂਟ ਦੀ ਡਿਗਰੀ/ਡਿਪਲੋਮਾ ਕੋਰਸ ਚੁਣਿਆ। ਇਸ ਤੋਂ ਬਾਅਦ 10.46, 9.80, 7.84, 4.58, ਅਤੇ 2.62 ਪ੍ਰਤਿਸ਼ਤ ਵਿਦਿਆਰਥੀਆਂ ਨੇ ਕ੍ਰਮਵਾਰ ਨਾਨ-ਮੈਡੀਕਲ, ਮੈਡੀਕਲ, ਹੋਟਲ ਮੈਨੇਜਮੈਂਟ, ਆਈ.ਟੀ., ਅਤੇ ਆਰਟਸ ਦੀ ਡਿਗਰੀ/ਡਿਪਲੋਮਾ ਕੋਰਸ ਕਰਨ ਨੂੰ ਚੁਣਿਆ। ਦਿਲਚਸਪ ਗੱਲ ਇਹ ਹੈ ਕਿ 38.56 ਪ੍ਰਤਿਸ਼ਤ ਵਿਦਿਆਰਥੀਆਂ ਦੇ ਮਾਪੇ ਆਪਣੇ ਬੱਚਿਆਂ ਦੁਆਰਾ ਵਿਦੇਸ਼ਾਂ ਵਿਚ ਕੀਤੇ ਜਾ ਰਹੇ ਕੋਰਸ ਬਾਰੇ ਨਹੀਂ ਜਾਣਦੇ।

**ਸਾਰਨੀ 14**
**ਵਿਦੇਸ਼ਾਂ ਵਿੱਚ ਵਿਦਿਆਰਥੀ ਪਰਵਾਸੀਆਂ ਦੁਆਰਾ ਚੁਣੇ ਗਏ ਕੋਰਸ**

| ਵੇਰਵਾ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਕਾਮਰਸ ਐਂਡ ਮੈਨੇਜਮੈਂਟ ਵਿੱਚ ਡਿਗਰੀ/ਡਿਪਲੋਮਾ | 40 | 26.14 |
| ਮੈਡੀਕਲ ਵਿੱਚ ਡਿਗਰੀ/ਡਿਪਲੋਮਾ | 15 | 9.80 |
| ਨਾਨ-ਮੈਡੀਕਲ ਵਿਚ ਡਿਗਰੀ/ਡਿਪਲੋਮਾ | 16 | 10.46 |
| ਹੋਟਲ ਮੈਨੇਜਮੈਂਟ ਵਿੱਚ ਡਿਗਰੀ/ਡਿਪਲੋਮਾ | 12 | 7.84 |
| ਆਈ.ਟੀ. ਵਿੱਚ ਡਿਗਰੀ/ਡਿਪਲੋਮਾ | 7 | 4.58 |
| ਆਰਟਸ ਵਿੱਚ ਡਿਗਰੀ/ਡਿਪਲੋਮਾ | 4 | 2.62 |
| ਪਤਾ ਨਹੀਂ | 59 | 38.56 |
| **ਕੁੱਲ** | **153** | **100.00** |

**ਸਰੋਤ:** ਫੀਲਡ ਸਰਵੇਖਣ, 2020

ਪੇਂਡੂ ਪੰਜਾਬ ਦੇ ਲੋਕਾਂ ਦੇ ਕੌਮਾਂਤਰੀ ਪਰਵਾਸ ਤੋਂ ਪਹਿਲਾਂ ਅਤੇ ਬਾਅਦ ਦੇ ਕਿੱਤੇ ਸੰਬੰਧੀ ਅੰਕੜੇ ਸਾਰਨੀ 15 ਵਿਚ ਦਿੱਤੇ ਗਏ ਹਨ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਅੱਧੇ ਤੋਂ ਵੱਧ (52.03 ਪ੍ਰਤਿਸ਼ਤ) ਪਰਵਾਸੀ ਆਪਣੇ ਪਰਵਾਸ ਤੋਂ ਪਹਿਲਾਂ ਵਿਦਿਆਰਥੀ ਸਨ। ਪੰਜਵੇਂ ਹਿੱਸੇ ਤੋਂ ਥੋੜ੍ਹੇ ਜਿਹੇ ਘੱਟ (18.92 ਪ੍ਰਤਿਸ਼ਤ) ਪਰਵਾਸੀ ਕਿਸਾਨ ਸਨ। 11.48 ਪ੍ਰਤਿਸ਼ਤ ਪਰਵਾਸੀ ਕੌਮਾਂਤਰੀ ਪਰਵਾਸ ਤੋਂ ਪਹਿਲਾਂ ਬੇਰੁਜ਼ਗਾਰ ਸਨ ਅਤੇ ਇੰਨੇ ਹੀ (11.48 ਪ੍ਰਤਿਸ਼ਤ) ਪਰਵਾਸੀ ਆਪਣੇ ਘਰੇਲੂ ਕੰਮ ਕਰ ਰਹੇ ਸਨ। ਬਹੁਤ ਥੋੜ੍ਹੇ ਪਰਵਾਸੀ ਕੌਮਾਂਤਰੀ ਪਰਵਾਸ ਤੋਂ ਪਹਿਲਾਂ ਦਿਹਾੜੀ-ਦੱਪਾ, ਆਪਣਾ ਕੋਈ ਧੰਦਾ ਕਰਦੇ ਸਨ। ਕੇਵਲ ਇਕ ਪਰਵਾਸੀ ਇੱਥੇ ਸਰਕਾਰੀ ਨੌਕਰੀ ਕਰਦਾ ਸੀ।

ਜਿੱਥੋਂ ਤੱਕ ਕੌਮਾਂਤਰੀ ਪਰਵਾਸ ਦੇ ਬਾਅਦ ਪਰਵਾਸੀਆਂ ਦੇ ਕਿੱਤਿਆਂ ਦੀ ਗੱਲ ਹੈ, ਇਹ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਪਰਵਾਸੀਆਂ ਦਾ ਵੱਧ ਹਿੱਸਾ (37.50 ਪ੍ਰਤਿਸ਼ਤ) ਵਿਦੇਸ਼ਾਂ ਵਿਚ ਆਪਣੀ ਉੱਚੀ ਵਿਦਿਆ ਗ੍ਰਹਿਣ ਕਰ ਰਿਹਾ ਹੈ। ਪਰਵਾਸੀਆਂ ਵਿਚੋਂ ਇੱਕ-ਤਿਹਾਈ ਤੋਂ ਘੱਟ (32.43 ਪ੍ਰਤਿਸ਼ਤ) ਨਿੱਜੀ ਨੌਕਰੀਆਂ ਵਿਚ ਹਨ, ਜਦੋਂਕਿ 15.54 ਪ੍ਰਤਿਸ਼ਤ ਵਿਦੇਸ਼ਾਂ ਵਿਚ ਵਾਹਨ ਚਲਾਉਣ ਦੀ ਨੌਕਰੀ ਕਰਦੇ ਹਨ। ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਪੰਜਾਬੀਆਂ ਨੇ ਘੱਟ ਹੁਨਰਮੰਦ ਕਾਮਿਆਂ ਦੀ ਮੰਗ ਨੂੰ ਪੂਰਾ ਕਰਨ ਲਈ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਪਰਵਾਸ ਕੀਤਾ ਹੈ। ਕਪੂਰੀਆ ਅਤੇ ਬੀਰਵਾਲ (2017) ਦੁਆਰਾ ਕੀਤਾ ਗਿਆ ਇਕ ਖੋਜ ਅਧਿਐਨ ਵੀ ਇਸੇ ਤਰ੍ਹਾਂ ਦੇ ਨਤੀਜੇ ਪੇਸ਼ ਕਰਦਾ ਹੈ।

**ਸਾਰਨੀ 15**
**ਪਰਵਾਸ ਤੋਂ ਪਹਿਲਾਂ ਅਤੇ ਬਾਅਦ ਵਿੱਚ ਪਰਵਾਸੀਆਂ ਦਾ ਕਿੱਤਾ**

| ਵੇਰਵੇ | ਪਰਵਾਸ ਤੋਂ ਪਹਿਲਾਂ | ਪਰਵਾਸ ਤੋਂ ਬਾਅਦ |
|---|---|---|
| 1) ਖੇਤੀਬਾੜੀ | 56<br>(18.92) | 5<br>(1.69) |
| 2) ਘਰੇਲੂ ਕੰਮ | 34<br>(11.48) | 19<br>(6.42) |
| 3) ਨਿੱਜੀ ਨੌਕਰੀ | 10<br>(3.38) | 96<br>(32.43) |
| 4) ਪੜ੍ਹਾਈ | 154<br>(52.03) | 111<br>(37.50) |
| 5) ਬੇਰੁਜ਼ਗਾਰ | 34<br>(11.48) | 0<br>(0.00) |
| 6) ਦਿਹਾੜੀ | 4<br>(1.35) | 5<br>(1.69) |
| 7) ਸਰਕਾਰੀ ਨੌਕਰੀ | 1<br>(0.34) | 0<br>(0.00) |

| | | |
|---|---|---|
| 8) ਆਪਣਾ ਕਾਰੋਬਾਰ/ਸਵੈ-ਰੁਜ਼ਗਾਰ | 2 (0.68) | 12 (4.05) |
| 9) ਡਰਾਈਵਿੰਗ | 0 (0.00) | 46 (15.54) |
| 10) ਹੋਰ | 1 (0.34) | 2 (0.68) |
| **ਕੁੱਲ** | **296 (100.00)** | **296 (100.00)** |

**ਸਰੋਤ:** ਫੀਲਡ ਸਰਵੇਖਣ, 2020

***ਨੋਟ*** : ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਅੰਕੜੇ ਸਾਰਨੀ 16 ਵਿਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ 27.02 ਪ੍ਰਤਿਸ਼ਤ ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ 24 ਪ੍ਰਤਿਸ਼ਤ ਪਰਵਾਸੀਆਂ ਨੇ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 15.53, 14.86, 11.83, ਅਤੇ 4.40 ਪ੍ਰਤਿਸ਼ਤ ਪਰਵਾਸੀਆਂ ਦਾ ਕ੍ਰਮ ਆਉਂਦਾ ਹੈ ਜਿਹਨਾਂ ਵਿਦੇਸ਼ ਜਾਣ ਲਈ ਕ੍ਰਮਵਾਰ 10 ਤੋਂ 15; 5 ਤੋਂ 10; 20 ਤੋਂ 25; ਅਤੇ 25 ਤੋਂ 30 ਲੱਖ ਰੁਪਏ ਖ਼ਰਚੇ। ਇਸ ਮੰਤਵ ਲਈ 2.36 ਪ੍ਰਤਿਸ਼ਤ ਪਰਵਾਸੀਆਂ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚੇ।

**ਸਾਰਨੀ 16**
**ਪਰਵਾਸ ਲਈ ਕੀਤੇ ਖਰਚਿਆਂ ਦਾ ਵੇਰਵਾ**

| ਖ਼ਰਚ (ਲੱਖ, ਰੁਪਇਆਂ ਵਿੱਚ) | ਵੀਜ਼ੇ ਦੀ ਕਿਸਮ | | | | | ਕੁੱਲ |
|---|---|---|---|---|---|---|
| | ਪੜ੍ਹਾਈ | ਵਰਕ | ਸਪਾਊਜ਼ | ਵਿਜ਼ਟਰ | ਪਰਿਵਾਰ ਆਧਾਰਿਤ /ਖ਼ੂਨ ਨਾਲ ਸੰਬੰਧਿਤ | |
| 5 ਤੋਂ ਘੱਟ | 6 (3.92) | 33 (44.00) | 19 (37.25) | 7 (63.64) | 6 (100.00) | 71 (23.99) |
| 5-10 | 14 (9.15) | 21 (28.00) | 8 (15.69) | 1 (9.09) | 0 (0.00) | 44 (14.86) |
| 10-15 | 29 (18.95) | 13 (17.33) | 3 (5.88) | 1 (9.09) | 0 (0.00) | 46 (15.53) |
| 15-20 | 68 (44.44) | 5 (6.67) | 6 (11.77) | 1 (9.09) | 0 (0.00) | 80 (27.02) |
| 20-25 | 28 (18.31) | 2 (2.67) | 5 (9.80) | 0 (0.00) | 0 (0.00) | 35 (11.83) |
| 25-30 | 6 (3.92) | 0 (0.00) | 6 (11.77) | 1 (9.09) | 0 (0.00) | 13 (4.40) |
| 30 ਜਾਂ ਵੱਧ | 2 (1.31) | 1 (1.33) | 4 (7.84) | 0 (0.00) | 0 (0.00) | 7 (2.36) |
| **ਕੁੱਲ** | **153 (100.00)** | **75 (100.00)** | **51 (100.00)** | **11 (100.00)** | **6 (100.00)** | **296 (100.00)** |

**ਸਰੋਤ:** ਫੀਲਡ ਸਰਵੇਖਣ, 2020

**ਨੋਟ:**ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਵਿਦਿਆਰਥੀ ਵੀਜ਼ਾ ਦੇ ਮਾਮਲੇ ਵਿਚ, ਪਰਵਾਸੀਆਂ ਦੇ ਵਧੇਰੇ ਹਿੱਸੇ (44.44 ਪ੍ਰਤਿਸ਼ਤ) ਨੇ ਕੌਮਾਂਤਰੀ ਪਰਵਾਸ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਦਿ ਟ੍ਰਿਬਿਊਨ (2018) ਵਿਚ ਪ੍ਰਕਾਸ਼ਤ ਇਕ ਰਿਪੋਰਟ ਅਨੁਸਾਰ ਵਿਦਿਆਰਥੀ ਵੀਜ਼ਾ ਉੱਤੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿਚ ਪੜ੍ਹਾਈ ਦੇ ਪਹਿਲੇ ਸਾਲ ਲਈ ਔਸਤਨ 15 ਤੋਂ 22 ਲੱਖ ਰੁਪਏ ਦੀ ਲਾਗਤ ਆਉਂਦੀ ਹੈ। ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ

ਗਿਣਤੀ ਨਾਲ ਗੁਣਾ ਕਰਨ ਉੱਤੇ ਇਹ ਤਕਰੀਬਨ 27,000 ਕਰੋੜ ਰੁਪਏ ਬਣਦੀ ਹੈ ਜੋ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ। ਬਾਕੀ ਕਿਸਮ ਦੇ ਵੀਜ਼ਿਆਂ ਦੇ ਮਾਮਲਿਆਂ ਵਿਚ, ਪਰਵਾਸੀਆਂ ਦਾ ਵਧੇਰੇ ਹਿੱਸਾ 5 ਲੱਖ ਰੁਪਏ ਤੋਂ ਘੱਟ ਖ਼ਰਚ ਕੇ ਵਿਦੇਸ਼ ਗਿਆ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਵੱਖ-ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦੀ ਜਾਣਕਾਰੀ ਸਾਰਨੀ 17 ਵਿਚ ਦਿਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਇਹਨਾਂ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਔਸਤਨ 1190572.67 ਰੁਪਏ ਖ਼ਰਚੇ। ਇਹ ਰਕਮ ਵਿਦਿਆਰਥੀ ਵਰਗ ਦੇ ਮਾਮਲੇ ਵਿਚ 1529084.97 ਰੁਪਏ ਅਤੇ ਗ਼ੈਰ-ਵਿਦਿਆਰਥੀ ਵਰਗ ਲਈ 828388.16 ਰੁਪਏ ਆਂਕੀ ਗਈ।

**ਸਾਰਨੀ 17**
**ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਲਏ ਔਸਤਨ ਫੰਡ**

| ਕ੍ਰਮ ਅੰਕ | ਸਰੋਤ | ਵਿਦਿਆਰਥੀ ਸ਼੍ਰੇਣੀ | ਹੋਰ | ਕੁੱਲ |
|---|---|---|---|---|
| 1. | ਪਰਿਵਾਰਕ ਬੱਚਤ | 505555.56 (33.06) | 290185.36 (35.03) | 401508.47 (33.72) |
| 2. | ਬੈਂਕਾਂ ਤੋਂ ਕਰਜ਼ਾ | 452941.18 (29.62) | 141958.05 (17.14) | 302702.71 (25.42) |
| 3. | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | 215359.48 (14.08) | 193986.01 (23.42) | 205033.79 (17.22) |
| 4. | ਆੜ੍ਹਤੀਏ | 141503.27 (9.25) | 118671.33 (14.33) | 130472.97 (10.96) |
| 5. | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | 116339.87 (7.61) | 58342.66 (7.04) | 88320.95 (7.42) |
| 6. | ਹੋਣ ਵਾਲੇ ਸਹੁਰਿਆਂ ਤੋਂ ਸਹਾਇਤਾ | 68627.45 (4.49) | 13286.71 (1.60) | 41891.89 (3.52) |
| 7. | ਸਹਿਕਾਰੀ ਸਭਾਵਾਂ/ਬੈਂਕਾਂ | 28104.58 (1.84) | 10209.79 (1.23) | 19459.46 (1.64) |
| 8. | ਮਾਲਕ/ਸੰਸਥਾਵਾਂ | 653.58 (0.05) | 1748.25 (0.21) | 1182.43 (0.10) |
| | **ਕੁੱਲ** | **1529084.97 (100.00)** | **828388.16 (100.00)** | **1190572.67 (100.00)** |

**ਸਰੋਤ:** ਫੀਲਡ ਸਰਵੇਖਣ, 2020
**ਨੋਟ:**ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਜਿੱਥੋਂ ਤੱਕ ਵੱਖ-ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ ਹੈ, ਕੁੱਲ ਖ਼ਰਚੇ ਦਾ ਇੱਕ-ਤਿਹਾਈ ਤੋਂ ਮਾਮੂਲੀ ਜਿਹਾ ਵੱਧ (33.72 ਪ੍ਰਤਿਸ਼ਤ) ਅਰਥਾਤ 401508.47 ਰੁਪਏ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਏ। ਇਹਨਾਂ ਪਰਵਾਸੀਆਂ ਨੇ ਕੁੱਲ ਖ਼ਰਚੇ ਦੇ 25.42 ਪ੍ਰਤਿਸ਼ਤ (302702.71 ਰੁਪਏ) ਦਾ ਪ੍ਰਬੰਧ ਬੈਂਕਾਂ ਤੋਂ ਉਧਾਰ ਲੈ ਕੇ ਕੀਤਾ। ਕੁਝ ਮਾਮਲਿਆਂ ਵਿਚ, ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰ/ਖੇਤੀਬਾੜੀ ਮਸ਼ੀਨਰੀ ਵੇਚਣੀ ਪਈ। ਇਸ ਸਰੋਤ ਨੇ 205033.79 ਰੁਪਏ ਦਾ ਯੋਗਦਾਨ ਪਾਇਆ ਜੋ ਕੁੱਲ ਰਕਮ ਦਾ 17.22 ਪ੍ਰਤਿਸ਼ਤ ਬਣਦਾ ਹੈ। ਮੌਜੂਦਾ ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਕਿ ਪਰਵਾਸੀਆਂ ਨੇ ਆੜ੍ਹਤੀਆਂ ਤੋਂ ਔਸਤਨ 130472.97 ਰੁਪਏ ਦਾ ਕਰਜ਼ ਇਸ ਮੰਤਵ ਲਈ ਲਿਆ ਜੋ ਕੁੱਲ ਰਕਮ ਦਾ 10.96 ਪ੍ਰਤਿਸ਼ਤ ਹਿੱਸਾ ਬਣਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਪਰਵਾਸੀਆਂ ਦੇ ਰਿਸ਼ਤੇਦਾਰ ਅਤੇ ਇੱਥੋਂ ਤੱਕ ਕਿ ਹੋਣ ਵਾਲੇ ਸਹੁਰੇ ਪਰਿਵਾਰ ਵੀ ਉਹਨਾਂ ਦੇ ਪਰਵਾਸ ਦੀ ਕੀਮਤ ਚੁੱਕਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਪਰਵਾਸ ਦੀ ਕੁੱਲ ਲਾਗਤ ਵਿਚ ਰਿਸ਼ਤੇਦਾਰਾਂ ਦਾ ਯੋਗਦਾਨ 7.42 ਪ੍ਰਤਿਸ਼ਤ (88320.95 ਰੁਪਏ) ਹੈ। ਜਿੱਥੋਂ ਤੱਕ ਹੋਣ ਵਾਲੇ ਸਹੁਰੇ ਪਰਿਵਾਰਾਂ ਦੁਆਰਾ ਦਿੱਤੀ ਵਿੱਤੀ ਸਹਾਇਤਾ ਦਾ ਸੰਬੰਧ ਹੈ, ਪਰਵਾਸੀਆਂ ਨੇ ਇਹਨਾਂ ਪਰਿਵਾਰਾਂ ਤੋਂ ਔਸਤਨ 41891.89 ਰੁਪਏ (3.52 ਪ੍ਰਤਿਸ਼ਤ) ਫੜੇ। ਪਰਵਾਸੀਆਂ ਨੂੰ ਸਹਿਕਾਰੀ ਸਭਾਵਾਂ/ਬੈਂਕਾਂ ਅਤੇ

ਮਾਲਕਾਂ ਤੋਂ ਕ੍ਰਮਵਾਰ 19459.46 ਅਤੇ 1182.43 ਰੁਪਏ ਮਿਲੇ,ਜੋ ਪਰਵਾਸ ਲਈ ਕੀਤੇ ਕੁੱਲ ਖ਼ਰਚੇ ਦਾ ਕ੍ਰਮਵਾਰ 1.64 ਅਤੇ 0.10 ਪ੍ਰਤਿਸ਼ਤ ਬਣਦਾ ਹੈ।

ਵਿਦਿਆਰਥੀ ਅਤੇ ਗ਼ੈਰ-ਵਿਦਿਆਰਥੀ ਸ਼੍ਰੇਣੀਆਂ ਲਈ ਵੱਖ-ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਵਿਚ ਥੋੜ੍ਹਾ ਵੱਖਰਾ ਰੁਝਾਨ ਦੇਖਿਆ ਗਿਆ। ਇਸ ਸਾਰਨੀ ਦੇ ਅੰਕੜੇ ਦਰਸਾਉਂਦੇ ਹਨ ਕਿ ਵਿਦਿਆਰਥੀ ਵਰਗ ਦੇ ਪਰਵਾਸੀ (29.62 ਪ੍ਰਤਿਸ਼ਤ) ਬਾਕੀ ਵਰਗਾਂ ਦੇ ਪਰਵਾਸੀਆਂ (17.14 ਪ੍ਰਤਿਸ਼ਤ) ਨਾਲੋਂ ਬੈਂਕਾਂ ਤੋਂ ਵਧੇਰੇ ਕਰਜ਼ ਲੈ ਰਹੇ ਹਨ। ਇਸਦੇ ਉਲਟ, ਬਾਕੀ ਵਰਗਾਂ ਦੇ ਪਰਵਾਸੀਆਂ ਨੇ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰ/ਖੇਤੀਬਾੜੀ ਮਸ਼ੀਨਰੀ (23.42 ਪ੍ਰਤਿਸ਼ਤ) ਵੇਚ ਕੇ ਅਤੇ ਆੜ੍ਹਤੀਆਂ (14.33 ਪ੍ਰਤਿਸ਼ਤ) ਤੋਂ ਵੱਧ ਰਕਮ ਇਕੱਠੀ ਕੀਤੀ,ਜਦੋਂ ਕਿ ਵਿਦਿਆਰਥੀ ਪਰਵਾਸੀਆਂ ਨੇ ਇਹਨਾਂ ਸਰੋਤਾਂ ਤੋਂ ਮੁਕਾਬਲਤਨ ਘੱਟ ਰਕਮ ਕ੍ਰਮਵਾਰ 14.08 ਅਤੇ 9.25 ਪ੍ਰਤਿਸ਼ਤ ਇਕੱਠੀ ਕੀਤੀ। ਇੱਥੇ ਇਹ ਦੱਸਣਯੋਗ ਹੈ ਕਿ ਵਿਦਿਆਰਥੀ ਵਰਗ ਦੇ ਪਰਵਾਸੀਆਂ (4.49 ਪ੍ਰਤਿਸ਼ਤ) ਨੇ ਬਾਕੀ ਵਰਗਾਂ ਦੇ ਪਰਵਾਸੀਆਂ (1.60 ਪ੍ਰਤਿਸ਼ਤ) ਨਾਲੋਂ ਆਪਣੇ ਹੋਣ ਵਾਲੇ ਸਹੁਰੇ ਪਰਿਵਾਰਾਂ ਤੋਂ ਵਧੇਰੇ ਵਿੱਤੀ ਸਹਾਇਤਾ ਪ੍ਰਾਪਤ ਕੀਤੀ। ਬਾਕੀ ਬਚੇ ਸਰੋਤਾਂ ਦੁਆਰਾ ਜੁਟਾਈ ਰਕਮ ਦਾ ਰੁਝਾਨ ਵਿਦਿਆਰਥੀ ਅਤੇ ਦੂਜੇ ਪਰਵਾਸੀਆਂ ਵਿਚ ਲਗਭਗ ਇੱਕੋ-ਜਿਹਾ ਪਾਇਆ ਗਿਆ।

ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖਾਵਾਂ ਹੁੰਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸ਼ਾਂ ਵਿਚ ਕੰਮ ਕਰਕੇ ਇਕੱਠੇ ਕੀਤੇ ਧਨ ਵਿਚੋਂ ਕੁੱਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਇਸ ਵਿਚ ਮੂਲ ਦੇਸ਼ ਵਿਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ (ੳ.ਐੱਸ.ਸੀ.ਈ., ਆਈ.ੳ.ਐੱਮ., ਆਈ.ਐੱਲ.ੳ., 2006)। ਸਾਰਨੀ 18 ਦਰਸਾਉਂਦੀ ਹੈ ਕਿ ਪਰਵਾਸੀਆਂ ਵਿਚੋਂ ਸਿਰਫ਼ ਇੱਕ-ਤਿਹਾਈ (34.12 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਜਦੋਂ ਕਿ ਦੋ-ਤਿਹਾਈ ਪਰਵਾਸੀਆਂ (65.88 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ ।

**ਸਾਰਨੀ 18**

**ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਵੇਰਵਾ**

| **ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ?** | **ਪਰਵਾਸੀਆਂ ਦੀ ਗਿਣਤੀ** | **ਪ੍ਰਤਿਸ਼ਤ** |
|---|---|---|
| ਹਾਂ | 101 | 34.12 |
| ਨਹੀਂ | 195 | 65.88 |
| **ਕੁੱਲ** | **296** | **100.00** |
| **ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ(ਰੁਪਇਆਂ ਵਿੱਚ)** | | |
| 50000 ਤੋਂ ਘਟ | 22 | 7.43 |
| 50000–100000 | 24 | 8.11 |
| 100000–150000 | 18 | 6.08 |
| 150000–200000 | 10 | 3.38 |
| 200000–250000 | 5 | 1.69 |
| 250000–300000 | 7 | 2.36 |
| 300000–350000 | 7 | 2.36 |
| 350000–400000 | 3 | 1.01 |
| 400000 ਅਤੇ ਵੱਧ | 5 | 1.69 |
| **ਕੁੱਲ** | **101** | **34.12** |

**ਸਰੋਤ:** ਫੀਲਡ ਸਰਵੇਖਣ, 2020

ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ 34.12 ਪ੍ਰਤਿਸ਼ਤ ਪਰਵਾਸੀਆਂ ਵਿਚੋਂ, ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਵਿਚੋਂ 74 ਪਰਵਾਸੀਆਂ (25 ਪ੍ਰਤਿਸ਼ਤ) ਨੇ 2 ਲੱਖ ਰੁਪਏ ਤੋਂ ਘੱਟ ਦੀ ਰਕਮ ਭੇਜੀ ਹੈ। ਪਰਵਾਸੀਆਂ ਵਿਚੋਂ ਸਿਰਫ਼ 1.69 ਪ੍ਰਤਿਸ਼ਤ ਨੇ 4 ਲੱਖ ਰੁਪਏ ਜਾਂ ਇਸ ਤੋਂ ਵੱਧ ਆਪਣੇ ਪਰਿਵਾਰਾਂ ਨੂੰ ਭੇਜੇ।

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਰਕੇ, ਦੋ-ਤਿਹਾਈ ਪਰਿਵਾਰਾਂ (66.67 ਪ੍ਰਤਿਸ਼ਤ) ਨੇ ਦੱਸਿਆ ਕਿ ਉਹ ਕਰਜ਼ੇ ਹੇਠ ਹਨ (ਸਾਰਨੀ 19)। ਕਰਜ਼ਈ ਪਰਿਵਾਰਾਂ ਵਿਚੋਂ 45.55 ਪ੍ਰਤਿਸ਼ਤ ਪਰਿਵਾਰਾਂ ਉੱਤੇ 10 ਲੱਖ ਰੁਪਏ ਤੱਕ ਦਾ ਕਰਜ਼ਾ ਹੈ। ਜਿਹੜੇ ਪਰਿਵਾਰਾਂ ਉੱਤੇ 10 ਤੋਂ 15 ਅਤੇ 15 ਤੋਂ 20 ਲੱਖ ਰੁਪਏ ਦਾ ਕਰਜ਼ਾ ਹੈ ਉਹਨਾਂ ਦਾ ਕ੍ਰਮਵਾਰ ਪ੍ਰਤਿਸ਼ਤ 11.11 ਅਤੇ 5.80 ਹੈ। ਇਸ ਤੋਂ ਇਲਾਵਾ 35.35 ਪ੍ਰਤਿਸ਼ਤ ਅਜਿਹੇ ਪਰਿਵਾਰ ਹਨ ਜੋ 20 ਲੱਖ ਅਤੇ ਵੱਧ ਰੁਪਏ ਦੇ ਕਰਜ਼ੇ ਹੇਠ ਹਨ।

**ਸਾਰਨੀ 19**
**ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਸਿਰ ਕਰਜ਼ੇ ਦਾ ਭਾਰ**

| ਰਕਮ (ਲੱਖ ਰੁਪਇਆਂ ਵਿੱਚ) | ਜਾਤੀ ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀਆਂ | ਪੱਛੜੀਆਂ ਸ਼੍ਰੇਣੀਆਂ | |
| ਸਿਫਰ | 67 (36.02) | 1 (7.14) | 1 (14.29) | 69 (33.33) |
| 5 ਤੋਂ ਘੱਟ | 32 (17.20) | 7 (50.00) | 6 (85.71) | 46 (22.22) |
| 5-10 | 44 (23.66) | 5 (35.72) | 0 (0.00) | 48 (23.19) |
| 10-15 | 23 (12.37) | 0 (0.00) | 0 (0.00) | 23 (11.11) |
| 15-20 | 12 (6.45) | 0 (0.00) | 0 (0.00) | 12 (5.80) |
| 20 ਜਾਂ ਵੱਧ | 8 (4.30) | 1 (0.14) | 0 (0.00) | 9 (4.35) |
| **ਕੁੱਲ** | **186 (100.00)** | **14 (100.00)** | **7 (100.00)** | **207 (100.00)** |

**ਸਰੋਤ:** ਫੀਲਡ ਸਰਵੇਖਣ, 2020
**ਨੋਟ:**ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਇਸ ਮੁੱਦੇ ਦਾ ਜਾਤੀ-ਆਧਾਰਿਤ ਵਿਸ਼ਲੇਸ਼ਣ ਇਹ ਉਜਾਗਰ ਕਰਦਾ ਹੈ ਕਿ ਜ਼ਿਆਦਾਤਰ ਕਰਜ਼ਈ ਪਰਿਵਾਰ ਅਨੁਸੂਚਿਤ ਜਾਤੀਆਂ (92.86 ਪ੍ਰਤਿਸ਼ਤ) ਅਤੇ ਇਸ ਤੋਂ ਬਾਅਦ ਪੱਛੜੀਆਂ ਸ਼੍ਰੇਣੀਆਂ (85.71 ਪ੍ਰਤਿਸ਼ਤ) ਅਤੇ ਮੁਕਾਬਲਤਨ ਘੱਟ ਪਰਿਵਾਰ ਜਨਰਲ ਸ਼੍ਰੇਣੀ (63.98 ਪ੍ਰਤਿਸ਼ਤ) ਨਾਲ ਸੰਬੰਧਿਤ ਹਨ।

## ਸਿੱਟੇ ਅਤੇ ਨੀਤੀਗਤ ਸੁਝਾਅ

ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਕੀਤੇ ਅਧਿਐਨ ਅਤੇ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਹਨਾਂ ਨਾਲ ਸੰਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਲਿਖੇ ਅਨੁਸਾਰ ਹਨ:

- ਮੌਜੂਦਾ ਅਧਿਐਨ ਤੋਂ ਪਤਾ ਲੱਗਿਆ ਕਿ 96.62 ਪ੍ਰਤਿਸ਼ਤ ਵਿਅਕਤੀ 15 ਤੋਂ 45 ਸਾਲ ਦੀ ਉਮਰ ਵਿਚ ਪਰਵਾਸ ਕਰ ਗਏ ਹਨ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਬਹੁਤੇ ਨੌਜਵਾਨ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਉੱਚ-ਸਿੱਖਿਆ ਗ੍ਰਹਿਣ ਕਰਨ ਲਈ ਪਰਵਾਸ ਕਰ ਰਹੇ ਹਨ। ਇੱਥੋਂ ਤੱਕ ਕਿ ਉੱਚ-ਵਿੱਦਿਅਕ ਪੱਧਰ ਵਾਲੇ ਲੋਕ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਵਿਕਲਪ ਸਮਝਦੇ ਹਨ। ਪਰਵਾਸੀਆਂ ਦੇ ਅੱਧੇ ਤੋਂ ਵੱਧ ਪਰਿਵਾਰਕ ਮੈਂਬਰਾਂ (52.03 ਪ੍ਰਤਿਸ਼ਤ) ਨੇ ਮੰਨਿਆ ਕਿ ਬੇਰੁਜ਼ਗਾਰੀ ਉਹਨਾਂ ਦੇ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਹੈ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਲੋਕ-ਪੱਖੀ ਪਹੁੰਚ ਅਪਣਾਉਂਦੇ ਹੋਏ ਰੁਜ਼ਗਾਰ ਦੇ ਢੁੱਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜ਼ਬੂਰੀ ਵੱਸ ਵਿਦੇਸ਼ ਨਾ ਭੇਜਣਾ ਪਵੇ।
- 9.12 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ

ਚਾਹੀਦਾ ਹੈ ਕਿ ਉਹ ਸੂਬੇ ਵਿਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣ।

- ਮੌਜੂਦਾ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਪਰਵਾਸੀਆਂ ਨੇ ਆਪਣੇ ਕੌਮਾਂਤਰੀ ਪਰਵਾਸ ਲਈ ਔਸਤਨ 1190572.67 ਰੁਪਏ ਖ਼ਰਚ ਕੀਤੇ। ਇਹ ਰਕਮ ਵਿਦਿਆਰਥੀ ਵਰਗ ਦੇ ਮਾਮਲੇ ਵਿਚ 1529084.97 ਰੁਪਏ, ਜਦੋਂਕਿ ਗ਼ੈਰ-ਵਿਦਿਆਰਥੀ ਸ਼੍ਰੇਣੀ ਲਈ 828388.16 ਰੁਪਏ ਆਂਕੀ ਗਈ। ਇਸ ਤੋਂ ਇਲਾਵਾ, ਪਰਵਾਸ ਦੇ ਕੁੱਲ ਖ਼ਰਚਿਆਂ ਦਾ ਇੱਕ-ਤਿਹਾਈ ਤੋਂ ਜ਼ਿਆਦਾ ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ। ਮੌਜੂਦਾ ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਦੋ-ਤਿਹਾਈ ਪਰਵਾਸੀਆਂ (65.88 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ ਹੈ। ਪਰਵਾਸ ਦੀ ਉੱਚੀ ਲਾਗਤ ਅਤੇ ਘੱਟ ਪੈਸੇ ਭੇਜਣ ਕਾਰਨ, ਦੋ-ਤਿਹਾਈ ਪਰਿਵਾਰ (66.67 ਪ੍ਰਤਿਸ਼ਤ) ਕਰਜ਼ੇ ਹੇਠ ਹਨ। ਪੇਂਡੂ ਪੰਜਾਬ ਤੋਂ ਹੋ ਰਿਹਾ ਕੌਮਾਂਤਰੀ ਪਰਵਾਸ ਵਿਚ ਸਿਰਫ਼ 'ਪੂੰਜੀ ਹੂੰਝਾ' (Capital Drain) ਹੀ ਨਹੀਂ, ਸਗੋਂ ਇਸ ਵਿਚ 'ਬੌਧਿਕ ਹੂੰਝਾ' (Brain Drain) ਅਤੇ 'ਜਨਸੰਖਿਅਕ ਲਾਭਅੰਸ਼ ਦਾ ਨੁਕਸਾਨ' (Loss of Demographic Dividend) ਵੀ ਸ਼ਾਮਿਲ ਹੈ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਦੇ ਨਾਲ ਨਾਲ ਰੁਜ਼ਗਾਰ ਦੇ ਉਚਿੱਤ ਮਾਤਰਾ ਵਿਚ ਮੌਕੇ ਪੈਦਾ ਕਰਨੇ ਚਾਹੀਦੇ ਹਨ।
- ਲੋਕ ਵਿਦੇਸ਼ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾਲ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਅਧਿਐਨ ਅਨੁਸਾਰ 7.09 ਪ੍ਰਤਿਸ਼ਤ ਪਰਿਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਬਹੁਗਿਣਤੀ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸ਼ਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿਚ ਪਰਵਾਸ ਦੇ ਗ਼ੈਰ-ਕਾਨੂੰਨੀ ਢੰਗਾਂ ਵਿਰੁੱਧ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਵਹਾਰਿਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ਼ ਅਤੇ ਵਿਦੇਸ਼ਾਂ ਵਿਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖ਼ਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ।
- ਮੌਜੂਦਾ ਅਧਿਐਨ ਤੋਂ ਪਤਾ ਲੱਗਿਆ ਕਿ ਵਿਦੇਸ਼ਾਂ ਵਿਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 42.57 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ਼ ਵਿਚ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਨ ਵਿਚ ਕਾਫ਼ੀ ਸੁਧਾਰ ਕਰਨਾ ਚਾਹੀਦਾ ਹੈ।


## References


- Behl, S. (2017).International migration and extent of remittances: A case study of rural Punjab. **International Journal of Economic and Business Review,** 5(3), 136-146.
- Browne E. (2017). Evidence on education as a driver for migration, Retrieved from **https://assets.publishing.service.gov.uk/media/598086a0ed915d022b00003c/K4D_HDR__Migration_and_Education.pdf**
- Dodani.S. and Laporte, R.E. (2005).Brain drain from developing countries: how can brain drain be converted into wisdom gain? **Journal of the Royal Society of Medicine, 98(11), 487-491**.
- Government of India.(2011). Census of India.Director of Census Operations, Punjab.Retrieved from **http://censusindia.gov.in/**.
- Grover, D.K., Singh, J.K., Kaur, A. and Kumar, S. (2017). **State Agricultural Profile-Punjab**. Agro-Economic Research Centre, Department of Economics and

Sociology, Punjab Agricultural University, Ludhiana.


- Jacobsen, K.A. and Myrvold, K. (eds.) (2011). **Sikhs in Europe: Migration, Identities and Representations.** Ashgate, U.K.,
- Kapuria, S. (2018).International migration from Punjab and challenges for governance.Panjab University: **Research Journal (Arts)**, XLV (1), 1-19.
- Kapuria, S. and Birwal, D. (2017). International migration from Punjab: Trends and challenges. **Researchpaedia**, 4(1), 27-36.
- Kumar, S. and Hussain, Z. (2008). **Managing International Labour Migration from India: Policies and Perspectives.** ILO, Sub Regional Office for South Asia, New Delhi.
- Ministry of External Affairs (2019).Annual report 2018-2019. Retrieved from **http://www.mea.gov.in/Uploads/PublicationDocs/31719_MEA_AR18_19.pdf**
- Nanda, A.K & Veron J. (2015). **Dynamics of International Out-migration from PUNJAB,** Report on PIMS. INED, Paris and CRRID, Chandigarh, 1,38.
- OSCE, IOM, ILO (2006). **Handbook on Establishing Effective Labour Migration Policies in Countries of Origin and Destination.** Organization for Security and Co-operation in Europe (OSCE), International Organization for Migration (IOM), International Labour Office (ILO), Geneva
- The Tribune (2018). Cost of foreign dreams for patients in Punjab. July 29. Retrieved from **https://www.tribuneindia.com/news/punjab/cost-of-foreign-dreams-forparents-in-punjab-rs-27-000-cr/628584.html**
- The Tribune (2019).Unsettling migration's underbelly, March 03.Retrieved from **https://www.tribuneindia.com/news/archive/features/unsettling-migrations-underbelly-737217**
- **UNODC (2009). Smuggling of Migrants from India to Europe and in particular to U.K.: A Study on Punjab and Haryana.** United Nations Office on Drugs and Crime, New Delhi.

◈



ਸੰਵਾਦ-15 (ਜਨਵਰੀ-ਜੂਨ 2022) ISSN : 2395-1273 www.sanvad.org

# ਪੰਜਾਬ ਦਾ ਭਵਿੱਖ



**ਡਾ. ਪ੍ਰੇਮ ਮਾਨ**
ਸਾਬਕਾ ਪ੍ਰੋਫ਼ੈਸਰ
ਅਰਥ-ਸ਼ਾਸਤਰ ਵਿਭਾਗ
ਈਸਟਨ ਕੁਨੈਟੀਕਟ
ਸਟੇਟ ਯੂਨੀਵਰਸਿਟੀ
ਅਮਰੀਕਾ
86098-35002
premmann@yahoo.com

ਪੰਜਾਬ ਦੀ ਜ਼ਮੀਨ ਦਾ ਜ਼ਰਾ-ਜ਼ਰਾ ਉਪਜਾਊ ਹੈ, ਜੋ ਹਰ ਪ੍ਰਕਾਰ ਦੀ ਪੈਦਾਵਾਰ ਕਰਨ ਯੋਗ ਹੈ। ਏਥੋਂ ਦਾ ਮੌਸਮ ਵੀ ਹਰ ਤਰ੍ਹਾਂ ਦੇ ਕੰਮ ਧੰਦੇ ਕਰਨ ਲਈ ਅਨੁਕੂਲ ਹੈ। ਏਥੋਂ ਦੇ ਲੋਕ ਸਰੀਰਕ ਤੌਰ ’ਤੇ ਨਰੋਏ, ਮਿਹਨਤੀ ਅਤੇ ਖੁੱਲ੍ਹੇ ਸੁਭਾਅ ਵਾਲੇ ਹਨ, ਜੋ ਹਰ ਤਰ੍ਹਾਂ ਦੇ ਬਦਲਾਵ, ਨਵੇਂ ਖਿਆਲ ਅਤੇ ਟੈਕਨੋਲੋਜੀ ਦਾ ਸਵਾਗਤ ਕਰਨ ਵਾਲੇ ਹਨ। ਇਹਨਾਂ ਸਭ ਨਿਆਮਤਾਂ ਦੇ ਬਾਵਜੂਦ ਵੀ ਪੰਜਾਬ ਦੁਨੀਆਂ ਦੇ ਖੁਸ਼ਹਾਲ ਪ੍ਰਦੇਸ਼ਾਂ ਵਿਚ ਸ਼ਾਮਿਲ ਨਹੀਂ ਹੋ ਸਕਿਆ। ਬਲਕਿ ਇਸ ਦੇ ਉਲਟ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦਾ ਵਾਤਾਵਰਨ, ਸਭਿਆਚਾਰ, ਅਰਥਚਾਰਾ, ਰਾਜਨੀਤਕ ਹਾਲਾਤ ਆਦਿਕ ਸਭ ਨਿਘਾਰ ਵੱਲ ਜਾ ਰਿਹਾ ਹੈ। ਹੱਥਲਾ ਖੋਜ-ਪੱਤਰ ਉਪਰੋਕਤ ਸਥਿਤੀ ਦਾ ਜਾਇਜਾ ਲੈਣ ਤੇ ਇਸ ਦੇ ਸੁਧਾਰ ਲਈ ਸਥਾਈ ਹੱਲਾਂ ਦੀ ਖੋਜ ਵੱਲ ਕੇਂਦਰਿਤ ਹੈ।

## I

ਕਿਸੇ ਵੀ ਕੌਮ ਜਾਂ ਮੁਲਕ ਦਾ ਭਵਿੱਖ ਸਭ ਤੋਂ ਵੱਧ ਉਸ ਦੇ ਲੀਡਰਾਂ ’ਤੇ ਨਿਰਭਰ ਕਰਦਾ ਹੈ। ਸਫ਼ਲਤਾ ਹਮੇਸ਼ਾ ਲੀਡਰਾਂ ਦੇ ਠੀਕ ਢੰਗ ਨਾਲ ਪ੍ਰਸ਼ਾਸਨ ਕਰਨ ਅਤੇ ਹੋਰ ਸਾਥੀਆਂ ਦੀ ਯੋਗਤਾ ਅਤੇ ਸਹਿਯੋਗ ਨਾਲ ਹੀ ਪ੍ਰਾਪਤ ਹੁੰਦੀ ਹੈ। ਇਹ ਗੱਲ ਪਰਿਵਾਰ, ਸੰਸਥਾ, ਪਿੰਡ, ਸ਼ਹਿਰ, ਸੂਬੇ ਜਾਂ ਦੇਸ਼ ’ਤੇ ਵੀ ਜਿਉਂ ਦੀ ਤਿਉਂ ਲਾਗੂ ਹੁੰਦੀ ਹੈ। ਜੇ ਪਰਵਾਰ ਦਾ ਮੁਖੀ ਹੀ ਨਿਕੰਮਾ ਤੇ ਸੁਸਤ ਹੋਵੇ ਤਾਂ ਪਰਵਾਰ ਲਈ ਸਫ਼ਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਜੇ ਕਿਸੇ ਸੰਸਥਾ ਦਾ ਮੁਖੀ ਠੀਕ ਢੰਗ ਨਾਲ ਕੰਮ ਨਾ ਚਲਾ ਸਕੇ ਤਾਂ ਉਸ ਸੰਸਥਾ ਦੇ ਫ਼ੇਲ੍ਹ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਜੇ ਕਿਸੇ ਸੂਬੇ ਜਾਂ ਦੇਸ਼ ਕੋਲ ਯੋਗ ਲੀਡਰ ਨਾ ਹੋਣ ਤਾਂ ਉਹ ਸੂਬਾ ਜਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਜੇ ਕਿਸੇ ਮਰੀਜ਼ ਦਾ ਇਲਾਜ ਨੀਮ-ਹਕੀਮ ਡਾਕਟਰਾਂ ਤੋਂ ਕਰਾਇਆ ਜਾਵੇ ਤਾਂ ਬਿਮਾਰੀ ਘਟਣ ਦੀ ਥਾਂ ਵਧਣ ਲਗਦੀ ਹੈ।

ਪੰਜਾਬ ਦੀ ਬਦਕਿਸਮਤੀ ਇਹੀ ਰਹੀ ਹੈ ਕਿ ਇਸ ਨੂੰ ਇਕ ਦੋ ਚੰਗੇ ਵਿਅਕਤੀਆਂ ਤੋਂ ਇਲਾਵਾ ਕੋਈ ਯੋਗ ਲੀਡਰ ਨਹੀਂ ਮਿਲਿਆ।[1] ਜੇ ਮਿਲਿਆ ਹੈ ਤਾਂ ਰਾਜਨੀਤਕ ਪਾਰਟੀਆਂ ਦੀ ਅੰਦਰੂਨੀ ਫੁੱਟ ਨੇ ਉਸ ਦੀ ਸਰਕਾਰ ਬਹੁਤੀ ਦੇਰ ਚੱਲਣ ਨਹੀਂ ਦਿੱਤੀ। ਜਿਸ ਪ੍ਰਦੇਸ਼ ਕੋਲ ਯੋਗ ਲੀਡਰ ਹੀ ਨਹੀਂ, ਉਸ ਦੀ ਤਰੱਕੀ ਕਿਵੇਂ ਹੋ ਸਕਦੀ ਹੈ? ਇਹ ਵੀ ਬਦਕਿਸਮਤੀ ਹੈ ਕਿ ਪੰਜਾਬ ਵਿਚਲੀਆਂ ਦੋਵਾਂ ਮੁੱਖ ਪਾਰਟੀਆਂ ਨੇ ਵਾਰ-ਵਾਰ ਉਨ੍ਹਾਂ ਸਿਆਸਤਦਾਨਾਂ ਨੂੰ ਹੀ ਲੀਡਰ ਚੁਣਿਆ ਹੈ, ਜਿਹੜੇ ਵਧੀਆ ਕੰਮ ਨਹੀਂ ਕਰ ਸਕੇ। ਨਤੀਜੇ ਵਜੋਂ ਪੰਜਾਬ ਦੇ ਵੋਟਰਾਂ ਕੋਲ ਹੋਰ ਕੋਈ ਵਿਕਲਪ ਹੀ ਨਹੀਂ। ਉਹ ਇਕ ਪਾਰਟੀ ਤੋਂ ਮਾਯੂਸ ਹੋ ਕੇ ਦੂਜੀ ਪਾਰਟੀ ਨੂੰ ਚੁਣ ਲੈਂਦੇ ਹਨ। ਫਿਰ ਉਸ ਪਾਰਟੀ ਤੋਂ ਮਾਯੂਸ ਹੋ ਕੇ ਪਹਿਲੀ ਨੂੰ ਦੁਬਾਰਾ ਚੁਣ ਲੈਂਦੇ ਹਨ। ਬਹੁਤ ਸਾਲਾਂ ਤੋਂ ਇਹੋ ਚੱਕਰ ਹੀ ਚਲਦਾ ਆ ਰਿਹਾ ਹੈ। ਦਿਨ-ਬ-

ਦਿਨ ਪੰਜਾਬ ਦੀ ਹਾਲਤ ਪਤਲੀ ਹੋ ਰਹੀ ਦੇਖ ਕੇ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਦੀਆਂ ਇਹ ਲਾਈਨਾਂ ਯਾਦ ਆਉਂਦੀਆਂ ਹਨ: 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।'

**II**

ਪੰਜਾਬ ਦੀ ਸਮੱਸਿਆ ਇਹ ਹੈ ਕਿ ਹਾਲੇ ਵੀ ਇਹ ਬਹੁਤਾ ਖੇਤੀ 'ਤੇ ਹੀ ਨਿਰਭਰ ਕਰਦਾ ਹੈ। ਅਜ਼ਾਦੀ ਦੇ 74 ਸਾਲਾਂ ਤੋਂ ਬਾਅਦ ਵੀ ਪੰਜਾਬ ਵਿਚ ਕੋਈ ਵੱਡੀਆਂ ਕੰਪਨੀਆਂ ਨਹੀਂ ਖੋਲ੍ਹੀਆਂ ਗਈਆਂ। ਹਿੰਦੁਸਤਾਨ ਦੇ ਕਈ ਹੋਰ ਸੂਬਿਆਂ ਜਿਵੇਂ ਪੂਨੇ, ਬੰਗਲੌਰ, ਗੁੜਗਾਓਂ ਆਦਿ ਵਿਚ ਤਕਨਾਲੋਜੀ ਦੀਆਂ ਬਹੁਤ ਸਾਰੀਆਂ ਕੰਪਨੀਆਂ ਖੋਲ੍ਹੀਆਂ ਗਈਆਂ ਹਨ। ਜਦਕਿ ਪੰਜਾਬ ਵਿਚ ਕਾਫ਼ੀ ਨਿਪੁੰਨ ਇੰਜੀਨੀਅਰ ਅਤੇ ਕੰਪਿਊਟਰ ਦੇ ਮਾਹਿਰ ਹੋਣ ਦੇ ਬਾਵਜੂਦ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਕੋਈ ਵੱਡੀ ਇੰਜੀਨੀਅਰਿੰਗ ਕੰਪਨੀ, ਤਕਨਾਲੋਜੀ ਕੰਪਨੀ, ਦਵਾਈਆਂ ਬਣਾਉਣ ਦੀ (pharmaceutical) ਕੰਪਨੀ ਏਥੇ ਨਹੀਂ ਲਾਈ ਗਈ। ਭਾਰਤ ਦੇ ਹੋਰ ਕਈ ਸੂਬਿਆਂ ਵਿਚ ਆਊਟ-ਸੋਰਸ (outsource) ਰਾਹੀਂ ਕੰਮ ਕਰਵਾਉਣ ਵਾਲੀਆਂ ਕੰਪਨੀਆਂ ਖੋਲ੍ਹੀਆਂ ਗਈਆਂ ਹਨ, ਜੋ ਅਮਰੀਕਾ, ਕੈਨੇਡਾ, ਅਤੇ ਹੋਰ ਉੱਨਤ ਦੇਸ਼ਾਂ ਦੇ ਗਾਹਕਾਂ ਲਈ ਕੰਮ ਕਰਦੀਆਂ ਹਨ। ਪਰ ਪੰਜਾਬ ਵਿਚ ਇਹੋ ਜਿਹੀ ਕੋਈ ਕੰਪਨੀ ਨਹੀਂ ਖੋਲ੍ਹੀ ਗਈ। ਮੈਂ ਕਈ ਵਾਰੀ ਦੇਖਿਆ ਹੈ ਕਿ ਜਦੋਂ ਮੈਂ ਕਿਸੇ ਕੰਪਿਊਟਰ ਕੰਪਨੀ, ਕਿਸੇ ਏਅਰ ਲਾਈਨ ਕੰਪਨੀ ਜਾਂ ਕਿਸੇ ਕਰੈਡਿਟ ਕਾਰਡ ਕੰਪਨੀ ਆਦਿ ਤੋਂ ਕੋਈ ਸਵਾਲ ਪੁੱਛਣਾ ਹੋਵੇ ਤਾਂ ਬਹੁਤੀ ਵਾਰੀ ਫ਼ੋਨ ਦਾ ਜਵਾਬ ਦੇਣ ਵਾਲਾ ਮੁਲਾਜ਼ਮ ਹਿੰਦੁਸਤਾਨ, ਇੰਡੋਨੇਸ਼ੀਆ ਜਾਂ ਕਿਸੇ ਹੋਰ ਏਸ਼ੀਅਨ ਮੁਲਕ ਤੋਂ ਹੁੰਦਾ ਹੈ। ਹਿੰਦੁਸਤਾਨ ਵਿਚੋਂ ਆਮ ਤੌਰ ਤੇ ਅਜਿਹੇ ਮੁਲਾਜ਼ਮ ਪੂਨੇ, ਬੰਗਲੌਰ, ਹੈਦਰਾਬਾਦ, ਚੇਨਈ ਜਾਂ ਗੁੜਗਾਓਂ ਤੋਂ ਹੀ ਹੁੰਦੇ ਹਨ। ਪੰਜਾਬ ਵਿਚ ਪੜ੍ਹੇ-ਲਿਖੇ ਤੇ ਅੰਗਰੇਜ਼ੀ ਭਾਸ਼ਾ ਦੇ ਜਾਣਕਾਰਾਂ ਦੀ ਕੋਈ ਕਮੀ ਨਹੀਂ ਹੈ। ਪ੍ਰੰਤੂ ਫਿਰ ਵੀ ਪੰਜਾਬ ਦੀ ਅਫਸਰਸ਼ਾਹੀ ਇਸ ਪਾਸੇ ਸੰਜੀਦਾ ਧਿਆਨ ਨਹੀਂ ਦੇ ਸਕੀ। ਪੰਜਾਬ ਹਮੇਸ਼ਾ ਤੋਂ ਕਿਉਂ ਇਹਨਾਂ ਮੌਕਿਆਂ ਤੋਂ ਖੁੰਝਿਆ ਰਿਹਾ ਹੈ? ਇਹ ਸਵਾਲ ਚਿੰਤਾ ਦਾ ਵਿਸ਼ਾ ਹਨ।[2]

ਇਸ ਇੱਕੀਵੀਂ ਸਦੀ ਵਿਚ ਲਗਾਤਾਰ ਬਦਲਦੇ ਆਰਥਿਕ ਸਮੀਕਰਣਾਂ ਕਾਰਨ ਕਿਸੇ ਵੀ ਦੇਸ਼ ਜਾਂ ਸੂਬੇ ਦਾ ਸਿਰਫ਼ ਖੇਤੀਬਾੜੀ 'ਤੇ ਨਿਰਭਰ ਹੋਣਾ ਚਿੰਤਾ ਦਾ ਵਿਸ਼ਾ ਹੈ। ਕੋਈ ਜ਼ਮਾਨਾ ਸੀ ਜਦੋਂ ਲੋਕਾਂ ਦੀਆਂ ਲੋੜਾਂ ਸਿਰਫ਼ ਰੋਟੀ, ਕੱਪੜੇ, ਅਤੇ ਮਕਾਨ ਤੱਕ ਹੀ ਸੀਮਤ ਸਨ। ਅਜੋਕੀ ਨਵੀਂ ਪੀੜ੍ਹੀ ਦੀਆਂ ਲੋੜਾਂ ਅਤੇ ਮੰਗਾਂ ਬਹੁਤ ਜਿਆਦਾ ਹੋ ਗਈਆਂ ਹਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਜਿਸ ਆਮਦਨ ਦੀ ਲੋੜ ਹੈ, ਉਹ ਬਹੁਤੇ ਪਰਵਾਰਾਂ ਲਈ ਖੇਤੀ ਤੋਂ ਹਾਸਲ ਕਰਨੀ ਸੰਭਵ ਨਹੀਂ ਹੈ। ਪੰਜਾਬ ਨੂੰ ਰੁਜ਼ਗਾਰ ਦੇ ਨਵੇਂ ਹਾਈ-ਟੈੱਕ (High Tech) ਵਸੀਲੇ ਪੈਦਾ ਕਰਨ ਦੀ ਜ਼ਰੂਰਤ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਵਧਦੀਆਂ ਮੰਗਾਂ ਤੇ ਖਰਚੇ ਨੂੰ ਪੂਰਾ ਕੀਤਾ ਜਾ ਸਕੇ। ਪੰਜਾਬ ਵਿਚ ਰੁਜ਼ਗਾਰ ਦੇ ਸਾਧਨ ਬਹੁਤੇ ਨਾ ਹੋਣ ਕਰ ਕੇ ਹੀ ਨਵੀਂ ਨੌਜਵਾਨ ਪੀੜ੍ਹੀ ਦੇ ਬਹੁਤੇ ਲੜਕੇ-ਲੜਕੀਆਂ ਨਿਰਾਸ਼ ਅਤੇ ਮਾਯੂਸ ਹਨ। ਇਸ ਹਾਲਾਤ ਦੀ ਸੰਜ਼ੀਦਗੀ ਨੂੰ ਦੇਖਦੇ ਹੋਏ ਪੰਜਾਬ ਨੂੰ ਪਿਆਰ ਕਰਨ ਵਾਲੇ ਵਿਦਵਾਨ ਚਿੰਤਾਤੁਰ ਹਨ। 'ਗੁਰਬਚਨ ਜਗਤ' ਪੰਜਾਬੀ ਟ੍ਰਿਬਿਊਨ ਵਿਚ ਛਪੇ ਸੰਜੀਦਾ ਆਰਟੀਕਲ ਵਿਚ 1947 ਤੋਂ ਹੋ ਰਹੀ ਪੰਜਾਬ ਦੀ ਲੁੱਟ ਅਤੇ ਪੰਜਾਬੀ ਲੋਕਾਂ ਨਾਲ ਹੋ ਰਹੇ ਵਿਤਕਰੇ ਨੂੰ ਬਿਆਨ ਕਰਦਾ ਚਿੰਤਾ ਪ੍ਰਗਟ ਕਰਦਾ ਹੈ ਕਿ ਕੇਂਦਰ ਅਤੇ ਖੇਤਰੀ ਪਾਰਟੀਆਂ ਵੱਲੋਂ ਮਜ਼ਬੂਰ ਕੀਤਾ ਪੰਜਾਬੀ ਵਾਰ-ਵਾਰ ਟੁੱਟਿਆ ਅਤੇ ਸੰਭਲਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਪਰ ਹੁਣ ਜਿਸ ਤਰ੍ਹਾਂ ਦੀ ਤੇਜ਼ ਚਾਲ ਨਾਲ ਪੰਜਾਬੀ ਨੌਜਵਾਨ ਬਾਹਰ ਜਾ ਰਹੇ ਹਨ ਆਉਣ ਵਾਲਾ ਭਵਿੱਖ ਪੰਜਾਬ ਲਈ ਹੋਰ ਵੀ ਚਿੰਤਾਜਨਕ ਬਣਦਾ ਜਾ ਰਿਹਾ ਹੈ।

ਪੜ੍ਹੇ-ਲਿਖੇ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਆਪਣੀ ਯੋਗਤਾ ਤੋਂ ਹੇਠਾਂ ਦਾ ਕੰਮ ਕਰ ਕੇ ਉਹ ਰਾਜ਼ੀ ਨਹੀਂ ਅਤੇ ਯੋਗਤਾ ਦੇ ਬਰਾਬਰ ਦਾ ਕੰਮ ਮਿਲਦਾ ਨਹੀਂ। ਇਸੇ ਕਰ ਕੇ ਜ਼ਿਆਦਾਤਰ ਨੌਜਵਾਨ ਲੜਕੇ ਲੜਕੀਆਂ ਦੂਜੇ ਮੁਲਕਾਂ ਨੂੰ ਜਾਣ ਲਈ ਨੱਠੇ ਫਿਰਦੇ ਹਨ। ਜਿਸ ਵਾਸਤੇ ਉਹ ਹਰ ਜਾਇਜ਼ ਅਤੇ ਨਜਾਇਜ਼ ਵਸੀਲਾ ਅਪਣਾਉਣ ਲਈ ਤਿਆਰ ਹਨ। ਇਕ ਸਰਵੇਖਣ ਅਨੁਸਾਰ ਪਿਛਲੇ ਸਾਲ ਪੰਜਾਬ ਵਿਚੋਂ ਸਟੱਡੀ-ਵੀਜ਼ਾ ਪ੍ਰਾਪਤ ਕਰ ਕੇ ਬਾਹਰ ਜਾਣ ਵਾਲਿਆਂ ਨੇ ਪੂਰੇ ਭਾਰਤ ਦੇ ਪ੍ਰਾਂਤਾਂ ਨੂੰ ਪਿੱਛੇ ਛੱਡ ਦਿੱਤਾ ਹੈ। ਪਿਛਲੇ ਸਾਲ ਪੰਜਾਬ ਵਿਚੋਂ ਲਗਭਗ 150000 ਨੌਜਵਾਨ ਸਟੱਡੀ ਵੀਜ਼ੇ 'ਤੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਨੂੰ ਪ੍ਰਸਥਾਨ ਕਰ ਗਏ ਹਨ।[3]

ਏਥੋਂ ਦੀ ਬੇਰੁਜ਼ਗਾਰੀ ਤੋਂ ਪ੍ਰੇਸ਼ਾਨ ਨੌਜਵਾਨ ਬੱਚੇ ਜਦੋਂ ਬਾਹਰਲੇ ਮੁਲਕਾਂ ਤੋਂ ਆਏ ਦੋਸਤਾਂ ਜਾਂ

ਰਿਸ਼ਤੇਦਾਰਾਂ ਦੇ ਰਹਿਣ-ਸਹਿਣ ਅਤੇ ਪੈਸੇ ਵੱਲ ਦੇਖਦੇ ਹਨ ਤਾਂ ਇਨ੍ਹਾਂ ਦਾ ਦਿਲ ਵੀ ਬਾਹਰ ਜਾਣ ਨੂੰ ਕਰਦਾ ਹੈ। ਟ੍ਰਿਬਿਊਨ ਦੀ ਇਕ ਹੋਰ ਰਿਪੋਰਟ ਅਨੁਸਾਰ ਭਾਰਤ ਦੀ 2% ਆਬਾਦੀ ਵਾਲੇ ਪੰਜਾਬੀ ਭਾਰਤ ਤੋਂ ਕੈਨੇਡਾ ਨੂੰ ਮਾਈਗ੍ਰੇਸ਼ਨ ਦਾ 60% ਯੋਗਦਾਨ ਪਾਉਂਦੇ ਹਨ।[4] ਡਾ. ਸ਼ੂਚੀ ਕਪੂਰੀਆ ਅਤੇ ਦਿਵੇਸ਼ ਬਿਰਵਾਲ ਨੇ ਆਪਣੇ ਖੋਜ-ਪੱਤਰ ਵਿਚ ਵਿਸਥਾਰ ਪੂਰਵਕ ਚਰਚਾ ਕੀਤੀ ਹੈ ਕਿ ਦੁਨੀਆ ਦੇ ਦੇਸ਼ਾਂ ਵਿਚ ਭਾਰਤ ਅੰਤਰਾਸ਼ਟਰੀ ਪੈਸੇ ਦੇ ਆਦਾਨ ਪ੍ਰਦਾਨ ਵਿਚ ਸਭ ਤੋਂ ਵੱਧ ਮੁਨਾਫਾ ਖੱਟ ਰਿਹਾ ਹੈ, ਜਿਸ ਵਿਚ ਪੰਜਾਬੀ ਡਾਇਸਪੋਰਾ ਦਾ ਸਭ ਤੋਂ ਵੱਡਾ ਯੋਗਦਾਨ ਹੈ। ਪਰ ਮਾਈਗ੍ਰੇਸ਼ਨ ਸਮੇਂ ਹੋ ਰਹੀ ਧੋਖਾਧੜੀ ਨੂੰ ਕਦੇ ਵੀ ਸੰਜੀਦਗੀ ਨਾਲ ਵਿਚਾਰਿਆ ਨਹੀਂ ਜਾਂਦਾ।[5] ਬਹੁਤ ਸਾਰੇ ਪਰਿਵਾਰਾਂ ਦੇ ਨੌਜਵਾਨ ਬੱਚੇ ਗ਼ਲਤ ਤਰੀਕੇ ਬਾਹਰ ਪਹੁੰਚਣ ਦੀ ਕੋਸ਼ਿਸ਼ ਵਿਚ ਆਪਣੀ ਜਾਨ ਗਵਾ ਬੈਠੇ ਹਨ। ਕਈ ਦੂਜੇ ਦੇਸ਼ਾਂ ਦੀਆਂ ਜੇਲਾਂ ਵਿਚ ਫਸੇ ਹੋਏ ਹਨ। ਜ਼ਮੀਨਾਂ ਵੇਚ ਕੇ ਦੀਵਾਲੀਏ ਬਣੇ ਮਾਪੇ ਆਪਣੇ ਧੀਆਂ-ਪੁੱਤਰਾਂ ਦੇ ਸੁੱਖ-ਸੁਨੇਹੇ ਦਾ ਇੰਤਜ਼ਾਰ ਕਰਦੇ-ਕਰਦੇ ਥੱਕ ਗਏ ਹਨ।


## III

ਪੰਜਾਬ ਦੀ ਇਸ ਸਥਿਤੀ ਦਾ ਇਕ ਹੋਰ ਵੱਡਾ ਕਾਰਨ ਏਥੋਂ ਦੇ ਲੋਕਾਂ ਦੀ ਆਪਣੇ ਅਮੀਰ ਵਿਰਸੇ ਨਾਲੋਂ ਟੁੱਟਦੀ ਸਾਂਝ ਹੈ। ਕਦੇ ਗੁਰਾਂ ਦੇ ਨਾਮ 'ਤੇ ਵੱਸਣ ਵਾਲਾ ਪੰਜਾਬ ਹੁਣ ਦੋ ਗੱਲਾਂ 'ਤੇ ਵਸਦਾ ਹੈ। ਇਕ ਤਾਂ ਬਾਹਰੋਂ ਆਉਂਦੇ ਪੈਸੇ ਦੀ ਮਦਦ ਨਾਲ ਅਤੇ ਦੂਜਾ ਬਾਹਰੋਂ ਆਏ ਮਜ਼ਦੂਰਾਂ ਦੀ ਮਿਹਨਤ ਨਾਲ। ਪਿਛਲੀ ਪੀੜ੍ਹੀ ਦੇ ਬਾਹਰ ਗਏ ਲੋਕਾਂ ਨੇ ਪੈਸੇ ਭੇਜ-ਭੇਜ ਕੇ ਵਧੀਆ ਮਕਾਨ ਬਣਾ ਲਏ, ਕੋਠੀਆਂ ਖ਼ਰੀਦ ਲਈਆਂ ਅਤੇ ਜ਼ਮੀਨਾਂ ਖ਼ਰੀਦ ਲਈਆਂ। ਜਿਸ ਪਿੱਛੇ ਸੋਚ ਇਹ ਸੀ ਕਿ ਕਿਸੇ ਦਿਨ ਹਿੰਦੁਸਤਾਨ ਵਾਪਸ ਜਾਵਾਂਗੇ ਅਤੇ ਬੁਢਾਪਾ ਉੱਥੇ ਹੀ ਗੁਜ਼ਾਰਾਂਗੇ। ਇਸ ਦਾ ਨਤੀਜਾ ਇਹ ਹੋਇਆ ਕਿ ਮਕਾਨਾਂ ਅਤੇ ਜ਼ਮੀਨਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਕੇ ਅਸਮਾਨ ਚੜ੍ਹ ਗਈਆਂ ਅਤੇ ਆਮ ਪਰਿਵਾਰਾਂ ਲਈ ਜ਼ਮੀਨ ਖ਼ਰੀਦਣੀ ਅਤੇ ਘਰ ਬਣਾਉਣਾ ਅਸੰਭਵ ਹੋ ਗਿਆ। ਪਰ ਹੁਣ ਬਾਹਰ ਗਏ ਪਿਛਲੀ ਪੀੜ੍ਹੀ ਦੇ ਲੋਕਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਬੱਚਿਆਂ ਨੇ ਕਦੇ ਵੀ ਵਾਪਸ ਹਿੰਦੁਸਤਾਨ ਨਹੀਂ ਜਾਣਾ। ਸੋ ਉਹ ਲੋਕ ਜਿਨ੍ਹਾਂ ਨੇ ਪਹਿਲਾਂ ਜ਼ਮੀਨਾਂ ਅਤੇ ਮਕਾਨ ਪੰਜਾਬ ਵਿਚ ਖ਼ਰੀਦੇ ਸਨ ਹੁਣ ਤੇਜ਼ੀ ਨਾਲ ਵੇਚ ਰਹੇ ਹਨ। ਇਸ ਲਈ ਪਿਛਲੇ ਕੁਝ ਸਾਲਾਂ ਵਿਚ ਜ਼ਮੀਨ ਅਤੇ ਮਕਾਨਾਂ ਦੀਆਂ ਕੀਮਤਾਂ ਬਹੁਤ ਘਟ ਗਈਆਂ ਹਨ, ਜੋ ਆਉਣ ਵਾਲੇ ਸਮੇਂ ਵਿਚ ਹੋਰ ਵੀ ਘਟ ਸਕਦੀਆਂ ਹਨ।

ਦੂਜਾ ਬਾਹਰਲੇ ਸੂਬਿਆਂ ਤੋਂ (ਖ਼ਾਸ ਕਰ ਕੇ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ) ਆਏ ਲੋਕ ਪੰਜਾਬ ਦਾ ਬਹੁਤਾ ਕਾਰੋਬਾਰ ਸੰਭਾਲੀ ਬੈਠੇ ਹਨ। ਅਸੀਂ ਇਨ੍ਹਾਂ ਲੋਕਾਂ ਨੂੰ ਪਰਵਾਸੀ ਕਹਿੰਦੇ ਹਾਂ ਪਰ ਅਸਲ ਵਿਚ ਇਹ ਲੋਕ ਪਰਵਾਸੀ ਨਹੀਂ। ਇਨ੍ਹਾਂ ਲੋਕਾਂ ਲਈ ਪਰਵਾਸੀ ਸ਼ਬਦ ਵਰਤਣਾ ਬਿਲਕੁਲ ਗ਼ਲਤ ਹੈ। ਇਹ ਤਾਂ ਆਪਣੇ ਮੁਲਕ ਵਿਚ ਹੀ ਇਕ ਸੂਬੇ ਤੋਂ ਉੱਠ ਕੇ ਦੂਜੇ ਸੂਬੇ ਵਿਚ ਆ ਵਸੇ ਹਨ। ਜੇ ਇਹ ਲੋਕ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ (ਜਾਂ ਹੋਰ ਸੂਬਿਆਂ ਤੋਂ) ਪੰਜਾਬ ਵਿਚ ਨਾ ਆਉਣ ਤਾਂ ਪੰਜਾਬ ਦੇ ਬਹੁਤ ਸਾਰੇ ਕੰਮ ਬਿਲਕੁਲ ਠੱਪ ਹੋ ਜਾਣ। ਅਸਲ ਵਿਚ ਇਨ੍ਹਾਂ ਲੋਕਾਂ ਨੇ ਹੀ ਪੰਜਾਬ ਦੇ ਕਾਰੋਬਾਰ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਦੇ ਬਾਵਜੂਦ ਕਿ ਇਨ੍ਹਾਂ ਲੋਕਾਂ ਨੇ ਪੰਜਾਬ ਨੂੰ ਆ ਕੇ ਬਚਾ ਲਿਆ ਹੈ, ਪੰਜਾਬ ਦੇ ਕੁਝ ਲੋਕ ਕਹਿੰਦੇ ਹਨ ਕਿ ਇਨ੍ਹਾਂ ਲੋਕਾਂ ਨੇ ਆ ਕੇ ਪੰਜਾਬ ਦਾ ਕਲਚਰ ਵਿਗਾੜ ਦਿੱਤਾ ਹੈ। ਇਹ ਕਹਿਣਾ ਬਿਲਕੁਲ ਗ਼ਲਤ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕੋਈ ਕਲਚਰ ਵੀ ਹਮੇਸ਼ਾ ਵਾਸਤੇ ਸਥਿਰ ਨਹੀਂ ਰਹਿੰਦਾ। ਕਲਚਰ ਹਮੇਸ਼ਾ ਬਦਲਦਾ ਰਹਿੰਦਾ ਹੈ, ਖ਼ਾਸ ਕਰ ਕੇ ਹਰ ਨਵੀਂ ਪੀੜ੍ਹੀ ਦੇ ਆਉਣ ਨਾਲ। ਦੂਸਰੀ ਗੱਲ ਕਿ ਜੇ ਪੰਜਾਬ ਦਾ ਕਲਚਰ ਵਿਗੜ ਰਿਹਾ ਹੈ ਤਾਂ ਇਸ ਵਿਚ ਬਹੁਤਾ ਹੱਥ ਪੰਜਾਬੀਆਂ ਦਾ ਆਪਣਾ ਹੈ, ਬਾਹਰਲੇ ਸੂਬਿਆਂ ਤੋਂ ਆਏ ਮਜ਼ਦੂਰਾਂ ਦਾ ਨਹੀਂ।

## IV


ਵਧਦੀ ਹੋਈ ਆਬਾਦੀ ਪੰਜਾਬ ਸਮੇਤ ਪੂਰੇ ਭਾਰਤ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਸ਼ਾਇਦ ਭਾਰਤ ਦੀ ਅਬਾਦੀ ਇਸ ਵੇਲੇ ਚੀਨ ਨਾਲੋਂ ਕੁਝ ਵੱਧ ਹੀ ਗਈ ਹੋਵੇ ! ਇਸ ਦੇ ਉਲਟ ਦੁਨੀਆਂ ਦੇ ਵਿਕਸਤ ਦੇਸ਼ਾਂ ਵੱਲ ਦੇਖੀਏ ਤਾਂ ਉਨ੍ਹਾਂ ਨੇ ਆਬਾਦੀ ਨੂੰ ਨਿਯੰਤਰਣ ਵਿਚ ਰੱਖਿਆ ਹੋਇਆ ਹੈ। ਅਮਰੀਕਾ ਦਾ ਕੁੱਲ ਏਰੀਆ ਹਿੰਦੁਸਤਾਨ ਨਾਲੋਂ ਤਿੰਨ ਗੁਣਾ ਵੱਧ ਹੈ ਪਰ ਹਿੰਦੁਸਤਾਨ ਦੀ ਅਬਾਦੀ ਅਮਰੀਕਾ ਨਾਲੋਂ ਚਾਰ ਗੁਣਾ ਵੱਧ ਹੈ। ਕੈਨੇਡਾ ਦਾ ਏਰੀਆ ਵੀ ਹਿੰਦੁਸਤਾਨ ਨਾਲੋਂ ਤਿੰਨ ਗੁਣਾ ਤੋਂ ਵੱਧ ਹੈ ਪਰ ਹਿੰਦੁਸਤਾਨ ਦੀ ਅਬਾਦੀ ਕੈਨੇਡਾ ਨਾਲੋਂ ਲਗਭਗ 37 ਗੁਣਾ ਵੱਧ ਹੈ। ਇੰਨੇ ਜਿਆਦਾ ਲੋਕਾਂ ਨੂੰ ਨੌਕਰੀਆਂ ਅਤੇ ਰੁਜ਼ਗਾਰ ਦੇਣਾ ਸਿਰਫ਼ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਇਸ ਪੇਪਰ ਲਈ ਲੋੜੀਂਦੇ ਅੰਕੜੇ ਇਕੱਠੇ ਕਰਨ ਦਾ ਕੰਮ ਸਲਿੰਦਰ ਸਿੰਘ ਨੇ ਕੀਤਾ ਹੈ।




ਉਪਰੋਕਤ ਚਾਰਟ ਭਾਰਤ ਦੀ ਲਗਾਤਾਰ ਵਧਦੀ ਆਬਾਦੀ ਨੂੰ ਦਰਸਾਉਂਦਾ ਹੈ ਜੋ ਸਰਕਾਰੀ ਅੰਕੜਿਆਂ ਅਨੁਸਾਰ 140 ਕਰੋੜ ਦੇ ਕਰੀਬ ਪਹੁੰਚ ਗਈ ਹੈ।[6] ਜੇ ਇਸ ਨੇ ਆਪਣਾ ਭਵਿੱਖ ਵਧੀਆ ਬਣਾਉਣਾ ਹੈ ਤਾਂ ਪੰਜਾਬ ਨੂੰ ਹੀ ਨਹੀਂ ਸਗੋਂ ਹਿੰਦੁਸਤਾਨ ਨੂੰ ਆਪਣੀ ਅਬਾਦੀ ਜਿੰਨੀ ਛੇਤੀ ਹੋ ਸਕੇ ਬਹੁਤ ਤੇਜ਼ੀ ਨਾਲ ਘਟਾਉਣੀ ਚਾਹੀਦੀ ਹੈ। ਹੁਣ ਆਮ-ਤੌਰ 'ਤੇ ਪੜ੍ਹੇ-ਲਿਖੇ ਲੋਕ ਤਾਂ ਘੱਟ ਬੱਚੇ ਪੈਦਾ ਕਰ ਰਹੇ ਹਨ ਪਰ ਘੱਟ ਪੜ੍ਹੇ-ਲਿਖੇ ਲੋਕ ਅਤੇ ਅਨਪੜ੍ਹ ਲੋਕ ਜਿਆਦਾ ਬੱਚੇ ਪੈਦਾ ਕਰਦੇ ਹਨ। ਅਬਾਦੀ ਘਟਾਉਣ ਲਈ ਲੋਕਾਂ ਨੂੰ ਛੋਟੇ ਪਰਿਵਾਰ ਦੇ ਫ਼ਾਇਦੇ ਦੱਸਣ ਦੀ ਲੋੜ ਹੈ। ਇਹ ਟੀਚਾ ਕਈ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਵੇਂ ਲੋਕਾਂ ਨੂੰ ਕੁਝ ਆਰਥਿਕ ਲਾਲਚ ਦੇ ਕੇ ਜਾਂ ਲੋਕਾਂ ਵਿਚ ਘੱਟ ਬੱਚੇ ਪੈਦਾ ਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦੇ ਕੇ। ਲੋਕਾਂ ਵਿਚ ਇਹ ਸਮਝ ਪੈਦਾ ਕਰਨੀ ਪਵੇਗੀ ਕਿ ਬੱਚਿਆਂ ਦੀ ਗਿਣਤੀ ਘੱਟ ਅਤੇ ਉਨ੍ਹਾਂ ਵਿਚ ਗੁਣ ਜਿਆਦਾ ਪੈਦਾ ਕੀਤੇ ਜਾਣ। ਜਾਣੀ ਕਿ ਲੋਕਾਂ ਨੂੰ ਇਹ ਸਮਝਾਇਆ ਜਾਣਾ ਚਾਹੀਦਾ ਹੈ ਕਿ ਬੱਚੇ ਇਕ ਜਾਂ ਦੋ ਹੀ ਪੈਦਾ ਕਰੋ ਪਰ ਉਨ੍ਹਾਂ ਦੇ ਪਾਲਣ-ਪੋਸਣ ਵੱਲ ਜਿਆਦਾ ਧਿਆਨ ਦੇਵੋ ਅਤੇ ਉਨ੍ਹਾਂ ਨੂੰ ਪੜ੍ਹਾ-ਲਿਖਾ ਕੇ ਵਧੀਆ ਇਨਸਾਨ ਬਣਾਓ। ਭਾਵ ਇਹ ਕਿ emphasize on quality than quantity of children.

**V**

ਭ੍ਰਿਸ਼ਟਾਚਾਰ, ਹੇਰਾਫੇਰੀ, ਬੇਈਮਾਨੀ, ਰਿਸ਼ਵਤਖ਼ੋਰੀ, ਆਦਿ ਪੰਜਾਬ (ਅਤੇ ਸਾਰੇ ਹਿੰਦੁਸਤਾਨ) ਦੀ ਤਰੱਕੀ ਦੇ ਰਾਹ ਵਿਚ ਵੱਡਾ ਅੜਿੱਕਾ ਹਨ। ਕੋਈ ਵੀ ਕੰਮ ਕਰਾਉਣਾ ਹੋਵੇ ਤਾਂ ਰਿਸ਼ਵਤ ਦੇਣ ਤੋਂ ਬਗੈਰ ਨਹੀਂ ਹੁੰਦਾ। ਬਹੁਤ ਸਾਰੇ ਲੋਕਾਂ ਦੀ ਨਿਗਾਹ ਕੰਮ ਕਰ ਕੇ ਗੁਜ਼ਾਰਾ ਕਰਨ ਦੀ ਥਾਂ ਹੇਰਾਫੇਰੀ ਨਾਲ ਅਮੀਰ ਬਣਨ ਵੱਲ ਲੱਗੀ ਰਹਿੰਦੀ ਹੈ। ਇਮਾਨਦਾਰੀ ਘੱਟ ਹੀ ਨਜ਼ਰ ਆਉਂਦੀ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਬਾਹਰ ਗਏ ਪੰਜਾਬੀ ਅਤੇ ਬਾਹਰਲੀਆਂ ਕੰਪਨੀਆਂ ਪੰਜਾਬ ਵਿਚ ਬਿਜ਼ਨਸ ਚਲਾਉਣ ਤੋਂ ਡਰਨ ਲੱਗ ਪਏ ਹਨ। ਵਿਦੇਸ਼ੀ ਕੰਪਨੀਆਂ ਵੀ ਭ੍ਰਿਸ਼ਟਾਚਾਰ ਅਤੇ ਰਿਸ਼ਵਤਖ਼ੋਰੀ ਕਾਰਨ ਪੰਜਾਬ (ਅਤੇ ਸਾਰੇ ਹਿੰਦੁਸਤਾਨ) ਵਿਚ ਬਿਜ਼ਨਸ ਖੋਲ੍ਹਣ ਤੋਂ ਡਰਦੀਆਂ ਹਨ। ਨਤੀਜਾ ਇਹ ਹੋਇਆ ਹੈ ਕਿ ਪੰਜਾਬ ਵਿਚ ਬੇਰੁਜ਼ਗਾਰੀ ਲਗਾਤਾਰ ਵਧਦੀ ਜਾ ਰਹੀ ਹੈ। ਲਗਾਤਾਰ ਬਦ ਤੋਂ ਬਦਤਰ ਹੁੰਦੀ ਸਥਿਤੀ ਨੂੰ ਨਿਮਨ ਚਾਰਟ ਤੋਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।



ਪੰਜਾਬ ਵਿਚ ਨਵੇਂ ਰੋਜ਼ਗਾਰ ਤਾਂ ਕੀ ਖੋਲਣੇ ਸਨ ਸਗੋਂ ਰਾਜਨੀਤੀਵਾਨ ਆਪਣੇ ਖਜਾਨੇ ਭਰਨ ਲਈ ਪਹਿਲਾਂ ਵਾਲੀਆਂ ਨੌਕਰੀਆਂ ਵੀ ਖ਼ਤਮ ਕਰੀ ਜਾ ਰਹੇ ਹਨ ਅਤੇ ਠੇਕੇ ਦੇ ਆਧਾਰ ’ਤੇ ਭਰਤੀਆਂ ਅਤੇ ਨਿੱਜੀ ਕੰਪਨੀਆਂ ਹੱਥ ਸਾਰੇ ਕਾਰੋਬਾਰਾਂ ਦੀ ਵਾਗਡੋਰ ਦੇ ਕੇ ਪੰਜਾਬ ਦੀ ਜਵਾਨੀ ਦਾ ਘਾਣ ਕੀਤਾ ਜਾ ਰਿਹਾ ਹੈ। ਆਏ ਦਿਨ ਕਿਤੇ ਨ ਕਿਤੇ ਨੌਕਰੀਆਂ ਲਈ ਸੰਘਰਸ਼ ਕਰਦੇ ਨੌਜਵਾਨ ਮੁੰਡੇ ਕੁੜੀਆਂ ਨੂੰ ਸਰਕਾਰੀ ਤਸ਼ੱਦਦ ਸਹਿਣਾ ਪੈਂਦਾ ਹੈ।

## VI

ਜਿਵੇਂ ਪਹਿਲਾਂ ਕਿਹਾ ਹੈ, ਪੰਜਾਬ ਵਿਚ ਨੌਕਰੀਆਂ, ਖ਼ਾਸ ਕਰ ਕੇ ਪੜ੍ਹੇ-ਲਿਖੇ ਨੌਜਵਾਨਾਂ ਲਈ, ਬਹੁਤ ਘੱਟ ਹਨ। ਇਸ ਬੇਰੁਜ਼ਗਾਰੀ ਦੇ ਕਈ ਅਸਰ ਹਨ। ਇਕ ਅਸਰ ਤਾਂ ਇਹ ਹੈ ਕਿ ਨੌਜਵਾਨ ਬੱਚੇ-ਬੱਚੀਆਂ ਹਰ ਠੀਕ ਜਾਂ ਗ਼ਲਤ ਢੰਗ ਨਾਲ ਲੱਖਾਂ ਰੁਪਏ ਖ਼ਰਚ ਕੇ ਬਾਹਰਲੇ ਮੁਲਕਾਂ ਵਿਚ ਜਾਣ ਲਈ ਨੱਠੇ ਫਿਰਦੇ ਹਨ। ਜੇ ਉਹ ਇਸ ਟੀਚੇ ਵਿਚ ਸਫ਼ਲ ਨਹੀਂ ਹੁੰਦੇ ਅਤੇ ਪੈਸੇ ਵੀ ਗੁਆ ਲੈਂਦੇ ਹਨ ਤਾਂ ਕਈ ਨੌਜਵਾਨ ਤਾਂ ਖ਼ੁਦਕੁਸ਼ੀ ਕਰ ਲੈਂਦੇ ਹਨ ਅਤੇ ਕਈ ਨਸ਼ਿਆਂ ਵਿਚ ਗੜੁੱਚ ਜਾਂਦੇ ਹਨ। ਜਿਸ ਨਾਲ ਉਹ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਖ਼ਰਾਬ ਕਰ ਲੈਂਦੇ ਹਨ। ਪਿਛਲੇ ਕਈ ਸਾਲਾਂ ਤੋਂ ਪੰਜਾਬ ਨਸ਼ਿਆਂ ਦੀ ਬਿਮਾਰੀ ਦਾ ਦੱਬ ਕੇ ਮਰੀਜ਼ ਹੋਇਆ ਪਿਆ ਹੈ ਅਤੇ ਇਸ ਦੇ ਵਧਣ ਦਾ ਕਾਰਨ ਇਹ ਵੀ ਹੈ ਕਿ ਕੁਝ ਸਰਕਾਰ ਨਾਲ ਸੰਬੰਧਿਤ ਮੰਤਰੀ, ਐਮ. ਐਲ. ਏ. ਅਤੇ ਹੋਰ ਕਰਮਚਾਰੀ ਆਪ ਨਸ਼ੇ ਵੇਚਣ ਦੇ ਧੰਦੇ ਵਿਚ ਲੱਗੇ ਹੋਏ ਹਨ। ਪੰਜਾਬ ਵਿਚ ਨਸ਼ਾ ਕਰਨ ਵਾਲਿਆਂ ਵਿਚੋਂ ਲਗਭਗ 70% ਦੀ ਉਮਰ 16-35 ਸਾਲ ਦੇ ਦਰਮਿਆਨ ਹੈ। ਜਿਸ ਵਿਚ ਨਾਬਾਲਗ ਮੁੰਡੇ ਤੇ ਕੁੜੀਆਂ ਵੀ ਸ਼ਾਮਿਲ ਹਨ। ਪਹਿਲਾਂ ਤਾਂ ਇਹ ਮੰਨਿਆ ਜਾਂਦਾ ਸੀ ਕਿ ਆਪਣੀ ਕੰਮ ਕਰਨ ਦੀ ਯੋਗਤਾ ਵਧਾਉਣ ਲਈ ਦਿਹਾੜੀਦਾਰ, ਮਜ਼ਦੂਰ, ਟਰੱਕ ਡਰਾਈਵਰ ਆਦਿ ਪੇਸ਼ਿਆਂ ਦੇ ਲੋਕ ਨਸ਼ਾ ਕਰਦੇ ਹਨ, ਪਰ ਬੱਚੇ, ਜਵਾਨਾਂ ਤੇ ਔਰਤਾਂ ਦਾ ਇਸ ਲਾਹਨਤ ਵਿਚ ਫਸਣਾ ਸਾਡੇ ਸਭਿਆਚਾਰਕ ਵਿਰਸੇ ਦਾ ਗਲਾ ਦਬਾਉਣ ਦੇ ਬਰਾਬਰ ਹੈ।[7] ਦੂਜਾ ਨਸ਼ੇ ਦਾ ਸਭ ਤੋਂ ਮਾੜਾ ਪ੍ਰਭਾਵ ਨਸ਼ੇ ਤੇ ਜ਼ੁਰਮ ਦੇ ਸਹਿ ਸੰਬੰਧ ਦਾ ਹੈ। ਆਮ ਪੇਂਡੂ ਇਲਾਕਿਆਂ ਵਿਚ ਹਾਲਾਤ ਏਥੋਂ ਤੱਕ ਪਹੁੰਚ ਗਏ ਹਨ ਕਿ ਲੋਕ ਰਾਤ ਨੂੰ ਘਰੋਂ ਬਾਹਰ ਨਿਕਲਣ ਤੋਂ ਕੰਨੀ ਕਤਰਾਉਂਦੇ ਹਨ। ਹੋਰ ਤਾਂ ਹੋਰ ਦਿਨ-ਦਿਹਾੜੇ ਲੋਕਾਂ ਤੋਂ ਲੁੱਟ-ਖਸੁੱਟ ਇਕ ਆਮ ਜਿਹੀ ਗੱਲ ਬਣ ਗਈ ਹੈ।

ਇਸ ਤੋਂ ਵੀ ਸ਼ਰਮਨਾਕ ਗੱਲ ਇਹ ਹੈ ਕਿ ਉਹ ਲੋਕ ਜਿਨ੍ਹਾਂ ਹੱਥ ਲੰਮੇ ਸਮੇਂ ਤੋਂ ਪੰਜਾਬ ਦੀ ਵਾਗਡੋਰ ਦਿੱਤੀ ਹੋਈ ਹੈ ਉਨ੍ਹਾਂ ਪੰਜਾਬ ਹਿਤੈਸ਼ੀ ਹੋਣ ਦੀ ਬਜਾਇ ਇਸ ਦੇ ਸ਼ਰੀਕ ਵਜੋਂ ਹੀ ਭੂਮਿਕਾ ਨਿਭਾਈ ਹੈ। ਇਹਨਾਂ ਅਖੌਤੀ ਪੰਜਾਬ ਹਿਤੈਸ਼ੀਆਂ ਨੇ ਨਵੇਂ ਰੋਜ਼ਗਾਰ ਤਾਂ ਕੀ ਪੈਦਾ ਕਰਨੇ ਸਨ ਸਗੋਂ ਨਸ਼ੇ ਨੂੰ ਹੀ ਆਰਥਿਕ ਮਾਡਲ ਬਣਾ ਲਿਆ ਹੈ। ਇਸ ਹੱਲਾਸ਼ੇਰੀ ਦਾ ਨਤੀਜਾ ਇਹ ਨਿਕਲਿਆ ਹੈ ਕਿ ਪੰਜਾਬੀ ਸਭਿਆਚਾਰ ਸਿੱਖੀ, ਸੇਵਾ ਜਾਂ ਬਲੀਦਾਨ ਦੀ ਜਗ੍ਹਾ ਸ਼ਰਾਬ ਦਾ ਪ੍ਰਤੀਕ ਬਣ ਗਿਆ ਹੈ। ਪੰਜਾਬੀਆਂ ਦੀ ਦੁਨੀਆਂ ਵਿਚ ਵੱਖਰੀ ਸ਼ਾਨ ਅਤੇ ਟੌਹਰ ਹੁਣ ਸ਼ਰਾਬ ਪੀਣਾ ਹੀ ਬਣ ਗਿਆ ਹੈ। ਸਾਲ 2013-14 ਵਿਚ ਪੰਜਾਬੀ ਹਰ ਰੋਜ਼ ਲਗਪਗ 10 ਕਰੋੜ ਦੀ ਸ਼ਰਾਬ ਪੀ ਜਾਂਦੇ ਹਨ। ਸਾਲ 1997-98 ਵਿਚ ਪੰਜਾਬੀਆਂ ਨੇ 11.50 ਅਰਬ ਦੀ ਸ਼ਰਾਬ ਪੀਤੀ, 2000-01 ਵਿਚ 13.25 ਅਰਬ ਦੀ, 2005-06 ਵਿਚ 16 ਅਰਬ ਦੀ ਸ਼ਰਾਬ ਪੀ ਗਏ।[8] ਹੁਣ ਦੇ ਅੰਕੜੇ ਤਾਂ ਇਸ ਤੋਂ ਦੁਗਣੇ ਹੋ ਗਏ ਹੋਣੇ ਹਨ। ਇਸ ਲਈ ਤਾਂ ਕਰੋਨਾ ਵਰਗੀ ਮਹਾਂ ਮਾਰੀ ਵਿਚ ਵੀ ਸਰਕਾਰ ਸਕੂਲ, ਕਾਲਜ, ਸਰਕਾਰੀ ਦਫ਼ਤਰ, ਉਦਯੋਗ ਕੁਝ ਵੀ ਬੰਦ ਕਰ ਸਕਦੀ ਹੈ ਪਰ ਸ਼ਰਾਬ ਦੇ ਠੇਕੇ ਖੁੱਲ੍ਹੇ ਰੱਖਣਾ ਉਸ ਦੀ ਵਪਾਰਕ ਮਜ਼ਬੂਰੀ ਬਣ ਗਈ ਹੈ। 1947 ਈ. ਵਿਚ ਪੰਜਾਬ ਵਿਚ ਸਿਰਫ ਇਕ ਸ਼ਰਾਬ ਦੀ ਫ਼ੈਕਟਰੀ ਸੀ ਜੋ 2014-15 ਵਿਚ ਵਧ ਕੇ ਲਗਭਗ ਦੋ ਦਰਜਨਾਂ ਹੋ ਗਈ। ਦੂਜੇ ਪਾਸੇ ਮਿਲਕ ਪਲਾਂਟ ਜੋ ਪੰਜਾਬ ਵਿਚ 30 ਸਨ ਘਟ ਕੇ 14 ਰਹਿ ਗਏ।[9] ਜਿਸ ਤੋਂ ਪੰਜਾਬ ਦੀ ਤਰੱਕੀ ਦੀ ਦਿਸ਼ਾ ਨੂੰ ਅਸਾਨੀ ਨਾਲ ਮਾਪਿਆ ਜਾ ਸਕਦਾ ਹੈ।

## VII

ਦੁਨੀਆ ਦੇ ਸਾਰੇ ਧਰਮ ਗੁਰੂਆਂ, ਪੀਰਾਂ, ਫ਼ਕੀਰਾਂ, ਪੈਗ਼ੰਬਰਾਂ ਆਦਿ ਨੇ ਇਸ ਲਈ ਸ਼ੁਰੂ ਕੀਤੇ ਸਨ ਕਿ ਲੋਕਾਂ ਨੂੰ ਭਟਕਣ ਤੋਂ ਬਚਾ ਕੇ ਸਹੀ ਰਸਤੇ ’ਤੇ ਪਾਇਆ ਜਾਵੇ। ਪਰ ਹੌਲੀ ਹੌਲੀ ਧਰਮਾਂ ਨੂੰ ਆਪਣੇ ਕਲਾਵੇ ਅਤੇ ਆਪਣੀ ਜਕੜ ਵਿਚ ਲੈ ਕੇ ਇਨ੍ਹਾਂ ਦੇ ਮਾਲਕ ਬਣ ਬੈਠੇ ਅਖੌਤੀ ਸਾਧਾਂ-ਸੰਤਾਂ ਨੇ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਬਹੁਤੇ ਲੋਕਾਂ ਨੂੰ ਬੁਰੀ ਤਰ੍ਹਾਂ ਲੁੱਟਿਆ ਹੈ। ਧਰਮ ਦੇ ਨਾਂ ਤੇ ਪੰਜਾਬ ਜਾਂ ਹਿੰਦੁਸਤਾਨ ਵਿਚ ਹੀ ਨਹੀਂ, ਸਗੋਂ ਦੁਨੀਆ ਦੇ ਲਗਭਗ ਸਾਰੇ ਮੁਲਕਾਂ ਵਿਚ ਦੰਗੇ, ਫ਼ਸਾਦ, ਲੜਾਈਆਂ, ਮਾਰ-ਪਿਟਾਈ, ਨਫ਼ਰਤ, ਆਦਿ

ਹੱਦ ਤੋਂ ਵੱਧ ਫ਼ੈਲ ਰਹੇ ਹਨ। ਧਰਮ ਤੋਂ ਜ਼ਿੰਦਗੀ ਜਿਉਣ ਦੇ ਵਧੀਆ ਅਸੂਲ ਸਿੱਖਣ ਦੀ ਬਜਾਏ ਲੋਕਾਂ ਨੇ ਸਿਰਫ਼ ਪਾਠ-ਪੂਜਾ ਵੱਲ ਹੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਇਹ ਇਕ ਧਰਮ ਦੀ ਗੱਲ ਨਹੀਂ ਸਗੋਂ ਦੁਨੀਆ ਦੇ ਸਾਰੇ ਧਰਮਾਂ ਦੀ ਗੱਲ ਹੈ। ਜੇ ਪੰਜਾਬ ਵੱਲ ਦੇਖੀਏ ਤਾਂ ਬਾਬਿਆਂ ਦੇ ਡੇਰੇ ਪਿੰਡ ਪਿੰਡ ਵਿਚ ਖੁੱਲ੍ਹੇ ਹੋਏ ਹਨ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਲੋਕ ਇਨ੍ਹਾਂ ਡੇਰਿਆਂ ਵਿਚ ਬਾਬਿਆਂ ਦੇ ਦਰਸ਼ਨ ਕਰਨ ਜਾਂਦੇ ਹਨ। ਧਾਰਮਿਕ ਸਥਾਨਾਂ ’ਤੇ ਜਾਣਾ ਮਾੜੀ ਗੱਲ ਨਹੀਂ ਪਰ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਅਸੀਂ ਕਿਹੋ ਜਿਹੇ ਧਾਰਮਿਕ ਸਥਾਨਾਂ ’ਤੇ ਜਾਣਾ ਹੈ ਅਤੇ ਕਿਸ ਮਕਸਦ ਲਈ ਜਾਣਾ ਹੈ। ਲੋਕ ਤਾਂ ਕਾਰਾਂ, ਬੱਸਾਂ, ਟਰੱਕ, ਟਰਾਲੀਆਂ ਲੱਦ ਕੇ ਇਨ੍ਹਾਂ ਬਾਬਿਆਂ ਦੇ ਡੇਰਿਆਂ ਵੱਲ ਵਹੀਰਾਂ ਘੱਤਦੇ ਹਨ ਅਤੇ ਕਈ-ਕਈ ਦਿਨ ਇਨ੍ਹਾਂ ਡੇਰਿਆਂ ’ਤੇ ਬਿਤਾਉਂਦੇ ਹਨ। ਸੋਚੋ, ਜੇ ਇਨ੍ਹਾਂ ਸਾਰੇ ਲੋਕਾਂ ਦੇ ਇਨ੍ਹਾਂ ਡੇਰਿਆਂ ਤੇ ਬਿਤਾਏ ਸਮੇਂ ਨੂੰ ਜਮ੍ਹਾਂ ਕਰ ਲਿਆ ਜਾਵੇ ਤਾਂ ਹਰ ਸਾਲ ਲੱਖਾਂ-ਕਰੋੜਾਂ ਘੰਟਿਆਂ ਦਾ ਸਮਾਂ ਇਸ ਤਰ੍ਹਾਂ ਬਰਬਾਦ ਕੀਤਾ ਜਾਂਦਾ ਹੈ। ਇਸ ਵਿਚੋਂ ਲੱਭਦਾ ਕੀ ਹੈ? ਕੁਝ ਵੀ ਨਹੀਂ। ਲੋਕਾਂ ਨੂੰ ਸਿੱਖਣ ਦੀ ਲੋੜ ਹੈ ਕਿ ਧਰਮ ਕੀ ਹੈ, ਧਰਮ ਕਿਉਂ ਚਲਾਏ ਗਏ ਸਨ, ਅਤੇ ਇਨ੍ਹਾਂ ਨੂੰ ਕਿਵੇਂ ਆਪਣੀ ਬਿਹਤਰੀ ਲਈ ਵਰਤਣਾ ਹੈ। ਪੰਜਾਬ ਨੂੰ ਤਰੱਕੀ ਦੀ ਸਿਖਰ ’ਤੇ ਲਿਜਾਣ ਲਈ ਧਰਮਾਂ ਵਿਚ ਪੈਦਾ ਹੋਈ ਕੱਟੜਤਾ ਅਤੇ ਅੰਧ-ਵਿਸ਼ਵਾਸ ਨੂੰ ਖ਼ਤਮ ਕਰਨਾ ਪਵੇਗਾ।

ਪੰਜਾਬ ਸਮੇਤ ਸਾਰੇ ਹਿੰਦੁਸਤਾਨ ਵਿਚ ਵਿਤਕਰਾ ਕਰਨ ਦੀ ਬਿਮਾਰੀ ਬਹੁਤ ਜਿਆਦਾ ਹੈ। ਇਹ ਵਿਤਕਰਾ ਧਰਮ ਦੇ ਨਾਂ ’ਤੇ ਵੀ ਹੈ, ਜਾਤਾਂ ਦੇ ਅਧਾਰ ’ਤੇ ਵੀ ਹੈ, ਤੁਸੀਂ ਹਿੰਦੁਸਤਾਨ ਦੇ ਕਿਸ ਇਲਾਕੇ ਤੋਂ ਹੋ ਇਸ ਅਧਾਰ ’ਤੇ ਵੀ, ਰੰਗ ਦੇ ਅਧਾਰ ’ਤੇ ਵੀ ਅਤੇ ਹੋਰ ਕਾਰਨਾਂ ਕਰ ਕੇ ਵੀ ਹੈ। ਕਿਸੇ ਵੀ ਕੌਮ ਲਈ ਅੱਗੇ ਵਧਣ ਲਈ ਸਭ ਕਿਸਮ ਦਾ ਵਿਤਕਰਾ ਖ਼ਤਮ ਕਰਨ ਦੀ ਲੋੜ ਹੈ। ਵਿਤਕਰਾ ਪੂਰੀ ਤਰ੍ਹਾਂ ਤਾਂ ਕਿਸੇ ਵੀ ਦੇਸ਼ ਵਿਚ ਖ਼ਤਮ ਨਹੀਂ ਕੀਤਾ ਜਾ ਸਕਦਾ ਪਰ ਇਸ ਨੂੰ ਜਿੰਨਾ ਵੀ ਘਟਾਇਆ ਜਾ ਸਕੇ ਚੰਗਾ ਹੀ ਹੈ।

ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਬਹੁਤ ਸਾਰਾ ਸੁਧਾਰ ਕਰਨ ਦੀ ਲੋੜ ਹੈ। ਇਹ ਸੁਧਾਰ ਸਕੂਲਾਂ ਤੋਂ ਲੈ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਕਰਨ ਦੀ ਲੋੜ ਹੈ। ਸਕੂਲਾਂ ਵਿਚ ਉਹ ਮਜ਼ਮੂਨ ਪੜ੍ਹਾਉਣ ਦੀ ਲੋੜ ਹੈ ਜਿਨ੍ਹਾਂ ਨਾਲ ਵਿਦਿਆਰਥੀ ਵੱਡੇ ਹੋ ਕੇ ਆਪਣੀ ਜ਼ਿੰਦਗੀ ਸੁਧਾਰ ਸਕਣ ਅਤੇ ਰੋਟੀ-ਰੋਜ਼ੀ ਕਮਾ ਸਕਣ। ਨਵੇਂ ਮਜ਼ਮੂਨ ਜਿਵੇਂ ਜ਼ਿੰਦਗੀ ਜਿਉਣ ਦੇ ਵਧੀਆ ਤੌਰ ਤਰੀਕੇ ਅਤੇ ਰੰਗ-ਢੰਗ, ਪਰਵਾਰ ਦੀ ਮਹੱਤਤਾ, ਛੋਟੇ ਪਰਵਾਰ ਦੇ ਗੁਣ, ਨਵੇਂ ਬਿਜ਼ਨਸ ਖੋਲ੍ਹਣ ਅਤੇ ਚਲਾਉਣ ਦੀ ਸਿੱਖਿਆ, ਨਵੀਂ ਤਕਨਾਲੋਜੀ ਅਤੇ ਮਕੈਨੀਕਲ ਸਿੱਖਿਆ ਆਦਿ ਸਕੂਲਾਂ ਵਿਚ ਪੜ੍ਹਾਏ ਜਾਣੇ ਚਾਹੀਦੇ ਹਨ। ਇਹੋ ਜਿਹੇ ਮਜ਼ਮੂਨਾਂ ਦੀ ਜਿਆਦਾ ਡੂੰਘਾਈ ਵਾਲੀ ਸਿੱਖਿਆ ਕਾਲਜਾਂ ਵਿਚ ਦਿੱਤੀ ਜਾਣੀ ਚਾਹੀਦੀ ਹੈ। ਬਦਕਿਸਮਤੀ ਨਾਲ ਕਾਲਜ ਅਤੇ ਯੂਨੀਵਰਸਿਟੀਆਂ ਜਿਆਦਾ ਸੌਖੇ ਮਜ਼ਮੂਨ ਪੜ੍ਹਾਉਣ ’ਤੇ ਹੀ ਜ਼ੋਰ ਦਿੰਦੇ ਹਨ ਪਰ ਪ੍ਰੈਕਟੀਕਲ ਸਿੱਖਿਆ ਵਾਲੇ ਮਜ਼ਮੂਨ ਘੱਟ ਪੜ੍ਹਾਉਂਦੇ ਹਨ ਜਾਂ ਪੜ੍ਹਾਉਂਦੇ ਹੀ ਨਹੀਂ। ਆਰਟਸ ਕਾਲਜ ਖੋਲ੍ਹਣ ਦੀ ਬਜਾਏ ਪਾਲੀਟੈਕਨਿਕ ਕਾਲਜ ਖੋਲ੍ਹਣ ਦੀ ਲੋੜ ਹੈ। ਪਿਛਲੇ 30-35 ਸਾਲਾਂ ਵਿਚ ਬਹੁਤ ਸਾਰੇ ਪ੍ਰਾਈਵੇਟ ਕਾਲਜ ਖੋਲ੍ਹੇ ਗਏ ਸਨ। ਹੋ ਸਕਦਾ ਇਹ ਸਾਰੇ ਲਵਲੀ ਯੂਨੀਵਰਸਿਟੀ ਦੀ ਸਫ਼ਲਤਾ ਤੋਂ ਪ੍ਰਭਾਵਿਤ ਹੋ ਕੇ ਹੀ ਖੋਲ੍ਹੇ ਗਏ ਹੋਣ। ਇਹ ਕਾਲਜ ਥੋੜ੍ਹੇ ਸਾਲਾਂ ਵਿਚ ਇਵੇਂ ਖੁੱਲ੍ਹੇ ਸਨ ਜਿਵੇਂ ਬਰਸਾਤ ਵਿਚ ਖੁੰਬਾਂ ਉੱਗਦੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਕਾਲਜ ਤਾਂ ਹੁਣ ਬੰਦ ਵੀ ਹੋ ਗਏ ਹਨ। ਬਹੁਤ ਸਾਰੇ ਪ੍ਰਾਈਵੇਟ ਆਰਟਸ ਕਾਲਜਾਂ ਦੀ ਹਾਲਤ ਪਤਲੀ ਹੋਈ ਪਈ ਹੈ, ਜਿਸ ਦਾ ਕਾਰਨ ਵਿਦਿਆਰਥੀਆਂ ਦੀ ਗਿਣਤੀ ਘਟਣਾ ਹੈ। ਬਹੁਤੇ ਨੌਜਵਾਨ ਲੜਕੇ-ਲੜਕੀਆਂ ਹਾਈ ਸਕੂਲ ਤੋਂ ਅੱਗੇ ਪੜ੍ਹਨਾ ਹੀ ਨਹੀਂ ਚਾਹੁੰਦੇ। ਦੂਜਾ ਕਾਰਨ ਇਹ ਵੀ ਹੈ ਕਿ ਪੰਜਾਬ ਦੇ ਬਹੁਤੇ ਨੌਜਵਾਨ ਲੜਕੇ-ਲੜਕੀਆਂ ਪੜ੍ਹਨ ਦੀ ਬਜਾਏ ਬਾਹਰਲੇ ਮੁਲਕਾਂ ਨੂੰ ਤੁਰੀ ਜਾ ਰਹੇ ਹਨ। ਇਸ ਲੇਖ ਨੂੰ ਲਿਖਦਿਆਂ ਹੀ ਮੈਂ ਖ਼ਬਰ ਸੁਣੀ-ਪੜ੍ਹੀ ਹੈ ਕਿ ਚੀਨ ਨੇ ਉਹ ਸਕੂਲ ਅਤੇ ਕਾਲਜ ਬੰਦ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਜਿਹੜੇ ਮੁਨਾਫ਼ੇ ਲਈ ਖੋਲ੍ਹੇ ਗਏ ਸਨ। ਜਾਣੀ ਕਿ ਚੀਨ ਦਾ ਕਹਿਣਾ ਹੈ ਕਿ ਸਕੂਲ ਅਤੇ ਕਾਲਜ ਮੁਨਾਫ਼ਾ ਕਮਾਉਣ ਲਈ ਨਹੀਂ ਖੋਲ੍ਹੇ ਜਾਣੇ ਚਾਹੀਦੇ। ਇਹ ਗੱਲ ਬਿਲਕੁਲ ਠੀਕ ਹੈ। ਸਕੂਲ ਅਤੇ ਕਾਲਜ ਤਾਂ ਨੌਨ-ਪਰਾਫਿਟ (non-profit) ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ।

## VIII

ਜੇ ਅਜ਼ਾਦੀ ਤੋਂ ਬਾਅਦ ਦੇ ਆਰੰਭਲੇ ਸਾਲਾਂ ਵਿਚ ਹਿੰਦੁਸਤਾਨ ਦੀ ਲੀਡਰਸ਼ਿਪ ਵੱਲ ਦੇਖੀਏ ਤਾਂ ਪ੍ਰਧਾਨ ਮੰਤਰੀ ਨਹਿਰੂ ਬਹੁਤ ਸਿਆਣਾ ਅਤੇ ਵਿਦਵਾਨ ਇਨਸਾਨ ਸੀ। ਪਰ ਲੀਡਰ ਦੇ ਤੌਰ ’ਤੇ ਉਹ ਹਿੰਦੁਸਤਾਨ ਦੇ ਭਵਿੱਖ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ। ਜਾਂ ਫਿਰ ਉਸ ਨੇ ਸੋਚਿਆ ਹੀ ਨਹੀਂ ਹੋਣਾ ਕਿ

ਹਿੰਦੁਸਤਾਨ ਦੀ ਜਨ-ਸੰਖਿਆ ਇੰਨੀ ਤੇਜ਼ੀ ਨਾਲ ਵਧ ਕੇ ਇੱਥੇ ਤੱਕ ਪਹੁੰਚ ਜਾਵੇਗੀ। ਨਹਿਰੂ ਦੇ ਵੇਲੇ ਪੰਜ-ਸਾਲਾ ਯੋਜਨਾਵਾਂ ਬਣਾਈਆਂ ਗਈਆਂ ਸਨ ਪਰ ਇਨ੍ਹਾਂ ਨੇ ਮੁਲਕ ਦਾ ਕੋਈ ਫ਼ਾਇਦਾ ਨਹੀਂ ਕੀਤਾ। ਨਹਿਰੂ ਨੇ ਅਮਰੀਕਾ ਨਾਲ ਘੱਟ ਅਤੇ ਸੋਵੀਅਤ ਯੂਨੀਅਨ (ਪੁਰਾਣੇ ਰੂਸ) ਨਾਲ ਜਿਆਦਾ ਗੱਠ-ਜੋੜ ਕੀਤਾ ਸੀ ਜਿਹੜਾ ਕਿ ਬਹੁਤਾ ਲਾਹੇਵੰਦ ਸਾਬਿਤ ਨਹੀਂ ਹੋਇਆ। ਨਹਿਰੂ ਦਾ ਸੋਸ਼ਲਿਸਟਿਕ ਪੈਟਰਨ ਆਫ਼ ਸੋਸਾਇਟੀ ਦਾ ਸਲੋਗਨ ਗ਼ਲਤ ਸਾਬਿਤ ਹੋਇਆ। ਵੱਡੇ ਵੱਡੇ ਕਾਰਖ਼ਾਨੇ (ਜਿਵੇਂ ਦੋ ਸਟੀਲ ਪਲਾਂਟ ਸਨ) ਸਰਕਾਰੀ ਖੇਤਰ ਵਿਚ ਲਗਾਏ ਗਏ ਸਨ ਜੋ ਕਰੋੜਾਂ-ਅਰਬਾਂ ਦਾ ਘਾਟਾ ਖਾ ਕੇ ਫ਼ੇਲ੍ਹ ਹੋ ਗਏ। ਹੋਰ ਪਤਾ ਨਹੀਂ ਕਿੰਨੇ ਕੁ ਕਾਰਖ਼ਾਨੇ ਸਰਕਾਰੀ ਖੇਤਰ ਵਿਚ ਲਾਏ ਫ਼ੇਲ੍ਹ ਹੋਏ ਸਨ। ਕਾਰਨ ਇਹ ਕਿ ਸਰਕਾਰੀ ਅਦਾਰਿਆਂ ਵਿਚ ਲੋਕ ਕੰਮ ਕਰ ਕੇ ਰਾਜ਼ੀ ਨਹੀਂ। ਪ੍ਰਾਈਵੇਟ ਅਦਾਰਿਆਂ ਵਿਚ ਲੋਕ ਜਿਆਦਾ ਕੰਮ ਕਰਦੇ ਹਨ। ਸੋਸ਼ਲਿਜ਼ਮ ਅਤੇ ਕਮਿਊਨਿਜ਼ਮ ਲਗਭਗ ਸਾਰੀ ਦੁਨੀਆ ਵਿਚੋਂ ਹੀ ਖ਼ਤਮ ਹੋ ਗਏ ਹਨ। ਪੂੰਜੀਵਾਦ ਹੀ ਅਸਲ ਵਿਚ ਤਰੱਕੀ ਦਾ ਢੰਗ ਹੈ। ਰੇਲਵੇ, ਕਾਰਾਂ, ਬੱਸਾਂ, ਟਰੱਕ, ਬਿਜਲੀ, ਕੈਮਰਾ, ਰੇਡੀਓ, ਟੈਲੀਫ਼ੋਨ, ਟੈਲੀਵਿਜ਼ਨ, ਇੰਟਰਨੈੱਟ, ਕੰਪਿਊਟਰ, ਆਦਿ ਸਭ ਪੂੰਜੀਵਾਦੀ ਦੇਸ਼ਾਂ ਵਿਚ ਹੀ ਖੋਜੇ ਗਏ ਸਨ। ਸੋਸ਼ਲਿਸਟ ਜਾਂ ਕਮਿਊਨਿਸਟ ਮੁਲਕਾਂ ਵਿਚ ਨਹੀਂ ਖੋਜੇ ਗਏ ਸਨ। ਪਰ ਪੂੰਜੀਵਾਦ ਨੂੰ ਵੀ ਖੁੱਲ੍ਹਾ ਨਹੀਂ ਛੱਡਿਆ ਜਾ ਸਕਦਾ। ਇਸ ਦੇ ਵੀ ਕੁਝ ਨਕੇਲ ਪਾ ਕੇ ਰੱਖਣੀ ਚਾਹੀਦੀ ਹੈ।

ਅਖੀਰ ਤੇ ਮੈਂ ਕਹਾਂਗਾ ਕਿ ਪੰਜਾਬ ਵਿਚ ਵਾਤਾਵਰਨ ਦੀ ਹਾਲਤ ਇੰਨੀ ਵਿਗੜ ਗਈ ਹੈ ਕਿ ਇਸ ਨੂੰ ਇੰਨੀ ਜਲਦੀ ਸੁਧਾਰਿਆ ਨਹੀਂ ਜਾ ਸਕਦਾ। ਫ਼ਸਲਾਂ ’ਤੇ ਵਰਤੀਆਂ ਜਾ ਰਹੀਆਂ ਅਨੇਕਾਂ ਬਹੁਤ ਹੀ ਹਾਨੀਕਾਰਕ ਦਵਾਈਆਂ, ਖਾਦਾਂ, ਆਦਿ ਨੇ ਭੋਜਨ ਨੂੰ ਤਾਂ ਜ਼ਹਿਰੀ ਬਣਾਉਣਾ ਹੀ ਸੀ ਪਰ ਇਨ੍ਹਾਂ ਦਵਾਈਆਂ ਅਤੇ ਖਾਦਾਂ ਦੇ ਜ਼ਮੀਨ ਵਿਚ ਘੁਲਣ ਦੇ ਕਾਰਨ ਪਾਣੀ ਵੀ ਬਹੁਤ ਗੰਦਾ ਅਤੇ ਹਾਨੀਕਾਰਕ ਹੋ ਗਿਆ ਹੈ। ਪੰਜਾਬ ਵਿਚ ਬਹੁਤ ਸਾਰੀਆਂ ਦਵਾਈਆਂ ਅਤੇ ਖਾਦਾਂ ਜੋ ਫ਼ਸਲਾਂ ਲਈ ਵਰਤੀਆਂ ਜਾ ਰਹੀਆਂ ਹਨ ਉਹ ਵਿਕਸਤ ਮੁਲਕਾਂ ਵਿਚ ਨਹੀਂ ਵਰਤੀਆਂ ਜਾ ਸਕਦੀਆਂ ਕਿਉਂਕਿ ਉਨ੍ਹਾਂ ਮੁਲਕਾਂ ਵਿਚ ਇਨ੍ਹਾਂ ਦਵਾਈਆਂ ਅਤੇ ਖਾਦਾਂ ਨੂੰ ਵਰਤਣ ’ਤੇ ਮਨਾਹੀ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿਚ ਕੈਂਸਰ ਅਤੇ ਹੋਰ ਭਿਆਨਕ ਬਿਮਾਰੀਆਂ ਬਹੁਤ ਜਿਆਦਾ ਤਾਦਾਦ ਵਿਚ ਲੋਕਾਂ ਨੂੰ ਬਿਮਾਰ ਕਰ ਰਹੀਆਂ ਹਨ। ਜ਼ਮੀਨ ਵਿਚ ਪਾਣੀ ਦਾ ਲੈਵਲ ਬਹੁਤ ਡੂੰਘਾ ਪਹੁੰਚ ਗਿਆ ਹੈ ਅਤੇ ਇਹ ਡਰ ਹੈ ਕਿ ਕਿਸੇ ਦਿਨ ਜ਼ਮੀਨ ਵਿਚੋਂ ਪਾਣੀ ਨਿਕਲਣਾ ਹੀ ਬੰਦ ਨਾ ਹੋ ਜਾਵੇ ਜਾਂ ਬਹੁਤ ਘਟ ਜਾਵੇ। ਹਾਲੇ ਤੱਕ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਪਾਸੇ ਬਹੁਤਾ ਲੋੜੀਂਦਾ ਧਿਆਨ ਨਹੀਂ ਦਿੱਤਾ। ਇਨ੍ਹਾਂ ਗੱਲਾਂ ਵੱਲ ਬਹੁਤ ਜਲਦੀ ਅਤੇ ਬਹੁਤ ਜਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਜੋ ਪੰਜਾਬ ਦੀ ਡੁੱਬਦੀ ਬੇੜੀ ਨੂੰ ਸਿਰੇ ਲਾਇਆ ਜਾ ਸਕੇ।

ਇਸ ਤੋਂ ਇਲਾਵਾ ਹੋਰ ਵੀ ਕਈ ਅਜਿਹੇ ਖੇਤਰ ਹਨ ਜਿਨ੍ਹਾਂ ਨੂੰ ਸੁਧਾਰਨ ਲਈ ਲਗਾਤਾਰ ਯਤਨ ਕਰਦੇ ਰਹਿਣਾ ਪਵੇਗਾ। ਇਸ ਸਭ ਤੋਂ ਵੀ ਜ਼ਰੂਰੀ ਗੱਲ ਇਹ ਹੈ ਕਿ ਲੋਕਾਂ ਨੂੰ ਆਪਣੇ-ਆਪ ਦਾ ਸੁਧਾਰ ਕਰਨ ਦੀ ਲੋੜ ਹੈ। ਸਾਨੂੰ ਆਪਣੇ ਕੰਮਾਂ ਅਤੇ ਫਰਜ਼ਾਂ ਪ੍ਰਤੀ ਜ਼ਿੰਮੇਵਾਰ ਹੋਣਾ ਪਵੇਗਾ। ਆਪਣਾ ਭਲਾ ਖ਼ੁਦ ਹੀ ਕਰਨਾ ਪਵੇਗਾ ਨਹੀਂ ਤਾਂ ਕਿਸੇ ਬਿਗਾਨੇ ਕੋਲੋਂ ਭਲਾਈ ਦੀ ਉਮੀਦ ਰੱਖਣਾ ਅਣ-ਹੋਣੀ ਗੱਲ ਹੈ। ਆਪਣੀ ਗੱਲ ਚਾਰਲਸ ਡਿਕਨਜ਼ ਦੇ ਨਾਵਲ 'ਦੋ ਸ਼ਹਿਰਾਂ ਦੀ ਕਥਾ' (A Tale of Two Cities) ਦੇ ਬੋਲਾਂ ਨਾਲ ਖ਼ਤਮ ਕਰਦਾ 'ਇਹ ਸਮਾਂ ਬੇਹੱਦ ਮਾੜਾ ਹੈ ਪਰ ਸਭ ਤੋਂ ਚੰਗਾ ਸਮਾਂ ਵੀ ਇਹੋ ਹੀ ਹੈ। ਇਹ ਮਹਾਨ ਦਾਨਿਸ਼ਵਰੀ ਦਾ ਯੁੱਗ ਹੈ ਪਰ ਮੂਰਖਤਾ ਵੀ ਇਸੇ ਯੁੱਗ ਵਿਚ ਜੋਬਨ ’ਤੇ ਹੈ। ਇਹ ਵਿਸ਼ਵਾਸ ਦਾ ਦੌਰ ਹੈ ਪਰ ਬੇ-ਵਿਸ਼ਵਾਸੀ ਵੀ ਇਸੇ ਯੁੱਗ ਦਾ ਲੱਛਣ ਹੈ। ਇਹੋ ਰੁੱਤ ਹੈ ਜੋ ਹਨੇਰਿਆਂ ਨਾਲ ਲੱਦੀ ਹੈ ਪਰ ਚਾਨਣ ਦੀ ਰੁੱਤ ਵੀ ਇਹੋ ਹੀ ਹੈ। ਇਹੋ ਉਮੀਦਾਂ ਦੀ ਬਹਾਰ ਦੇ ਸਮੇਂ ਹਨ ਅਤੇ ਉਦਾਸੀਆਂ ਦੀ ਪਤਝੜ ਵੀ ਇਹਨਾਂ ਸਮਿਆਂ ਵਿਚ ਹੀ ਆਉਣੀ ਹੈ। ਅਸੀਂ ਨਿਹਮਤਾਂ ਬਖਸਿਸ਼ਾਂ ਤੋਂ ਸਖਣੇ ਵੀ ਰਹਿ ਸਕਦੇ ਹਾਂ ਤੇ ਝੋਲੀਆਂ ਭਰ-ਭਰ ਕੇ ਸਵਰਗ ਦੇ ਰਾਹੇ ਵੀ ਪੈ ਸਕਦੇ ਹਾਂ।[9] ਫੈਸਲਾ ਸਾਡੇ ਹੱਥ ਹੈ ਕਿ ਅਸੀਂ ਅਵੇਸਲੇ ਹੋ ਕੇ ਹੋਰ ਨੁਕਸਾਨ ਕਰਵਾਉਣਾ ਹੈ ਕਿ ਆਪਣੀ ਸੋਝੀ ਦੀ ਵਰਤੋਂ ਕਰਕੇ ਤਰੱਕੀ ਦੇ ਰਸਤੇ ਪੈਣਾ ਹੈ।

## ਹਵਾਲੇ ਤੇ ਟਿੱਪਣੀਆਂ

1. ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਅਤੇ ਪ੍ਰਤਾਪ ਸਿੰਘ ਕੈਰੋਂ ਨੂੰ (ਮੇਰੇ ਅਨੁਸਾਰ) ਅਸੀਂ ਚੰਗੇ ਨੇਤਾਵਾਂ ਦੀ ਸੂਚੀ ਵਿਚ ਰੱਖ ਸਕਦੇ ਹਾਂ। ਜਸਟਿਸ ਗੁਰਨਾਮ ਸਿੰਘ ਬਹੁਤ ਪੜ੍ਹਿਆ-ਲਿਖਿਆ ਯੋਗ ਮੁੱਖ ਮੰਤਰੀ ਸੀ ਪਰ ਉਸ

ਨੂੰ ਅਕਾਲੀਆਂ ਦੀ ਆਪਸ ਵਿਚਲੀ ਫੁੱਟ ਨੇ ਫ਼ੇਲ੍ਹ ਕਰ ਦਿੱਤਾ। ਉਹ ਦੋ ਵਾਰੀ ਮੁੱਖ ਮੰਤਰੀ ਰਿਹਾ ਸੀ। ਪਹਿਲੀ ਵਾਰੀ ਸਿਰਫ਼ 9 ਕੁ ਮਹੀਨੇ ਅਤੇ ਦੂਜੀ ਵਾਰੀ ਇਕ ਸਾਲ ਦੇ ਕਰੀਬ। ਲਛਮਣ ਸਿੰਘ ਭਾਵੇਂ ਬਹੁਤਾ ਪੜ੍ਹਿਆ-ਲਿਖਿਆ ਮੁੱਖ ਮੰਤਰੀ ਨਹੀਂ ਸੀ ਪਰ ਉਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਲਈ ਕਾਫ਼ੀ ਵਧੀਆ ਕੰਮ ਕੀਤੇ ਸਨ। ਉਹ ਵੀ ਮਸਾਂ 9 ਕੁ ਮਹੀਨੇ ਹੀ ਮੁੱਖ ਮੰਤਰੀ ਰਿਹਾ। ਕੈਰੋਂ ਅਮਰੀਕਾ ਤੋਂ ਅਰਥ-ਸ਼ਾਸਤਰ ਅਤੇ ਰਾਜਨੀਤੀ ਵਿਚ ਦੋ ਐਮ.ਏ. ਸੀ। ਉਸ ਨੂੰ ਰਾਜਨੀਤੀ ਦਾ ਵੀ ਪੂਰਾ ਗਿਆਨ ਸੀ ਅਤੇ ਆਰਥਿਕ ਤਰੱਕੀ ਬਾਰੇ ਵੀ ਪੂਰੀ ਜਾਣਕਾਰੀ ਸੀ। ਉਸ ਨੇ ਕੁਝ ਸਾਲ ਅਮਰੀਕਾ ਵਿਚ ਗੁਜ਼ਾਰ ਕੇ ਉੱਥੋਂ ਦੇ ਸਿਸਟਮ ਬਾਰੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਪ੍ਰਤਾਪ ਸਿੰਘ ਕੈਰੋਂ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਬਹੁਤ ਵਧੀਆ ਸੰਬੰਧ ਸਨ, ਜਿਸ ਕਰ ਕੇ ਪ੍ਰਤਾਪ ਸਿੰਘ ਕੈਰੋਂ ਕੇਂਦਰ ਸਰਕਾਰ ਤੋਂ ਲੋੜੀਂਦੀ ਸਹਾਇਤਾ ਲੈ ਕੇ ਪੰਜਾਬ ਦੀ ਕਾਫ਼ੀ ਤਰੱਕੀ ਕਰ ਸਕਿਆ ਸੀ। ਕੈਰੋਂ ਨੇ ਆਪਣੇ ਲਗਭਗ ਅੱਠ ਸਾਲਾਂ ਦੇ ਰਾਜ ਵਿਚ ਪੰਜਾਬ ਵਿਚ ਬਹੁਤ ਸੁਧਾਰ ਕੀਤੇ। ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਕੈਰੋਂ ਤੋਂ ਬਾਅਦ ਕੋਈ ਇਕ ਵੀ ਉਸ ਵਰਗਾ ਯੋਗ ਮੁੱਖ ਮੰਤਰੀ ਪੈਦਾ ਨਹੀਂ ਕਰ ਸਕੇ।

2. **https://www.tribuneindia.com/news/comment/punjabs-exodus-without-an-end-19414**
3. **https://www.sbs.com.au/language/english/chasing-foreign-dreams-young-punjabis-driving-india-s-growing-visa-rush.**
4. **https://www.tribuneindia.com/news/jalandhar/punjabis-contributed-to-60-migration-to-canada-44325**
5. **http://www.researchpaedia.in/issuepdf/14992263123Dr.Suchi.pdf**
6. **www.worldbank.org**
7. **https://apnaorg.com/articles/kuljeet-sekhon/**
8. ਡਾ. ਗੁਲਜ਼ਾਰ ਸਿੰਘ ਕੰਗ, **ਗੁਰਬਾਣੀ ਵਿਆਖਿਆ-ਵਿਖਿਆਨ**, ਰਵੀ ਸਾਹਿਤ ਪ੍ਰਕਾਸ਼ਨ, 2016, ਪੰਨਾ 87.
9. **ਉਹੀ**, ਪੰਨਾ 85.

◈

# ਕਥਾ ਬਿਰਤਾਂਤ ਵਿਚ ਨਾਰੀ



**ਡਾ. ਰਮਿੰਦਰ ਕੌਰ**
ਸਾਬਕਾ ਪ੍ਰੋਫੈਸਰ,
ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ
ਯੂਨੀਵਰਸਿਟੀ,
ਅੰਮ੍ਰਿਤਸਰ।
94172-75147
raminderpbigndu@
gmail.com

**ਡਾ. ਸ਼ਰਨਜੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਖ਼ਾਲਸਾ ਕਾਲਜ ਫਾਰ
ਵਿਮੈਨ
ਅੰਮ੍ਰਿਤਸਰ।

ਸਮਾਜ ਦੀ ਮੁੱਢਲੀ ਇਕਾਈ ਪਰਿਵਾਰ ਹੈ। ਪਰਿਵਾਰ ਮਰਦ ਤੇ ਔਰਤ ਦੇ ਸੰਸਕ੍ਰਿਤਿਕ ਤੇ ਸਮਾਜਕ ਸੰਬੰਧਾਂ ਦੀ ਪੈਦਾਵਾਰ ਹੈ। ਦੋਵਾਂ ਇਕਾਈਆਂ ਵਿਚ ਔਰਤ ਮਰਦ ਦੇ ਬਰਾਬਰ ਦੀ ਧਿਰ ਹੈ ਪਰ ਦੁਖਾਂਤਵਸ ਭਾਰਤੀ ਸੰਸਕ੍ਰਿਤੀ ਦੀ ਰੂਪ ਰੇਖਾ ਦਰਮਿਆਨ ਔਰਤ, ਮਰਦ ਦੇ ਬਰਾਬਰ ਯੋਗਦਾਨ ਦੇ ਬਾਵਜੂਦ ਵੀ ਰੁਤਬੇ ਅਤੇ ਸਤਿਕਾਰ ਪੱਖੋਂ ਊਣਤਾ ਹੰਢਾਉਂਦੀ ਰਹੀ ਹੈ। ਪੂਰਵਲੇ ਸਾਹਿਤ ਚਿੰਤਨ ਤੋਂ ਲੈ ਕੇ ਅਜੋਕੇ ਦੌਰ ਦੀ ਸਾਹਿਤਕ ਪ੍ਰੰਪਰਾ ਔਰਤ ਨੂੰ ਉਲੀਕਣ, ਉਸਦੇ ਮੁਹਾਂਦਰੇ, ਸਮਾਜਕ ਸਥਿਤੀ, ਮਾਨਸਿਕਤਾ ਦੇ ਪੱਧਰ ਨੂੰ ਘੋਖਣ ਅਤੇ ਉਸਦੇ ਮਰਿਯਾਦਾਗਤ ਤੇ ਗੈਰ-ਮਰਿਯਾਦਤ ਕਦਮਾਂ ਦਾ ਲੇਖਾ-ਜੋਖਾ ਕਰਦੀ ਨਿਰੰਤਰ ਪ੍ਰਵਾਹ ਦੀ ਸਥਿਤੀ ਵਿਚ ਹੈ। ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਸਮੁੱਚੇ ਸਾਹਿਤ ਵਿਧਾਨ ਨੇ ਔਰਤ ਬਿੰਬ ਨੂੰ ਆਪਣੀਆਂ ਨਿੱਜੀ ਸ਼ਰਤਾਂ ਦੇ ਢਾਂਚੇ ਵਿਚ ਹੀ ਦੇਖਿਆ ਪਰਖਿਆ ਹੈ। ਬ੍ਰਾਹਮਣੀ ਚਿੰਤਨ ਚੇਤਨਾ ਤਹਿਤ ਔਰਤ ਪ੍ਰਤੀ ਕੋਈ ਨਾ ਕੋਈ ਆਦਰਸ਼ਕ ਮਾਡਲ ਸਿਰਜ ਕੇ, ਉਸਨੂੰ ਔਰਤ ਦੇ ਵਿਹਾਰਕੀ ਅਨੁਕਰਨ ਵਜੋਂ ਸਥਾਪਿਤ ਕਰਦਿਆਂ ਔਰਤ ਹੋਂਦ ਨੂੰ ਕਿਸਮਤ ਸਿਧਾਂਤ ਨਾਲ ਬੰਨਣ ਦੀ ਅਖੌਤੀ ਸਮਝ ਪੈਦਾ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਪੁਰਾਣ ਪ੍ਰੰਪਰਾ ਵਿਚ ਲਕਸ਼ਮੀ ਦੇਵੀ ਵਲੋਂ ਪਤੀ ਵਿਸ਼ਨੂੰ ਦੇ ਪੈਰ ਘੁੱਟਣ ਦੇ ਕਾਰਜ ਵਿਚੋਂ ਬੀਜ ਰੂਪ ਵਿਚ ਸਾਹਮਣੇ ਆਉਂਦੀ 'ਦਾਸ ਪ੍ਰੰਪਰਾ' ਔਰਤ ਹੈਸੀਅਤ ਦਾ ਪਰਮਾਣਕ ਚਿਹਨ ਬਣ ਕੇ ਉਜਾਗਰ ਹੁੰਦੀ ਹੈ। ਇਸੇ ਤਰ੍ਹਾਂ ਮਹਾਂਭਾਰਤ ਵਿਚ ਧ੍ਰਿਤਰਾਸ਼ਟਰ ਦੀ ਪਤਨੀ ਦੁਆਰਾ ਪਤੀ ਦੇ ਨੇਤਰਹੀਣ ਹੋਣ ਕਾਰਨ ਆਪਣੀਆਂ ਅੱਖਾਂ 'ਤੇ ਵੀ ਪੱਟੀ ਬੰਨ੍ਹ ਸੁਜਾਖੇ ਹੋਣ ਦੇ ਬਾਵਜੂਦ ਵੀ ਅੰਧਕਾਰ ਹੰਢਾਉਣ ਦੀ ਸਥਿਤੀ ਵੀ ਅਨੇਕ ਪਹਿਲੂਆਂ ਤੋਂ ਪਰਦਾ ਚੁੱਕਦੀ ਹੈ। ਕੁਆਰੀ ਕੁੰਤੀ ਦੁਆਰਾ ਸੂਰਜ ਨਾਲ ਸਥਾਪਿਤ ਕੀਤੇ ਗਏ ਸੰਬੰਧਾਂ ਵਿਚੋਂ ਪੈਦਾ ਹੋਏ ਪੁੱਤਰ 'ਕਰਨ' ਸੰਬੰਧੀ ਜਾਇਜ਼-ਨਜਾਇਜ਼ ਦਾ ਪ੍ਰਸ਼ਨ ਤੇ ਸੰਤਾਪ, ਦਰੋਪਦੀ ਦੁਆਰਾ ਭਰੀ ਸਭਾ ਵਿਚ ਇਕ ਵਸਤ ਵਾਂਗ ਜੂਏ ਵਿਚ ਹਾਰ ਕੇ ਚੀਰ ਹਰਣ ਦੀ ਵਿਡੰਬਨਾ ਸਹਿਣ, ਰਮਾਇਣ ਵਿਚਲੀ ਸੀਤਾ ਦਾ ਇਕ ਧੋਬੀ ਦੇ ਕਹਿਣ 'ਤੇ ਰਾਜੇ ਦੇ ਹੁਕਮੀ ਆਦੇਸ਼ ਅਨੁਸਾਰ ਅਗਨੀ ਪ੍ਰੀਖਿਆ ਵਿਚ ਬੈਠਣਾ, ਇੰਦਰ ਦੁਆਰਾ ਗੌਤਮ ਰੂਪ ਵਿਚ ਹੰਢਾਏ ਦੇਹ-ਭੋਗ ਵਜੋਂ ਅਹਿਲਿਆ ਦੁਆਰਾ ਸੈਲ ਪੱਥਰ ਹੋਣ ਦਾ ਸਰਾਪ ਭੁਗਤਣਾ, ਆਦਿਕ ਪਹਿਲੂਆਂ ਵਿਚ ਔਰਤ ਦੀ ਦਾਇਰਾਗਤ ਹੋਂਦ ਅਤੇ ਮਰਦ ਦ੍ਰਿਸ਼ਟੀ ਵਿਚ ਨਿਗੂਣਾ ਯਥਾਰਥ ਭੋਗਣ ਜਿਹਾ ਜੀਵਨ ਮੁੱਲ ਦਰਪੇਸ਼ ਆਉਂਦਾ ਹੈ। ਨਿਰਸੰਦੇਹ ਬ੍ਰਾਹਮਣਵਾਦ ਤੋਂ ਪੂਰਵ ਆਰੀਆ ਕਾਲ ਵਿਚ ਔਰਤ ਦਾ ਦਰਜਾ ਏਨਾ ਹੀਣਾ ਨਹੀਂ ਸੀ, ਬਲਕਿ ਉਸ ਨੂੰ ਵਿਆਹ ਸੰਬੰਧੀ ਸਵੈ-ਇੱਛਾ ਅਨੁਸਾਰ ਫੈਸਲਾ ਲੈਣ ਦਾ ਅਧਿਕਾਰ ਪ੍ਰਾਪਤ ਸੀ ਪਰ ਬ੍ਰਾਹਮਣਵਾਦ ਦੀ ਜਾਤੀ ਪ੍ਰਥਾ, ਮਨੂੰ ਸਿਮ੍ਰਤੀ ਵਿਚਲਾ ਔਰਤ ਦਾ ਗੁਲਾਮੀਅਤ ਭਰਪੂਰ ਬਿੰਬ, ਔਰਤ ਦੀ ਸਥਿਤੀ ਨੂੰ ਬਦ ਤੋਂ ਬਦਤਰ ਕਰਨ ਦਾ ਜ਼ਰੀਆ ਬਣਦੇ ਹਨ; ਨਤੀਜਨ ਉਪਰੋਕਤ ਹਵਾਲੇ ਸਾਹਮਣੇ ਹਨ। ਭਾਰਤੀ

ਸਾਹਿਤ ਚਿੰਤਨ ਔਰਤ ਦੀ ਅਜਿਹੀ ਸਥਿਤੀ ਔਰਤ ਦੇ ਅਜਿਹੇ ਜੀਵਨ-ਯਥਾਰਥ ਤੇ ਪ੍ਰਸੰਗ ਪਰਿਪੇਖ ਨੂੰ ਵਿਭਿੰਨ ਵਿਧੀਆਂ ਰਾਹੀਂ ਸਮਝਣ ਦਾ ਹੀਆ ਕਰਦਾ ਆ ਰਿਹਾ ਹੈ। ਫਲਸਰੂਪ ਇਸਤਰੀ ਆਪਣੇ ਤ੍ਰਾਸਦਿਕ ਜੀਵਨ ਯਥਾਰਥ ਕਾਰਣ ਅਖੌਤੀ ਸਤਿਕਾਰਤ ਤੇ ਨਿੰਦਨੀ ਦੋਹਾਂ ਮਿਲਣੀਆਂ ਸੁਰਾਂ ਅਧੀਨ ਕਦੇ ਸਾਧਣੀ, ਭੋਗਯਾ, ਕੁਲਟਾ, ਵੇਸਵਾ, ਰਖੇਲ, ਪੁਸ਼ੰਚਲੀ, ਸਵਰਿਣੀ, ਭਿਸ਼ਣੀ ਤੇ ਸੰਨਿਆਸੀ ਆਦਿ ਰੂਪਾਂ ਵਿਚ ਪੇਸ਼ ਕੀਤੀ ਜਾਂਦੀ ਰਹੀ ਹੈ। ਪ੍ਰਚਲਿਤ ਰਹੀਆਂ ਪ੍ਰਥਾਵਾਂ ਮਸਲਨ ਬਾਲ ਪ੍ਰਥਾ, ਸਤੀ ਪ੍ਰਥਾ, ਵੇਸਵਾ ਗਮਨੀ, ਬਹੁ-ਵਿਆਹ ਪ੍ਰਥਾ ਵਿਚੋਂ ਔਰਤ ਦਾ ਸਰੂਪ ਜਾਂ ਤਾਂ ਸੂਦਰ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਜਾਂ ਫਿਰ ਇਕ ਦੇਵੀ ਦੇ ਰੂਪ ਵਿਚ। ਕਹਿਣ ਤੋਂ ਭਾਵ ਕਿ ਉਸਨੂੰ ਆਮ ਇਨਸਾਨ ਸਮਝਣ ਦੀ ਸੋਚ ਲਗਪਗ ਮਨਫ਼ੀ ਹੀ ਰਹੀ ਹੈ। ਹਰਚੰਦ ਸਿੰਘ ਬੇਦੀ ਅਨੁਸਾਰ :-

> ਸਭ ਵਰਤਾਰੇ ਭਾਰਤੀ ਸਮਾਜ ਵਿਚ ਨਾਰੀ ਦੇ ਬੰਦਿਸ਼ ਭਰਪੂਰ, ਗੁਲਾਮ, ਤਨਾਓ ਪੂਰਨ ਤੇ ਨਫ਼ਰਤ ਭਰਪੂਰ ਭਾਵਨਾ ਨਾਲ ਸਿਰਜੇ ਗਏ ਸਮਾਜਕ ਮਾਹੌਲ, ਕੈਫ਼ੀਅਤ ਤੇ ਕਦਰਾਂ-ਕੀਮਤਾਂ ਦੇ ਵਿਹਾਰਕ ਵਿਹਾਰ ਦਾ ਹੀ ਪ੍ਰਦਰਸ਼ਨ ਤੇ ਸੰਕੇਤ ਦਿੰਦੇ ਹਨ।[1]

ਸਮਿਅਕ ਗਤੀ ਵਿਚੋਂ ਔਰਤ ਆਪਣੀਆਂ ਲੁਪਤ ਅਤੇ ਦਮਿਤ ਅਕਾਖਿਆਵਾਂ ਅਤੇ ਸਵੈ ਪ੍ਰਤੀ ਸਮਾਜ ਵਿਰੋਧੀ ਵਤੀਰੇ ਨੂੰ ਲੋਕ ਕਾਵਿਕ ਅੰਦਾਜ਼ ਰਾਹੀਂ ਪੇਸ਼ ਕਰਨ ਦਾ ਰਾਹ ਲੱਭਦੀ ਆਪਣੀ ਸਥਿਤੀ ਸੁਧਾਰ ਵੱਲ ਪੁਲਾਂਘ ਪੁੱਟਦੀ ਨਜ਼ਰ ਆਉਂਦੀ ਹੈ। ਲੋਕ ਕਾਵਿ ਸ਼ੈਲੀ ਜ਼ਰੀਏ ਨਾਰੀ ਸੰਵੇਦਨਾ ਦਾ ਜੋ ਪੈਰਾਡਾਈਮ ਉਸਰਦਾ ਹੈ, ਉਹ ਨਾਰੀ ਇਤਿਹਾਸਕਾਰੀ ਤੇ ਸਭਿਆਚਾਰਕ ਵਿਕਾਸਗਤੀ ਦਾ ਮੂੰਹ-ਜ਼ੁਬਾਨੀ ਦਸਤਾਵੇਜ਼ ਬਣ ਕੇ ਉੱਭਰਦਾ ਹੈ। ਬੇਸ਼ੱਕ ਲੋਕ ਕਾਵਿ ਦਾ ਬਹੁਤਾ ਹਿੱਸਾ ਨਾਰੀ ਮਨ ਦੀ ਹੀ ਸਿਰਜਣਾ ਹੈ ਪਰ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਮਰਦ ਪ੍ਰਧਾਨ ਸਮਾਜ ਅੰਦਰ ਮਰਦ ਦੀ ਬਲਸ਼ਾਲੀ ਪਹੁੰਚ ਕਾਰਨ ਲੋਕ ਕਾਵਿ ਵੀ ਪ੍ਰਤੱਖ-ਅਪ੍ਰਤੱਖ ਰੂਪ ਵਿਚ ਔਰਤ ਪ੍ਰਤੀ ਨਿੰਦਨੀ ਸੁਰ ਦਾ ਪ੍ਰਸਾਰ ਹੀ ਕਰਦਾ ਹੈ ਕਿਉਂਕਿ ਨਾਰੀ ਜਿਨ੍ਹਾਂ ਜੀਵਨ ਮੁੱਲਾਂ ਵਿਚੋਂ ਆਪਣੀ ਸਵੈ-ਰੱਖਿਆ ਦਾ ਭਰਮ ਪਾਲਦੀ ਹੈ ਉਹ ਸਮੂਹ ਸਭਿਆਚਾਰਕ ਪੈਟਰਨ ਮਰਦ ਦੀ ਹੀ ਸਿਰਜਣਾ ਹਨ ਤੇ ਮਰਦ ਹਿੱਤਕਾਰੀ ਹੀ ਹਨ। ਔਰਤ ਜੇਕਰ ਇਨ੍ਹਾਂ ਮੁੱਲਾਂ ਪ੍ਰਤੀ ਪ੍ਰਤੀਬੱਧਤਾ ਤੋਂ ਇਨਕਾਰੀ ਹੋਣ ਦੀ ਜੁਅੱਰਤ ਕਰਦੀ ਹੈ ਤਾਂ ਉਸਨੂੰ ਬੇਰੁਖ਼ੀ ਤੇ ਸਮਾਜਕ ਅਪ੍ਰਵਾਨਗੀ ਨਾਲ ਲੰਬਾ ਸੰਘਰਸ਼ ਕਰਨਾ ਪੈਂਦਾ ਹੈ ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਔਰਤ ਖ਼ੁਦ ਹੀ ਉਸ ਮੁੱਲ ਪ੍ਰਬੰਧ ਵਿਚਲੇ ਨਿਰਾਰਥਕ ਪਹਿਲੂਆਂ ਤੋਂ ਪਾਰ ਝਾਕਣ ਦੀ ਸਮਰੱਥਾ ਨਹੀਂ ਜੁਟਾ ਪਾਉਂਦੀ, ਪਰ ਮਨ ਦੇ ਓਹਲੇ ਵਿਚ ਆਪਣੇ ਇੱਛਿਤ ਸੰਸਾਰ ਨਾਲ ਜੁੜੀ ਆਪਣੀ ਦੇਹ ਲਈ ਕਈ ਪ੍ਰਕਾਰ ਦੇ ਖੋਰੇ ਸਹੇੜ ਲੈਂਦੀ ਹੈ।

ਪੰਜਾਬ ਦੀ ਧਰਤੀ 'ਤੇ ਸਮੇਂ-ਸਮੇਂ ਜਨਮੀਆਂ ਵਿਗਸੀਆਂ ਸਭਿਆਤਾਵਾਂ ਵੀ ਨਾਰੀ ਸਥਿਤੀ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ। ਸਿੰਧੂ ਘਾਟੀ ਦੀ ਸਭਿਅਤਾ, ਆਰੀਆ ਸਭਿਅਤਾ ਤੇ ਇਨ੍ਹਾਂ ਸਭਿਆਤਾਵਾਂ ਵਿਚੋਂ ਸਾਖ਼ਾਵਾਂ ਦੇ ਰੂਪ ਵਿਚ ਵਿਗਸਦੇ ਨਵੇਂ ਮੁੱਲ ਪ੍ਰਬੰਧ ਤੇ ਨਵੀਨ ਸੰਸਕ੍ਰਿਤਿਕ ਸੰਦਰਭ ਔਰਤ ਦੀ ਚੱਲੀ ਆ ਰਹੀ ਹੋਂਦ ਮੁਖੀ ਵਿਡੰਬਨਾ ਵਿਚ ਵਾਧਾ ਕਰਦੇ ਪ੍ਰਤੀਤ ਹੁੰਦੇ ਹਨ। ਬੁੱਧ ਮਤ ਵਿਚੋਂ ਪੈਦਾ ਹੋਈ ਸ਼ਾਖ਼ਾ ਸਹਿਜਯਾਨ ਨੇ ਸਿੱਧ ਮੱਤ ਨੂੰ ਜਨਮ ਦਿੱਤਾ। ਇੰਜ 'ਸਿੱਧ ਬਾਣੀ' ਬਾਣੀ ਪ੍ਰੰਪਰਾ ਦਾ ਆਧਾਰ ਬਣਦੀ ਹੈ, ਜਿਸ ਵਿਚੋਂ ਅੱਗੇ ਚੱਲ ਕੇ ਨਾਥ ਪ੍ਰੰਪਰਾ ਦੀ ਲਹਿਰ ਫੁੱਟਦੀ ਹੈ। ਨਾਥ ਮੱਤ ਦੀ ਜ਼ੁਬਾਨੀ ਔਰਤ ਮੁਹਾਂਦਰਾ ਨਿੰਦਨੀ ਸੁਰ ਅਖ਼ਤਿਆਰ ਕਰਦਾ ਹੈ। ਔਰਤ ਧਿਰ ਲਈ ਅਮਾਨਵੀਂ ਸੁਰ ਦਾ ਪ੍ਰਤੀਪਾਦਨ ਕਰਦਿਆਂ ਨਾਥ ਮੱਤ ਮਨੂੰ ਸਿਮ੍ਰਤੀ ਨਾਲੋਂ ਵੀ ਅਗਲੇਰੀ ਸਥਿਤੀ ਵਿਚ ਔਰਤ ਪ੍ਰਤੀ ਨਫ਼ਰਤ ਦੇ ਆਲਮ ਦਾ ਪ੍ਰਸਾਰ ਕਰਦਾ ਹੈ। ਭਾਰਤ ਵਿਚ ਕਾਬਜ ਹੋਈ ਮੁਸਲਮਾਨ ਹਕੂਮਤ ਸਮੇਂ ਵੀ ਔਰਤ ਕੇਵਲ ਮਰਦ ਦੀ ਇੱਛਾ ਤ੍ਰਿਪਤੀ ਤੱਕ ਸੀਮਤ ਵਸਤ ਮਾਤਰ ਪੇਸ਼ ਹੁੰਦੀ ਹੈ ਭਾਵੇਂ ਕਿ ਇਸ ਦੌਰ ਵਿਚ ਔਰਤ ਨੂੰ ਮਰਦ ਦੀ ਕਾਮ ਭੁੱਖ ਤ੍ਰਿਪਤ ਕਰਨ ਬਦਲੇ ਇਵਜ਼ਾਨਾ ਮਿਲਣ ਦੀ ਪਿਰਤ ਪੈ ਜਾਂਦੀ ਹੈ। ਇਨ੍ਹਾਂ ਸਮੂਹ ਸਥਿਤੀਆਂ ਨੂੰ ਦੇਖਦਿਆਂ ਮਨ ਵਿਚ ਪ੍ਰਸ਼ਨ ਖੜਾ ਹੁੰਦਾ ਹੈ ਕਿ ਬੇਸ਼ੱਕ ਮਰਦ ਔਰਤ ਪ੍ਰਤੀ ਵਸਤੂਵਾਦੀ ਪਹੁੰਚ ਦਾ ਧਾਰਨੀ ਸੀ ਪਰ ਕੀ ਔਰਤ ਆਪਣੇ ਅਸਤਿਤਵ ਪ੍ਰਤੀ, ਆਪਣੀ ਹੋਂਦ ਪ੍ਰਤੀ ਜਾਂ ਆਪਣੀ ਸਮਰੱਥਾ ਸ਼ਕਤੀ ਤੋਂ ਵਾਕਿਫ਼ ਸੀ? ਕੀ ਉਸਦਾ ਚੇਤਨਾ ਸਤ੍ਰ ਉਸਨੂੰ ਆਪਣੀ ਸਵੈ-ਰੱਖਿਆ ਜਾਂ ਸਵੈਮਾਣ ਪ੍ਰਤੀ ਸੋਝੀ ਕਰਾਉਣ ਦਾ ਇੰਨਾ ਵਿਹੂਣਾ ਸੀ? ਕੀ ਉਸਨੂੰ ਵਾਕਈ ਹੀ ਇਸ ਗੱਲ ਦਾ ਅਹਿਸਾਸ ਸੀ ਕਿ ਉਸਦਾ ਇਨਸਾਨੀ ਮਾਦਾ ਮਹਿਜ਼ ਵਸਤ ਵਾਂਗ ਵੇਚਿਆ-ਖ਼ਰੀਦਿਆ ਜਾ ਰਿਹਾ ਹੈ? ਕੀ ਉਹ ਕੇਵਲ ਹੰਝੂ ਵਹਾਉਣ ਦੀ ਬਜਾਇ ਸਥਿਤੀ ਨਾਲ ਲੜਨ ਦੀ ਜੁਅੱਰਤ ਕਰਨ ਦੀ ਸ਼ਮਤਾ ਪੈਦਾ

ਕਰਨ ਵੱਲ ਯਤਨਸ਼ੀਲ ਸੀ? ਜੇਕਰ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਹੈ ਤਾਂ ਫਿਰ ਕੇਵਲ ਮਰਦ ਹੀ ਕਿਉਂ, ਔਰਤ ਵੀ ਆਪਣੀ ਸਥਿਤੀ ਦੀ ਬਰਾਬਰ ਜ਼ਿੰਮੇਵਾਰ ਹੈ।

ਗੁਰਮਤਿ ਕਾਵਿ ਨੂੰ ਪਹਿਲੀ ਇਨਕਲਾਬੀ ਲਹਿਰ ਮੰਨਿਆ ਜਾਂਦਾ ਹੈ, ਜੋ ਔਰਤ ਹੱਕ ਵਿਚ ਆਪਣੀ ਆਵਾਜ਼ ਲਾਉਂਦੀ ਹੈ। ਇਸ ਲਹਿਰ ਨੇ ਬ੍ਰਾਹਮਣੀ ਸਮਾਜ ਸਭਿਆਚਾਰ ਨਾਲ ਆਢਾ ਲਾ ਕੇ ਸਭਿਆਚਾਰਕ ਵਿਧਾਨ ਵਿਚ ਪਹਿਲੀ ਵਾਰ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਸਿੱਟਾ ਕੀ ਵਾਪਰਦਾ ਹੈ ਕਿ ਔਰਤ ਸਤੀ ਪ੍ਰਥਾ ਤੇ ਵਿਧਵਾ ਪ੍ਰਥਾ ਆਦਿ ਜਿਹੀਆਂ ਕੁਰੀਤੀਆਂ ਤੋਂ ਫ਼ਾਰਗ ਤਾਂ ਹੁੰਦੀ ਹੈ, ਪਰ ਨੀਝ ਨਾਲ ਵੇਖੀਏ ਤਾਂ ਗੁਰਮਤਿ ਸਿਧਾਂਤ ਦੇ ਕੁਝ ਅਜਿਹੇ ਸੰਕਲਪ ਹਨ ਜੋ ਔਰਤ ਬਿਹਤਰੀ ਦੇ ਓਹਲੇ ਵਿਚ ਮਰਦ ਦਾ ਹੀ ਝੰਡਾ ਬੁਲੰਦ ਕਰਦੇ ਹਨ, ਜਿਸ ਨੂੰ ਸਾਡੀ ਅੱਜ ਦੀ ਪੰਜਾਬੀ ਕਹਾਣੀ ਨੋਟਿਸ ਹੇਠ ਲਿਆ ਵੀ ਰਹੀ ਹੈ।

ਨਾਰੀ ਸਥਿਤੀ ਉਧਾਰ ਵੱਲ ਇੱਕਾ-ਦੁੱਕਾ ਅਹੁਲਦੇ ਕਦਮਾਂ ਜਾਂ ਯਤਨਾਂ ਦੇ ਸਦਕਾ ਚੰਗੀ ਗੱਲ ਇਹ ਵਾਪਰਦੀ ਹੈ ਕਿ ਕੁਝ ਇਕ ਔਰਤ ਪੜ੍ਹ ਲਿਖ ਜਾਂਦੀਆਂ ਹਨ ਅਤੇ ਆਪਣੀ ਹੋਂਦ ਦੀ ਕੀਮਤ ਪਛਾਣਨ ਦੀ ਹਿੰਮਤ ਵੀ ਕਰਦੀਆਂ ਹਨ। ਕਾਨੂੰਨੀ ਪੱਧਰ 'ਤੇ ਵੀ ਔਰਤ ਲਈ ਕੁਝ ਇਕ ਕੰਡੇ ਚੁੱਗਣ ਦਾ ਆਹਰ ਕੀਤਾ ਜਾਂਦਾ ਹੈ। 19ਵੀਂ ਸਦੀ ਵਿਚ ਵਿਧਵਾ ਵਿਆਹ 'ਤੇ ਬਿੱਲ ਪਾਸ ਹੁੰਦਾ ਹੈ। 1821 ਵਿਚ ਰਾਜਾ ਰਾਮ ਮੋਹਨ ਰਾਏ ਦੇ ਯਤਨਾਂ ਨਾਲ ਸਤੀ ਪ੍ਰਥਾ ਦਾ ਵਿਰੋਧ ਪ੍ਰਬਲ ਰੂਪ ਫੜ੍ਹਦਾ ਹੈ। ਆਜ਼ਾਦੀ ਸੰਗਰਾਮ ਤੇ ਇਨਕਲਾਬੀ ਲਹਿਰਾਂ ਵਿਚ ਔਰਤ ਦੀ ਸ਼ਮੂਲੀਅਤ ਨਜ਼ਰ ਆਉਣ ਲੱਗਦੀ ਹੈ। ਔਰਤ ਕੇਂਦਰਿਤ ਕੁਝ ਇਕ ਲਹਿਰਾਂ ਵੀ ਸਿਰ ਚੁੱਕਦੀਆਂ ਹਨ ਇਨ੍ਹਾਂ ਦਾ ਰੁਝਾਣ ਕੇਵਲ ਸ਼ਹਿਰੀ ਔਰਤ ਤੱਕ ਹੀ ਸੀਮਿਤ ਰਹਿੰਦਾ ਹੈ। ਪ੍ਰਿੰਟ ਮੀਡੀਆ ਦੇ ਰੂਪ ਵਿਚ ਵੀ ਕੁਝ ਮੈਗਜ਼ੀਨ, ਰਸਾਲੇ ਇਸ ਤਰ੍ਹਾਂ ਦੇ ਸਾਹਮਣੇ ਆ ਰਹੇ ਹਨ, ਜਿਨ੍ਹਾਂ ਦੇ ਕੇਂਦਰ ਵਿਚ ਨਾਰੀ ਹੈ ਪਰ ਗਹਿਨ ਪੱਧਰ 'ਤੇ ਵਾਚਦਿਆਂ ਇਹਨਾਂ ਵਿਚਲਾ ਨਾਰੀ ਬਿੰਬ ਵੀ ਕੇਵਲ ਦੇਹ ਦੇ ਕੋਣ ਤੋਂ ਪੇਸ਼ ਹੁੰਦਾ ਮਰਦ ਦੀ ਖਿੱਚ ਦਾ ਕੇਂਦਰ ਬਣਨ ਤੱਕ ਸੀਮਤ ਹੈ, ਜਿਸ ਨੂੰ 'ਆਜ਼ਾਦੀ' ਦਾ ਨਾਮ ਵੀ ਦਿੱਤਾ ਜਾ ਰਿਹਾ ਹੈ।

ਜ਼ਹਿਨੀ ਕਸ਼ਮਕਸ਼ ਨਾਲ ਦੋ ਚਾਰ ਹੁੰਦਿਆਂ ਵੀ ਇਸ ਦਾ ਉੱਤਰ ਨਹੀਂ ਲੱਭਦਾ ਕਿ ਔਰਤ ਦੀ ਸਥਿਤੀ ਵਿਚ ਸੁਧਾਰ ਕੀ ਵਾਪਰਿਆ ਹੈ? ਕੀ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਚਾਰ ਅੱਖਰ ਪੜ੍ਹ ਜਾਣਾ ਹੀ ਆਜ਼ਾਦੀ ਹੈ ਜਾਂ ਪੜ੍ਹ ਲਿਖ ਕੇ ਵੀ ਜ਼ਿਹਨੀ ਪੱਧਰ ਤੇ ਗੁਲਾਮੀਅਤ ਦਾ ਗਲੇਫ਼ ਓੜ ਕੇ ਰੱਖਣਾ ਆਜ਼ਾਦੀ ਹੈ? ਆਰਥਿਕ ਪੱਧਰ 'ਤੇ ਨਿਰਭਰ ਹੋ ਜਾਣ ਨਾਲ ਕੀ ਔਰਤ ਦੀਆਂ ਸਭ ਸਮੱਸਿਆਵਾਂ ਦਾ ਹੱਲ ਹੋ ਗਿਆ ਹੈ ਜਾਂ ਔਰਤ ਨੇ ਸਵੈ ਨਿਰਭਰ ਬਣਨ ਦੇ ਭਰਮ ਜਾਲ ਵਿਚ ਆਪਣੇ ਲਈ ਵਧੇਰੇ ਚੁਣੌਤੀਆਂ ਨੂੰ ਸਹੇੜ ਲਿਆ ਹੈ? ਪਹਿਲਾਂ ਔਰਤ ਜਬਰਨ ਵਸਤ ਬਣ ਕੇ ਵਿਚਰਨ ਲਈ ਮਜਬੂਰ ਸੀ ਪਰ ਅੱਜ ਕੁਝ ਥਾਵਾਂ 'ਤੇ ਔਰਤ ਖ਼ੁਦ ਵਸਤ ਬਣਨ ਜਾਂ ਨੰਗੇਜ਼ ਵੱਲ ਉਲਾਰ ਹੋ ਰਹੀ ਦਿਖਾਈ ਦੇ ਰਹੀ ਹੈ, ਕਸੂਰ ਕਿਸਦਾ ਹੈ? ਕੀ ਮਰਦ ਦੀ ਮਾਨਸਿਕਤਾ ਵਿਚ ਔਰਤ ਪ੍ਰਤੀ ਵਾਕਈ ਹੀ ਸਤਿਕਾਰ ਮੂਲਕ ਨਜ਼ਰੀਆ ਉਭਰਿਆ ਹੈ ਜਾਂ ਔਰਤ ਹਕੀਕਤ ਤੋਂ ਦੂਰ ਭੱਜਦੀ ਆਪਣੇ ਆਲੇ-ਦੁਆਲੇ ਭਰਮਾਂ ਦਾ ਜਾਲ ਬੁਣ ਰਹੀ ਹੈ? ਔਰਤ, ਮਰਦ ਦੀ ਅਧੀਨਗੀ ਤੋਂ ਫ਼ਾਰਗ ਹੋਣ ਵੱਲ ਪੁਲਾਂਘ ਤਾਂ ਪੁੱਟ ਰਹੀ ਹੈ ਪਰ ਕੀ ਵਾਕਈ ਉਹ ਮਰਦ ਦੇ ਬਗੈਰ ਜ਼ਿੰਦਗੀ ਜਿਊ ਸਕਣ ਦੀ ਜੁਅੱਰਤ ਜੁਟਾ ਪਾਈ ਹੈ? ਮਰਦ ਨੂੰ ਮਾੜਾ ਵੀ ਕਹਿੰਦੀ ਹੈ ਪਰ ਸੋਚਦੀ ਸਾਰੀ ਉਮਰ ਫਿਰ ਵੀ ਮਰਦ ਬਾਰੇ ਹੀ ਹੈ, ਕੀ ਇਹ ਉਸਦੀ ਚੇਤਨਾ ਹੈ? ਅਣਗਣਿਤ ਸਵਾਲ ਹਨ ਜੋ ਮਰਦ ਨਾਲੋਂ ਔਰਤ ਨੂੰ ਹੀ ਸਵਾਲਾਂ ਦੇ ਕਟਹਿਰੇ 'ਚ ਲਿਆ ਖਲਾਰਦੇ ਹਨ। ਇਨ੍ਹਾਂ ਸਵਾਲਾਂ ਪ੍ਰਤੀ ਬਹੁਤੀਆਂ ਔਰਤਾਂ ਹੀ ਰੋਸ ਦਾ ਦਾਅਵਾ ਕਰ ਸਕਦੀਆਂ ਹਨ, ਬਜਾਏ ਇਸ ਦੇ ਕਿ ਇਨ੍ਹਾਂ ਦਾ ਸਹੀ ਜਵਾਬ ਲੱਭਿਆ ਜਾਵੇ। ਪਰ ਸਵਾਲਾਂ ਤੋਂ ਭੱਜਣ ਨਾਲ ਸਵਾਲ ਖਤਮ ਨਹੀਂ ਹੋ ਜਾਂਦੇ, ਬਸ ਕੁਝ ਸਮੇਂ ਲਈ ਚੁੱਪ ਜ਼ਰੂਰ ਹੋ ਜਾਂਦੇ ਹਨ।

ਅੱਜ ਔਰਤ ਨੂੰ ਜਾਇਦਾਦ ਵਿਚ ਵੀ ਅੱਧ ਦੀ ਮਾਲਿਕ ਹੋਣ ਦਾ ਅਧਿਕਾਰ ਪ੍ਰਾਪਤ ਹੈ। ਪਰ ਔਰਤ ਮਿਲਦੇ ਅਧਿਕਾਰਾਂ ਨਾਲੋਂ 'ਉਪਭਾਵੁਕ ਫ਼ਰਜ਼ਾਂ' ਦੀ ਪੂਰਤੀ ਵੱਲ ਵਧੇਰੇ ਉਲਾਰ ਨਜ਼ਰ ਆਉਂਦੀ ਹੈ। ਦੂਸਰਾ ਦੁਖਦਾਇਕ ਨੁਕਤਾ ਇਹ ਵੀ ਸਾਹਮਣੇ ਹੈ ਕਿ ਅਜਿਹੇ ਅਧਿਕਾਰ ਪ੍ਰਾਪਤ ਕਰਨ ਵਿਚ ਔਰਤ ਹੀ ਔਰਤ ਦੇ ਹੱਕ ਵਿਚ ਭੁਗਤਦੀ ਨਜ਼ਰ ਨਹੀਂ ਆਉਂਦੀ। ਜੇਕਰ ਧੀ ਦੀ ਚੇਤਨਤਾ ਉਸ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦੀ ਹੈ ਤਾਂ 'ਮਾਂ' ਧੀ ਦੀ ਅਜਿਹੀ ਸੋਚ ਨੂੰ ਨਕਾਰਨ ਵਾਲੀ ਪਹਿਲੀ ਵਿਰੋਧੀ ਧਿਰ ਬਣ ਕੇ ਸਾਹਮਣੇ ਆਉਂਦੀ ਦਿਖਾਈ ਦਿੰਦੀ ਹੈ। ਇਥੇ ਸਮਾਜ ਜਾਂ ਮਰਦ ਨੂੰ ਕਸੂਰਵਾਰ ਠਹਿਰਾਉਣ ਤੋਂ ਪਹਿਲਾਂ ਔਰਤ ਖ਼ੁਦ ਹੀ ਸਵਾਲਾਂ ਦੇ ਘੇਰੇ 'ਚ ਘਿਰਦੀ ਨਜ਼ਰ ਆਉਂਦੀ ਹੈ। ਨਾਰੀ ਦੀ ਹੁਣ ਤੱਕ ਦੀ ਇਤਿਹਾਸਕ ਸਥਿਤੀ ਵਿਚਕਾਰ ਬਹੁਤ ਸਾਰੇ ਨੁਕਤੇ ਅਜਿਹੇ ਹਨ ਜਿਹੜੇ ਬਰੀਕੀ ਦੀ ਪੱਧਰ 'ਤੇ ਔਰਤ ਉੱਪਰ ਹੀ ਸਵਾਲ ਕਰਦੇ ਪ੍ਰਤੀਤ ਹੁੰਦੇ

ਹਨ। ਕੁਝ ਇੱਕਾ-ਦੁੱਕਾ ਪੇਚੀਦਗੀਆਂ ਨੂੰ ਜੇਕਰ ਖੋਲਣ ਦਾ ਹੀਆ ਕਰੀਏ ਤਾਂ ਧੀ ਦੁਆਰਾ ਲਏ ਜਾਣ ਪ੍ਰੇਮ ਵਿਆਹ ਦੇ ਫ਼ੈਸਲੇ ਦਾ ਸਭ ਤੋਂ ਪਹਿਲਾ ਵਿਰੋਧ ਵੀ ਕਿਤੇ ਨਾ ਕਿਤੇ 'ਮਾਂ' ਹੀ ਕਰਦੀ ਹੈ। ਹੈਰਾਨ ਕਰਨ ਵਾਲੀ ਗੱਲ ਹੈ ਕਿ ਜਦ ਔਰਤ ਉਮਰ ਦੇ ਚਾਲੀਵਿਆਂ ਨੂੰ ਪਾਰ ਕਰ ਜਾਂਦੀ ਹੈ ਤਾਂ ਉਹ ਵੀ ਮਰਦ ਵਰਗੀ ਭਾਸ਼ਾ ਹੀ ਬੋਲਣ ਲੱਗ ਜਾਂਦੀ ਹੈ। 'ਮਾਂ' ਦੇ ਰੂਪ ਵਿਚ ਇਕ ਔਰਤ ਦੁਆਰਾ 'ਧੀ' ਦੇ ਰੂਪ ਵਿਚ ਇਕ ਔਰਤ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਦਾ ਬਹੁਤ ਹਿੱਸਾ ਮਰਦ ਪ੍ਰਧਾਨ ਸਮਾਜ ਪ੍ਰਤੀ ਆਦਰਸ਼ਕ ਜਾਂ ਆਗਿਆਪਾਲਕ ਬਣਾਉਣ ਵਾਲਾ ਹੀ ਹੁੰਦਾ ਹੈ। ਜਦ ਕਿ ਪੈਦਾਇਸ਼ ਸਮੇਂ ਲੋੜ 'ਸਮਝ ਬਣਾਉਣ' ਦੀ ਹੁੰਦੀ ਹੈ ਨਾ ਕਿ 'ਸਮਝ ਥੋਪਣ ਦੀ।' ਕਸੂਰ ਕਿਸਦਾ ਹੈ? ਮਰਦ ਦੀ ਮਾਨਸਿਕਤਾ ਔਰਤ ਨੂੰ ਕਦੇ ਵੀ ਉਚੇਰਾ ਸਥਾਨ ਪ੍ਰਦਾਨ ਕਰਨ ਦੀ ਹਾਮੀ ਨਹੀਂ, ਭਾਵੇਂ ਕਿ ਬਾਹਰੀ ਪੱਧਰ 'ਤੇ ਆਰਥਿਕ ਆਧਾਰ ਮਰਦ ਨੂੰ ਔਰਤ ਪ੍ਰਤੀ ਅਖੌਤੀ ਸਤਿਕਾਰ ਜ਼ਾਹਿਰ ਕਰਨ ਵੱਲ ਪ੍ਰੇਰਿਤ ਜ਼ਰੂਰ ਕਰਦਾ ਹੈ, ਲੇਕਿਨ 'ਸੱਚ' ਪਰਦਿਆਂ 'ਚ ਹੈ। ਨਾਰੀ ਦੀ ਸਥਿਤੀ ਸੁਧਾਰਨ ਲਈ ਬਹੁਤ ਸਾਰੇ ਯਤਨ ਹੋ ਰਹੇ ਹਨ ਪਰ ਅਸਲ ਮੁੱਦਾ ਤਾਂ ਨਾਰੀ ਪ੍ਰਤੀ ਸਵੈ-ਸੁਤੰਤਰ ਸੋਚ ਦਾ ਹੈ, ਮਰਦ ਦੀ ਮਾਨਸਿਕਤਾ ਵਿਚ ਔਰਤ ਉੱਚਤਾ ਕੇਵਲ ਬਾਹਰੀ ਰੌਲੇ-ਗੌਲੇ ਦਾ।

ਲੈਨਿਨ ਲਿਖਦਾ ਹੈ ਕਿ :-

> ਜੇਕਰ ਅਸੀਂ ਔਰਤਾਂ ਨੂੰ ਸਮਾਜਕ ਜੀਵਨ ਵਿਚ, ਸੈਲਾਂ ਵਿਚ, ਰਾਜਨੀਤੀ ਵਿਚ ਨਹੀਂ ਲਿਆ ਸਕਦੇ, ਜੇਕਰ ਅਸੀਂ ਉਨਾਂ ਨੂੰ ਰਸੋਈ ਦੇ ਅਕਾਊ ਮਾਹੌਲ ਵਿਚੋਂ ਬਾਹਰ ਨਹੀਂ ਕੱਢ ਸਕਦੇ ਤਾਂ ਵਾਸਤਵਿਕ ਸੁਤੰਤਰਤਾ ਹਾਸਲ ਕਰਨਾ, ਇਕਦਮ ਅਸੰਭਵ ਹੈ, ਸਮਾਜਵਾਦ ਦੀ ਗੱਲ ਤਾਂ ਬਹੁਤ ਦੂਰ, ਜਨਤੰਤਰ ਦੀ ਸਥਾਪਨਾ ਵੀ ਸੰਭਵ ਨਹੀਂ।[2]

ਅਜਿਹੇ ਕਰਮਾਂ-ਪ੍ਰਤਿਕਰਮਾਂ ਦੇ ਗੇੜ ਵਿਚ ਪਿਆਂ ਇਕ ਗੱਲ ਸਾਰਥਕ ਵਾਪਰਦੀ ਹੈ ਕਿ ਔਰਤ ਦੀ ਸਥਿਤੀ ਅਤੇ 'ਔਰਤ' ਵਿਚਾਰਾਧੀਨ ਮਸਲਿਆਂ ਵਿਚ ਆ ਜਾਂਦੀ ਹੈ। ਨਾਰੀ, ਚੇਤਨਾ ਵੱਲ ਵੱਧਣ ਦਾ ਆਹਰ ਕਰਦੀ ਹੈ। ਨਾਰੀਵਾਦ ਦੇ ਨਾਮ 'ਤੇ ਬਹੁਤ ਕੁਝ ਨਾਰੀ ਹੱਕ ਵਿਚ ਚੰਗਾ ਵੀ ਵਾਪਰਦਾ ਹੈ। ਏਂਗਲਜ਼, ਅਮਰੀਕੀ ਵਿਦਵਾਨਾਂ ਤੇ ਸੀਮੋਨ ਦੀਆਂ ਨਾਰੀ ਪ੍ਰਤੀ ਧਾਰਣਾਵਾਂ ਜਾਂ ਨਵੇਂ ਉੱਠਦੇ ਸਵਾਲਾਂ ਨਾਲ ਨਾਰੀ ਦਾ ਸਮਾਜਕ ਸੰਦਰਭ ਵਧੇਰੇ ਸਪੱਸ਼ਟਤਾ ਵੱਲ ਅਹੁਲਦਾ ਹੈ। ਪਰ ਇਕ ਸਵਾਲ ਨਿਰੰਤਰ ਆਪਣੀ ਹੋਂਦ ਬਣਾਈ ਰੱਖਦਾ ਹੈ ਕਿ "ਵਾਕਈ ਔਰਤ ਮਰਦ ਦੀ ਬਰਾਬਰਤਾ ਹਾਸਲ ਕਰ ਚੁੱਕੀ ਹੈ?" ਸਵਾਲ ਲੱਭਦੀ ਸੀਮੋਨ ਆਪਣੀ ਪੁਸਤਕ The Second Sex ਵਿਚ ਤਰਕ ਦਿੰਦੀ ਹੈ ਕਿ "ਅੱਜ ਦੀ ਨਾਰੀ ਵਿਚਕਾਰਲੀ ਸਥਿਤੀ ਵਿਚ ਹੈ। ਮਰਦ ਤੋਂ ਆਰਥਿਕ ਰੂਪ ਵਿਚ ਆਜ਼ਾਦ, ਇਹ ਨਾਰੀਆਂ, ਹੁਣ ਵੀ ਮਾਨਸਿਕ, ਸਮਾਜਕ ਜਾਂ ਨੈਤਿਕ ਸਥਿਤੀਆਂ ਵਿਚ ਪੁਰਸ਼ ਦੇ ਬਰਾਬਰ ਨਹੀਂ ਹਨ। ਜਿਸ ਤਰ੍ਹਾਂ ਉਹ ਆਪਣੇ ਵਿਵਹਾਰ ਵਿਚ ਨਿਯੋਜਤ ਤੇ ਪ੍ਰਤਿਬੰਧਤ ਹੁੰਦੀ ਹੈ, ਉਸਦਾ ਸੰਦਰਭ ਉਸ ਦੇ ਜੀਵਨਗਤ ਦ੍ਰਿਸ਼ਟੀਕੋਣ ਤੋਂ ਤਹਿ ਹੁੰਦਾ ਹੈ।"[3] Eva figes ਨਾਰੀ ਉਧਾਰ ਵਿਚ ਆਵਾਜ਼ ਬੁਲੰਦ ਕਰਦੀ ਨਾਰੀ ਦੇ 'ਵਿਆਹ ਮੁਕਤ' ਹੋਣ ਨੂੰ ਤਰਜੀਹ ਦਿੰਦੀ ਹੈ। ਗਰੀਅਰ ਅਨੁਸਾਰ ਭਾਵੁਕਤਾ ਵੱਸ ਸਮਝੌਤਾ ਮੂਲਕ ਟੇਕ ਤਹਿਤ ਇਕੋ ਵਿਅਕਤੀ ਨਾਲ ਸਾਰੀ ਜ਼ਿੰਦਗੀ ਕੱਟਣ ਦੀ ਸਹੁੰ ਚੁੱਕਣਾ ਇਕ ਬੇਹੁਦਾ ਖ਼ਿਆਲ ਹੈ। ਅਜਿਹੀਆਂ ਕੋਸ਼ਿਸ਼ਾਂ ਰਾਹੀਂ ਨਾਰੀ ਨੂੰ ਮਰਦ ਦੇ ਗ਼ਲਬੇ ਹੇਠੋਂ ਕੱਢਣ ਦੇ ਯਤਨ ਕੀਤੇ ਜਾਂਦੇ ਹਨ। ਪਰ ਸਾਡੀ ਸਮਝ ਅਨੁਸਾਰ ਬਹੁਤ ਘੱਟ ਗਿਣਤੀ ਔਰਤਾਂ ਹਨ ਜਿਨ੍ਹਾਂ ਨੂੰ ਵਾਕਈ ਹੀ ਇਹ ਅਹਿਸਾਸ ਹੈ ਕਿ ਉਹ ਗ਼ੁਲਾਮ ਜਾਂ ਅਧੀਨ ਹਨ। ਜ਼ਿਆਦਾਤਰ ਔਰਤਾਂ ਦਾ ਰੁਖ਼ ਮਰਦ ਦੀ ਖਿੱਚ ਦਾ ਕੇਂਦਰ ਬਣਨ ਵੱਲ ਉਲਾਰ ਹੈ, ਚਾਹੇ ਕਾਰਨ ਗਲੈਮਰਸ ਦੀ ਆੜ ਹੋਵੇ ਜਾਂ Modernity ਦੀ ਅਖੌਤੀ ਸਮਝ। ਇਥੇ ਸੀਮੋਨ ਦਾ ਕਥਨ ਕੋਡ ਕਰਨਾ ਵਾਜਿਬ ਪ੍ਰਤੀਤ ਹੁੰਦਾ ਹੈ, ਜਿਥੇ ਉਹ ਔਰਤ ਨੂੰ ਆਪਣੀ ਸੋਚ ਸ਼ਕਤੀ ਤੇ ਚੇਤਨਾ ਸਤ੍ਹ ਵਿਚ ਵਾਧਾ ਕਰਨ ਅਤੇ ਆਪਣੀ ਸਥਿਤੀ ਸੁਧਾਰ ਪ੍ਰਤੀ ਮਨੋਬਲ ਨੂੰ ਉੱਚਾ ਚੁੱਕਣ ਦੀ ਸਿੱਖਿਆ ਦਿੰਦੀ ਹੈ।

> It is not nature that defines women; it is she who defines herself by dealing with nature on her own account in her emotional life.[4]

ਸੀਮੋਨ ਦੇ ਅਜਿਹੇ ਕਥਨ ਨਾਰੀ ਨੂੰ ਕੇਵਲ ਮਰਦ ਉਪਰ ਦੋਸ਼ ਮੜ੍ਹਨ ਦਾ ਰੇੜਕਾ ਛੱਡ ਕੇ ਖ਼ੁਦ ਵੱਲ ਝਾਤ ਮਾਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤਰ੍ਹਾਂ ਨਾਰੀ ਸੰਬੰਧੀ ਹੁਣ ਤੱਕ ਉਠਾਏ ਜਾਂਦੇ ਸਮਾਨਤਾ ਤੇ ਵਖਰੇਵਿਆਂ ਦੇ ਮੁੱਦਿਆਂ ਵਿਚੋਂ ਨਾਰੀ ਦੀ ਸਥਿਤੀ ਵਿਚ ਬਦਲਾਵ ਤਾਂ ਜ਼ਰੂਰ ਵਾਪਰਦਾ ਹੈ, ਪਰ ਮਰਦ ਮਾਨਸਿਕਤਾ ਜਾਂ ਸਮਾਜਕ ਰੁਤਬੇ ਅਨੁਸਾਰ ਨਾਰੀ ਕਿਸ ਰੁਤਬੇ ਦੀ ਹੱਕਦਾਰ ਬਣ ਪਾਈ ਹੈ? ਇਹ ਸਵਾਲ ਅਜੇ ਬਣਿਆ ਹੋਇਆ ਹੈ। ਨਾਰੀ ਹੱਕ ਵਿਚ ਉਠੀਆਂ ਇਹਨਾਂ ਲਹਿਰਾਂ ਨੇ ਸਾਹਿਤਕਾਰਾਂ ਨੂੰ ਵੀ ਨਾਰੀ ਬਾਰੇ ਕਲਮ

ਚਲਾਉਣ ਵੱਲ ਪ੍ਰੇਰਿਤ ਕੀਤਾ ਜੋ ਕਿ ਧਾਰਮਿਕ ਸਾਹਿਤ ਤੋਂ ਆਰੰਭ ਹੋ ਕੇ ਵਰਤਮਾਨ ਦੌਰ ਵਿਚ ਵੀ ਬਰਕਰਾਰ ਹੈ ਪਰ ਸਮਝਣਾ ਇਹ ਹੈ ਕਿ ਇਹ ਸਾਹਿਤ ਨਾਰੀ ਦੀ ਵਾਸਤਵਿਕ ਸਥਿਤੀ ਦਰਸਾ ਰਿਹਾ ਹੈ ਜਾਂ ਉਸਨੂੰ ਮਰਦ ਜਾਂ ਸਮਾਜਕ ਪ੍ਰਤਿਮਾਨਾਂ ਦੀ ਵਲਗਣ ਵਿਚ ਵਲੇਟ ਰੱਖਣ ਦੇ ਨਵੇਂ-ਨਵੇਂ ਆਯਾਮ ਪੈਦਾ ਕਰ ਰਿਹਾ ਹੈ? ਪਹਿਲਾਂ ਪਹਿਲ ਸਾਹਿਤਕ ਖੇਤਰ ਵਿਚ ਨਾਰੀ ਮਰਦ ਦੀ ਕਲਮ ਤੋਂ ਪੇਸ਼ ਹੋਣੀ ਸ਼ੁਰੂ ਹੋਈ। ਮਰਦ ਦੁਆਰਾ ਪੇਸ਼ ਕੀਤਾ ਨਾਰੀ ਬਿੰਬ ਨਾਰੀ ਮਨ ਅੰਦਰ ਵੀ ਹਿੱਲਜੁਲ ਪੈਦਾ ਕਰਦਾ ਉਸਨੂੰ ਸਥਿਤੀ ਨਾਲ ਨਜਿੱਠਣ ਦਾ ਹੌਂਸਲਾ ਬਣਦਾ ਹੈ। ਫਿਰ ਨਾਰੀ ਸਥਿਤੀ ਨਾਰੀ ਦੀ ਜ਼ੁਬਾਨੀ ਪੇਸ਼ ਹੋਣ ਲੱਗਦੀ ਹੈ ਇਸ ਤਰ੍ਹਾਂ ਨਾਰੀ ਦਾ ਰੁਦਨ, ਵੇਦਨਾ ਤੇ ਅਕਾਂਖਿਆਵਾਂ ਆਦਿ ਨਾਰੀ ਕੌਣ ਤੋਂ ਪੇਸ਼ ਤਾਂ ਹੋਣ ਲੱਗਦਾ ਹੈ ਪਰ ਬਹੁਤੀ ਵਾਰ ਇਹ ਰੁਦਨ ਜਾਂ ਉਲਾਰਤਾ ਵੀ ਲਕੀਰ ਦਾ ਫ਼ਕੀਰ ਬਣਨ ਤੱਕ ਸੀਮਤ ਨਜ਼ਰ ਆਉਂਦੀ ਹੈ। ਨਾਰੀ ਮਰਦ ਤੋਂ ਸੁਤੰਤਰ ਹੋਣ ਦੀ ਇੱਛਾ ਰੱਖਦੀ ਵੀ ਮਰਦ ਕੇਂਦਰਿਤ ਸੋਚਾਂ ਤੱਕ ਹੀ ਮਹਿਦੂਦ ਨਜ਼ਰ ਆਉਂਦੀ ਹੈ। ਚਾਹੇ ਉਹ ਕਵਿਤਾ ਦਾ ਖੇਤਰ ਹੋਵੇ, ਚਾਹੇ ਗਲਪ ਦਾ। ਕੁਝ ਇੱਕਾ-ਦੁੱਕਾ ਰਚਨਾਵਾਂ ਨੂੰ ਛੱਡ ਕੇ ਬਹੁਤਾ ਨਾਰੀ ਸਾਹਿਤ ਨਾਰੀ ਰੁਦਨ ਤੱਕ ਹੀ ਸੀਮਤ ਹੈ, ਵੰਗਾਰ ਨਹੀਂ। ਹੁਣ ਜੇਕਰ ਵਰਤਮਾਨ ਪੰਜਾਬੀ ਕਹਾਣੀ ਦੀ ਗੱਲ ਕਰੀਏ ਤਾਂ ਇਸ ਵਿਚਲੀ ਨਾਰੀ ਦੀ ਜੋ ਦਸ਼ਾ ਤੇ ਦਿਸ਼ਾ ਦਾ ਵਿਖਿਆਨ ਹੋ ਰਿਹਾ ਹੈ, ਉਹ ਅਨੇਕ ਸਵਾਲਾਂ ਦੇ ਜਵਾਬ ਵੀ ਦਿੰਦਾ ਹੈ ਤੇ ਕਈ ਨਵੇਂ ਸਵਾਲ ਪੈਦਾ ਵੀ ਕਰ ਰਿਹਾ ਹੈ। ਦੱਸਣਾ ਲਾਜ਼ਮੀ ਪ੍ਰਤੀਤ ਹੁੰਦਾ ਹੈ ਕਿ ਨਾਰੀ ਸਥਿਤੀ ਦਾ ਉਕਤ ਇਤਿਹਾਸਕ ਪਰਿਪੇਖ ਉਸਾਰਨ ਪਿੱਛੇ ਸਾਡੀ ਮਨਸ਼ਾ ਸਾਹਿਤ ਚਿੰਤਨ ਵਿਚਕਾਰ ਨਾਰੀ ਪੇਸ਼ਕਾਰੀ ਦੇ ਸਮੂਹ ਕੋਣਾਂ ਦਾ ਨੋਟਿਸ ਲੈਣਾ ਰਿਹਾ ਹੈ। ਹੱਥਲਾ ਮਜ਼ਮੂਨ ਵਰਤਮਾਨ ਪੰਜਾਬੀ ਕਹਾਣੀ ਦੇ ਵਿਸ਼ੇਸ਼ ਪ੍ਰਸੰਗ ਤੋਂ ਨਾਰੀ ਸਥਿਤੀ ਤੇ ਸਾਹਿਤ ਦੇ ਆਪਸੀ ਤਾਲਮੇਲ ਨੂੰ ਰਜਿਸਟਰ ਕਰਨ ਵੱਲ ਵਿਸ਼ੇਸ਼ ਤੌਰ ’ਤੇ ਸੇਧਿਤ ਹੈ।

ਇਸ ਗੱਲ ਤੋਂ ਕਦੇ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਮਾਂ ਚਾਹੇ ਕੋਈ ਵੀ ਹੋਵੇ ਹਰ ਸਮੇਂ ਵਿਚ ਚੰਗਾ-ਬੁਰਾ ਸਮਾਨਾਂਤਰ, ਨਾਲੋਂ-ਨਾਲ ਤੁਰਦਾ ਹੈ। ਹਰ ਪੱਧਰ ਦੇ ਲੋਕ ਹਰ ਯੁੱਗ ਵਿਚ ਮੌਜੂਦ ਹੁੰਦੇ ਹਨ। ਨਾਰੀ ਸਥਿਤੀ ਦੇ ਪੱਖ ਤੋਂ ਸਮਾਂ ਚਾਹੇ ਕਰੂਰ ਰਿਹਾ ਹੋਵੇ, ਜਾਬਰ ਰਿਹਾ ਹੋਵੇ ਜਾਂ ਤਾਨਾਸ਼ਾਹ ਹੋਵੇ, ਪਰ ਅਜਿਹੇ ਵਰਤਾਰੇ ਵਿਚ ਵਿਚਰਦੇ ਹਰ ਦਿਮਾਗ਼ ਦੀ ਸਮਰੱਥਾ ਤੇ ਗਤੀਸ਼ੀਲਤਾ ਦਾ ਚੌਖਟਾ ਆਪੋ-ਆਪਣਾ ਰਿਹਾ ਹੈ। ਅਜਿਹੇ ਹਾਲਾਤ ਵਿਚ ਪਲਦੀ ਨਾਰੀ ਜੇਕਰ ਅਧੀਨਗੀ ਸਵੀਕਾਰ ਕਰਦੀ ਹੈ ਤਾਂ ਉਸ ਔਰਤ ਦਾ ਬਿੰਬ ਵੀ ਸਾਹਮਣੇ ਹੈ ਜੋ ਸ੍ਵੈ ਦੀ ਆਵਾਜ਼ ਨੂੰ ਸੁਣਨ ਵਿਚ ਵੀ ਸਮਰੱਥਾਵਾਨ ਹੈ ਅਤੇ ਸ੍ਵੈ-ਰੱਖਿਆ ਲਈ ਲੜਨ ਦੀ ਜੁਅੱਰਤ ਵੀ ਰੱਖਦੀ ਹੈ। ਅਜਿਹੇ ਪਹਿਲੂਆਂ ਵਿਚੋਂ ਹੀ ਵਿਕਾਸ ਦੀ ਟੋਹ ਸਮਝੀ ਜਾ ਸਕਦੀ ਹੈ। ਅੱਜ ਦੀ ਕਹਾਣੀ ਨਾਰੀ ਨੂੰ ਸਮਗ੍ਰਤਾ ਸਹਿਤ ਆਪਣੇ ਕਲੇਵਰ ਵਿਚ ਲੈ ਰਹੀ ਹੈ। ਆਧੁਨਿਕ ਕਹਾਣੀ ਦਾ ਆਰੰਭ ਮੋਹਨ ਸਿੰਘ ਵੈਦ ਨਾਲ ਹੁੰਦਾ ਮੰਨਿਆ ਗਿਆ ਹੈ। ਮੋਹਨ ਸਿੰਘ ਵੈਦ ਦੀਆਂ ਕਹਾਣੀਆਂ ਵਿਚਲਾ ਔਰਤ ਬਿੰਬ ਜ਼ਿਆਦਾਤਰ ਪਤਨੀਵ੍ਰਤਾ ਔਰਤ ਦੀ ਤਸਵੀਰਕਸ਼ੀ ਨਾਲ ਸੰਬੰਧ ਰੱਖਦਾ ਹੈ। ਗੁਰਬਖ਼ਸ ਸਿੰਘ ਪ੍ਰੀਤਲੜੀ ਦੀ ਕਹਾਣੀ ‘ਭਾਬੀ ਮੈਨਾ’ ਵਿਚਕਾਰ ਮੈਨਾ ਪਾਤਰ ਦੁਆਰਾ ਵਿਧਵਾਪੁਣੇ ਦੀ ਸੰਤਾਪ ਹੰਢਾਉਂਦਿਆਂ ਦਿਨ ਗੁਜ਼ਰ ਕਰਨਾ ਭਾਵੇਂ ਕਿ ਓਪਰੀ ਨਜ਼ਰੇ ਦੇਖਿਆ ਹਿੰਦੂ ਸੰਸਕਾਰਾਂ ਦੀ ਕੱਟੜਤਾ ਦਾ ਝਾਉਲਾ ਸਿਰਜਦਾ ਪ੍ਰਤੀਤ ਹੁੰਦਾ ਹੈ ਪਰ ਮੈਨਾ ਦੁਆਰਾ ਕਹਾਣੀ ਦੇ ਅੰਤ ਵਿਚ ਆਪਣੇ ਆਪ ਪ੍ਰਤੀ ਮੋਹ ਦਾ ਇਸ਼ਾਰਾ ਦਿੰਦਿਆਂ ਹੁਕਮੀ ਹਿਦਾਇਤਾਂ ਤੋਂ ਇਨਕਾਰੀ ਹੋ ਆਪਣੀ ਜੀਵਨ ਲੀਲਾ ਹੱਥੀਂ ਸਮਾਪਤ ਕਰਨ ਦੇ ਚੁੱਕੇ ਕਦਮ ਵਿਚੋਂ ਉਸ ਅੰਦਰ ਪੈਦਾ ਹੁੰਦੇ ਅੰਸ਼ਕ ਪ੍ਰਤੀਰੋਧਕ ਰਵੱਈਏ ਦੀ ਸੂਹ ਵੀ ਦਿੰਦਾ ਹੈ। ਉਸ ਦੇ ਮੂਕ ਰੋਹ ਵਿਚ ਚੇਤਨਾ ਦੀ ਚਿੰਗਾਰੀ ਨਜ਼ਰ ਪੈਂਦੀ ਹੈ। ਨਾਨਕ ਸਿੰਘ ਦੀ ਰਚਨਾਵਲੀ ਜ਼ਿਆਦਾਤਰ ਆਦਰਸ਼ਕ ਵਰਤਾਰਾ ਸਿਰਜਣ ਵੱਲ ਰੁਚਿਤ ਹੈ। ਇਹ ਕਹਾਣੀਆਂ ਕੁੱਲ ਮਿਲਾ ਕੇ ਔਰਤ ਕੋਲੋਂ ਆਗਿਆਪਾਲਕ ਅਤੇ ਵਫ਼ਾਦਾਰ ਕਿਰਦਾਰ ਦੀ ਮੰਗ ਕਰਦੀਆਂ ਨਜ਼ਰ ਆਉਂਦੀਆਂ ਹਨ। ਇਸ ਤਰ੍ਹਾਂ ਇਹ ਕਹਾਣੀਕਾਰ ਭਾਵੇਂ ਪੰਜਾਬੀ ਕਹਾਣੀ ਦੇ ਆਰੰਭਕ ਪੜਾਅ ਨਾਲ ਸਰੋਕਾਰ ਰੱਖਦੇ ਹਨ ਪਰ ਇਹ ਸਾਰੇ ਉਸ ਸਮੇਂ ਦੀ ਸਮਿਅਕ ਤੋਰ ਮੁਤਾਬਿਕ ਔਰਤ ਦੇ ਆਦਰਸ਼ਕ ਪਤਨੀ, ਆਦਰਸ਼ਕ ਧੀ ਅਤੇ ਆਦਰਸ਼ਕ ਭੈਣ ਆਦਿ ਬਣਨ ਦੀ ਰੁਚੀ ਨੂੰ ਆਪਣੀ ਰਚਨਾ ਦਾ ਅੰਗ ਬਣਾਉਂਦੇ ਹੋਏ ਗੱਲ ਅਗਾਂਹ ਤੋਰਦੇ ਹਨ।

ਸਮਾਂ ਆਪਣੀ ਤੋਰੇ ਤੁਰਦਾ ਜਾਂਦਾ ਹੈ, ਨਵੇਂ ਆਯਾਮ ਪੈਦਾ ਹੁੰਦੇ ਹਨ, ਕਹਾਣੀ ਤੇ ਕਹਾਣੀਕਾਰਾਂ ਦਾ ਘੇਰਾ ਵੀ ਮੌਲਦਾ ਹੈ। ਔਰਤ ਵਿਚ ਜਾਗਦੀ ਚੇਤਨਾ ਦੇ ਚਿਹਨ ਵੀ ਲਿਖਤਾਂ ਦਾ ਰੂਪ ਫੜ੍ਹਨ ਲੱਗਦੇ ਹਨ। ਆਟੇ ’ਚ ਲੂਣ ਬਰਾਬਰ ਔਰਤਾਂ ਆਪਣੀ ਸਥਿਤੀ ਦਾ ਜਾਇਜ਼ਾ ਲੈਂਦੀਆਂ ਆਪਣੀ ਆਵਾਜ਼ ਆਪ ਬਣਦੀਆਂ ਹਨ। ਅੰਮ੍ਰਿਤਾ ਪ੍ਰੀਤਮ ਔਰਤ ਦੀ ਚੇਤਨਾ, ਵੇਦਨਾ, ਰੁਦਨ ਤੇ ਆਕਾਂਖਿਆ ਨੂੰ ਉਭਾਰਨ ਵਾਲੀ

ਨਾਰੀ ਕਹਾਣੀਕਾਰ ਵਜੋਂ ਸਾਹਮਣੇ ਆਉਂਦੀ ਨਾਰੀ ਸਥਿਤੀ ਵਿਚ ਵਾਪਰਦੇ ਪਰਿਵਰਤਨ ਦੀ ਪ੍ਰਵਕਤਾ ਬਣ ਕੇ ਉੱਭਰਦੀ ਹੈ। ਉਸਦੀ ਕਹਾਣੀ 'ਸ਼ਾਹ ਦੀ ਕੰਜਰੀ' ਔਰਤ ਅੰਦਰਲੇ ਬੀਜ ਰੂਪੀ ਫੁੱਟਦੇ ਚਿੰਤਨ ਮਾਦੇ ਨੂੰ 'ਸ਼ਾਹਣੀ' ਪਾਤਰ ਦੇ ਮਾਧਿਅਮ ਰਾਹੀਂ ਪੇਸ਼ ਕਰਨ ਦਾ ਯਤਨ ਕਰਦੀ ਹੈ। ਸ਼ਾਹਣੀ ਪਾਤਰ ਔਰਤ ਧਿਰ ਦਾ ਅਜਿਹਾ ਪਹਿਲੂ ਉਜਾਗਰ ਕਰਦੀ ਹੈ ਜੋ ਮਰਦ ਦੀਆਂ ਆਪ ਹੁਦਰੀਆਂ ਤੇ ਮਨਮਾਨੀਆਂ ਦੇ ਸ਼ੋਰ ਗੁੱਲ ਸਾਹਵੇਂ ਕੇਵਲ ਮੂਕ ਦਰਸ਼ਕ ਬਣ ਕੇ ਜਿਊਣ ਵੱਲ ਹੀ ਪ੍ਰੇਰਿਤ ਨਹੀਂ ਹੈ, ਬਲਕਿ ਆਪਣੀ 'ਜਗ੍ਹਾਂ' ਜਾਂ 'ਸਵੈਮਾਣ' ਦੀ ਰੱਖਿਆ ਕਰ ਸਕਣ ਵੱਲ ਵੀ ਰੁਚਿਤ ਹੈ। ਉਸਦੇ ਪਤੀ ਸ਼ਾਹ ਦੁਆਰਾ ਕਿਸੇ ਰਖੇਲ ਨਾਲ ਸਥਾਪਿਤ ਕੀਤੇ ਨਾਜਾਇਜ਼ ਰਿਸ਼ਤੇ ਨੂੰ ਉਹ ਨਕਾਰਦੀ ਤਾਂ ਨਹੀਂ ਹੈ ਪਰ ਘਰ ਵਿਚ ਆਪਣੇ ਦਰਜੇ ਪੱਖੋਂ ਵੀ ਬੇਨਿਆਜ ਨਹੀਂ ਹੈ। ਪਤਨੀ ਬਣ ਕੇ ਇੱਜ਼ਤਦਾਰ ਜਿੰਦਗੀ ਜਿਊਣਾ ਉਸ ਨੂੰ ਰਖੇਲ ਬਣ ਕੇ ਜਿਊਣ ਨਾਲੋਂ ਕਿਤੇ ਉੱਪਰ ਲੱਗਦਾ ਹੈ। ਉਸਦਾ ਮਨ ਤਾਂ ਭਾਵੇਂ ਆਪਣੇ ਪਤੀ ਦੇ ਵਿਆਹ ਬਾਹਰੀ ਸੰਬੰਧਾਂ ਤੋਂ ਵਿਆਕੁਲ ਰਹਿੰਦਾ ਹੈ ਪਰ ਉਹ ਮੌਨ ਧਾਰ ਕੇ ਸਭ ਕੁਝ ਵੇਖੀ ਜਾਣ ਜਾਂ ਸਹਿ ਜਾਣ ਦੀ ਵੀ ਸਮੱਰਥਕ ਨਹੀਂ। ਉਸ ਅੰਦਰ ਸਹੀ ਮੌਕੇ, ਸਹੀ ਵਾਰ ਕਰ ਕੇ ਆਪਣੀ ਹੋਂਦ ਜਾਂ ਅਸਤਿੱਤਤਵ ਦੀ ਮਾਨਤਾ ਬਚਾਈ ਰੱਖਣ ਦੀ ਸਮਝ ਹੈ। ਉਹ ਬੁੱਤ ਬਣ ਕੇ ਜਿਊਣ ਲਈ ਰਾਜ਼ੀ ਨਹੀਂ। ਇਸੇ ਲਈ ਜਦ ਸ਼ਾਹ ਦੇ ਪੁੱਤਰ ਦੀ ਸ਼ਾਦੀ ਦੀ ਖੁਸ਼ੀ ਵਿਚ ਘਰ ਵਿਚ 'ਸ਼ਾਹ ਦੀ ਕੰਜਰੀ' ਵਲੋਂ ਨਾਚ-ਗਾਣਾ ਚਲਦਾ ਹੈ ਤਾਂ ਉਹ (ਸ਼ਾਹਣੀ) ਐਨ ਮੌਕੇ ਆਪਣੀ ਸਮਝ ਤੋਂ ਕੰਮ ਲੈਂਦੀ ਪਤਨੀ ਤੇ ਰਖੇਲ ਵਿਚਲੇ ਫ਼ਰਕ ਨੂੰ ਜਗ ਜਾਹਿਰ ਕਰਨ ਤੋਂ ਕਤਰਾਉਂਦੀ ਨਹੀਂ ਹੈ।

> ਸ਼ਾਹਣੀ ਦੇ ਕਲੇਜੇ ਵਿਚ ਹੌਲ ਪਿਆ, ਤੇ ਉਹਨੂੰ ਜਾਪਿਆ ਜੇ ਹੁਣ ਦੀ ਘੜੀ ਖੁੰਝ ਗਈ, ਤਾਂ ਉਹ ਆਪ ਵੀ ਹਮੇਸ਼ਾ ਲਈ ਮਿੱਟੀ ਦਾ ਬੁੱਤ ਬਣ ਜਾਏਗੀ... ਉਹ ਕਰੇ, ਕੁਝ ਕਰੇ, ਕੁਝ ਵੀ ਕਰੇ, ਪਰ ਮਿੱਟੀ ਦਾ ਬੁੱਤ ਨਾ ਬਣੇ...[5]

ਸ਼ਾਹਣੀ ਦੇ ਮਨ ਵਿਚ ਚੱਲਦੀ ਉਪਰੋਕਤ ਕਸ਼ਮਕਸ਼ ਨਾਰੀ ਅੰਦਰ ਵਾਪਰਦੀ ਵਿਹਾਰਕ ਤਬਦੀਲੀ ਤੇ ਮਾਨਸਿਕ ਜਾਗ੍ਰਤੀ ਨੂੰ ਰੂਪਮਾਨ ਕਰਦੀ ਹੈ। ਇਸੇ ਤਰ੍ਹਾਂ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਹੈ 'ਨਸਮਕਾਰ'। ਇਹ ਕਹਾਣੀ ਨਾਰੀ ਅੰਦਰ ਪੈਦਾ ਹੁੰਦੀ ਚੇਤਨਾ ਦੇ ਬੀਜ ਨੂੰ ਬ੍ਰਿਛ ਦੇ ਰੂਪ ਵਿਚ ਮੌਲਦਿਆਂ ਦਿਖਾਉਂਦੀ ਨਾਰੀ ਅੰਦਰ ਆਪਣੀ ਸਮਰੱਥਾ ਪਛਾਣਨ ਦੀ ਪੈਦਾ ਹੁੰਦੀ ਰੁਚੀ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਵਿਚਲੀ ਮੁੱਖ ਪਾਤਰ ਸਮਾਜ ਦੁਆਰਾ ਸਥਾਪਿਤ ਪ੍ਰਤਿਮਾਨਾਂ ਤੋਂ ਅਪ੍ਰੋਖ ਨਾਬਰੀ ਵਾਲਾ ਰਵੱਈਆ ਅਪਣਾਅ ਕੇ ਆਪਣੀ ਪਛਾਣ ਆਪ ਘੜ੍ਹਨ ਜਾਂ ਸਥਾਪਿਤ ਕਰਨ ਦੇ ਰਾਹ ਪਈ ਹੋਈ ਹੈ। ਉਹ ਪ੍ਰਤੀਨਿੱਧ ਔਰਤ ਦੇ ਰੂਪ ਵਿਚ ਵਿਚਰਦੀ ਸਮੂਹ ਔਰਤ ਧਿਰ ਲਈ ਮਿਸਾਲ ਬਣਨ ਦੀ ਇੱਛੁਕ ਹੈ। ਉਸ ਅੰਦਰ ਆਪਣੀ ਸੀਮਾ ਤੇ ਸਮਰੱਥਾ ਨੂੰ ਪਛਾਣਨ ਦੀ ਯੋਗਤਾ ਵਿਦਮਾਨ ਹੈ। ਉਹ ਵਿਦਿਆ ਦੀ ਮਹੱਤਤਾ ਨੂੰ ਸਮਝਦੀ ਇਸਦੀ ਤਾਕਤ ਦੇ ਸਿਰ 'ਤੇ ਹਰ ਪਾਸੇ ਆਦਰਯੋਗ ਜਗ੍ਹਾ ਬਣਾ ਸਕਣ ਪ੍ਰਤੀ ਚੇਤੰਨ ਹੈ। ਉਸਦੇ ਨਿਮਨਲਿਖਤ ਬੋਲ ਉਸ ਅੰਦਰਲੀ ਨਵੀਂ ਪੈੜਾਂ ਸਿਰਜਣ ਦੀ ਸਮਰੱਥਾ ਦੀ ਹੀ ਨਿਸ਼ਾਨਦੇਹੀ ਕਰਦੇ ਹਨ :-

> ਜਦੋਂ ਇਕ ਇਸਤ੍ਰੀ ਜਿੱਥੇ ਚਾਹੇ ਫਿਰਦੀ ਹੈ, ਜਿਸ ਤਰ੍ਹਾਂ ਦੇ ਚਾਹੇ ਕੱਪੜੇ ਪਾਉਂਦੀ ਹੈ, ਜੋ ਕੁਝ ਚਾਹੇ ਕਰਦੀ ਹੈ ਤੇ ਫਿਰ ਵੀ ਆਦਰਯੋਗ ਰਹਿੰਦੀ ਹੈ ਤਾਂ ਇਹ ਗੱਲ ਲੋਕਾਂ ਦੇ ਮਨ ਵਿਚ ਬਹਿ ਜਾਂਦੀ ਹੈ। ਉਨ੍ਹਾਂ ਦੀ ਇਕ ਧੀ ਕੋਲ ਉੱਚੀ ਵਿਦਿਆ ਹੈ, ਜਿਸ ਨੂੰ ਲੈ ਕੇ ਉਹ ਉਨ੍ਹਾਂ ਦੇ ਭਲੇ ਲਈ ਪਿੰਡ-ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵੱਧ ਸਤਿਕਾਰਯੋਗ ਕੌਣ ਹੈ? ਮੇਰੀ ਸ਼ਕਲ ਇਲਾਕੇ ਦੇ ਹਰ ਬੰਦੇ ਤੇ ਹਰ ਜਨਾਨੀ ਦੇ ਸਾਹਮਣੇ ਹੈ। ਹੋਰ ਜਨਾਨੀਆਂ ਨੂੰ ਕਿਹੋ-ਜਿਹਾ ਜੀਵਨ ਮਿਲਣਾ ਚਾਹੀਦਾ ਹੈ, ਇਹ ਮਿਥਣ ਵਿਚ ਮੈਂ ਕਹਿੰਦੀ ਹਾਂ, ਮੇਰੀ ਇਸ ਮੂਰਤ ਦਾ ਹਿੱਸਾ ਹੈ।[6]

ਅਜਿਹੇ ਕਥਨ ਨਾਰੀ ਦੀ ਚਿਰਾਂ ਤੋਂ ਗੁਲਾਮ ਰਹੀ ਸੋਚ ਸਾਹਵੇਂ ਇਕ ਇਲਕਲਾਬੀ ਕਦਮ ਹਨ। ਔਰਤ ਪੜ੍ਹਨ-ਲਿਖਣ ਦਾ ਹੱਕ ਪ੍ਰਾਪਤ ਕਰ ਚੁੱਕੀ ਹੈ, ਵਿਦਿਆ ਦੀ ਅਹਿਮੀਅਤ ਤੋਂ ਜਾਣੂ ਹੈ ਤੇ ਆਪਣੀਆਂ ਸਮਰੱਥਾਵਾਂ ਤੋਂ ਵੀ ਵਾਕਿਫ਼ ਹੋ ਰਹੀ ਹੈ, ਜਿਸ ਨੂੰ ਕਿ ਇਹ ਕਹਾਣੀ ਬਾਖ਼ੂਬੀ ਰੂਪਮਾਨ ਕਰਦੀ ਹੈ। ਵਿਦਵਾਨਾਂ ਅਨੁਸਾਰ ਜੇਕਰ ਕਿਸੇ ਸਮਾਜ ਕੌਮ ਦਾ ਸਭਿਆਚਾਰ ਸਮਝਣਾ ਹੈ ਤਾਂ ਉਸ ਕੌਮ ਜਾਂ ਸਮਾਜ ਦੀ ਔਰਤ ਦੀ ਸਥਿਤੀ ਨੂੰ ਜਾਣ ਲਵੋ। ਇੱਥੋਂ ਜ਼ਾਹਿਰ ਹੁੰਦਾ ਹੈ ਕਿ ਸਮਾਜ-ਸਭਿਆਚਾਰ ਦੀ ਉੱਨਤੀ ਦਾ ਸਿਰਾ ਔਰਤ ਹੈ, ਭਾਵੇਂ ਕਿ ਉਸ ਨੂੰ ਇਹ ਰੁਤਬਾ ਹਾਸਿਲ ਹੋ ਸਕਿਆ ਜਾਂ ਨਹੀਂ ਜਾਂ ਉਹ ਹਾਸਿਲ ਕਰ ਨਹੀਂ ਸਕੀ। ਪਰ ਵਿਗਿਆਨਕ ਤਰੱਕੀ, ਵਰਤਾਰਿਆਂ ਦੀ ਜਟਿਲਤਾ ਤੇ ਜਾਬਰ ਪਹਿਰੇਦਾਰੀਆਂ ਦੀ ਘੁਟਨ ਵਿਚ ਪਿਸਦੀ

ਨਾਰੀ ਦਾ ਬੌਧਾਤਮਕ ਪੱਧਰ ਵਲਗਣਾਂ ਦੀ ਗ੍ਰਿਫ਼ਤ ਤੋਂ ਅਨਜਾਣ ਨਹੀਂ ਰਹਿੰਦਾ ਤੇ ਹੌਲੀ-ਹੌਲੀ ਹੁਣ ਉਹ ਇਹਨਾਂ ਵਲਗਣਾ ਦਾ ਘੇਰਾ ਤੋੜਨ ਵੱਲ ਅਹੁਲਦੀ ਆਪਣੇ ਅਸਤਿੱਤਵ ਨੂੰ ਆਪ ਘੜ੍ਹਨ ਦਾ ਯਤਨ ਕਰਦੀ ਨਜ਼ਰ ਆ ਰਹੀ ਹੈ, ਜਿਨ੍ਹਾਂ ਦਾ ਹਵਾਲਾ ਉਪਰੋਕਤ ਕਹਾਣੀਆਂ ਵਿਚੋਂ ਵੀ ਮਿਲ ਜਾਂਦਾ ਹੈ। ਇੰਜ 'ਔਰਤ' ਇਕ ਅਜਿਹਾ ਵਿਸ਼ਾ ਬਣ ਜਾਂਦਾ ਹੈ ਜੋ ਹਾਸ਼ੀਏ ਤੋਂ ਕੇਂਦਰ ਵੱਲ ਪਰਤਣ ਦੀ ਹਿੰਮਤ ਕਰਦਾ ਸਾਹਿਤ ਦਾ ਵੀ ਕੇਂਦਰੀ ਵਿਸ਼ਾ ਬਣਦਾ ਹੈ। ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਗੁਰਬਖ਼ਸ਼ ਸੰਘ ਪ੍ਰੀਤਲੜੀ ਤੇ ਨਾਨਕ ਸਿੰਘ ਆਦਿ ਕਹਾਣੀਕਾਰਾਂ ਨੇ ਨਾਰੀ ਸੁਧਾਰ ਵੱਲ ਸੇਧਾਤਮਕ ਕਹਾਣੀਆਂ ਰਚ ਕੇ ਨਾਰੀ ਤੇ ਨਾਰੀ ਸਥਿਤੀ ਅੰਦਰਲੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਦਾ ਉੱਦਮ ਕੀਤਾ। ਜਿਸ ਨੂੰ ਅੱਗੇ ਚੱਲ ਕੇ ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਵਰਗੇ ਕਹਾਣੀਕਾਰਾਂ ਨੇ ਨਾਰੀ ਪ੍ਰਤਿਸੋਧ ਦੇ ਰੂਪ ਵਿਚ ਉਭਾਰਨਾ ਸ਼ੁਰੂ ਕੀਤਾ। ਗੱਲ ਚਲਦੀ-ਚਲਦੀ ਨਾਰੀ ਲੇਖਿਕਾਵਾਂ ਦੀ ਜ਼ੁਬਾਨੀ ਬਿਆਨ ਹੋਣ ਲੱਗਦੀ ਹੈ। ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ ਆਦਿ ਨਾਰੀ ਹੱਕ ਵਿਚ ਭੁਗਤਦੀਆਂ ਨਾਰੀ ਸਥਿਤੀ ਵਿਚ ਹੁੰਦੇ ਫੇਰ ਬਦਲ ਦਾ ਦ੍ਰਿਸ਼ਟਮਾਨ ਸ੍ਰੋਤ ਬਣਦੀਆਂ ਹਨ। ਦਲੀਪ ਕੌਰ ਟਿਵਾਣਾ ਦੀ ਕਲਮ ਤੋਂ ਨਾਰੀ ਨੂੰ ਆਜ਼ਾਦੀ ਤੇ ਆਵਾਰਗੀ ਵਿਚਲੇ ਫ਼ਰਕ ਤੋਂ ਤਾਅਰੁਫ਼ ਕਰਾਉਂਦਿਆਂ ਆਤਮ ਨਿਰਭਰ ਤੇ ਆਤਮ-ਗੌਰਵ ਨਾਲ ਜੀਵਨ ਜਿਊਣ ਦੀ ਹਦਾਇਤ ਕੀਤੀ ਗਈ ਹੈ। ਟਿਵਾਣਾ ਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤੀ ਨਾਰੀ ਨੂੰ ਕੇਵਲ ਅਧੀਨ, ਦੱਬੂ ਜਾਂ ਡਰਪੋਕ ਬਣਾ ਕੇ ਪੇਸ਼ ਨਹੀਂ ਕੀਤਾ, ਬਲਕਿ ਗਲੈਮਰਸ ਦੀ ਵੱਜੀ ਮਾਰ ਵਿਚੋਂ ਉਲਾਰਤਾ ਨੂੰ ਛੱਡ, ਸਮਝ ਦੀ ਆਧਾਰ 'ਤੇ ਚੱਲਣ ਵਾਲੀਆਂ ਔਰਤ ਪਾਤਰਾਂ ਦਾ ਬਿੰਬ ਵੀ ਪੇਸ਼ ਕੀਤਾ ਹੈ। ਭਾਵੇਂ ਕਿ ਉਸ ਦੀਆਂ ਔਰਤ ਪਾਤਰਾਂ ਵਿਚ ਬੇਬਸ ਤੇ ਸ੍ਵੈ-ਤਰਸ ਦੀ ਸੁਰ ਜ਼ਰਾ ਵਧੇਰੇ ਮਾਤਰਾ ਵਿਚ ਵੇਖਣ ਨੂੰ ਮਿਲਦੀ ਹੈ। ਕਰਤਾਰ ਸਿੰਘ ਦੁੱਗਲ ਨੇ ਨਾਰੀ ਮਨ ਅੰਦਰ ਫੁੱਟਦੇ ਵਲਵਲਿਆਂ, ਤੀਬਰ ਭਾਵਨਾਵਾਂ ਦੀ ਤਸਵੀਰਕਸ਼ੀ ਕਰਦਿਆਂ ਸਮਾਜ ਦੇ ਬੇਰੁਖ਼ ਵਤੀਰੇ ਨੂੰ ਰੂਪਮਾਨ ਕੀਤਾ ਹੈ। ਇੰਜ ਕਰਦਿਆਂ ਉਹ ਮਨ ਦੀਆਂ ਹਨੇਰੀਆਂ ਨੁੱਕਰਾਂ ਵੱਲ ਝਾਤ ਪਵਾਉਂਦਿਆਂ ਨਾਰੀ ਅੰਦਰ ਪਨਪ ਰਹੀ ਕਾਮ ਇੱਛਾ ਪੂਰਤੀ ਦੀ ਸੁਰ ਨੂੰ ਉਭਾਰਨ ਦਾ ਯਤਨ ਕਰਦਾ ਹੈ। ਚੰਗੀ ਗੱਲ ਇਹ ਵਾਪਰੀ ਕਿ ਨਾਰੀ ਦੀ ਸਥਿਤੀ ਨੂੰ ਜ਼ਿਆਦਾਤਰ ਪੇਸ਼ ਕਰਨ ਵਾਲੇ  ਬਹੁਤੇ ਲੇਖਕ ਮਰਦ ਰਹੇ। ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲਤਨ ਕੋਈ ਚੌਥਾ ਕੁ ਹਿੱਸਾ ਰਹੀ। ਇੱਥੋਂ ਵੀ ਸਵਾਲ ਪੈਦਾ ਹੁੰਦਾ ਹੈ ਕਿ ਔਰਤ ਬਾਰੇ ਪ੍ਰਸ਼ਨ ਉਠਾਉਣੇ ਵੀ ਮਰਦ ਨੂੰ ਹੀ ਪਏ, ਔਰਤ ਵਿਚ ਸਥਿਤੀ ਦਾ ਸੰਕਟ ਸਮਝ ਸਕਣ ਤੇ ਉਸਦੀ ਬਿਹਤਰੀ ਲਈ ਕਦਮ ਪੁੱਟ ਸਕਣ ਦੀ ਸ਼ਮਤਾ ਦੀ ਰਫ਼ਤਾਰ ਬਹੁਤ ਧੀਮੀ ਰਹੀ ਹੈ। ਇਕ ਵਾਰ ਓਸ਼ੋ ਕਿਸੇ ਕਾਲਜ ਦੇ ਸੈਮੀਨਾਰ ਵਿਚ ਬਤੌਰ ਵਕਤਾ ਨਾਰੀ ਸਥਿਤੀ ਸੰਬੰਧਿਤ ਆਪਣਾ ਭਾਸ਼ਣ ਦਿੰਦਿਆਂ ਸੈਮੀਨਾਰ ਦੇ ਅੰਤ 'ਤੇ ਔਰਤ ਸੰਬੰਧੀ ਮਰਦ ਦੁਆਰਾ ਉਠਾਏ ਗਏ ਪ੍ਰਸ਼ਨ ਅਤੇ ਔਰਤ ਦੀ ਚੁੱਪਧਾਰੀ 'ਤੇ ਵਿਅੰਗ ਕਰਦਾ ਕਹਿੰਦਾ ਹੈ ਕਿ :-

> लेकिन मो एक दुखद सुचना आपको दूं कि सवाल एक पुरुष ने ही पूछा, स्त्रियों ने नहीं पूछा। यह जरा दुखद बात है। ... सवाल आपसे पूछा जाना चाहिए था। आपकी भी फ्रिक एक पुरूष को ही करनी पड़ी कि कहीं परिवार न टूट जाए। ...लेकिन वह भी एक पुरुष को पूछना पड़ता है वह भी स्त्रियां नहीं, पूछती तो दुख होता है।[7]

ਇਸਤਰੀ ਦੀ ਸਥਿਤੀ ਨਾਜ਼ੁਕ ਰਹੀ, ਕਿਉਂਕਿ ਇਸਤਰੀ ਬਹੁਤਾ ਸਮਾਂ ਮੌਨ ਰਹੀ। ਅੱਜ ਕੁਝ ਕੁ ਇਸਤਰੀਆਂ ਸੰਤੁਲਿਤ ਬੋਲਣਾ ਸਿੱਖ ਰਹੀਆਂ ਹਨ। ਇਹ ਇਸਤਰੀ ਸਥਿਤੀ ਸੁਧਾਰ ਵਿਚ ਇਕ ਸ਼ੁਭ ਸ਼ਗਨ ਹੈ। ਇਸਤਰੀ, ਅਧੀਨਤਾ ਨੂੰ ਹੁਣ ਉਸ ਤਰ੍ਹਾਂ ਨਹੀਂ ਸਵੀਕਾਰ ਰਹੀ, ਜਿਸ ਪ੍ਰਕਾਰ ਸਾਡੀ ਮੱਧਕਾਲੀ ਔਰਤ ਨੇ ਸਵੀਕਾਰਿਆ। ਹੁਣ ਉਹ ਘਰ ਦੀ ਚਾਰ ਦਿਵਾਰੀ ਤੋਂ ਬਾਹਰ ਨਿਕਲ ਕੇ ਆਪਣੇ ਵਜੂਦ ਨੂੰ ਪਛਾਣਨ ਅਤੇ ਆਪਣੀ ਮਰਜ਼ੀ ਨਾਲ ਕੁਝ ਕੁ ਫੈਸਲੇ ਲੈ ਸਕਣ ਤੱਕ ਦਾ ਵਿਕਾਸ ਹਾਸਲ ਕਰ ਚੁੱਕੀ ਹੈ ਪਰ ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਇਕ ਹੀ ਸਮੇਂ ਵਿਚ ਚੰਗਾ-ਬੁਰਾ ਨਾਲੋਂ-ਨਾਲ ਚੱਲਦਾ ਹੈ। ਜੇਕਰ ਇਸਤਰੀ ਜਾਗ ਰਹੀ ਹੈ ਤਾਂ ਕਈ ਥਾਵਾਂ 'ਤੇ ਉਹ ਬਹੁਤੀ ਰੋਸ਼ਨੀ ਸਾਹਮਣੇ ਚੁੰਧਿਆਉਂਦੀ ਵੀ ਨਜ਼ਰ ਆਈ ਹੈ ਜਿਸ ਨੂੰ ਅਜੀਤ ਕੌਰ ਨੇ ਪੇਸ਼ ਕਰਨ ਦਾ ਪ੍ਰਯਤਨ ਕੀਤਾ ਹੈ। ਅਜੀਤ ਕੌਰ ਦੀ ਨਾਰੀ ਪਾਤਰ ਜ਼ਿਆਦਾਤਰ ਅਸੰਤੁਲਨ ਦਾ ਸ਼ਿਕਾਰ ਨਜ਼ਰ ਆਉਂਦੀ ਹੈ। ਉਹ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਉ ਸਕਣ ਲਈ ਆਜ਼ਾਦ ਤਾਂ ਹੈ ਪਰ ਉਹ ਮਾਨਸਿਕ ਪੱਧਰ 'ਤੇ ਮਰਦ ਦੇ ਗ਼ਲਬੇ ਤੋਂ ਆਜ਼ਾਦ ਨਹੀਂ ਹੋ ਪਾਉਂਦੀ। ਉਹ ਜ਼ਿੰਦਗੀ ਦੀਆਂ ਟੇਢਾਂ ਨਾਲ ਜੂਝਦੀ ਮਰਦ ਦੀ ਅਧੀਨਤਾ ਤੋਂ ਇਨਕਾਰੀ ਹੁੰਦੀ ਅਖ਼ੀਰ ਆਪਣੇ ਲਈ ਮਾਨਸਿਕ ਸੰਤਾਪ ਹੀ ਸਹੇੜ ਰਹੀ ਹੈ।

ਉਸਦੀ ਜੀਵਨ ਸ਼ੈਲੀ ਵਿਚ ਸਿਸਟਮ ਬੱਧਤਾ ਦੀ ਕਮੀ ਹੈ। ਉਹਦੇ ਕੋਲ ਰਾਹ ਤਾਂ ਹਨ ਪਰ ਮੰਜ਼ਿਲ ਨਹੀਂ ਹੈ। ਉਹ ਆਜ਼ਾਦੀ ਚਾਹੁੰਦੀ ਤਾਂ ਹੈ ਪਰ ਆਜ਼ਾਦੀ ਦੇ ਅਸਲ ਮਾਇਨਿਆਂ ਤੋਂ ਬਹੁਤੀ ਥਾਈਂ ਕੋਰੀ ਨਜ਼ਰ ਆਉਂਦੀ ਹੈ। ਇਹੀ ਸਥਿਤੀ ਅਸਲ ਜ਼ਿੰਦਗੀ ਵਿਚ ਵਿਚਰਦੀਆਂ ਕੁਝ ਔਰਤਾਂ ਦੀ ਵੀ ਹੈ। ਬਹੁਤੀਆਂ ਔਰਤਾਂ ਆਜ਼ਾਦੀ ਦੇ ਨਾਮ ਹੇਠ ਆਪਣੇ-ਆਪ ਲਈ ਵਧੇਰੇ ਸੰਕਟ ਖੜ੍ਹੇ ਕਰ ਰਹੀਆਂ ਹਨ। 1990 ਤੋਂ ਬਾਅਦ ਸਮਾਜਕ ਵਰਤਾਰਾ ਆਪਣੀ ਨੁਹਾਰ ਇਕਦਮ ਬਦਲ ਲੈਂਦਾ ਹੈ। ਸੰਚਾਰ ਸਾਧਨਾਂ ਦੀ ਹੋੜ, ਤਕਨਾਲੋਜੀ ਦੀ ਭਰਮਾਰ, ਪਦਾਰਥਵਾਦ ਦੀ ਖਿੱਚ, ਗਲੈਮਰਸ ਉਲਾਰਤਾ ਆਦਿ ਅਜਿਹੇ ਕਾਰਨ ਵਿਅਕਤੀ ਸੋਚ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਦੇ ਹਨ। ਭਾਰਤੀ ਨਾਰੀ ਦੀ ਜੀਵਨ ਤੋਰ ਵੀ ਪੁਰਾਣੀਆਂ ਵਲਗਣਾਂ ਤੋਂ ਨਿਜਾਤ ਤਾਂ ਪਾ ਰਹੀ ਹੈ, ਪਰ ਇਸ ਸਫ਼ਰ ਵਿਚ ਵਧੇਰੇ ਗਿਣਤੀ ਉਨ੍ਹਾਂ ਔਰਤਾਂ ਦੀ ਹੈ ਜੋ ਆਜ਼ਾਦੀ ਤੇ ਆਵਾਰਗੀ ਦੇ ਅਰਥਾਂ ਨੂੰ ਰਲਗੱਡ ਕਰ ਰਹੀਆਂ ਹਨ। ਜੇਕਰ ਚੇਤੰਨ ਔਰਤ ਆਪਣੀ ਸਥਿਤੀ ਵਿਚ ਸੰਤੁਲਨ ਸਿਰਜਣ ਵੱਲ ਅਹੁਲ ਰਹੀ ਹੈ ਤਾਂ ਉਲਾਰ ਔਰਤ ਆਪਣੇ ਦੁਆਲੇ ਅਸੰਤੁਲਨ ਦਾ ਜਾਲ ਵੀ ਹੱਥੀਂ ਬੁਣਦੀ ਨਜ਼ਰ ਆ ਰਹੀ ਹੈ ਪਰ ਨਾਰੀ ਸਥਿਤੀ ਦੇ ਵਿਕਾਸ ਵਿਚ ਇਹ ਦੋਵੇਂ ਤਰ੍ਹਾਂ ਦੀਆਂ ਔਰਤਾਂ ਦੀ ਅਹਿਮੀਅਤ ਮੰਨ ਕੇ ਚੱਲਣੀ ਪਏਗੀ ਕਿਉਂਕਿ, ਅਸੰਤੁਲਨ ਦੀ ਪੀਕ ਜਾਂ ਸਿਖ਼ਰ ਤੋਂ ਹੀ ਸੰਤੁਲਨ ਦੀ ਦਰ ਨਿਰਧਾਰਿਤ ਹੋ ਸਕਦੀ ਹੈ ਬੇਸ਼ੱਕ ਤਰੱਕੀ ਦਾ ਸਿਹਰਾ ਜੁਝਾਰੂ ਮਾਦਿਆਂ ਦੇ ਸਿਰ ਹੀ ਬੱਝਦਾ ਹੈ। ਇਸ ਤਰ੍ਹਾਂ ਔਰਤ ਸਥਿਤੀ ਦੀ ਵਿਕਾਸ ਰੇਖਾ ਵਿਚ ਬਹੁਤ ਸਾਰੇ ਮੋੜ ਆਉਂਦੇ ਹਨ ਅਤੇ ਆ ਵੀ ਰਹੇ ਹਨ, ਜਿਥੋਂ ਔਰਤ ਆਪਣੇ ਅੰਦਰਲੇ ਵੱਖ-ਵੱਖ ਰੂਪਾਂ ਨੂੰ ਸਾਹਮਣੇ ਦਿਖਾ ਰਹੀ ਹੈ। ਇਕ ਢਾਂਚਾ ਤਾਂ ਉਸਨੂੰ ਸਮਾਜ ਨੇ ਦਿੱਤਾ ਹੈ ਭਾਵ ਉਸਨੂੰ ਮਾਂ, ਭੈਣ, ਪਤਨੀ, ਧੀ ਆਦਿ ਰੂਪਾਂ ਵਿਚ ਪਛਾਣ ਤਾਂ ਦਿੱਤੀ ਹੈ, ਪਰ ਔਰਤ ਨੂੰ ਇਕ ਔਰਤ ਜਾਂ ਇਨਸਾਨ ਦੇ ਰੂਪ ਵਿਚ ਅੱਜ ਤੱਕ ਔਰਤ ਵੀ ਪ੍ਰਵਾਨ ਨਹੀਂ ਕਰ ਪਾਈ ਹੈ। ਵਿਕਾਸ ਦੇ ਰਾਹ 'ਤੇ ਪਈ ਔਰਤ ਕਦੇ ਤਾਂ ਆਪਣੇ ਔਰਤਤਵ ਤੋਂ ਹੀ ਉੱਪਰ ਉਠਦੀ ਨਜ਼ਰ ਨਹੀਂ ਆਉਂਦੀ ਤੇ ਕਦੇ ਬਿਲਕੁਲ ਮਰਦ ਬਣਨ ਵੱਲ ਉਲਾਰ ਹੋ ਜਾਂਦੀ ਹੈ। ਔਰਤ, ਔਰਤ ਵਜੋਂ ਆਪਣੇ ਅਰਥ ਸਮਝਣ ਵੱਲ ਉਚੇਚ ਕਰਦੀ ਬਹੁਤੀ ਨਜ਼ਰ ਨਹੀਂ ਆਉਂਦੀ। ਕਿੰਤੂ ਏਸ ਗੱਲ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਜਿਨ੍ਹਾਂ ਔਰਤਾਂ ਅੰਦਰ ਆਪਣੀ ਸਮਰੱਥਾ ਨੂੰ ਪਛਾਣ ਸਕਣ ਦੀ ਚਿਣਗ ਪੈਦਾ ਹੋ ਰਹੀ ਹੈ, ਉਹ ਨਿਰਸੰਦੇਹ ਨਵੀਆਂ ਸੰਭਾਵਨਾਵਾਂ ਉਜਾਗਰ ਕਰਨ ਵਿਚ ਕਾਰਗਰ ਸਿੱਧ ਹੋ ਰਹੀਆਂ ਹਨ।

ਗੁਰਬਚਨ ਭੁੱਲਰ ਦੀ ਕਹਾਣੀ ਹੈ 'ਥਕੇਵਾਂ' ਵਿਚਲੀ ਔਰਤ ਪਾਤਰ ਮਰਦ ਦੇ ਆਸਰੇ ਤੋਂ ਬਿਨ੍ਹਾਂ ਜ਼ਿੰਦਗੀ ਜਿਊਣ ਦੀ ਹਿੰਮਤ ਜੁਟਾਉਂਦੀ ਆਖ਼ਰ ਮਰਦ ਬਣ ਕੇ ਜੀਵਨ ਜਿਊਣ ਵਿਚ ਸਫ਼ਲ ਹੋ ਜਾਂਦੀ ਹੈ। ਪਤੀ ਦੀ ਮੌਤ ਉਪਰੰਤ ਘਰ ਚਲਾਉਣ ਅਤੇ ਨਾਬਾਲਗ ਪੁੱਤਰ ਦੀ ਪਰਵਰਿਸ਼ ਵਿਚ ਜੁਟੀ ਪਾਤਰ 'ਆਸੋ' ਘਰ ਦਾ ਮਰਦ ਬਣ ਕੇ ਸਾਰੀਆਂ ਜਿੰਮੇਂਵਾਰੀਆਂ ਨਿਭਾਉਂਦੀ ਹੈ। ਜ਼ਾਹਿਰ ਹੁੰਦਾ ਹੈ ਕਿ ਔਰਤ ਸਹਾਰਿਆਂ ਜਾਂ ਆਸਰਿਆਂ ਦੀ ਗ੍ਰਿਫ਼ਤ ਵਿਚੋਂ ਨਿਕਲਣ ਦਾ ਉਦਮ ਕਰਦੀ ਵਿਕਾਸ ਦੀਆਂ ਰਾਹਾਂ ਵੱਲ ਗਤੀਸ਼ੀਲ ਹੈ।

ਇਸੇ ਹੀ ਤਰ੍ਹਾਂ ਵੀਨਾ ਵਰਮਾ ਦੀ ਕਹਾਣੀ 'ਫਿਰੰਗੀਆਂ ਦੀ ਨੂੰਹ' ਵਿਚਲੀ ਔਰਤ ਪਾਤਰ ਨਸ਼ੇੜੀ ਪਤੀ ਦੇ ਦੁਰਵਿਹਾਰ ਨੂੰ ਨਾ ਸਹਾਰਦੀ ਹੋਈ ਆਖ਼ਿਰ ਇੱਕਲਿਆਂ ਹੀ ਆਪਣੇ ਬਲਬੂਤੇ 'ਤੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਦੀ ਹੈ। ਉਸ ਦੀ ਸੋਚਣੀ ਦਾ ਪੱਧਰ ਮੁਥਾਜਗੀ ਤੋਂ ਇਨਕਾਰੀ ਹੈ। ਉਹ ਸ੍ਵੈ-ਨਿਰਭਰ ਅਤੇ ਸਮਾਜਕ ਕੁੜੱਤਣ ਦਾ ਬਹਾਦਰੀ ਨਾਲ ਮੁਕਾਬਲਾ ਕਰਕੇ ਆਪਣੀ ਜ਼ਿੰਦਗੀ ਆਪਣੇ ਹਿਸਾਬ ਨਾਲ ਜਿਊਣ ਵਿਚ ਸਮਰੱਥ ਹੈ। ਉਹ ਸਮਾਜ ਦੀਆਂ ਥੋਥੀਆਂ ਮਾਨਤਾਵਾਂ ਪ੍ਰਤੀ ਸ਼ਰਧਾਮੂਲਕ ਟੇਕ ਨਹੀਂ ਰੱਖਦੀ, ਬਲਕਿ ਹਰ ਸੱਚ ਦੀ ਤਹਿ ਹੇਠ ਲੁਕੇ ਦੰਭ ਨੂੰ ਵੇਖਣ-ਸਮਝਣ 'ਚ ਪ੍ਰਪੱਕ ਹੈ। ਉਸਦਾ ਨਜ਼ਰੀਆ ਸਮਾਜ ਪ੍ਰਤੀ ਪ੍ਰਤੀਰੋਧਕ ਹੈ, ਜਿਸ ਨੂੰ ਉਸਦੇ ਨਿਮਨਲਿਖਤ ਬੋਲਾਂ ਵਿਚੋਂ ਵੀ ਸਮਝਿਆ ਜਾ ਸਕਦਾ ਹੈ:-

> ਸਮਾਜ ਭੇਡਾਂ ਦਾ ਵਾੜਾ ਐ ਜੈ ਸ੍ਰੀ! ਜਿਹੜੀਆਂ ਭੇਡਾਂ ਸਿਰ ਸਿੱਟ ਕੇ ਇਹਦੇ ਅਸੂਲਾਂ 'ਚ ਤੁਰਦੀਆਂ ਨੇ, ਉਨ੍ਹਾਂ ਨੂੰ ਸ਼ਰੀਫ਼ ਸਮਝਿਆ ਜਾਂਦੈ। ਤੇ ਜਿਹੜੀ ਸਿਰ ਉਠਾ ਕੇ ਤੁਰਦੀ ਐ, ਉਹਦਾ ਸਿਰ ਵੱਢ ਦਿੱਤਾ ਜਾਂਦੈ...।[8]

ਉਸਦੇ ਅਜਿਹੇ ਕਥਨ ਔਰਤ ਅੰਦਰ ਪਨਪ ਰਹੀ 'ਸ੍ਵੈ' ਪ੍ਰਤੀ ਸੋਝੀ ਅਤੇ ਹੋਂਦ ਪ੍ਰਤੀ ਜਾਗ੍ਰਿਤੀ ਦੇ ਚਿਹਨਾਂ ਦਾ ਪ੍ਰਤੀਪਾਦਨ ਕਰਦੇ ਪ੍ਰਤੀਤ ਹੁੰਦੇ ਹਨ। ਕਹਿਣ ਤੋਂ ਭਾਵ ਕਿ ਔਰਤ ਕੇਵਲ ਥੋਪੀਆਂ ਗਈਆਂ ਜਿੰਮੇਂਵਾਰੀਆਂ ਜਾਂ ਓਪਰੀ ਸੋਚ ਹੇਠ ਅਪਣਾਏ ਗਏ ਵੱਖ-ਵੱਖ ਰੂਪਾਂ ਪ੍ਰਤੀ ਆਦਰਸ਼ ਮੂਲਕ ਦ੍ਰਿਸ਼ਟੀ ਪ੍ਰਤੀ ਬੰਧੇਜ਼ ਨਹੀਂ ਰਹੀ, ਬਲਕਿ ਉਸ ਨੂੰ ਆਪਣੇ ਅਸਤਿੱਤਵ ਤੇ ਸ੍ਵੈਮਾਣ ਦੀ ਸਮਝ ਆ ਰਹੀ ਹੈ। ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਇਕ ਦਿਨ' ਵਿਚਲੀ ਔਰਤ ਪਾਤਰ ਆਪਣੇ ਪਤਨੀਵ੍ਰਤਾ ਧਰਮ ਦੀ ਪਾਲਣਾ ਕਰਨ ਦੇ ਨਾਲ-

ਨਾਲ ਆਪਣੇ ਸ੍ਵੈ ਦੀ ਆਜ਼ਾਦੀ ਅਤੇ ਸ੍ਵੈ ਸੁਤੰਤਰਤਾ ਪ੍ਰਤੀ ਵੀ ਚੇਤੰਨ ਹੈ। ਉਸਦੀ ਇਹੀ ਚੇਤੰਨਤਾ ਉਸ ਨੂੰ ਆਪਣੇ ਪਤੀ ਕੋਲੋਂ 'ਇਕ ਐਸੇ ਦਿਨ' ਦੀ ਮੰਗ ਕਰਨ ਵੱਲ ਪ੍ਰੇਰਿਤ ਕਰਦੀ ਹੈ, ਜਿਸ ਦਿਨ ਉਹ ਕੇਵਲ ਤੇ ਕੇਵਲ ਆਪਣੀ ਮਰਜ਼ੀ ਨਾਲ ਜਿਉਂ ਸਕੇ, ਆਪਣੀ ਸੁਤੰਤਰਤਾ ਦਾ ਅਹਿਸਾਸ ਮਹਿਸੂਸ ਕਰ ਸਕੇ ਅਤੇ ਕਿਸੇ ਪ੍ਰਤੀ ਵੀ ਜਵਾਬਦੇਹ ਨਾ ਰਹੇ। ਪਰ ਪਤੀ ਉਸਦੀ ਅਜਿਹੀ ਇੱਛਾ ਪ੍ਰਤੀ ਚਿੰਤਤ ਹੁੰਦਾ ਇਸ ਨੂੰ ਕੇਵਲ 'ਇੱਛਾ' ਬਣੇ ਰਹਿਣ ਤੱਕ ਮਜਬੂਰ ਕਰ ਦਿੰਦਾ ਹੈ। ਗੌਲਣਯੋਗ ਨੁਕਤਾ ਇਹ ਹੈ ਕਿ ਬੇਸ਼ੱਕ ਮਰਦ ਜਾਂ ਸਮਾਜ ਨੇ ਔਰਤ ਦੀ ਇਸ ਚੇਤੰਨਤਾ ਨੂੰ ਸਵੀਕਾਰ ਕੀਤਾ ਹੈ ਜਾਂ ਨਹੀਂ, ਲੇਕਿਨ ਔਰਤ ਅੰਦਰ ਆਪਣੀ ਆਵਾਜ਼ ਆਪ ਬਣਨ ਦਾ ਜਜ਼ਬਾ ਪੈਦਾ ਹੁੰਦਾ ਦਿਖਾਈ ਦੇ ਰਿਹਾ ਹੈ, ਭਾਵੇਂ ਕਿ ਕਹਾਣੀ ਵਿਚ ਔਰਤ ਪਾਤਰ ਦੁਆਰਾ ਰੱਖੀ ਗਈ ਮੰਗ ਵਿਚ ਸਿਸਟਮ ਬੱਧਤਾ ਅਤੇ ਸਾਰਥਕਤਾ ਦੀ ਕਮੀ ਰੜਕਦੀ ਜ਼ਰੂਰ ਹੈ ਪਰ ਸਵਾਲ ਉਠਾ ਸਕਣਾ ਜਾਂ ਕੋਈ ਮੰਗ ਰੱਖ ਸਕਣ ਦੀ ਹਿੰਮਤ ਜੁਟਾਉਣ ਦੇ ਜਜ਼ਬੇ ਤੱਕ ਪਹੁੰਚ ਕਰ ਲੈਣਾ ਹੀ ਔਰਤ ਚੇਤਨਾ ਦਾ ਮਾਅਰਕੇਯੋਗ ਕਦਮ ਕਿਹਾ ਜਾ ਸਕਦਾ ਹੈ।

ਚੇਤੰਨਤਾ ਦੇ ਰਾਹ ਪਈ ਔਰਤ ਕੇਵਲ ਸੁਭਾਅ ਪੱਖੋਂ ਹੀ ਮਰਦ ਦੇ ਬਰਾਬਰ ਨਹੀਂ ਖੜੀ ਹੋ ਰਹੀ, ਬਲਕਿ ਜ਼ਿੰਮੇਂਵਾਰੀਆਂ ਪੱਖੋਂ ਵੀ ਮਰਦ ਤੋਂ ਅਗਾਂਹ ਲੰਘਦੀ ਦਿਸ ਰਹੀ ਹੈ। ਹਰਪ੍ਰੀਤ ਸੇਖਾਂ ਦੀ ਕਹਾਣੀ 'ਹਾਊਸ ਵਾਈਫ਼' ਵਿਚ ਘਰ ਦੀ ਔਰਤ ਨੌਕਰੀ ਕਰ ਰਹੀ ਹੈ ਤੇ ਘਰ ਦਾ ਮਰਦ ਭਾਵ ਉਸਦਾ ਪਤੀ ਘਰ ਦੀ ਰਸੋਈ ਦਾ ਕੰਮ ਸੰਭਾਲ ਰਿਹਾ ਹੈ। ਕੰਮਾਂ ਵਿਚਕਾਰ ਵਾਪਰੀ ਇਹ ਤਬਦੀਲੀ ਔਰਤ ਦੀ ਸਥਿਤੀ ਵਿਚ ਵਾਪਰਦੀ ਤਬਦੀਲੀ ਦੀ ਸੂਚਕ ਬਣ ਕੇ ਪੇਸ਼ ਹੋ ਰਹੀ ਹੈ ਅਤੇ ਨਾਲ ਹੀ ਇਸ ਗੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਮਰਦ ਅੱਜ ਉਸਦੀ ਤਰੱਕੀ ਨਾਲ ਕੁਝ ਹੱਦ ਤੱਕ ਖੜ੍ਹਨ ਲਈ ਤਿਆਰ ਹੋ ਰਿਹਾ ਹੈ। ਇਸ ਕਹਾਣੀ ਵਿਚ ਮਨਮੀਤ ਪਾਤਰ ਦਾ ਘਰ ਵਿਚ 'ਹਾਊਸ ਵਾਈਫ਼' ਦੀ ਤਰ੍ਹਾਂ ਕੰਮ ਕਰਨਾ ਅਤੇ ਪਤਨੀ ਦੀ ਤਰੱਕੀ ਵਿਚ ਉਸਦਾ ਸਾਥ ਦੇਣਾ ਮਰਦ ਦੀ ਔਰਤ ਪ੍ਰਤੀ ਪਰਿਵਰਤਿਤ ਹੁੰਦੀ ਦ੍ਰਿਸ਼ਟੀ ਨੂੰ ਰੂਪਮਾਨ ਕਰਦਾ ਹੈ। ਔਰਤ ਇਸ ਪੱਖੋਂ ਵਧਾਈ ਦੀ ਪਾਤਰ ਹੈ ਕਿ ਉਸਨੇ ਆਪਣੀ ਆਜ਼ਾਦੀ, ਆਪਣੀ ਚੇਤੰਨਤਾ ਅਤੇ ਆਪਣੇ ਫੈਸਲਿਆਂ ਦੀ ਚੋਣ ਦੇ ਬਲਬੂਤੇ ਦੇ ਆਧਾਰ 'ਤੇ ਮਰਦ ਦੀ ਸੋਚਣੀ ਅੰਦਰ ਤਬਦੀਲੀ ਲਿਆਉਣ ਦਾ ਸਫ਼ਰ ਆਰੰਭ ਕਰ ਲਿਆ ਹੈ। ਡਾ. ਹਰਚੰਦ ਸਿੰਘ ਬੇਦੀ ਅਨੁਸਾਰ -

> ਔਰਤ ਵੱਲੋਂ ਨੌਕਰੀ ਕਰਨ ਨਾਲ ਜਾਂ ਘਰ ਦੀ ਆਰਥਿਕਤਾ ਵਿਚ ਹਿੱਸਾ ਪਾਉਣ ਨਾਲ ਵੀ ਪਰਿਵਾਰਕ ਬਣਤਰ ਵਿਚ ਕੁਝ ਤਬਦੀਲੀਆਂ ਆਈਆਂ। ਆਰਥਿਕ ਸੰਪੰਨਤਾ ਨਾਲ ਜਿੱਥੇ ਔਰਤ ਕੋਲ ਆਤਮ-ਵਿਸ਼ਵਾਸ ਆਇਆ, ਉਥੇ ਉਸ ਨੇ ਪਰਿਵਾਰਕ ਸੀਮਾਵਾਂ ਤੋਂ ਬਾਹਰ ਖੁੱਲ੍ਹ ਕੇ ਸਾਹ ਲੈਣ ਲਈ ਅਤੇ ਇਹ ਸਵੈ ਨਿਰਭਰ ਵਿਅਕਤੀਆਂ ਵਜੋਂ ਵਿਚਰਨ ਲਈ ਕੁਝ ਖੁੱਲਾਂ ਲੈਣੀਆਂ ਤੇ ਤਜ਼ਰਬੇ ਕਰਨੇ ਸ਼ੁਰੂ ਕੀਤੇ; ...ਇਹਨਾਂ ਤਜ਼ਰਬਿਆਂ ਨਾਲ ਉਹ ਸੋਸ਼ਿਤ ਵੀ ਹੋਈ ਤੇ ਮਾਨਸਿਕ ਸੰਕਟ ਵੀ ਭੋਗਣੇ ਪਏ। ਪਰ ਪੁਨਰ ਆਤਮ ਵਿਸ਼ਵਾਸ ਦੀ ਸਿਰਜਣਾ ਪ੍ਰਕਿਰਿਆ ਨਾਲ ਉਹ ਆਪਣੇ ਪੈਰਾਂ 'ਤੇ ਖਲੋ ਗਈ ਅਤੇ ਉਸਨੇ ਆਪਣੀ ਪਹਿਚਾਣ ਲਈ ਸਵੈ ਸਿਰਜਿਤ ਮਾਪਦੰਡਾਂ ਦੇ ਅਨੁਕਰਣ ਵਿਚ, ਸਵੈ-ਕੇਂਦ੍ਰਿਤ ਕਦਰਾਂ-ਕੀਮਤਾਂ ਸਥਾਪਿਤ ਕਰਨ ਲਈ, ਸਹਿਜ ਪ੍ਰਕਿਰਿਆ ਸ਼ੁਰੂ ਕੀਤੀ। ਨਿਰਸੰਦੇਹ ਇਹ ਅਮਲ ਮੂਲ ਰੂਪ ਵਿਚ, ਮਹਾਂਨਗਰਾਂ ਤੇ ਨਗਰਾਂ ਵਿਚ ਹੀ ਵਧੇਰੇ ਰਿਹਾ ਪਰ ਸਾਡੀ ਪੇਂਡੂ ਰਹਿਤਲ ਵਿਚ ਵੀ ਇਸ ਦਾ ਧੀਮਾ ਪ੍ਰਭਾਵ ਪਿਆ।[9]

ਅੱਜ ਜੇਕਰ ਔਰਤ ਚੇਤਨਤਾ ਦੀ ਪੌੜੀ ਚੜ੍ਹਦੀ ਦਿਖਾਈ ਦੇ ਰਹੀ ਹੈ ਤਾਂ ਉਹ ਔਰਤ ਵੀ ਨਾਲੋਂ-ਨਾਲ ਸਾਹਮਣੇ ਹੈ ਜੋ ਰੋਸ਼ਨੀ ਦੇ ਆਲਮ ਵਿਚ ਚੁੰਧਿਆ ਰਹੀ ਹੈ। ਆਦਰਸ਼ ਜਾਂ ਜਾਗ੍ਰਿਤ ਔਰਤਾਂ ਦੇ ਬਲ 'ਤੇ ਨਾਰੀ ਦੀ ਸਥਿਤੀ ਨਿਘਾਰ ਤੋਂ ਉਧਾਰ ਦੇ ਰਾਹ ਜ਼ਰੂਰ ਪਈ ਹੈ ਪਰ ਮੰਡੀ ਤੇ ਸਿਆਸਤ ਦੇ ਬੋਲਬਾਲੇ ਵਿਚ ਕੁਝ ਔਰਤਾਂ ਲੀਹ ਤੋਂ ਡਗਮਗਾਉਂਦੀਆਂ ਵੀ ਨਜਰੀ ਆ ਰਹੀਆਂ ਹਨ। ਵਰਤਮਾਨ ਕਹਾਣੀ ਇਸ ਨੂੰ ਬਾਖ਼ੂਬੀ ਰਜਿਸਟਰ ਕਰ ਰਹੀ ਹੈ। ਅਜਮੇਰ ਸਿੱਧੂ ਦੀ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਵਿਚਕਾਰ ਦੋ ਪਾਤਰਾਂ ਹਨ ਰੱਜੂ ਤੇ ਲੱਭੂ। ਇਹ ਦੋ ਪਾਤਰਾਂ ਗਲੈਮਰਸ ਮਿੱਥ ਅਨੁਸਾਰ ਚੱਲਦੀਆਂ ਆਤਮ ਗੌਰਵ ਨੂੰ ਤਿਲਾਂਜਲੀ ਦੇ ਕੇ ਜਿਸਮ ਫਿਰੋਸ਼ੀ ਵਿਚੋਂ ਆਪਣੀ ਆਰਥਿਕਤਾ ਬਹਾਲ ਕਰ ਰਹੀਆਂ ਹਨ। ਗਲੈਮਰ ਦੀ ਦੁਨੀਆ ਵਿਚ ਵਿਚਰਦੀ ਔਰਤ ਦਾ ਅਕਸ ਜਾਂ ਬਿੰਬ ਮਰਦ ਖਿੱਚ ਬਣਨ ਵੱਲ ਕੇਂਦਰਿਤ ਹੈ, ਜਿਸ ਨੂੰ ਬਹੁਤ ਵਾਰ 'ਆਜ਼ਾਦੀ' ਦਾ ਨਾਮ ਦਿੱਤਾ ਜਾਂਦਾ ਹੈ। ਇਸ ਮੰਡੀ ਵਿਚ ਵਿਚਰਦੀ ਔਰਤ ਵੀ ਆਜ਼ਾਦੀ ਤੇ ਆਵਾਰਗੀ ਵਿਚਲੇ ਫ਼ਰਕ ਨੂੰ ਸਮਝਣ ਤੋਂ

ਪਰਹੇਜ਼ ਕਰਦੀ ਪ੍ਰਤੀਤ ਹੁੰਦੀ ਹੈ। ਹਾਂ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਔਰਤ ਅੱਜ ਆਪਣੀ ਮਰਜ਼ੀ ਨਾਲ ਆਪਣੇ ਜਿਸਮ ਦਾ'ਇਸਤੇਮਾਲ ਕਰ ਸਕਣ ਜੋਗੀ ਹੋ ਗਈ ਹੈ, ਉਸ ਉੱਪਰ ਜ਼ਬਰੀ ਧੌਂਸ ਵਾਲਾ ਨੇਮ ਹੁਣ ਬਹੁਤਾ ਲਾਗੂ ਨਹੀਂ ਹੁੰਦਾ, ਪਰ ਸਵਾਲ ਫਿਰ ਵੀ ਇਹ ਬਣ ਹੀ ਜਾਂਦਾ ਹੈ ਕਿਉਂਕਿ ਮੰਡੀ ਦੇ ਪ੍ਰਵਕਤੇ ਵੀ ਤਾਂ ਮਰਦ ਹੀ ਹਨ। ਇਸੇ ਹੀ ਕਹਾਣੀ ਦੀ ਪਾਤਰ ਹੈ 'ਰੰਮੀ' ਜੋ ਆਤਮ-ਗੌਰਵ ਨਾਲ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੀ ਹੈ। ਉਸ ਕੋਲ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਜਿਹੇ ਮਾਡਲ ਹਨ ਜੋ ਉਸਦੀ ਸੂਝ ਨੂੰ ਠੀਕ-ਬੇਠੀਕ ਦੀ ਪਰਖ਼ ਕਰ ਸਕਣ ਦੇ ਕਾਬਿਲ ਬਣਾਉਂਦੇ ਹਨ। ਅੱਜ ਜੇਕਰ ਬਹੁਤੀਆਂ ਔਰਤਾਂ ਆਜ਼ਾਦੀ ਦੇ ਨਾਮ ਹੇਠ ਉਲਾਰਤਾ ਦਾ ਸ਼ਿਕਾਰ ਹੋ ਰਹੀਆਂ ਹਨ ਤਾਂ ਸਮੱਸਿਆ ਇਹ ਵੀ ਹੈ ਕਿ ਉਹਨਾਂ ਕੋਲ ਕੋਈ ਆਦਰਸ਼ਕ ਮਾਡਲ ਹੀ ਨਹੀਂ ਹੈ। ਉਹ ਮੰਡੀ ਦੇ ਦਰਸਾਏ ਜਾਂ ਫਿਲਮਾਏ ਭਰਮ-ਜਾਲ ਵਿਚੋਂ ਹੀ ਆਪਣਾ ਸਟੇਟੱਸ ਸਿੰਬਲ ਸਿਰਜਣ ਦੇ ਆਹਰ ਵਿਚ ਲੱਗ ਪੈਂਦੀਆਂ ਹਨ। ਸੰਤਾਨ ਦੇ ਅੰਦਰ ਆਦਰਸ਼ਕ ਮਾਡਲ ਸਿਰਜ ਸਕਣ ਦੀ ਵਿਹਲ ਅੱਜ ਮਾਪਿਆਂ ਕੋਲ ਵੀ ਲਗਭਗ ਖ਼ਤਮ ਹੁੰਦੀ ਦਿਖਾਈ ਦੇ ਰਹੀ ਹੈ। ਜਦ ਬ੍ਰਿਛ ਹੀ ਜੜ੍ਹ ਵਿਹੂਣਾ ਹੋਏਗਾ ਤਾਂ ਫਿਰ ਬੀਜ ਕੋਲੋਂ ਚੰਗੇ ਫਲ-ਫੁੱਲ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। 'ਮਾਂ' ਰੂਪੀ ਔਰਤ ਕੋਲ ਵੀ 'ਧੀ' ਨੂੰ ਦੇਣ ਲਈ ਕੇਵਲ ਮਰਦ ਦਾ ਖੌਫ਼ ਹੀ ਹੈ ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਆਪਣਾ ਫਰਜ਼ ਸਮਝਦੀ ਸਿੱਖਿਆ ਦੇ ਰੂਪ ਵਿਚ ਦਿੰਦੀ ਹੈ। ਅੱਜ ਸਮੇਂ ਦੀ ਲੋੜ ਵੀ ਹੈ ਤੇ ਮੰਗ ਵੀ ਕਿ ਅੱਜ ਔਰਤ ਨੂੰ ਕਾਬਿਲ ਨੂੰਹਾਂ, ਕਾਬਿਲ ਧੀਆਂ ਬਣਾਉਣ ਨਾਲੋਂ ਕਾਬਿਲ ਔਰਤਾਂ ਬਣਾਉ। ਮਰਦ ਦੇ ਨਾਲ ਬਰਾਬਰੀ ਦੀ ਰਟ ਛੱਡ ਕੇ ਆਪਣੀ ਵੁਕਤ, ਆਪਣੀ ਸਮਰੱਥਾ, ਆਪਣੀ ਸੂਝ ਨੂੰ ਸਹੀ ਤਰਾਸ਼ ਸਕਣ ਦੇ ਕਾਬਿਲ ਹੋਣ ਵਿਚ ਹੀ ਔਰਤ ਦਾ ਸੁਨਿਹਰੀ ਭਵਿੱਖ ਵਿਦਮਾਨ ਹੈ।

ਇਸੇ ਪ੍ਰਕਾਰ 'ਸੁਖਜੀਤ' ਦੀ ਕਹਾਣੀ ਹੈ 'ਬਰਫ਼'। ਉਸ ਵਿਚਲੀ ਔਰਤ ਪਾਤਰ ਆਪਣੇ ਭਰਾ ਦੇ ਨਾਲ ਹੀ ਸਰੀਰਕ ਸੰਬੰਧ ਸਥਾਪਿਤ ਕਰਨ ਵੱਲ ਉਲਾਰ ਨਜ਼ਰ ਆ ਰਹੀ ਹੈ। ਕਮਜ਼ੋਰ ਪਲਾਂ ਤਹਿਤ ਉਸਦਾ ਮਨੋਬਲ ਉਸਨੂੰ ਖ਼ੂਨ ਦੇ ਰਿਸ਼ਤਿਆਂ ਦੀ ਸੀਮਾ ਉਲੰਘਣ ਵੱਲ ਵੀ ਪ੍ਰੇਰਿਤ ਕਰ ਰਿਹਾ ਹੈ। ਅਜਿਹੀ ਔਰਤ ਦਾ ਬਿੰਬ ਉਨ੍ਹਾਂ ਸਮੂਹ ਔਰਤਾਂ ਦੀ ਪ੍ਰਤੀਨਿੱਧਤਾ ਕਰ ਰਿਹਾ ਹੈ, ਜੋ ਆਜ਼ਾਦੀ ਦੀ ਆੜ ਵਿਚ ਉਲਾਰਤਾ ਵੱਲ ਅਗ੍ਰਸਰ ਹਨ। ਇਸ ਉਲਾਰਤਾ ਪਿੱਛੇ ਕਾਰਨ ਚਾਹੇ ਮੀਡੀਆ ਜਾਂ ਮੰਡੀ ਦੀਆਂ ਬਾਜ਼ਾਰੂ ਨੀਤੀਆਂ ਵਿਚ ਦਰਕਾਰ ਹੈ। ਮੰਡੀ ਯੁੱਗ ਸਾਡੇ ਸਾਹਮਣੇ 'Beauty', 'Modernity' ਜਾਂ 'growth' ਦਾ ਅਜਿਹਾ ਮਾਡਲ ਪੇਸ਼ ਕਰ ਰਿਹਾ ਹੈ ਜੋ ਵਧੇਰੇ ਰੂਪ ਵਿਚ ਉਕਸਾਊ ਤੇ ਭੜਕਾਊ ਰੁਚੀਆਂ ਪੈਦਾ ਕਰਨ ਵੱਲ ਹੀ ਸੇਧਿਤ ਹੈ। ਸਵਾਲ ਇਥੇ ਕਹਾਣੀਕਾਰ ਵੱਲ ਵੀ ਉੱਠ ਰਿਹਾ ਹੈ ਕਿ ਕੀ ਅੱਜ ਦੀ ਕਹਾਣੀ ਅੱਜ ਦੇ ਸਮੇਂ ਦਾ ਸੱਚ ਪੇਸ਼ ਕਰ ਰਹੀ ਹੈ ਜਾਂ ਸਮੇਂ ਨੂੰ ਵਧੇਰੇ ਕਰੂਪ ਬਨਾਉਣ ਦਾ ਆਹਰ ਵਿਚ ਪਈ ਹੈ? ਕਹਾਣੀਆਂ ਦਰਮਿਆਨ ਵਰਤੀ ਜਾਂਦੀ ਭੱਦੀ ਸ਼ਬਦਾਵਲੀ ਅਤੇ ਅਸ਼ਲੀਲ ਚਿੱਤਰ ਖਿੱਚਣ ਦਾ ਰੁਝਾਣ ਅੱਜ ਦੇ ਪਾਠਕ ਨੂੰ ਭਰਮਾ ਰਿਹਾ ਹੈ ਜਾਂ ਸੇਧ ਦੇ ਰਿਹਾ ਹੈ?

ਕਹਾਣੀਕਾਰ ਜਿੰਦਰ ਦੀਆਂ ਬਹੁਤੀਆਂ ਕਹਾਣੀਆਂ ਵਿਚਕਾਰ ਔਰਤ 'ਕਾਮ' ਦੇ ਜ਼ਾਵੀਏ ਤੋਂ ਰੂਪਮਾਨ ਹੋਈ ਮਿਲਦੀ ਹੈ। ਵੇਖਣ ਵਿਚ ਆ ਰਿਹਾ ਹੈ ਕਿ ਅੱਜ ਦੇ ਸਮੇਂ ਜਾਂ ਸਮਕਾਲੀ ਕਹਾਣੀ ਵਿਚ ਪੇਸ਼ ਹੋ ਰਹੀ ਔਰਤ ਜ਼ਿਆਦਾਤਰ ਕਾਮ ਸੰਦਰਭ, ਜਾਂ ਵਿਆਹ ਬਾਹਰੀ ਸੰਬੰਧ ਦੇ ਪਰਿਪੇਖ ਤੋਂ ਵਧੇਰੇ ਪੇਸ਼ ਹੋ ਰਹੀ ਹੈ। ਅਜਿਹਾ ਰੁਝਾਣ ਕਿਤੇ ਨਾ ਕਿਤੇ ਔਰਤ ਨੂੰ ਮਹਿਜ਼ 'ਸਵਾਦ ਦੀ ਵਸਤ' ਬਣਾ ਕੇ ਪੇਸ਼ ਕਰਨ ਵੱਲ ਉਲਾਰ ਵੀ ਪ੍ਰਤੀਤ ਹੁੰਦਾ ਹੈ।

ਵਰਤਮਾਨ ਕਹਾਣੀਕਾਰਾਂ ਵਿਚਕਾਰ ਵੀ ਕੁਝ ਇਕ ਨਾਮ ਅਜਿਹੇ ਮੌਜੂਦ ਹਨ, ਜਿਨ੍ਹਾਂ ਦਾ ਮਕਸਦ ਕੇਵਲ ਪੇਸ਼ਕਾਰੀ ਤੱਕ ਮਹਿਦੂਦ ਨਹੀਂ ਹੈ, ਬਲਕਿ ਉਨ੍ਹਾਂ ਦਾ ਮਨੋਰਥ ਸੇਧਾਤਮਕ ਹੈ। ਅਜਮੇਰ ਸਿੱਧੂ ਦੀਆਂ ਕਹਾਣੀਆਂ 'ਇਕਬਾਲ ਹੁਸੈਨ ਮੋਇਆ ਨਹੀਂ' ਅਤੇ 'ਗੜ੍ਹੀ ਪਠਾਣਾਂ' ਵਿਚਲੀਆਂ ਮੁੱਖ ਪਾਤਰਾਂ ਆਪਣੇ ਨਾਲ ਹੋਈ ਵਧੀਕੀ ਦਾ ਮੁੜਵੇਂ ਰੂਪ ਵਿਚ ਬਦਲਾ ਲੈ ਸਕਣ ਵਿਚ ਸਮਰੱਥ ਵੀ ਹਨ ਅਤੇ ਆਪਣੇ ਸ੍ਵੈ-ਮਾਣ ਪ੍ਰਤੀ ਚੇਤਨ ਵੀ ਹਨ। ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਦੀਆਂ ਕਹਾਣੀਆਂ 'ਯੁੱਧ ਖੇਤਰ' ਅਤੇ 'ਖੰਡੇ ਦੀ ਧਾਰ' ਅਜਿਹੀਆਂ ਹੀ ਕਹਾਣੀਆਂ ਹਨ ਜਿਨ੍ਹਾਂ ਦਰਮਿਆਨ ਔਰਤ ਦਾ ਬਿੰਬ ਦਲੇਰ, ਵਿਚਾਰਧਾਰਕ ਪ੍ਰਤਿਬੱਧ ਤੇ ਚੇਤੰਨ ਹੈ। ਕਹਾਣੀ 'ਖੰਡੇ ਦੀ ਧਾਰ' ਵਿਚਲੀ ਪਾਤਰ ਸੂਰਤ ਸਥਾਪਿਤ ਪ੍ਰਤਿਮਾਨਾਂ ਦੀ ਨੁਕਤਾਚੀਨੀ ਕਰਦੀ ਆਪਣੇ ਹਿਸਾਬ ਨਾਲ ਜ਼ਿੰਦਗੀ ਜਿਊਣ ਵੱਲ ਪ੍ਰੇਰਿਤ ਹੈ। ਉਸਨੂੰ ਸਮਾਜਕ ਪੈਮਾਨਿਆਂ ਦੀ ਅਵੱਗਿਆ ਕਰਨ 'ਤੇ ਸਮਾਜ ਦੇ ਬੇਰੁਖ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ, ਪਰ ਉਸਦੀ ਵਿਚਾਰਧਾਰਕ ਪ੍ਰਤਿਬੱਧਤਾ, ਸਾਰਥਕ ਸੇਧ ਅਤੇ ਉੱਚਾ ਮਨੋਬਲ ਉਸਨੂੰ ਆਪਣੇ ਫੈਸਲੇ 'ਤੇ ਅਟੱਲ ਰਹਿਣ ਦੀ ਹਿੰਮਤ ਵੀ ਦਿੰਦਾ ਹੈ। ਅਜਿਹੀ ਔਰਤ

ਕੇਵਲ 'ਆਦਰਸ਼ਕ' ਜਾਂ 'ਆਗਿਆਪਾਲ' ਬਣਨ ਦੀ ਬਜਾਏ ਸਾਰਥਕਤਾ ਦੀ ਚੋਣ ਕਰ ਸਕਣ ਦੀ ਕਸ਼ਮਕਸ਼ ਵਿਚ ਵੀ ਹੈ ਅਤੇ ਫੈਸਲਾ ਲੈ ਸਕਣ ਦੇ ਪੂਰਨ ਸਮਰੱਥ ਵੀ। ਕਹਾਣੀ 'ਖੰਡੇ ਦੀ ਧਾਰ' ਵਿਚਕਾਰ ਪਾਤਰ ਰਣਜੋਤ ਮਤਰੇਏ ਪਿਓ ਦੁਆਰਾ ਸ਼ੋਸ਼ਿਤ ਹੋ ਕੇ ਵੀ ਆਪਣੇ ਅਸਤਿੱਤਵ ਨੂੰ ਖਿੰਡਣ ਨਹੀਂ ਦਿੰਦੀ, ਬਲਕਿ ਤ੍ਰਾਸਦੀ ਵਿਚੋਂ ਹੀ ਰਾਹ ਲੱਭ ਸਕਣ ਦੀ ਹਿੰਮਤ ਨਾਲ ਓਤਪੋਤ ਹੈ। ਅਜਿਹੀ ਔਰਤ ਉਨ੍ਹਾਂ ਸਭ ਔਰਤਾਂ ਦੀ ਪ੍ਰਤੀਨਿਧ ਬਣ ਕੇ ਉੱਭਰਦੀ ਹੈ ਜੋ ਸਮਾਜ ਜਾਂ ਮਰਦ ਦੀਆਂ ਵਧੀਕੀਆਂ ਅੱਗੇ ਗੋਡੇ ਟੇਕਦੀਆਂ ਜ਼ਿੰਦਗੀ ਤੋਂ ਹਾਰ ਮੰਨ ਕੇ ਬਹਿ ਜਾਂਦੀਆਂ ਹਨ। ਵਰਤਮਾਨ ਕਹਾਣੀ ਨਾਰੀ ਸਥਿਤੀ ਅਤੇ ਨਾਰੀ ਮਨੋਸਥਿਤੀ ਵਿਚਕਾਰ ਵਾਪਰਦੇ ਫੇਰ-ਬਦਲ (ਨਿਰਾਰਥਕ-ਸਾਰਥਕ) ਨੂੰ ਸਮਝਣ ਵੱਲ ਅਹੁਲਦੀ ਨਜ਼ਰ ਆ ਰਹੀ ਹੈ, ਭਾਵੇਂ ਕਿ ਬਹੁ-ਗਿਣਤੀ ਦੀਆਂ ਕਹਾਣੀਆਂ ਵਿਚਕਾਰ ਔਰਤ ਦਾ ਬਿੰਬ ਕਾਮ ਮੂਲਕ ਹੀ ਪੇਸ਼ ਕੀਤਾ ਜਾ ਰਿਹਾ ਹੈ, ਲੇਕਿਨ ਚੁਨਿੰਦਾ ਕਹਾਣੀਆਂ ਵਿਚੋਂ ਔਰਤ ਲਈ ਸਹੀ ਮਾਰਗ ਦਰਸ਼ਨ ਦੀ ਟੋਹ ਵੀ ਪੂਰਨ ਤੌਰ 'ਤੇ ਮਿਲ ਰਹੀ ਹੈ।


ਜਤਿੰਦਰ ਹਾਂਸ ਦੀ ਕਹਾਣੀ ਹੈ 'ਲੁਤਰੋ'। ਇਸ ਵਿਚ ਔਰਤ ਪਾਤਰ ਕੰਮੋ ਸ਼ਰਾਬੀ ਪਤੀ ਦੇ ਸਾਥ ਨੂੰ ਨਕਾਰਦੀ ਆਪਣੇ ਪੇਕੇ ਵਾਪਿਸ ਆ ਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਆਪਣੇ ਸਿਰ 'ਤੇ ਕਰਦੀ ਹੈ। ਉਹ ਮਮਤਾ ਤੇ ਪਤਨੀ ਧਰਮ ਨੂੰ ਰਲਗੱਡ ਨਹੀਂ ਹੋਣ ਦਿੰਦੀ, ਬਲਕਿ ਪਤੀ ਦੇ ਗੈਰ-ਮੌਜੂਦਗੀ ਵਿਚ ਵੀ ਜ਼ਿੰਦਗੀ ਨਾਲ ਜੂਝਦੀ ਆਪਣੀ ਸੰਤਾਨ ਦਾ ਭਵਿੱਖ ਰੁਸ਼ਨਾਉਣ ਵੱਲ ਪ੍ਰੇਰਿਤ ਰਹਿੰਦੀ ਹੈ।

ਇਸ ਤਰ੍ਹਾਂ ਕਥਾ ਬਿਰਤਾਂਤ ਵਿਚਕਾਰ ਨਾਰੀ ਦੀ ਪੇਸ਼ਕਾਰੀ ਦਾ ਮਾਡਲ ਸਮੇਂ-ਸਮੇਂ ਪਰਿਵਰਤਨ ਦੀ ਕੰਨਸੋਅ ਦਿੰਦਾ ਰਿਹਾ ਹੈ ਅਤੇ ਨਿਰੰਤਰ ਜਾਰੀ ਵੀ ਹੈ। ਇਸ ਪੇਸ਼ਕਾਰੀ ਵਿਚੋਂ ਔਰਤ ਕਦੇ ਆਦਰਸ਼ਕ ਬਣਨ ਵੱਲ ਉਲਾਰ ਨਜ਼ਰ ਆਉਂਦੀ ਹੈ, ਕਦੇ ਮਰਦ ਬਣ ਕੇ ਵਿਚਰਨ ਵੱਲ ਪ੍ਰੇਰਿਤ ਨਜ਼ਰ ਆਉਂਦੀ ਹੈ, ਕਦੇ ਆਜ਼ਾਦੀ ਦੀ ਆੜ ਵਿਚ ਨਿਘਾਰ ਵੱਲ ਵੀ ਵੱਧਦੀ ਦਿੱਸਦੀ ਹੈ ਤੇ ਕਦੇ ਚੇਤਨਤਾ ਵੱਲ ਅਹੁਲਦੀ ਸਵਾਲ ਖੜ੍ਹੇ ਕਰ ਸਕਣ ਦੀ ਸ਼ਮਤਾ ਹਾਸਲ ਕਰਨ ਵੱਲ ਪ੍ਰੇਰਿਤ ਰਹਿੰਦੀ ਹੈ। ਇੰਜ ਕਰਦਿਆਂ ਨਾਰੀ ਵਿਕਾਸ ਵਿਚ ਅਨੇਕਾਂ ਮੋੜ ਆਉਂਦੇ ਹਨ। ਪਰ ਇੱਥੇ ਇਕ ਗੱਲ ਕੋਡ ਕਰਨੀ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਬੇਸ਼ੱਕ ਮੰਡੀ ਸਮਾਜ ਨੇ ਔਰਤ ਕੋਣ ਤੋਂ ਅਨੇਕ ਨਵੇਂ ਜ਼ਾਵੀਏ ਪੈਦਾ ਕੀਤੇ ਹਨ, ਪਰ ਸਾਹਿਤ ਦਾ ਮਨੋਰਥ ਹਮੇਸ਼ਾ ਤੋਂ ਹੀ ਸੇਧਾਤਮਕ ਰਹਿਣਾ ਚਾਹੀਦਾ ਹੈ, ਤਰੀਕਾ ਪ੍ਰਤੱਖ-ਅਪ੍ਰਤੱਖ ਕੋਈ ਵੀ ਹੋ ਸਕਦਾ ਹੈ। ਵੇਖਣ ਵਿਚ ਇਹ ਆ ਰਿਹਾ ਹੈ ਕਿ ਵਰਤਮਾਨ ਸਮੇਂ ਲਿਖੀ ਜਾਣ ਵਾਲੀ ਬਹੁਤੀ ਕਹਾਣੀ ਔਰਤ ਨੂੰ ਕੇਵਲ ਇਕੋ ਵਿਸ਼ੇ ਤੱਕ ਸੀਮਿਤ ਕਰ ਰਹੀ ਹੈ। ਜਦ ਕਿ ਸੱਚ ਦੇ ਤਾਂ ਅਨੇਕਾਂ ਰੂਪ ਹੁੰਦੇ ਹਨ। ਸਾਹਿਤ ਕੇਵਲ ਪੇਸ਼ਕਾਰੀ ਤੱਕ ਸੀਮਿਤ ਨਹੀਂ ਹੁੰਦਾ। ਜ਼ਿਹਨੀ ਉਲਾਰਤਾ ਜਾਂ ਕਮਜ਼ੋਰ ਮਨੋਬਲ ਤਹਿਤ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜਸਟੀਫਿਕੇਸ਼ਨ (Justification) ਦੇਣ ਨਾਲੋਂ ਵਧੇਰੇ ਲੋੜ ਸਾਰਥਕ-ਨਿਰਾਰਥਕ ਦੀ ਚੋਣ ਕਰ ਸਕਣ ਦੀ ਸਮਝ ਪ੍ਰਦਾਨ ਕਰਨ ਵਿਚ ਨਿਹਿਤ ਹੋਣੀ ਚਾਹੀਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼** (**ਭਾਗ ਤੀਸਰਾ**), ਇਸਤਰੀ ਲੇਖਕ, ਪੰਨਾ 16
2. ਵੀ.ਆਈ.ਲੈਨਿਨ, **ਔਰਤਾਂ ਦੀ ਬੰਦ ਖਲਾਸੀ ਬਾਰੇ**, ਪੰਨਾ-111
3. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼** (**ਭਾਗ ਤੀਸਰਾ**), ਇਸਤਰੀ ਲੇਖਕ, ਪੰਨਾ 46
4. ਸੀਮੋਨ, **The Second Sex**, P-69
5. ਅੰਮ੍ਰਿਤਾ ਪ੍ਰੀਤਮ, **ਮਿੱਟੀ ਦੀ ਜਾਤ**, ਪੰਨਾ 99.
6. ਕੁਲਵੰਤ ਸਿੰਘ ਵਿਰਕ, **ਮੇਰੀਆਂ ਸ੍ਰੇਸ਼ਟ ਕਹਾਣੀਆਂ**, ਪੰਨਾ-429-30.
7. **ओशेए नारी और क्रांतिए पृ 35**
8. ਵੀਨਾ ਵਰਮਾ, **ਫਰੰਗੀਆਂ ਦੀ ਨੂੰਹ**, ਪੰਨਾ-267
9. ਡਾ. ਹਰਚੰਦ ਸਿੰਘ ਬੇਦੀ, **ਔਰਤਾਂ ਦੀਆਂ ਕਹਾਣੀਆਂ ਹਿੰਦ-ਪਾਕਿ ਪੰਜਾਬੀ ਕਹਾਣੀ** (**ਭਾਗ-ਦੂਜਾ**), ਪੰਨਾ-14.

◈



ਸੰਵਾਦ–15 (ਜਨਵਰੀ–ਜੂਨ 2022) ISSN : 2395-1273 **www.sanvad.org**

# ਪੰਜਾਬੀ ਸੂਬਾ ਅਤੇ ਪੰਜਾਬੀ ਸਾਹਿਤ

ਪੰਜਾਬ ਦੇ ਇਤਿਹਾਸ ਦੀਆਂ ਪਰਤਾਂ ਬੜੀਆਂ ਡੂੰਘੀਆਂ ਹਨ। ਪੰਜਾਬ ਹੜੱਪਾ ਤੋਂ ਲੈ ਕੇ ਇੱਕੀਵੀਂ ਸਦੀ ਤਕ ਪਰਤ ਦਰ ਪਰਤ ਬਣਦਾ, ਬਿਨਸਦਾ, ਛਿੱਲਿਆ, ਤਰਾਸ਼ਿਆ ਜਾਂਦਾ ਰਿਹਾ ਹੈ ਪਰ ਇਹ ਹਰ ਵਾਰ ਚੰਗੇ ਭਲਵਾਨ ਵਾਂਗ ਪਿੰਡੇ ਤੋਂ ਮਿੱਟੀ ਝਾੜ ਕੇ ਮੁੜ ਉਠਦਾ, ਗਰਜਦਾ ਤੇ ਜੇਤੂ ਨਿਸ਼ਾਨ ਬਣਾਉਂਦਾ ਹੈ। ਇਸੇ ਲਈ ਪੰਜਾਬੀ ਸਾਹਿਤ, ਕ੍ਰਮਵਾਰ ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ, ਵਿਚ ਉਪਰੋਕਤ ਦੋਹਾਂ ਸਥਿਤੀਆਂ ਦੇ ਪ੍ਰਮਾਣ ਮਿਲਦੇ ਹਨ। ਲਿਹਾਜ਼ਾ ਇਕ ਪਾਸੇ ਪੰਜਾਬ ਪਰਤ-ਦਰ-ਪਰਤ ਵੰਡੇ ਜਾਣ ਅਤੇ ਹੋਰ ਵੰਡੇ ਜਾਣ ਦੀਆਂ ਸੰਭਾਵਨਾਵਾਂ ਦੇ ਡਰ ਅਤੇ ਸਹਿਮ ਦੇ ਰੂਬਰੂ ਹੁੰਦਾ ਹੈ :

*ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ*
*ਅੱਜ ਕਿਤਾਬ-ਏ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ*
*ਇਕ ਰੋਈ ਸੀ ਧੀ ਪੰਜਾਬ ਦੀ ਨੂੰ ਲਿਖ ਲਿਖੇ ਮਾਰੇ ਵੈਣ*
*ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ*
*ਵੇ ਦਰਦਮੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ*
*ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ*

ਅੰਮ੍ਰਿਤਾ ਪ੍ਰੀਤਮ

◆

*ਪਹਿਲਾਂ ਵਾਰਿਸ ਸ਼ਾਹ ਨੂੰ ਵੰਡਿਆ ਸੀ*
*ਹੁਣ ਸ਼ਿਵ ਕੁਮਾਰ ਦੀ ਵਾਰੀ ਏ*
*ਉਹ ਜ਼ਖ਼ਮ ਤੁਹਾਨੂੰ ਭੁੱਲ ਵੀ ਗਏ*
*ਜੋ ਨਵਿਆਂ ਦੀ ਫੇਰ ਤਿਆਰੀ ਏ*

◆


*ਲੱਗੀ ਨਜ਼ਰ ਪੰਜਾਬ ਨੂੰ*
*ਏਹਦੀ ਨਜ਼ਰ ਉਤਾਰੋ*
*ਲੈ ਕੇ ਮਿਰਚਾਂ ਕੌੜੀਆਂ*
*ਇਹਦੇ ਸਿਰ ਤੋਂ ਵਾਰੋ*

ਸੁਰਜੀਤ ਪਾਤਰ

◆

*ਪੰਜਾਬ ਨਾ ਸੀਮਾ ਨਾ ਅਸੀਮ*
*ਪੰਜਾਬ ਤਕਸੀਮ-ਦਰ-ਤਕਸੀਮ*

ਕੁਲਵੰਤ ਗਰੇਵਾਲ



**ਪ੍ਰੋ. (ਡਾ.) ਸਤੀਸ਼ ਕੁਮਾਰ ਵਰਮਾ**
ਸਾਬਕਾ ਮੁਖੀ ਤੇ ਡੀਨ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
99157-06407
v.skverma@yahoo.com

ਦੂਜੇ ਪਾਸੇ ਹਰ ਪ੍ਰਕਾਰ ਦੀਆਂ ਵਿਕਟ ਪਰਿਸਥਿਤੀਆਂ ਵਿਚ ਵੀ

ਭੂਗੋਲਿਕ, ਸਮਾਜਕ, ਆਰਥਿਕ, ਰਾਜਨੀਤਕ, ਸਭਿਆਚਾਰਕ, ਸਦਾਚਾਰਕ ਤੇ ਰੂਹਾਨੀ ਪੱਖ ਤੋਂ 'ਪੰਜਾਬ' ਦੇ ਹਮੇਸ਼ਾਂ 'ਅਡਿਗ' ਰਹਿਣ ਦੀ ਬਾਤ ਵੀ ਬਾਤ-ਦਰ-ਬਾਤ ਪੈਂਦੀ ਰਹੀ ਹੈ :

*ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ* ਲੋਕ ਵਾਕ

◆

*ਪੰਜਾਬ ! ਕਰਾਂ ਕੀ ਸਿਫਤ ਤਿਰੀ, ਸ਼ਾਨਾਂ ਦੇ ਸਭ ਸਾਮਾਨ ਤਿਰੇ,*
*ਜਲ-ਪੌਣ-ਤਿਰਾ, ਹਰਿਐਲ ਤਿਰੀ, ਦਰਯਾ, ਪਰਬਤ, ਮੈਦਾਨ ਤਿਰੇ*
*ਭਾਰਤ ਦੇ ਸਿਰ ਤੇ ਛਤ੍ਰ ਤਿਰਾ, ਤੇਰੇ ਸਿਰ ਛਤ੍ਰ ਹਿਮਾਲਾ ਦਾ*
*ਮੋਢੇ ਤੇ ਚਾਦਰ ਬਰਫਾਂ ਦੀ, ਸੀਨੇ ਵਿਚ ਸੇਕ ਜੁਆਲਾ ਦਾ।*
*ਖੱਬੇ ਹੱਥ ਬਰਛੀ ਜਮਨਾ ਦੀ, ਸੱਜੇ ਹਥ ਖੜਗ ਅਟਕ ਦਾ ਹੈ,*
*ਪਿਛਵਾੜੇ ਬੰਦ ਚਿਟਾਨਾਂ ਦਾ, ਕੋਈ ਵੈਰੀ ਤੋੜ ਨਾ ਸਕਦਾ ਹੈ।*
*ਅਰਸ਼ੀ ਬਰਕਤ ਰੂੰ ਵਾਂਗ ਉਤਰ, ਚਾਂਦੀ ਦੇ ਢੇਰ ਲਗਾਂਦੀ ਹੈ,*
*ਚਾਂਦੀ ਢਲ ਕੇ ਵਿਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।* ਧਨੀ ਰਾਮ ਚਾਤ੍ਰਿਕ

◆

*ਰਾਵੀ ਸੋਹਣੀ ਪਈ ਵਗਦੀ !!*
*ਮੈਨੂੰ ਸਤਲੁਜ ਪਿਆਰਾ ਹੈ,*
*ਮੈਨੂੰ ਬਿਆਸ ਪਈ ਖਿੱਚਦੀ,*
*ਮੈਨੂੰ ਝਨਾਂ ਵਾਜਾਂ ਮਾਰਦੀ,*
*ਮੈਨੂੰ ਜਿਹਲਮ ਪਿਆਰਦਾ,*
*ਅਟਕਾਂ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ ਤੇ ਵੱਜਦੀ।*
*ਖਾੜ ਖਾੜ ਚੱਲਣ ਵਿਚ ਮੇਰੇ ਸੁਫਨਿਆਂ,*
*ਪੰਜਾਬ ਦੇ ਦਰਿਆ,*
*ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,*
*ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਿਆਰਦੇ !* ਪ੍ਰੋ. ਪੂਰਨ ਸਿੰਘ

◆

*ਸੋਹਣੇ ਦੇਸ਼ਾਂ ਵਿਚੋਂ ਪੰਜਾਬ ਨੀ ਸਈਓ*
*ਜਿਉਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ।* ਫਿਰੋਜ਼ਦੀਨ ਸ਼ਰਫ਼

◆

*ਭਾਰਤ ਹੈ ਵਾਂਗ ਮੁੰਦਰੀ*
*ਵਿਚ ਨਗ ਪੰਜਾਬ ਦਾ* ਪ੍ਰੋ. ਮੋਹਨ ਸਿੰਘ

◆

*ਇਹਦਾ ਰੰਗ ਸੰਧੂਰੀ ਏ*
*ਇਹ ਗੋਰੀ ਚਿਟੀ ਏ*
*ਇਹ ਨੂੰ ਮੈਲੀ ਨਾ ਕਰਨਾ*
*ਮੇਰੇ ਪੰਜਾਬ ਦੀ ਮਿੱਟੀ ਏ* ਸਰਦਾਰ ਅੰਜੁਮ

◆

*ਇਕ ਪੰਜਾਬ ਮੇਰੇ ਅੰਦਰ ਵੱਸੇ*
*ਇਕ ਪੰਜਾਬ ਮੇਰੇ ਬਾਹਰ*

*ਜਿਥੋਂ ਮਰਜ਼ੀ ਡੱਕੋ ਮੈਨੂੰ*
*ਮੇਰੀ ਦੋਵੇਂ ਪਾਸੇ ਠਾਹਰ*

ਸਤੀਸ਼ ਕੁਮਾਰ ਵਰਮਾ

ਇਸੇ ਲਈ 'ਪੰਜਾਬ ਦੀ ਹੋਣੀ' ਅਸਲ ਵਿਚ 'ਪੰਜਾਬ ਦਾ ਹੋਣਾ' ਹੀ ਹੈ। ਇਹ 'ਹੋਣ' ਅਤੇ 'ਹੋਂਦ' (Being and Existence) ਦੀ ਮੁਸਲਸਲ ਜੰਗ ਹੈ ਜਿਸ ਵਿਚ ਨਾ 'ਹੋਣਾ' ਮਿਟਦਾ ਹੈ ਤੇ ਨਾ 'ਹੋਂਦ' ਮਿਟਦੀ ਹੈ। ਇਸੇ ਲਈ 'ਹੋਣੀਆਂ' ਕਦੇ ਵੀ ਪੰਜਾਬ ਦੇ 'ਹੋਣ' ਅਤੇ ਪੰਜਾਬ ਦੀ 'ਹੋਂਦ' ਨੂੰ ਨਹੀਂ ਮਿਟਾ ਸਕਦੀਆਂ। ਇਹ ਭਾਵੇਂ ਅਤੀਤ ਵਿਚ ਕ੍ਰਮਵਾਰ 'ਮੁਗਲ ਸਾਮਰਾਜ' ਅਤੇ 'ਬ੍ਰਿਟਿਸ਼ ਸਾਮਰਾਜ' ਦੇ ਗ਼ਲਬੇ ਹੋਣ, ਦੇਸ਼ ਦੀ ਵੰਡ ਹੋਵੇ, ਪੰਜਾਬ ਸੰਕਟ ਦਾ ਦੌਰ ਹੋਵੇ ਜਾਂ ਵਰਤਮਾਨ ਵਿਚ ਵਿਸ਼ਵੀਕਰਣ ਦੀ ਨੇਰ੍ਹੀ ਹੋਵੇ। ਪੰਜਾਬ ਨੇ ਹਮੇਸ਼ਾ ਇਤਿਹਾਸ ਨਾਲ 'ਦਸਤਪੰਜਾ' ਲੈਣਾ ਮਿਥਿਆ ਹੈ ਅਤੇ ਪੰਜਾਬੀ ਲੇਖਕਾਂ ਦੇ 'ਦਸਤ' ਵਿਚ ਹਮੇਸ਼ਾ ਕਲਮ ਰਹੀ ਹੈ ਜਿਸ ਨੇ ਮਾਂ ਬੋਲੀ 'ਪੰਜਾਬੀ' ਦੀ ਤਾਕਤ ਨਾਲ 'ਪੰਜਾਬ' ਨੂੰ ਗਾਉਂਦਿਆਂ ਹੋਇਆਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਤਿਕੜੀ ਨੂੰ ਹਮੇਸ਼ਾ ਕਾਇਮ ਦਾਇਮ ਰਖਿਆ ਹੈ। ਇਉਂ 'ਕੱਲ੍ਹ, ਅੱਜ ਤੇ ਭਲਕ' ਦੀ ਕਾਲ-ਤਿਕੜੀ, 'ਧਰਤ, ਪਾਤਾਲ ਤੇ ਅੰਬਰ' ਦੀ ਭੂਗੋਲਿਕ-ਤਿਕੜੀ, 'ਬਚਪਨ, ਜਵਾਨੀ ਤੇ ਬੁਢਾਪੇ' ਦੀ ਜੀਵਨ-ਤਿਕੜੀ, 'ਬ੍ਰਹਮਾ, ਵਿਸ਼ਨੂੰ, ਮਹੇਸ਼' ਦੀ ਸੰਚਾਲਕ-ਤਿਕੜੀ ਵਾਂਗ ਇਸ ਗਲੋਬ ਉਤੇ 'ਪੰਜਾਬ, ਪੰਜਾਬੀ ਤੇ ਪੰਜਾਬੀਅਤ' ਦੀ ਤਿਕੜੀ ਸਦ-ਵਿਦਮਾਨ, ਸਦ-ਸੋਭਾਇਮਾਨ ਤੇ ਸਦ-ਗੌਰਵਮਾਨ ਦੀ ਤਿਕੜੀ ਵਜੋਂ ਵਧਦੀ ਰਹੀ ਹੈ ਅਤੇ ਵਧਦੀ ਰਹੇਗੀ ਜਿਸ ਦੇ ਸਟੀਕ ਪ੍ਰਮਾਣ ਪੰਜਾਬੀ ਸਾਹਿਤ ਦੇ ਨਿਰੰਤਰ ਵਿਕਾਸ ਦੇ ਦੌਰਾਨ ਮਿਲੇ ਹਨ ਅਤੇ ਭਵਿਖ ਵਿਚ ਮਿਲਦੇ ਰਹਿਣਗੇ।

ਉਪਰੋਕਤ ਦੀ ਲੋਅ ਵਿਚ ਹੀ ਪੰਜਾਬੀ ਸੂਬੇ ਦੇ ਪਿਛਲੇ ਸਾਢੇ ਪੰਜ ਦਹਾਕਿਆਂ (1966-2021) ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਦਾ ਵਿਕਾਸ ਵੇਖਣਾ ਬਣਦਾ ਹੈ। ਪੰਜਾਬੀ ਸੂਬਾ 1966 ਵਿਚ ਹੋਂਦਸ਼ੀਲ ਹੋਇਆ। ਇਸ ਦੇ ਬਣਨ ਦੀ ਇਤਿਹਾਸਕ ਅਤੇ ਰਾਜਸੀ ਵਿਆਖਿਆ ਲਈ ਆਧਾਰ ਤੋਂ ਲੈ ਕੇ ਉਸਾਰ ਤਕ ਅਤੇ ਉਸਾਰ ਤੋਂ ਲੈ ਕੇ ਪਾਸਾਰ ਤਕ ਅਨੇਕ ਭਾਂਤੀ ਦ੍ਰਿਸ਼, ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਕਾਰਜਸ਼ੀਲ ਹੋ ਸਕਦੇ ਹਨ। ਇਸ ਸੰਬੰਧੀ ਇਕ ਤੋਂ ਵੱਧ ਕਿਤਾਬਾਂ ਵੀ ਪ੍ਰਾਪਤ ਹਨ। ਅਕਸਰ ਇਸ ਨੂੰ ਕੀ ਖੱਟਿਆ ਤੇ ਕੀ ਗੁਆਇਆ ਦੇ ਪ੍ਰਸੰਗ ਵਿਚ ਵਾਚਿਆ ਜਾਂਦਾ ਹੈ। ਬਿਨਾ ਸ਼ੱਕ ਪੰਜਾਬੀ ਸੂਬੇ ਦੀ ਸਥਾਪਨਾ ਇਕ ਇਤਿਹਾਸਕ ਵਿੱਢ (dent) ਸੀ ਜਿਸ ਦੇ ਆਰ-ਪਾਰ ਵੇਖਣਾ ਜ਼ਰੂਰੀ ਹੈ। 14 ਅਗਸਤ 1947 ਨੂੰ ਪਾਕਿਸਤਾਨ ਬਣਿਆ, 15 ਅਗਸਤ 1947 ਨੂੰ ਭਾਰਤ ਦੇਸ਼ ਆਜ਼ਾਦ ਹੋਇਆ ਤੇ ਧਰਮ ਦੇ ਨਾਂ 'ਤੇ ਹੋਏ ਵਟਾਂਦਰੇ ਵਿਚ 10 ਲੱਖ ਪੰਜਾਬੀ ਮਾਰੇ ਗਏ। ਮੁੜ 1 ਨਵੰਬਰ 1966 ਨੂੰ ਪੰਜਾਬ ਦੀ ਪੁਨਰ-ਵੰਡ ਹੋਈ ਅਤੇ ਆਪਣੇ ਦੇਸ਼ ਦੇ ਅੰਦਰ ਹੀ ਸੂਬਿਆਂ ਦਾ ਪੁਨਰ-ਗਠਨ ਹੋਇਆ। ਇਥੇ ਦੇਸ਼ ਵੰਡ ਵਾਂਗ ਕੋਈ ਵਸੋਂ ਦਾ ਵਟਾਂਦਰਾ ਤਾਂ ਭਾਵੇਂ ਨਹੀਂ ਹੋਇਆ ਪਰ ਭਾਸ਼ਾਵਾਂ ਦੇ ਆਧਾਰ ਤੇ ਸੂਬਿਆਂ ਦੇ ਪੁਨਰ-ਗਠਨ ਦੇ ਤਰਕ ਦੇ ਬਾਵਜੂਦ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਰਹਿ ਜਾਣ ਕਰਕੇ ਪੰਜਾਬੀ ਭਾਸ਼ਾ ਨੂੰ ਸੁੰਗੇੜਨ ਦੇ ਯਤਨ ਜ਼ਰੂਰ ਹੋਏ। ਦੂਜੇ ਪਾਸੇ ਪੁਨਰ-ਗਠਨ ਉਪਰੰਤ ਬਣੇ ਨਵ-ਪੰਜਾਬ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮਾਹੌਲ ਲਈ ਰਾਹ ਮੋਕਲਾ ਹੋਇਆ ਅਤੇ ਇਕ ਭਰਵਾਂ ਦ੍ਰਿਸ਼ ਉਭਰਨ ਲੱਗਾ ਜਿਸ ਨੂੰ ਇਸ ਲੇਖ ਦੇ ਮੁਢ ਵਿਚਲੀ ਸਥਾਪਨਾ ਦੀ ਲੋਅ ਵਿਚ 'ਬਿਨਸਣ ਤੇ ਵਿਗਸਣ' ਦੇ ਸਮੀਕਰਣਾਂ ਰਾਹੀਂ ਵਾਚਿਆ ਜਾ ਸਕਦਾ ਹੈ। ਇਸ ਨਵ-ਗਠਿਤ ਸੂਬੇ ਭਾਵ ਨਵ-ਪੰਜਾਬ, ਜਿਸ ਦੀ 2016 ਵਿਚ ਗੋਲਡਨ ਜੁਬਲੀ ਵੀ ਮਨਾਈ ਗਈ, ਦੀ ਅੱਧੀ ਤੋਂ ਪੰਜ ਵਰ੍ਹੇ ਵੱਧ ਸਦੀ ਉਮਰ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਜਿੰਨੀ ਜ਼ਮੀਨ ਮਿਲੀ ਹੈ। ਉਹ ਪਹਿਲੀਆਂ ਕਈ ਸਦੀਆਂ ਵਿਚ ਨਹੀਂ ਮਿਲੀ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਪੰਜਾਬੀ ਸੂਬੇ ਵਾਲੇ 'ਪੰਜਾਬ' ਦੀ 'ਭੂਗੋਲਿਕ' ਤੌਰ 'ਤੇ 'ਜ਼ਮੀਨ' ਥੋੜ੍ਹੀ ਹੈ ਜੋ 22 ਜ਼ਿਲਿਆਂ ਤਕ ਸੀਮਤ ਹੈ। ਲੇਕਿਨ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਉਡਾਨ ਲਈ ਇਹ ਸੀਮਤ ਜ਼ਮੀਨ 'ਅੰਬਰਾਂ ਤਕ ਫੈਲਣ' ਦੇ ਸਮਰੱਥ ਹੈ ਜਿਸ ਦੇ ਸਿੱਟੇ ਵਜੋਂ ਪਿਛਲੇ ਪਚਵੰਜਾ ਸਾਲਾਂ (1966-2021) ਦੌਰਾਨ ਪੰਜਾਬ ਦੀ ਇਸ ਭੂਗੋਲਿਕ 'ਜ਼ਮੀਨ' ਤੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪਾਸਾਰ ਪੂਰੇ ਵਿਸ਼ਵ ਵਿਚ ਫੈਲ ਚੁੱਕੇ ਹਨ। ਇਸੇ ਭਰਵੀਂ ਸਥਿਤੀ ਵਿਚ ਹੀ ਪੰਜਾਬੀ ਸਾਹਿਤ ਦਾ ਵਿਕਾਸ ਵੀ ਅਰਥਵਾਨ ਹੈ ਜਿਸਦਾ ਮੁਲਾਂਕਣ ਕਰਨਾ ਬਣਦਾ ਹੈ।

ਪੰਜਾਬੀ ਸੂਬੇ ਦੇ ਪਿਛਲੇ ਪਚਵੰਜਾ ਸਾਲਾਂ ਦਰਮਿਆਨ ਪੰਜਾਬੀ ਸਾਹਿਤ ਦੇ ਵਿਕਾਸ ਦੇ ਕਈ ਆਧਾਰ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਇਹ ਕਿ ਪੰਜਾਬੀ ਸੂਬੇ ਦੀ ਮੰਗ ਦੌਰਾਨ ਹੀ ਕਿਸੇ ਵੀ

ਭਾਸ਼ਾ ਦੇ ਨਾਂ 'ਤੇ ਬਣੀ ਦੁਨੀਆ ਦੀ ਦੂਸਰੀ ਤੇ ਏਸ਼ੀਆ ਦੀ ਪਹਿਲੀ ਯੂਨੀਵਰਸਿਟੀ ਵਜੋਂ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਹੋਈ ਜਿਸ ਨੇ ਆਪਣੇ 59 ਸਾਲਾਂ ਦੌਰਾਨ ਨਾ ਕੇਵਲ ਬਹੁਵਿਸ਼ਾਈ ਤੇ ਬਹੁਵਿਧਾਈ ਯੂਨੀਵਰਸਿਟੀ ਵਜੋਂ ਸਿਖਰਾਂ ਛੋਹੀਆਂ ਹਨ ਬਲਕਿ ਇਹ ਯੂਨੀਵਰਸਿਟੀ ਪੂਰੇ ਵਿਸ਼ਵ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਇਕ ਹੱਬ (Hub) ਬਣਨ ਵਿਚ ਵੀ ਕਾਮਯਾਬ ਹੋਈ। ਇਥੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਥਾਪਿਤ ਇਕ ਤੋਂ ਵੱਧ ਵਿਭਾਗਾਂ (ਪੰਜਾਬੀ ਵਿਭਾਗ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਭਾਸ਼ਾ ਵਿਗਿਆਨ ਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਤਕਨੀਕੀ ਕੇਂਦਰ, ਪੰਜਾਬੀ ਪੀਡੀਆ ਆਦਿ) ਰਾਹੀਂ ਸਰੋਤ ਸਮੱਗਰੀ ਦੀ ਤਿਆਰੀ ਅਤੇ ਭਾਸ਼ਾ ਨੂੰ ਸਮੇਂ ਦਾ ਹਾਣ ਬਣਾਉਣ ਲਈ ਭਾਸ਼ਾ ਦੇ ਤਕਨੀਕੀ ਵਿਕਾਸ ਦੇ ਕਾਰਜ ਨੇ ਪੰਜਾਬੀ ਭਾਸ਼ਾ ਦੀ ਸਮਰੱਥਾ ਦੀ ਪਛਾਣ ਕਰਵਾਉਣ ਵਿਚ ਯੋਗਦਾਨ ਪਾਇਆ। ਇਸ ਦੇ ਸਮਾਨਾਂਤਰ ਪੰਜਾਬੀ ਸੂਬੇ ਦੇ ਮੋਕਲੇ ਵਿਹੜੇ ਵਿਚ ਪੰਜਾਬੀ ਭਾਸ਼ਾ ਲਈ ਬਣੇ ਮਾਹੌਲ ਨੇ ਲਹਿੰਦੇ ਪੰਜਾਬ ਨੂੰ ਪੰਜਾਬੀ ਭਾਸ਼ਾ ਪ੍ਰਤੀ ਚੇਤਨ ਹੋਣ ਅਤੇ ਪਰਦੇਸਾਂ ਵਿਚ ਵੱਸਦੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦਾ ਕਾਰਜ ਵੀ ਕੀਤਾ ਹੈ। ਜਿਸ ਦਾ ਜ਼ਾਹਿਰਾ ਅਸਰ ਪੰਜਾਬੀ ਸਾਹਿਤ ਉਤੇ ਪਿਆ ਅਤੇ ਪੰਜਾਬੀ ਸਾਹਿਤ ਹੋਰ ਵਿਕਾਸ ਦੇ ਰਾਹ 'ਤੇ ਪਿਆ। ਇਸ ਸਾਹਿਤਕ ਵਿਕਾਸ ਦੇ ਤਿੰਨ ਪਾਸਾਰ ਹਨ :

I. ਭਾਰਤੀ ਪੰਜਾਬੀ ਸਾਹਿਤ
II. ਪਾਕਿਸਤਾਨੀ ਪੰਜਾਬੀ ਸਾਹਿਤ
III. ਪਰਵਾਸੀ ਪੰਜਾਬੀ ਸਾਹਿਤ

ਓਪਰੀ ਨਜ਼ਰੇ ਵੇਖਿਆਂ ਪੰਜਾਬੀ ਸੂਬੇ ਦੀ ਸਥਾਪਨਾ ਦਾ ਸੰਬੰਧ ਪੂਰਬੀ ਪੰਜਾਬ ਦੇ ਪੰਜਾਬੀ ਸਾਹਿਤ ਦੇ ਵਿਕਾਸ ਨਾਲ ਹੀ ਹੋਣਾ ਚਾਹੀਦਾ ਸੀ। ਲੇਕਿਨ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ 'ਭਾਰਤੀ ਪੰਜਾਬ' ਦਾ ਵਾਤਾਵਰਣ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪੱਖੀ ਹੋਣ ਕਾਰਨ ਸਾਡਾ ਪੰਜਾਬ ਅਜਿਹਾ 'ਰਨ ਵੇ' ਬਣ ਗਿਆ ਜਿਥੋਂ 'ਪੰਜਾਬੀ ਸਾਹਿਤ' ਨੇ ਪੂਰੀ ਦੁਨੀਆਂ ਲਈ 'ਟੇਕ ਆਫ਼' ਕੀਤਾ। ਇਸ ਨੂੰ ਇੰਜ ਵੀ ਕਹਿਣਾ ਯੋਗ ਹੋਵੇਗਾ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਕਾਸ ਲਈ ਢੁਕਵਾਂ ਮਾਹੌਲ ਹੋਣ ਕਾਰਨ ਏਧਰਲੇ ਪੰਜਾਬ ਦਾ ਵਿਹੜਾ ਏਨਾ 'ਮੋਕਲਾ' ਹੋ ਗਿਆ ਇਸ ਵਿਚ ਪੂਰੇ ਵਿਸ਼ਵ ਦੇ ਪੰਜਾਬੀ ਸਰੋਕਾਰ ਸਮਾਏ ਜਾ ਸਕਦੇ ਹਨ। ਸਿੱਟੇ ਵਜੋਂ ਦੇਸ ਵਿਦੇਸ਼ ਵਿਚ ਫੈਲੇ ਪੰਜਾਬੀ ਲੇਖਕਾਂ ਅਤੇ ਦੇਸ ਵਿਦੇਸ਼ ਵਿਚ ਰਚੇ ਗਏ ਪੰਜਾਬੀ ਸਾਹਿਤ ਨੂੰ ਪੰਜਾਬੀ ਸੂਬੇ ਵਿਚ ਵਿਕਸਿਤ 'ਪੰਜਾਬੀ ਭਾਸ਼ਾਈ ਮਾਹੌਲ' ਨੇ ਏਨੀ ਮਾਨਤਾ ਦਿੱਤੀ ਕਿ ਇਧਰਲੇ ਪੰਜਾਬ ਦੀ ਬਦੌਲਤ ਪੂਰੇ ਗਲੋਬ ਉਤੇ ਪੰਜਾਬੀ ਸਾਹਿਤ ਦੇ ਵਿਕਾਸ ਦੀਆਂ ਸੰਭਾਵਨਾਵਾਂ ਬਣੀਆਂ ਜਿਨ੍ਹਾਂ ਦੇ ਕ੍ਰਮ ਅਨੁਸਾਰ ਸਿੱਟੇ ਵਜੋਂ ਪੰਜਾਬੀ ਸਾਹਿਤ ਦੇ ਵਿਕਾਸ ਦੇ ਉਪਰ ਵਰਣਿਤ ਤਿੰਨ ਧਿਰੀ ਪਾਸਾਰ ਸਾਹਮਣੇ ਆਏ ਜਿਨ੍ਹਾਂ ਨੂੰ ਵਾਚਿਆ ਜਾ ਸਕਦਾ ਹੈ:

## I. ਭਾਰਤੀ ਪੰਜਾਬੀ ਸਾਹਿਤ

ਅਜੋਕੇ ਸਮੇਂ 'ਭਾਰਤੀ ਪੰਜਾਬੀ ਸਾਹਿਤ' ਦਾ ਮੂਲ ਕੇਂਦਰ 1 ਨਵੰਬਰ 1966 ਤੋਂ ਬਾਅਦ ਸਥਾਪਿਤ ਨਵ-ਪੰਜਾਬ ਹੈ। ਜਿਸ ਵਿਚ ਰਚੇ ਗਏ ਪੰਜਾਬੀ ਸਾਹਿਤ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਨ ਵਿਚ ਪਿਛਲੇ ਪਚਵੰਜਾ ਸਾਲਾਂ ਦੌਰਾਨ ਦੋਵੇਂ ਪ੍ਰਮੁੱਖ ਯੂਨੀਵਰਸਿਟੀਆਂ ਕ੍ਰਮਵਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਸ਼ਾ ਵਿਭਾਗ ਪੰਜਾਬ, 1966 ਵਿਚ ਹੀ ਸਥਾਪਿਤ ਪੰਜਾਬ ਕਲਾ ਪਰਿਸ਼ਦ ਤੇ ਇਸ ਦਾ ਵਿੰਗ ਪੰਜਾਬ ਸਾਹਿਤ ਅਕਾਦਮੀ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਆਦਿ ਅਦਾਰਿਆਂ ਦੀ ਸੰਸਥਾਗਤ ਪੱਧਰ 'ਤੇ ਭੂਮਿਕਾ ਹੈ। ਇਨ੍ਹਾਂ ਸੰਸਥਾਵਾਂ ਦੁਆਰਾ ਪੰਜਾਬੀ ਸਾਹਿਤ ਨੂੰ ਵਿਭਿੰਨ ਪੱਧਰਾਂ 'ਤੇ ਮਾਨਤਾ ਦੇਣ ਅਤੇ ਲੇਖਕਾਂ ਨੂੰ ਸਨਮਾਨਣ ਦੀ ਪ੍ਰਕਿਰਿਆ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਜ਼ਾਹਿਰਾ ਅਸਰ ਇਹ ਹੋਇਆ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵੀ ਪੰਜਾਬੀ ਸਾਹਿਤ ਦੇ ਵਿਕਾਸ ਦੀਆਂ ਸੰਭਾਵਨਾਵਾਂ ਬਣੀਆਂ ਹਨ ਜਿਸ ਦੀ ਬਦੌਲਤ ਦਿੱਲੀ ਯੂਨੀਵਰਸਿਟੀ ਦੇ ਆਧੁਨਿਕ ਭਾਰਤੀ ਭਾਸ਼ਾਵਾਂ ਵਿਭਾਗ ਵਿਚੋਂ ਸੁਤੰਤਰ ਪੰਜਾਬੀ ਵਿਭਾਗ ਦਾ ਬਣਨਾ, ਕੁਰੂਕਸ਼ੇਤਰ ਯੂਨੀਵਰਸਿਟੀ ਤੇ ਜੰਮੂ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗਾਂ ਦੀ ਸਥਾਪਨਾ, ਜੰਮੂ ਕਸ਼ਮੀਰ ਅਕਾਡਮੀ ਆਫ਼ ਆਰਟ ਐਂਡ ਕਲਚਰ ਦੀ ਸਥਾਪਨਾ, ਪਹਿਲਾਂ ਪੰਜਾਬੀ ਅਕਾਦਮੀ ਦਿੱਲੀ ਤੇ ਫੇਰ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਲਗਾਤਾਰ ਨੌਂ ਸਾਲ ਸਰਬ ਭਾਰਤੀ ਪੰਜਾਬੀ ਕਾਨਫਰੰਸ ਅਤੇ ਖੇਤਰੀ ਕਾਨਫਰੰਸਾਂ ਦਾ ਆਯੋਜਨ ਆਦਿ ਵਰਤਾਰਿਆਂ ਨੇ 'ਭਾਰਤੀ ਪੰਜਾਬੀ ਸਾਹਿਤ' ਦੇ ਘੇਰੇ ਨੂੰ ਮੋਕਲਾ ਕਰ ਕੇ ਇਸ ਨੂੰ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਪੰਜਾਬੀ ਸਾਹਿਤ ਤਕ ਵਸੀਹ ਕਰ ਦਿੱਤਾ ਹੈ। ਦਿੱਲੀ ਮੁਢ ਤੋਂ ਹੀ 'ਪੰਜਾਬੀ ਸਾਹਿਤ ਦੀ ਮੁੱਖ ਧਾਰਾ' ਦਾ ਅਹਿਮ ਭਾਗ ਰਹੀ ਕਿਉਂਕਿ ਵੰਡ ਤੋਂ ਬਾਅਦ ਬਹੁਤੇ ਵੱਡੇ ਲੇਖਕਾਂ ਦੇ ਦਿੱਲੀ ਵੱਸ ਜਾਣ ਕਾਰਨ ਦਿੱਲੀ ਦਾ ਪੰਜਾਬੀ ਸਾਹਿਤ ਹਾਸ਼ੀਆਕ੍ਰਿਤ ਨਹੀਂ ਰਿਹਾ ਜਦ ਕਿ 'ਹਰਿਆਣਾ ਦਾ ਪੰਜਾਬੀ ਸਾਹਿਤ', 'ਜੰਮੂ ਕਸ਼ਮੀਰ ਦਾ ਪੰਜਾਬੀ ਸਾਹਿਤ', 'ਪੱਛਮੀ ਬੰਗਾਲ ਦਾ ਪੰਜਾਬੀ ਸਾਹਿਤ', 'ਉਤਰ ਪ੍ਰਦੇਸ਼ ਦਾ ਪੰਜਾਬੀ ਸਾਹਿਤ', 'ਰਾਜਸਥਾਨ ਦਾ ਪੰਜਾਬੀ ਸਾਹਿਤ', 'ਮਹਾਰਾਸ਼ਟਰ ਦਾ ਪੰਜਾਬੀ ਸਾਹਿਤ' ਆਦਿ ਵਰਤਾਰੇ ਪਹਿਲਾਂ ਆਪਣੀ ਪ੍ਰਾਂਤਕ ਪਛਾਣ ਬਣਾਉਣ ਵਿਚ ਸਫ਼ਲ ਹੋਏ ਤੇ ਹੁਣ ਵੱਡੀ ਗਿਣਤੀ ਵਿਚ ਇਨ੍ਹਾਂ ਪ੍ਰਾਤਾਂ ਦੇ ਲੇਖਕਾਂ ਦੀ ਪੁਖ਼ਤਾ ਰਚਨਾਕਾਰੀ ਕਾਰਨ ਇਨ੍ਹਾਂ ਖਿੱਤਿਆਂ ਦਾ ਸਾਹਿਤ ਵੀ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਵਿਚ ਜਜ਼ਬ ਹੋ ਰਿਹਾ ਹੈ ਜਿਸ ਦਾ ਪ੍ਰਮਾਣ ਖਾਲਿਦ ਹੁਸੈਨ, ਦੇਵਿੰਦਰ ਸਿੰਘ, ਕੰਵਲ ਕਸ਼ਮੀਰੀ, ਸੁਰਿੰਦਰ ਨੀਰ, ਬਲਜੀਤ ਰੈਨਾ (ਜੰਮੂ ਕਸ਼ਮੀਰ), ਡਾ. ਅਮਰਜੀਤ ਸਿੰਘ ਕਾਂਗ, ਪਾਲ ਕੌਰ, ਰਮੇਸ਼ ਕੁਮਾਰ, ਸੁਖਚੈਨ ਸਿੰਘ ਭੰਡਾਰੀ, ਰਤਨ ਸਿੰਘ ਢਿੱਲੋਂ, ਈਸ਼ਰ ਸਿੰਘ ਤਾਂਘ, ਸੀ.ਆਰ. ਮੋਦਗਿਲ, ਸੁਦਰਸਨ ਗਾਸੋ, ਕੇਸਰਾ ਰਾਮ (ਹਰਿਆਣਾ), ਬਲਰਾਜ ਸਾਹਨੀ, ਸੁਖਬੀਰ, ਹਰਨਾਮ ਸਿੰਘ ਨਾਜ਼, ਪ੍ਰੀਤਮ ਬੇਲੀ, ਐਸ. ਸਵਰਨ, ਅਜੀਤ ਸਿੰਘ ਦਿਓਲ, ਰਸ਼ਪਿੰਦਰ ਰਸ਼ਿਮ, ਰਾਣਾ ਜੰਗ ਬਹਾਦਰ, ਅਮਰੀਕ ਗਿੱਲ (ਮਹਾਰਾਸ਼ਟਰ), ਕ੍ਰਾਂਤੀਪਾਲ (ਉਤਰ ਪ੍ਰਦੇਸ਼), ਰਾਮ ਸਿੰਘ (ਰਾਜਸਥਾਨ), ਹਰਦੇਵ ਗਰੇਵਾਲ (ਪੱਛਮੀ ਬੰਗਾਲ) ਆਦਿ ਲੇਖਕ ਹਨ। ਭਾਸ਼ਾ ਵਿਭਾਗ, ਪੰਜਾਬ ਵਲੋਂ ਆਪਣੇ ਸਾਲਾਨਾ ਇਨਾਮਾਂ ਵਿਚ ਇਕ ਇਨਾਮ 'ਪੰਜਾਬ ਤੋਂ ਬਾਹਰਲੇ ਲੇਖਕਾਂ' ਲਈ ਰਾਖਵਾਂ ਰੱਖਣ ਕਾਰਨ ਵੀ ਇਹ ਖ਼ੁਸ਼ਗਵਾਰ ਸਥਿਤੀ ਬਣੀ ਹੈ ਅਤੇ ਹਰ ਸਾਲ ਪੰਜਾਬ ਤੋਂ ਬਾਹਰਲੇ ਸੂਬਿਆਂ ਦਾ ਇਕ ਲੇਖਕ 'ਸ਼੍ਰੋਮਣੀ ਲੇਖਕ' ਵਜੋਂ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦਾ ਹਿੱਸਾ ਬਣਦਾ ਹੈ।

## II. ਪਾਕਿਸਤਾਨੀ ਪੰਜਾਬੀ ਸਾਹਿਤ

ਪਿਛਲੇ ਪਚਵੰਜਾ ਸਾਲਾਂ ਦੌਰਾਨ ਬਣੇ ਏਧਰਲੇ ਪੰਜਾਬ ਦੇ ਪੰਜਾਬੀ ਭਾਸ਼ਾ ਪੱਖੀ ਵਾਤਾਵਰਣ ਨੇ ਹੀ ਪਾਕਿਸਤਾਨ ਅਤੇ ਵਿਸ਼ੇਸ਼ ਕਰ ਉਸ ਦੇ ਅਹਿਮ ਸੂਬੇ 'ਲਹਿੰਦੇ ਪੰਜਾਬ' ਵਿਚ ਪੰਜਾਬੀ ਸਾਹਿਤ ਦੇ ਵਿਕਾਸ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ। ਭਾਵੇਂ ਵੰਡ ਤੋਂ ਫ਼ੌਰਨ ਬਾਅਦ ਹੀ ਉਧਰਲਾ ਪੰਜਾਬੀ ਸਾਹਿਤ ਵਿਕਾਸ ਦੀਆਂ ਲੀਹਾਂ ਤੇ ਪੈ ਗਿਆ ਸੀ ਕਿਉਂਕਿ 'ਸਾਂਝੇ ਪੰਜਾਬ' ਦੇ ਕੁਝ ਵੱਡੇ ਲੇਖਕ ਅਹਿਮਦ ਨਦੀਮ ਕਾਸਮੀ, ਅਫ਼ਜ਼ਲ ਅਹਿਸਾਨ ਰੰਧਾਵਾ, ਸੱਜਾਦ ਹੈਦਰ ਆਦਿ ਦੇ ਪਾਕਿਸਤਾਨ ਵਿਚ ਹੋਣ ਕਾਰਨ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਮੁੱਢ ਹੀ ਮਜ਼ਬੂਤੀ ਨਾਲ ਬੱਝਾ। 1965 ਦੀ ਜੰਗ ਦੀ ਸਮਾਪਤੀ ਤੋਂ ਬਾਅਦ ਹਾਲਾਤ ਕੁਝ ਸੁਖਾਵੇਂ ਹੋਣ ਲੱਗੇ ਤੇ ਏਧਰਲੇ-ਉਧਰਲੇ ਸਾਹਿਤ ਦਾ ਆਪਸੀ ਸੰਪਰਕ ਹੋਇਆ। ਸਿੱਟੇ ਵਜੋਂ ਪਾਕਿਸਤਾਨੀ ਪੰਜਾਬੀ ਕਹਾਣੀ ਬਾਰੇ ਦਰਸ਼ਨ ਸਿੰਘ ਅਵਾਰਾ ਦੁਆਰਾ ਗੁਰਮੁਖੀ ਅੱਖਰਾਂ ਵਿਚ ਸੰਪਾਦਿਤ ਕਹਾਣੀ-ਸੰਗ੍ਰਹਿ 'ਪਾਕਿਸਤਾਨ ਦੀ ਅਜੋਕੀ ਪੰਜਾਬੀ ਕਹਾਣੀ' ਇਧਰ ਭਾਸ਼ਾ ਵਿਭਾਗ, ਪੰਜਾਬ ਵਲੋਂ 1970 ਵਿਚ ਛਪਿਆ। ਇਹ ਪੰਜਾਬੀ ਸੂਬੇ ਦੀ ਕਾਇਮੀ ਤੋਂ ਬਾਅਦ ਦਾ ਮਾਹੌਲ ਸੀ। ਭਾਵੇਂ 1971 ਦੀ ਹਿੰਦ ਪਾਕਿ ਜੰਗ ਨੇ ਖੜੋਤ ਲਿਆਂਦੀ ਪਰੰਤੂ 1971 ਤੋਂ ਬਾਅਦ ਦਾ ਸਮਾਂ ਪਾਕਿਸਤਾਨੀ ਪੰਜਾਬੀ ਸਾਹਿਤ ਦੇ ਉਭਾਰ ਦਾ ਸਮਾਂ ਹੈ ਜਿਸ ਵਿਚ ਉੱਧਰਲੇ ਲੇਖਕਾਂ ਦੇ ਸਾਹਿਤ ਦਾ ਇਧਰ ਗੁਰਮੁਖੀ ਅੱਖਰਾਂ ਵਿਚ ਲਿਪਾਂਤਰ ਹੋਣਾ ਅਤੇ ਪੰਜਾਬੀ ਸਾਹਿਤ ਦੀ ਮੁਖ ਧਾਰਾ ਦਾ ਹਿੱਸਾ ਬਣਨਾ ਸ਼ਾਮਿਲ ਹੈ। ਇਸੇ ਕੜੀ ਤਹਿਤ ਪਾਕਿਸਤਾਨੀ ਪੰਜਾਬੀ ਕਵਿਤਾ, ਨਾਵਲ, ਕਹਾਣੀ ਆਦਿ ਬਾਰੇ ਏਧਰ ਖੋਜ ਹੋਣੀ ਸ਼ੁਰੂ ਹੋਈ ਹੈ। ਇੰਜ ਹੀ ਅਫ਼ਜਲ ਅਹਿਸਨ ਰੰਧਾਵਾ (ਕਹਾਣੀਕਾਰ), ਫਖ਼ਰ ਜ਼ਮਾਨ (ਨਾਵਲਕਾਰ), ਮੁਨੀਰ ਨਿਆਜ਼ੀ (ਕਵੀ), ਮੇਜਰ ਇਸਹਾਕ ਮੁਹੰਮਦ ਅਤੇ ਸ਼ਾਹਿਦ ਨਦੀਮ (ਨਾਟਕਕਾਰ), ਨਜਮ ਹੁਸੈਨ ਸੱਯਦ (ਆਲੋਚਕ), ਜਿਹੇ ਲੇਖਕਾਂ ਦੀ ਏਧਰਲੇ ਪੰਜਾਬ ਵਿਚ ਮਕਬੂਲੀਅਤ ਨੇ ਉਧਰਲੇ ਪੰਜਾਬ ਵਿਚ ਵੀ ਪੰਜਾਬੀ ਪੱਖੀ ਲਹਿਰ ਉਸਾਰਨ ਵਿਚ ਮਦਦ ਕੀਤੀ ਜਿਸ ਕਾਰਨ ਪੰਜਾਬ ਯੂਨੀਵਰਸਿਟੀ, ਲਾਹੌਰ ਦਾ ਵੰਡ ਤੋਂ ਪਹਿਲਾਂ ਦਾ ਸਥਾਪਿਤ 'ਪੰਜਾਬੀ ਸ਼ੋਅਬਾ' (ਪੰਜਾਬੀ ਵਿਭਾਗ) ਵੀ 1970 ਤੋਂ ਬਾਅਦ ਮੁੜ ਸਰਗਰਮ ਹੋਇਆ। ਜਿਸ ਵਿਚ ਸਮੇਂ-ਸਮੇਂ ਮੁਖੀ ਰਹੇ ਨਜਮ ਹੁਸੈਨ ਸੱਯਦ, ਸ਼ਾਹਬਾਜ਼ ਮਲਿਕ, ਇਸਮਤ ਉੱਲਾ ਜ਼ਾਹਿਦ, ਨਬੀਲਾ ਰਹਿਮਾਨ ਆਦਿ ਨੇ ਉਧਰਲੇ ਪੰਜਾਬ ਵਿਚ ਪੰਜਾਬੀ ਸਾਹਿਤ ਦੇ

ਵਿਕਾਸ ਦੀ ਲੀਹ ਪਾਈ ਹੈ। ਉਧਰਲੇ ਲੇਖਕਾਂ ਨੂੰ 'ਵਿਦੇਸ਼ੀ ਪੰਜਾਬੀ ਲੇਖਕ' ਦੀ ਕੈਟਾਗਰੀ ਵਿਚ ਏਧਰਲੇ ਮਿਲਣ ਵਾਲੇ ਸ਼੍ਰੋਮਣੀ ਸਨਮਾਨਾਂ ਨੇ ਵੀ ਉਧਰਲੇ ਪੰਜਾਬ ਵਿਚ ਪੰਜਾਬੀ ਦੀ ਗੱਲ ਧੜੱਲੇ ਨਾਲ ਤੋਰਨ ਵਿਚ ਭੂਮਿਕਾ ਨਿਭਾਈ। ਹੁਣ ਤਾਂ ਪਾਕਿਸਤਾਨ ਫ਼ਖ਼ਰ ਜ਼ਮਾਨ ਨੂੰ ਸਮੁੱਚੇ ਪੰਜਾਬੀ ਸਾਹਿਤ ਦਾ ਸਾਂਝਾ ਲੇਖਕ ਮੰਨ ਕੇ ਭਾਰਤ ਦੀ ਪੰਜਾਬ ਸਰਕਾਰ ਨੇ ਭਾਸ਼ਾ ਵਿਭਾਗ ਵੱਲੋਂ 2018 ਦਾ 'ਪੰਜਾਬੀ ਸਾਹਿਤ ਰਤਨ ਪੁਰਸਕਾਰ' ਵੀ ਦਿੱਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵਿਸ਼ਵ ਕਾਨਫਰੰਸਾਂ ਦੀ ਲੜੀ ਵਿਚ 2004 ਦੀ ਲਾਹੌਰ ਹੋਈ 'ਵਿਸ਼ਵ ਪੰਜਾਬੀ ਕਾਨਫਰੰਸ' ਦੇ ਦੂਰਰਸੀ ਸਿੱਟੇ ਨਿਕਲੇ ਜਿਸ ਅਧੀਨ ਉਧਰ ਅਤੇ ਏਧਰ ਦੋਵੇਂ ਪਾਸੇ 'ਵਰਲਡ ਪੰਜਾਬੀ ਸੈਂਟਰ' ਸਥਾਪਿਤ ਹੋਏ। ਹੁਣ ਉਧਰਲਾ ਸਾਹਿਤ 'ਪਾਕਿਸਤਾਨੀ ਪੰਜਾਬੀ ਸਾਹਿਤ' ਵਜੋਂ ਵੀ ਸਥਾਪਿਤ ਅਤੇ ਮਕਬੂਲ ਹੈ ਅਤੇ ਏਧਰ ਦੇ ਸਿਲੇਬਸਾਂ ਵਿਚ ਇਸੇ ਅਨੁਵਾਨ ਅਧੀਨ ਸ਼ਾਮਿਲ ਹੈ। ਦੂਜੇ ਪਾਸੇ ਹੌਲੀ-ਹੌਲੀ 'ਪਾਕਿਸਤਾਨੀ ਪੰਜਾਬੀ ਸਾਹਿਤ' ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦਾ ਹਿੱਸਾ ਬਣ ਕੇ 'ਸੰਯੁਕਤ ਪੰਜਾਬੀ ਸਾਹਿਤ' ਵਜੋਂ ਵੀ ਸਥਾਪਿਤ ਹੋ ਰਿਹਾ ਹੈ ਅਤੇ ਏਧਰਲੇ ਸਿਲੇਬਸਾਂ ਵਿਚ ਉਧਰਲੇ ਲੇਖਕ ਕੇਵਲ 'ਪਾਕਿਸਤਾਨੀ ਪੰਜਾਬੀ ਲੇਖਕਾਂ' ਵਜੋਂ ਹੀ ਨਹੀਂ ਬਲਕਿ ਏਧਰਲੇ ਲੇਖਕਾਂ ਦੇ ਸਮਾਨਾਂਤਰ 'ਪੰਜਾਬੀ ਲੇਖਕਾਂ' ਵਜੋਂ ਵੀ ਸ਼ਾਮਿਲ ਹੋ ਰਹੇ ਹਨ।

## III. ਪਰਵਾਸੀ ਪੰਜਾਬੀ ਸਾਹਿਤ

ਪੰਜਾਬੀਆਂ ਦੀ ਪਰਵਾਸ ਗਮਨ ਦੀ ਉਮਰ ਕਾਫ਼ੀ ਲੰਮੀ ਹੈ। ਇਕ ਸਦੀ ਪਹਿਲਾਂ ਤਾਂ ਪੰਜਾਬੀ ਪਰਵਾਸੀਆਂ ਨੇ ਪਰਵਾਸੀ ਸਾਹਿਤ ਰਾਹੀਂ ਭਾਰਤ ਦੀ ਆਜ਼ਾਦੀ ਦੇ ਬੀਜ 'ਗਦਰ ਲਹਿਰ ਦੇ ਸਾਹਿਤ' ਦੇ ਰੂਪ ਵਿਚ ਹੀ ਬੀਜ ਦਿੱਤੇ ਸਨ। ਭਾਰਤ ਦੀ ਆਜ਼ਾਦੀ ਦਾ ਪਹਿਲੀ ਵਿਧੀਵਤ ਸੰਗਰਾਮ ਗਦਰ ਪਾਰਟੀ ਰਾਹੀਂ ਆਰੰਭ ਹੋਇਆ ਤੇ ਇਸ ਦਾ ਵਾਹਨ 'ਸਾਹਿਤ' ਬਣਿਆ ਜਦੋਂ 'ਗਦਰ' ਮੈਗਜ਼ਿਨ ਦੁਆਰਾ 'ਪ੍ਰਤੀਰੋਧ ਦੀ ਸਾਹਿਤ ਧਾਰਾ' ਉਪਜੀ। ਲਿਹਾਜ਼ਾ 'ਗਦਰ ਲਹਿਰ ਦੀ ਕਵਿਤਾ' ਤੇ 'ਗਦਰ ਲਹਿਰ ਦੀ ਵਾਰਤਕ' ਰਾਹੀਂ ਪਰਵਾਸ ਵਿਚ 'ਆਜ਼ਾਦੀ ਦੀ ਲੜਾਈ ਦੀ ਮੋੜ੍ਹੀ ਗੱਡਣ' ਦੇ ਨਾਲ ਨਾਲ ਪਰਵਾਸ ਵਿਚ 'ਪੰਜਾਬੀ ਸਾਹਿਤ ਦੀ ਮੋੜ੍ਹੀ' ਵੀ ਗੱਡਦੇ ਹਨ। ਇਸੇ ਲਈ ਅੱਜ ਭਾਰਤ ਵੀ 'ਆਜ਼ਾਦ' ਹੈ ਅਤੇ 'ਪਰਵਾਸੀ ਪੰਜਾਬੀ ਸਾਹਿਤ' ਦੀ ਵੀ ਆਪਣੀ 'ਆਜ਼ਾਦ' ਹਸਤੀ ਹੈ। ਗਦਰ ਲਹਿਰ ਦੇ ਸਾਹਿਤ ਤੋਂ ਆਰੰਭ ਹੋ ਕੇ ਅੱਜ ਇੰਗਲੈਂਡ, ਕੈਨੇਡਾ, ਅਮਰੀਕਾ, ਕੀਨੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਇਟਲੀ, ਜਾਪਾਨ, ਜਰਮਨੀ ਆਦਿ ਦੇਸ਼ਾਂ ਤਕ ਪਰਵਾਸੀ ਪੰਜਾਬੀ ਸਾਹਿਤ ਫੈਲਿਆ ਹੋਇਆ ਹੈ ਜਿਸ ਵਿਚ ਵਿਸ਼ਿਆਂ ਦੀ ਵੰਨ ਸੁਵੰਨਤਾ ਤੋਂ ਲੈ ਕੇ ਸਾਹਿਤ ਰੂਪਾਂ ਦੀ ਵਿਵਿਧਤਾ ਤਕ ਮੌਜੂਦ ਹੈ। ਸਿੱਟੇ ਵਜੋਂ ਪਰਵਾਸੀ ਪੰਜਾਬੀ ਸਾਹਿਤ ਦੇ ਅੰਤਰਗਤ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਆਦਿ ਵਿਧਾਵਾਂ ਅਧੀਨ ਭਰਪੂਰ ਮਾਤਰਾ ਵਿਚ ਰਚਨਾਕਾਰੀ ਹੋ ਰਹੀ ਹੈ। ਲੇਕਿਨ ਇਸ ਸਥਿਤੀ ਦੀ ਕਾਇਮੀ ਵਿਚ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਵਾਲੇ ਸਾਢੇ ਪੰਜਾਹ ਸਾਲਾਂ ਦੀ ਵਿਸ਼ੇਸ਼ ਭੂਮਿਕਾ ਹੈ ਜਿਸ ਦੀ ਬਦੌਲਤ ਪੰਜਾਬੀ ਸੂਬੇ ਤੋਂ ਬਾਅਦ ਏਧਰਲੇ ਪੰਜਾਬ ਵਿਚ ਹੋਏ ਪੰਜਾਬੀ ਭਾਸ਼ਾ, ਸਾਹਿਤ ਦੇ ਸਭਿਆਚਾਰ ਦੇ ਵਿਕਾਸ ਅਤੇ ਸਰਕਾਰੀ ਭਾਸ਼ਾ ਦਾ ਦਰਜਾ ਗ੍ਰਹਿਣ ਕਰਨ ਵਾਲੀ ਪੰਜਾਬੀ ਭਾਸ਼ਾ ਰਾਹੀਂ ਸਿਖਿਆ ਗ੍ਰਹਿਣ ਕਰਨ ਵਾਲੇ ਨਵੇਂ ਪੋਚ ਵਿਚੋਂ ਉਭਰੇ ਪਰਵਾਸ ਗਮਨੀਆਂ ਦੁਆਰਾ ਹੋਰ ਵਧੇਰੇ ਸ਼ਿੱਦਤ ਨਾਲ ਪੰਜਾਬੀ ਸਾਹਿਤ ਨੂੰ ਆਪਣੇ ਪ੍ਰਗਟਾਵੇ ਦੇ ਮਾਧਿਅਮ ਵਜੋਂ ਅੰਗੀਕਾਰ ਕੀਤਾ ਗਿਆ। ਇਸ ਸਮੇਂ ਦੌਰਾਨ ਪੰਜਾਬ ਵਿਚ ਚਲੀਆਂ ਵੱਖ-ਵੱਖ ਰਾਜਸੀ ਲਹਿਰਾਂ ਦੇ ਪ੍ਰਤੀਕਰਮ ਵਜੋਂ ਵੀ ਵੱਡੀ ਗਿਣਤੀ ਵਿਚ ਜਾਗਰੂਕ ਨੌਜਵਾਨਾਂ ਨੇ ਵਿਦੇਸ਼ਾਂ ਵਿਚ ਠਾਹਰ ਲੱਭੀ ਅਤੇ ਸਿੱਟੇ ਵਜੋਂ ਇਸ ਸਮੇਂ ਦੌਰਾਨ ਚੱਲੀਆਂ ਨਕਸਲਵਾਦੀ ਲਹਿਰ, ਖਾੜਕੂ ਲਹਿਰ ਆਦਿ ਲਹਿਰਾਂ ਦੇ ਪ੍ਰਤੀਕਰਮਾਂ ਅਧੀਨ ਪਰਦੇਸਾਂ ਵਿਚ ਵੱਸੇ ਅਨੇਕ ਪੰਜਾਬੀ ਨੌਜਵਾਨ ਬਾਅਦ ਵਿਚ ਪਰਵਾਸੀ ਲੇਖਕ ਬਣ ਕੇ ਉਭਰੇ ਅਤੇ 'ਪਰਵਾਸੀ ਪੰਜਾਬੀ ਸਾਹਿਤ' ਦਾ ਵਿਕਾਸ ਹੋਇਆ। ਇੰਜ ਹੀ 'ਬਦੇਸ਼ੀ ਪੰਜਾਬੀ ਲੇਖਕ' ਦੇ ਤੌਰ 'ਤੇ ਏਧਰਲੇ ਪੰਜਾਬ ਵਿਚ 'ਸ਼੍ਰੋਮਣੀ ਲੇਖਕ' ਵਜੋਂ ਮਿਲਣ ਵਾਲੀ ਮਾਨਤਾ ਨੇ ਵੀ ਇਸ ਸਾਹਿਤ ਦੀ ਸਥਾਪਤੀ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।

ਉਪਰੋਕਤ ਸਥਿਤੀ ਵਿਚ ਇਕ ਵਿਸ਼ੇਸ਼ ਸਥਿਤੀ ਇਹ ਵੀ ਵਾਪਰੀ ਹੈ ਕਿ ਯੂਨੀਵਰਸਿਟੀਆਂ ਵਿਚ 'ਪਰਵਾਸੀ ਪੰਜਾਬੀ ਸਾਹਿਤ' ਅਤੇ 'ਪਾਕਿਸਤਾਨੀ ਪੰਜਾਬੀ ਸਾਹਿਤ' ਬਾਰੇ ਹੋਈ ਵੱਡੀ ਮਾਤਰਾ ਵਿਚ ਖੋਜ ਨੇ ਇਸ ਸਾਹਿਤ ਨੂੰ ਮਾਨਤਾ ਦੇਣ ਦੇ ਨਾਲ ਨਾਲ ਪਹਿਲਾਂ ਇਸ ਸਾਹਿਤ ਨੂੰ ਇਕ 'ਵੱਖਰੀ ਕੈਟਾਗਰੀ' ਵਜੋਂ ਅਤੇ ਬਾਅਦ ਵਿਚ 'ਮੁੱਖ ਧਾਰਾ' ਦੇ ਹਿੱਸੇ ਵਜੋਂ ਸਥਾਪਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਜੇ ਵਡੇਰੇ ਪ੍ਰਸੰਗ


ਵਿਚ 'ਪੰਜਾਬੀ ਸੂਬੇ ਦੀ ਸਥਾਪਨਾ' ਤੋਂ ਬਾਅਦ ਵਾਲੇ ਪਿਛਲੇ ਪਚਵੰਜਾ ਸਾਲਾਂ ਦੇ ਇਤਿਹਾਸ ਦੇ ਸਮਵਿਥ ਪੰਜਾਬੀ ਸਾਹਿਤ ਦੇ ਵਿਕਾਸ ਦੀ ਗਤੀ ਨਾਪਣੀ ਹੋਵੇ ਤਾਂ ਸਪਸ਼ਟ ਹੋਵੇਗਾ ਕਿ ਇਹ ਸਮਾਂ ਅਸਲ ਵਿਚ ਪੰਜਾਬੀ ਸਾਹਿਤ ਦੇ ਵਿਕਾਸ ਦਾ ਹੀ ਸਮਾਂ ਹੈ। ਇਸ ਨੂੰ ਪੰਜਾਬੀ ਅਖ਼ਬਾਰਾਂ ਦੀ ਚੜ੍ਹਤ (ਰੋਜ਼ਾਨਾ ਅਜੀਤ, ਅਕਾਲੀ ਪਤ੍ਰਿਕਾ, ਨਵਾਂ ਜ਼ਮਾਨਾ, ਪੰਜਾਬੀ ਟ੍ਰਿਬਿਊਨ, ਜਗ ਬਾਣੀ, ਅੱਜ ਦੀ ਆਵਾਜ਼, ਦੇਸ਼ ਸੇਵਕ, ਸਪੋਕਸਮੈਨ, ਚੜ੍ਹਦੀਕਲਾ ਆਦਿ), ਪੰਜਾਬੀ ਟੀਵੀ ਚੈਨਲਾਂ ਦੇ ਵਿਕਾਸ (ਜਲੰਧਰ ਦੂਰਦਰਸ਼ਨ, ਡੀਡੀ ਪੰਜਾਬੀ, ਪੀਟੀਸੀ, ਐਮ.ਐਚ.ਵਨ, ਨਾਈਨ ਐਕਸ ਟਸ਼ਨ, ਜੀ. ਪੰਜਾਬੀ, ਪਿਟਾਰਾ ਆਦਿ) ਐਫ.ਐਮ. ਰੇਡੀਓ ਅਤੇ ਯੂ-ਟਿਊਬ ਚੈਨਲਾਂ ਸਮੇਤ ਪੰਜਾਬੀ ਸਿਨੇਮਾ ਦੀ ਬੁਲੰਦੀ ਆਦਿ ਨਾਲ ਜੋੜ ਕੇ ਵੀ ਵੇਖਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਸਾਰੇ ਮਾਧਿਅਮਾਂ ਦੀ ਜੜ੍ਹਾਂ ਵਿਚ ਸਾਹਿਤ ਪਿਆ ਹੈ ਭਾਵ ਸਾਹਿਤ ਹੀ ਇਨ੍ਹਾਂ ਮਾਧਿਅਮਾਂ ਨੂੰ ਤਾਕਤ ਬਖ਼ਸ਼ਦਾ ਹੈ। ਇਸੇ ਪ੍ਰਕਾਰ ਪੰਜਾਬ ਦੀਆਂ ਪਬਲਿਕ ਸੈਕਟਰ ਦੀਆਂ ਤਿੰਨੇ ਯੂਨੀਵਰਸਿਟੀਆਂ (ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ) ਤੋਂ ਇਲਾਵਾ ਪੰਜਾਬ ਦੀ ਸਭ ਤੋਂ ਪੁਰਾਣੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਦਿੱਲੀ ਯੂਨੀਵਰਸਿਟੀ, ਕੁਰੂਕਸ਼ੇਤਰ ਯੂਨੀਵਰਸਿਟੀ, ਜੰਮੂ ਯੂਨੀਵਰਸਿਟੀ ਅਤੇ ਪਿਛਲੇ ਸਮੇਂ ਦੌਰਾਨ ਖੁੱਲ੍ਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿਚੋਂ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਦੇਸ਼ ਭਗਤ ਯੂਨੀਵਰਸਿਟੀ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਗੁਰੂ ਕਾਂਸ਼ੀ ਯੂਨੀਵਰਸਿਟੀ, ਅਕਾਲ ਯੂਨੀਵਰਸਿਟੀ, ਬੜੂ ਸਾਹਿਬ, ਰਿਮਟ ਯੂਨੀਵਰਸਿਟੀ, ਚਿਤਕਾਰਾ ਯੂਨੀਵਰਸਿਟੀ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਸੀਟੀ ਯੂਨੀਵਰਸਿਟੀ ਆਦਿ ਦੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਸੰਬੰਧਿਤ ਵਿਭਾਗਾਂ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਭੂਮਿਕਾ ਨਿਭਾਈ ਹੈ। ਸਿੱਟੇ ਵਜੋਂ ਪੰਜਾਬੀ ਸਾਹਿਤ ਦੀ ਖੋਜ ਅਤੇ ਸਮੀਖਿਆ ਦੇ ਖੇਤਰ ਵਿਚ ਹੈਰਾਨਕੁਨ ਕੰਮ ਹੋਇਆ ਹੈ।

ਇਸ ਪ੍ਰਸੰਗ ਵਿਚ ਪੰਜਾਬੀ ਸੂਬੇ ਦੀ ਸਥਾਪਨਾ ਵਾਲੇ ਪਿਛਲੇ ਪਚਵੰਜਾ ਸਾਲਾਂ (1966-2021) ਦੌਰਾਨ ਜੇ ਪੰਜਾਬੀ ਸਾਹਿਤ ਦੀਆਂ ਅਲੱਗ-ਅਲੱਗ ਵਿਧਾਵਾਂ ਤੇ ਦ੍ਰਿਸ਼ਟੀਪਾਤ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਕ੍ਰਮਵਾਰ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਆਦਿ ਰੂਪਾਂ ਨੇ ਪੰਜਾਬ ਸਰੋਕਾਰਾਂ ਪ੍ਰਤੀ ਵਧੇਰੇ ਰੁਚੀ ਵਿਖਾਈ ਹੈ। ਇਨ੍ਹਾਂ ਪਚਵੰਜਾ ਸਾਲਾਂ ਦੀ ਕਵਿਤਾ ਵਲੋਂ ਪੰਜਾਬ ਦੇ ਇਤਿਹਾਸਕ ਨਾਇਕਾਂ ਵਿਸ਼ੇਸ਼ ਸਿੱਖ ਨਾਇਕਾਂ ਨੂੰ ਬਿੰਬ ਸਿਰਜਣਾ ਲਈ ਆਧਾਰ ਬਣਾਉਣਾ ਇਸੇ ਸਥਿਤੀ ਦਾ ਸਿੱਟਾ ਹੈ। ਇਥੋਂ ਤਕ ਕਿ ਜੁਝਾਰ ਲਹਿਰ ਦੀ ਕਵਿਤਾ ਵਿਚ ਵੀ ਇਸ ਬਿੰਬਾਵਲੀ ਦੀ ਭਰਮਾਰ ਹੈ। ਜੇ ਕ੍ਰਮਵਾਰ ਇਕੋ ਵਿਚਾਰਧਾਰਾ ਭਾਵ ਮਾਰਕਸਵਾਦੀ ਵਿਚਾਰਧਾਰਾ ਤੇ ਆਧਾਰਿਤ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਆਰੰਭ ਹੋਈ ਪ੍ਰਗਤੀਸ਼ੀਲ ਲਹਿਰ ਅਤੇ ਸੱਤਵੇਂ ਦਹਾਕੇ ਵਿਚ ਆਰੰਭ ਹੋਈ ਨਕਸਲਵਾਦੀ ਜਾਂ ਜੁਝਾਰ ਲਹਿਰ ਦੀ ਕਵਿਤਾ ਦਾ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਸਪਸ਼ਟ ਹੋਵੇਗਾ ਕਿ ਪਹਿਲੀ ਲਹਿਰ ਦੇ ਮੁਕਾਬਲੇ ਦੂਜੀ ਲਹਿਰ ਦੀ ਕਵਿਤਾ ਆਪਣੀ ਬਿੰਬਾਵਲੀ ਲਈ ਵਧੇਰੇ ਕਰਕੇ ਪੰਜਾਬ ਵਿਸ਼ੇਸ਼ਕਰ ਸਿੱਖ ਨਾਇਕਾਂ ਵਿਚੋਂ ਬਿੰਬ ਚੁਣਦੀ ਹੈ। ਇਹੋ ਸਥਿਤੀ ਬਾਕੀ ਰੂਪਾਂ ਦੀ ਵੀ ਹੈ। ਮਸਲਨ ਇਨ੍ਹਾਂ ਪਚਵੰਜਾ ਸਾਲਾਂ ਵਿਚ ਪੰਜਾਬ ਦੇ ਇਤਿਹਾਸ ਵਿਸ਼ੇਸ਼ਕਰ ਸਿੱਖ ਇਤਿਹਾਸ ਪ੍ਰਤੀ ਬਣੇ ਵਾਤਾਵਰਣ ਦੀ ਉਸਾਰੀ ਵਿਚ ਵੱਖ-ਵੱਖ ਗੁਰੂ ਸਾਹਿਬਾਨ ਅਤੇ ਹੋਰ ਇਤਿਹਾਸਕ ਘਟਨਾਵਾਂ ਦੀਆਂ ਸ਼ਤਾਬਦੀਆਂ ਦੇ ਵੱਡੇ ਪੱਧਰ 'ਤੇ ਮਨਾਉਣ ਦੀ ਸਥਿਤੀ ਨੇ ਪੰਜਾਬੀ ਨਾਟਕ ਨੂੰ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕੀਤਾ। ਨਤੀਜੇ ਵਜੋਂ 1966 (ਗੁਰੂ ਗੋਬਿੰਦ ਸਿੰਘ ਦੀ ਤੀਜੀ ਜਨਮ ਸ਼ਤਾਬਦੀ), 1969 (ਗੁਰੂ ਨਾਨਕ ਦੀ ਪੰਚਮ ਜਨਮ ਸ਼ਤਾਬਦੀ), 1973 (ਬਾਬਾ ਫ਼ਰੀਦ ਦੀ ਅੱਠਵੀਂ ਜਨਮ ਸ਼ਤਾਬਦੀ), 1975 (ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ), 1999 (ਖਾਲਸੇ ਦੇ ਜਨਮ ਦੀ ਤੀਜੀ ਸ਼ਤਾਬਦੀ), 2001 (ਰਣਜੀਤ ਸਿੰਘ ਦੀ ਗੱਦੀਨਸ਼ੀਨੀ ਦੀ ਦੂਜੀ ਸ਼ਤਾਬਦੀ), 2004 (ਆਦਿ ਗ੍ਰੰਥ ਦੀ ਸੰਪਾਦਨਾ ਦੀ ਚੌਥੀ ਸ਼ਤਾਬਦੀ), 2008 (ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਦੀ ਤੀਜੀ ਸ਼ਤਾਬਦੀ), 2016 (ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਾਢੇ ਤਿੰਨ ਸੌ ਸਾਲਾ ਸਮਾਗਮ), 2019 (ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ ਸਾਢੇ ਪੰਜ ਸੌ ਸਾਲਾ ਸਮਾਗਮ), 2021 (ਗੁਰੂ ਤੇਗ ਬਹਾਦਰ ਦੀ ਚੌਥੀ ਜਨਮ ਸ਼ਤਾਬਦੀ) ਆਦਿ ਵਡੇਰੇ ਆਯੋਜਨਾਂ ਨੇ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਪ੍ਰਫੁਲਨ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਪੰਜਾਬੀ ਨਾਟਕ ਨੇ 'ਸ਼ਤਾਬਦੀ ਰੰਗਮੰਚ' ਤੋਂ ਲੈ ਕੇ 'ਮਲਟੀਮੀਡੀਆ ਪ੍ਰੋਡਕਸ਼ਨਾਂ' ਤਕ ਦਾ ਵਿਕਾਸ ਕੀਤਾ। ਇਸ ਸਥਿਤੀ ਵਿਚ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਰੰਗਮੰਚ ਤੇ ਲਿਆਉਣ ਦੀ ਮਨਾਹੀ ਕਾਰਨ ਇਕ ਨਵੀਂ ਨਾਟ-ਵਿਧਾ ਦਾ ਵਿਕਾਸ ਹੋਇਆ ਜਿਸ ਨੂੰ ਇਕ ਨਾਟ-ਸਮੀਖਿਅਕ ਵਜੋਂ ਇਨ੍ਹਾਂ ਸਤਰਾਂ ਦੇ ਲੇਖਕ ਨੇ 'ਨਾਇਕ ਬਿਨਾ

ਨਾਇਕ ਬਾਰੇ ਨਾਟਕ' (A play about Hero without Hero) ਦਾ ਨਾਮ ਦਿੱਤਾ। ਇਸੇ ਪ੍ਰਕਾਰ ਪੰਜਾਬੀ ਟੀਵੀ ਅਤੇ ਸਿਨੇਮਾ ਇੰਡਸਟਰੀ ਵਿਚ ਵੀ ਇਨ੍ਹਾਂ ਸ਼ਤਾਬਦੀਆਂ ਦੇ ਮਹਾਂ-ਆਯੋਜਨਾਂ ਦੀ ਭੂਮਿਕਾ ਹੈ। ਸਿੱਖ ਇਤਿਹਾਸ ਬਾਰੇ ਬਣੇ ਰਾਜ ਬੱਬਰ ਦੇ 'ਮਹਾਰਾਜਾ ਰਣਜੀਤ ਸਿੰਘ' ਵਰਗੇ ਵੱਡੇ ਸੀਰੀਅਲ ਅਤੇ ਪੰਜਾਬ ਵਿਚ ਬਣ ਰਹੀਆਂ ਯਾਦਗਾਰਾਂ (ਜੰਗੇ ਆਜ਼ਾਦੀ ਯਾਦਗਾਰ ਬਾਰੇ ਸ਼ਿਆਲ ਬੇਨੇਗਲ ਦੁਆਰਾ ਨਿਰਦੇਸ਼ਿਤ ਡੌਕੂ ਡਰਾਮਾ ਅਤੇ ਬੰਦਾ ਬਹਾਦਰ ਯਾਦਗਾਰ ਬਾਰੇ ਟਰਾਈਕਲਰ ਕੰਪਨੀ ਦੁਆਰਾ ਮੇਰੇ ਵਲੋਂ ਲਿਖਿਆ ਡੌਕੂ ਡਰਾਮਾ), ਰਾਮ ਮਹੇਸ਼ਵਰੀ ਦੀ 'ਨਾਨਕ ਨਾਮ ਜਹਾਜ ਹੈ' ਤੋਂ ਲੈ ਕੇ ਹੈਰੀ ਬਵੇਜਾ ਦੀ ਐਨੀਮੇਸ਼ਨ ਫਿਲਮ 'ਛੋਟੇ ਸਾਹਿਬਜ਼ਾਦੇ' ਤਕ ਦੀ ਅਪਾਰ ਸਫ਼ਲਤਾ ਇਸ ਤੱਥ ਦੀ ਗਵਾਹੀ ਹੈ ਕਿ ਪੰਜਾਬੀ ਸੂਬੇ ਦੀ ਸਥਾਪਨਾ ਦੇ ਪਿਛਲੇ ਪਚਵੰਜਾ ਸਾਲਾਂ ਵਿਚ ਪੰਜਾਬੀ ਸਾਹਿਤ ਦੇ ਅਗਲੇਰੇ ਵਿਧਾਗਤ ਪਾਸਾਰਾਂ ਟੀ.ਵੀ., ਸਿਨੇਮਾ ਆਦਿ ਰਾਹੀਂ ਵੀ ਪੰਜਾਬੀ ਸਾਹਿਤ ਦਾ ਵਿਕਾਸ ਹੋਇਆ ਹੈ। ਇੰਜ ਹੀ ਗਲਪ ਅਤੇ ਵਾਰਤਕ ਦੀਆਂ ਵਿਧਾਵਾਂ ਦੇ ਅੰਤਰਗਤ ਆਉਂਦੇ ਸਾਹਿਤ-ਰੂਪਾਂ ਕਹਾਣੀ, ਨਾਵਲ, ਨਿਬੰਧ, ਜੀਵਨੀ, ਸਵੈਜੀਵਨੀ, ਰੇਖਾ ਚਿਤਰ, ਸਫ਼ਰਨਾਮਾ, ਸਿਮਰਤੀਆਂ, ਲਲਿਤ ਨਿਬੰਧ ਆਦਿ ਨੇ ਵੀ ਵਿਕਾਸ ਕੀਤਾ ਹੈ। ਪਿਛਲੇ ਪਚਵੰਜਾ ਸਾਲ ਦਰਮਿਆਨ ਕਵਿਤਾ ਤੇ ਨਾਟਕ ਵਾਂਗ ਇਨ੍ਹਾਂ ਰੂਪਾਂ ਵਿਚ ਵੀ ਪੰਜਾਬ ਦੇ ਇਤਿਹਾਸ ਵਿਸ਼ੇਸ਼ਕਰ ਸਿੱਖ ਇਤਿਹਾਸ ਦੇ ਨਿਰੂਪਣ ਦੇ ਵਿਸਤਾਰ ਹੁੰਦੇ ਹਨ। ਉਦਾਹਰਣ ਵਜੋਂ ਵਾਰਤਕ ਵਿਚ ਜਸਵੰਤ ਸਿੰਘ ਕੰਵਲ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬਲਦੇਵ ਸਿੰਘ ਦੀ ਨਾਵਲਨਿਗਾਰੀ ਦੀ ਵੀ ਉਦਾਹਰਣ ਹੈ ਜਿਸ ਵਿਚ 'ਸਤਲੁਜ ਵਹਿੰਦਾ ਰਿਹਾ', 'ਪੰਜਵਾਂ ਸਾਹਿਬਜ਼ਾਦਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਸੂਰਜ ਕਦੇ ਮਰਦਾ ਨਹੀਂ', 'ਸੂਰਜ ਦੀ ਅੱਖ' ਆਦਿ ਨਾਵਲ ਜ਼ਿਕਰਯੋਗ ਹਨ। ਇਸੇ ਪ੍ਰਕਾਰ ਪਿਛਲੇ ਪੰਜਾਹ ਸਾਲ ਦੇ ਸਮੇਂ ਤੋਂ ਪਹਿਲਾਂ ਦੇ ਸਮੇਂ ਦੇ ਮੁਕਾਬਲੇ ਜਨਮਾਨਸ ਵਿਚ ਕੌਮੀ ਸ਼ਹੀਦਾਂ ਦੇ ਪੰਜਾਬ ਸਰੋਕਾਰ ਵਧੇਰੇ ਮੁਖਰ ਹੋਏ ਹਨ। ਸਿੱਟੇ ਵਜੋਂ ਗਦਰ ਲਹਿਰ ਦੇ ਨਾਇਕ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਆਦਿ ਬਾਰੇ ਵੱਡੀ ਮਾਤਰਾ ਵਿਚ ਗਲਪ ਅਤੇ ਵਾਰਤਕ ਰਚਨਾ ਹੋਈ ਹੈ। ਇਸ ਸਥਿਤੀ ਨੂੰ ਪ੍ਰਤੀਕ ਰੂਪ ਵਿਚ ਵੇਖਣਾ ਵਧੇਰੇ ਯੋਗ ਹੋਵੇਗਾ। ਦਰਅਸਲ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਏਧਰਲੇ ਪੰਜਾਬ ਵਿਚ 'ਪੰਜਾਬ ਸਰੋਕਾਰ' ਵਿਸ਼ੇਸ਼ਕਰ ਕੇ 'ਸਿੱਖ ਸਰੋਕਾਰ' ਅਗਰਭੂਮੀ ਵਿਚ ਆਏ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਾਲੀ ਸਥਿਤੀ ਲਿਆਂਦੀ ਹੈ। ਲੇਕਿਨ ਨਾਲ ਦੀ ਨਾਲ ਇਕ ਪੱਖ ਇਹ ਵੀ ਵੇਖਣ ਵਾਲਾ ਹੈ ਕਿ 'ਕੌਮੀ ਸਰੋਕਾਰ' ਅਤੇ 'ਗ਼ੈਰ ਸਿੱਖ ਸਰੋਕਾਰ' ਪਿਠਭੂਮੀ ਵਿਚ ਚਲੇ ਗਏ ਹਨ। ਇਸ ਦਾ ਪ੍ਰਮਾਣ ਭਾਰਤ ਦੀ ਆਜ਼ਾਦੀ ਦੇ 'ਕੌਮੀ ਸੰਘਰਸ਼' ਨੂੰ 'ਕੌਮੀ ਸਰੋਕਾਰ' ਦੀ ਥਾਂ 'ਪੰਜਾਬ ਸਰੋਕਾਰਾਂ' ਦੇ ਰੂਪ ਵਿਚ ਵੇਖਣਾ ਹੈ। ਇੰਜ ਹੀ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਵਿਚੋਂ 'ਪੰਜਾਬੀਆਂ' ਦੀ ਚੜ੍ਹਤ ਨੂੰ 'ਭਾਰਤੀ' ਦੀ ਥਾਂ 'ਪੰਜਾਬੀ' ਹੋਣ ਦੇ ਰੂਪ ਵਿਚ ਵੇਖਣਾ ਹੈ। ਇਸ ਦਾ ਪ੍ਰਭਾਵ ਕਿਤੇ ਕਿਤੇ ਪੰਜਾਬੀ ਸਾਹਿਤ ਵਿਚ ਵੀ ਨਜ਼ਰ ਆਉਂਦਾ ਹੈ। ਇੰਜ ਹੀ ਦੇਸ਼ ਦੀ ਵੰਡ ਨਾਲ ਸ਼ਾਹ ਮੁਹੰਮਦ ਵਾਲੀ 'ਸਾਂਝੀ ਪੰਜਾਬੀਅਤ' ਵਿਚੋਂ 'ਮੁਸਲਿਮ ਰਹਿਤਲ' ਅਤੇ ਪੰਜਾਬ ਦੀ ਪੁਨਰ-ਵੰਡ ਨਾਲ 'ਹਿੰਦੂ ਰਹਿਤਲ' ਪੰਜਾਬ ਸਾਹਿਤ ਦੀ ਵਿਕਾਸ-ਪ੍ਰਕਿਰਿਆ ਵਿਚ ਕਿਤੇ ਹਾਸ਼ੀਆਕ੍ਰਿਤ ਹੋ ਗਏ ਜਾਪਦੇ ਹਨ। ਉਦਾਹਰਣ ਵਜੋਂ ਪੰਜਾਬ ਦੀ ਲੋਕਧਾਰਾ ਅਤੇ ਸਭਿਆਚਾਰ ਦੀ ਖੋਜ ਵਿਚ ਰਸਮ ਰਿਵਾਜਾਂ ਅਧੀਨ ਮੁਸਲਿਮ ਪੰਜਾਬੀਆਂ ਦੇ ਰਸਮ ਰਿਵਾਜਾਂ ਦਾ ਚਿਤਰਣ ਅਤੇ ਮੁਸਲਿਮ ਜੀਵਨ ਵਿਹਾਰ ਲਗਪਗ ਖਾਰਜ ਹੀ ਹੋ ਗਿਆ ਹੈ। ਇੰਜ ਹੀ 'ਹਿੰਦੂ ਰਹਿਤਲ' ਅਧੀਨ ਹਿੰਦੂ ਰਸਮ ਰਿਵਾਜ, ਰੀਤਾਂ, ਲੋਕਧਾਰਾ, ਲੋਕਗੀਤਾਂ ਦਾ ਚਿਤਰਣ ਵੀ ਹਾਸ਼ੀਏ ਤੇ ਚਲਾ ਗਿਆ ਹੈ। ਇੰਜ ਹੀ ਪੰਜਾਬੀ ਭਾਸ਼ਾ ਵਿਚ 'ਰਾਮ ਕਾਵਿ', 'ਕ੍ਰਿਸ਼ਨ ਕਾਵਿ', 'ਸੰਤ ਕਾਵਿ' ਦੀ ਲੰਮੀ ਪਰੰਪਰਾ ਰਹੀ ਹੈ। ਇਨ੍ਹਾਂ ਤਿੰਨਾਂ ਬਾਰੇ ਕ੍ਰਮਵਾਰ ਡਾ. ਰਵਿੰਦਰ ਸਿੰਘ ਰਵੀ (ਰਾਮ ਕਾਵਿ), ਡਾ. ਮਨਮੋਹਨ ਸਿੰਘ, ਡਾ. ਗੁਰਸ਼ਰਨ ਕੌਰ ਜੱਗੀ (ਕ੍ਰਿਸ਼ਨ ਕਾਵਿ), ਡਾ. ਧਰਮ ਪਾਲ ਸਿੰਗਲ ਤੇ ਬਲਦੇਵ ਸਿੰਘ ਬੱਦਨ (ਸੰਤ ਕਾਵਿ) ਆਦਿ ਨੇ ਖੋਜ ਕਾਰਜ ਵੀ ਕੀਤਾ ਹੈ। ਲੇਕਿਨ ਹੁਣ ਸਾਡੇ ਸਿਲੇਬਸਾਂ ਵਿਚ ਇਸ ਪਰੰਪਰਾ ਦੀ ਝਲਕ ਅਧਿਕਤਰ ਮਾਤਰਾ ਵਿਚ ਨਹੀਂ ਮਿਲਦੀ। ਪੰਜਾਬੀ ਭਾਸ਼ਾ ਵਿਚ ਹੀ ਪ੍ਰਾਪਤ 'ਸਾਂਝੀ' ਵਰਗੇ ਹਿੰਦੂ ਤਿਉਹਾਰਾਂ ਅਤੇ ਵਿਆਹ ਸ਼ਾਦੀਆਂ ਦੀਆਂ ਹਿੰਦੂ ਰਸਮਾਂ ਨਾਲ ਸੰਬੰਧਿਤ ਸੈਂਕੜੇ ਗੀਤ ਹੁਣਵੇਂ ਸੰਕਲਨਾਂ ਵਿਚ ਆਮ ਤੌਰ 'ਤੇ ਨਹੀਂ ਮਿਲਦੇ। 1935 ਵਿਚ ਛਪੀ ਦੇਵਿੰਦਰ ਸਤਿਆਰਥੀ ਦੀ ਕਿਤਾਬ 'ਗਿੱਧਾ' ਵਿਚਲੀ ਲੋਕਗੀਤ ਦੀ ਸਤਰ 'ਕੱਠੀਆਂ ਹੋ ਕੇ ਚਲੀਆਂ ਗਿੱਧੇ ਵਿਚ ਸਲਮਾ, ਸੀਤੋ, ਸੰਤੀ' ਦੀ ਸਥਿਤੀ ਹੁਣ ਕੇਵਲ 'ਭੱਤਾ ਲੈ ਕੇ ਚੱਲੀ ਸੰਤੀਏ ਮੱਥੇ ਲਗ ਗਿਆ ਤਾਰਾ' ਵਿਚ ਵਟ ਗਈ ਹੈ। ਇੰਜ 'ਸੰਤੀ' ਦੀਆਂ ਸਹੇਲੀਆਂ 'ਸਲਮਾ ਤੇ ਸੀਤੋ' ਗੁਆਚ ਗਈਆਂ ਜਾਪਦੀਆਂ ਹਨ ਅਤੇ 'ਸੰਤੀ' ਇਕੱਲੀ ਰਹਿ ਗਈ ਹੈ। ਇਹੀ ਸਥਿਤੀ ਵਿਸ਼ਿਸ਼ਟ ਸਾਹਿਤ ਦੀ ਵੀ ਹੈ। ਕਿਤੇ ਕਿਤੇ ਪ੍ਰੇਮ ਪ੍ਰਕਾਸ਼

ਜਿਹੇ ਲੇਖਕ ਦੀਆਂ ਕਹਾਣੀਆਂ ਵਿਚਲੀਆਂ ਵੇਦ ਮੰਤਰਾਂ ਦੇ ਉਚਾਰਣ ਵਾਲੀਆਂ ਹਿੰਦੂ ਰਹਿਤਲ ਦੀਆਂ ਝਲਕਾਂ ਤੋਂ ਇਲਾਵਾ ਇਹ ਰਹਿਤਲ ਸਮੁੱਚੀ ਸਾਹਿਤਕ ਸਥਿਤੀ ਵਿਚ ਪਿਠਭੂਮੀ ਵਿਚ ਚਲੀ ਗਈ ਹੈ। ਇਸ ਸਥਿਤੀ ਪ੍ਰਤੀ ਪੰਜਾਬੀ ਸਾਹਿਤ ਨੂੰ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਪਿਛਲੇ ਪਚਵੰਜਾ ਸਾਲਾਂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਬਣੇ 'ਉਦਾਤੀਕ੍ਰਿਤ ਵਾਤਾਵਰਣ' (Sublimated atmosphere) ਵਿਚ 'ਸਾਂਝੀ ਪੰਜਾਬੀਅਤ' (Composite Punjabi Culture) ਦੇ ਸੰਕਲਪ ਅਤੇ ਵਿਹਾਰ ਨੂੰ ਕਿਤੇ ਭਵਿੱਖ ਵਿਚ ਖੋਰਾ ਨਾ ਲੱਗ ਜਾਵੇ। ਇਸ ਲਈ ਪੰਜਾਬੀ ਸਾਹਿਤ ਦੇ ਖੋਜੀਆਂ, ਸਮੀਖਿਅਕਾਂ ਅਤੇ ਲੋਕਧਾਰਾ ਸ਼ਾਸਤਰੀਆਂ, ਸਭਿਆਚਾਰ ਵਿਗਿਆਨੀਆਂ ਅਤੇ ਭਾਸ਼ਾ ਵਿਗਿਆਨੀਆਂ ਨੂੰ ਵਿਸ਼ੇਸ਼ ਤੌਰ 'ਤੇ ਵਧੇਰੇ ਸੁਚੇਤ ਹੋ ਕੇ ਖ਼ੁਦ ਕੰਮ ਕਰਨਾ ਅਤੇ ਆਪਣੇ ਖੋਜਾਰਥੀਆਂ ਤੋਂ ਕੰਮ ਕਰਵਾਉਣਾ ਪਵੇਗਾ। ਇਸ ਦੇ ਬਾਵਜੂਦ ਸਮੁੱਚੇ ਤੌਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਅਦ ਵਾਲੇ ਪਿਛਲੇ ਪਚਵੰਜਾ ਸਾਲਾਂ (1966-2021) ਦਰਮਿਆਨ ਪੰਜਾਬੀ ਸਾਹਿਤ ਦਾ ਵਿਕਾਸ ਹੈਰਾਨਕੁਨ ਹੈ ਜਿਸ ਉੱਤੇ ਜਿੰਨਾ ਵੀ ਮਾਣ ਕੀਤਾ ਜਾਵੇ ਉਹ ਥੋੜ੍ਹਾ ਹੈ।

◈




# ਅਵਤਾਰ ਸਿੰਘ ਬਿਲਿੰਗ ਰਚਿਤ ਨਾਵਲ 'ਰਿਜ਼ਕ':

## ਪਰਵਾਸੀ ਬੰਦੇ ਦੇ ਹੋਣ-ਬਿਨਸਣ ਦਾ ਬਿਰਤਾਂਤ

ਅਵਤਾਰ ਸਿੰਘ ਬਿਲਿੰਗ ਸਥਾਪਿਤ ਅਤੇ ਪ੍ਰਸਿੱਧ ਨਾਵਲਕਾਰ ਹੈ। ਉਸ ਦੀ ਨਾਵਲਕਾਰੀ ਦਾ ਪ੍ਰਮੁੱਖ ਫ਼ੋਕਸ ਢਾਹਾ ਆਂਚਲ ਦਾ ਕਿਸਾਨੀ ਸਭਿਆਚਾਰ ਹੈ। ਪਿਛਲੇ ਤਕਰੀਬਨ ਸੌ ਸਾਲਾਂ ਵਿਚ ਜੱਟ-ਕਿਸਾਨੀ ਆਰਥਿਕ-ਸਭਿਆਚਾਰਕ ਪੱਖੋਂ ਕਿਸ ਤਰ੍ਹਾਂ ਜੀਵੀ ਹੈ, ਕਿਨ੍ਹਾਂ ਅਸਤਿਤਵਕ ਸੰਕਟਾਂ/ਸੰਵੇਦਨਾਵਾਂ ਨੂੰ ਉਸ ਨੇ ਹੰਢਾਇਆ ਹੈ, ਤਬਦੀਲੀ ਦੇ ਕਿਹੜੇ ਦੌਰ ਉਸ ਉੱਪਰ ਗੁਜ਼ਰੇ ਹਨ ਅਤੇ ਤਬਦੀਲੀਆਂ ਨੂੰ ਉਸ ਨੇ ਕਿਵੇਂ ਹੁੰਗਾਰਾ ਭਰਿਆ ਹੈ; ਇਸ ਦੀਆਂ ਵਿਭਿੰਨ ਪਰਤਾਂ ਨੂੰ ਬਿਲਿੰਗ ਨੇ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਉਸ ਦਾ ਵਿਚਾਰਾਧੀਨ ਨਾਵਲ 'ਰਿਜ਼ਕ' ਪਰਵਾਸੀ ਬੰਦੇ ਦੀ ਹੋਂਦ-ਹੋਣੀ ਦੀ ਕਥਾ ਹੈ। ਇਸ ਵਿਚ ਪਰਵਾਸ ਨੂੰ ਮੂਲਵਾਸ ਦੀਆਂ ਯਾਦਾਂ ਦੇ ਸੰਵਾਦ/ਸੰਦਰਭ ਰਾਹੀਂ ਪੇਸ਼ ਕੀਤਾ ਗਿਆ ਹੈ। ਇਹ ਨਾਵਲ ਪਰਵਾਸ ਲਈ ਜ਼ਿੰਮੇਵਾਰ ਤੰਗੀਆਂ/ਮੁਸ਼ਕਲਾਂ ਦੀ ਨਕਸ਼-ਨਿਗਾਰੀ ਹੈ। ਨਾਵਲ ਪਰਵਾਸ ਅਤੇ ਮੂਲਵਾਸ ਵਿਚ ਡਿੱਕੇ-ਡੋਲੇ ਖਾਂਦੇ ਔਖੇ ਜੀਵਨ ਦੀ ਤਸਵੀਰਕਸ਼ੀ ਹੈ। ਇਹ ਪਰਵਾਸ ਦੀ ਲਾਜ਼ਮੀਅਤਾ ਅਤੇ ਵਿਫ਼ਲਤਾ ਦੀ ਕਹਾਣੀ ਹੈ। ਆਪਣੀ ਧਰਤੀ ਤੋਂ ਟੁੱਟਿਆ ਬੰਦਾ ਪ੍ਰਾਪਤੀਆਂ ਦੇ ਬਾਵਜੂਦ ਖ਼ਾਲੀ ਹੁੰਦਾ ਹੈ, ਇਹ ਭਾਵ ਇਸ ਨਾਵਲ ਵਿਚ ਧੁਨੀ ਬਣ ਕੇ ਸਮਾਇਆ ਹੋਇਆ ਹੈ। ਇਸ ਨਾਲ ਪਰਵਾਸ ਦੀ ਸਮਕਾਲੀ ਮਿੱਥ ਨੂੰ ਚੁਣੌਤੀ ਦਿੱਤੀ ਗਈ ਹੈ।

ਪਰਵਾਸ ਕਰਨਾ ਮਨੁੱਖ ਦੀ ਆਦਮ ਪ੍ਰਵਿਰਤੀ ਹੈ। ਇਹ ਨਾ ਕਦੇ ਰੁਕਿਆ ਹੈ ਅਤੇ ਨਾ ਰੁਕਣਾ ਹੈ। ਪਰ ਪਰਵਾਸ ਕੌਣ, ਕਿਉਂ, ਕਿਵੇਂ ਅਤੇ ਕਦੋਂ ਕਰ ਰਿਹਾ ਹੈ, ਇਸ ਨੇ ਪਰਵਾਸ ਦੇ ਅਸਰਾਂ ਨੂੰ ਤੈਅ ਕਰਨਾ ਹੈ। 'ਰਿਜ਼ਕ' ਖ਼ਾਤਰ ਆਪਣੀ ਧਰਤੀ ਨੂੰ ਛੱਡਣ ਅਤੇ ਬੇਗਾਨੀਆਂ ਧਰਤੀਆਂ ਨੂੰ ਜਾਣ ਦਾ ਮੁੱਲ ਲਾਜ਼ਮੀ ਤਾਰਨਾ ਪੈਣਾ ਹੈ। ਮੁਸ਼ਕਲ ਇਹ ਹੈ ਕਿ ਅਸੀਂ ਭੁੱਲ ਜਾਂਦੇ ਹਾਂ ਕਿ ਮੁੱਲ ਤਾਰਨਾ ਪੈਣਾ ਹੈ। ਮੁੱਲ ਤਾਰਦਿਆਂ ਕੀ-ਕੀ ਗੁਆਚ ਜਾਣਾ ਹੈ, ਇਸ ਬਾਬਤ ਤਾਂ ਮੂਲੋਂ ਹੀ ਬੇਖ਼ਬਰ ਹੋ ਜਾਂਦੇ ਹਾਂ। ਨਾਵਲ 'ਰਿਜ਼ਕ' ਇਕ ਕੋਸ਼ਿਸ਼ ਹੈ, ਬੇਗਾਨੀਆ ਧਰਤੀਆਂ 'ਤੇ ਗੁੰਮ-ਗੁਆਚ ਰਹੇ ਨੂੰ ਸਮਝਣ ਦੀ। ਨਾਵਲ ਪਰਵਾਸ ਦੀਆਂ ਪ੍ਰਾਪਤੀਆਂ ਦੀ ਗੱਲ ਵੀ ਕਰਦਾ ਹੈ, ਪਰ ਇਹ ਪ੍ਰਾਪਤੀਆਂ ਨਾਲੋਂ ਨੁਕਸਾਨਾਂ ਨੂੰ ਅਗ੍ਰਭੂਮਿਤ ਵਧੇਰੇ ਕਰਦਾ ਹੈ।



**ਪ੍ਰੋ. (ਡਾ.) ਗੁਰਮੁਖ ਸਿੰਘ**
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।
9872009726
gurmukh.pup@gmail.com

ਨਾਵਲ 'ਰਿਜ਼ਕ' ਪਰਵਾਸ ਅਤੇ ਪਰਵਾਸੀ ਜੀਵਨ ਦਾ ਇਕ ਲੇਖਕ ਵਿਸ਼ੇਸ਼ ਵੱਲੋਂ ਘੜਿਆ ਇਕ ਰੂਪ ਹੈ। ਇਹ ਰੂਪ ਸੱਚ ਹੈ ਵੀ ਅਤੇ ਨਹੀਂ ਵੀ। ਨਾਵਲ ਦੀ ਭਾਸ਼ਾਈ ਸਮਰੱਥਾ ਅਤੇ ਸ਼ਕਤੀਸ਼ਾਲੀ ਕਥਾ-ਬੁਣਤਰ ਕਥਾ ਦੇ ਸੱਚ ਹੋਣ ਦਾ ਭਰਮਾਊ ਅਹਿਸਾਸ ਦਿੰਦੀ ਹੈ। ਉਂਞ ਇਹ ਅਹਿਸਾਸ ਸਿਰਜਣਾ ਅਹਿਮ ਹੁੰਦਾ ਹੈ; ਪਾਠਕ ਇਸ ਕਾਰਨ ਹੀ ਕਥਾ ਨਾਲ ਜੁੜਦਾ ਹੈ। ਪਰ ਕਥਾ ਨੂੰ ਸਮਝਣ ਲਈ ਪਾਠਕ ਦਾ ਇਸ ਅਹਿਸਾਸ ਤੋਂ ਪਾਰ ਜਾਣਾ ਜ਼ਰੂਰੀ ਹੁੰਦਾ ਹੈ। ਪਾਠਕ, ਆਕਰਸ਼ਕ

ਪੇਸ਼ਕਾਰੀ ਦੇ ਮਾਇਆ-ਜਾਲ਼ ਤੋਂ ਪਾਰ ਜਾ ਕੇ ਹੀ ਪੇਸ਼ਕਾਰੀ ਦੀ ਵਿਆਕਰਨ ਨੂੰ ਸਮਝ ਸਕਦਾ ਹੈ। ਪੇਸ਼ਕਾਰੀ ਕਿੰਨੀ ਵੀ ਆਕਰਸ਼ਕ ਕਿਉਂ ਨਾ ਹੋਵੇ, ਇਹ ਅੰਤਿਮ ਰੂਪ ਵਿਚ ਇਕ ਪੇਸ਼ਕਾਰੀ ਹੀ ਹੁੰਦੀ ਹੈ, ਸੱਚ ਨਹੀਂ ਹੁੰਦੀ। ਸੱਚ ਕਿਤੇ ਵੱਧ ਤਰਲ, ਜਟਿਲ ਅਤੇ ਖਿਸਕਵਾਂ ਹੁੰਦਾ ਹੈ। ਉਸ ਨੂੰ ਕਦਾਚਿਤ ਫੜਿਆ ਨਹੀਂ ਜਾ ਸਕਦਾ। ਇਸ ਕਾਰਨ ਇਸ ਨਾਵਲ ਨੂੰ ਪੜ੍ਹਨ/ਸਮਝਣ ਵੇਲ਼ੇ ਜੀਵਨ ਯਥਾਰਥ ਅਤੇ ਉਸ ਦੀ ਪੇਸ਼ਕਾਰੀ ਵਿਚਲੀ ਦੂਰੀ ਦੇ ਜਟਿਲ ਸੰਬੰਧਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਨਾਵਲ ਦੇ ਸ਼ਿਲਪ ਦੀ ਸਮਝ ਵੀ ਇਸੇ ਵਿਚ ਲੁਕੀ ਹੋਈ ਹੈ।

ਇਸ ਨਾਵਲ ਦਾ ਵਾਪਰਨ ਸਮਾਂ ਧਿਆਨ ਦੀ ਮੰਗ ਕਰਦਾ ਹੈ। ਨਾਵਲ ਦੀ ਕਥਾ ਅੱਸੀ ਦੇ ਦਹਾਕੇ ਤੋਂ ਸ਼ੁਰੂ ਹੋ ਕੇ ਅਗਲੇ ਤਕਰੀਬਨ ਪੰਦਰਾਂ ਸਾਲਾਂ ਵਿਚ ਫੈਲੀ ਹੋਈ ਹੈ। ਨਾਵਲ ਦੀ ਕਹਾਣੀ ਵਿਚ ਪੇਸ਼ ਪਰਵਾਸੀ ਜੀਵਨ ਸਮਕਾਲੀ ਪਰਵਾਸ ਅਤੇ ਇਸ ਨਾਲ ਜੁੜੀਆਂ ਸੰਵੇਦਨਾਵਾਂ ਤੋਂ ਭਿੰਨ ਹੈ। ਇਸ ਕਾਰਨ ਇਸ ਨੂੰ ਪਿਛਲੇ ਵੀਹ ਸਾਲਾਂ ਦੌਰਾਨ ਹੋ ਰਹੇ ਪਰਵਾਸ ਤੋਂ ਅਲੱਗ ਕਰਕੇ ਦੇਖਣਾ ਚਾਹੀਦਾ ਹੈ। ਇਹ ਨਾਵਲ ਅਜਿਹੇ ਪਰਵਾਸੀ ਬੰਦੇ ਦੀ ਕਹਾਣੀ ਹੈ, ਜਿਸ ਦਾ ਜੀਣਾ-ਥੀਣਾ, ਜੰਮਣ-ਭੋਇੰ ਪੰਜਾਬ ਨਾਲ ਜੁੜਿਆ ਹੋਇਆ ਹੈ। ਉਸ ਦੀ ਪਛਾਣ ਦੇ ਸਾਰੇ ਆਧਾਰ ਪੰਜਾਬ ਨਾਲ ਸੰਬੰਧਿਤ ਹਨ। ਇਹ ਬੰਦਾ ਪੰਜਾਬ ਨੂੰ ਦਿੰਦਾ ਹੀ ਹੈ, ਲੈਂਦਾ ਕੁਝ ਵੀ ਨਹੀਂ। ਪਰਵਾਸ ਹਿੱਤ ਚੜ੍ਹਿਆ ਕਰਜ਼ਾ ਉਤਾਰਦਾ ਹੈ ਅਤੇ ਫਿਰ ਲਗਾਤਾਰ ਪਿੱਛੇ ਪੈਸੇ ਭੇਜਦਾ ਹੈ, ਜ਼ਮੀਨਾਂ ਖ਼ਰੀਦਦਾ ਹੈ।

ਅੱਜ ਪਰਵਾਸ ਕਰ ਰਹੇ ਨੌਜਵਾਨ ਦਾ ਮੂਲਵਾਸ ਪੰਜਾਬ ਨਾਲ ਨਾਤਾ ਕਮਜ਼ੋਰ ਹੈ। ਅੱਜ ਦਾ ਪਰਵਾਸੀ ਪੰਜਾਬੀ ਨੌਜਵਾਨ ਪੰਜਾਬ ਤੋਂ ਜ਼ਿਆਦਾਤਰ ਲੈ ਹੀ ਰਿਹਾ ਹੈ, ਦੇ ਤਾਂ ਉਹ ਨਾ-ਮਾਤਰ ਹੀ ਰਿਹਾ ਹੈ। ਅੱਜ ਹੋ ਰਹੇ ਪਰਵਾਸ ਦੇ ਤੁਲਨਾਵੀ ਪਰਿਪੇਖ ਵਿਚ ਇਹ ਨਾਵਲ ਪੰਜਾਬ ਪਰਵਾਸ ਦੇ ਇਕ ਦੌਰ ਦਾ ਸਭਿਆਚਾਰਕ ਦਸਤਾਵੇਜ਼ ਹੈ। ਇਹ ਉਸ ਦੌਰ ਦੀ ਕਥਾ ਹੈ, ਜਿਸ ਵਿਚ ਪਰਵਾਸ ਕਰ ਗਏ ਪੰਜਾਬੀ ਬੰਦੇ ਦਾ ਆਪਣੀ ਧਰਤੀ ਨਾਲ ਰਿਸ਼ਤਾ ਡਾਹਢਾ ਪੀਡਾ ਸੀ। ਇਕ ਦੌਰ ਵਿਸ਼ੇਸ਼ ਦੀ ਪੇਸ਼ਕਾਰੀ ਕਾਰਨ ਇਸ ਨਾਵਲ ਦਾ ਇਤਿਹਾਸਕ ਮੁੱਲ ਹੈ। ਇਸ ਨਾਲ ਬੀਤੇ ਦਾ ਪਤਾ ਲੱਗਦਾ ਹੈ। ਕੀ ਗੁਆ ਲਿਆ ਹੈ, ਕਿਵੇਂ ਬਦਲ ਗਏ ਹਾਂ, ਜ਼ਿੰਦਗੀ ਦੀ ਤੋਰ ਕਿਸ ਰੁਖ ਹੋ ਗਈ ਹੈ, ਇਸ ਦੀਆਂ ਪਰਤਾਂ ਉਘੜਦੀਆਂ ਹਨ। ਇਹ ਨਾਵਲ ਇਕ ਅਨੁਭਵ ਅਤੇ ਇਕ ਯਾਦ ਹੈ। ਇਹ ਨਾਵਲ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਕਰਵਾਉਂਦਾ ਹੈ ਕਿ ਸਾਡੇ ਪੰਜਾਬੀਆਂ ਨੇ ਜ਼ਿੰਦਗੀ ਨੂੰ ਬੇਹਤਰ ਬਣਾਉਣ ਲਈ ਡਾਹਢੇ ਮੁੱਲ ਤਾਰੇ ਹਨ। ਇਹ ਇਸ ਗੱਲ ਦੀ ਵੀ ਪੇਸ਼ੀਨਗੋਈ ਹੈ ਕਿ ਭਵਿੱਖ ਦੇ ਪਰਵਾਸੀ ਵੀ ਡਾਹਢੇ ਮੁੱਲ ਤਾਰਨਗੇ।

ਨਾਵਲ 'ਰਿਜ਼ਕ' ਪਾਤਰ ਬੰਤ ਸਿੰਘ ਅਤੇ ਉਸ ਦੇ ਚੌਗਿਰਦੇ ਦੀ ਕਹਾਣੀ ਹੈ। ਸਾਧਾਰਨ ਕਿਸਾਨੀ ਪਰਿਵਾਰ ਵਿਚ ਜਨਮਿਆ ਬੰਤਾ ਜੀਵਨ ਨੂੰ ਬਿਹਤਰ ਬਣਾਉਣ ਦੀ ਸੱਧਰ ਨਾਲ ਜੁਆਨ ਹੁੰਦਾ ਹੈ। ਪੰਜਾਬ ਦੇ ਬਦਲਦੇ ਹਾਲਾਤ ਛੇਤੀ ਹੀ ਉਸ ਦੀ ਇਸ ਸੱਧਰ ਨੂੰ ਘੁਣ ਵਾਂਗ ਲੱਗ ਜਾਂਦੇ ਹਨ। ਕਮਿਊਨਿਸਟ ਲਹਿਰ ਕਾਰਨ ਕਾਲਜ ਛੁੱਟ ਜਾਂਦਾ ਹੈ ਅਤੇ ਸਿੱਖ ਮਿਲੀਟੈਂਸੀ ਕਾਰਨ ਪੰਜਾਬ/ਭਾਰਤ ਛੁੱਟ ਜਾਂਦਾ ਹੈ। ਆਪਣੀ ਧਰਤੀ ਦੇ ਡਰ ਬੇਗਾਨੀਆਂ ਧਰਤੀਆਂ ਦੇ ਡਰਾਂ ਵੱਸ ਪਾ ਦਿੰਦੇ ਹਨ। ਪਰਿਵਾਰ ਛੁੱਟ ਜਾਂਦਾ ਹੈ, ਅਣਖ ਰੁਲ਼ ਜਾਂਦੀ ਹੈ। ਘਰ, ਪਿੰਡ, ਰਿਸ਼ਤੇ ਅਤੇ ਕਦਰਾਂ ਯਾਦਾਂ ਵਿਚ ਵੱਸਣ ਲੱਗਦੇ ਹਨ। ਯਾਦਾਂ ਬੇਗਾਨਿਆਂ ਵਿਚ ਰਹਿੰਦਿਆਂ ਜਿਉਂਦੇ ਹੋਣ ਦਾ ਅਹਿਸਾਸ ਤੇ ਧਰਵਾਸ ਦਿੰਦੀਆਂ ਹਨ। ਬੇਗਾਨਿਆਂ ਵਿਚ ਕੁਝ ਲੋਕ ਆਪਣਿਆਂ ਜਿਹੇ ਵੀ ਮਿਲਦੇ ਹਨ। ਕੁਝ ਪਲਾਂ ਲਈ ਜੀਵਨ ਸੁਖਦ ਹੁੰਦਾ ਹੈ। ਪਰ ਬੇਗਾਨਗੀ ਲਗਾਤਾਰ ਜੀਵਨ ਨੂੰ ਗਹਿਰੀ ਧੁੰਦ ਵਾਂਗ ਘੇਰੀ ਰੱਖਦੀ ਹੈ। ਇਸ ਵਿਚ ਕੁਝ ਵੀ ਸਾਫ਼ ਦਿਖਾਈ ਨਹੀਂ ਦਿੰਦਾ। ਡਰ ਅਤੇ ਅਸੁਰੱਖਿਆ ਜੀਵਨ ਨੂੰ ਖੋਰਦੇ ਰਹਿੰਦੇ ਹਨ। ਪਰਵਾਸ ਜ਼ਿੰਦਗੀ ਨੂੰ ਸੂਤ ਕੇ ਰੱਖ ਦਿੰਦਾ ਹੈ।

ਬੰਤ ਸਿੰਘ ਦੇ ਗ਼ੈਰ-ਕਨੂੰਨੀ ਪਰਵਾਸ ਹੰਢਾਉਣ ਦੀ ਇਹ ਕਥਾ ਪਰਵਾਸੀ ਬੰਦੇ ਹਿੱਸੇ ਆਈਆਂ ਸੰਵੇਦਨਾਵਾਂ ਦਾ ਜਮ੍ਹਾਂ-ਜੋੜ ਹੈ। ਬੰਤ ਸਿੰਘ ਬਹੁਤ ਔਖੇ ਰਸਤਿਆਂ ਅਤੇ ਔਖੇ ਪਲਾਂ/ਅਹਿਸਾਸਾਂ ਚੋਂ ਗੁਜ਼ਰਕੇ ਅਮਰੀਕਾ ਪਹੁੰਚਦਾ ਹੈ। ਘਰ ਤੋਂ ਅਮਰੀਕਾ ਤੱਕ ਦਾ ਸਫ਼ਰ ਮੌਤ ਦੇ ਸਾਏ ਹੇਠ ਬੀਤਦਾ ਹੈ। ਇਹ ਸਫ਼ਰ ਪਰਵਾਸ ਦੇ ਅਮਾਨਵੀ ਪਹਿਲੂਆਂ ਨੂੰ ਉਭਾਰਦਾ ਹੈ। ਜੀਵਨ ਨੂੰ 'ਬਿਹਤਰ' ਬਣਾਉਣ ਦੇ ਇਸ ਸਫ਼ਰ ਵਿਚ ਬੰਦਾ ਕਈ ਮੌਤਾਂ ਮਰਦਾ ਹੈ। ਆਪਣੀ ਧਰਤੀ ਦੇ ਸਾਰੇ ਮਾਣ-ਤਰਾਣ ਇਸ ਸਫ਼ਰ ਦੀ ਭੇਂਟ ਚੜ੍ਹ ਜਾਂਦੇ ਹਨ। ਬੰਤੇ ਅਤੇ ਉਸ ਦੇ ਹਮ-ਸਫ਼ਰਾਂ ਨੂੰ ਡਰਾਵਣੇ ਤੌਖ਼ਲਿਆਂ ਦੇ ਤਿੱਖੇ ਨਛਤਰ ਵਿੰਨ੍ਹ ਕੇ ਰੱਖ ਦਿੰਦੇ ਹਨ। ਸਖ਼ਤ ਮਜ਼ਦੂਰੀ ਕਰਨੀ ਪੈਂਦੀ ਹੈ। ਬੰਦ ਟੈਂਕਰਾਂ ਵਿਚ ਸਮਗਲ ਹੋਣਾ ਪੈਂਦਾ ਹੈ। ਰਾਤ-ਬਰਾਤੇ ਦਰਿਆਵਾਂ ਵਿਚੋਂ ਗੁਜ਼ਰਨਾ ਪੈਂਦਾ

ਹੈ। ਜੰਗਲਾਂ ਦੀ ਮਾਰ ਸਹਿਣੀ ਪੈਂਦੀ ਹੈ। ਮਾਰੂ ਜਾਨਵਰਾਂ ਦੇ ਰਾਹਾਂ 'ਚੋਂ ਲੰਘਣਾ ਪੈਂਦਾ ਹੈ। ਮੌਤ ਰਸਤੇ ਵਿਚ ਹੀ ਜੈਲੇ ਜਲੰਧਰੀ ਨੂੰ ਦਬੋਚ ਲੈਂਦੀ ਹੈ। ਜ਼ਿੰਦਗੀ ਨੂੰ ਬਿਹਤਰ ਬਣਾਉਣ ਦਾ ਸਫ਼ਰ ਜ਼ਿੰਦਗੀ ਨੂੰ ਖ਼ਤਮ ਕਰ ਦਿੰਦਾ ਹੈ। ਬੰਤੇ ਸਮੇਤ ਬਚੇ ਬਾਕੀ ਜਣੇ, ਪਾਣੀ ਅਤੇ ਖਾਣੇ ਲਈ ਤਰਸਦੇ, ਜਿਵੇਂ ਕਿਵੇਂ ਅਮਰੀਕਾ ਦਾਖ਼ਲ ਵਿਚ 'ਕਾਮਯਾਬ' ਹੋ ਜਾਂਦੇ ਹਨ। ਅਮਰੀਕਾ ਦਾਖ਼ਲੇ ਨਾਲ ਪੀੜ ਦਾ ਇਕ ਸਫ਼ਰ ਖ਼ਤਮ ਹੁੰਦਾ ਹੈ ਤੇ ਨਵਾਂ ਸ਼ੁਰੂ ਹੋ ਜਾਂਦਾ ਹੈ।

ਅਮਰੀਕਾ ਪਹੁੰਚ ਬੰਤਾ ਸਿੰਘ ਆਪਣੇ ਹੀ ਰਿਸ਼ਤੇਦਾਰ ਸੱਜਨ ਸਿੰਘ ਦੀ ਲੁੱਟ ਦਾ ਸ਼ਿਕਾਰ ਹੁੰਦਾ ਹੈ। ਸੱਜਨ ਉਸ ਨੂੰ ਸਿਰਫ਼ ਗੁਜ਼ਾਰੇ ਜੋਗੀ ਰੋਟੀ ਬਦਲੇ ਵਗਾਰੀ ਬਣਾ ਰੱਖਦਾ ਹੈ। ਗ਼ੈਰ-ਕਾਨੂੰਨੀ ਹੋਣ ਕਾਰਨ ਉਹ ਧੱਕੇ ਨੂੰ ਸਹਾਰੀ ਜਾਂਦਾ ਹੈ। ਕਈ ਮਹੀਨੇ ਦੀ ਵਗਾਰ ਤੋਂ ਬਾਅਦ ਉਸ ਨੂੰ ਇਕਦਮ ਵਰਕਸ਼ਾਪ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਬੰਤ ਸਿੰਘ ਰੁਲ਼ਦਾ-ਖੁਲ਼ਦਾ ਗੁਰਦੁਆਰੇ ਰਾਤ ਕੱਟਦਾ ਹੈ। ਨਾਵਲ ਦੀ ਕਥਾ ਬੰਤ ਸਿੰਘ ਦੇ ਇਸ ਜੀਵਨ-ਅੰਸ਼ ਰਾਹੀਂ ਪਰਵਾਸੀ ਪੰਜਾਬੀਆਂ ਦੀ ਆਪਣੇ ਹੀ ਭਾਈਬੰਦਾਂ ਵੱਲੋਂ ਕੀਤੀ ਜਾਂਦੀ ਲੁੱਟ ਨੂੰ ਚਿੰਨ੍ਹਤ ਕਰਦੀ ਹੈ। ਰਿਸ਼ਤੇਦਾਰਾਂ ਤੋਂ ਲੈ ਕੇ ਵਕੀਲਾਂ ਤੱਕ ਸਭ ਇਸ ਲੁੱਟ ਵਿਚ ਸ਼ਾਮਿਲ ਹੁੰਦੇ ਹਨ। ਪਰਵਾਸ ਭਾਈਚਾਰਕ ਸਾਂਝ ਨੂੰ ਨਦਾਰਦ ਕਰ ਦਿੰਦਾ ਹੈ। ਬੰਦੇ ਲਈ ਹੋਰ ਸਭ ਕਾਸੇ ਨਾਲੋਂ ਡਾਲਰ ਬਚਾਉਣਾ ਤੇ ਕਮਾਉਣਾ ਅਹਿਮ ਹੋ ਜਾਂਦਾ ਹੈ।

ਨਾਵਲ ਵਿਚ ਬੰਤ ਸਿੰਘ ਨੂੰ ਅਮਰੀਕਾ ਵਿਚ ਬਾਬਾ ਖ਼ਜ਼ਾਨ ਸਿੰਘ ਵਰਗੇ ਕੁਝ ਰਹਿਮ ਦਿਲ ਦਾਨੇ ਪੁਰਸ਼ ਵੀ ਮਿਲ਼ਦੇ ਹਨ। ਗਦਰ ਲਹਿਰ ਦਾ ਅੰਗ ਰਿਹਾ ਬਾਬਾ ਖ਼ਜ਼ਾਨ ਨਵੇਂ ਆਏ ਪੰਜਾਬੀਆਂ ਨੂੰ ਮੁਫ਼ਤ ਕਾਰ ਸਿਖਾਉਂਦਾ ਹੈ। ਕੰਮ ਲੱਭਣ ਵਿਚ ਉਨ੍ਹਾਂ ਦੀ ਸਹਾਇਤਾ ਕਰਦਾ ਹੈ। ਖ਼ਜ਼ਾਨ ਸਿੰਘ ਦੀ ਮਦਦ ਨਾਲ ਹੀ ਬੰਤ ਸਿੰਘ ਨੂੰ ਨੌਕਰੀ ਮਿਲ਼ਦੀ ਹੈ। ਬੰਤ ਸਿੰਘ ਨੂੰ ਮੇਵਾ ਸਿੰਘ ਅਤੇ ਨੈਬੇ ਵਰਗੇ ਦੋਸਤ ਵੀ ਮਿਲ਼ਦੇ ਹਨ। ਇਨ੍ਹਾਂ ਦੀ ਦੋਸਤੀ ਪਰਵਾਸ ਵਿਚ ਕੁਝ ਧਰਵਾਸ ਵੀ ਬਣਦੀ ਹੈ। ਬਾਬਾ ਖ਼ਜ਼ਾਨ ਸਿੰਘ, ਮੇਵਾ ਸਿੰਘ ਅਤੇ ਨੈਬੇ ਦੀ ਮੌਜੂਦਗੀ ਭਾਈਚਾਰਕ ਸਾਂਝ ਦੇ ਬਚੇ ਹੋਣ ਨੂੰ ਚਿੰਨ੍ਹਤ ਕਰਦੀ ਹੈ। ਪਰ ਭਾਰੂ ਰੂਪ ਵਿਚ ਸਥਿਤੀ ਦਾ ਸੱਚ ਭਾਈਬੰਦਾਂ ਦੀਆਂ ਵਿਰੋਧਤਾਵਾਂ ਦਾ ਹੀ ਹੈ। ਇਸ ਵਿਚ ਆਪਸੀ ਈਰਖਾ ਇਕ ਵੱਡੀ ਬਿਰਤੀ ਵਜੋਂ ਮੌਜੂਦ ਹੈ।[1] ਬੰਤੇ ਨੂੰ ਉਸ ਦੇ ਆਪਣੇ ਭਾਈਬੰਦਾਂ ਵੱਲੋਂ ਬਹੁਤ ਚੋਭਾਂ ਲਾਈਆਂ ਜਾਂਦੀਆਂ ਹਨ। ਚੋਭਾਂ ਪਰਵਾਸੀ ਪੰਜਾਬੀਆਂ ਦੇ ਦੋਗਲੇ ਚਰਿੱਤਰ ਨੂੰ ਉਭਾਰਦੀਆਂ ਹਨ। ਈਰਖਾ ਅਤੇ ਦੋਗਲਾਪਣ ਬੇਗਾਨੀਆਂ ਧਰਤੀਆਂ ’ਤੇ ਪੂੰਜੀ ਕੇਂਦਰਤ ਜਿਉਣ-ਜਾਚ ਦਾ ਲਾਜ਼ਮੀ ਪ੍ਰਤਿਫ਼ਲ ਹੈ। ਪੂੰਜੀ-ਕੇਂਦਰੀਅਤਾ ਮੁਕਾਬਲੇ ਨੂੰ ਜਨਮ ਦਿੰਦੀ ਹੈ। ਮੁਕਾਬਲਾ ਕਿਉਂਕਿ ਆਪਣਿਆਂ ਨਾਲ ਹੀ ਹੁੰਦਾ ਹੈ, ਇਸ ਕਾਰਨ ਈਰਖਾ ਅਤੇ ਦੋਗਲਾਪਣ ਪਨਪਦਾ ਹੈ। ਪਰਵਾਸੀ ਬੰਦੇ ਦੀ ਜ਼ਿੰਦਗੀ ਦਾ ਲੰਮਾ ਸਮਾਂ ਡਾਲਰਾਂ ਦੇ ਜਮਾ-ਘਟਾਓ ਵਿਚ ਬੀਤਦਾ ਹੈ। ਇਹ ਸਮਾਂ ਉਸ ਦੇ ਨੈਤਿਕ/ਸਭਿਆਚਾਰਕ ਆਪੇ ਨੂੰ ਕਿਤੇ ਪਿਛਾਂਹ ਧੱਕ ਦਿੰਦਾ ਹੈ।

ਪਰਵਾਸ ਦੀਆਂ ਤੰਦਾਂ ਦੀ ਬਾਤ ਪਾਉਂਦਾ ਇਹ ਨਾਵਲ ਪਰਵਾਸੀ ਦੇ ਮੂਲਵਾਸ ਨਾਲ ਸੰਬੰਧਾਂ ਦੀ ਅਹਿਮੀਅਤ ਨੂੰ ਉਭਾਰਦਾ ਹੈ। ਬੰਤਾ ਸਿੰਘ ਅਤੇ ਹੋਰ ਪਾਤਰਾਂ ਦੇ ਜੀਵਨ-ਸੰਦਰਭਾਂ ਰਾਹੀਂ ਪਰਵਾਸ (ਵਰਤਮਾਨ) ਅਤੇ ਮੂਲਵਾਸ (ਅਤੀਤ) ਦੇ ਸੰਵਾਦ ਨੂੰ ਚਿਤਰਿਆ ਗਿਆ ਹੈ। ਅਤੀਤ, ਇਤਿਹਾਸ ਅਤੇ ਸਿਮ੍ਰਤੀਆਂ ਦੀ ਸੰਯੁਕਤੀ ਹੈ। ਪਰਵਾਸੀ ਬੰਦੇ ਦੇ ਮਾਮਲੇ ਵਿਚ ਇਹ ਬਹੁਤ ਅਹਿਮ ਹੈ। ਬੇਗਾਨੀ ਧਰਤੀ ’ਤੇ ਹੋਣ ਕਾਰਨ ਪਰਵਾਸੀ ਦਾ ਵਰਤਮਾਨ ਨਾਲ ਨਾਤਾ ਕਮਜ਼ੋਰ ਹੁੰਦਾ ਹੈ। ਪੂੰਜੀ-ਕੇਂਦਰੀਅਤਾ ਪਰਵਾਸੀ ਬੰਦੇ ਦੇ ਵਰਤਮਾਨ ਨਾਲ ਕਮਜ਼ੋਰ ਨਾਤੇ ਲਈ ਜ਼ਿੰਮੇਵਾਰ ਹੁੰਦੀ ਹੈ। ਵਰਤਮਾਨ ਨਾਲ ਬੇਗਾਨਗੀ ਪਰਵਾਸੀ ਬੰਦੇ ਨੂੰ ਮੂਲਵਾਸ ਦੀਆਂ ਯਾਦਾਂ ਵੱਲ ਮੋੜਦੀ ਹੈ। ਮੂਲਵਾਸ ਦੀਆਂ ਵੰਨ-ਸੁਵੰਨੀਆ ਯਾਦਾਂ ਉਸ ਦੇ ਵਰਤਮਾਨ ਵਿਚ ਰੰਗ ਭਰਦੀਆਂ ਹਨ। ਉਸ ਦੇ ਹੋਣੇ ਨੂੰ ਅਸਤਿਤਵਕ ਅਤੇ ਸਮਾਜ-ਸਭਿਆਚਾਰਕ ਪਰਤਾਂ ਨਾਲ ਲਬਰੇਜ਼ ਕਰਦੀਆਂ ਹਨ। ਮੂਲਵਾਸ ਦੀਆਂ ਯਾਦਾਂ ਵਿਚਲਾ ਭਾਵੁਕ ਤਹੱਮਲ ਅਤੇ ਭਾਈਚਾਰਕ ਸਹਿਯੋਗ ਜੀਵਨ ਨੂੰ ਅਰਥ ਦਿੰਦਾ ਹੈ। ਅਰਥਪੂਰਨ ਹੋਣ ਦਾ ਅਹਿਸਾਸ ਜੀਵਨ ਨੂੰ ਜਿਉਣਯੋਗਾ ਕਰਦਾ ਹੈ।

ਮੂਲਵਾਸ ਜਦੋਂ ਜਿਉਣਵਾਸ ਹੁੰਦਾ ਸੀ, ਉਦੋਂ ਉਹ ਸੈਆਂ ਮੁਸੀਬਤਾਂ ਨਾਲ ਭਰਿਆ ਹੋਇਆ ਸੀ। ਬੰਤ ਸਿੰਘ ਜਦੋਂ ਪੰਜਾਬ ਸੀ ਤਾਂ ਉਸ ਸਮੇਤ ਸਾਰੇ ਪਰਿਵਾਰ ਦਾ ਜੀਵਨ ਬਹੁਤ ਔਖਾ ਸੀ। ਪਰ ਆਪਣੀ ਜੰਮਣ-ਭੋਇੰ ਤੇ ਮੁਸੀਬਤਾਂ ਭੋਗਦਿਆਂ ਬਹੁਤ ਕੁਝ ਅਜਿਹਾ ਵੀ ਮੌਜੂਦ ਸੀ, ਜਿਸ ਆਸਰੇ ਜੀਵਨ ਦੇ ਮਾਅਨੇਖ਼ੇਜ਼/ਲੋੜੀਂਦਾ ਹੋਣ ਦਾ ਅਹਿਸਾਸ ਤੀਬਰ ਰਹਿੰਦਾ ਸੀ। ਜੰਮਣ-ਭੋਇੰ ਵਿਚ ਮੌਜੂਦ ਭਾਵੁਕ ਸਮਰੱਥਾ, ਪਰਿਵਾਰਕ ਸਹਿਯੋਗ ਅਤੇ ਭਾਈਚਾਰਕ ਤੰਦਾਂ ਜੀਵਨ ਨੂੰ ਜਿਉਣ-ਯੋਗਾ ਬਣਾਈ ਰੱਖਦੇ ਸਨ। ਮੂਲਵਾਸ ਦੀਆਂ ਔਖਾਂ, ਪਛਾਣ ਦੇ

ਸੰਕਟਾਂ ਤੋਂ ਬਹੁਤ ਉਰਾਂ ਹੀ ਹੁੰਦੀਆਂ ਸਨ। ਬੇਗਾਨੀ ਧਰਤੀ 'ਤੇ ਬੰਦੇ ਦੀ ਪਛਾਣ ਹੀ ਸੰਕਟ ਵਿਚ ਘਿਰ ਜਾਂਦੀ ਹੈ। ਪਰਵਾਸ ਵਿਚ ਪਛਾਣ ਦੇ ਆਧਾਰ-ਤੱਤ ਜਾਂ ਤਾਂ ਨਦਾਰਦ ਹੁੰਦੇ ਹਨ ਜਾਂ ਨਿਗੂਣੇ। ਇਸ ਸਥਿਤੀ ਵਿਚ ਪਰਵਾਸੀ ਦਾ ਮੂਲਵਾਸ ਨੂੰ ਸਿਮਰਨਾ ਧਰਵਾਸ ਬਣਦਾ ਹੈ। ਮੂਲਵਾਸ ਦੀ ਯਾਦ ਆਪਣੀ ਪਛਾਣ ਨੂੰ ਬਚਾਉਣ ਦੀ ਜੁਗਤ ਬਣ ਜਾਂਦੀ ਹੈ। ਬੰਤ ਸਿੰਘ ਪੰਜਾਬ ਦੀਆਂ, ਪਿੰਡ ਦੀਆਂ, ਬੇਬੇ-ਬਾਪੂ ਦੀਆਂ ਗੱਲਾਂ ਨੂੰ ਵਾਰ-ਵਾਰ ਯਾਦ ਕਰਦਾ ਹੈ।[2] ਇਹ ਯਾਦਾਂ ਉਸ ਦੇ ਜੀਵਨ ਵਿਚ ਨਿੱਘ ਬਣਾਈ ਰੱਖਦੀਆਂ ਹਨ।

ਮੂਲਵਾਸ ਦੀ ਸਿਮ੍ਰਤੀਆਂ ਇੱਛਾਵਾਂ, ਉਮੀਦਾਂ ਨੂੰ ਵੀ ਜਿਉਂਦਾ ਰੱਖਦੀਆਂ ਹਨ। ਵਰਤਮਾਨ ਦਾ ਅਨੁਭਵ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਪਰ ਅਤੀਤ ਦੀ ਤੁਲਨਾ ਵਿਚ ਔਖ ਤੋਂ ਸੌਖ ਵੱਲ ਜਾਣ ਦੀ ਕਾਮਨਾ ਕਦੇ ਨਹੀਂ ਮਰਦੀ। ਇਹ ਕਾਮਨਾ ਭਵਿੱਖ ਦੇ ਚੰਗੇਰੇ ਹੋਣ ਦੀ ਆਸ ਬਣਾਉਂਦੀ ਹੈ। ਬੰਤ ਸਿੰਘ ਚੰਗੇਰੇ ਜੀਵਨ ਦਾ ਸੁਪਨਾ ਪਹਿਲਾਂ ਪੰਜਾਬ ਰਹਿੰਦਿਆਂ ਪੂਰਾ ਕਰਨਾ ਚਾਹੁੰਦਾ ਹੈ, ਪਰ ਸੰਭਵ ਨਹੀਂ ਹੁੰਦਾ। ਨੱਬੇਵਿਆਂ ਦੀ ਹਿੰਸਾ ਉਸ ਨੂੰ ਪੰਜਾਬ ਛੱਡਣ ਲਈ ਮਜਬੂਰ ਕਰ ਦਿੰਦੀ ਹੈ। ਅਮਰੀਕਾ ਸੁਪਨਿਆਂ ਦੀ ਪੂਰਤੀ ਦਾ ਨਵਾਂ ਸਰੋਤ ਬਣਦਾ ਹੈ। ਨਵਾਂ ਸੁਪਨਾ ਰਾਹ ਦੀਆਂ ਸਾਰੀਆਂ ਤਕਲੀਫ਼ਾਂ ਨੂੰ ਜਰ ਜਾਣ ਦਾ ਬਲ ਦਿੰਦਾ ਹੈ। ਰਾਹ 'ਚ ਖ਼ੌਫ਼/ਮੌਤ ਮਿਲ਼ਦੇ ਹਨ। ਪਰ ਆਸ ਨਹੀਂ ਮਰਦੀ । ਅਮਰੀਕਾ ਪਹੁੰਚ ਹੋਰ ਨਵੇਂ ਖ਼ੌਫ਼ ਘੇਰ ਲੈਂਦੇ ਹਨ। ਅਮਰੀਕਾ ਵਿਚੋਂ ਕੱਢ ਦਿੱਤੇ ਜਾਣ ਦਾ ਡਰ ਜੀਵਨ ਨੂੰ ਅੱਧਾ ਕਰੀ ਰੱਖਦਾ ਹੈ। ਇਹ ਡਰ ਅੱਗੋਂ ਹੋਰ ਡਰਾਂ ਨੂੰ ਜਨਮ ਦਿੰਦਾ ਹੈ। ਡਰ ਕਾਰਨ ਜਿਉਣਾ ਨਿਗੂਣਾ ਬਣ ਜਾਂਦਾ ਹੈ। ਇਸ ਨਿਗੂਣੇਪਣ ਨੂੰ ਮੂਲਵਾਸ ਨਾਲ ਜੁੜੀਆਂ ਅਖਾਂਕਿਆਵਾਂ ਘੱਟ ਕਰਦੀਆਂ ਹਨ।

ਬੰਤ ਸਿੰਘ ਅਮਰੀਕਾ ਵਿਚ ਪੱਕਾ ਹੋ ਜਾਂਦਾ ਹੈ। ਡਰ ਦੀ ਜਗ੍ਹਾ ਸੁਪਨਮਈ ਇੱਛਾਵਾਂ ਲੈ ਲੈਂਦੀਆਂ ਹਨ। ਇੱਛਾਵਾਂ ਦੇ ਓਹਲੇ ਡਰ ਤਪਣ ਲੱਗਦਾ ਹੈ। ਪਰਿਵਾਰ ਨੂੰ ਅਮਰੀਕਾ ਬੁਲਾਉਣ ਦੀ ਇੱਛਾ ਮੂੰਹ-ਜ਼ੋਰ ਹੋ ਜਾਂਦੀ ਹੈ। ਇਸ ਇੱਛਾ ਦੀ ਅਸਫ਼ਲਤਾ ਦੀ ਸ਼ੰਕਾ ਡਰ ਨੂੰ ਜਨਮ ਦਿੰਦੀ ਹੈ। ਪਰਿਵਾਰ ਅਮਰੀਕਾ ਪਹੁੰਚ ਜਾਂਦਾ ਹੈ, ਫੇਰ ਘਰ ਲੈਣ ਦੀ, ਬੱਚਿਆਂ ਨੂੰ ਵਿਆਹੁਣ ਦੀ ਕਾਮਨਾ ਅੰਗੜਾਈਆਂ ਲੈਣ ਲੱਗਦੀ ਹੈ। ਇਸ ਕਾਮਨਾ ਦੇ ਓਹਲੇ ਵੀ ਡਰ ਮਘਦਾ ਹੈ। ਪਰਵਾਸ ਵਿਚ ਸੁਪਨੇ ਅਤੇ ਡਰ ਦੀ ਖੇਡ ਲਗਾਤਾਰ ਬਿਨਾ ਰੁਕੇ ਚਲਦੀ ਰਹਿੰਦੀ ਹੈ। ਬੰਤ ਸਿੰਘ ਦੀ ਜ਼ਿੰਦਗੀ ਇਸੇ ਖੇਡ ਨੂੰ ਹੰਢਾਉਂਦੀ ਹੈ। ਸੁਪਨੇ ਅਤੇ ਡਰ ਦੀ ਖੇਡ ਤਾਂ ਮੂਲਵਾਸ ਵਿਚ ਵੀ ਚੱਲਦੀ ਹੈ, ਪਰ ਪਰਵਾਸ ਦੀ ਧਰਤੀ 'ਤੇ ਇਹ ਖੇਡ ਬੰਦੇ ਨੂੰ ਅੰਦਰੋਂ ਕਮਜ਼ੋਰ ਕਰ ਦਿੰਦੀ ਹੈ। ਨਾਵਲ ਪਰਵਾਸ ਨੂੰ ਪੂਰਤੀ ਨਾਲੋਂ ਅਪੂਰਤੀ ਦੀ ਥਾਂ ਵਜੋਂ ਵਧੇਰੇ ਸੰਚਾਰਦਾ ਹੈ। ਨਾਵਲ ਵਿਚ ਜਿੰਨੇ ਵੀ ਪਾਤਰ ਪਰਵਾਸੀ ਹਨ, ਸਾਰੇ ਕਿਸੇ ਇਕ ਜਾਂ ਦੂਜੀ ਅਪੂਰਤੀ ਕਾਰਨ ਮਾਨਸਿਕ ਤੱਜ਼ਾਦ ਦਾ ਸ਼ਿਕਾਰ ਹਨ। ਨਾਵਲ ਇਸ ਧੁਨੀ ਨੂੰ ਵੀ ਸੰਚਾਰਦਾ ਹੈ ਕਿ ਪਰਵਾਸ ਨਾਲ ਜੁੜੀ 'ਸਫ਼ਲਤਾ' ਦਾ ਮੁੱਲ ਬਹੁਤ ਜ਼ਿਆਦਾ ਹੈ। ਨਾਵਲ ਵਿਚ ਬੰਤ ਸਿੰਘ ਸਮੇਤ ਵਿਭਿੰਨ ਪਾਤਰਾਂ ਦੇ ਅਸਤਿਤਵਕ ਸੰਕਟ ਇਸ ਪ੍ਰਸੰਗ ਵਿਚ ਤਫ਼ਸੀਲ ਬਣਦੇ ਹਨ।

ਨਾਵਲ ਪਰਵਾਸ ਦੀ ਸੁਪਨਮਈਤਾ ਦੇ ਸਨਮੁੱਖ ਪਰਵਾਸ ਦੇ ਅਨੁਭਵ ਨੂੰ ਚਿਤਰਨ ਦੀ ਕੋਸ਼ਿਸ਼ ਹੈ। ਇਹ ਨਾਵਲ ਸੁਝਾਉਂਦਾ ਹੈ ਕਿ ਪਰਵਾਸ ਦਾ ਸੁਪਨਾ ਅਤੇ ਪਰਵਾਸ ਦਾ ਅਨੁਭਵ ਦੋ ਬਹੁਤ ਅਲੱਗ-ਅਲੱਗ ਚੀਜ਼ਾਂ ਹਨ। ਪਰਵਾਸ ਦਾ ਸੁਪਨਾ ਤਾਂ ਪੰਜਾਬੀਆਂ ਦੀ ਚੇਤਨਾ ਵਿਚ ਡੂੰਘਾ ਹੈ, ਪਰ ਪਰਵਾਸ ਦੇ ਯਥਾਰਥ ਦਾ ਅਨੁਭਵ ਚੇਤਨਾ ਦਾ ਹਿੱਸਾ ਨਹੀਂ ਬਣ ਸਕਿਆ ਹੈ। ਪਰਵਾਸ ਦੇ ਯਥਾਰਥ ਦੇ ਸਨਮੁੱਖ ਸੁਪਨੇ ਦੀ ਅੰਨ੍ਹੀ ਤਾਕਤ ਕਾਰਨ ਹੀ ਬੰਤ ਸਿੰਘ ਦਾ ਕੁੜਮ ਆਪਣੀ ਛੋਟੀ ਧੀ ਨੂੰ ਹਰ ਹਾਲ ਅਮਰੀਕਾ ਪਹੁੰਚਾਉਣਾ ਚਾਹੁੰਦਾ ਹੈ। ਉਹ ਇਸ ਲਈ ਪਰੰਪਰਕ ਨੈਤਿਕਤਾ ਨੂੰ ਵੀ ਸਹਿਜੇ ਹੀ ਦਾਅ 'ਤੇ ਲਾ ਦਿੰਦਾ ਹੈ। ਇਹ ਸੁਪਨੇ ਦੀ ਚੜ੍ਹਤ ਹੈ ਕਿ ਇਸ ਅੱਗੇ ਅਨੁਭਵ ਅਣਗੌਲ਼ਿਆ ਕਰ ਦਿੱਤਾ ਜਾਂਦਾ ਹੈ। ਅਨੁਭਵ ਦਾ ਇਹ ਅਣਗੌਲ਼ਾਪਣ ਅੱਗੋਂ ਦੁੱਖਾਂ ਦੀ ਲੰਮੀ ਤਾਣੀ ਤਣਦਾ ਹੈ। ਇਹ ਨਾਵਲ ਪਰਵਾਸੀ ਅਨੁਭਵ ਨੂੰ ਗੌਲ਼ਣਯੋਗ ਬਣਾ ਕੇ ਦੁਖਾਂ ਦੀ ਲੰਮੀ ਤਾਣੀ ਨੂੰ ਕੁਝ ਘੱਟ ਕਰਨ ਦੀ ਕੋਸ਼ਿਸ਼ ਹੈ। ਪਰਵਾਸ ਅਤੇ ਪੰਜਾਬ ਦੇ ਸਬੰਧਾਂ ਵਿਚ ਸੁਪਨੇ/ਕਾਮਨਾ ਅੱਗੇ ਪਰਵਾਸ ਦੇ ਅਸਲ ਅਨੁਭਵ ਦਾ ਮਜਬੂਤ ਹੋਣਾ ਬੇਹੱਦ ਜ਼ਰੂਰੀ ਹੈ।

ਅਨੁਭਵ ਦੀ ਮਜਬੂਤੀ ਹੀ ਮਿੱਥ ਨੂੰ ਤੋੜ ਸਕਦੀ ਹੈ। ਨਾਵਲ ਪਰਵਾਸ ਦੇ ਔਖੇ ਅਨੁਭਵਾਂ ਨੂੰ ਜ਼ੁਬਾਨ ਦਿੰਦਾ ਅਨੁਭਵ ਦੀ ਮਜਬੂਤੀ ਬਣਦਾ ਹੈ। ਇਹ ਮਜਬੂਤੀ ਪਰਵਾਸ ਦੀ ਸੁਪਨਮਈ ਮਿੱਥ ਨੂੰ ਕੁਝ ਨਾ ਕੁਝ ਟੱਕਰ ਤਾਂ ਦਿੰਦੀ ਹੀ ਹੈ। ਬੇਸ਼ੱਕ ਇਸ ਨਾਲ ਪਰਵਾਸ ਦਾ ਸੁਪਨਾ ਮੱਧਮ ਨਹੀਂ ਪੈਣਾ, ਪਰ ਇਸ ਨਾਲ ਸ਼ਾਇਦ ਕੁਝ ਅੱਖਾਂ ਜ਼ਰੂਰ ਖੁੱਲ੍ਹ ਜਾਣ। ਇਹ ਬੰਦੇ ਨੂੰ ਇਹ ਸਿਖਾਉਣਾ ਹੈ ਕਿ ਅਨੁਭਵ ਨੂੰ ਸੁਪਨੇ/ਉਮੀਦ ਤੋਂ ਘੱਟ ਥਾਂ ਦੇਣ ਨਾਲ ਸਮਝਦਾਰੀ ਉੱਕ ਜਾਂਦੀ ਹੈ। ਘੱਟ ਸਮਝਦਾਰ ਬੰਦਾ ਹੀ ਅਨੁਭਵ ਤੋਂ ਕਾਮਨਾ/ਸੁਪਨੇ ਨੂੰ ਵੱਧ ਮਹੱਤਵ

ਦਿੰਦਾ ਹੈ। ਇਸ ਦਾ ਭਾਵ ਇਹ ਵੀ ਨਹੀਂ ਕਿ ਸੁਪਨਾ/ਕਾਮਨਾ ਘੱਟ ਮਹੱਤਵਪੂਰਨ ਹੈ, ਬੇਸ਼ੱਕ ਮਹੱਤਵਪੂਰਨ ਹੈ, ਪਰ ਅਨੁਭਵ ਦੀ ਸਮਝ ਤੋਂ ਕੋਰਾ ਸੁਪਨਾ ਆਪਾ-ਮਾਰੂ ਹੁੰਦਾ ਹੈ।

ਇਹ ਨਾਵਲ ਪਰਵਾਸੀ ਬੰਦੇ ਦੇ ਆਪਣੇ ਪਰਿਵਾਰ ਨਾਲ ਸੰਬੰਧਾਂ ਦੀ ਜਟਿਲ ਵਿਆਕਰਨ ਨੂੰ ਵੀ ਪੇਸ਼ ਕਰਦਾ ਹੈ। ਪਰਵਾਸ, ਆਪਣੀ ਅਤੇ ਪਰਿਵਾਰ ਦੀ ਜ਼ਿੰਦਗੀ ਨੂੰ ਸੁਧਾਰਨ ਦੇ ਸੁਪਨੇ ਅਧੀਨ ਨੇਪਰੇ ਚੜ੍ਹਦਾ ਹੈ। ਪਰ ਸਥਿਤੀ ਦੀ ਵਿਡੰਬਨਾ ਹੈ ਕਿ ਪਰਵਾਸ ਪਰਿਵਾਰਕ ਤਾਣੀ ਨੂੰ ਹੀ ਸਭ ਤੋਂ ਵੱਧ ਉਲ਼ਝਾਉਂਦਾ ਹੈ। ਬੰਤ ਸਿੰਘ ਬਾਰਾਂ ਸਾਲਾਂ ਤੋਂ ਵੀ ਵੱਧ ਸਮਾਂ ਪਤਨੀ ਅਤੇ ਬੱਚਿਆਂ ਤੋਂ ਦੂਰ ਰਹਿੰਦਾ ਹੈ। ਉਸ ਨੂੰ ਇਕੱਲੇਪਣ ਦਾ ਸੰਤਾਪ ਹੰਢਾਉਣਾ ਪੈਂਦਾ ਹੈ। ਇਕੱਲਤਾ ਹਮੇਸ਼ਾਂ ਬੁਰੀ ਨਹੀਂ ਹੁੰਦੀ। ਪਰ ਪਰਵਾਸ ਵਿਚ ਇਹ ਬੇਹੱਦ ਬੁਰੀ ਹੁੰਦੀ ਹੈ। ਬੇਗਾਨਿਆਂ ਵਿਚ ਆਪਣਿਆਂ ਤੋਂ ਬੇਬਸੀ ਭਰੀ ਦੂਰੀ ਇਕੱਲਤਾ ਨੂੰ ਸਰਾਪ ਬਣਾ ਦਿੰਦੀ ਹੈ। ਨਾਵਲ ਦਾ ਮੁੱਖ-ਪਾਤਰ ਬੰਤ ਸਿੰਘ ਬੇਬਸੀ ਕਾਰਨ ਬੇਬੇ-ਬਾਪੂ ਦੇ ਆਖਰੀ ਪਲਾਂ ਵਿਚ ਦੂਰ ਬੈਠਾ ਤੜਫ਼ਦਾ ਹੈ। ਉਸ ਨੂੰ ਆਪਣੇ ਬਾਪੂ ਅਤੇ ਬੇਬੇ ਦੇ ਸਸਕਾਰ ਤੇ ਪਹੁੰਚਣਾ ਵੀ ਨਸੀਬ ਨਹੀਂ ਹੁੰਦਾ। ਇਸ ਤਰ੍ਹਾਂ ਹੋਣਾ ਉਸ ਦੀ ਇਕੱਲਤਾ ਨੂੰ ਸ਼ਰਾਪਤ ਕਰ ਦਿੰਦਾ ਹੈ। ਬੇਬੇ-ਬਾਪੂ ਬੰਤੇ ਦੀ ਉਡੀਕ ਵਿਚ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ। ਬੇਬੇ-ਬਾਪੂ ਦੀ ਰੁਖ਼ਸਤੀ ਦਾ ਦਰਦ ਨਾਵਲ ਵਿਚ ਗੂੜ੍ਹਾ ਉਭਰਿਆ ਹੈ।

ਬੰਤ ਸਿੰਘ ਦੇ ਪਰਵਾਸੀ ਹੋਣ ਕਾਰਨ ਉਸ ਦੀ ਪਤਨੀ ਪਿਆਰ ਕੌਰ ਅਲੱਗ ਬਣਵਾਸ ਹੰਢਾਉਂਦੀ ਹੈ। ਸਾਂਝੇ ਘਰ ਵਿਚ ਪਤੀ ਦੀ ਗ਼ੈਰ-ਹਾਜ਼ਰੀ ਉਸ ਨੂੰ ਸਮੇਂ ਤੋਂ ਪਹਿਲਾਂ ਹੀ ਥਕਾ ਦਿੰਦੀ ਹੈ। ਇਸੇ ਕਾਰਨ ਅਮਰੀਕਾ ਤੋਂ ਮੁੜੇ ਬੰਤੇ ਨੂੰ ਉਹ ਪਹਿਲਾਂ ਦੀ ਤਰ੍ਹਾਂ ਪ੍ਰਭਾਵਿਤ ਨਹੀਂ ਕਰਦੀ। ਉਸ ਨੂੰ ਆਪਣੇ ਪਤੀ ਦੇ ਇਕ ਹੋਰ ਵਿਆਹ ਦਾ ਸੱਲ ਵੀ ਸਹਾਰਨਾ ਪੈਂਦਾ ਹੈ। ਬੰਤ ਸਿੰਘ ਨੂੰ ਲੈ ਕੇ ਇਕ ਅਸੁਰੱਖਿਅਤਾ, ਲਗਾਤਾਰ ਉਸ ਦੇ ਅੰਦਰ ਨੂੰ ਖੋਰਦੀ ਰਹਿੰਦੀ ਹੈ। ਪਿਓ ਦੀ ਗ਼ੈਰ-ਹਾਜ਼ਰੀ ਅਤੇ ਬਾਹਰੋਂ ਆਏ ਪੈਸੇ ਕਾਰਨ ਬੰਤ ਸਿੰਘ ਦਾ ਮੁੰਡਾ ਜਿੰਦਰ ਮਾੜੀ ਸੰਗਤ ਵਿਚ ਪੈ ਜਾਂਦਾ ਹੈ। ਪਰਿਵਾਰ ਜਦੋਂ ਅਮਰੀਕਾ ਪਹੁੰਚਦਾ ਹੈ ਤਾਂ ਨਵੀਆਂ ਮੁਸ਼ਕਲਾਂ ਜਨਮ ਲੈ ਲੈਂਦੀਆਂ ਹਨ। ਡਾਲਰ ਕਮਾਉਣ ਦਾ ਦਾਬਾ ਪਰਿਵਾਰਕ ਤਾਣੀ ਨੂੰ ਉਲ਼ਝਾ ਦਿੰਦਾ ਹੈ। ਜੀਤਾਂ ਮਰਜ਼ੀ ਨਾਲ ਗੁਰੀ ਨਾਂ ਦੇ ਮੁੰਡੇ ਨਾਲ ਵਿਆਹ ਕਰਵਾਉਂਦੀ ਹੈ, ਪਰ ਛੇਤੀ ਹੀ ਇਕੱਲੀ ਹੋ ਜਾਂਦੀ ਹੈ। ਬੰਤ ਸਿੰਘ ਦੇ ਪੁੱਤਰ ਜਿੰਦਰ ਦਾ ਵਿਆਹ ਪਰਬੀਨ ਨਾਂ ਦੀ ਲੜਕੀ ਨਾਲ ਹੁੰਦਾ ਹੈ। ਜਿੰਦਰ ਆਪਣੀ ਨਿੱਜੀ ਪਰਿਵਾਰਕ ਤਾਣੀ ਦੇ ਉਲ਼ਝਾ ਵਿਚ ਆਪਣੀ ਭੈਣ ਜੀਤਾਂ ਦੇ ਵਿਆਹ ’ਤੇ ਕੋਈ ਵੀ ਖ਼ਰਚ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਉਹ ਤਾਂ ਵਿਆਹ ’ਤੇ ਵੀ ਮਸਾਂ ਹੀ ਪਹੁੰਚਦਾ ਹੈ। ਉਹ ਵੀ ਉਦੋਂ ਜਦੋਂ ਪਿਆਰ ਕੌਰ ਆਪਣੀ ਨੂੰਹ ਕੋਲ਼ ਜਾ ਕੇ ਇਸ ਲਈ ਬੇਨਤੀ ਗੁਜ਼ਾਰਦੀ ਹੈ।

ਬੰਤ ਸਿੰਘ ਦੀ ਵਿਡੰਬਨਾ ਇਹ ਹੈ ਕਿ ਜਿਸ ਪਰਿਵਾਰ/ਘਰ ਲਈ ਸਭ ਕੀਤਾ, ਉਹ ਪਰਿਵਾਰ/ਘਰ ਹੀ ਗੁਆਚ ਗਿਆ। ਇਸ ਤਰ੍ਹਾਂ ਕੇਵਲ ਬੰਤ ਸਿੰਘ ਨਾਲ ਹੀ ਨਹੀਂ ਹੁੰਦਾ, ਮੇਵਾ ਸਿੰਘ, ਸੱਜਨ ਸਿੰਘ ਅਤੇ ਨੈਬੇ ਨਾਲ ਵੀ ਹੁੰਦਾ ਹੈ। ਨੈਬਾ ਤਾਂ ਆਪਣੇ ਪਰਿਵਾਰ ਨੂੰ ਅਮਰੀਕਾ ਬੁਲਾਉਂਦਾ ਹੀ ਨਹੀਂ। ਇਹ ਫ਼ੈਸਲਾ ਅੱਗੋਂ ਹੋਰ ਔਖਾਂ ਦਾ ਕਾਰਨ ਬਣਦਾ ਹੈ। ਮੇਵਾ ਸਿੰਘ ਆਪਣੀ ਪਤਨੀ ਸਮੇਤ ਆਪਣੀ ਧੀ ਦੇ ਘਰ ਰਹਿੰਦਾ ਹੈ, ਫੇਰ ਉੱਥੋਂ ਵੀ ਆਉਣਾ ਪੈਂਦਾ ਹੈ। ਜ਼ਿੰਦਗੀ ਦੇ ਤੀਜੇ ਪਹਿਰ ਮੇਵਾ ਸਿੰਘ ਅਤੇ ਉਸ ਦੀ ਪਤਨੀ ਇਕੱਲੇ ਹੋ ਜਾਂਦੇ ਹਨ। ਔਲਾਦ ਮਰਜ਼ੀਆਂ ਕਰਦੀ ਹੈ ਤੇ ਇਸ ਵਿਚ ਮਾਪਿਆਂ ਦੀ ਮਰਜ਼ੀ ਨਦਾਰਦ ਹੁੰਦੀ ਹੈ। ਇਸੇ ਤਰ੍ਹਾਂ ਦੀ ਹੋਣੀ ਸੱਜਨ ਸਿੰਘ ਹੰਢਾਉਂਦਾ ਹੈ।[3]

ਬੰਤ ਸਿੰਘ, ਪਿਆਰ ਕੌਰ ਦੇ ਗੁਜ਼ਰ ਜਾਣ ਨਾਲ ਇਕ ਵਾਰ ਫੇਰ ਇਕੱਲਾ ਹੋ ਜਾਂਦਾ ਹੈ। ਉਸ ਲਈ ਇਹ ਇਕੱਲ ਪਰਵਾਸ ਦੀ ਪਹਿਲੀ ਇਕੱਲ ਨਾਲੋਂ ਹੋਰ ਵੀ ਮੁਸ਼ਕਲਾਂ ਭਰੀ ਹੈ। ਇਸ ਵਿਚ ਜ਼ਿੰਦਗੀ ਨੂੰ ਜਿਉਣ ਦਾ ਹੁਣ ਕੋਈ ਭਵਿੱਖੀ ਸੁਪਨਾ ਨਦਾਰਦ ਹੈ। ਪਹਿਲਾਂ ਸੁਪਨਾ ਸੀ ਕਿ ਆਪ ਪੱਕਾ ਹੋਣਾ ਤੇ ਪਰਿਵਾਰ ਨੂੰ ਕੋਲ਼ ਬੁਲਾਉਣਾ। ਨਾਵਲ ਦੀ ਕਥਾ ਇਹ ਬੋਲ ਕੇ ਨਹੀਂ ਕਹਿੰਦੀ, ਪਰ ਬਹੁਤ ਤੀਬਰਤਾ ਨਾਲ ਸੁਝਾਉਂਦੀ ਹੈ ਕਿ ਆਖਰ ਕੀ ਖੱਟਿਆ ਪੰਜਾਬ ਛੱਡ ਕੇ। ਜ਼ਿੰਦਗੀ ਦੀ ਵਿਅਰਥਤਾ ਦਾ ਅਹਿਸਾਸ ਉਘਾੜਦੀ ਨਾਵਲ ਦੀ ਕਥਾ, ਦਾਰਸ਼ਨਿਕ ਸੋਝੀਆਂ ਸੰਚਾਰਦੀ ਹੈ। ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਨਾਵਲ ਪਾਠਕ ਦੀ ਚਿੰਤਨਸ਼ੀਲਤਾ ਦਾ ਆਧਾਰ-ਬਿੰਦੂ ਬਣਦਾ ਹੈ ਅਤੇ ਕਥਾ ਪੰਨਿਆ ਤੋਂ ਪਾਠਕ ਦੇ ਮਨ-ਮਸਤਕ ਵਿਚ ਤੁਰਨ ਲੱਗਦੀ ਹੈ। ਦਾਰਸ਼ਨਿਕ ਸੁਆਲਾਂ ਦੀ ਮੌਜੂਦਗੀ ਕਥਾ ਨੂੰ ਪਾਰਕਾਲੀ ਚਰਿੱਤਰ ਪ੍ਰਦਾਨ ਕਰਦੀ ਹੈ।[4] ਨਾਵਲ ਪਰਵਾਸ ਧਾਰਨ ਕਰਨ ਦੇ ਕਾਰਨਾਂ ਤੋਂ ਸ਼ੁਰੂ ਹੋ ਕੇ ਪਰਵਾਸ ਦੇ ਨਤੀਜਿਆਂ ਤੱਕ ਦੀ ਕਥਾਕਾਰੀ ਹੈ। ਪਰਵਾਸ ਵਿਸ਼ੇਸ਼ਕਰ ਗ਼ੈਰ-ਕਾਨੂੰਨੀ ਪਰਵਾਸ ਕਾਰਨ ਕੀ ਕੁਝ ਭੋਗਣਾ/ਹੰਢਾਉਣਾ ਪੈਂਦਾ ਹੈ, ਇਸ ਦੇ ਸੂਖ਼ਮ ਵੇਰਵੇ ਨਾਵਲ ਦਾ ਹਾਸਲ ਹਨ।

ਇਸ ਨਾਵਲ ਵਿਚ ਵਾਸ-ਧਰਤੀ (ਅਮਰੀਕਾ) ਤੇ ਵਸੇ ਹੋਰ ਲੋਕਾਂ ਅਤੇ ਉਨ੍ਹਾਂ ਦੇ ਸਭਿਆਚਾਰ ਦਾ ਚਿਤਰਨ ਵਿਚਾਰਨਯੋਗ ਹੈ। ਨਾਵਲ ਵਿਚ ਮੁੱਖ ਪਾਤਰ ਬੰਤ ਸਿੰਘ ਦਾ ਦੋ ਔਰਤਾਂ ਨਾਲ ਸੰਬੰਧ ਪੇਸ਼ ਹੁੰਦਾ ਹੈ। ਪਹਿਲਾਂ ਸੰਬੰਧ ਸਫ਼ਰ ਦੀ ਇਕ ਠਾਹਰ ਦੌਰਾਨ ਅਫ਼ਰੀਕਨ ਮੂਲ ਦੀ ਜੋਆਇਆ ਨਾਲ ਬਣਦਾ ਹੈ। ਇਹ ਸੰਬੰਧ ਸਥਿਤੀ ਦੀ ਲਾਜ਼ਮੀਅਤਾ ਵਿਚੋਂ ਪੈਦਾ ਹੋਣ ਦੀ ਬਜਾਇ ਲੇਖਕ ਦੀ ਕਥਾ-ਰਸ ਪ੍ਰਦਾਨ ਕਰਨ ਦੀ ਜੁਗਤ ਦਾ ਸਿੱਟਾ ਪ੍ਰਤੀਤ ਹੁੰਦਾ ਹੈ। ਇਸ ਕਾਰਨ ਇਸ ਬਾਬਤ ਕੋਈ ਗਹਿਰ-ਗੰਭੀਰ ਵਿਸਥਾਰ ਨਾਵਲ ਵਿਚ ਮੌਜੂਦ ਨਹੀਂ ਹੈ। ਬੰਤ ਸਿੰਘ ਦਾ ਦੂਜਾ ਸੰਬੰਧ ਰੋਜ਼ਮੇਰੀ ਨਾਂ ਦੀ ਗੋਰੀ ਔਰਤ ਨਾਲ ਬਣਦਾ ਹੈ। ਰੋਜ਼ਮੇਰੀ ਆਪ ਇਕ ਪਰਵਾਸਣ ਹੈ, ਪਰ ਉਸ ਕੋਲ਼ ਅਮਰੀਕਾ ਦੀ ਸਿਟੀਜ਼ਨਸ਼ਿਪ ਹੈ। ਰੋਜ਼ਮੇਰੀ ਆਪਣੇ ਡੇਅ ਕੇਅਰ ਸੈਂਟਰ ਵਿਚ ਬੰਤ ਸਿੰਘ ਨੂੰ ਨੌਕਰ ਰੱਖਦੀ ਹੈ। ਮੇਵਾ ਸਿੰਘ ਦੀ ਸਲਾਹ 'ਤੇ ਬੰਤ ਸਿੰਘ, ਰੋਜ਼ਮੇਰੀ ਨੂੰ ਅਮਰੀਕਾ ਵਿਚ ਪੱਕਾ ਹੋਣ ਦਾ ਮਾਧਿਅਮ ਬਣਾਉਂਦਾ ਹੈ। ਰੋਜ਼ਮੇਰੀ ਬੰਤ ਸਿੰਘ ਨਾਲ ਵਿਆਹ ਲਈ ਮੰਨ ਜਾਂਦੀ ਹੈ। ਵਿਆਹ ਉਪਰੰਤ ਬੰਤ ਸਿੰਘ ਪੱਕਾ ਹੋ ਜਾਂਦਾ ਹੈ। ਪੱਕਾ ਹੋ ਜਾਣ ਬਾਅਦ ਉਹ ਆਪਣੇ ਪਰਿਵਾਰ ਨੂੰ ਅਮਰੀਕਾ ਬੁਲਾਉਣਾ ਚਾਹੁੰਦਾ ਹੈ। ਇਸ ਲਈ ਉਸ ਦਾ ਰੋਜ਼ਮੇਰੀ ਨਾਲ ਤਲਾਕ ਹੋਣਾ ਜ਼ਰੂਰੀ ਹੈ। ਉਹ ਇਸ ਲਈ ਅਦਾਲਤ ਵਿਚ ਕੇਸ ਕਰਦਾ ਹੈ। ਰੋਜ਼ਮੇਰੀ ਨਾਲ ਰਿਸ਼ਤਾ 'ਆਪਣੇ ਪਰਿਵਾਰ' ਨੂੰ ਅਮਰੀਕਾ ਬੁਲਾਉਣ ਦੀ ਇੱਛਾ ਸਨਮੁੱਖ ਹਾਰ ਜਾਂਦਾ ਹੈ। ਰੋਜ਼ਮੇਰੀ ਕੁਝ ਦੇਰ ਦੇ ਗੁੱਸੇ ਬਾਅਦ ਮਰਜ਼ੀ ਨਾਲ ਉਸ ਨੂੰ ਤਲਾਕ ਦੇ ਦਿੰਦੀ ਹੈ।

ਰੋਜ਼ਮੇਰੀ ਅਤੇ ਬੰਤ ਸਿੰਘ ਦੇ ਸੰਬੰਧਾਂ ਦੀ ਪੇਸ਼ਕਾਰੀ ਪਰਵਾਸੀ ਪੰਜਾਬੀਆਂ ਦੇ ਦੂਜਿਆਂ ਪ੍ਰਤਿ ਸਵਾਰਥ ਭਰੇ ਨਸਲਮੁਖੀ ਰਵੱਈਏ ਦੀ ਬਿੰਬਕਾਰੀ ਹੈ।[5] ਪਰਵਾਸੀ ਪੰਜਾਬੀ, ਗੋਰੀ ਨਸਲ ਦੀਆਂ ਔਰਤਾਂ ਨੂੰ ਕਾਮੁਕ ਨਜ਼ਰੀਏ ਨਾਲ ਦੇਖਦੇ ਹਨ। ਇਸ ਪ੍ਰਸੰਗ ਵਿਚ ਰੋਜ਼ਮੇਰੀ ਪ੍ਰਤਿ ਬੰਤੇ ਦੇ ਘੇਰੇ ਦੇ ਪੰਜਾਬੀਆਂ ਦਾ ਰਵੱਈਆ ਦੇਖਿਆ ਜਾ ਸਕਦਾ ਹੈ।[6] ਪੰਜਾਬੀ ਗੋਰੀ ਨਸਲ ਦੇ ਮਰਦ-ਔਰਤਾਂ ਨੂੰ ਮਤਲਬੀ, ਸਵਾਰਥੀ ਕਹਿੰਦੇ ਹਨ ਅਤੇ ਉਨ੍ਹਾਂ ਦੇ ਸਭਿਆਚਰਕ ਮੁੱਲਾਂ ਨੂੰ ਨਿੰਦਦੇ ਹਨ।[7] ਨੈਬਾ ਆਪਣੇ ਪਰਿਵਾਰ ਨੂੰ ਇਨ੍ਹਾਂ ਸਭਿਆਚਾਰਕ ਮੁੱਲਾਂ ਕਾਰਨ ਹੀ ਅਮਰੀਕਾ ਨਹੀਂ ਬੁਲਾਉਂਦਾ। ਬੰਤ ਸਿੰਘ ਅਤੇ ਮੇਵਾ ਸਿੰਘ ਅਪਣੀ ਔਲਾਦ ਦੇ 'ਵਿਗੜ ਜਾਣ' ਪਿੱਛੇ ਅਮਰੀਕਾ ਦੀ ਆਬੋ-ਹਵਾ ਨੂੰ ਜ਼ਿੰਮੇਵਾਰ ਮੰਨਦੇ ਹਨ। ਕਿਤੇ ਕਿਤੇ ਬੰਤ ਸਿੰਘ ਰਾਹੀਂ ਅਮਰੀਕਾ ਦੇ ਕੰਮ, ਸਭਿਅਚਾਰ ਅਤੇ ਉਥੋਂ ਦੀ ਸਾਦਗੀ/ਆਜ਼ਾਦੀ ਨੂੰ ਜ਼ਰੂਰ ਉਚਿਆਇਆ ਗਿਆ[8], ਪਰ ਸਮੁੱਚੇ ਰੂਪ ਵਿਚ ਗੋਰੀ ਨਸਲ ਦੀ ਤਸਵੀਰ ਨਾਂਹ-ਮੁਖੀ ਹੀ ਪੇਸ਼ ਹੋਈ ਹੈ।

ਨਾਵਲਕਾਰ ਪੰਜਾਬੀਆਂ ਦੇ ਇਸ ਰਵਈਏ ਨੂੰ ਤਨਜ਼ ਨਾਲ ਪੇਸ਼ ਨਹੀਂ ਕਰਦਾ ਹੈ। ਇਸ ਕਾਰਨ ਉਹ ਵੀ ਇਸ ਰਵੱਈਏ ਨਾਲ ਇਕਮਿਕ ਜਾਪਦਾ ਹੈ। ਨਾਵਲ ਵਿਚ ਬਿਰਤਾਂਤਕਾਰ ਅਤੇ ਬੰਤ ਸਿੰਘ ਦਾ ਨਜ਼ਰੀਆ ਇਕਮਿਕ ਹੀ ਹਨ। ਅਸਲ ਵਿਚ ਤਾਂ ਪੱਛਮੀ ਸਭਿਆਚਾਰ ਦੀ ਨਾਂਹ-ਮੁਖੀ ਪੇਸ਼ਕਾਰੀ ਦੇ ਮਾਮਲੇ ਵਿਚ ਨਾਵਲ ਦੀਆਂ ਤਮਾਮ ਧਿਰਾਂ ਇਕ ਹੀ ਤਰ੍ਹਾਂ ਦੇ ਨਜ਼ਰੀਏ ਦੀਆਂ ਧਾਰਨੀ ਹਨ। ਬਿਰਤਾਂਤਕਾਰ ਸਮੇਤ ਵਿਭਿੰਨ ਪੰਜਾਬੀ ਪਾਤਰਾਂ ਦਾ ਹੋਰ ਨਸਲਾਂ ਪ੍ਰਤਿ ਰਵੱਈਆ ਉਨ੍ਹਾਂ ਅੰਦਰ ਡੂੰਘੇ ਧਸੇ ਭਿੰਨ-ਭੇਦ ਨੂੰ ਉਜਾਗਰ ਕਰਦਾ ਹੈ।

ਪੇਸ਼ਕਾਰੀ ਪੱਖੋਂ ਇਸ ਨਾਵਲ ਦੀ ਗੌਲ਼ਣਯੋਗ ਖ਼ੂਬੀ ਢਾਹਾ ਇਲਾਕੇ ਦੀ ਸਥਾਨਿਕਤਾ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਵਿਚ ਹੈ। ਨਾਵਲ ਵਿਚ ਇਸ ਇਲਾਕੇ ਦੀ ਖ਼ੁਸ਼ਬੋ ਵਿਆਪਤ ਹੈ। ਪਾਠਕ ਏਥੋਂ ਦੇ ਜਿਉਣ ਨੂੰ ਅਨੁਭਵ ਕਰ ਸਕਦਾ ਹੈ। ਨਾਵਲ ਇਸ ਇਲਾਕੇ ਦੀ ਸਥਾਨਿਕਤਾ ਨੂੰ ਚਿਤਰਨ ਲਈ ਸਥਾਨਿਕ ਭਾਸ਼ਾਈ ਉਚਾਰ ਨੂੰ ਸਭ ਤੋਂ ਵਧੇਰੇ ਵਰਤਦਾ ਹੈ। ਮੁਹਾਵਰਿਆਂ/ਅਖਾਣਾਂ ਦੀ ਵਰਤੋਂ ਸਥਾਨਿਕ ਰੰਗਣ ਨੂੰ ਗੂੜ੍ਹਾ ਕਰਦੀ ਹੈ। ਭਾਸ਼ਾ ਦਾ ਗਹਿਰਾਈ ਨਾਲ ਭਰਿਆ ਸਾਦਾਪਣ ਢਾਹਾ ਆਂਚਲ ਦੀ ਸਥਾਨਿਕਤਾ ਦਾ ਜੀਵੰਤ ਅਹਿਸਾਸ ਦਿੰਦਾ ਹੈ। ਇਸ ਅਹਿਸਾਸ ਹਿੱਤ ਪਾਤਰਾਂ ਦੀ ਭਾਸ਼ਾ[9] ਅਤੇ ਬਿਰਤਾਂਤਕਾਰ ਦਾ ਵਿਵਰਣ[10] ਦੋਵੇਂ ਭੂਮਿਕਾ ਅਦਾ ਕਰਦੇ ਹਨ। ਮਾਨਵੀ ਅਹਿਸਾਸਾਂ ਨੂੰ ਸੁਝਾਉਣ ਲਈ ਘੜੀਆਂ ਤੁਲਨਾਵਾਂ ਦਾ ਸਥਾਨਿਕੀ ਖਾਸਾ ਵੀ ਗੌਲਣਯੋਗ ਹੈ।[11] ਸਥਾਨਿਕ ਭਾਸ਼ਾਈ ਮੁਹਾਵਰੇ ਵਿਚ ਸੂਖ਼ਮ ਮਾਨਵੀ ਅਹਿਸਾਸਾਂ ਦੀ ਪੇਸ਼ਕਾਰੀ ਨਾਵਲ ਨੂੰ ਅਮੀਰ ਬਣਾਉਂਦੀ ਹੈ।

ਪੇਸ਼ਕਾਰੀ ਦੇ ਪੱਖ ਤੋਂ ਨਾਵਲ ਦੀ ਸਭ ਤੋਂ ਵੱਡੀ ਕਮਜ਼ੋਰੀ ਪਰਵਾਸੀ ਪਰਿਵੇਸ਼ ਨੂੰ ਚਿਤਰਨ ਵਿਚ ਹੈ। ਨਾਵਲ ਢਾਹਾ ਇਲਾਕੇ ਦੀ ਸਥਾਨਿਕਤਾ ਨੂੰ ਚਿਤਰਨ ਵਿਚ ਜਿੰਨਾ ਸ਼ਕਤੀਵਾਨ ਹੈ, ਅਮਰੀਕਾ ਅਤੇ ਉੱਥੋਂ ਦੀ ਜ਼ਿੰਦਗੀ ਨੂੰ ਚਿਤਰਨ ਵਿਚ ਓਨਾ ਹੀ ਕਮਜ਼ੋਰ ਹੈ। ਬੰਤ ਸਿੰਘ ਦੇ ਨਾਲ-ਨਾਲ ਪਾਠਕ ਅਮਰੀਕਾ ਦੀ ਯਾਤਰਾ ਕਰਦਾ ਹੈ, ਪਰ ਇਸ ਯਾਤਰਾ ਦੌਰਾਨ ਕੁਝ ਵੀ ਉਸ ਦੇ ਚੇਤਿਆਂ ਦਾ ਹਿੱਸਾ ਨਹੀਂ ਬਣਦਾ। ਗ਼ੈਰ-ਪੰਜਾਬੀ ਪਾਤਰਾਂ ਦਾ ਭਾਸ਼ਾਈ ਉਚਾਰ ਹੋਰ ਵੀ ਕਮਜ਼ੋਰ ਹੈ। ਰੋਜ਼ਮੇਰੀ ਅਤੇ ਜੌਹਨ ਜਿਹੇ ਪਾਤਰ ਜਿਸ ਤਰ੍ਹਾਂ ਦੀ ਪੰਜਾਬੀ

ਬੋਲਦੇ ਪੇਸ਼ ਹੁੰਦੇ ਹਨ, ਉਹ ਯਥਾਰਥ ਤੋਂ ਕੋਹਾਂ ਦੂਰ ਹੈ। ਲੇਖਕ ਨੂੰ ਲੱਗਦਾ ਹੈ ਕਿ ਗੋਰੀ ਨਸਲ ਦੇ ਕਿਸੇ ਵੀ ਬੰਦੇ ਲਈ ਕੁਝ ਧੁਨੀਆਂ ਦੇ ਉਚਾਰਨ ਤੋਂ ਬਿਨਾ ਪੰਜਾਬੀ ਸੰਬੰਧੀ ਕੋਈ ਔਖ ਹੀ ਨਹੀਂ ਹੈ। ਰੋਜ਼ਮੱਰੀ ਕੁਝ ਧੁਨੀਆਂ ਤੋਂ ਬਿਨਾ ਜਿਸ ਤਰੀਕੇ ਦੀ ਰੂੜ੍ਹ ਪੰਜਾਬੀ ਬੋਲਦੀ ਹੈ, ਉਹ ਬਹੁਤ ਅਜੀਬ ਹੈ।[12] ਧੁਨੀਆਂ ਦੇ ਉਚਾਰਨ ਦੀ ਮੁਸ਼ਕਲ ਨੂੰ ਲੈ ਕੇ ਵੀ ਇਕਸਾਰਤਾ ਨਹੀਂ ਹੈ। ਭਾਸ਼ਾਈ ਉਚਾਰਨ ਦੀ ਇਸ ਕਮਜ਼ੋਰੀ ਨੂੰ ਜੌਹਨ ਦੇ ਉਚਾਰਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਓਧਰ ਜੰਮੇ-ਪਲੇ ਪੰਜਾਬੀ ਮੂਲ ਦੇ ਪਾਤਰਾਂ ਦੀ ਭਾਸ਼ਾ ਨੂੰ ਚਿਤਰਨ ਵਿਚ ਅਣਗਹਿਲੀ ਕੀਤੀ ਗਈ ਹੈ।[13] ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਲੇਖਕ ਨੇ ਚਲੰਤ ਅਨੁਭਵ/ਜਾਣਕਾਰੀ ਤੋਂ ਅਗਾਂਹ ਜਾ ਕੇ ਇਨ੍ਹਾਂ ਪਾਤਰਾਂ ਦੇ ਭਾਸ਼ਾਈ ਉਚਾਰ ਨੂੰ ਜ਼ੁਬਾਨ ਦੇਣ ਲਈ ਕੋਈ ਖੋਜ/ਮਿਹਨਤ ਨਹੀਂ ਕੀਤੀ ਹੈ।

ਇਸ ਨਾਵਲ ਵਿਚ ਪਰਵਾਸ ਦਾ ਬਿੰਬ ਕੁਝ ਉਦਾਸ ਕਰਨ ਵਾਲ਼ਾ ਹੈ। ਇਹ ਬਿੰਬ ਕੁਝ ਖ਼ਾਸ ਪਾਤਰਾਂ ਅਤੇ ਉਨ੍ਹਾਂ ਦੀਆਂ ਜੀਵਨ ਸਥਿਤੀਆਂ ਦੇ ਰਾਹੀਂ ਉਸਰਦਾ ਹੈ। ਇਸ ਚਰਚਾ ਦੇ ਆਰੰਭ ਵਿਚ ਕਿਹਾ ਗਿਆ ਸੀ ਕਿ ਨਾਵਲ ਇਕ ਪੇਸ਼ਕਾਰੀ ਹੈ ਅਤੇ ਕੋਈ ਵੀ ਪੇਸ਼ਕਾਰੀ ਜੀਵਨ-ਯਥਾਰਥ ਦਾ ਬਦਲ ਨਹੀਂ ਹੁੰਦੀ ਹੈ। ਹਰ ਪੇਸ਼ਕਾਰੀ ਇਕ ਖ਼ਾਸ ਨੁਕਤਾ-ਨਜ਼ਰ ਤੋਂ ਯਥਾਰਥ ਦੇ ਕੁਝ ਅੰਸ਼ ਹੀ ਪੇਸ਼ ਕਰ ਪਾਉਂਦੀ ਹੈ। ਇਸ ਨਾਵਲ ਵਿਚ ਵੀ ਪੰਜਾਬ ਅਤੇ ਪਰਵਾਸ ਦੇ ਕੁਝ ਇਕ ਅੰਸ਼, ਇਕ ਖ਼ਾਸ ਨੁਕਤਾ-ਨਜ਼ਰ ਤੋਂ ਪੇਸ਼ ਹੋ ਸਕੇ ਹਨ। ਇਸ ਨਾਵਲ ਨਾਲ ਜੀਵਨ ਨੂੰ ਦੇਖਣ/ਸਮਝਣ ਦਾ ਇਕ ਹੋਰ ਨਜ਼ਰੀਆ ਪਾਠਕ ਦੇ ਹਿੱਸੇ ਆਉਂਦਾ ਹੈ। ਇਸ ਵਿਚ ਪਾਠਕ ਦੀ ਸੰਵੇਦਨਾ ਨੂੰ ਟੁੰਬਣ ਅਤੇ ਉਸ ਨੂੰ ਸੋਚਵਾਨ ਬਣਾਉਣ ਦੀ ਸਮਰੱਥਾ ਹੈ। ਬਹੁਤ ਕੁਝ ਪਿੱਛੇ ਛੁੱਟ ਗਿਆ ਹੈ; ਜਿਵੇਂ ਹਰ ਪੇਸ਼ਕਾਰੀ ਵਿਚ ਛੁੱਟ ਜਾਂਦਾ ਹੈ। ਪਰਵਾਸ ਦੇ ਬਹੁਤ ਸਾਰੇ ਪਲ/ਅਹਿਸਾਸ ਅਣਛੂਹੇ ਰਹਿ ਗਏ ਹਨ। ਕਥਾਕਾਰੀ ਦਾ ਮਹਾਤਮ ਪੂਰਨ ਅਤੇ ਅਪੂਰਨ ਦੇ ਵਿਚ-ਵਿਚਕਾਰ ਹੀ ਹੁੰਦਾ ਹੈ।


## ਹਵਾਲੇ ਤੇ ਟਿੱਪਣੀਆਂ

1. **"ਮਖਿਆ ਬੰਤਿਆ, ਤੂੰ ਪੂਰਾ ਅਮਰੀਕਣ ਹੈਂ। ਮਨਮਰਜ਼ੀ ਦਾ ਮਾਲਕ ! ਤਾਂ ਹੀ ਨੂੰਹ-ਪੁੱਤ ਨਾਲੋਂ ਅਲੱਗ ਰਹਿਨੈ?" ਮਾਨ ਸਿੰਘ ਦਾ ਹਾਸਾ ਹੁਣ ਵੀ ਘੁੰਗਰੂਆਂ ਵਾਂਗ ਛਣਕਿਆ।**, ਅਵਤਾਰ ਸਿੰਘ ਬਿਲਿੰਗ, ਰਿਜ਼ਕ, ਐਵਿਸ ਪਬਲਿਕੇਸ਼ਨਜ਼, ਦਿੱਲੀ, 2019 ਪੰਨਾ: 14.
2. ਮਿਸਾਲ ਵਜੋਂ ਇਹ ਉਚਾਰ ਦੇਖੇ ਜਾ ਸਕਦੇ ਹਨ: (**"ਮੁਸੀਬਤ ਵੇਲੇ ਬਾਹਲ਼ਾਂ ਓਦਰਨ ਦੀ ਲੋੜ੍ਹ ਨੀ ਹੁੰਦੀ, ਬੰਤੇ ਪੁੱਤਰਾ ! ਸਾਰੀ ਦੁਨੀਆ ਨਿਰਮੋਹਿਆਂ ਦੀ ਨ੍ਹੀ ਤੁਰੀ ਫਿਰਦੀ। ਅਰ ਇਨਸਾਨ ਦਾ ਮਨ ਵੀ ਆਪੇ ਕੋਈ ਤਰਕੀਬ ਸੋਚ ਲਿੰਦੈ।" ਉਸ ਨੂੰ ਮਾਂ ਵੱਲੋਂ ਦਿੱਤੀ ਨਸੀਹਤ ਯਾਦ ਆਈ, ਪੰਨਾ-** 73), (**"ਹੁਣ ਬੰਤਾ ਆਪਣੇ ਬਾਪੂ ਵਾਂਗ ਸਿਰਫ਼ ਵਧੀਆ ਸਰੋਤਾ ਬਣਨਾ ਲੋੜਦਾ। ਬਹੁਤਾ ਸੁਣਨ ਨਾਲ ਹੀ ਬੰਦਾ ਗਿਆਨੀ ਬਣਦਾ। ਜਾਗਰ ਸਿੰਘ ਆਖਦਾ।"**, ਪੰਨਾ-101)
3. ਨਾਵਲ ਦੇ ਇਕ ਪਾਤਰ ਨਾਜਰ ਦਾ ਸੱਜਨ ਸਿੰਘ ਦੀ ਸਥਿਤੀ ਬਾਬਤ ਉਚਾਰ ਹੈ, **"ਤੈਥੋਂ ਕਿਹੜਾ ਕੁਛ ਲੁਕਿਐ, ਬੰਤਿਆ। ਜਿਹੜੇ ਪ੍ਰਾਣੀ ਨੇ ਆਪਣੀ ਸਾਰੀ ਜ਼ਿੰਦਗੀ ਟੱਬਰ ਦੇ ਲੇਖੇ ਲਾ'ਤੀ ਹੋਵੇ, ਅਰ ਪਰਿਵਾਰ ਦਾ ਕੋਈ ਜੀਅ ਉਹਦਾ ਕਿਹਾ ਨਾ ਮੰਨੇ। ਉਹਨੂੰ ਆਪਾਂ ਬੇਚਾਰਾ ਨਹੀਂ ਹੋਰ ਕੀ ਆਖਾਂਗੇ?"**, ਪੰਨਾ- 96
4. ਬੰਤ ਸਿੰਘ ਦੀ ਸੋਚ-ਧਾਰਾ ਇਸ ਪਰਿਥਾਇ ਉਲੇਖਯੋਗ ਹੈ, **"ਜੇ ਭਲਾ ਉਹ ਸਰਵਣ ਪੁੱਤਰ ਬਣਿਆ, ਛੜਾ ਛੜਾਂਗ ਹੀ ਵਿਚਰਦਾ, ਕਿੰਨਾ ਖ਼ੁਸ਼ ਰਹਿੰਦਾ। ਆਖਰ ਕੀ ਹੈ, ਏਸ ਖਲਜਗਣ ਵਿਚ ! ਵਾਰ ਵਾਰ ਉਸ ਦੇ ਦਿਲੋਂ ਪ੍ਰਸ਼ਨ ਉੱਠਦਾ। ਕਿੰਨਾ ਚੰਗਾ ਹੁੰਦਾ, ਜੇ ਉਹ ਨਾ ਹੀ ਜੰਮਦਾ। ਮੁੜ ਇਸ ਵਾਹੂ ਵਲਵਲੇ ਨੇ ਉਸ ਨੂੰ ਪਰੇਸ਼ਾਨ ਕਰ ਦਿੱਤਾ। ਪਰ ਫੇਰ ਮਨਸੂਰਪੁਰ ਵੱਸਦੇ ਇਕ ਗਰੀਬੜੇ ਜਾਗਰ ਸਿੰਘ ਤੇ ਉਸ ਦੀ ਸਿਰੜੀ ਜੀਵਨ ਸਾਥਣ ਦੀ ਚੁਰਾਸੀ ਕੌਣ ਕੱਟਦਾ।... ਆਖਰ ਉਹ ਇਨ੍ਹਾਂ ਲਈ ਹੀ ਤਾਂ ਪੈਦਾ ਹੋਇਆ ਤੇ ਇਹਨਾਂ ਵਾਸਤੇ ਜੀਵਿਆ ਹੈ।"**, ਪੰਨਾ-418
5. **"ਅੱਜ ਦਿਨ ਉਸ ਕੋਲ਼ ਡੇਅ ਕੇਅਰ ਸਹਾਇਕ ਦੀ ਨੌਕਰੀ ਸੀ। ਅਰ ਸਾਥ ਨਿਭਾਉਣ ਲਈ ਇਕ ਯੂਰਪੀਅਨ ਛੋਕਰੀ ਵੀ।", ਆਪਣੀ ਮਨਬਚਨੀ ਵਿਚ ਉਲਝੇ ਬੰਤੇ ਦਾ ਅੰਦਰ ਹੱਸਿਆ, ਪੰਨਾ-**108, **"ਮਰੋ ਥੋਡੀ ਭੈਣ ! ...ਬੰਤੇ ਨੇ ਮਨ ਵਿਚ ਸੋਚਿਆ। ਜੀਵਨ ਸਾਥਣ ਕਾਹਦੀ ਏਹ ਤਾਂ ਮੇਰੀ ਮਾਲਕਣ ਬਣ ਬੈਠੀ। ਏਸ ਪਤੰਦਰਨੀ ਤੋਂ ਖਹਿੜਾ ਕਿਵੇਂ ਛੁਡਾਏਂਗਾ, ਬੰਤਿਆ", ਉਸ ਦੇ ਧੁਰ ਅੰਦਰੋਂ ਆਵਾਜ਼ ਆਈ।**, ਪੰਨਾ-145
6. **"ਗਾਜਰ ਵਰਗੀ ਮੇਮ ਪੱਟੀ ਫਿਰਦਾ ਏਂ। ਅਜੇ ਪੁੱਛਨਾਂ ਏਂ ਕਿੱਦਾਂ !", ਵਕੀਲ ਖੁੱਲ੍ਹ ਕੇ ਹੱਸਿਆ।**, ਪੰਨਾ- 112
7. **"ਕੇਹਾ ਜੰਗਲੀ ਸਮਾਜ ਹੈ ਸਾਲ਼ਾ ! ਕਿਹੜੀ ਸਭਿਅਤਾ ਹੈ, ਏਹਨਾਂ ਦੀ ! ਏਹਨਾਂ ਨੂੰ ਅਕਲ ਕਦ ਆਊਗੀ !" ਬੰਤਾ ਹੈਰਾਨ ਹੁੰਦਾ**, ਪੰਨਾ- 81, **"ਐਥੇ ਹੈਗਾ ਕੀ? ਫ਼ੈਮਲੀ ਨਾਉਂ ਦੀ ਸੰਸਥਾ ਉੱਕੀ ਏਥੋਂ ਗਾਇਬ ਹੈ, ਭਰਾਵਾ! ਘਰ ਐਥੇ**

**ਨਹੀਂ। ਤੇਰੇ ਸਾਹਮਣੇ ਇਕ ਥਾਉਂ, ਇਕੋ ਘਰ ਜਾਂ ਅਪਾਰਟਮੈਂਟ 'ਚ ਵਸਦੇ ਲੋਕੀਂ ਇਕੱਲੇ ਇਕੱਲੇ ਤੁਰੇ ਫਿਰਦੇ। ਭੀੜ ਵਿਚ ਇਕੱਲ''**, ਪੰਨਾ-120), **''ਹੋਰ ਗੋਰਿਓ ਤੁਸੀਂ ਕੀ ਕਰਨੈਂ? ਖੱਸੀ ਕੀਤੇ ਬਿੱਲੀਆਂ-ਕੁੱਤੇ ! ਅਰ ਗਮਲਿਆਂ 'ਚ ਲਗਾਏ ਡੰਮੀ ਬੂਟੇ ! ਏਹ ਹੈ ਥੋਡਾ ਜਿਉਣਾ!'' ਬੰਤਾ ਆਪਣੇ ਮਨ ਨਾਲ ਮੁਸਕਰਾਇਆ**, ਪੰਨਾ-292

8. **''ਦੇਖੋ, ਅਮਰੀਕਾ ਨਾਂ ਹੈ ਸਾਦਗੀ ਦਾ ! ਕਿਰਤ ਅਰ ਮੁਸ਼ੱਕਤ ਦਾ ! ਮਨਮਰਜ਼ੀ ਅਤੇ ਆਜ਼ਾਦੀ ਦਾ ! ਹੱਥੀਂ ਕਮਾਈ ਪੂੰਜੀ ਦਾ !**, ਪੰਨਾ-13
9. ਇਸ ਪਰਿਪੇਖ ਵਿਚ ਨਾਵਲ ਦੇ ਮੁੱਖ-ਪਾਤਰ ਬੰਤ ਸਿੰਘ ਅਤੇ ਉਸ ਦੇ ਬੇਬੇ-ਬਾਪੂ ਦੀ ਭਾਸ਼ਾ ਵਿਸ਼ੇਸ਼ ਰੂਪ ਵਿਚ ਦੇਖੀ ਜਾ ਸਕਦੀ ਹੈ। ਕੁਝ ਮਿਸਾਲਾਂ ਇਸ ਤਰ੍ਹਾਂ ਹਨ: **''ਰੋਜ਼ ਅੱਗ-ਅੱਗ ਖੇਡਦਾ ਤੂੰ ਵੀ ਸੇਕ ਨਾਲ ਲੂਹਿਆ ਜਾਏਂਗਾ''**, ਪੰਨਾ- 19, **''ਰਿਜ਼ਕ ਦੇ ਮੁਸ਼ਕ ਨਾਲ ਵਿਆਹਿਆ ਜਾਏਂਗਾ, ਪੁੱਤ ਵੇ।''**, ਪੰਨਾ- 20, **''ਮਾੜਾ ਝਾਕਾ ਦਿਖੇ ਤੋਂ ਸੌਂ ਜਾਈਦਾ, ਪੁੱਤਰਾ! ਫ਼ਿਕਰ ਨੀ ਕਰੀਦਾ। ਸੁਪਨੇ 'ਚ ਮਰੇ ਬੰਦੇ ਦੀ ਤਾਂ ਉਮਰ ਵਧ ਜਾਂਦੀ ਐ''**, ਪੰਨਾ-127
10. ਬਿਰਤਾਂਤਕਾਰ ਦਾ ਭਾਸ਼ਾਈ ਰੰਗ ਜਿੱਥੇ ਇਕ ਪਾਸੇ ਚੁਗਿਰਦੇ ਦੇ ਦ੍ਰਿਸ਼ ਚਿਤਰਦਾ ਹੈ, ਉੱਥੇ ਪਾਤਰਾਂ ਦੇ ਅਹਿਸਾਸਾਂ ਨੂੰ ਵੀ ਜ਼ੁਬਾਨ ਦਿੰਦਾ ਹੈ। ਕੁਝ ਮਿਸਾਲਾਂ ਇਸ ਤਰ੍ਹਾਂ ਹਨ: **''...ਫ਼ੱਗਣ ਮਹੀਨੇ ਵਿਚ ਚਲਦੀਆਂ ਘੁਲਾੜੀਆਂ ਦੀ ਵਾਸ਼ਨਾ ਉਸਨੂੰ ਅਜੇ ਵੀ ਆਉਂਦੀ ਮਹਿਸੂਸ ਹੋਈ। ਚਿੱਟੇ ਫ਼ੁੱਲਾਂ ਵਾਲੇ ਬਰਸੀਮ ਤੇ ਗੱਦਰ ਮੇਥਿਆਂ ਦੀ ਮਹਿਕ ਨੂੰ ਉਹ ਛੱਡਣੀ ਨਹੀਂ ਸੀ ਚਾਹੁੰਦਾ, ਜਦੋਂ ਘਰ ਦੀ ਤੰਗਦਸਤੀ ਨੇ ਉਸ ਨੂੰ ਮੁੜ ਤੜਫ਼ਾ ਦਿੱਤਾ''**, ਪੰਨਾ- 26, **''ਜੇਠ ਮਹੀਨੇ ਤੂੜੀ ਢੋਹਣੀ ਕਿਤੇ ਸੁਖਾਲੀ ਸੀ। ਧੁਰ ਅੰਦਰਲੀ ਹਨੇਰੀ ਕੋਠੜੀ ਵਿਚ ਜਦੋਂ ਪੰਡ ਲੈ ਕੇ ਵੜਦੇ ਤਾਂ ਸਾਹ ਹੁੱਟ ਹੋ ਜਾਂਦਾ, ਤੂੜੀ ਦੇ ਸਿਖਰ ਚੜ੍ਹ ਕੇ ਤੂੜੀ ਤੋਅ ਰਿਹਾ ਬੰਦਾ ਗਲ਼ ਤੱਕ ਤੂੜੀ ਵਿਚ ਧੱਸ ਜਾਂਦਾ; ਉਪਰੋਥਲੀ ਹੋਰ ਪੰਡਾਂ ਆਈ ਜਾਂਦੀਆਂ। ਉਹ ਉਤਾਂਹ ਨੂੰ ਹੁੰਦਾ, ਟੋਟਣ ਛੱਤਣ ਨਾਲ ਵੱਜਦਾ; ਸਾਰੇ ਸਰੀਰ ਵਿਚੋਂ ਮੁੜ੍ਹਕਾ ਨੁਚੜਦਾ। ਸਾਹ ਔਖਾ ਆਉਂਦਾ ਤਾਂ ਨੱਕ ਉੱਪਰ ਬੰਨ੍ਹਿਆ ਪਰਨੇ ਦਾ ਲੜ ਮੱਲੋਮੱਲੀ ਖੋਹਲਣਾ ਪੈਂਦਾ। ਗਰਦ ਨਾਸਾਂ ਨੂੰ ਚੜ੍ਹਦੀ।''**, ਪੰਨਾ- 51, **''ਪਲ ਦੇ ਪਲ ਉਹ ਪੰਜਾਬ ਪਹੁੰਚ ਜਾਂਦਾ। ਭਾਦੋਂ ਵਿਚ ਭਰੇ ਕਿਸੇ ਮੇਲੇ ਦੀ ਰੌਣਕ ਮਾਣਦਾ। ਸੰਘਣੀ ਛਾਂ ਵਾਲ਼ੀ ਤ੍ਰਿਵੈਣੀ ਹੇਠ ਜਿੱਥੇ ਢੱਡ-ਸਾਰੰਗੀ ਦਾ ਗਾਉਣ ਵੱਸਿਆ ਹੁੰਦਾ, ਉਹ ਸ਼ਿੰਗਾਰ ਰਸ ਨਾਲ ਝੂਮਦਾ, ਟੌਅਰੇ ਛੱਡਵੀਆਂ ਪੱਗਾਂ ਤੇ ਧਰਤੀ ਸੁੰਭਰਦੇ ਚਾਦਰਿਆਂ ਵਾਲੇ ਸ਼ੌਕੀਨ ਗਮੰਤਰੀਆਂ ਦੇ ਮਗਰ ਘੁੰਮਦਾ।''**, ਪੰਨਾ- 55
11. **''ਉਹਨੂੰ ਆਰਾਮ ਮਹਿਸੂਸ ਹੋਇਆ, ਜਿਵੇਂ ਭਾਦੋਂ ਦੇ ਵੱਟ ਵਿਚੋਂ ਦੱਖਣ ਵੱਲੋਂ ਠੰਢੀ ਹਵਾ ਦਾ ਕੋਈ ਬੁੱਲਾ ਆਇਆ ਹੋਵੇ''**, ਪੰਨਾ-18
12. ਮਿਸਾਲ ਵਜੋਂ ਇਹ ਉਚਾਰ ਦੇਖਿਆ ਜਾ ਸਕਦਾ ਹੈ: **''ਏ ਮਿਸਟਰ ਬੰਟਾ, ਲਿਸਨ ਠੂ ਮੀਅ ! ਏਹ ਅਮੈਰਿਕਾ ਹੈ। ਦਾ ਯੂ. ਐੱਸ. ਏ.। ਪੰਜ ਸਦੀਆਂ ਪਿਛਲਾ ਟੇਰਾ ਇੰਡੀਆ ਨਹੀਂ। ਅਰ ਨਾ ਹੀ ਮੈਂ ਇੰਡੀਅਨ ਵਾਈਫ਼ ਹਾਂ ਜਿਹੜੀ ਹਸਬੈਂਡ ਦੇ ਜਿਉਂਡੇ ਜੀਅ ਰੰਡੇਪਾ ਹੰਢਾਉਂਦੀ, 'ਚੂੰਅ' ਨਹੀਂ ਕਰੂੰਗੀ। ਯੂ ਆਰ ਮਾਈ ਹਸਬੈਂਡ ! ਮੈਨੂੰ ਟੇਰਾ ਹਰ ਵਕਤ ਸਾਥ ਚਾਹੀਦਾ''**, ਪੰਨਾ-145
13. ਮਿਸਾਲ ਵਜੋਂ ਸੱਜਨ ਸਿੰਘ ਦੀ ਵੱਡੀ ਨੂੰਹ ਦਾ ਉਚਾਰ ਦੇਖਿਆ ਜਾ ਸਕਦਾ ਹੈ, **''ਅਸੀਂ ਇੰਡੀਆ ਵਿਚਲੇ ਪਾਲਟੂ ਜਵਾਕ ਨਹੀਂ ਹਾਂ, ਮੰਮਾ ਟੁਸੀ ਲੋਕ ਸਾਡੀ ਉਮਰ ਭਰ ਬੇਬੀ ਸਿਟਿੰਗ ਨਹੀਂ ਕਰ ਸਕਡੇ, ਜਿਵੇਂ ਚਾਹੋ, ਜਿੱਧਰ ਚਾਹੋ, ਮੋੜ ਲਓ''**, ਪੰਨਾ- 102

◈





# ਹਾਸ਼ੀਆਗਤ ਅਧਿਐਨ:
## ਕੰਮੀਆਂ ਦੇ ਵਿਹੜੇ*

I like the word 'subaltern' for one reason. It is truly situational. 'Subaltern' began as a description of a certain rank in the military. The word was used under censorship by Gramsci: he called Marxism 'monism,' and was obliged to call the proletarian 'subaltern.' That word, used under duress, has been transformed into the description of everything that doesn't fall under strict class analysis. I like that, because it has no theoretical rigor. ***-Gayatri Spivak***

ਦੱਖਣੀ ਏਸ਼ੀਆ ਵਿਸ਼ੇਸ਼ਕਰ ਹਿੰਦੋਸਤਾਨ ਦੇ ਇਤਿਹਾਸਕਾਰਾਂ ਨੇ 1982 ਈ. ਵਿਚ 'ਹਾਸ਼ੀਆਗਤ ਅਧਿਐਨ' ਨਾਂ ਦੇ ਇਕ ਸਮੂਹ ਦਾ ਗਠਨ ਕੀਤਾ। ਇਸ ਦਾ ਮਕਸਦ ਭਾਰਤੀ ਰਾਸ਼ਟਰ ਦੀ ਇਤਿਹਾਸਕਾਰੀ ਨੂੰ ਨਵੀਂ ਦ੍ਰਿਸ਼ਟੀ ਤੋਂ ਪੜ੍ਹਤ ਵਿਚ ਲਿਆਉਣਾ ਸੀ। ਇਸ ਸਮੂਹ ਦੀਆਂ ਲਿਖਤਾਂ ਕਾਰਲ ਮਾਰਕਸ, ਅਨਤੋਨੀਓ ਗ੍ਰਾਮਸ਼ੀ ਅਤੇ ਮਿਸ਼ੇਲ ਫੂਕੋ ਦੇ ਚਿੰਤਨ ਤੋਂ ਪ੍ਰਭਾਵਿਤ ਹਨ। ਇਸ ਸਮੂਹ ਨਾਲ ਜੁੜੇ ਚਿੰਤਕਾਂ ਦਾ ਮੰਨਣਾ ਹੈ ਕਿ ਭਾਰਤੀ ਰਾਸ਼ਟਰਵਾਦ ਦਾ ਇਤਿਹਾਸ ਲਿਖਣ ਸਮੇਂ ਅਜ਼ਾਦੀ ਸੰਗਰਾਮ ਵਿਚ ਹਾਸ਼ੀਆਗਤ ਸਮੂਹਾਂ ਵੱਲੋਂ ਨਿਭਾਈ ਭੂਮਿਕਾ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਜੇਕਰ ਇਨ੍ਹਾਂ ਸਮੂਹਾਂ ਦੇ ਯੋਗਦਾਨ ਨੂੰ ਚਰਚਾ ਦਾ ਵਿਸ਼ਾ ਬਣਾਇਆ ਵੀ ਗਿਆ ਤਾਂ ਇਸ ਚਰਚਾ ਵਿਚੋਂ ਹਾਸ਼ੀਆਗਤ ਚੇਤਨਾ ਨਾਲ ਸੰਬੰਧਤ ਮੁੱਦੇ ਅਣਦੇਖੇ ਕਰ ਦਿੱਤੇ ਗਏ।



**ਡਾ. ਯਾਦਵਿੰਦਰ ਸਿੰਘ**
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ
7042073084
yadwinderdu@gmail.com

### ਅਨਤੋਨੀਓ ਗ੍ਰਾਮਸ਼ੀ ਅਤੇ ਹਾਸ਼ੀਆਗਤ

'ਹਾਸ਼ੀਆਗਤ' ਸ਼ਬਦ ਇਤਾਲਵੀ ਮਾਰਕਸੀ ਚਿੰਤਕ ਅਨਤੋਨੀਓ ਗ੍ਰਾਮਸ਼ੀ ਵੱਲੋਂ ਵਰਤੇ ਸ਼ਬਦ 'ਸਬਾਲਟਰਨ' ਦਾ ਪੰਜਾਬੀ ਅਨੁਵਾਦ ਹੈ। ਗ੍ਰਾਮਸ਼ੀ ਤੋਂ ਪਹਿਲਾਂ ਸਬਾਲਟਰਨ ਸ਼ਬਦ ਦੀ ਵਰਤੋਂ ਇਤਾਲਵੀ ਫ਼ੌਜ ਵਿਚਲੀ ਦਰਜਾਬੰਦੀ ਨੂੰ ਦਰਸਾਉਣ ਲਈ ਕੀਤੀ ਜਾਂਦੀ ਸੀ। ਫ਼ੌਜ ਵਿਚ ਕੈਪਟਨ ਦੇ ਅਹੁਦੇ ਤੋਂ ਹੇਠਲੇ ਫ਼ੌਜੀਆਂ ਨੂੰ ਸਬਾਲਟਰਨ ਕਿਹਾ ਜਾਂਦਾ ਸੀ।[1] ਗ੍ਰਾਮਸ਼ੀ ਨੇ ਆਪਣੀਆਂ ਜੇਲ੍ਹ ਲਿਖਤਾਂ ਵਿਚ ਇਸ ਸ਼ਬਦ ਦੀ ਵਰਤੋਂ ਸਮਾਜਕ ਦਰਜਾਬੰਦੀ ਵਿਚ ਹੇਠਲਾ ਸਥਾਨ ਰੱਖਣ ਵਾਲੇ ਉਨ੍ਹਾਂ ਸਮੂਹਾਂ ਲਈ ਕੀਤੀ, ਜੋ ਸਿਆਸੀ ਸੰਸਥਾਵਾਂ ਦੀ ਇਤਿਹਾਸਕਾਰੀ ਵਿਚ ਅਣਗੌਲੇ ਰਹਿੰਦੇ ਹਨ।

---

* ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ - ਸੰਤ ਰਾਮ ਉਦਾਸੀ

ਗ੍ਰਾਮਸ਼ੀ ਯੂਰਪੀ ਮਾਰਕਸਵਾਦੀਆਂ ਵੱਲੋਂ ਕਿਸਾਨੀ ਨੂੰ ਘੱਟ ਮਹੱਤਤਾ ਦਿੱਤੇ ਜਾਣ ਅਤੇ ਉਹਨਾਂ ਦੇ ਸਭਿਆਚਾਰਕ ਜੀਵਨ ਨੂੰ ਅੱਖੋਂ-ਪਰੋਖੇ ਕੀਤੇ ਜਾਣ ਦੇ ਵਿਰੁੱਧ ਸੀ। ਪੂੰਜੀਵਾਦੀ ਉਤਪਾਦਨ ਤੋਂ ਦੂਰੀ ’ਤੇ ਵਿਚਰ ਰਹੇ ਸਧਾਰਨ ਲੋਕਾਈ ਦੇ ਜਨ-ਜੀਵਨ ਨੂੰ ਅਧਾਰ ਬਣਾ ਕੇ ਗ੍ਰਾਮਸ਼ੀ ਨੇ ਰਵਾਇਤੀ ਮਾਰਕਸਵਾਦੀ ਚਿੰਤਨ ਤੋਂ ਵਿੱਥ ਸਥਾਪਤ ਕਰ ਲਈ। ਉਸਨੇ ਕਿਸਾਨਾਂ ਦੀਆਂ ਧਾਰਮਿਕ ਰਹੁਰੀਤਾਂ ਤੋਂ ਲੈ ਕੇ ਉਹਨਾਂ ਦੀ ਸਭਿਆਚਾਰਕ ਜੀਵਨ-ਜਾਚ ਦਾ ਅਧਿਐਨ ਕੀਤਾ। ਗ੍ਰਾਮਸ਼ੀ ਕਾਰਖਾਨਿਆਂ ਅਤੇ ਮਿੱਲਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਤੋਂ ਵਿੱਥ ’ਤੇ ਵਿਚਰ ਰਹੇ ਕਿਸਾਨਾਂ ਅਤੇ ਹੋਰ ਅਜਿਹੇ ਸਮੂਹਾਂ ਨੂੰ ਇਨਕਲਾਬੀ ਤਬਦੀਲੀ ਦਾ ਅਹਿਮ ਹਿੱਸਾ ਮੰਨਦਾ ਹੈ, ਜਦਕਿ ਇਸ ਦੇ ਉਲਟ ਰਵਾਇਤੀ ਮਾਰਕਸੀ ਚਿੰਤਨ ਵਿਚ ਅਜਿਹੇ ਸਮਾਜਕ ਸਮੂਹਾਂ ਨੂੰ ਲੁੰਪਨ ਪ੍ਰੋਲੋਤਾਰੀ ਕਹਿ ਕੇ ਦਰਕਿਨਾਰ ਕੀਤਾ ਜਾਂਦਾ ਰਿਹਾ ਹੈ। ਆਪਣੀ ਜੇਲ੍ਹ ਨੋਟ ਬੁੱਕ ਵਿਚ ਗ੍ਰਾਮਸ਼ੀ ਨੇ ਸਬਾਲਟਰਨ ਸ਼ਬਦ ਦੀ ਵਰਤੋਂ ਦੋ ਤਰ੍ਹਾਂ ਨਾਲ ਕੀਤੀ:-

1. ਸਿਧਾਂਤਕ ਪੱਧਰ ’ਤੇ ਸਨਅੱਤੀ ਪੈਦਾਵਾਰ ਨਾਲ ਸੰਬੰਧਤ ਨੀਂਹ ਅਤੇ ਉਸਾਰ ਵਾਲੇ ਰਵਾਇਤੀ ਮਾਰਕਸੀ ਚਿੰਤਨ ਦੀ ਥਾਂ ਗ੍ਰਾਮਸ਼ੀ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਬੁਰਜੂਆ ਜਮਾਤ ਸਿਰਫ਼ ਸਿਆਸੀ ਅਤੇ ਆਰਥਿਕ ਉਤਪਾਦਨ ’ਤੇ ਕਾਬਜ਼ ਹੋ ਕੇ ਹੀ ਆਪਣੀ ਸਿਰਦਾਰੀ ਕਾਇਮ ਨਹੀਂ ਕਰਦੀ। ਇਹ ਸਿਵਲ ਸਮਾਜ ਦੇ ਸਭਿਆਚਾਰਕ ਅਤੇ ਵਿਚਾਰਧਾਰਕ ਪ੍ਰਬੰਧਾਂ ਨੂੰ ਵੀ ਆਪਣੇ ਮੁਤਾਬਕ ਢਾਲ ਲੈਂਦੀ ਹੈ।
2. ਵਿਹਾਰਕ ਪੱਖ ਤੋਂ ਗ੍ਰਾਮਸ਼ੀ ਨੇ ਦੱਖਣੀ ਇਟਲੀ ਵਿਚ ਪੂਰਵ-ਪੂੰਜੀਵਾਦੀ ਹਾਲਤ ਦੀ ਸਮਾਜਕ ਬਣਤਰ ਨੂੰ ਕੇਂਦਰ ਵਿਚ ਰੱਖ ਕੇ ਦੱਖਣੀ ਇਟਲੀ ਦੇ ਕਿਸਾਨਾਂ ਦੀ ਜੀਵਨ-ਜਾਚ ਅਤੇ ਸਭਿਆਚਾਰ ਨੂੰ ਉਭਾਰਿਆ।[2]

ਗ੍ਰਾਮਸ਼ੀ ਦੇ ਇਸ ਚਿੰਤਨ ਦਾ ਹਾਸ਼ੀਆਗਤ ਅਧਿਐਨ ਸਮੂਹ ਦੇ ਚਿੰਤਕਾਂ ’ਤੇ ਗਹਿਰਾ ਪ੍ਰਭਾਵ ਪਿਆ। ਇਸ ਸਮੂਹ ਦਾ ਮੁੱਖ ਮੁੱਦਾ ਹੁਣ ਤੱਕ ਲਿਖੇ ਜਾ ਚੁੱਕੇ ਇਤਿਹਾਸ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਪੜਤਾਲਣਾ ਅਤੇ ਇਤਿਹਾਸਕਾਰੀ ਦੇ ਨਵੀਨ ਸ੍ਰੋਤਾਂ ਦੀ ਤਲਾਸ਼ ਕਰਨਾ ਹੈ। ਹਾਸ਼ੀਆਗਤ ਅਧਿਐਨ ਸਮੂਹ ਨੇ ਇਤਿਹਾਸ ਨੂੰ ਸਮਾਜਕ ਦਰਜਾਬੰਦੀ ਦੇ ਹੇਠਲੇ ਡੰਡੇ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ‘ਸਬਾਲਟਰਨ’ ਸ਼ਬਦ ਨੂੰ ਸਮਾਜ ਦੇ ਦੱਬੇ-ਕੁਚਲੇ ਅਤੇ ਦਮਿਤ ਲੋਕਾਂ ਦੇ ਨੁਮਾਇੰਦੇ ਵਜੋਂ ਵਰਤ ਕੇ ਇਸ ਗਰੁੱਪ ਨੇ ਮੁੱਖਧਾਰਾ ਦੀ ਇਤਿਹਾਸਕਾਰੀ ਨੂੰ ਚੁਣੌਤੀ ਪੇਸ਼ ਕੀਤੀ ਹੈ।

## ਹਾਸ਼ੀਆਗਤ ਅਧਿਐਨ ਅਤੇ ਬਸਤੀਵਾਦੀ ਇਤਿਹਾਸਕਾਰੀ

ਹਾਸ਼ੀਆਗਤ ਇਤਿਹਾਸਕਾਰੀ ਹਾਸ਼ੀਏ ’ਤੇ ਵਿਚਰ ਰਹੀਆਂ ਧਿਰਾਂ ਵਲੋਂ ਕੌਮੀ ਅਜ਼ਾਦੀ ਦੇ ਸੰਘਰਸ਼ ਦੌਰਾਨ ਨਿਭਾਈ ਭੂਮਿਕਾ ਨੂੰ ਸਾਹਮਣੇ ਲਿਆਉਂਦੀ ਹੈ। ਸਮਕਾਲੀ ਸਿਧਾਂਤ ਚਿੰਤਨ ਵਿਚ ਇਕ ਪ੍ਰਮੁੱਖ ਸੁਰ ਵਜੋਂ ਉਭਰੇ ਇਸ ਸਕੂਲ ਦਾ ਸੰਸਥਾਪਕ ਬੰਗਾਲੀ ਮਾਰਕਸੀ ਵਿਦਵਾਨ ਰਣਜੀਤ ਗੁਹਾ ਹੈ। ਗੁਹਾ ਨੇ ‘ਹਾਸ਼ੀਆਗਤ ਅਧਿਐਨ’ ਨਾਂ ਦੀ ਪੁਸਤਕ ਲੜੀ ਤਹਿਤ ਆਪਣੀ ਇਤਿਹਾਸਕਾਰੀ ਦੇ ਸਿਧਾਂਤਕ ਤੇ ਵਿਹਾਰਕ ਪੱਖ ਨੂੰ ਸਾਹਮਣੇ ਲਿਆਂਦਾ। ਉਸਨੇ ਇਸ ਅਧਿਐਨ ਦੀਆਂ ਪਹਿਲੀਆਂ ਛੇ ਜਿਲਦਾਂ ਦਾ ਸੰਪਾਦਨ ਕੀਤਾ। ਆਪਣੇ ਮੁੱਖਬੰਦ ਵਿਚ ਉਸਨੇ ਲਿਖਿਆ ਕਿ ਭਾਰਤੀ ਰਾਸ਼ਟਰਵਾਦ ਦੀ ਇਤਿਹਾਸਕਾਰੀ ਹਮੇਸ਼ਾ ਬਸਤੀਵਾਦੀ ਹਾਕਮਾਂ ਜਾਂ ਬੁਰਜੂਆ ਰਾਸ਼ਟਰਵਾਦੀਆਂ ਦੀਆਂ ਲਿਖਤਾਂ ਰਾਹੀਂ ਹੀ ਸਾਹਮਣੇ ਆਈ ਹੈ, ਜਦਕਿ ਹਾਸ਼ੀਆਗਤ ਅਧਿਐਨ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਤੋਂ ਵੱਖਰੀ ਸੋਚ ਦਾ ਧਾਰਨੀ ਹੈ। ਰਣਜੀਤ ਗੁਹਾ ਦੱਸਦਾ ਹੈ ਕਿ ਬਸਤੀਵਾਦੀ ਦੌਰ ਵਿਚ ਭਾਰਤ ਅੰਦਰ ਇਕ ਪਾਸੇ ਮੁੱਖਧਾਰਾ ਦੀ ਰਾਜਨੀਤੀ ਦੀ ਚੜ੍ਹਤ ਸੀ, ਜਿਸ ਦੀ ਵਾਗਡੋਰ ਕਾਂਗਰਸ ਦੇ ਹੱਥਾਂ ਵਿਚ ਸੀ। ਇਸਦੇ ਸਮਾਨੰਤਰ ਇਕ ਦੂਜੀ ਧਿਰ ਵੀ ਸੀ, ਜੋ ਮੁੱਖਧਾਰਾ ਦੇ ਸਿਆਸੀ ਸਰੋਕਾਰਾਂ ਦੇ ਸਮਵਿੱਥ ਆਪਣੇ ਤੌਰ ’ਤੇ ਅਜ਼ਾਦੀ ਸੰਗਰਾਮ ਵਿਚ ਆਪਣੀ ਭੂਮਿਕਾ ਨਿਭਾਅ ਰਹੀ ਸੀ। ਬਸਤੀਵਾਦੀ ਦੌਰ ਦੀ ਇਤਿਹਾਸਕਾਰੀ ਵਿਚੋਂ ਇਨ੍ਹਾਂ ਧਿਰਾਂ ਬਾਰੇ ਧਾਰਨ ਕੀਤੀ ਖ਼ਾਮੋਸ਼ੀ ਕਈ ਸੁਆਲਾਂ ਨੂੰ ਜਨਮ ਦਿੰਦੀ ਹੈ।

ਉਤਰਬਸਤੀਵਾਦੀ ਚਿੰਤਨ ਦੇ ਇਕ ਅਹਿਮ ਸਿਧਾਂਤ ਵਜੋਂ ਉਭਰਿਆ ‘ਹਾਸ਼ੀਆਗਤ ਅਧਿਐਨ’ ਭਾਰਤੀ ਸਮਾਜ ਵਿਚ ਹਾਸ਼ੀਏ ’ਤੇ ਵਿਚਰ ਰਹੇ ਲੋਕ-ਸਮੂਹਾਂ ਵਿਸ਼ੇਸ਼ਕਰ ਕਿਸਾਨਾਂ, ਔਰਤਾਂ, ਦਲਿਤਾਂ ਅਤੇ ਆਦਿਵਾਸੀਆਂ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਂਦਾ ਹੈ। ਇਸਦੇ ਅਧਿਐਨ ਖੇਤਰ ਵਿਚ ਉਹ ਲੋਕ

ਸ਼ਾਮਲ ਹਨ, ਜਿਨ੍ਹਾਂ ਨੇ ਬਸਤੀਵਾਦੀ ਸ਼ਾਸਨ ਦੇ ਵਿਰੋਧ ਦੌਰਾਨ ਰਾਸ਼ਟਰਵਾਦੀ ਬੁਰਜੂਆਜ਼ੀ ਨਾਲ ਸਮਝੌਤਾ ਨਹੀਂ ਕੀਤਾ, ਪਰ ਇਸ ਅੰਦੋਲਨ ਵਿਚ ਆਪਣੇ ਪੱਧਰ 'ਤੇ ਅਹਿਮ ਭੂਮਿਕਾ ਨਿਭਾਈ। ਇਸ ਸਭ ਦੇ ਬਾਵਜੂਦ ਰਾਸ਼ਟਰ ਦੀ ਇਤਿਹਾਸਕਾਰੀ ਦੌਰਾਨ ਇਨ੍ਹਾਂ ਸਮੂਹਾਂ ਦੀ ਭੂਮਿਕਾ ਨੂੰ ਨਿਗੂਣਾ ਕਰਕੇ ਸਮਝਿਆ ਗਿਆ। ਕੌਮੀ ਇਤਿਹਾਸਕਾਰੀ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਰਾਸ਼ਟਰੀ ਬੁਰਜੂਆਜ਼ੀ ਦੇ ਯਤਨਾਂ ਨਾਲ ਹੀ ਭਾਰਤ ਨੂੰ ਅਜ਼ਾਦੀ ਹਾਸਲ ਹੋਈ। ਇਸ ਤਰ੍ਹਾਂ ਦੀ ਇਤਿਹਾਸਕਾਰੀ ਵਿਚੋਂ ਹਾਸ਼ੀਆਗਤ ਜਮਾਤਾਂ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਤਰ੍ਹਾਂ ਜਿੱਥੇ ਭਾਰਤੀ ਰਾਸ਼ਟਰਵਾਦ ਨਾਲ ਜੁੜੀ ਮੁੱਖਧਾਰਾ ਦੀ ਇਤਿਹਾਸਕਾਰੀ ਭਾਰਤੀ ਕੁਲੀਨ ਜਮਾਤ ਦੀ ਨੁਮਾਇੰਦਗੀ ਕਰਦੀ ਹੈ, ਉਥੇ ਹਾਸ਼ੀਆਗਤ ਸਮੂਹ ਹਾਸ਼ੀਏ 'ਤੇ ਧੱਕ ਦਿੱਤੇ ਉਨ੍ਹਾਂ ਸਮਾਜਕ ਸਮੂਹਾਂ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੈ, ਜਿਨ੍ਹਾਂ ਨੂੰ ਰਾਸ਼ਟਰਵਾਦ ਦੀ ਮੁੱਖਧਾਰਾ ਇਤਿਹਾਸਕਾਰੀ ਵਿਚ ਢੁਕਵੀਂ ਥਾਂ ਨਹੀਂ ਮਿਲ ਸਕੀ।

ਹਾਸ਼ੀਆਗਤ ਅਧਿਐਨ ਸਮੂਹ ਨਾਲ ਜੁੜੇ ਚਿੰਤਕਾਂ ਦਾ ਮੰਨਣਾ ਹੈ ਕਿ ਬਸਤੀਵਾਦੀ ਦੌਰ ਦੀ ਇਤਿਹਾਸਕਾਰੀ ਬਸਤੀਵਾਦੀ ਜਾਂ ਰਾਸ਼ਟਰਵਾਦੀ ਦ੍ਰਿਸ਼ਟੀਕੋਣਾਂ ਤੋਂ ਪ੍ਰੇਰਿਤ ਹੈ। ਇਸ ਤਰ੍ਹਾਂ ਦੀ ਇਤਿਹਾਸਕਾਰੀ ਚਰਚਾ ਅਧੀਨ ਵਿਸ਼ਿਆਂ ਨੂੰ ਕਿਸੇ ਖ਼ਾਸ ਵਿਚਾਰਧਾਰਕ ਨਜ਼ਰੀਏ ਤੋਂ ਪਰਖਦੀ ਹੈ। ਇਹ ਨਜ਼ਰੀਆ ਯੂਰਪ ਦੀ ਪੁਨਰਜਾਗ੍ਰਤੀ ਲਹਿਰ ਤੋਂ ਪ੍ਰੇਰਿਤ ਹੈ। ਇਸ ਵਿਚਾਰਧਾਰਾ ਦਾ ਮੂਲ ਤਰਕ ਹੈ ਕਿ ਸਮੁੱਚੇ ਵਿਸ਼ਵ ਨੂੰ ਸਿਰਫ਼ ਪੱਛਮੀ ਵਿਸ਼ਵਦ੍ਰਿਸ਼ਟੀ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਇਸ ਪੱਖ ਤੋਂ ਰਾਸ਼ਟਰੀ ਅੰਦੋਲਨ ਦੀ ਇਤਿਹਾਸਕਾਰੀ ਨੂੰ ਸਾਹਮਣੇ ਲਿਆਉਣ ਵਾਲੇ ਭਾਰਤੀ ਇਤਿਹਾਸਕਾਰਾਂ ਦੀ ਦ੍ਰਿਸ਼ਟੀ ਵੀ ਦੋਸ਼ਮੁਕਤ ਨਹੀਂ। ਰਣਜੀਤ ਗੁਹਾ ਦਾ ਮੰਨਣਾ ਹੈ ਕਿ ਕੌਮੀ ਅਜ਼ਾਦੀ ਦੇ ਸੰਘਰਸ਼ ਦਾ ਇਤਿਹਾਸ ਲਿਖਦਿਆਂ ਭਾਰਤੀ ਰਾਸ਼ਟਰਵਾਦੀ ਇਤਿਹਾਸਕਾਰਾਂ ਨੇ ਕਿਸਾਨਾਂ, ਔਰਤਾਂ ਅਤੇ ਕਬੀਲਿਆਂ ਨੂੰ ਢੁਕਵਾਂ ਸਥਾਨ ਦੇਣ ਤੋਂ ਗੁਰੇਜ਼ ਕੀਤਾ ਹੈ।[3]

ਭਾਰਤੀ ਅਜ਼ਾਦੀ ਦੇ ਰਾਸ਼ਟਰਵਾਦੀ ਪ੍ਰਵਚਨ ਵਿਚ ਜੇਕਰ ਹਾਸ਼ੀਆਗਤ ਧਿਰਾਂ ਵਲੋਂ ਨਿਭਾਈ ਭੂਮਿਕਾ ਨੂੰ ਚਰਚਾ ਦਾ ਵਿਸ਼ਾ ਬਣਾਇਆ ਵੀ ਗਿਆ, ਤਾਂ ਉਨ੍ਹਾਂ ਨੂੰ ਮੁੱਖਧਾਰਾ ਰਾਜਨੀਤੀ ਦੀ ਅਗਵਾਈ ਕਰਨ ਵਾਲੀਆਂ ਸ਼ਕਤੀਆਂ ਦੀ ਸਹਿਯੋਗੀ ਧਿਰ ਵਜੋਂ ਹੀ ਵਿਚਾਰਿਆ ਗਿਆ। ਇਥੋਂ ਤੱਕ ਕਿ ਸਮਾਜਵਾਦੀ ਸਫ਼ਾਂ ਵਿਚ ਵੀ ਕਿਸਾਨਾਂ ਨੂੰ ਪੱਛੜੇ ਹੋਏ ਅਤੇ ਉਤਪਾਦਨ ਦੇ ਸੰਬੰਧਾਂ ਤੋਂ ਟੁੱਟੇ ਹੋਏ ਦਰਸਾਇਆ ਗਿਆ। ਦੱਬੇ-ਕੁਚਲੇ ਅਤੇ ਲਿਤਾੜੇ ਲੋਕਾਂ ਦੀ ਅਵਾਜ਼ ਬਣਨ ਵਾਲੀ ਸਮਾਜਵਾਦੀ ਇਤਿਹਾਸਕਾਰੀ ਵੀ ਕਿਸਾਨੀ ਚੇਤਨਾ ਦੇ ਨਾਬਰੀ ਵਾਲੇ ਪ੍ਰਵਚਨਾਂ ਨੂੰ ਸਾਹਮਣੇ ਲਿਆਉਣ ਤੋਂ ਗੁਰੇਜ਼ ਕਰਦੀ ਰਹੀ ਹੈ।

ਇਸ ਤਰ੍ਹਾਂ ਦੀ ਇਤਿਹਾਸਕਾਰੀ ਸਿਰਫ਼ ਆਰਥਿਕਤਾ ਨੂੰ ਹੀ ਅਧਾਰ ਬਣਾਉਂਦੀ ਹੈ, ਜਦਕਿ ਇਸ ਵਿਚੋਂ ਸਭਿਆਚਾਰਕ ਅਤੇ ਧਾਰਮਿਕ ਪ੍ਰਸੰਗਾਂ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਰਣਜੀਤ ਗੁਹਾ ਦਾ ਮੰਨਣਾ ਹੈ ਕਿ ਲੋਕ-ਸਾਹਿਤ ਅਤੇ ਜ਼ੁਬਾਨੀ ਬਿਰਤਾਂਤਾਂ ਵਿਚੋਂ ਹਾਸ਼ੀਆਗਤ ਧਿਰਾਂ ਦੀ ਉਸ ਚੇਤਨਾ ਨੂੰ ਪਛਾਣਿਆ ਜਾ ਸਕਦਾ ਹੈ, ਜਿਸ ਨੂੰ ਬਸਤੀਵਾਦੀ ਦੌਰ ਦੀ ਇਤਿਹਾਸਕਾਰੀ ਵਿਚੋਂ ਖਾਰਜ ਕੀਤਾ ਗਿਆ ਹੈ। ਬਸਤੀਵਾਦੀ ਦੌਰ ਵਿਚ ਇਨ੍ਹਾਂ ਹਾਸ਼ੀਆਗਤ ਸਮੂਹਾਂ ਦੇ ਰਚੇ ਹੋਏ ਗੀਤਾਂ ਅਤੇ ਕਵਿਤਾਵਾਂ ਵਿਚੋਂ ਉਹ ਸਥਿਤੀ ਪਛਾਣੀ ਜਾ ਸਕਦੀ ਹੈ, ਜਿਸ ਰਾਹੀਂ ਹਾਸ਼ੀਏ 'ਤੇ ਵਿਚਰ ਰਹੇ ਇਹ ਸਮਾਜਕ ਸਮੂਹ ਬਰਤਾਨਵੀ ਬਸਤੀਵਾਦ ਨੂੰ ਮੁਖ਼ਾਤਬ ਹੁੰਦੇ ਹਨ।[4]

ਭਾਰਤ ਵਿਚ ਰਾਸ਼ਟਰਵਾਦ ਅਤੇ ਬਸਤੀਵਾਦ ਵਿਰੋਧੀ ਅੰਦੋਲਨ ਦੀ ਇਤਿਹਾਸਕਾਰੀ ਦੋ ਸਮੂਹਾਂ ਦੇ ਵਿਚਾਰਧਾਰਕ ਮੱਤਭੇਦਾਂ ਦੁਆਲੇ ਘੁੰਮਦੀ ਹੈ। ਇਨ੍ਹਾਂ ਵਿਚੋਂ ਪਹਿਲਾ ਸਮੂਹ ਕੈਂਬਰਿਜ ਦੇ ਇਤਿਹਾਸਕਾਰਾਂ ਦਾ ਹੈ, ਜਿਨ੍ਹਾਂ ਦਾ ਮੰਨਣਾ ਹੈ ਕਿ ਭਾਰਤੀ ਰਾਸ਼ਟਰਵਾਦ ਕੁਝ ਚੋਣਵੇਂ ਭਾਰਤੀ ਨੇਤਾਵਾਂ ਰਾਹੀਂ ਰਾਜਸੱਤਾ ਦੀ ਪ੍ਰਾਪਤੀ ਲਈ ਕੀਤੇ ਸੰਘਰਸ਼ ਦੀ ਦੇਣ ਸੀ। ਇਹ ਉਹ ਆਗੂ ਸਨ, ਜਿਨ੍ਹਾਂ ਨੇ ਵੱਖ-ਵੱਖ ਸਮਾਜਕ ਸਮੂਹਾਂ ਦੀ ਮਦਦ ਨਾਲ ਯੂਰਪੀ ਬਸਤੀਵਾਦ ਦੀ ਮੁਖ਼ਾਲਫ਼ਤ ਕੀਤੀ। ਦੂਜਾ ਸਮੂਹ ਦਿੱਲੀ ਦੇ ਇਤਿਹਾਸਕਾਰਾਂ ਨਾਲ ਸੰਬੰਧਤ ਹੈ, ਜਿਨ੍ਹਾਂ ਦਾ ਦਾਅਵਾ ਹੈ ਕਿ ਬਸਤੀਵਾਦੀ ਲੁੱਟ-ਖਸੁੱਟ ਨੇ ਅਜਿਹੇ ਪਦਾਰਥਕ ਹਾਲਾਤ ਪੈਦਾ ਕੀਤੇ, ਜਿਨ੍ਹਾਂ ਕਾਰਨ ਭਾਰਤੀ ਸਮਾਜ ਵਿਚਲੇ ਵੱਖ-ਵੱਖ ਫ਼ਿਰਕੇ ਇਕ ਸਾਂਝੇ ਧਰਾਤਲ 'ਤੇ ਇਕੱਠੇ ਹੋ ਗਏ। ਇਸ ਸਾਂਝ ਵਿਚੋਂ ਹੀ ਇਕ ਕੌਮੀ ਮੁਹਾਜ ਉੱਭਰਿਆ, ਜਿਸਦਾ ਮਕਸਦ ਭਾਰਤੀ ਜਨ ਸਮੂਹ ਨੂੰ ਬਰਤਾਨਵੀ ਸਾਮਰਾਜ ਵਿਰੁੱਧ ਲਾਮਬੱਧ ਕਰਨਾ ਸੀ।

ਰਣਜੀਤ ਗੁਹਾ ਦਾ ਮੰਨਣਾ ਹੈ ਕਿ ਇਹ ਦੋਵੇਂ ਤਰ੍ਹਾਂ ਦੀ ਇਤਿਹਾਸਕਾਰੀ ਕੁਲੀਨ ਵਰਗ ਦੇ ਹਿੱਤਾਂ ਨੂੰ

ਤਰਜੀਹ ਦਿੰਦੀ ਹੈ। ਜਿੱਥੇ ਪਹਿਲੇ ਵਿਚਾਰ ਦਾ ਸੰਬੰਧ ਬਸਤੀਵਾਦੀ ਬੂਰਜੂਆਜ਼ੀ ਨਾਲ ਹੈ, ਉੱਥੇ ਦੂਜੀ ਤਰਾਂ ਦੀ ਇਤਿਹਾਸਕਾਰੀ ਕੁਲੀਨ ਰਾਸ਼ਟਰਵਾਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੈ। ਇਹ ਦੋਵੇਂ ਧਾਰਨਾਵਾਂ ਇਸ ਗੱਲ 'ਤੇ ਇਕਮੱਤ ਹਨ ਕਿ ਭਾਰਤ ਅੰਦਰ ਰਾਸ਼ਟਰਵਾਦ ਦਾ ਉਭਾਰ ਇਥੋਂ ਦੇ ਕੁਲੀਨ ਵਰਗ ਦੀ ਦੇਣ ਸੀ। ਰਾਸ਼ਟਰਵਾਦ ਦੀ ਭਾਵਨਾ ਨੂੰ ਵਿਕਸਤ ਕਰਨ ਪਿੱਛੇ ਉਨ੍ਹਾਂ ਲੋਕਾਂ ਦਾ ਹੱਥ ਸੀ, ਜਿਨ੍ਹਾਂ ਨੇ ਯੂਰਪੀ ਮੁਲਕਾਂ ਤੋਂ ਸਿੱਖਿਆ ਹਾਸਲ ਕੀਤੀ ਸੀ। ਇਹ ਭਾਰਤ ਦਾ ਰੱਜਿਆ ਪੁੱਜਿਆ ਵਰਗ ਸੀ, ਜਿਸ ਦੀ ਰਸਾਈ ਯੂਰਪੀ ਮੁਲਕਾਂ ਤੱਕ ਸੰਭਵ ਸੀ।

ਹਾਸ਼ੀਆਗਤ ਸਮੂਹ ਮੁੱਖਧਾਰਾ ਦੀ ਇਤਿਹਾਸਕਾਰੀ ਨਾਲ ਇਤਫ਼ਾਕ ਨਹੀਂ ਰੱਖਦਾ। ਇਸ ਤਰ੍ਹਾਂ ਦੀ ਇਤਿਹਾਸਕਾਰੀ ਦੀ ਸਮੱਸਿਆ ਇਹ ਹੈ ਕਿ ਇਸ ਵਿਚੋਂ ਹਾਸ਼ੀਆਗਤ ਜਮਾਤਾਂ ਦੀ ਮੁਖ਼ਾਲਫ਼ਤ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਇਸ ਦੇ ਉਲਟ ਹਾਸ਼ੀਆਗਤ ਅਧਿਐਨ ਨਾਲ ਜੁੜੇ ਚਿੰਤਕਾਂ ਨੇ ਦੋ ਅਜਿਹੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਹੈ, ਜਿਹੜੇ ਮੁੱਖਧਾਰਾ ਦੀ ਇਤਿਹਾਸਕਾਰੀ ਵਿਚ ਸ਼ਾਮਲ ਨਹੀਂ ਸਨ:-

1. ਬਸਤੀਵਾਦ ਵਿਰੋਧੀ ਸੰਘਰਸ਼ ਵਿਚ ਉਚ ਵਰਗ ਦੇ ਨਿਸ਼ਾਨਿਆਂ ਅਤੇ ਤਕਨੀਕਾਂ ਅਤੇ ਹਾਸ਼ੀਆਗਤ ਜਮਾਤਾਂ ਦੇ ਢੰਗ-ਤਰੀਕਿਆਂ ਵਿਚਲੇ ਅੰਤਰ ਨੂੰ ਸਿਧਾਂਤਬੱਧ ਕਰਨਾ।
2. ਹਾਸ਼ੀਆਗਤ ਜਮਾਤਾਂ ਦੀ ਚੇਤਨਾ ਨੂੰ ਉਨ੍ਹਾਂ ਦੇ ਸਭਿਆਚਾਰਕ ਨੁਕਤਾ-ਨਿਗਾਹ ਤੋਂ ਸਮਝਣ ਦਾ ਉਪਰਾਲਾ ਕਰਨਾ।

## ਹਾਸ਼ੀਆਗਤ ਇਤਿਹਾਸਕਾਰੀ ਅਤੇ ਕਿਸਾਨੀ ਮਸਲੇ

ਹਾਸ਼ੀਆਗਤ ਅਧਿਐਨ ਦਾ ਪਹਿਲਾ ਦੌਰ ਕਿਸਾਨੀ ਵਿਦਰੋਹਾਂ ਨਾਲ ਸੰਬੰਧਤ ਹੈ। ਇਸ ਪੱਖ ਤੋਂ 1983 ਈ. ਵਿਚ ਰਣਜੀਤ ਗੁਹਾ ਦਾ ਲੇਖ 'Elementary Aspects of Peasant Insurgency in Colonial India' ਮੁੱਢਲੀ ਲਿਖਤ ਹੈ, ਜੋ ਹਾਸ਼ੀਆਗਤ ਅਧਿਐਨ ਦੇ ਸਿਧਾਂਤਕ ਨਜ਼ਰੀਏ ਨੂੰ ਸਪੱਸ਼ਟ ਕਰਦੀ ਹੈ। ਗੁਹਾ ਇਸ ਲੇਖ ਵਿਚ ਸਪਸ਼ਟ ਕਰਦਾ ਹੈ ਕਿ ਹਾਸ਼ੀਆਗਤ ਅਧਿਐਨ ਦੀ ਇਤਿਹਾਸਕਾਰੀ ਦੀ ਮੁੱਢਲੀ ਸਮੱਸਿਆ ਇਹ ਹੈ ਕਿ ਅਜਿਹੇ ਬਹੁਤ ਥੋੜ੍ਹੇ ਦਸਤਾਵੇਜ਼ ਹਨ, ਜਿਨ੍ਹਾਂ ਵਿਚ ਕਿਸੇ ਕਿਸਾਨ ਜਾਂ ਦਲਿਤ ਸਮੂਹ ਦੇ ਨੁਮਇੰਦਿਆਂ ਨੇ ਆਪਣੀ ਕਥਾ ਆਪ ਬਿਆਨ ਕੀਤੀ ਹੋਵੇ।[5] ਇਸ ਲਈ ਹਾਸ਼ੀਆਗਤ ਅਧਿਐਨ ਦਾ ਮੁੱਖ ਵਿਸ਼ਾ ਬਸਤੀਵਾਦੀ ਦੌਰ ਦੀਆਂ ਲਿਖਤਾਂ ਦੀ ਆਲੋਚਨਾਤਮਕ ਪਰਖ-ਪੜਚੋਲ ਨਾਲ ਜੁੜਿਆ ਹੋਣਾ ਚਾਹੀਦਾ ਹੈ।

ਹਾਸ਼ੀਆਗਤ ਅਧਿਐਨ ਸਮੂਹ ਦੇ ਇਤਿਹਾਸਕਾਰਾਂ ਨੇ ਬਸਤੀਵਾਦੀ ਲਿਖਤਾਂ ਦੇ ਅਧਿਐਨ ਤੋਂ ਇਹ ਸਥਾਪਤ ਕੀਤਾ ਹੈ ਕਿ ਦਫ਼ਤਰੀ ਕਾਗ਼ਜ਼ਾਂ ਵਿਚ ਕਿਸਾਨੀ ਵਿਦਰੋਹਾਂ ਨੂੰ ਹਮੇਸ਼ਾ ਕਿਸਾਨਾਂ ਦੀ ਗ਼ਲਤੀ ਵੱਜੋਂ ਹੀ ਦਰਜ ਕੀਤਾ ਗਿਆ। ਇੱਥੋਂ ਤੱਕ ਕਿ ਮਾਰਕਸੀ ਇਤਿਹਾਸਕਾਰਾਂ ਨੇ ਵੀ ਅਕਸਰ ਅਜਿਹੇ ਵਿਦਰੋਹ ਦੀ ਤਹਿ ਤੱਕ ਜਾਣ ਤੋਂ ਗੁਰੇਜ਼ ਕਰਦਿਆਂ ਅਜਿਹੇ ਅੰਦੋਲਨਾਂ ਨੂੰ ਆਪਹੁਦਰੇ ਵਿਰੋਧ ਵਜੋਂ ਹੀ ਪੇਸ਼ ਕੀਤਾ। ਉਨ੍ਹਾਂ ਨੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਕਿ ਇਨ੍ਹਾਂ ਅੰਦੋਲਨਾਂ ਵਿਚੋਂ ਹੀ ਕਿਸਾਨੀ ਚੇਤਨਾ ਤੱਤ ਪਛਾਣੇ ਜਾ ਸਕਦੇ ਹਨ।

ਪਾਰਥਾ ਚੈਟਰਜੀ ਇਸ ਬਹਿਸ ਨੂੰ ਵਿਸਥਾਰ ਦਿੰਦੇ ਹੋਏ ਲਿਖਦਾ ਹੈ ਕਿ ਰਾਸ਼ਟਰਵਾਦੀਆਂ ਦੀ ਦ੍ਰਿਸ਼ਟੀ ਵਿਚ ਕਿਸਾਨ, ਰਾਸ਼ਟਰਵਾਦ ਦੀ ਭਾਵਨਾ ਤੋਂ ਕੋਰੇ ਸੰਗਠਨ ਹਨ, ਜਦਕਿ ਕੌਮੀ ਅਜ਼ਾਦੀ ਦਾ ਘੋਲ ਇਨ੍ਹਾਂ ਸਮੂਹਾਂ ਦੀ ਮਦਦ ਬਿਨਾ ਸੰਭਵ ਨਹੀਂ ਸੀ। ਕੌਮੀ ਨੇਤਾ ਇਨ੍ਹਾਂ ਸਮੂਹਾਂ ਨੂੰ ਆਪਣੇ ਸਿਆਸੀ ਏਜੰਡੇ ਲਈ ਇਸਤੇਮਾਲ ਕਰਦੇ ਰਹੇ। ਉਨ੍ਹਾਂ ਨੇ ਕਿਸਾਨੀ ਸੰਘਰਸ਼ਾਂ ਨੂੰ ਅਜ਼ਾਦਾਨਾ ਵਿਚਾਰਨ ਦੀ ਥਾਂ ਕਿਸੇ ਮੁੱਖਧਾਰਾ ਰਾਜਨੀਤਕ ਵਿਦਰੋਹ ਦੇ ਸਹਾਇਕ ਵਜੋਂ ਹੀ ਪੇਸ਼ ਕੀਤਾ। ਹਾਸ਼ੀਆਗਤ ਇਤਿਹਾਸਕਾਰੀ ਦੌਰਾਨ ਇਸ ਤੱਥ 'ਤੇ ਜ਼ੋਰ ਦਿਤਾ ਜਾਂਦਾ ਹੈ ਕਿ ਕਿਸਾਨੀ ਵਿਦਰੋਹਾਂ ਦਾ ਆਪਣਾ ਵੱਖਰਾ ਇਤਿਹਾਸ ਹੈ, ਜਿਸ ਵਿਚ 'ਕਿਸਾਨ ਚੇਤਨਾ' ਅਹਿਮ ਭੂਮਿਕਾ ਨਿਭਾਉਂਦੀ ਹੈ।

ਕਿਸਾਨੀ ਸਮੂਹਾਂ ਵਲੋਂ ਨਿਭਾਈ ਭੂਮਿਕਾ ਦੀ ਉਦਾਹਰਨ ਲਈ ਹਾਸ਼ੀਆਗਤ ਸਮੂਹ ਵਲੋਂ ਪ੍ਰਕਾਸ਼ਿਤ 'ਸਬਾਲਟਰਨ ਸਟੱਡੀਜ਼' ਵਿਚ ਦਰਜ ਚੋਰਾ-ਚੋਰੀ ਦੀ ਘਟਨਾ ਦੀ ਪੁਨਰ-ਵਿਆਖਿਆ ਨੂੰ ਵਿਚਾਰਿਆ ਜਾ ਸਕਦਾ ਹੈ। ਭਾਰਤ ਅੰਦਰ ਬਰਤਾਨਵੀ ਬਸਤੀਵਾਦ ਦੇ ਸਮੇਂ ਦੌਰਾਨ 'ਚੋਰਾ-ਚੋਰੀ' ਨਾਂ ਦੀ ਥਾਂ 'ਤੇ ਫਰਵਰੀ 1922 ਈ. ਨੂੰ ਵਾਪਰੀ ਇਸ ਘਟਨਾ ਦੌਰਾਨ ਬੇਕਾਬੂ ਹੋਈ ਭੀੜ ਨੇ 23 ਪੁਲਿਸ ਮੁਲਾਜ਼ਮਾਂ ਨੂੰ ਮਾਰ ਦਿੱਤਾ। ਇਸ ਘਟਨਾ ਦੇ ਨਤੀਜੇ ਵਜੋਂ ਮਹਾਤਮਾ ਗਾਂਧੀ ਨੇ ਅੰਗਰੇਜ਼ ਸਰਕਾਰ ਖ਼ਿਲਾਫ਼ ਸ਼ੁਰੂ ਕੀਤਾ ਅਸਹਿਯੋਗ

ਅੰਦੋਲਨ ਵਾਪਸ ਲੈ ਲਿਆ ਸੀ। ਬਸਤੀਵਾਦੀ ਅਤੇ ਭਾਰਤੀ ਰਾਸ਼ਟਰਵਾਦ ਦੀ ਇਤਿਹਾਸਕਾਰੀ ਵਿਚ ਇਸ ਘਟਨਾ ਨੂੰ ਰਾਸ਼ਟਰਵਾਦੀ ਅੰਦੋਲਨ ਵੱਜੋਂ ਪੇਸ਼ ਕਰਨ ਦੀ ਥਾਂ ਇਸ ਨੂੰ ਭਾਰਤੀ ਕਿਸਾਨਾਂ ਵਲੋਂ ਕੀਤੀ ਹਿੰਸਾ ਵਜੋਂ ਦਰਜ ਕੀਤਾ ਗਿਆ। ਇਸ ਘਟਨਾ ਦੀ ਪੁਨਰ-ਵਿਆਖਿਆ ਕਰਨ ਲਈ ਅਮੀਨ ਨੇ ਇਤਿਹਾਸਕ ਦਸਤਾਵੇਜ਼ਾਂ ਅਤੇ ਲੋਕ-ਗਾਥਾਵਾਂ ਦੀ ਪੁਣ-ਛਾਣ ਕੀਤੀ। ਉਸਨੇ ਆਪਣੇ ਅਧਿਐਨ ਤੋਂ ਸਿੱਟਾ ਕੱਢਿਆ ਕਿ ਕਿਸਾਨਾਂ ਦੀ ਹਿੰਸਾ ਕਿਸੇ ਤੁਰੰਤ ਕਾਰਵਾਈ ਸਦਕਾ ਨਹੀਂ ਸੀ ਵਾਪਰੀ। ਬਸਤੀਵਾਦੀ ਸ਼ਾਸਨ ਦੇ ਖ਼ਿਲਾਫ਼ ਇਸ ਇਲਾਕੇ ਵਿਚ ਕਿਸਾਨਾਂ ਦਾ ਅੰਦੋਲਨ ਪਹਿਲਾਂ ਤੋਂ ਹੀ ਕਾਰਜਸ਼ੀਲ ਸੀ। ਇਸ ਅੰਦੋਲਨ ਨੂੰ ਰਾਸ਼ਟਰਵਾਦੀ ਲਹਿਰ ਵਜੋਂ ਅਣਗੌਲਿਆ ਕੀਤਾ ਗਿਆ ਹੈ।[6]

ਅਮੀਨ, ਕਿਸਾਨਾਂ ਦੇ ਸਭਿਆਚਾਰਕ ਅਤੇ ਵਿਚਾਰਧਾਰਕ ਨਜ਼ਰੀਏ ਨੂੰ ਸਪੱਸ਼ਟ ਕਰਦਿਆਂ ਦੇਸ਼ ਦੀ ਅਜ਼ਾਦੀ ਲਈ ਕਿਸਾਨਾਂ ਵਲੋਂ ਨਿਭਾਈ ਭੂਮਿਕਾ ਨੂੰ ਸਾਹਮਣੇ ਲਿਆਉਂਦਾ ਹੈ। ਉਹ ਦੱਸਦਾ ਹੈ ਕਿ ਰਾਸ਼ਟਰ ਦੀ ਨਿਰਮਾਣਕਾਰੀ ਵਿਚ ਕਈ ਧਿਰਾਂ ਨੂੰ ਜਾਣਬੁੱਝ ਕੇ ਇਤਿਹਾਸ ਵਿਚੋਂ ਬਾਹਰ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਦੀ ਚੋਣ ਨਾਲ ਕੁਲੀਨ ਇਤਿਹਾਸਕਾਰੀ ਦੇ ਹਿੱਤ ਜੁੜੇ ਹੁੰਦੇ ਹਨ। ਚੋਰਾ-ਚੋਰੀ ਦੀ ਘਟਨਾ ਇਸ ਗੱਲ ਦੀ ਗੁਆਹ ਹੈ ਕਿ ਕੌਮੀ ਅੰਦੋਲਨਾਂ ਦੀ ਇਤਿਹਾਸਕਾਰੀ ਵਿਚ ਇਸ ਘਟਨਾ ਦੇ ਨਿਸ਼ਚਤ ਹਿੱਸੇ ਨੂੰ ਚੁਣਿਆ ਗਿਆ, ਜਦਕਿ ਇਸ ਪਿੱਛੇ ਕੰਮ ਕਰ ਰਹੇ ਕਿਸਾਨਾਂ ਦੇ ਵਿਚਾਰਧਾਰਕ ਪੱਖ ਨੂੰ ਅਣਗੌਲਿਆਂ ਕਰ ਦਿੱਤਾ ਗਿਆ।

ਇਸ ਤਰ੍ਹਾਂ ਹਾਸ਼ੀਆਗਤ ਅਧਿਐਨ ਨੇ ਬਸਤੀਵਾਦ ਦੌਰਾਨ ਅਤੇ ਅਜ਼ਾਦੀ ਤੋਂ ਬਾਅਦ ਦੇ ਉਤਰਬਸਤੀਵਾਦੀ ਦੌਰ ਦੀ ਇਤਿਹਾਸਕਾਰੀ ਵਿਚ ਕਿਸਾਨੀ ਅੰਦੋਲਨਾਂ ਨੂੰ ਸ਼ਾਮਲ ਨਾ ਕੀਤੇ ਜਾਣ ਦੀ ਸਿਆਸਤ ਨੂੰ ਬੇਪਰਦ ਕੀਤਾ। ਇਸ ਸਕੂਲ ਨਾਲ ਜੁੜੇ ਚਿੰਤਕਾਂ ਨੇ ਇਸ ਤੱਥ ਨੂੰ ਸਾਹਮਣੇ ਲਿਆਂਦਾ ਹੈ ਕਿ ਬਸਤੀਵਾਦ ਵਿਰੋਧੀ ਅੰਦੋਲਨਾਂ ਵਿਚ ਕਿਸਾਨੀ ਬਗਾਵਤਾਂ ਵੀ ਅਹਿਮ ਥਾਂ ਰੱਖਦੀਆਂ ਹਨ। ਇਸਦੇ ਬਾਵਜੂਦ ਇਨ੍ਹਾਂ ਨੂੰ ਸਥਾਪਤ ਇਲੀਟ ਇਤਿਹਾਸਕਾਰੀ ਵਿਚ ਬਣਦਾ ਰੁਤਬਾ ਨਹੀਂ ਮਿਲਦਾ।

## ਹਾਸ਼ੀਆਗਤ ਅਧਿਐਨ ਅਤੇ ਦਲਿਤ ਚੇਤਨਾ

ਹਾਸ਼ੀਆਗਤ ਅਧਿਐਨ ਨਾਲ ਜੁੜੇ ਚਿੰਤਕਾਂ ਦਾ ਮੰਨਣਾ ਹੈ ਕਿ ਹਾਸ਼ੀਆਗਤ ਰਾਜਨੀਤੀ ਦੇ ਏਜੰਡੇ ਨੂੰ ਤੈਅ ਕਰਨ ਵਾਲੀ ਮੁੱਖ ਵਿਚਾਰਧਾਰਾ ਦਲਿਤ ਚੇਤਨਾ ਨਾਲ ਸੰਬੰਧਤ ਹੈ। ਇਹ ਚੇਤਨਾ ਦੱਬੇ-ਕੁਚਲੇ ਅਤੇ ਨਕਾਰੇ ਹੋਣ ਦੇ ਅਹਿਸਾਸ ਵਿਚੋਂ ਉਪਜਦੀ ਹੈ। ਰੋਜ਼ਮਰਾ ਦੀ ਭੁੱਖਮਰੀ, ਲੁੱਟ-ਖਸੁੱਟ ਅਤੇ ਨਾਬਰਾਬਰੀ ਦੇ ਬਾਵਜੂਦ ਦਲਿਤ ਸਮੂਹ ਆਪਣੇ ਆਪ ਨੂੰ ਇਕ ਸਾਂਝੀ ਪਛਾਣ ਦੇ ਅੰਤਰਗਤ ਸੁਰੱਖਿਅਤ ਰੱਖਦੇ ਹਨ। ਇਸ ਤਰਾਂ ਉਪਜੀ ਸਵੈ-ਚੇਤਨਾ ਪਦਾਰਥਕ ਹਾਲਾਤਾਂ ਦੀ ਹੀ ਉਪਜ ਨਹੀਂ, ਜਿਵੇਂ ਕਿ ਮੁੱਖਧਾਰਾ ਇਤਿਹਾਸਕਾਰਾਂ ਨੇ ਇਸਨੂੰ ਸਮਝਣ ਦੀ ਯਤਨ ਕੀਤਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪਦਾਰਥਕ ਤਰੱਕੀ ਮੁੱਖ ਤੌਰ ’ਤੇ ਕੁਲੀਨ ਵਰਗਾਂ ਨਾਲ ਹੀ ਜੁੜੀ ਹੈ। ਜੇਕਰ ਦਲਿਤ ਚੇਤਨਾ ਨੂੰ ਸਮਝਣਾ ਹੈ ਤਾਂ ਵਿਦਰੋਹ ਜਾਂ ਸੰਘਰਸ਼ ਦੇ ਸਮੇਂ ’ਤੇ ਨਜ਼ਰਸਾਨੀ ਕਰਨ ਦੀ ਲੋੜ ਹੈ। ਇਸ ਸਮੇਂ ਹੀ ਮਾਲਕਾਂ ਨੂੰ ਅਹਿਸਾਸ ਹੁੰਦਾ ਹੈ ਕਿ ਦਲਿਤ ਦੀ ਕੋਈ ਆਪਣੀ ਹਸਤੀ ਹੈ। ਇਸਦੇ ਨਿਸ਼ਾਨੇ ਅਤੇ ਇੱਛਾਵਾਂ, ਢੰਗ-ਤਰੀਕੇ ਅਤੇ ਸੰਸਥਾਵਾਂ ਬੁਰਜੂਆ ਕਦਰਾਂ-ਕੀਮਤਾਂ ਤੋਂ ਵੱਖਰੇ ਹਨ। ਇਸ ਲਈ ਜੇਕਰ ਸਚਮੁੱਚ ਇਤਿਹਾਸਕਾਰ ਦਲਿਤ ਚੇਤਨਾ ਨੂੰ ਸਮਝਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਵਿਦਰੋਹ ਦੇ ਸਮੇਂ ਦੇ ਦਸਤਾਵੇਜ਼ਾਂ ਨੂੰ ਵਾਚਣਾ ਚਾਹੀਦਾ ਹੈ।

ਇਸ ਤਰ੍ਹਾਂ ਹਾਸ਼ੀਆਗਤ ਅਧਿਐਨ ਦਾ ਦੂਜਾ ਪਹਿਲੂ ਇਤਿਹਾਸ ਨੂੰ ਸਮਾਜਕ ਦਰਜਾਬੰਦੀ ਦੇ ਹੇਠਲੇ ਡੰਡੇ ਤੋਂ ਸਮਝਣ ਨਾਲ ਜੁੜਿਆ ਹੈ। ਇਸ ਸੋਚ ਲਈ ਹਾਸ਼ੀਆਗਤ ਅਧਿਐਨ ਸਮੂਹ ਦੋ ਬਰਤਾਨਵੀ ਮਾਰਕਸਵਾਦੀ ਚਿੰਤਕਾਂ- ਕ੍ਰਿਸਟੋਫਰ ਹਿੱਲ ਅਤੇ ਈ. ਐਫ. ਥੋਮਸਨ ਤੋਂ ਪ੍ਰਭਾਵਿਤ ਹੈ। ਪਰੰਤੂ ਜਿੱਥੇ ‘ਹਿਸਟਰੀ ਵਰਕਸ਼ਾਪ’ ਦੇ ਇਹ ਇਤਿਹਾਸਕਾਰ ਯੂਰਪੀ ਆਧੁਨਿਕਵਾਦ ਦੇ ਦਾਇਰੇ ਵਿਚ ਰਹਿ ਕੇ ਇਤਿਹਾਸ ਨੂੰ ਸਮਝਣ ਦੇ ਪੱਖ ਵਿਚ ਹਨ, ਉਥੇ ਹਾਸ਼ੀਆਗਤ ਅਧਿਐਨ ਆਧੁਨਿਕਵਾਦ ਨੂੰ ਵੀ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਬਰਤਾਨਵੀ ਇਤਿਹਾਸਕਾਰਾਂ ਨੇ ਪੂੰਜੀਵਾਦੀ ਆਧੁਨਿਕਤਾ ਦੇ ਪ੍ਰਸੰਗ ਵਿਚ ਹੀ ਇਤਿਹਾਸ ਦੀ ਪੜ੍ਹਤ ਉਸਾਰੀ ਹੈ। ਦੂਜੇ ਪਾਸੇ ਹਾਸ਼ੀਆਗਤ ਅਧਿਐਨ ਸਮੂਹ ਦੇ ਇਤਿਹਾਸਕਾਰਾਂ ਨੇ ਬਸਤੀ ਬਣੇ ਤੀਜੀ ਦੁਨੀਆ ਦੇ ਇਤਿਹਾਸ ਨੂੰ ਆਧੁਨਿਕਵਾਦ ਦੇ ਨਿਸ਼ਚਤ ਚੌਖਟੇ ਤੋਂ ਵੱਖ ਕਰ ਕੇ ਸਮਝਣ ਨੂੰ ਤਰਜੀਹ ਦਿੱਤੀ ਹੈ।

ਹਾਸ਼ੀਆਗਤ ਅਧਿਐਨ ਦੇ ਚਿੰਤਕਾਂ ਨੇ ਧਰਮ, ਜਾਤ ਅਤੇ ਲਿੰਗ ਦੇ ਮੁੱਦਿਆਂ ਨਾਲ ਸੰਬੰਧਤ ਸੁਆਲਾਂ

ਨੂੰ ਥਾਂ ਦੇ ਕੇ ਉਤਰਬਸਤੀਵਾਦੀ ਅਧਿਐਨ ਦੀਆਂ ਵਿਆਖਿਆਵਾਂ ਨੂੰ ਹੋਰ ਵਿਸਥਾਰ ਦਿੱਤਾ। ਫ਼ਿਰਕੂ ਪਛਾਣਾਂ ਅਤੇ ਧਾਰਮਿਕ ਘੱਟ-ਗਿਣਤੀਆਂ ਦੇ ਮੁੱਦੇ ਨੂੰ ਲੈ ਕੇ ਮੁੱਖਧਾਰਾ ਦੇ ਇਤਿਹਾਸਕਾਰਾਂ ਦਾ ਮਤ ਹੈ ਕਿ ਭਾਰਤ ਦੀ ਧਾਰਮਿਕ ਪਰੰਪਰਾ ਦੋ ਵਿਰੋਧੀ ਸਮੂਹਾਂ ਵਿਚਲੀ ਵਿਚਾਰਧਾਰਾ ਦੀ ਉਪਜ ਸੀ। ਇਨ੍ਹਾਂ ਵਿਚੋਂ ਪਹਿਲਾ ਸਮੂਹ ਕੱਟੜ ਹਿੰਦੂਵਾਦੀ ਸੀ ਜਦਕਿ ਦੂਜਾ ਧਰਮ-ਨਿਰਪੱਖਤਾ ਦਾ ਹਾਮੀ ਸੀ। ਇਸਦੇ ਮੁਕਾਬਲੇ ਹਾਸ਼ੀਆਗਤ ਅਧਿਐਨ ਸਮੂਹ ਦੇ ਚਿੰਤਕਾਂ ਦਾ ਮੰਨਣਾ ਹੈ ਕਿ ਧਾਰਮਿਕ ਫ਼ਿਰਕੂਪੁਣੇ ਅਤੇ ਧਰਮ ਨਿਰਪੱਖਤਾ ਵਿਚਲਾ ਤਣਾਅ ਹਰਗਿਜ਼ ਵੀ ਪੁਰਾਤਨਤਾ ਅਤੇ ਆਧੁਨਿਕਤਾ ਵਿਚਲੇ ਤਣਾਅ ਦਾ ਸੂਚਕ ਨਹੀਂ। ਧਰਮ ਦੇ ਮਸਲੇ ਵਿਚ ਹਾਸ਼ੀਆਗਤ ਸਮੂਹਾਂ ਨੂੰ ਨਾ ਤਾਂ ਨਿਰੋਲ ਧਾਰਮਿਕ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਨਿਰੇ ਧਰਮਨਿਰਪੱਖ।

ਹਾਸ਼ੀਆਗਤ ਅਧਿਐਨ ਦੇ ਚਿੰਤਕਾਂ ਨੇ ਇਹ ਵੀ ਸਥਾਪਤ ਕੀਤਾ ਕਿ ਬਸਤੀਵਾਦੀ ਇਤਿਹਾਸਕਾਰਾਂ ਰਾਹੀਂ ਉਭਾਰਿਆ ਗਿਆ ਇਹ ਤੱਥ ਵੀ ਦਰੁਸਤ ਨਹੀਂ ਕਿ ਭਾਰਤੀ ਜਨਸਮੂਹ ਨੂੰ ਬਸਤੀਵਾਦ ਵਿਰੋਧੀ ਅੰਦੋਲਨ ਨਾਲ ਜੋੜਨ ਦਾ ਸਿਹਰਾ ਸਿਰਫ਼ ਕੁਲੀਨ ਰਾਸ਼ਟਰਵਾਦੀਆਂ ਦੇ ਸਿਰ ਬੱਝਦਾ ਹੈ। ਇਨ੍ਹਾਂ ਇਤਿਹਾਸਕਾਰਾਂ ਰਾਹੀਂ ਕੀਤਾ ਇਹ ਦਾਅਵਾ ਵੀ ਠੀਕ ਨਹੀਂ ਕਿ ਹਾਸ਼ੀਆਗਤ ਜਮਾਤਾਂ ਵਿਚ ਕੌਮੀ ਚੇਤਨਾ ਪੈਦਾ ਕਰਨ ਵਿਚ ਕੌਮੀ ਨੇਤਾਵਾਂ ਦੇ ਵਿਚਾਰਾਂ ਨੇ ਹੀ ਪ੍ਰਮੁੱਖ ਭੂਮਿਕਾ ਨਿਭਾਈ। ਅਸਲੀਅਤ ਇਹ ਹੈ ਕਿ ਦਮਿਤ ਜਮਾਤਾਂ ਨੇ ਜਦੋਂ ਵੀ ਕੌਮੀ ਰਾਜਨੀਤੀ ਵਿਚ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਇਸ ਨੂੰ ਕੌਮੀ ਬੁਰਜੂਆਜ਼ੀ ਵੱਲੋਂ ਲਾਂਭੇ ਕਰ ਦਿੱਤਾ ਗਿਆ। ਇਸ ਦਾ ਇਕ ਮੁੱਖ ਕਾਰਨ ਇਹ ਹੈ ਕਿ ਦਮਿਤ ਜਮਾਤਾਂ ਦੇ ਸਿਆਸੀ ਨਿਸ਼ਾਨੇ, ਤਕਨੀਕਾਂ ਅਤੇ ਤਰੀਕੇ ਹਮੇਸ਼ਾ ਮੁੱਖਧਾਰਾ ਦੀ ਸਿਆਸੀ ਪੈਂਤੜੇਬਾਜੀ ਤੋਂ ਵੱਖਰੇ ਰਹੇ ਹਨ।

ਇਸ ਚਰਚਾ ਰਾਹੀਂ ਹਾਸ਼ੀਆਗਤ ਅਧਿਐਨ ਸਮੂਹ ਦੇ ਚਿੰਤਕ ਇਹ ਸਥਾਪਤ ਕਰਨਾ ਚਾਹੁੰਦੇ ਹਨ ਕਿ ਕੁਲੀਨ ਅਤੇ ਹਾਸ਼ੀਆਗਤ ਸਮੂਹਾਂ ਦੇ ਰਾਸ਼ਟਰਵਾਦ ਦੋ ਵੱਖੋ-ਵੱਖਰੇ ਸੰਕਲਪ ਹਨ। ਭਾਰਤ ਵਿਚ ਦਲਿਤ ਚੇਤਨਾ ਦੇ ਉਭਾਰ ਨੂੰ ਹਾਸ਼ੀਆਗਤ ਚੇਤਨਾ ਨਾਲ ਜੋੜ ਕੇ ਵਿਚਾਰਿਆ ਜਾ ਸਕਦਾ ਹੈ। ਇਸ ਪੱਖ 'ਤੇ ਨਜ਼ਰਸਾਨੀ ਲਈ ਕਾਂਚਾ ਇਲੀਆ ਦੀ ਪੁਸਤਕ 'ਮੈਂ ਹਿੰਦੂ ਕਿਉਂ ਨਹੀਂ ਹਾਂ?' ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਹ ਕਿਤਾਬ ਭਾਰਤੀ ਵਰਨ-ਵਿਵਸਥਾ ਦੀ ਜਾਤ-ਪ੍ਰਣਾਲੀ ਤਹਿਤ ਵਿਚਰ ਰਹੇ ਦਲਿਤ ਸਮਾਜ ਦੀ ਬਾਤ ਪਾਉਂਦੀ ਹੈ। ਇਲੀਆ ਦਾ ਮਤ ਹੈ ਕਿ ਬਸਤੀਵਾਦੀ ਦੌਰ ਤੋਂ ਲੈ ਕੇ ਹਿੰਦੋਸਤਾਨ ਦੀ ਅਜ਼ਾਦੀ ਤੋਂ ਬਾਅਦ ਦੇ ਸਮੇਂ ਤੱਕ ਦਲਿਤ ਲੋਕਾਂ ਦੇ ਜੀਵਨ ਵਿਚ ਕੋਈ ਵੱਡੀ ਤਬਦੀਲੀ ਨਹੀਂ ਵਾਪਰੀ। ਇਹ ਲੋਕ ਬਸਤੀਵਾਦ ਦੌਰਾਨ ਵੀ ਮੁੱਖਧਾਰਾ ਤੋਂ ਬੇਗਾਨਗੀ 'ਤੇ ਵਿਚਰ ਰਹੇ ਸਨ ਅਤੇ ਭਾਰਤ ਦੇ ਬਸਤੀਰਹਿਤ ਹੋਣ ਉਪਰੰਤ ਵੀ ਇਹ ਲੋਕ ਮੁੱਖਧਾਰਾ ਵਿਚ ਸ਼ਾਮਲ ਨਹੀਂ ਹੋ ਸਕੇ।[7]

ਬਸਤੀਵਾਦੀ ਅਤੇ ਉਤਰ-ਬਸਤੀਵਾਦੀ ਦੋਵਾਂ ਸਮਿਆਂ ਦੀ ਸਿੱਖਿਆ ਪ੍ਰਣਾਲੀ 'ਤੇ ਸੁਆਲ ਖੜ੍ਹਾ ਕਰਦਿਆਂ ਇਲੀਆ ਇਹ ਸਥਾਪਤ ਕਰਦਾ ਹੈ ਕਿ ਬਸਤੀਵਾਦੀ ਸਿੱਖਿਆ ਪ੍ਰਣਾਲੀ ਨਾਲ ਸੰਬੰਧਤ ਪਾਠ-ਪੁਸਤਕਾਂ ਵਿਚ ਮਿਲਟਨ ਅਤੇ ਸ਼ੇਕਸਪੀਅਰ ਦੀਆਂ ਰਚਨਾਵਾਂ ਪੜ੍ਹਾਈਆਂ ਜਾਂਦੀਆਂ ਸਨ। ਇਨ੍ਹਾਂ ਰਚਨਾਵਾਂ ਦਾ ਭਾਰਤੀ ਦਲਿਤ ਜੀਵਨ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ ਬਣਦਾ। ਅਜ਼ਾਦੀ ਤੋਂ ਬਾਅਦ ਲਾਗੂ ਕੀਤੇ ਪਾਠਕ੍ਰਮਾਂ ਵਿਚ ਵੀ ਕਾਲੀਦਾਸ ਅਤੇ ਤੁਲਸੀਦਾਸ ਜਿਹੇ ਅਖੌਤੀ ਉਚ-ਜਾਤੀ ਲੇਖਕਾਂ ਦੀਆਂ ਰਚਨਾਵਾਂ ਨੂੰ ਪਾਠਕ੍ਰਮ ਵਿਚ ਥਾਂ ਦਿੱਤੀ ਗਈ। ਇਨ੍ਹਾਂ ਲੇਖਕਾਂ ਦੀ ਰਚਨਾਕਾਰੀ ਵੀ ਦਲਿਤ ਜੀਵਨ ਦੀ ਨੁਮਾਂਇਦਗੀ ਤੋਂ ਉਸੇ ਤਰ੍ਹਾਂ ਕੋਰੀ ਹੈ, ਜਿਵੇਂ ਯੂਰਪੀ ਜ਼ੁਬਾਨਾਂ ਦੇ ਲੇਖਕਾਂ ਦੀ ਸੀ। ਇਨ੍ਹਾਂ ਦੋਵਾਂ ਤਰ੍ਹਾਂ ਦੀਆਂ ਪੁਸਤਕਾਂ ਦਾ ਦਲਿਤ ਜੀਵਨ ਅਤੇ ਉਨ੍ਹਾਂ ਦੇ ਸਭਿਆਚਾਰ ਨਾਲ ਕੋਈ ਵਾਸਤਾ ਨਹੀਂ।

ਕਾਂਚਾ ਇਲੀਆ ਰਾਹੀਂ ਸ਼ੁਰੂ ਕੀਤੀ ਇਸ ਬਹਿਸ ਨੂੰ ਹਾਸ਼ੀਆਗਤ ਸਮੂਹ ਦੇ ਚਿੰਤਕਾਂ ਨੇ ਸਿਧਾਂਤਬੱਧ ਕੀਤਾ। ਰਣਜੀਤ ਗੁਹਾ ਦਾ ਮੰਨਣਾ ਹੈ ਕਿ ਬੇਸ਼ੱਕ ਹਾਸ਼ੀਆਗਤ ਸਮੂਹਾਂ ਦੀ ਭੂਮਿਕਾ ਨੂੰ ਸਮਝੇ ਬਿਨਾਂ ਰਾਸ਼ਟਰਵਾਦ ਨੂੰ ਨਹੀਂ ਵਿਚਾਰਿਆ ਜਾ ਸਕਦਾ ਪਰ ਕੁਲੀਨ ਇਤਿਹਾਸਕਾਰੀ ਵਿਚੋਂ ਇਹ ਵਰਗ ਹਮੇਸ਼ਾ ਅਣਗੌਲਿਆ ਰਿਹਾ ਹੈ। ਇਹੀ ਕਾਰਨ ਹੈ ਕਿ ਮੁਲਕ ਦੀ ਅਜ਼ਾਦੀ ਹਾਸਲ ਕਰਨ ਤੋਂ ਲੰਬੇ ਸਮੇਂ ਬਾਅਦ ਵੀ ਹਾਸ਼ੀਆਗਤ ਸਮੂਹਾਂ ਦੇ ਜੀਵਨ ਵਿਚ ਕੋਈ ਵੱਡੀ ਸਾਰਥਕ ਤਬਦੀਲੀ ਨਹੀਂ ਵਾਪਰੀ।[8] ਭਾਰਤ ਦੀ ਅਜ਼ਾਦੀ ਤੋਂ ਬਾਅਦ ਸੱਤਾ ਦਾ ਪ੍ਰਬੰਧ ਉਚ-ਜਾਤੀ ਹਿੰਦੂਵਾਦੀ ਤਾਕਤਾਂ ਦੇ ਹੱਥ ਵਿਚ ਚਲਾ ਗਿਆ। ਆਪਣੇ ਵਿਚਾਰਧਾਰਕ ਦ੍ਰਿਸ਼ਟੀਕੋਣ ਮੁਤਾਬਕ ਇਹ ਲੋਕ ਤੈਅ ਕਰਦੇ ਹਨ ਕਿ ਭਾਰਤੀ ਹੋਣ ਦੇ ਕੀ ਅਰਥ ਹਨ? ਅਜਿਹੀ ਸਥਿਤੀ ਵਿਚ ਜਾਤ-ਪਾਤ ਪ੍ਰਬੰਧ ਤਹਿਤ ਜੀਵਨ ਬਸਰ ਕਰ ਰਹੀ ਭਾਰਤ ਦੀ ਦਲਿਤ ਲੋਕਾਈ ਇਤਿਹਾਸਕ ਬਿਰਤਾਂਤਾਂ ਵਿਚੋਂ ਖ਼ਾਰਜ ਹੋ ਗਈ।

ਹਾਸ਼ੀਆਗਤ ਇਤਿਹਾਸਕਾਰੀ ਨਾਲ ਜੁੜੇ ਇਤਿਹਾਸਕਾਰ ਭਾਰਤੀ ਸਮਾਜ ਦੀ ਅਜਿਹੀ ਵਿਆਖਿਆ ਉਸਾਰਨ ਵੱਲ ਰੁਚਿਤ ਹਨ, ਜਿਸ ਰਾਹੀਂ ਦਮਿਤ ਸਮੂਹਾਂ ਦੇ ਸੰਘਰਸ਼ ਅਤੇ ਬਸਤੀਵਾਦ ਪ੍ਰਤੀ ਉਨ੍ਹਾਂ ਦੇ ਹੁੰਗਾਰੇ ਤੇ ਨਾਬਰੀ ਦੇ ਪ੍ਰਵਚਨਾਂ ਨੂੰ ਸਮਝਿਆ ਜਾ ਸਕੇ। ਸਮਾਜਕ ਦਰਜਾਬੰਦੀ ਦੇ ਹੇਠਲੇ ਡੰਡੇ 'ਤੇ ਬੈਠੇ ਹਾਸ਼ੀਆਗਤ ਸਮੂਹਾਂ ਦੀ ਵਿਆਖਿਆ ਸਿਰਫ਼ ਬਸਤੀਵਾਦੀ ਸੰਬੰਧਾਂ ਤੱਕ ਹੀ ਸੀਮਤ ਨਹੀਂ। ਮੂਲਵਾਸੀਆਂ ਦੇ ਪੂੰਜੀਵਾਦੀ ਪ੍ਰਬੰਧ ਤਹਿਤ ਵਿਚਰਨ ਤੋਂ ਇਲਾਵਾ ਜਾਤ, ਜਮਾਤ ਤੇ ਲਿੰਗ ਦੇ ਨੁਕਤੇ ਤੋਂ ਹੋਂਦ ਵਿਚ ਆਈਆਂ ਸਮਾਜਕ ਸੰਸਥਾਵਾਂ ਦੀ ਬਣਤਰ ਨੂੰ ਸਮਝਣਾ ਵੀ ਇਸ ਤਰ੍ਹਾਂ ਦੀ ਇਤਿਹਾਸਕਾਰੀ ਦਾ ਪ੍ਰਮੁੱਖ ਵਿਸ਼ਾ ਹੈ।

## ਹਾਸ਼ੀਆਗਤ ਅਧਿਐਨ ਅਤੇ ਨਾਰੀ ਸਰੋਕਾਰ

ਹਾਸ਼ੀਆਗਤ ਅਧਿਐਨ ਦੇ ਚਿੰਤਕਾਂ ਨੇ ਬਸਤੀਵਾਦੀ ਦੌਰ ਵਿਚ ਔਰਤ ਦੀ ਸਥਿਤੀ ਨੂੰ ਵੀ ਵਿਚਾਰਿਆ ਹੈ। ਇਕ ਪੱਖ ਤੋਂ ਤਾਂ ਮਰਦ-ਪ੍ਰਧਾਨ ਸਮਾਜ ਵਿਚ ਰਹਿ ਰਹੀ ਹਰ ਔਰਤ ਹੀ ਦਲਿਤ ਹੈ, ਪਰ ਜਾਤ, ਜਮਾਤ ਅਤੇ ਭਾਈਚਾਰੇ ਦੇ ਵੱਖਰੇ ਹੋਣ ਦਾ ਪ੍ਰਭਾਵ ਔਰਤ ਦੀ ਪਛਾਣ 'ਤੇ ਵੀ ਪਿਆ ਹੈ। ਇਸ ਪੱਖ ਤੋਂ ਬਸਤੀਵਾਦੀ ਪ੍ਰਵਚਨ ਤਹਿਤ ਔਰਤ ਦੀ ਸਥਿਤੀ ਨੂੰ ਸਮਝਣ ਲਈ ਉਨ੍ਹੀਵੀਂ ਸਦੀ ਵਿਚ ਉਭਰੀਆਂ ਧਾਰਮਿਕ ਅਤੇ ਸਮਾਜ-ਸੁਧਾਰਕ ਲਹਿਰਾਂ ਨੂੰ ਧਿਆਨ ਨਾਲ ਵਾਚਣ ਦੀ ਲੋੜ ਹੈ। ਇਸ ਤਹਿਤ ਉਨ੍ਹਾਂ ਕਾਨੂੰਨੀ ਸੁਧਾਰਾਂ ਨੂੰ ਵਿਚਾਰਨਾ ਵੀ ਜ਼ਰੂਰੀ ਹੈ, ਜੋ ਬਸਤੀਵਾਦੀ ਪ੍ਰਸ਼ਾਸਨ ਵੱਲੋਂ ਔਰਤ ਦੇ ਹੱਕਾਂ ਦੀ ਰਾਖੀ ਲਈ ਬਣਾਏ ਗਏ। ਹਾਸ਼ੀਆਗਤ ਅਧਿਐਨ ਨਾਲ ਜੁੜੀਆਂ ਨਾਰੀਵਾਦੀ ਚਿੰਤਕਾਂ ਦਾ ਮੰਨਣਾ ਹੈ ਕਿ ਪਿਤਾ-ਪੁਰਖੀ ਸਮਾਜ ਨੂੰ ਬਿਨਾਂ ਕੋਈ ਨੁਕਸਾਨ ਪਹੁੰਚਾਏ ਉਲੀਕੇ ਗਏ ਇਹ ਸੁਧਾਰ ਜਾਂ ਕਾਨੂੰਨ ਓਪਰੀ ਬਣਤਰ ਵਾਲੇ ਸਨ, ਜੋ ਸਥਾਨਕ ਔਰਤਾਂ ਦੀਆਂ ਸਮੱਸਿਆਵਾਂ ਨੂੰ ਅੱਖੋਂ-ਪਰੋਖੇ ਕਰਦੇ ਸਨ।

ਗਾਇਤਰੀ ਸਪੀਵਾਕ ਹਾਸ਼ੀਆਗਤ ਚਿੰਤਕਾਂ ਰਾਹੀਂ ਹਾਸ਼ੀਆਗਤ ਸਮੂਹਾਂ ਦੀ ਇਤਿਹਾਸ ਵਿਚ ਪੁਨਰ-ਵਾਪਸੀ ਨੂੰ ਆਪਣੇ ਲੇਖ 'ਕੈਨ ਦ ਸਬਾਲਟਰਨ ਸਪੀਕ?' ਵਿਚ ਚੁਣੌਤੀ ਦਿੰਦੀ ਹੈ। ਉਸਦਾ ਮੰਨਣਾ ਹੈ ਕਿ ਇਤਿਹਾਸ ਵਿਚ ਦਮਿਤ ਅਵਾਜ਼ਾਂ ਦੀ ਪੁਨਰ-ਪੇਸ਼ਕਾਰੀ ਸੰਭਵ ਨਹੀਂ। ਅਜਿਹੀ ਵਿਆਖਿਆ ਰਾਹੀਂ ਹਾਸ਼ੀਆਗਤ ਸਮੂਹ ਨਾਲ ਜੁੜੇ ਚਿੰਤਕ ਅਸਲ ਵਿਚ ਆਪਣੇ ਸਥਾਪਤ ਵਿਚਾਰਾਂ ਨੂੰ ਹੀ ਪੇਸ਼ ਕਰ ਰਹੇ ਹਨ। ਬਸਤੀਵਾਦ ਦੇ ਵਿਰੋਧ ਦੀ ਪੇਸ਼ਕਾਰੀ ਕਰਦੇ ਹੋਏ ਹਾਸ਼ੀਆਗਤ ਅਧਿਐਨ ਸਮੂਹ ਵੱਲੋਂ ਜ਼ਿਆਦਾਤਰ ਕਿਸਾਨੀ ਮਸਲਿਆਂ ਦੁਆਲੇ ਸੀਮਤ ਰਹਿਣ ਨੂੰ ਵੀ ਸਪੀਵਾਕ ਇਕਪੱਖੀ ਵਿਆਖਿਆ ਮੰਨਦੀ ਹੈ। ਉਹ ਕਹਿੰਦੀ ਹੈ ਕਿ ਕਿਸਾਨੀ ਮਸਲਿਆਂ ਤੱਕ ਸੀਮਤ ਰਹਿਣ ਕਾਰਨ ਹਾਸ਼ੀਆਗਤ ਅਧਿਐਨ ਦਲਿਤ ਜਾਤਾਂ, ਕਬੀਲਿਆਂ ਅਤੇ ਔਰਤਾਂ ਦੇ ਬਸਤੀਵਾਦ ਵਿਰੋਧੀ ਪ੍ਰਤੀਕਰਮ ਦੀ ਪੇਸ਼ਕਾਰੀ ਵਿਚ ਅਸਫ਼ਲ ਰਿਹਾ ਹੈ।[9]

ਰਣਜੀਤ ਗੁਹਾ ਦੇ 'ਹਾਸ਼ੀਆਗਤ ਅਧਿਐਨ' 'ਤੇ ਸੁਆਲੀਆ ਨਿਸ਼ਾਨ ਲਾਉਂਦਿਆਂ ਸਪੀਵਾਕ ਉਸ ਸਰੀਰਕ, ਪਾਠਗਤ ਅਤੇ ਵਿਚਾਰਧਾਰਕ ਹਿੰਸਾ ਦਾ ਜ਼ਿਕਰ ਕਰਦੀ ਹੈ, ਜਿਸ ਰਾਹੀਂ ਦਲਿਤ ਵਰਗਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਸਪੀਵਾਕ ਦਾ ਦਾਅਵਾ ਹੈ ਕਿ ਸਬਾਲਟਰਨ ਖ਼ੁਦ ਨਹੀਂ ਬੋਲ ਸਕਦਾ/ਸਕਦੀ ਕਿਉਂਕਿ ਬਸਤੀਵਾਦੀ ਪ੍ਰਵਚਨ ਵਿਚ ਉਸਦੇ ਬੋਲਾਂ ਦੀ ਕੋਈ ਕੀਮਤ ਨਹੀਂ। ਉਸਦਾ ਮੰਨਣਾ ਹੈ ਕਿ ਦਲਿਤ ਲੋਕ ਨਾ ਤਾਂ ਖ਼ੁਦ ਬੋਲ ਸਕਦੇ ਹਨ ਤੇ ਨਾ ਹੀ ਉਨ੍ਹਾਂ ਦੀ ਥਾਂ ਬੋਲਣ ਵਾਲੇ ਉਨ੍ਹਾਂ ਦੇ ਦੁਖਾਂਤ ਨੂੰ ਪੇਸ਼ ਕਰ ਸਕਦੇ ਹਨ। ਬਸਤੀਵਾਦੀ ਪ੍ਰਸੰਗਾਂ ਵਿਚ ਮੂਲਵਾਸੀ ਔਰਤ ਦੂਹਰਾ ਸੰਤਾਪ ਝੱਲਦੀ ਹੈ। ਇਕ ਪਾਸੇ ਤਾਂ ਉਹ ਬਸਤੀਵਾਦ ਦੀ ਸ਼ਿਕਾਰ ਹੈ, ਜਦਕਿ ਦੂਜੇ ਪਾਸੇ ਮਰਦਾਵੇਂ ਨਿਜ਼ਾਮ ਵਿਚ ਉਸ ਲਈ ਕੋਈ ਥਾਂ ਨਹੀਂ। ਉਹ ਹਰਗਿਜ਼ ਵੀ ਆਪਣੀ ਹੋਂਦ ਦੇ ਯਥਾਰਥ ਨੂੰ ਪੇਸ਼ ਨਹੀਂ ਕਰ ਸਕਦੀ।

'ਕੀ ਸਬਾਲਟਰਨ ਬੋਲ ਸਕਦਾ ਹੈ?' ਦੇ ਦੂਜੇ ਭਾਗ ਵਿਚ ਸਪੀਵਾਕ ਸਤੀ ਪ੍ਰਥਾ ਨੂੰ ਅਧਾਰ ਬਣਾ ਕੇ ਉਚ ਅਤੇ ਮੱਧਵਰਗੀ ਔਰਤ ਦੀ ਸਥਿਤੀ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੀ ਹੈ। ਪੁਰਾਤਨ ਹਿੰਦੂ ਸ਼ਾਸਤਰਾਂ ਅਤੇ ਬਰਤਾਨਵੀ ਲਿਖਤਾਂ ਦੇ ਹਵਾਲੇ ਨਾਲ ਉਹ ਸਤੀ ਪ੍ਰਥਾ ਦੁਆਲੇ ਸਿਰਜੇ ਪ੍ਰਵਚਨਾਂ ਵਿਚ ਹੋਈ ਔਰਤ ਦੀ ਪੇਸ਼ਕਾਰੀ ਨੂੰ ਸਪਸ਼ਟ ਕਰਦੀ ਹੈ। ਧਰਮ ਸ਼ਾਸਤਰਾਂ ਦੇ ਹਵਾਲੇ ਨਾਲ ਉਹ ਲਿਖਦੀ ਹੈ ਕਿ ਇਨ੍ਹਾਂ ਗ੍ਰੰਥਾਂ ਵਿਚ ਆਪਣੀ ਜਾਨ ਲੈਣ ਦੀ ਇਜਾਜ਼ਤ ਸਿਰਫ਼ ਮਰਦ ਨੂੰ ਹੈ। ਇਹ ਇਜਾਜ਼ਤ ਵੀ ਇਸ ਸ਼ਰਤ 'ਤੇ ਹੈ ਕਿ ਜੇਕਰ ਕਿਸੇ ਪਵਿੱਤਰ ਜਾਂ ਧਾਰਮਿਕ ਕਾਰਜ ਲਈ ਜ਼ਰੂਰੀ ਹੋਵੇ ਤਾਂ ਹੀ ਕਿਸੇ ਮਨੁੱਖ ਨੂੰ ਆਪਣੀ ਜਾਨ ਲੈਣ ਦਾ ਹੱਕ ਹੈ। ਇਸ ਪੱਖ ਤੋਂ ਸਮਝਣ ਵਾਲੀ ਗੱਲ ਇਹ ਹੈ ਕਿ ਇਸ ਸਭ ਦੇ ਬਾਵਜੂਦ ਸਤੀ ਪ੍ਰਥਾ ਨੂੰ ਧਾਰਮਿਕ ਪ੍ਰਵਾਨਗੀ ਕਿਵੇਂ ਮਿਲੀ? ਸਪੀਵਾਕ ਦੱਸਦੀ ਹੈ ਕਿ ਭਾਰਤੀ ਸਮਾਜ ਵਿਚ ਔਰਤ ਨੂੰ ਮਨੁੱਖ ਵਜੋਂ ਨਹੀਂ ਬਲਕਿ ਆਪਣੇ

ਪਤੀ ਦੀ ਜਾਇਦਾਦ ਵਜੋਂ ਪੇਸ਼ ਕੀਤਾ ਜਾਂਦਾ ਹੈ। ਦੂਜੇ ਪਾਸੇ ਸਤੀ ਬਾਰੇ ਉਸਾਰੇ ਪ੍ਰਵਚਨਾਂ ਵਿਚ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਤੀ ਹੋਣਾ ਕੋਈ ਧਾਰਮਿਕ ਫ਼ਰਜ਼ ਜਾਂ ਜ਼ਬਰੀ ਕੀਤਾ ਕਾਰਜ ਨਹੀਂ, ਸਗੋਂ ਇਹ ਤਾਂ ਔਰਤ ਦੇ 'ਨੇਕ ਪਤਨੀ' ਹੋਣ ਦਾ ਪ੍ਰਤੀਕ ਹੈ।[10]

ਦੂਜੇ ਪਾਸੇ ਬਰਤਾਨਵੀ ਦਸਤਾਵੇਜ਼ਾਂ ਵਿਚ ਇਸ ਪ੍ਰਥਾ ਨੂੰ ਹਿੰਦੂ ਸਮਾਜ ਦੀਆਂ ਕੁਰੀਤੀਆਂ ਵਜੋਂ ਪੜ੍ਹਤ ਵਿਚ ਲਿਆਂਦਾ ਗਿਆ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਜਿਹਾ ਕਰਨ ਨਾਲ ਬਸਤੀਵਾਦ ਦੇ ਸਭਿਆਚਾਰਕ ਮਿਸ਼ਨ ਹੋਣ ਦੇ ਮਤ ਨੂੰ ਬਲ ਮਿਲਦਾ ਹੈ। ਬਰਤਾਨਵੀ ਦੌਰ ਦੀ ਇਕ ਲਿਖਤ 'ਸਤੀ' ਨੂੰ ਅਧਾਰ ਬਣਾ ਕੇ ਸਪੀਵਾਕ ਦਰਸਾਉਂਦੀ ਹੈ ਕਿ ਇਸ ਲਿਖਤ ਵਿਚ ਔਰਤ ਦੀ ਸਥਿਤੀ ਨੂੰ ਵਿਚਾਰਨ ਦੀ ਥਾਂ ਲੇਖਕ ਹਿੰਦੂ ਕੁਰੀਤੀਆਂ ਦੀ ਬਰਬਰਤਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ, ਤਾਂ ਜੋ ਬਰਤਾਨਵੀ ਬਸਤੀਵਾਦ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਸਤੀ ਪ੍ਰਥਾ ਦੁਆਲੇ ਉਸਾਰੇ ਪ੍ਰਵਚਨਾਂ ਨੂੰ ਆਧਾਰ ਬਣਾ ਕੇ ਸਪੀਵਾਕ ਇਸ ਨਤੀਜੇ 'ਤੇ ਪਹੁੰਚਦੀ ਹੈ ਕਿ ਬਸਤੀਵਾਦੀ ਪ੍ਰਬੰਧ ਅਤੇ ਪਿਤਾ-ਪੁਰਖੀ ਸਮਾਜ ਅੰਦਰ ਦੂਹਰਾ-ਬਸਤੀਵਾਦ ਭੋਗਣ ਵਾਲੀ ਔਰਤ ਲਈ ਕੁਝ ਵੀ ਕਹਿ ਸਕਣਾ ਅਸੰਭਵ ਹੈ। ਉਸ ਲਈ ਕੋਈ ਅਜਿਹਾ ਸਪੇਸ ਹੀ ਨਹੀਂ ਛੱਡਿਆ ਗਿਆ, ਜਿੱਥੋਂ ਉਹ ਆਪਣੀ ਗੱਲ ਕਹਿ ਸਕੇ।

ਬਸਤੀਵਾਦੀ ਅਤੇ ਮੂਲਵਾਸੀ ਵਿਚਲੀ ਸਿੱਧ-ਪੱਧਰੀ ਵੰਡ 'ਤੇ ਸੁਆਲ ਕਰਦਿਆਂ ਸਪੀਵਾਕ ਕਹਿੰਦੀ ਹੈ ਕਿ ਸਤੀ ਹੋਣ ਵਾਲੀ ਔਰਤ ਇਨ੍ਹਾਂ ਦੋਵਾਂ ਧਿਰਾਂ ਲਈ ਇਕ ਵਿਸ਼ੇ ਤੋਂ ਵੱਧ ਹੋਂਦ ਨਹੀਂ ਰੱਖਦੀ। ਸਤੀ ਹੋ ਰਹੀ ਔਰਤ ਆਪਣੀ ਅਵਾਜ਼ ਨਾਲ ਨਹੀਂ, ਸਗੋਂ ਆਪਣੀ ਦੇਹ ਰਾਹੀਂ ਆਪਣੇ ਯਥਾਰਥ ਨੂੰ ਪ੍ਰਗਟਾਉਂਦੀ ਹੈ, ਕਿਉਂਕਿ ਉਸ ਕੋਲੋਂ ਬੋਲਣ ਦਾ ਹੱਕ ਖੋਹ ਲਿਆ ਗਿਆ ਹੈ। ਹਿੰਦੂ ਗ੍ਰੰਥਾਂ ਅਤੇ ਬਰਤਾਨਵੀ ਦਸਤਾਵੇਜ਼ਾਂ ਵਿਚ ਔਰਤ ਦੀ ਪਛਾਣ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਇਨ੍ਹਾਂ ਦੋਵਾਂ ਤਰ੍ਹਾਂ ਦੀਆਂ ਲਿਖਤਾਂ ਵਿਚ ਔਰਤ ਦੀ ਸਿਆਸੀ ਸਥਿਤੀ ਗ਼ੈਰ-ਹਾਜ਼ਰੀ ਵਾਲੀ ਹੈ, ਜਿਸ ਕਾਰਨ ਸਪੀਵਾਕ ਇਹ ਸਿੱਟਾ ਕੱਢਦੀ ਹੈ ਕਿ ਅਜਿਹਾ ਕੋਈ ਸਪੇਸ ਨਹੀਂ, ਜਿਥੋਂ ਹਾਸ਼ੀਆਗਤ ਔਰਤ ਆਪਣੇ ਬਾਰੇ ਬੋਲ ਸਕੇ?[11] ਇਸ ਦਾ ਇਹ ਭਾਵ ਨਹੀਂ ਕਿ ਹਾਸ਼ੀਆਗਤ ਔਰਤ ਸਚਮੁੱਚ ਨਹੀਂ ਬੋਲਦੀ ਬਲਕਿ ਇਸ ਦਾ ਅਰਥ ਹੈ ਕਿ ਕਾਬਜ਼ ਸਿਆਸੀ ਪ੍ਰਵਚਨਾਂ ਵਿਚ ਉਸ ਦੇ ਬੋਲਾਂ ਦਾ ਕੋਈ ਅਰਥ ਨਹੀਂ ਹੈ।

ਹਾਸ਼ੀਆਗਤ ਚਿੰਤਕਾਂ ਨੂੰ ਚੇਤੰਨ ਕਰਦਿਆਂ ਸਪੀਵਾਕ ਤਾਕੀਦ ਕਰਦੀ ਹੈ ਕਿ ਉਹ ਦਮਿਤ ਸਮੂਹਾਂ ਦੇ ਦੁੱਖ ਨੂੰ ਸਾਹਮਣੇ ਜ਼ਰੂਰ ਲਿਆਉਣ, ਪਰ ਇਸਨੂੰ ਰੁਮਾਂਸਵਾਦੀ ਬਣਾ ਕੇ ਪੇਸ਼ ਕਰਨ ਤੋਂ ਗੁਰੇਜ਼ ਕਰਨ। ਸਪੀਵਾਕ ਦਾ ਮੰਨਣਾ ਹੈ ਕਿ ਉਤਰਬਸਤੀਵਾਦੀ ਚਿੰਤਨ ਨੇ ਕੇਂਦਰ ਅਤੇ ਹਾਸ਼ੀਏ ਦੇ ਦ੍ਵੈਤ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ, ਜੋ ਇਕ ਖ਼ਤਰਨਾਕ ਰੁਝਾਨ ਹੈ। ਉਹ ਹਾਸ਼ੀਆਗਤ ਦੇ ਸੰਸਥਾਗਤ ਹੋ ਜਾਣ ਨੂੰ ਵੀ ਬਹੁਤਾ ਚੰਗਾ ਨਹੀਂ ਮੰਨਦੀ। ਉਸਦੀ ਧਾਰਨਾ ਹੈ ਕਿ ਇਸ ਤਰ੍ਹਾਂ ਕਰਕੇ ਪੱਛਮ ਵਿਚ ਵਸ ਰਹੇ ਪੂਰਬੀ ਚਿੰਤਕ ਆਪਣੀ ਹੋਂਦ ਨੂੰ ਜਤਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੱਛਮੀ ਅਕਾਡਮੀਆਂ ਵਿਚ ਪੂਰਬ ਦੀ ਵਿਆਖਿਆ ਅਸਲ ਵਿਚ ਆਪਣੇ ਆਪ ਨੂੰ ਸਥਾਪਤ ਕਰਨ ਦਾ ਹੀ ਸਿਆਸਤ ਹੈ। ਸਪੀਵਾਕ ਆਪਣੀ ਖ਼ੁਦ ਦੀ ਸਥਿਤੀ ਨੂੰ ਵੀ ਇਸੇ ਸਿਆਸਤ ਨਾਲ ਜੋੜ ਕੇ ਦੇਖਦੀ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਹਾਸ਼ੀਆਗਤ ਅਧਿਐਨ ਉਤਰਬਸਤੀਵਾਦੀ ਸਰੋਕਾਰਾਂ ਨਾਲ ਗਹਿਰੀ ਤਰ੍ਹਾਂ ਨਾਲ ਜੁੜਿਆ ਸਿਧਾਂਤ ਹੈ। ਉਤਰਬਸਤੀਵਾਦੀ ਅਧਿਐਨ ਵਾਂਗ ਇਸਦਾ ਮਕਸਦ ਵੀ ਬਸਤੀਵਾਦੀ ਲਿਖਤਾਂ ਨੂੰ ਨਵੇਂ ਸਿਰੇ ਤੋਂ ਵਾਚਣ ਨਾਲ ਸੰਬੰਧਤ ਹੈ। ਜਿੱਥੋਂ ਤੱਕ ਦਲਿਤ ਲੋਕਾਂ ਦੀ ਪੇਸ਼ਕਾਰੀ ਦਾ ਸੁਆਲ ਹੈ ਬਸਤੀਵਾਦੀ ਦੌਰ ਦੀਆਂ ਲਿਖਤਾਂ ਦੀ ਪਰਖ-ਪੜਚੋਲ ਉਤਰਬਸਤੀਵਾਦੀ ਅਧਿਐਨ ਅਤੇ ਹਾਸ਼ੀਆਗਤ ਅਧਿਐਨ ਦੋਵਾਂ ਸਿਧਾਂਤਾਂ ਦੀ ਰੂਪ-ਰੇਖਾ ਉਲੀਕਣ ਵਿਚ ਸਹਾਈ ਸਿੱਧ ਹੋਈ ਹੈ।


ਬਸਤੀਵਾਦੀ ਪ੍ਰਸ਼ਾਸਨ, ਅੰਗਰੇਜ਼ੀ ਭਾਸ਼ਾ, ਸਿੱਖਿਆ ਪ੍ਰਬੰਧ ਅਤੇ ਸਮਾਜਕ-ਧਾਰਮਿਕ ਲਹਿਰਾਂ ਦੀ ਇਤਿਹਾਸਕਾਰੀ ਵੀ ਜਿੱਥੇ ਹਾਸ਼ੀਆਗਤ ਅਧਿਐਨ ਦਾ ਮੂਲ ਵਿਸ਼ਾ ਹੈ, ਉਥੇ ਉਤਰਬਸਤੀਵਾਦੀ ਅਧਿਐਨ ਦਾ ਵੀ ਪ੍ਰਮੁੱਖ ਮੁੱਦਾ ਹੈ। ਇਸੇ ਤਰ੍ਹਾਂ ਆਧੁਨਿਕਤਾਵਾਦ ਅਤੇ ਤਰਕ ਅਧਾਰਤ ਸੰਸਥਾਵਾਂ ਦੀ ਆਲੋਚਨਾਤਮਕ ਵਿਆਖਿਆ ਵੀ ਇਨ੍ਹਾਂ ਦੋਵੇਂ ਤਰ੍ਹਾਂ ਦੇ ਸਿਧਾਂਤਾਂ ਨਾਲ ਜੁੜੀ ਹੈ। ਸਮਕਾਲੀ ਸਿਧਾਂਤ-ਚਿੰਤਨ ਵਿਚ ਹਾਸ਼ੀਆਗਤ ਅਧਿਐਨ ਨੇ ਭਾਰਤ ਦੇ ਬਸਤੀਵਾਦੀ ਇਤਿਹਾਸ ਤੋਂ ਲੈ ਕੇ ਦਲਿਤ ਅਤੇ ਦੱਬੇ ਕੁਚਲੇ ਕਿਸਾਨਾਂ, ਅਖੌਤੀ ਨਿਮਨ ਜਾਤੀਆਂ, ਕਬੀਲਿਆਂ ਆਦਿ ਬਾਰੇ ਚਰਚਾ ਛੇੜੀ ਹੈ। ਕੌਮੀਅਤ, ਪਛਾਣ, ਲਿੰਗ ਅਤੇ ਹਿਜਰਤ ਦੇ ਮੁੱਦਿਆਂ ਨਾਲ ਜੁੜਨ ਕਾਰਨ ਹਾਸ਼ੀਅਗਤ ਅਧਿਐਨ ਉਤਰਬਸਤੀਵਾਦ ਸਿਧਾਂਤ ਨਾਲ ਗਹਿਰੀ

ਤਰ੍ਹਾਂ ਜੁੜਿਆ ਹੈ ਅਤੇ ਉਤਰਬਸਤੀਵਾਦੀ ਸਿਧਾਂਤ ਦੀ ਰੂਪ-ਰੇਖਾ ਨੂੰ ਉਲੀਕਣ ਵਿਚ ਇਸ ਹਾਸ਼ੀਆਗਤ ਅਧਿਐਨ ਦੀ ਵਿਸ਼ੇਸ਼ ਭੂਮਿਕਾ ਹੈ।

## References


1. Taisha Abraham, **Introducing Postcolonial Theories: Issues and Debates**, Delhi, Macillian, 2007, p. 41.
2. Antanio Gramsci, **Selections from Prison Note Books, New York**, International Publishers, 1978, pp. 53-55.
3. Ranajit, Guha **'The Prose of Counter-Insurgency', in Subaltern Studies- II**, Delhi, Oxford University Press, 1983, p.3.
4. Dipesh Chakrabarti, **Provincializing Europe: Postcolonial Thought and Historical Difference,** New Delhi, Oxford, 2001, p. 39.
5. Ranjit Guha, **Elementary Aspects of Peasant Insurgency in Colonial India,** New Delhi, Oxford University Press, 1983,
6. Shahid Amin, **Event, Metaphor, Memory: Chauri Chaura 1922-1992 Delhi,** Oxford University Press, 1995, p. 3.
7. Kancha Ilaiah, **Why I am not a Hindu: A Sudra Critique of Hindutava Philosophy, Cultural and Political Economy,** Calcutta, Samya, 1996, p. 18.
8. Ibid, p. 15.
9. G. C. Spivak, **In Other Worlds: Essays in Cultural Politics,** New York: Methuen, 1987, p. 201.
10. G. C. Spivak, C**an the Subaltern Speak? in Cary Nelson and Lawrence Grossberg (eds) Marxism and the Interpretation of Culture**, London: Macmillan, 1988, pp. 299-300
11. **Ibid**, p. 310.


◈





# 'ਆਦਮ ਗ੍ਰਹਿਣ' ਨਾਵਲ:
## ਥਰਡ ਜੈਂਡਰ ਦੇ ਬਿੰਬ ਦਾ ਰੂਪਾਂਤਰਣ

ਕੈਨੇਡਾ ਨਿਵਾਸੀ ਹਰਕੀਰਤ ਕੌਰ ਚਾਹਲ ਦਾ ਨਾਵਲ 'ਆਦਮ ਗ੍ਰਹਿਣ' ਪੰਜਾਬੀ ਗਲਪੀ ਸਰੋਕਾਰਾਂ ਵਿਚ ਨਵੀਨਤਾ ਲੈ ਕੇ ਆਉਣ ਵਾਲਾ ਇਕ ਦਲੇਰਾਨਾ ਉੱਦਮ ਹੈ। ਪਹਿਲੀ ਗੱਲ ਤਾਂ ਇਹ ਕਿ ਪਰਵਾਸੀ ਜੀਵਨ ਬਿਤਾਉਣ ਵਾਲੀ ਨਾਵਲਕਾਰਾ ਦੇ ਇਸ ਨਾਵਲ ਵਿਚ ਕਿਸੇ ਵੀ ਵਿਸ਼ੇਸ਼ ਕਿਸਮ ਦੇ ਪਰਵਾਸੀ ਸਰੋਕਾਰ ਨੂੰ ਪੇਸ਼ ਕਰਨ ਦਾ ਜਤਨ ਨਹੀਂ ਕੀਤਾ ਗਿਆ। ਹਰਕੀਰਤ ਨੇ ਇਕ ਅਜਿਹੇ ਵਿਸ਼ੇ ਦੀ ਚੋਣ ਕੀਤੀ ਹੈ ਜੋ ਭਾਵੇਂ ਪੰਜਾਬ ਦੇ ਖਿੱਤੇ ਨੂੰ ਘਟਨਾਵਾਂ ਵਾਪਰਨ ਦੇ ਸਮੇਂ-ਸਥਾਨ ਲਈ ਚੁਣਦਾ ਹੈ, ਪਰ ਇਸ ਦੇ ਪ੍ਰਗਟਾਵੇ ਦੀ ਭਾਸ਼ਾਈ ਸੰਵੇਦਨਾ ਪਰਵਾਸੀ ਜੀਵਨ ਅਨੁਭਵ ਨਾਲ ਪੈਦਾ ਹੋਈ ਲਿੰਗਕ-ਬਰਾਬਰੀ ਵਾਲੀ ਵਿਚਾਰਧਾਰਾ ਨੂੰ ਆਪਣੇ ਅਨੁਭਵ ਦਾ ਆਧਾਰ ਬਣਾਉਂਦੀ ਹੈ। ਇਸ ਗੱਲ ਦਾ ਪ੍ਰਭਾਵ ਨਾਵਲ ਦੀਆਂ ਘਟਨਾਵਾਂ, ਪਾਤਰਾਂ ਦੇ ਚਿਤਰਣ ਅਤੇ ਵਿਸ਼ੇ ਦੇ ਸੰਗਠਨ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਦਾ ਭਾਵ ਇਹ ਹੈ ਕਿ ਭਾਰਤੀ ਸਮਾਜ ਵਿਚ 'ਖੁਸਰਾ' ਕਹੇ ਜਾਣ ਵਾਲੇ ਵਿਅਕਤੀ ਵਿਸ਼ੇਸ਼ ਨੂੰ ਇਥੇ ਸਮਾਜਕਤਾ ਦੇ ਕਿਸੇ ਵੀ ਦਾਇਰੇ ਅੰਦਰ ਸੰਬੋਧਨ ਕਰਨਾ ਵਰਜਿਤ ਮੰਨਿਆ ਜਾਂਦਾ ਰਿਹਾ ਹੈ। 'ਖੁਸਰਾ' ਸਮਾਜ ਬਾਰੇ ਸਾਹਿਤਕ ਰਚਨਾ ਕਰਨਾ ਸੰਭਵ ਨਹੀਂ ਸੀ ਪਰ ਹਰਕੀਰਤ ਨੇ ਸਭ ਤੋਂ ਪਹਿਲਾਂ ਇਸੇ ਮਸਲੇ ਨੂੰ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਨਾਵਲ ਵਿਚ 'ਖੁਸਰਾ' ਸਮਾਜ ਦੇ ਲੋਕਾਂ ਦੀ ਪਛਾਣ ਨੂੰ ਸਤਿਕਾਰ ਦਵਾਉਣ ਦੀ ਇਕ ਕਾਮਯਾਬ ਕੋਸ਼ਿਸ਼ ਸਾਬਤ ਹੁੰਦੀ ਹੈ। ਹਰਕੀਰਤ ਚਾਹਲ 'ਖੁਸਰਾ' ਵਰਗ ਨੂੰ ਥਰਡ ਜੈਂਡਰ ਦੇ ਨਜ਼ਰੀਏ ਤੋਂ ਪਰਿਭਾਸ਼ਤ ਕਰਦੀ ਹੈ ਅਤੇ ਨਾਲ ਹੀ ਸਮਾਜ ਵਲੋਂ ਉਨ੍ਹਾਂ ਵਿਰੁੱਧ ਬਣਾਏ ਗਏ ਨਿਖੇਧਾਤਮਕ ਬਿੰਬ ਨੂੰ ਰੁਪਾਂਤ੍ਰਿਤ ਕਰਕੇ ਇਕ ਨਿਰਪੱਖ ਬਿੰਬ ਬਨਾਉਣ ਵਿਚ ਕਾਮਯਾਬ ਹੁੰਦੀ ਹੈ। 'ਥਰਡ ਜੈਂਡਰ' ਸ਼ਬਦ ਦੀ ਵਰਤੋਂ ਕਰਨ ਦਾ ਮਨੋਰਥ ਵੀ ਇਸ ਦੇ ਵਰਤਮਾਨ ਸਮਾਜ-ਸ਼ਾਸਤਰੀ ਸਿਧਾਂਤਕ ਸਰੋਕਾਰਾਂ ਦੀ ਸਾਰਥਕਤਾ ਨੂੰ ਸਥਾਪਿਤ ਕਰਨਾ ਹੈ। ਜਿਵੇਂ ਕਿ ਇਸ ਦੀ 'ਥਰਡ ਜੈਂਡਰ' ਸੰਬੰਧੀ ਪਰਿਭਾਸ਼ਾ ਨੂੰ ਸਮਾਜ-ਸ਼ਾਸਤਰੀ ਨਜ਼ਰੀਏ ਤੋਂ ਵੇਖਿਆ ਜਾ ਸਕਦਾ ਹੈ:

> Socialization is the process where individuals learn the norms, values, and rules of a society in order to become a functioning member in it. Socialization theory offers a straightforward account of the acquisition of gendered identities. Infants are seen as blank slates, waiting to be written down on by their environment. Through their interactions with people close to them and



**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਮਾਤਾ ਸੁੰਦਰੀ ਕਾਲਜ
ਦਿੱਲੀ
91-9810369586
gurjit707.gk@gmail.com

exposure to the values of their society, infants learn what sex is attributed to them and what roles they are expected to learn. Reinforcement (through rewarding gender-appropriate behavior and punishing what may seem as deviant behavior) socializes children into their genders.[1]

'ਆਦਮ ਗ੍ਰਹਿਣ' ਨਾਵਲ ਦੇ ਵਿਸ਼ੇ ਦਾ ਸਰੋਕਾਰ ਪੰਜਾਬ ਵਿਚ ਵੱਸਦੇ 'ਖੁਸਰਾ' ਵਰਗ ਦੇ ਜੀਵਨ ਦੀਆਂ ਸਮਾਜਕ, ਭਾਵਾਤਮਕ ਅਤੇ ਸਰੀਰਕ ਤਕਲੀਫਾਂ ਦੀ ਪੇਸ਼ਕਾਰੀ ਨਾਲ ਜੁੜਿਆ ਹੋਇਆ ਹੈ। ਇਹ ਨਾਵਲ ਥਰਡ ਜੈਂਡਰ ਨਾਲ ਜੁੜੀਆਂ ਨਾ-ਪੱਖੀ ਸਮਾਜਕ ਧਾਰਨਾਵਾਂ ਨੂੰ ਬਦਲਣ ਦਾ ਪ੍ਰਜੈਕਟ ਸਾਬਤ ਹੁੰਦਾ ਹੈ। 'ਖੁਸਰਾ' ਕਹਿ ਕੇ ਦੁਰਕਾਰੇ ਜਾਣ ਵਾਲੇ ਇਨਸਾਨ ਦੇ ਅਸਲ ਮਾਨਵੀ ਅਤੇ ਸੰਵੇਦਨਸ਼ੀਲ ਪੱਖ ਨੂੰ ਉਭਾਰਨ ਦਾ ਜਤਨ ਕੀਤਾ ਹੈ। ਇਸੇ ਲਈ ਲੇਖਿਕਾ ਖ਼ੁਦ ਆਪਣੇ ਇਸ ਨਾਵਲ ਨੂੰ "ਚਾਨਣੋਂ ਸੱਖਣੇ ਡੇਰਿਆਂ ਵਿਚ ਫ਼ਾਸਲਿਆਂ ਦੀ ਜੂਨ ਹੰਢਾਉਂਦੇ ਸਮਾਜ ਵਲੋਂ ਅਧੂਰੇ ਕਹਿ ਕੇ ਧਿਰਕਾਰੇ ਜਾਂਦੇ ਰੱਬ ਦੀ ਨਸਲ ਵਰਗੇ ਸੁੱਚੀ ਮਿੱਟੀ ਦੇ ਬਾਵਿਆਂ ਦੇ ਨਾਮ" ਸਮਰਪਿਤ ਕਰਦੀ ਹੈ। ਉਹ ਇਸ ਵਿਸ਼ੇਸ਼ ਸਮਾਜਕ ਪਛਾਣ ਵਾਲੇ ਵਰਗ ਨੂੰ ਰੱਬ ਦੀ ਨਸਲ ਵਾਲਾ ਦੱਸਦੀ ਹੈ, ਜਿਸ ਦਾ ਕੋਈ ਜੈਂਡਰ ਨਹੀਂ ਹੁੰਦਾ। ਅਜਿਹੀ ਤਰਕਪੂਰਨ ਅਤੇ ਸ਼ਕਤੀਸ਼ਾਲੀ ਧਾਰਨਾ ਨਾਲ ਆਪਣੇ ਨਾਵਲ ਦੇ ਵਿਸ਼ੇ ਦੀ ਉਸਾਰੀ ਕਰਦਿਆਂ ਨਾਵਲਕਾਰ ਨੇ ਕੇਂਦਰੀ-ਪਾਤਰਾਂ ਦੇ ਚੌਗਿਰਦੇ ਦੀ ਪੇਸ਼ਕਾਰੀ ਜਿਸ ਜੁਗਤ ਨਾਲ ਕੀਤੀ ਹੈ, ਉਹ ਨਾਵਲ ਦੇ ਵਾਤਾਵਰਣ ਨੂੰ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਰੂਪਾਂਤਰਿਤ ਕਰਦੀ ਹੈ। ਕਿਸੇ ਨਾਵਲ ਦੀ ਰਚਨਾ ਵਿਚ ਸਮੇਂ-ਸਥਾਨ ਦੀ ਵਿਸ਼ੇ ਦੀ ਲੋੜ ਅਨੁਸਾਰ ਢੁੱਕਵੀਂ ਉਸਾਰੀ ਕਰਨਾ ਸਭ ਤੋਂ ਮਹੱਤਵਪੂਰਣ ਪੱਖ ਹੁੰਦਾ ਹੈ। ਚਾਹਲ ਦੇ ਇਸ ਨਾਵਲ ਵਿਚ 'ਖੁਸਰਿਆਂ' ਦੇ ਰਹਿਣ-ਸਹਿਣ ਅਤੇ ਉਨ੍ਹਾਂ ਦੇ ਰੋਜ਼ਮਰਾ ਦੇ ਸਧਾਰਣ ਜੀਵਨ ਨਾਲ ਸੰਬੰਧਿਤ ਨਾ-ਪੱਖੀ ਬਿੰਬ ਨੂੰ ਰੂਪਾਂਤਰਿਤ ਕਰਕੇ ਉਨ੍ਹਾਂ ਬਾਬਤ ਇਕ ਅਜਿਹੇ ਮਾਨਵੀ ਜੀਵਨ-ਪ੍ਰਬੰਧ ਨੂੰ ਉਸਾਰਣ ਦਾ ਜਤਨ ਕੀਤਾ ਹੈ, ਜਿਸ ਦਾ ਵਾਸਤਾ ਵਰਤਮਾਨ ਧਾਰਮਿਕ ਤੇ ਸਮਾਜਕ ਪ੍ਰਬੰਧ ਨਾਲ ਜੁੜਦਾ ਤਾਂ ਹੈ, ਪਰ ਇਕ ਵੱਖਰੇ ਅੰਦਾਜ਼ ਵਿਚ ਅਤੇ ਇਹ ਵੱਖਰਾ ਅੰਦਾਜ਼ ਅਸ਼ਲੀਲਤਾ, ਫ਼ੁਹੜਪਨ, ਸ਼ੋਰੀਲਾ, ਬੇਭਰੋਸਗੀ, ਅਸੰਵੇਦਨਸ਼ੀਲ ਜਾਂ ਹਿੰਸਕ ਨਹੀਂ ਹੈ। ਇਸੇ ਤਰ੍ਹਾਂ ਦੀਆਂ ਪ੍ਰਚੱਲਤ ਸਮਾਜਕ ਧਾਰਨਾਵਾਂ ਨੂੰ ਨਾਵਲਕਾਰਾ ਆਪਣੇ ਵਿਸ਼ੇਗਤ ਸਰੋਕਾਰ ਦਾ ਹਿੱਸਾ ਬਣਾਉਂਦੀ ਹੈ ਤੇ ਇਨ੍ਹਾਂ ਧਾਰਨਾਵਾਂ ਨੂੰ ਬਦਲਣ ਦਾ ਰਾਹ ਚੁਣਦੀ ਹੈ।

'ਖੁਸਰਿਆਂ' ਬਾਬਤ ਆਮ ਤੌਰ 'ਤੇ ਇਸ ਤਰ੍ਹਾਂ ਦਾ ਪ੍ਰਭਾਵ ਹੈ ਕਿ ਉਹ ਸਿਰਫ਼ ਅਸਮਾਜਕ ਹੀ ਨਹੀਂ ਸਗੋਂ ਮਨੁਖੀ ਸਮਾਜ ਦੇ ਧਾਰਮਿਕ ਪ੍ਰਬੰਧ ਤੋਂ ਵੀ ਬਾਹਰ ਨੇ। ਇਸ ਲਈ ਉਨ੍ਹਾਂ ਉੱਪਰ ਕਿਸੇ ਪ੍ਰਕਾਰ ਦਾ ਭਰੋਸਾ ਕਰਨ ਦਾ ਕੋਈ ਵਸੀਲਾ ਨਹੀਂ ਬਣਦਾ। ਜੋ ਜੀਵ ਸਮਾਜ-ਸਭਿਆਚਾਰ ਤੋਂ ਬਾਹਰ ਸਮਝਿਆ ਗਿਆ ਹੋਵੇ, ਉਸ ਨਾਲ ਕੋਈ ਸਮਾਜਕ ਸਰੋਕਾਰ ਰੱਖਣ ਲਈ ਵਸੀਲਾ ਬਨਾਉਣਾ ਵੀ ਔਖਾ ਬਣ ਜਾਂਦਾ ਹੈ। 'ਧਰਮ' ਸਮਾਜ ਵਿਚ ਵਿਚਰਨ ਦਾ ਬਹੁਤ ਸ਼ਕਤੀਸ਼ਾਲੀ ਸਾਧਨ ਹੈ, ਹਰ ਕਿਸੇ ਰੀਤੀ-ਰਿਵਾਜ਼, ਕਦਰਾਂ-ਕੀਮਤਾਂ ਆਦਿ ਦੀ ਪ੍ਰੌੜਤਾ ਸਮਾਜ ਨੂੰ ਧਰਮ ਰਾਹੀਂ ਹੀ ਮਿਲਦੀ ਹੈ। ਨਾਵਲਕਾਰਾ ਨੇ ਇਸ ਸਮੱਸਿਆ ਨੂੰ ਪਛਾਣ ਕੇ ਇਸ ਨੂੰ ਇਕ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। 'ਅਮੀਰਾਂ' ਨੂੰ ਜਦ 'ਲੈਂਚੀ' ਦੇ ਡੇਰੇ ਵਿਚ ਰਹਿਣ ਦਾ ਮੌਕਾ ਮਿਲਦਾ ਹੈ ਤਾਂ ਉਥੇ ਦੇ ਵਾਤਾਵਰਣ ਵਿਚ ਧਾਰਮਿਕਤਾ ਦਾ ਪ੍ਰਭਾਵ ਪੈਦਾ ਕੀਤਾ ਗਿਆ ਹੈ। ਜਦ ਕਿ ਇਸ ਦੇ ਉਲਟ ਸਮਾਜ ਵਿਚ ਹਕੀਕਤ ਇਹ ਹੈ ਕਿ 'ਖੁਸਰਿਆਂ' ਦੇ ਡੇਰੇ ਬਾਰੇ ਭੈ, ਨਫ਼ਰਤ ਤੇ ਘਿਨਾਉਣੇਪਨ ਦਾ ਪ੍ਰਭਾਵ ਪੈਦਾ ਕੀਤਾ ਜਾਂਦਾ ਹੈ। ਜਿਸ ਨਾਲ ਕਿ ਆਮ ਲੋਕ 'ਖੁਸਰਿਆਂ' ਨਾਲ ਮੇਲਜੋਲ ਕਰਨ ਤੋਂ ਸੰਕੋਚ ਕਰਦੇ ਹਨ। ਉਨ੍ਹਾਂ ਦੇ ਵਸੇਬਿਆਂ ਕੋਲੋਂ ਲੰਘਣ ਤੋਂ ਪਰਹੇਜ ਕਰਦੇ ਹਨ ਕਿਉਂਕਿ ਸਮਾਜ 'ਖੁਸਰਿਆਂ' ਬਾਰੇ ਕਈ ਤਰ੍ਹਾਂ ਦੇ ਡਰ ਵੀ ਪੈਦਾ ਕਰਦਾ ਹੈ। ਨਾਵਲਕਾਰਾ ਨੇ 'ਖੁਸਰਿਆਂ' ਦੇ ਵਸੇਬੇ ਨਾਲ ਸੰਬੰਧਿਤ ਬਿੰਬ ਦੀ ਇਸ ਵੱਡੀ ਚੁਣੌਤੀ ਨੂੰ ਬਹੁਤ ਬਾਰੀਕੀ ਨਾਲ ਸਮਝਦਿਆਂ, ਨਾਵਲੀ ਬਿਰਤਾਂਤ ਰਾਹੀਂ 'ਮਹੰਤਾਂ' ਦੇ ਡੇਰੇ ਦੇ ਨਾ-ਪੱਖੀ ਪ੍ਰਭਾਵ ਨੂੰ ਭੈ-ਮੁਕਤ ਤੇ ਸੁਖਾਵਾਂ ਬਣਾ ਕੇ ਪੇਸ਼ ਕੀਤਾ ਹੈ:

> ਤਾੜੀਆਂ ਦੀ ਗੂੰਜ, ਤਬਲੇ ਦੀ ਧਮਕ, ਪੱਬਾਂ ਦੀ ਥਰਥਰਾਹਟ, ਘੁੰਗਰੂਆਂ ਦੀ ਛਣ-ਛਣ ਇਲਾਹੀ ਉਸਤਤ ਦਾ ਭੁਲੇਖਾ ਪਾ ਰਹੀ ਸੀ, ਜਿਵੇਂ ਕਿਸੇ ਦਰਗਾਹ ਵਿਚ ਕੋਈ ਸੁੱਚੀ ਸੁੱਚੀ ਰੂਹ ਕਬੂਲੀ ਜਾ ਰਹੀ ਹੋਵੇ। (ਆ. ਗ੍ਰ. 34)

ਜਿਸ ਮਨੁੱਖ, ਵਰਗ ਜਾਂ ਭਾਈਚਾਰੇ ਦੁਆਲੇ ਧਰਮ ਜਾਂ ਧਾਰਮਿਕ ਵਰਤੋਂ ਵਿਹਾਰ ਦੀ ਪ੍ਰਤੀਤੀ ਹੁੰਦੀ ਹੈ ਉਸ ਨੂੰ

ਪਹਿਲੀ ਨਜ਼ਰ ਵਿਚ ਭਰੋਸੇ ਹੇਠ ਸਵੀਕਾਰ ਕਰ ਲਿਆ ਜਾਂਦਾ ਹੈ। ਜਿਵੇਂ ਕਿ ਮੱਧਕਾਲੀ ਕਿੱਸਾ-ਕਾਵਿ ਦੀ ਪਰੰਪਰਾ ਆਮ ਲੋਕਾਂ ਤਕ ਤਾਂ ਹੀ ਪਰਵਾਨ ਹੋ ਸਕੀ ਜਦੋਂ ਇਸ਼ਕ ਦੇ ਕਿੱਸੇ ਨੂੰ ਧਰਮ ਦੇ ਦਾਇਰੇ ਵਿਚ ਪ੍ਰਸਤੁਤ ਕੀਤਾ ਗਿਆ। ਅਰਥਾਤ ਕਿੱਸੇ ਨੂੰ ਰੂਹਾਨੀਅਤ ਤੇ ਸੂਫ਼ੀਆਨਾ ਜਾਮਾ ਪੁਆਕੇ ਲੋਕਾਂ ਵਿਚ ਪਰਵਾਨਗੀ ਹਾਸਲ ਕੀਤੀ ਗਈ। ਇਹ ਜੁਗਤ ਸਿਰਫ਼ ਕਾਵਿ ਜਾਂ ਸਾਹਿਤ ਦੀ ਜੁਗਤ ਹੀ ਨਹੀਂ, ਸਗੋਂ ਜ਼ਿਆਦਾਤਰ ਲੋਕਾਚਾਰ ਦੇ ਕਾਰਜਾਂ ਨੂੰ ਸਮਾਜਕ ਪ੍ਰਵਾਨਗੀ ਲਈ ਧਾਰਮਿਕ ਵਰਤਾਰਿਆਂ ਰਾਹੀਂ ਗੁਜ਼ਾਰਿਆ ਜਾਂਦਾ ਹੈ। ਇਸ ਤੱਥ ਨੂੰ ਨਾਵਲ ਵਿਚ ਵੀ ਇਕ ਜੁਗਤ ਵਾਂਗ ਪੇਸ਼ ਕੀਤਾ ਗਿਆ ਹੈ ਜਿਸ ਨੂੰ ਕਿ ਸਫ਼ਲਤਾ ਵੀ ਪ੍ਰਾਪਤ ਹੁੰਦੀ ਹੈ:

> ਅਮਰਗੜ੍ਹ ਸ਼ਹਿਰ ਦੀ ਸੰਘਣੀ ਵਸੋਂ ਵਾਲੇ ਇਲਾਕੇ ਤੋਂ ਬਾਹਰ ਇੱਕ ਪਿੰਡ ਨੂੰ ਜਾਂਦੀ ਜਰਨੈਲੀ ਸੜਕ ਤੇ ਦੁਮੰਜਲੀ ਲਾਲ ਕੋਠੀ ਵਾਲੇ ਡੇਰੇ ਮਹੰਤ ਲੈਂਚੀ ਆਪਣੇ ਚੇਲਿਆਂ ਨਾਲ ਲਈ ਦਹਾਕਿਆਂ ਤੋਂ ਰਹਿ ਰਿਹਾ ਸੀ। ਡੇਰੇ ਦੀ ਮਗ਼ਰਲੀ ਕੰਧ ਗੁਰੂਘਰ ਨਾਲ ਲੱਗਦੀ ਸੀ। ਸਵੇਰੇ-ਸਵੇਰੇ ਸਾਈਂ ਦੀ ਉਸਤਤ ਮੱਲੋ-ਮੱਲੀ ਕੰਨੀ ਪੈਂਦੀ ਤੇ ਰੂਹ ਨੂੰ ਸਾਬਤ-ਸਬੂਤ ਹੋਣ ਦਾ ਹੁਲਾਰਾ ਦਿੰਦੀ। ਸੱਜਰੇ-ਸੱਜਰੇ ਭੱਖਦੇ ਸੂਰਜ ਦੀਆਂ ਕੰਵਾਰੀਆਂ ਕਿਰਨਾਂ ਗੁਰਦਵਾਰਾ ਸਾਹਿਬ ਦੇ ਸੁਨਹਿਰੀ ਕਲਸ਼ ਨਾਲ ਖਹਿੰਦੀਆਂ, ਚਮਕੀਲੀਆਂ ਤਾਰਾਂ ਦਾ ਰੂਪ ਧਾਰਨ ਕਰਦੀਆਂ ਸਰੋਵਰ ਵਿਚ ਜਾ ਸਮਾਉਂਦੀਆਂ। ਕਦੇ-ਕਦੇ ਮਹੰਤ ਲੈਂਚੀ ਅਤੀਤ ਵਿਚ ਡੁੱਬਿਆ ਕਿੰਨੀ ਦੇਰ ਟਿਕਟਿਕੀ ਲਾ ਕੇ ਕਾਦਰ ਦੇ ਸ੍ਰਿਸ਼ਟੀ ਰਚਣ ਦੇ ਵਰਤਾਰੇ ਬਾਰੇ ਸੋਚਦਾ ਰਹਿੰਦਾ। (ਆ.ਗੂ. 33)

ਨਾਵਲ ਦੇ ਇਕ ਪਾਤਰ 'ਮਹੰਤ ਲੈਂਚੀ' ਦਾ ਡੇਰਾ ਗੁਰਦਵਾਰੇ ਦੀ ਕੰਧ ਨਾਲ ਖੜਾ ਹੈ, ਇਸ ਗਲ ਦਾ ਬਿਆਨ ਬਹੁਤ ਸੁਹਜ ਨਾਲ ਕੀਤਾ ਗਿਆ ਹੈ। ਇਸ ਦਾ ਮਨੋਰਥ 'ਖੁਸਰਿਆਂ' ਦੀ ਵਸੇਬੇ ਵਾਲੀ ਥਾਂ ਨੂੰ ਧਾਰਮਿਕ ਮੰਡਲ ਦੇ ਪਵਿੱਤਰਤਾ ਵਾਲੇ ਪ੍ਰਭਾਵ-ਖੇਤਰ ਵਿਚ ਲਿਆਉਣਾ ਹੈ। ਖੁਸਰਿਆਂ ਦੇ ਬਾਰੇ ਮੌਜੂਦਾ ਪ੍ਰਭਾਵ ਅਮੂਮਨ ਧਰਮ-ਸਮਾਜ ਦੀਆਂ ਨੈਤਿਕ ਮਰਿਆਦਾਵਾਂ ਤੋਂ ਬਾਹਰ ਜਾ ਕੇ ਹੀ ਗ੍ਰਹਿਣ ਕੀਤਾ ਜਾਂਦਾ ਹੈ। ਉਨ੍ਹਾਂ ਬਾਰੇ ਸਮਾਜ ਵਿਚ ਜੋ ਬਿੰਬ ਬਣਾਇਆ ਗਿਆ ਹੈ ਉਸ ਅਨੁਸਾਰ 'ਖੁਸਰਿਆਂ' ਨੂੰ ਕਿਸੇ ਵੀ ਸਮਾਜਕ ਕਸਵੱਟੀ ਦੀ ਪਰਖ ਤੋਂ ਬਾਹਰ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਧਾਰਮਿਕ ਅਕੀਦਿਆਂ ਬਾਰੇ ਵੀ ਸਮਾਜ ਬੇਪਰਵਾਹ ਹੈ। 'ਖੁਸਰਾ' ਭਾਵੇਂ ਮੁਸਲਮਾਨ ਪਰਿਵਾਰ ਵਿਚ ਪੈਦਾ ਹੋਏ ਭਾਵੇਂ ਹਿੰਦੂ ਪਰਿਵਾਰ ਵਿਚ, ਉਸ ਨੂੰ ਕਿਸੇ ਧਾਰਮਕ ਕਰਮ-ਕਾਂਡ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਇਸ ਲਈ ਮਰਦ ਜਾਂ ਔਰਤ ਦੀ ਦੇਹੀ ਪਛਾਣ ਤੋਂ ਮੁਕਤ 'ਖੁਸਰਾ' ਧਰਮ ਦੇ ਵਿਵਹਾਰ ਤੋਂ ਬਾਹਰ ਹੀ ਮੰਨਿਆ ਜਾਂਦਾ ਹੈ।

> ਚੱਲ ਤੇਰਾ ਅੱਲਾ ਹੋਵੇ ਜਾਂ ਰਾਮ ਜਾਂ ਕ੍ਰਿਸ਼ਨ ਸਾਨੂੰ ਭਲਾ ਕੀ ਫ਼ਰਕ ਪੈਂਦਾ ਸਾਡਾ ਤਾਂ ਕੋਈ ਧਰਮ ਨਾ ਜਾਤ ਹੁੰਦੀ ਏ। ਜਿਹੜੇ ਰੱਬ ਤੋਂ ਸਾਨੂੰ ਔਰਤ ਮਰਦ ਦੇ ਨਾਂ 'ਤੇ ਵੰਡ ਨਾ ਹੋਇਆ, ਅਸੀਂ ਉਹਦੀਆਂ ਧਰਮ ਦੀਆਂ ਵੰਡੀਆਂ ਤੋਂ ਕੀ ਲੈਣਾ? ਸਾਡੇ ਲਈ ਤਾਂ ਉਹ ਇੱਕ ਹੀ ਏ ਸਾਡੇ ਵਰਗਾ ਹਾਂਅ। (ਆ. ਗੂ. 49)

ਇਸ ਦਾ ਅਰਥ ਇਹ ਵੀ ਨਿਕਲਦਾ ਹੈ ਕਿ ਸਮਾਜ ਵਲੋਂ ਉਸਾਰੇ ਧਰਮ ਦਾ ਵਾਸਤਾ ਸਿਰਫ ਮਰਦ ਜਾਂ ਔਰਤ ਦੀ ਪਛਾਣ ਵਾਲੇ ਇਨਸਾਨ ਨਾਲ ਹੀ ਹੈ। ਪਰ ਇੱਕ ਹਕੀਕਤ ਇਹ ਵੀ ਹੈ ਕਿ 'ਖੁਸਰੇ' ਦਾ ਜਨਮ ਤਾਂ ਕਿਸੇ ਸਧਾਰਨ ਪਰਿਵਾਰ ਵਿਚ ਹੀ ਹੁੰਦਾ ਹੈ, ਜਿਸ ਦਾ ਸੰਬੰਧ ਕਿਸੇ ਨਾ ਕਿਸੇ ਧਰਮ ਨਾਲ ਰਿਹਾ ਹੁੰਦਾ ਹੈ ਇਸ ਲਈ ਉਸ ਦਾ ਧਰਮ ਵੀ ਨਿਰਧਾਰਤ ਹੀ ਹੁੰਦਾ ਹੈ। ਜਨਮ ਤੋਂ ਬਾਅਦ ਜਦ ਉਸ ਦੀ ਸਮਾਜਕ ਪਛਾਣ ਜ਼ਾਹਰ ਕੀਤੀ ਜਾਂਦੀ ਹੈ ਤਾਂ, ਉਸ ਨੂੰ ਧਰਮ ਤੋਂ ਮੁਕਤ ਮੰਨ ਲਿਆ ਜਾਂਦਾ ਹੈ:

> ਨਭਾਗਣੇ, ਸਾਡੀ ਸ਼ਨਾਖਤ ਕਰਨਾ ਤਾਂ ਚੰਦਰੇ ਰੱਬ ਦੇ ਹੱਥ ਵੱਸ ਵੀ ਨਹੀਂ। ਵਿਚਾਰੇ ਮਾਪੇ ਕਿਹੜੇ ਬਾਗ਼ ਦੀ ਮੂਲੀ ਨੇ? ਇਹ ਸਾਡੇ ਅੰਦਰਲਾ ਅਧੂਰਾ ਮਰਦ ਜਾਂ ਔਰਤ ਤਾਂ ਅਸੀਂ ਆਪ ਹੀ ਪਛਾਣਦੇ ਹਾਂ, ਪਰ ਜਦ ਤੱਕ ਸੋਝੀ ਆਉਂਦੀ ਹੈ, ਉਦੋਂ ਤੱਕ ਤਾਂ ਸਮਾਜ ਸਾਡੇ 'ਤੇ ਆਪਣੀ ਮੋਹਰ ਦਾ ਠੱਪਾ ਲਾ ਸਾਨੂੰ ਕਠਪੁਤਲੀ ਵਾਂਗ ਨੱਚਣਾ ਸਿਖਾ ਦਿੰਦਾ ਹੈ। (ਆ. ਗੂ. 37)

'ਅਮੀਰਾਂ' ਇਕ ਮੁਸਲਿਮ ਪਰਿਵਾਰ ਵਿਚ ਪੈਦਾ ਹੋਈ ਤੇ ਉਹ ਆਪਣੇ ਆਪ ਨੂੰ ਇੱਕ ਮੁਸਲਿਮ ਹੀ ਮੰਨਦੀ ਹੈ, ਨਾਵਲਕਾਰ ਨੇ ਵੀ ਉਸ ਨਾਲ ਜੁੜੇ ਬਿਰਤਾਂਤ ਨੂੰ ਢੁੱਕਵੀਂ ਸ਼ਬਦਾਵਲੀ ਨਾਲ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਪਰ ਮਹੰਤ ਦਾ ਡੇਰਾ ਇਸ ਧਾਰਮਿਕ ਪਛਾਣ ਦੀ ਬੰਦਿਸ਼ ਤੋਂ ਮੁਕਤ ਹੁੰਦੇ ਹੋਏ ਵੀ ਧਾਰਮਿਕਤਾ ਦੇ ਵਾਤਾਵਰਣ ਵਿਚ ਸਥਾਪਿਤ ਹੈ। ਇਸ ਦਾ ਭਾਵ ਇਹ ਵੀ ਹੈ ਕਿ ਧਰਮ ਜਿਸ ਕਿਸਮ ਦੀ ਸਮਾਜਕ ਭਰੋਸੇਯੋਗਤਾ ਦੀ ਜ਼ਾਮਨੀ

ਪ੍ਰਦਾਨ ਕਰਦਾ ਹੈ, ਉਹੀ ਭਰੋਸੇਯੋਗਤਾ ਮਹੰਤ ਦੇ ਡੇਰੇ ਦੇ ਅੰਦਰ-ਬਾਹਰ ਵੀ ਮੌਜੂਦ ਹੈ। ਇਹ ਬਿਰਤਾਂਤਕ ਪ੍ਰਭਾਵ ਮਹੰਤ ਦੇ ਡੇਰੇ ਨੂੰ ਭੈ, ਨਫ਼ਰਤ ਤੇ ਘਿਰਣਾ ਦੇ ਪ੍ਰਭਾਵ ਖੇਤਰ ਤੋਂ ਬਾਹਰ ਲਿਆਉਣ ਦਾ ਜਤਨ ਕਰਦਾ ਹੈ। 'ਅਮੀਰਾਂ' ਜਦ 'ਮੀਰਾ' ਬਣ ਕੇ ਦੂਜੇ ਮਹੰਤ 'ਬੁਲਬੁਲ' ਦੇ ਡੇਰੇ 'ਤੇ ਜਾਂਦੀ ਹੈ ਤਾਂ ਵੀ ਉਸ ਦਾ ਨਵਾਂ ਵਸੇਬਾ ਬਹੁਤ ਪ੍ਰਵਾਨਯੋਗ ਸੁਖਾਵਾਂ ਪ੍ਰਭਾਵ ਸਿਰਜਦਾ ਹੈ ਜਿਸ ਵਿਚ 'ਮੰਦਰਾਂ ਵਿਚ ਸੰਧਿਆ ਦੀ ਆਰਤੀ' ਦਾ ਹੋਣਾ ਵੀ ਮਹੱਤਵਪੂਰਨ ਹੋ ਜਾਂਦਾ ਹੈ:

> ਮਹੰਤ ਬੁਲਬੁਲ ਵੀ ਛੇਤੀ ਡੇਰੇ ਪਹੁੰਚਣ ਲਈ ਉੱਸਲਵੱਟੇ ਲੈ ਰਹੀ ਸੀ। ... ਭੀੜੀਆਂ-ਭੀੜੀਆਂ ਗਲੀਆਂ ਦੇ ਬਾਹਰ ਵਧੇ ਛੱਜੇ ਤੇ ਬਾਰੀਆਂ ਚਾਨਣ ਸੁੜ੍ਹਾਕਦੇ ਲਗਦੇ। ਤਾਕੀਆਂ ਅਤੇ ਰੋਸ਼ਨਦਾਨਾਂ ਦੇ ਜੰਗਲਿਆਂ ਥੱਲੇ ਕਬੂਤਰਾਂ ਦੇ ਆਲ੍ਹਣਿਆਂ ਵਿਚੋਂ ਗੁਟਰਗੂੰ-ਗੁਟਰਗੂੰ ਦੀਆਂ ਅਵਾਜ਼ਾਂ, ਸ਼ਹਿਰ ਦਾ ਭੀੜ-ਭੜੱਕਾ, ਮੰਦਰਾਂ ਵਿਚ ਸੰਧਿਆ ਦੀ ਆਰਤੀ ਲਈ ਖੜਕਦੇ ਟੱਲ 'ਤੇ ਹੋਰ ਬੜਾ ਕੁਝ ਮੀਰਾ ਪਹਿਲੀ ਵਾਰ ਦੇਖ ਰਹੀ ਸੀ। (ਆ. ਗ੍ਰ 51)

'ਖੁਸਰਿਆਂ' ਦੇ ਜੀਵਨ ਨਾਲ ਸੰਬੰਧਿਤ ਇੱਕ ਹੋਰ ਅਹਿਮ ਪੱਖ ਹੈ ਉਨ੍ਹਾਂ ਦਾ ਭਾਵਨਾਤਮਿਕ ਜਗਤ। ਇਸ ਪੱਖ ਨੂੰ ਵੀ ਸਮਾਜ ਵਲੋਂ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਇਸ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਸਮਾਜਕਤਾ ਦੇ ਦਾਇਰੇ ਤੋਂ ਬਾਹਰ ਰੱਖੇ ਜਾਣ ਕਰਕੇ ਸਮਾਜ 'ਖੁਸਰਾ' ਵਰਗ ਨਾਲ ਜੁੜੇ ਹਰ ਤਰ੍ਹਾਂ ਦੇ ਸਰੋਕਾਰਾਂ ਤੋਂ ਬੇਪਰਵਾਹ ਹੋ ਗਿਆ ਹੈ। 'ਖੁਸਰਾ' ਸਮਾਜ ਦੀ ਲਿੰਗਕ ਪੱਧਰ 'ਤੇ ਸਮਾਜਕ ਅਪ੍ਰਵਾਨਗੀ ਦੇ ਚਲਦਿਆਂ, ਵਰਤਮਾਨ ਸਮਾਜ ਉਨ੍ਹਾਂ ਪ੍ਰਤੀ ਆਪਣੀ ਕਿਸੇ ਮਾਨਵੀ ਜ਼ਿੰਮੇਵਾਰੀ ਤੋਂ ਵੀ ਮੁਨਕਰ ਹੈ। ਜਿਸ ਕਰਕੇ ਨਾਵਲ ਦੇ ਪਾਤਰ ਆਖਦੇ ਨੇ, "ਹੁਣ ਮਿਲੀ ਜੂਨ ਤਾਂ ਭੋਗਣੀ ਹੀ ਪੈਣੀ ਹੈ। ਫ਼ਿਰ ਰੀਝਾਂ ਚਾਵਾਂ ਨੂੰ ਕਿਉਂ ਗ੍ਰਹਿਣ ਲਾਉਣਾ?" 'ਖੁਸਰਾ' ਹੋਣ ਕਰਕੇ ਸਮਾਜ ਭਾਵੇਂ ਉਨ੍ਹਾਂ ਦੇ ਸਾਰੇ ਸਰੋਕਾਰਾਂ ਤੋਂ ਦੂਰ ਹੋ ਗਿਆ ਹੋਵੇ ਪਰ ਉਨ੍ਹਾਂ ਅੰਦਰ ਮੌਜੂਦ ਮਨੁੱਖੀ ਅਹਿਸਾਸ ਕੁਦਰਤੀ ਹੈ ਜਿਸ ਨੂੰ ਭਾਵਨਾਵਾਂ ਦੇ ਰੂਪ ਵਿਚ ਪ੍ਰਗਟਾਵਾ ਮਿਲਣਾ ਲਾਜ਼ਮੀ ਹੈ, ਪਰ ਉਸ ਤੋਂ ਵੀ ਉਪਰ ਸ਼ਰੀਰਕ ਲੋੜਾਂ ਆਉਂਦੀਆਂ ਹਨ:

> ਦਿਲ ਦੇ ਅੰਦਰਲੀ ਖਲਬਲੀ ਦਾ ਬਾਹਰਲੀ ਭੀੜ ਨਾਲ ਵਾਹ ਨਾ ਪੈਣ ਦੇਈਂ ਬੱਸ ਅੱਗ ਦੇ ਦੋ ਦਰਿਆ ਵਗਦੇ ਰਹਿਣ ਆਪੋ-ਆਪਣੇ ਰਾਹੀਂ ਢਿੱਡ ਦੀ ਅੱਗ ਬੁਝਾਉਣ ਦਾ ਮਸਲਾ ਵੱਡਾ ਏ, ਸੋ ਹਰ ਹੀਲੇ ਇਸ ਨੂੰ ਤਰਜੀਹ ਦੇਣਾ ਤੇਰਾ ਕੰਮ ਐ, ਹੋਰ ਕਿਹੜਾ ਕਮਾਈਆਂ ਕਰਕੇ ਆਪਾਂ ਧੀਆਂ ਪੁੱਤਾਂ 'ਚ ਜਾਇਦਾਦਾਂ ਵੰਡਣੀਆਂ ਨੇ। (ਆ. ਗ੍ਰ. 38)

ਸਮਾਜ ਵਲੋਂ ਅੱਖੋਂ-ਪਰੋਖੇ ਕੀਤੇ ਜਾਣ ਦੇ ਬਾਵਜੂਦ 'ਮੀਰਾ' ਅੰਦਰ ਉਸ ਦੇ ਸਾਰੇ ਰਿਸ਼ਤੇ ਪਹਿਲਾਂ ਵਾਂਗ ਹੀ ਜੀਉਂਦੇ ਰਹਿੰਦੇ ਨੇ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਜੈਂਡਰ ਦਾ ਨਿਰਧਾਰਨ ਸਮਾਜ ਤੋਂ ਪਹਿਲਾਂ ਉਸ ਦਾ ਪਰਿਵਾਰ ਹੀ ਕਰ ਰਿਹਾ ਹੁੰਦਾ ਹੈ।

> The norms that are taught throughout childhood are influential in an individual's life because the ideas about gender that are typically taught by parents in early years are reinforced outside of the home.[2]

ਇਸੇ ਸੰਦਰਭ ਵਿਚ ਉਹ ਸਾਰੀ ਜ਼ਿੰਦਗੀ ਆਪਣੇ ਪਿਤਾ, ਮਾਂ, ਭੈਣ ਅਤੇ ਭਰਾਵਾਂ ਨੂੰ ਯਾਦ ਕਰਦੀ ਰਹਿੰਦੀ ਹੈ ਅਤੇ ਨਾਲ ਹੀ ਉਸ ਝਿਊਰੀ ਨਾਮ੍ਹੋਂ ਨੂੰ ਵੀ ਨਹੀਂ ਭੁੱਲਦੀ ਜਿਸ ਨੇ ਉਸ ਨੂੰ ਝੇਡਾਂ ਕਰਦੇ ਜਵਾਕਾਂ ਤੋਂ ਬਚਾਇਆ ਸੀ। 'ਨਾਮ੍ਹੋਂ' ਦਾ ਇਹ ਵਰਤਾਰਾ, ਅਮੀਰਾਂ ਲਈ ਉਸ ਸਮਾਜਕ ਸੁਰੱਖਿਆ ਦੀ ਜ਼ਿਮੇਵਾਰੀ ਦਾ ਪਲ-ਭਰ ਦਾ ਅਨੁਭਵ ਸੀ ਜੋ ਇਕ ਕੁੜੀ ਦੀ ਦੇਹ ਦੀ ਰੱਖਿਆ ਲਈ ਨਿਭਾਇਆ ਜਾਂਦਾ ਹੈ। ਅਮੀਰਾਂ ਲਈ ਇਹ ਉਸ ਦੇ ਇਕ ਕੁੜੀ ਹੋਣ ਦਾ ਅਹਿਸਾਸ ਦੁਆਉਣ ਵਾਲੀ ਘਟਨਾ ਸੀ, ਜੋ ਉਸ ਨੂੰ ਸਦਾ ਯਾਦ ਰਹੀ:

> ਹੈਂ ਕੁੜੇ ਨਾਮ੍ਹੋਂ , ਮੇਰੀ ਅਮੀਰਾਂ ਤਾਂ ਤੇਰਾ ਬਾਹਲਾ ਈ ਤਿਉ ਕਰਦੀ ਸੀ। ਤੈਨੂੰ ਖ਼ਬਰੈ ਯਾਦ ਐ ਕਿ ਨਹੀਂ, ਕੇਰਾਂ ਤੂੰ ਉਹਦੇ ਦਾਣੇ ਬਿਨਾਂ ਚੁੰਗ ਕੱਢੇ ਭੁੰਨ ਤੇ ਸੀ ਨਾਲੇ ਵਾਰੀ ਵੀ ਪਹਿਲਾਂ ਦੇ ਤੀ ਸੀ। ਝੇਡਾਂ ਕਰਦੇ ਜਵਾਕਾਂ ਨੂੰ ਤੂੰ ਦਾਣੇ ਭੁੰਨਣ ਵਾਲੀ ਦਾਤੀ ਨਾਲ ਡਰਾ ਕੇ ਚੁੱਪ ਕਰਾਇਆ ਸੀ। ਸਹੁੰ ਭਾਈਆਂ ਦੀ ਇੱਕ ਰਾਤ ਉਹ ਮੇਰੇ ਨਾਲ ਪਈ ਜੱਫੀ ਪਾ-ਪਾ ਕੇ ਮੈਨੂੰ ਇਹ ਸਭ ਇਉਂ ਦੱਸ ਰਹੀ ਸੀ ਜਿਵੇਂ ਨਮੋਹਰੀ ਦੁਨੀਆਂ ਵਿਚੋਂ ਉਸ ਨੂੰ ਪਹਿਲੀ ਵਾਰੀ ਪਿਆਰ ਮਿਲਿਆ ਹੋਵੇ। (ਆ. ਗ੍ਰ. 69)

ਸਾਡੇ ਸਮਾਜ ਵਿਚ 'ਖੁਸਰਿਆਂ' ਦਾ ਵਿਆਹ-ਸ਼ਾਦੀ, ਬੱਚੇ ਜਾਂ ਹੋਰ ਕਿਸੇ ਖੁਸ਼ੀ ਦੇ ਮੌਕੇ 'ਤੇ ਆਉਣਾ ਅਤੇ

ਦੁਆਵਾਂ ਦੇਣਾ ਇਕ ਖ਼ਾਸ ਪਰੰਪਰਾ ਦਾ ਹਿੱਸਾ ਬਣਿਆ ਹੋਇਆ ਹੈ। ਇਸ ਦੇ ਨਾਲ 'ਖੁਸਰਿਆਂ' ਨੂੰ ਨਰਾਜ਼ ਕਰਕੇ ਭੇਜਣਾ ਬਹੁਤ ਮਾੜਾ ਮੰਨਿਆ ਜਾਂਦਾ ਹੈ। 'ਖੁਸਰਿਆਂ' ਦੇ ਮਾੜੇ ਬੋਲਾਂ ਜਾਂ ਬਦ-ਦੁਆਵਾਂ ਦੇ ਡਰਾਵੇ ਕਰਕੇ ਵੀ ਬਹੁਤ ਸਾਰੀਆਂ ਜੋਰ-ਜਬਰਦਸਤੀ ਵਾਲੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਹਰਕੀਰਤ ਚਾਹਲ ਨੇ ਨਾਵਲ ਵਿਚ 'ਖੁਸਰਿਆਂ' ਦੇ ਅਜਿਹੇ ਬਿੰਬਾਂ ਨਾਲ ਸੰਬੰਧਿਤ ਬਹੁਤ ਬਾਰੀਕ ਗੱਲਾਂ ਨੂੰ ਵੀ ਰੂਪਾਂਤਰਿਤ ਕਰਨ ਦਾ ਜਤਨ ਕੀਤਾ ਗਿਆ ਹੈ:

> ਬੁਲਬੁਲ: ਵੇਖ ਮੀਰਾ, ਅਸੀਂ ਗਲੀ-ਮੁਹੱਲੇ, ਮੋੜਾਂ 'ਤੇ ਖੜ ਕੇ ਲੱਚਰਪੁਣਾ ਨਹੀਂ ਖਿੰਡਾਉਣਾ, ਬਿਨਾਂ ਵਜ੍ਹਾ ਤਾੜੀ ਨਹੀਂ ਮਾਰਨੀ ਤੇ ਨਾ ਹੀ ਵਧਾਈ ਵਾਲੇ ਘਰ ਅੜੀ ਕਰਨੀ ਐ, ਪਤਾ ਨਹੀਂ ਅਗਲਾ ਕਿਹੜੇ ਹਾਲੀਂ ਦਿੰਦੈ, ਜੋ ਖੁਸ਼ੀ ਨਾਲ ਝੋਲੀ ਪਾਵੇ, ਦੁਆਵਾਂ ਦੇ ਕੇ ਪਰਤ ਆਉਣਾ। ਜ਼ੁਬਾਨ ਤੋਂ ਕਦੀ ਬਦ-ਦੁਆ ਨਾ ਦੇਈਂ ਬਦ-ਦੁਆ ਤਾਂ ਆਪਾਂ ਰੱਬ ਨੂੰ ਨਹੀਂ ਦਿੰਦੇ ਜਿਸ ਨੇ ਕੱਚੇ ਪਿੱਲੇ ਘੜਿਆ ਸਾਨੂੰ। (ਆ. ਗੁ 54)

ਨਾਵਲ ਦਾ ਬਿਰਤਾਂਤ 'ਖੁਸਰਿਆਂ' ਦੀ ਮਾਨਵੀ ਪਛਾਣ ਦੀਆਂ ਇਨ੍ਹਾਂ ਬੁਨਿਆਦੀ ਗੱਲਾਂ ਨੂੰ ਨਜਿੱਠਦਿਆਂ ਹੋਇਆਂ ਕੁਝ ਹੋਰ ਅਹਿਮ ਮਸਲਿਆਂ ਨੂੰ ਵੀ ਉਠਾਉਂਦਾ ਹੈ ਜਿਨ੍ਹਾਂ ਦਾ ਸਰੋਕਾਰ 'ਖੁਸਿਰਆਂ' ਦੇ ਜੀਵਨ ਦੇ ਭਵਿੱਖ ਨਾਲ ਜੁੜਦਾ ਹੈ। ਨਾਵਲ ਦੇ ਵਿਸ਼ੇ ਦਾ ਅਗਲਾ ਪੜਾਅ 'ਚਿਰਾਗ' ਪਾਤਰ ਦੇ ਰੂਪ ਵਿਚ 'ਖੁਸਰਾ' ਵਰਗ ਦੇ ਭਵਿੱਖ ਦੀਆਂ ਤਤਕਾਲੀ ਪਰਿਪੇਖ ਵਿਚ ਸੰਭਾਵਨਾਂ ਨੂੰ ਤਲਾਸ਼ਦਾ ਹੈ। ਨਾਵਲ ਦਾ ਬਿਰਤਾਂਤਕ ਉਸਾਰ 'ਮੀਰਾ' ਅਤੇ 'ਚਿਰਾਗ' ਨੂੰ ਮਾਂ-ਪੁੱਤਰ ਦੇ ਰੂਪ ਵਿਚ ਪੇਸ਼ ਕਰਦਾ ਹੈ, ਜਿਸ ਵਿਚ 'ਮੀਰਾ' ਚਿਰਾਗ ਨੂੰ ਆਪਣੇ ਪਰੰਪਰਕ ਪੇਸ਼ੇ ਤੋਂ ਦੂਰ ਨਵੇਂ ਮਾਹੌਲ ਵਿਚ ਜੀਉਣ ਲਈ ਤਿਆਰ ਕਰਨਾ ਲੋਚਦੀ ਹੈ। ਉਹ ਆਪਣੀਆਂ ਆਸਾਂ ਚਿਰਾਗ ਰੂਪ ਵਿਚ ਆਏ ਆਪਣੇ ਇਕ ਪੁੱਤਰ ਵਾਂਗ ਪੂਰੀਆਂ ਕਰਨਾ ਚਾਹੁੰਦੀ ਹੈ। ਉਹ ਉਸ ਨੂੰ ਪੜ੍ਹਾਉਣ ਲਈ ਬਾਕੀ ਮੁੰਡੇ-ਕੁੜੀਆਂ ਨਾਲ ਪੜਨ ਲਈ ਭੇਜਦੀ ਹੈ ਤੇ ਖੁਦ ਨੂੰ ਉਸ ਦੀ ਪਛਾਣ ਛੁਪਾਉਣ ਲਈ, ਕਾਲਜ ਜਾਣ ਤੋਂ ਪਰਹੇਜ ਕਰਦੀ ਹੈ। ਇਸ ਕਥਾਨਕ ਦੀ ਬਣਤਰ ਪਿੱਛੇ, ਮੀਰਾ ਦਾ 'ਅਮੀਰਾਂ' ਵਾਲਾ ਅਨੁਭਵ ਕਾਰਜਸ਼ੀਲ ਰਹਿੰਦਾ ਹੈ। ਮੀਰਾ ਨੇ ਆਪਣੇ ਬਚਪਨ ਵਿਚ ਭੈਣ-ਭਰਾਵਾਂ ਅਤੇ ਸਮਾਜ ਦਾ ਜੋ ਵਤੀਰਾ ਵੇਖਿਆ ਉਸ ਨੂੰ ਚਿਰਾਗ ਦੀ ਪਰਵਰਿਸ਼ ਵੇਲੇ ਉਸ ਦੇ ਅਨੁਭਵ ਤੋਂ ਬਚਾ ਕੇ ਰੱਖਣਾ ਚਾਹੁੰਦੀ ਹੈ। ਦੋਹਾਂ ਨੂੰ ਇਕ ਸਧਾਰਨ ਔਰਤ-ਮਰਦ ਵਾਂਗ ਪਿਆਰ ਵਿਚ ਪੈਣ ਦਾ ਅਨੁਭਵ ਵੀ ਮਿਲਦਾ ਹੈ ਤੇ ਉਸ ਦਾ ਅੰਤ ਵੀ ਇਕੋ ਜਿਹਾ ਹੁੰਦਾ ਹੈ। 'ਮੀਰਾ' ਅਤੇ 'ਚਿਰਾਗ' ਦੋ ਪੀੜ੍ਹੀਆਂ ਦੇ ਦੌਰ ਨੂੰ ਵੀ ਦਰਸਾਉਂਦੇ ਹਨ, ਜੋ ਸਮਾਂ ਬੀਤਣ ਨਾਲ 'ਖੁਸਰਾ' ਵਰਗ ਪ੍ਰਤੀ ਸਮਾਜ ਦੇ ਰਵੱਈਏ ਵਿਚ ਆਏ 'ਪਰਿਵਰਤਨ' ਜਾਂ 'ਅਪਰਿਵਰਤਨ' ਨੂੰ ਇਕੋ ਤਰ੍ਹਾਂ ਹੰਢਾਉਂਦੇ ਹਨ, ਜਿਸ ਦਾ ਅੰਤ ਦੁਖਾਂਤਕ ਹੈ। ਨਾਵਲ ਵਿਚ 'ਚਿਰਾਗ' ਨਾਲ ਸੰਬੰਧਿਤ ਬਿਰਤਾਂਤ ਕਿਸੇ ਨਾ ਕਿਸੇ ਪੱਧਰ 'ਤੇ ਨਾਵਲ ਦੇ ਸਮੁੱਚੇ ਵਿਸ਼ੇਗਤ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ। ਪਹਿਲੇ ਹਿੱਸੇ ਵਿਚ 'ਮੀਰਾ' ਦੁਆਲੇ ਘੁੰਮਦਾ ਗਲਪੀ ਬਿਰਤਾਂਤ 'ਇਕ' ਜੀਵਨ ਅਨੁਭਵ ਦੀ ਯਾਤਰਾ ਨੂੰ ਫ਼ੋਕਸ ਵਿਚ ਰਖਕੇ ਤੁਰਦਾ ਹੈ, ਜਿਸ ਨਾਲ ਪਾਠਕ ਬਹੁਤ ਭਾਵੁਕਤਾ ਅਤੇ ਸੰਵੇਦਨਾ ਨਾਲ ਜੁੜਿਆ ਰਹਿੰਦਾ ਹੈ। ਉਸ ਬਿਰਤਾਂਤ ਵਿਚ 'ਮੀਰਾ' ਰਾਹੀਂ 'ਖੁਸਰਾ' ਵਰਗ ਦੇ ਜੀਵਨ ਦੀਆਂ ਬਹੁ-ਪਸਾਰੀ ਸਮੱਸਿਆਵਾਂ ਦੀ ਪੇਸ਼ਕਾਰੀ ਬਹੁਤ ਸਟੀਕ ਤਰੀਕੇ ਨਾਲ ਹੋਈ ਹੈ, ਪਰ ਨਾਲ ਹੀ 'ਚਿਰਾਗ' ਦੇ ਜੀਵਨ ਅਨੁਭਵ ਨੂੰ ਜਿਨ੍ਹਾਂ ਤਤਕਾਲੀ ਪ੍ਰਸਤਿਥੀਆਂ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ, ਉਸ ਨਾਲ ਨਾਵਲ ਦੇ ਮੁੱਖ ਵਿਸ਼ੇਗਤ ਆਧਾਰ ਦਾ ਫੋਕਸ ਥੋੜ੍ਹਾ ਤਬਦੀਲ ਹੋ ਜਾਂਦਾ ਹੈ। 'ਚਿਰਾਗ' ਦੇ ਰੂਪ ਵਿਚ ਇਕ ਅਗਲੇਰੀ ਪੀੜ੍ਹੀ ਦੇ 'ਖੁਸਰਾ' ਪਾਤਰ ਨੂੰ ਨਵੇਂ ਸਮਾਜਕ ਪ੍ਰਬੰਧ ਵਿਚ ਪੂਰੀ ਤਰ੍ਹਾਂ ਅਸਫਲ ਹੁੰਦੇ ਵਿਖਾਇਆ ਗਿਆ ਹੈ। ਇਸ ਤੋਂ ਮਹੱਤਵਪੂਰਨ ਗਲ ਵੀ ਜਾਪਦੀ ਹੈ ਕਿ ਇਸ ਅਸਫਲਤਾ ਦੀ ਪੂਰੀ ਜ਼ਿਮੇਦਾਰੀ 'ਚਿਰਾਗ' ਉਪਰ ਹੀ ਆਇਦ ਹੋਣ ਦਾ ਪ੍ਰਭਾਵ ਪੈਂਦਾ ਹੈ। ਇਕ ਪਾਸੇ 'ਮੀਰਾ' ਆਪਣੇ ਜੀਵਨ ਦੇ ਪੂਰੇ ਅਨੁਭਵ ਨੂੰ ਧਿਆਨ ਵਿਚ ਰੱਖਕੇ 'ਚਿਰਾਗ' ਦੇ ਜੀਵਨ ਨੂੰ 'ਖੁਸਰਿਆਂ' ਦੇ ਸੀਮਤ ਪੇਸ਼ੇ ਤੋਂ ਦੂਰ ਰੱਖਣਾ ਚਾਹੁੰਦੀ ਹੈ, ਪਰ ਨਾਵਲ ਦਾ ਬਿਰਤਾਂਤਕ ਪਸਾਰ 'ਮੀਰਾ' ਦੀ ਘਾਲਣਾ ਨੂੰ 'ਚਿਰਾਗ' ਦੀ ਅਸਫਲਤਾ ਰਾਹੀਂ ਬੇਅਰਥ ਕਰ ਦਿੰਦਾ ਹੈ। 'ਚਿਰਾਗ' ਨਵੇਂ ਸਮਾਜਕ ਪ੍ਰਬੰਧ ਵਿਚ ਪਰਵਰਿਸ਼ ਹਾਸਲ ਕਰ ਰਿਹਾ ਹੈ, ਜਿਸ ਵਿਚ 'ਖੁਸਰਾ' ਵਰਗ ਦੇ ਮਾਨਵੀ ਅਧਿਕਾਰਾਂ ਨੂੰ ਲੈ ਕੇ ਕੁਝ ਜਾਗਰੁਕਤਾ ਪੈਦਾ ਹੋ ਰਹੀ ਹੈ। 'ਚਿਰਾਗ' ਦੇ ਆਪਣੇ ਸ਼ਰੀਰਕ ਤੇ ਲਿੰਗਕ ਤਜਰਬੇ ਨੂੰ ਮਰਜ਼ੀ ਨਾਲ ਮਾਨਣ ਕਾਰਣ ਇਸ ਜਾਗਰੁਕਤਾ ਦਾ ਪ੍ਰਭਾਵ ਪਿਛੋਕੜ ਵਿਚ ਦੱਬਦਾ ਜਾਪਦਾ ਹੈ। ਇਥੇ 'ਚਿਰਾਗ' ਨੂੰ ਇਕ ਹੋਰ ਸਮਾਜਕ ਮੁੱਦੇ ਨਾਲ ਜੋੜ ਕੇ ਵਿਖਾਉਣ ਦਾ ਜਤਨ ਨਜ਼ਰ ਆਉਂਦਾ ਹੈ। 'ਚਿਰਾਗ' ਸਮ-ਲਿੰਗਕ ਸੰਬੰਧਾਂ ਵਿਚ ਜ਼ਰੂਰ ਪੈਂਦਾ ਹੈ ਪਰ ਉਸ ਦੀ ਸ਼ਮੂਲੀਅਤ ਇਕ 'ਖ਼ੁਸਰੇ' ਦੀ ਪਛਾਣ ਵਾਲੀ ਹੈ

ਜਿਸ ਦਾ ਅਰਥ ਹੈ ਕਿ 'ਖੁਸਰਾ' ਹੋਣਾ ਇਕ ਸ਼ਰੀਰਕ ਵੱਖਰਤਾ ਜਾਂ ਲਿੰਗਕ ਊਣਤਾਈ ਹੈ ਜਦ ਕਿ ਸਮ-ਲਿੰਗਕਤਾ ਕੋਈ ਜੈਵਿਕ-ਊਣਤਾਈ ਨਾ ਹੋ ਕੇ, ਇੱਕ ਮਰਦ ਜਾਂ ਔਰਤ ਦੀ ਕਾਮ-ਇੱਛਾਵਾਂ ਪ੍ਰਤੀ ਵਿਅਕਤੀਗਤ ਚੋਣ ਦਾ ਮੁੱਦਾ ਹੈ। 'ਖੁਸਰੇ' ਕੋਲ ਕਾਮ-ਸੰਬੰਧ ਬਨਾਉਣ ਦੀ ਸੀਮਤ ਚੋਣ ਹੋਣਾ ਅਤੇ ਸਮ-ਲਿੰਗਕ (ਗੇ-ਲੈਸਬੀਅਨ) ਕੋਲ ਹੋਰ ਚੋਣ ਹੋਣਾ ਵੀ ਇਨ੍ਹਾਂ ਦੋ ਮੁੱਦਿਆਂ ਨੂੰ ਵੱਖਰਤਾ ਦਿੰਦਾ ਹੈ। 'ਚਿਰਾਗ' ਦਾ ਇਕ 'ਖੁਸਰਾ' ਹੋਣਾ ਅਤੇ 'ਮੀਰਾ' ਦੀਆਂ ਆਸਾਂ ਨੂੰ ਪੂਰਾ ਕਰਨ ਦੇ ਭਾਵਾਤਮਕ ਦਬਾਅ ਨੂੰ ਝੱਲਣਾ, ਇਸ ਨਾਵਲ ਦੇ ਤਰਕਸ਼ੀਲ ਬਿਰਤਾਂਤਕ ਵਿਕਾਸ ਦਾ ਹਿੱਸਾ ਬਣਦਾ ਹੈ, ਪਰ ਨਾਲ ਹੀ ਜਦ ਇਹ ਬਿਰਤਾਂਤ ਸਮ-ਲਿੰਗਕਤਾ, ਨਸ਼ੇ ਅਤੇ ਏਡਸ ਵਰਗੇ ਹੋਰਨਾਂ ਮਸਲਿਆਂ ਨੂੰ ਇਕੋ ਪਾਤਰ ਰਾਹੀਂ ਨਜਿੱਠਣ ਵਲ ਤੁਰਦਾ ਹੈ ਤਾਂ ਨਾਵਲ ਦਾ ਕੇਂਦਰੀ ਵਿਸ਼ੇਗਤ ਮਨੋਰਥ ਪ੍ਰਭਾਵਿਤ ਹੁੰਦਾ ਜਾਪਦਾ ਹੈ। 'ਚਿਰਾਗ' ਨਾਲ ਇਕ ਸਧਾਰਨ ਪਾਤਰ ਵਾਂਗ ਇਹ ਸਭ ਕੁਝ ਵਾਪਰਨਾ ਕੋਈ ਅਲੋਕਾਰ ਗਲ ਨਹੀਂ। ਪਰ ਨਾਵਲੀ ਬਿਰਤਾਂਤ ਦੀ ਲੜੀ ਵਿਚ, ਜੋ ਇੱਕ 'ਮਿਸ਼ਨਰੀ' ਮੁੱਦਾ ਥਰਡ-ਜੈਂਡਰ ਦੇ ਮਨੁੱਖੀ ਅਧਿਕਾਰਾਂ ਨੂੰ ਲੈ ਕੇ ਉਭਰਦਾ ਹੈ, ਉਸ ਨਾਲ ਗੇ-ਲੈਸਬੀਅਨ ਦਾ ਮਸਲਾ ਜੋੜਨਾ ਨਾਵਲ ਵਿਚ ਇਕ ਹੋਰ ਨਵੇਂ ਅਤੇ ਵੱਖਰੇ ਬਿਰਤਾਂਤ ਦੀਆਂ ਸੰਭਾਵਨਾਂ ਛੱਡ ਦਿੰਦਾ ਹੈ। ਇਸ ਨਾਵਲ ਵਿਚ ਚੁੱਕੇ ਗਏ ਮੁੱਖ ਮੁੱਦੇ ਦੇ ਸੰਦਰਭ ਅਤੇ ਪ੍ਰਸੰਗ ਵਿਚ ਭਾਰਤੀ ਸਰਵਉੱਚ ਅਦਾਲਤ ਦਾ ਇਕ ਫ਼ੈਸਲਾ ਬਹੁਤ ਮਹੱਤਵ ਪੂਰਨ ਹੈ ਜਿਸ ਨੇ 'ਥਰਡ ਜੈਂਡਰ' ਦੇ ਹੱਕ ਵਿਚ ਚਲ ਰਹੀ ਮੁਹਿੰਮ ਦਾ ਉਸਾਰੂ ਹੱਲ ਕੱਢਣ ਦੀ ਪਹਿਲ ਕੀਤੀ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਇਹ ਦੋ ਨੁਕਤੇ ਇਥੇ ਦਰਜ ਕਰਨੇ ਢੁੱਕਵੇਂ ਜਾਪਦੇ ਹਨ। 15 ਅਪ੍ਰੈਲ 2014 ਨੂੰ ਜਸਟਿਸ K.S. Radhakrishnan ਅਤੇ ਜਸਟਿਸ A.K. Sikri ਨੇ ਫ਼ੈਸਲਾ ਸੁਣਾਇਆ ?

129. We, therefore, declare:

(1) Hijras, Eunuchs, apart from binary gender, be treated as “third gender” for the purpose of safeguarding their rights under Part III of our Constitution and the laws made by the Parliament and the State Legislature.


(5) Centre and State Governments should seriously address the problems being faced by Hijras/Transgenders such as fear, shame, gender dysphoria, social pressure, depression, suicidal tendencies, social stigma, etc. and any insistence for SRS for declaring one's gender is immoral and illegal.[3]

ਸਮੁੱਚੇ ਤੌਰ 'ਤੇ ਇਸ ਨਾਵਲ ਦੀ ਪੜ੍ਹਤ ਬਹੁਤ ਦਿਲਚਸਪ ਹੋ ਨਿੱਬੜਦੀ ਹੈ, ਜਿਸ ਵਿਚ 'ਥਰਡ ਜੈਂਡਰ' ਦੀ ਸਮਾਜਕ ਪਛਾਣ ਦੀ ਮਕਬੂਲੀਅਤ ਨੂੰ ਸਮਰਥਨ ਦਵਾਉਣ ਲਈ 'ਖੁਸਰਾ' ਵਰਗ ਦੇ ਜੀਵਨ ਦੇ ਸਮਾਜਕ-ਧਾਰਮਿਕ ਅਤੇ ਭਾਵਾਤਮਕ ਪਸਾਰ ਨੂੰ ਬਹੁਤ ਗਹਿਰਾਈ ਨਾਲ ਪ੍ਰਸਤੁਤ ਕੀਤਾ ਗਿਆ ਹੈ। ਵਰਤਮਾਨ ਸਮੇਂ ਵਿਚ 'ਥਰਡ-ਜੈਂਡਰ' ਦੇ ਸਮਾਨ ਅਧਿਕਾਰਾਂ ਨੂੰ ਲੈ ਕੇ ਚਲ ਰਹੀ ਬਹਿਸ ਵਿਚ ਇਸ ਨਾਵਲ ਦੀ ਚਰਚਾ ਬਿਨਾ ਸ਼ੱਕ ਬਹੁਤ ਲਾਹੇਵੰਦ ਸਾਬਤ ਹੋਵੇਗੀ। ਇਹ ਨਾਵਲ 'ਖੁਸਰਾ' ਕਹਿਕੇ ਦੁਰਕਾਰੇ ਜਾਂਦੇ 'ਸਮਾਜਕਤਾ' ਤੋਂ ਪੀੜਤ ਜੀਉਂਦੇ ਜਾਗਦੇ ਮਾਨਵੀ 'ਪਾਤਰਾਂ' ਨੂੰ ਹੋਰਨਾਂ ਸਧਾਰਣ ਲੋਕਾਂ ਵਾਂਗ ਸੁਹਿਰਦ, ਭਾਵੁਕ, ਪਿਆਰ ਭਰੇ ਅਤੇ ਰੱਬ ਰੂਪੀ ਬੰਦਿਆਂ ਵਾਂਗ ਪੇਸ਼ ਕਰਨ ਵਿਚ ਸਫ਼ਲ ਸਾਬਤ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ:


1. Gender Play: Girls and Boys in School. New Brunswick, NJ: Rutgers University.
2. Witt, Susan (Summer 1997). "Parental Influence on Children's Socialization to Gender Roles". Adolesncence. 32 (126): 253-260.
3. https://main.sci.gov.in/jonew/judis/41411.pdf


◈






# ਸਿੱਖ ਦ੍ਰਿਸ਼ਟੀਕੋਣ ਤੋਂ ਪੰਜਾਬੀ ਸੂਬੇ ਦੀ ਮੰਗ : ਇਕ ਵਿਸ਼ਲੇਸ਼ਣ

ਹੁਣ ਤੱਕ ਅਕਾਲੀ ਦਲ ਉੱਪਰ ਵਿਰੋਧੀ ਧਿਰਾਂ ਵਲੋਂ ਦੋਸ਼ ਲੱਗਦਾ ਰਿਹਾ ਹੈ ਕਿ ਇਸ ਨੇ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਖਾਤਰ 1966 ਵਿਚ ਪੰਜਾਬ ਦਾ ਪੁਨਰਗਠਨ ਕਰਵਾ ਕੇ ਪੰਜਾਬ ਦਾ ਆਰਥਿਕ ਤੌਰ 'ਤੇ ਨੁਕਸਾਨ ਕੀਤਾ ਹੈ। ਵਿਰੋਧੀ ਪਾਰਟੀਆਂ ਦਾ ਵਿਚਾਰ ਹੈ ਕਿ ਪੁਨਰਗਠਨ ਦੇ ਸਿੱਟੇ ਵਜੋਂ ਪੰਜਾਬ ਦੇ ਜਿਆਦਾਤਰ ਆਰਥਿਕ ਸਾਧਨ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਚਲੇ ਗਏ ਜਿਸ ਕਰਕੇ ਅੱਜ ਪੰਜਾਬ ਦੇ ਲੋਕਾਂ ਦੇ ਆਰਥਿਕ ਸਾਧਨ ਸੀਮਤ ਹੋ ਕੇ ਰਹਿ ਗਏ ਹਨ। ਅਜਿਹੇ ਵਿਚਾਰ ਪਿੱਛੇ ਜਿਹੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੁਆਰਾ ਵੀ ਪ੍ਰਗਟ ਕੀਤੇ ਗਏ ਸਨ ਪਰੰਤੂ ਵਿਰੋਧੀ ਪਾਰਟੀਆਂ ਇਸ ਤੱਥ ਨੂੰ ਨਜ਼ਰਅੰਦਾਜ ਕਰ ਦਿੰਦੀਆਂ ਹਨ ਕਿ 1966 ਵਿਚ ਸੂਬੇ ਦੇ ਪੁਨਰਗਠਨ ਤੋਂ ਬਾਅਦ ਵੀ ਹਰੀ ਕ੍ਰਾਂਤੀ ਦੌਰਾਨ ਪੰਜਾਬ ਭਾਰਤ ਦਾ ਇਕ ਖੁਸ਼ਹਾਲ ਸੂਬਾ ਸੀ। ਸਿੱਖ ਦ੍ਰਿਸ਼ਟੀਕੋਣ ਦੇ ਅਨੁਸਾਰ ਇਹ ਧਾਰਨਾ ਠੀਕ ਹੈ ਕਿ ਅਕਾਲੀਆਂ ਨੇ ਪੰਜਾਬੀ ਸੂਬੇ ਦੀ ਮੰਗ ਪੰਜਾਬ ਵਿਚ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਲਈ ਕੀਤੀ ਪਰੰਤੂ ਇਸ ਉਦੇਸ਼ ਦੇ ਪਿੱਛੇ ਸਿੱਖ ਲੀਡਰਸ਼ਿਪ ਦੇ ਮਨ ਅੰਦਰ ਡਰ ਛੁਪਿਆ ਹੋਇਆ ਸੀ ਕਿ ਜੇਕਰ ਸਿੱਖਾਂ ਦੇ ਹੋਮਲੈਂਡ ਪੰਜਾਬ ਵਿਚ ਰਾਜਨੀਤਕ ਸ਼ਕਤੀ ਉਹਨਾਂ ਦੇ ਹੱਥਾ ਵਿਚ ਨਾ ਆਈ ਤਾਂ ਹਿੰਦੂ ਧਰਮ ਸਿੱਖ ਧਰਮ ਨੂੰ ਆਪਣੇ ਵਿਚ ਮੁੜ ਜਜ਼ਬ ਕਰ ਸਕਦਾ ਹੈ। ਸਰਦਾਰ ਕਪੂਰ ਸਿੰਘ, ਖੁਸ਼ਵੰਤ ਸਿੰਘ, ਸੰਗਤ ਸਿੰਘ, ਦਲਜੀਤ ਸਿੰਘ, ਗੁਰਤੇਜ਼ ਸਿੰਘ ਅਤੇ ਗੁਰਦਰਸ਼ਨ ਸਿੰਘ ਢਿਲੋਂ ਇਸ ਦ੍ਰਿਸ਼ਟੀਕੋਣ ਦੇ ਸਮਰਥਕ ਹਨ।



**ਡਾ. ਸੁਖਜੀਤ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਰਾਜਨੀਤੀ ਸ਼ਾਸਤਰ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ
8283840472
singhsukhjit456@gmail.com

ਪੰਜਾਬੀ ਸੂਬੇ ਦੀ ਮੰਗ ਅਕਾਲੀ ਦਲ ਦੁਆਰਾ ਅਜ਼ਾਦੀ ਤੋਂ ਤੁਰੰਤ ਬਾਅਦ ਕੀਤੀ ਗਈ। ਇਸ ਮੰਗ ਨੂੰ ਮੰਗਵਾਉਣ ਲਈ ਅਕਾਲੀ ਦਲ ਨੂੰ ਤਕਰੀਬਨ ਦੋ ਦਹਾਕੇ ਲੰਮਾ ਸਮਾਂ ਸੰਘਰਸ਼ ਕਰਨਾ ਪਿਆ। 1966 ਵਿਚ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਕੇਂਦਰ ਦੀ ਕਾਂਗਰਸ ਸਰਕਾਰ ਦੁਆਰਾ ਮੰਨ ਲਈ ਗਈ। ਭਾਸ਼ਾ ਦੇ ਆਧਾਰ ਤੇ ਹਿੰਦੀ ਬੋਲਦੇ ਇਲਾਕੇ ਪੰਜਾਬ ਨਾਲੋਂ ਵੱਖ ਕਰ ਦਿੱਤੇ ਗਏ ਅਤੇ ਪੰਜਾਬ ਨੂੰ ਇਕ ਭਾਸ਼ਾਈ ਰਾਜ ਭਾਵ ਪੰਜਾਬੀ ਬੋਲਣ ਵਾਲੇ ਲੋਕਾਂ ਦਾ ਸੂਬਾ ਬਣਾ ਦਿੱਤਾ ਗਿਆ ਭਾਵੇਂ ਅਕਾਲੀ ਦਲ ਦੁਆਰਾ ਪੰਜਾਬੀ ਸੂਬੇ ਦੀ ਮੰਗ ਲਈ ਭਾਸ਼ਾ ਨੂੰ ਅਧਾਰ ਬਣਾਇਆ ਗਿਆ ਪਰ ਅਸਲ ਵਿਚ ਉਹ ਆਜ਼ਾਦ ਭਾਰਤ ਵਿਚ ਅਜਿਹਾ ਖਿੱਤਾ ਚਾਹੁੰਦੇ ਸਨ ਜਿੱਥੇ ਸਿੱਖ ਬਹੁਮਤ ਵਿਚ ਹੋਣ ਅਤੇ ਇਸ ਬਹੁਮਤ ਦੇ ਸਹਾਰੇ ਉਹ ਪੰਜਾਬ ਵਿਚ ਰਾਜਨੀਤਕ ਸ਼ਕਤੀ ਉੱਪਰ ਆਪਣਾ ਕੰਟਰੋਲ ਸਥਾਪਿਤ ਕਰ ਸਕਣ। ਸਿੱਖ ਫਿਲਾਸਫੀ ਇਹ ਮੰਨ ਕੇ ਚਲਦੀ ਹੈ ਕਿ ਰਾਜਨੀਤਕ ਸ਼ਕਤੀ ਦੀ ਛਤਰ ਛਾਇਆ ਤੋਂ ਬਿਨਾਂ ਧਰਮ ਸੁਰੱਖਿਅਤ ਨਹੀਂ ਰਹਿ ਸਕਦਾ। ਸੋ, ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਦੇ ਪਿੱਛੇ ਸੋਚ ਇਹ ਸੀ ਕਿ

ਭਾਰਤ ਦੇ ਅੰਦਰ ਸਿੱਖਾਂ ਲਈ ਅਜਿਹਾ ਸੂਬਾ ਲੈ ਲਿਆ ਜਾਵੇ ਜਿੱਥੇ ਉਹ ਬਹੁਮਤ ਵਿਚ ਹੋਣ ਅਤੇ ਇਸ ਬਹੁਮਤ ਦੇ ਸਹਾਰੇ ਸਿੱਖ ਧਰਮ ਦੀ ਵੱਖਰੀ ਹੋਂਦ ਨੂੰ ਕਾਇਮ ਰੱਖਣ ਲਈ ਰਾਜਨੀਤਕ ਸ਼ਕਤੀ ਪ੍ਰਾਪਤ ਕੀਤੀ ਜਾਵੇ। ਇਤਿਹਾਸ ਗਵਾਹ ਹੈ ਕਿ ਅੱਜ ਤੱਕ ਦੁਨੀਆਂ ਵਿਚ ਜਿੰਨੇ ਵੀ ਧਰਮਾਂ ਦਾ ਫੈਲਾਅ ਹੋਇਆ ਹੈ, ਉਹ ਸਿਰਫ ਰਾਜਨੀਤਕ ਸ਼ਕਤੀ ਦੇ ਸਹਾਰੇ ਹੀ ਸੰਭਵ ਹੋ ਸਕਿਆ ਹੈ। ਇਸਲਾਮ, ਈਸਾਈ ਧਰਮ ਅਤੇ ਬੁੱਧ ਧਰਮ ਦਾ ਸੰਸਾਰ ਵਿਚ ਫੈਲਾਅ ਇਸ ਦੀਆਂ ਜਿਉਂਦੀਆਂ ਜਾਗਦੀਆਂ ਮਿਸਾਲਾਂ ਹਨ। ਬੁੱਧ ਧਰਮ ਹਿੰਦੋਸਤਾਨ ਦੀ ਧਰਤੀ ਤੇ ਪੈਦਾ ਹੋਇਆ। ਰਾਜਾ ਅਸ਼ੋਕ ਦੀ ਸਰਪ੍ਰਸਤੀ ਦੇ ਹੇਠ ਇਹ ਧਰਮ ਬੜੀ ਤੇਜ਼ੀ ਦੇ ਨਾਲ ਫੈਲਿਆ ਪ੍ਰੰਤੂ ਜਦੋਂ ਬੁੱਧ ਧਰਮ ਉਪਰੋਂ ਰਾਜਨੀਤਕ ਸਰਪ੍ਰਸਤੀ ਖਤਮ ਹੋ ਗਈ ਤਾਂ ਇਸ ਧਰਮ ਦਾ ਤੇਜ਼ੀ ਨਾਲ ਹਿੰਦੋਸਤਾਨ ਵਿਚੋਂ ਪਤਨ ਹੋ ਗਿਆ। ਅੱਜ ਅਸੀਂ ਦੇਖਦੇ ਹਾਂ ਕਿ ਭਾਰਤ ਵਿਚ ਬੋਧੀਆਂ ਦੀ ਆਬਾਦੀ ਆਟੇ ਵਿਚ ਲੂਣ ਦੇ ਬਰਾਬਰ (0.7%) ਹੈ।

ਇਸੇ ਕਰਕੇ ਸਿੱਖ ਧਰਮ ਦੀ ਵਖਰੀ ਹੋਂਦ ਨੂੰ ਪੈਦਾ ਹੋਈਆਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 17ਵੀਂ ਸਦੀ ਦੇ ਸ਼ੁਰੂ ਵਿਚ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਸਨ। ਮੀਰੀ ਦੀ ਤਲਵਾਰ ਰਾਜਨੀਤਕ ਸ਼ਕਤੀ ਦੀ ਪ੍ਰਤੀਕ ਸੀ ਜਿਸ ਦੀ ਵਰਤੋਂ ਸਿੱਖ ਧਰਮ ਦੀ ਹੋਂਦ ਦੀ ਰੱਖਿਆ ਲਈ ਕੀਤੀ ਜਾਣੀ ਸੀ। ਗੁਰੂ ਹਰਗੋਬਿੰਦ ਸਾਹਿਬ ਤੋਂ ਬਾਅਦ ਬਾਕੀ ਸਿੱਖ ਗੁਰੂਆਂ ਨੇ ਸਿੱਖ ਧਰਮ ਦੀ ਹੋਂਦ ਨੂੰ ਬਚਾਉਣ ਲਈ ਸਮੇਂ ਦੀਆਂ ਮੁਗਲ ਸਰਕਾਰਾਂ ਦੇ ਖਿਲਾਫ਼ ਜਬਰਦਸਤ ਸੰਘਰਸ਼ ਕੀਤਾ। ਅਕਾਲੀ ਦਲ ਦੁਆਰਾ ਕੀਤੀ ਗਈ ਪੰਜਾਬੀ ਸੂਬੇ ਦੀ ਮੰਗ ਵੀ ਸਿੱਖ ਧਰਮ ਦੀ ਹੋਂਦ ਦੀ ਰੱਖਿਆ ਲਈ ਅਤੇ ਸਿੱਖ ਧਰਮ ਦੀ ਨਿਆਰੀ ਹੋਂਦ ਨੂੰ ਸੁਰੱਖਿਅਤ ਰੱਖਣ ਲਈ ਇਸੇ ਸੰਘਰਸ਼ ਦਾ ਅਗਲਾ ਪੜਾਅ ਸੀ।

## ਪੰਜਾਬੀ ਸੂਬੇ ਦੀ ਮੰਗ ਦਾ ਇਤਿਹਾਸਕ ਪਿਛੋਕੜ

ਭਾਵੇਂ ਕਿ ਅਕਾਲੀ ਦਲ ਦੁਆਰਾ ਪੰਜਾਬੀ ਸੂਬੇ ਦੀ ਮੰਗ ਆਜ਼ਾਦੀ ਤੋਂ ਤੁਰੰਤ ਬਾਅਦ ਕੀਤੀ ਗਈ ਪਰੰਤੂ ਇਸ ਮੰਗ ਦੀਆਂ ਜੜਾਂ ਆਜ਼ਾਦੀ ਤੋਂ ਪਹਿਲਾਂ ਦੇਸ਼ ਵਿਚ ਪੈਦਾ ਹੋਏ ਰਾਜਨੀਤਕ ਵਾਤਾਵਰਣ ਵਿਚ ਮੌਜੂਦ ਸਨ। 1966 ਤੋਂ ਪਹਿਲਾਂ ਸਿੱਖ ਪੰਜਾਬ ਵਿਚ ਘੱਟ ਗਿਣਤੀ ਵਿਚ ਸਨ। ਜਿਥੇ ਅਜ਼ਾਦੀ ਤੋਂ ਪਹਿਲਾ ਸਿੱਖ ਪੰਜਾਬ ਦੀ ਕੁਲ ਅਬਾਦੀ ਦਾ 14.62% ਸਨ। ਉਥੇ ਅਜ਼ਾਦੀ ਤੋਂ ਬਾਅਦ ਪੰਜਾਬ ਦੇ ਪੁਨਰਗਠਨ (1966) ਤੱਕ ਸਿੱਖਾਂ ਦੀ ਪੰਜਾਬ ਵਿਚ ਅਬਾਦੀ 33.4% ਸੀ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸ਼ਨ ਕਾਲ (1799-1839) ਦੌਰਾਨ ਰਾਜਨੀਤਕ ਸਰਪ੍ਰਸਤੀ ਕਾਰਨ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਸਿੱਖ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਇਕ ਦਹਾਕੇ ਬਾਅਦ 1849 ਵਿਚ ਪੰਜਾਬ ਅੰਗਰੇਜ਼ਾਂ ਦੇ ਅਧੀਨ ਆ ਗਿਆ ਜਿਸ ਨਾਲ ਸਿੱਖਾਂ ਦੀ ਰਾਜਨੀਤਕ ਸ਼ਕਤੀ ਵੀ ਖਤਮ ਹੋ ਗਈ। ਅੰਗਰੇਜ਼ੀ ਸ਼ਾਸ਼ਨ ਦੌਰਾਨ ਰਾਜਨੀਤਕ ਸ਼ਕਤੀ ਦੀ ਅਣਹੋਂਦ ਕਾਰਨ ਸਿੱਖ ਪੰਜਾਬ ਵਿਚ ਹਿੰਦੂਆਂ ਅਤੇ ਮੁਸਲਮਾਨ ਬਹੁਗਿਣਤੀ ਦੇ ਪ੍ਰਭਾਵ ਹੇਠ ਆ ਗਏ।

ਮਾਰਚ 1940 ਵਿਚ ਮੁਸਲਮਾਨਾਂ ਦੀ ਨੁਮਾਇੰਦਾ ਜਮਾਤ ਮੁਸਲਿਮ ਲੀਗ ਨੇ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਹੇਠ ਲਾਹੌਰ ਵਿਖੇ ਵੱਖਰੇ ਮੁਸਲਿਮ ਦੇਸ਼ ਭਾਵ ਪਾਕਿਸਤਾਨ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਮੁਹੰਮਦ ਅਲੀ ਜਿਨਾਹ ਨੇ ਆਪਣੀ ਮੰਗ ਦਾ ਅਧਾਰ 'ਦੋ ਕੌਮਾਂ ਦੇ ਸਿਧਾਂਤ' ਨੂੰ ਬਣਾਇਆ। ਉਸਨੇ ਕਿਹਾ ਕਿ ਮੁਸਲਮਾਨ ਅਤੇ ਹਿੰਦੂ ਦੋ ਵੱਖ-ਵੱਖ ਕੌਮਾਂ ਹਨ। ਇਹਨਾਂ ਦਾ ਖਾਣ ਪੀਣ, ਸਭਿਆਚਾਰ ਅਤੇ ਰੀਤੀ-ਰਿਵਾਜ ਵੱਖਰੇ-ਵੱਖਰੇ ਹਨ। ਜਿਨਾਹ ਨੇ ਮੰਗ ਕੀਤੀ ਕੇ ਵੱਖਰੀ ਕੌਮ ਹੋਣ ਦੇ ਨਾਤੇ ਮੁਸਲਮਾਨਾਂ ਨੂੰ ਵੱਖਰਾ ਸੁਤੰਤਰ ਰਾਜ ਦਿੱਤਾ ਜਾਵੇ। ਇਸ ਮਕਸਦ ਲਈ ਹਿੰਦੋਸਤਾਨ ਅੰਦਰ ਜਿਹੜੇ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ ਹਨ ਅਤੇ ਜੋ ਆਪਸ ਵਿਚ ਭੂਗੋਲਿਕ ਨੇੜਤਾ ਰੱਖਦੇ ਹਨ, ਨੂੰ ਇਕੱਠਿਆਂ ਕਰਕੇ ਮੁਸਲਮਾਨਾਂ ਲਈ ਵੱਖਰਾ ਦੇਸ਼ ਬਣਾ ਦਿੱਤਾ ਜਾਵੇ।[1]

ਜਿਨਾਹ ਦੀ ਇਸ ਮੰਗ ਨੇ ਸਿੱਖ ਕੌਮ ਦੇ ਮਨ ਅੰਦਰ ਡਰ ਪੈਦਾ ਕਰ ਦਿੱਤਾ ਕਿ ਜੇਕਰ ਜਿਨਾਹ ਦੀ ਸਕੀਮ ਨੇਪਰੇ ਚੜ੍ਹ ਗਈ ਤਾਂ ਪੰਜਾਬ, ਜੋ ਕਿ ਮੁਸਲਿਮ ਬਹੁਸੰਮਤੀ (ਤਕਰੀਬਨ 55%) ਵਾਲਾ ਪ੍ਰਾਂਤ ਸੀ, ਪਾਕਿਸਤਾਨ ਵਿਚ ਚਲਾ ਜਾਵੇਗਾ। ਇਸ ਨਾਲ ਸਿੱਖਾਂ ਦੀ ਸਮੂਹਿਕ ਪਛਾਣ ਅਤੇ ਹੋਂਦ ਖਤਰੇ ਵਿਚ ਪੈ ਜਾਵੇਗੀ ਕਿਉਂਕਿ ਸਿੱਖ ਕੌਮ ਟੁਕੜਿਆਂ ਵਿਚ ਵੰਡੀ ਜਾਵੇਗੀ। ਉਸ ਵੇਲੇ ਭਾਰਤ ਅੰਦਰ ਸਿੱਖਾਂ ਦੀ ਆਬਾਦੀ ਕੋਈ 37 ਲੱਖ ਦੇ

ਕਰੀਬ ਸੀ। ਪਾਕਿਸਤਾਨ ਦੇ ਹੋਂਦ ਵਿਚ ਆਉਣ ਨਾਲ ਅਤੇ ਪੰਜਾਬ ਦੇ ਇਸ ਨਵੇਂ ਮੁਲਕ ਵਿਚ ਚਲੇ ਜਾਣ ਨਾਲ ਸਿੱਖਾਂ ਦੀ 17 ਲੱਖ ਆਬਾਦੀ ਵੀ ਪਾਕਿਸਤਾਨ ਚਲੀ ਜਾਣੀ ਸੀ। ਬਾਕੀ ਦੇ 20 ਲੱਖ ਸਿੱਖ ਹਿੰਦੋਸਤਾਨ ਵਿਚ ਰਹਿ ਜਾਣੇ ਸਨ। ਨਤੀਜਾ ਇਹ ਨਿਕਲਣਾ ਸੀ ਕਿ ਅੱਧੀ ਸਿੱਖ ਕੌਮ ਮੁਸਲਮਾਨਾਂ ਦੇ ਪ੍ਰਭਾਵ ਅਧੀਨ ਆ ਜਾਣੀ ਸੀ ਅਤੇ ਅੱਧੀ ਭਾਰਤ ਵਿਚ ਹਿੰਦੂਆਂ ਦੇ ਪ੍ਰਭਾਵ ਅਧੀਨ।[2]

ਦੇਸ਼ ਵਿਚ ਉਸ ਸਮੇਂ ਸੰਵਿਧਾਨਕ ਸਮੱਸਿਆ ਚੱਲ ਰਹੀ ਸੀ ਕਿਉਂਕਿ ਭਾਰਤ ਦੀ ਜਨਤਾ ਬ੍ਰਿਟਿਸ਼ ਸਰਕਾਰ ਦੀਆਂ ਸੰਵਿਧਾਨਕ ਵਿਵਸਥਾਵਾਂ ਤੋਂ ਸੰਤੁਸ਼ਟ ਨਹੀਂ ਸਨ। ਸੰਵਿਧਾਨਕ ਸਮੱਸਿਆ ਨੂੰ ਹੱਲ ਕਰਨ ਲਈ ਬ੍ਰਿਟਿਸ਼ ਸਰਕਾਰ ਨੇ 1942 ਵਿਚ ਸਰ ਸਟੈਫੋਰਡ ਕ੍ਰਿਪਸ ਦੀ ਅਗਵਾਈ ਹੇਠ ਕ੍ਰਿਪਸ ਮਿਸ਼ਨ ਭਾਰਤ ਭੇਜਿਆ। ਸਿੱਖ ਲੀਡਰਸ਼ਿਪ ਨੇ ਕ੍ਰਿਪਸ ਮਿਸ਼ਨ ਅੱਗੇ 'ਆਜ਼ਾਦ ਪੰਜਾਬ'[3] ਦੀ ਤਜ਼ਵੀਜ ਰੱਖੀ। ਇਸ ਸਕੀਮ ਦੇ ਤਹਿਤ ਮੰਗ ਕੀਤੀ ਗਈ ਕਿ ਪੰਜਾਬ ਦੇ ਮੁਸਲਿਮ ਬਹੁਸੰਮਤੀ ਵਾਲੇ ਜ਼ਿਲ੍ਹੇ ਪੰਜਾਬ ਨਾਲੋਂ ਵੱਖ ਕਰ ਦਿੱਤੇ ਜਾਣ। ਸਿੱਖ ਲੀਡਰਸ਼ਿਪ ਦਾ ਵਿਚਾਰ ਸੀ ਕਿ ਅਜਿਹਾ ਕਰਨ ਨਾਲ ਪੰਜਾਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਅਬਾਦੀ 40-40% ਹੋ ਜਾਵੇਗੀ, ਜਦਕਿ ਸਿੱਖਾਂ ਦੀ ਆਬਾਦੀ 20% ਹੋ ਜਾਵੇਗੀ। ਇਸ ਤਰ੍ਹਾਂ ਦੋਨੋ ਕੌਮਾਂ ਦਰਮਿਆਨ ਸ਼ਕਤੀ ਸੰਤੁਲਨ ਵਿਚ ਸਿੱਖਾਂ ਦੀ ਪੋਜੀਸ਼ਨ ਅਹਿਮ ਹੋ ਜਾਣੀ ਸੀ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਰਾਜਨੀਤਕ ਸ਼ਕਤੀ ਹਾਸਲ ਕਰਨ ਲਈ ਨਿਸ਼ਚਿਤ ਤੌਰ ਤੇ ਸਿੱਖਾਂ ਦਾ ਸਮਰਥਨ ਹਾਸਲ ਕਰਨਾ ਪੈਣਾ ਸੀ। ਇਸ ਤਰ੍ਹਾਂ ਸਿੱਖ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਹਿੱਤ ਸੁਰੱਖਿਅਤ ਰੱਖ ਸਕਦੇ ਸਨ। ਅਜਿਹੀ ਵਿਵਸਥਾ ਦੇ ਨਾਲ ਨਾਂ ਤਾਂ ਹਿੰਦੂ ਅਤੇ ਨਾਂ ਹੀ ਮੁਸਲਮਾਨ ਸਿੱਖਾਂ ਉੱਪਰ ਆਪਣਾ ਦਬਦਬਾ ਕਾਇਮ ਕਰ ਸਕਦੇ ਸਨ। 1943 ਵਿਚ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਆਜ਼ਾਦ ਪੰਜਾਬ ਸਕੀਮ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੇ ਸੰਪਰਦਾਇਕ ਦਬਦਬੇ ਤੋਂ ਮੁਕਤੀ ਦਿਵਾਉਣ ਲਈ ਪੇਸ਼ ਕੀਤੀ ਗਈ ਸੀ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ "ਮੁਸ਼ਕਿਲ ਪ੍ਰਸਥਿਤੀਆਂ ਵਿਚ ਆਪਣੇ ਅਧਿਕਾਰਾਂ ਦੀ ਰਾਖੀ ਲਈ ਪੰਜਾਬ ਦੇ ਹਿੰਦੂ ਅਤੇ ਮੁਸਲਮਾਨ ਭਾਰਤ ਦੇ ਉਨ੍ਹਾਂ ਪ੍ਰਾਂਤਾਂ ਵੱਲ ਮੱਦਦ ਲਈ ਵੇਖ ਸਕਦੇ ਹਨ ਜਿੱਥੇ ਉਨ੍ਹਾਂ ਦੇ ਧਰਮ ਦੇ ਲੋਕ ਬਹੁਗਿਣਤੀ ਵਿਚ ਹਨ। ਸਿੱਖਾਂ ਦੀ ਅਜਿਹੀ ਸਥਿਤੀ ਨਹੀਂ ਹੈ। ਉਨ੍ਹਾਂ ਕੋਲ ਕੋਈ ਅਜਿਹਾ ਪ੍ਰਾਂਤ ਜਾਂ ਸੂਬਾ ਨਹੀਂ ਹੈ ਜਿਥੇ ਉਹ ਬਹੁਮਤ ਵਿਚ ਹੋਣ।"[4] ਪੰਜਾਬ ਵਿਚ ਉਸ ਵੇਲੇ ਹਿੰਦੂ ਸੰਪਰਦਾਇਕ ਤਾਕਤਾਂ ਇੰਨੀਆਂ ਭਾਰੂ ਸਨ ਕੇ ਪੰਜਾਬੀ ਹਿੰਦੂਆਂ ਨੇ ਆਜ਼ਾਦ ਪੰਜਾਬ ਸਕੀਮ ਦੇ ਵਿਰੁੱਧ 'ਆਜ਼ਾਦ ਪੰਜਾਬ ਸਕੀਮ ਮੁਰਦਾਬਾਦ' ਦੇ ਨਾਅਰੇ ਲਾਏ। ਉਹਨਾਂ ਨੇ ਮਾਸਟਰ ਤਾਰਾ ਸਿੰਘ ਉੱਪਰ ਬ੍ਰਿਟਿਸ਼ ਹਕੂਮਤ ਦਾ ਏਜੰਟ ਹੋਣ ਦਾ ਇਲਜਾਮ ਲਾਇਆ।[5]

ਇਹਨਾਂ ਪ੍ਰਸਥਿਤੀਆਂ ਦਰਮਿਆਨ ਕਾਂਗਰਸ ਪਾਰਟੀ ਦੇ ਲੀਡਰ ਸੀ. ਰਾਜਾ ਗੋਪਾਲਾਚਾਰੀ ਦੁਆਰਾ 10 ਜੁਲਾਈ 1944 ਨੂੰ ਪੇਸ਼ ਕੀਤੇ ਗਏ ਇਕ ਫਾਰਮੂਲੇ ਨੇ ਸਿੱਖਾਂ ਦੇ ਮਨਾਂ ਅੰਦਰ ਡਰ ਦੀ ਭਾਵਨਾ ਹੋਰ ਵਧਾ ਦਿਤੀ। ਇਸ ਫਾਰਮੂਲੇ ਦੇ ਤਹਿਤ ਗੋਪਾਲਾਚਾਰੀ ਵਲੋਂ ਮੁਸਲਿਮ ਲੀਗ ਨੂੰ ਪੇਸ਼ਕਸ਼ ਕੀਤੀ ਗਈ ਕਿ ਜੇਕਰ ਲੀਗ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਵਿਚ ਕਾਂਗਰਸ ਪਾਰਟੀ ਦਾ ਸਮਰਥਨ ਕਰਦੀ ਹੈ ਤਾਂ ਕਾਂਗਰਸ ਪਾਰਟੀ ਮੁਸਲਿਮ ਬਹੁਸੰਮਤੀ ਵਾਲੇ ਖੇਤਰਾਂ ਵਿਚ ਰਾਏਸ਼ੁਮਾਰੀ ਕਰਵਾਉਣ ਦਾ ਸਮਰਥਨ ਕਰੇਗੀ।[6] ਇਸ ਫਾਰਮੂਲੇ ਦੇ ਤਹਿਤ ਅਸਿੱਧੇ ਰੂਪ ਵਿਚ ਪਾਕਿਸਤਾਨ ਦੀ ਮੰਗ ਕਾਂਗਰਸ ਪਾਰਟੀ ਦੁਆਰਾ ਇਕ ਤਰਾਂ ਨਾਲ ਸਵੀਕਾਰ ਕਰ ਲਈ ਗਈ ਸੀ। ਰਾਜਾ ਗੋਪਾਲਾਚਾਰੀ ਮਹਾਤਮਾ ਗਾਂਧੀ ਦਾ ਬਹੁਤ ਕਰੀਬੀ ਸਾਥੀ ਸੀ ਜੋ ਹਮੇਸ਼ਾ ਕਹਿੰਦਾ ਸੀ ਕਿ ਹਿੰਦੋਸਤਾਨ ਦੀ ਵੰਡ ਉਸਦੀ ਲਾਸ਼ ਉੱਪਰ ਹੋਵੇਗੀ। ਗਾਂਧੀ ਦੇ ਕਰੀਬੀ ਸਾਥੀ ਦੁਆਰਾ ਮੁਸਲਿਮ ਲੀਗ ਨੂੰ ਕੀਤੀ ਅਜਿਹੀ ਪੇਸ਼ਕਸ ਨੇ ਸਿੱਖਾਂ ਦੇ ਮਨਾਂ ਅੰਦਰ ਚਿੰਤਾ ਪੈਦਾ ਕਰ ਦਿੱਤੀ।

ਕਾਂਗਰਸ ਪਾਰਟੀ ਦੇ ਬਦਲਦੇ ਹੋਏ ਨਜ਼ਰੀਏ ਅਤੇ ਮੁਸਲਿਮ ਲੀਗ ਦੀ ਵੱਖਰੇ ਪਾਕਿਸਤਾਨ ਦੀ ਮੰਗ ਨੂੰ ਬੂਰ ਪੈਦਿਆਂ ਦੇਖ ਕੇ ਸਿੱਖ ਲੀਡਰਸ਼ਿਪ ਵਲੋਂ 20 ਅਗਸਤ 1944 ਨੂੰ ਸਰਵ-ਪਾਰਟੀ ਸਿੱਖ ਕਨਵੈਨਸ਼ਨ ਬੁਲਾਈ ਗਈ। ਇਸ ਕਨਵੈਨਸ਼ਨ ਵਿਚ ਬੋਲਦਿਆਂ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਕਿਹਾ, "ਸਿੱਖ ਇਕ ਵੱਖਰੀ ਕੌਮ ਹੈ। ਜੇਕਰ ਦੇਸ਼ ਦੀ ਵੰਡ ਹੋਣ ਜਾ ਰਹੀ ਹੈ ਤਾਂ ਸਿੱਖਾਂ ਨੂੰ ਹਿੰਦੂਆਂ ਜਾਂ ਮੁਸਲਮਾਨਾਂ ਦੇ ਗੁਲਾਮ ਨਹੀਂ ਬਣਾਇਆ ਜਾਣਾ ਚਾਹੀਦਾ।"[7] ਇਕ ਹੋਰ ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਨੇ ਤਾਂ ਸਪੱਸ਼ਟ ਰੂਪ ਵਿਚ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਕਰ ਦਿੱਤੀ। ਤਕਰੀਬਨ ਇਕ ਸਾਲ ਬਾਅਦ ਸ਼ਿਮਲਾ ਕਾਨਫਰੰਸ (1945) ਦੌਰਾਨ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਲਈ ਵੱਖਰੇ ਸੁਤੰਤਰ ਰਾਜ ਦੀ ਮੰਗ ਕੀਤੀ। ਮਾਸਟਰ ਜੀ ਨੇ

ਇਸ ਗੱਲ ਤੇ ਜ਼ੋਰ ਦਿੱਤਾ ਕਿ ਸਿੱਖਾਂ ਦੀ ਰਾਸ਼ਟਰੀ ਹੋਂਦ ਨੂੰ ਯਕੀਨੀ ਬਣਾਉਣ ਲਈ ਅਤੇ ਇਸ ਦੀ ਰੱਖਿਆ ਲਈ ਵੱਖਰੇ ਸਿੱਖ ਰਾਜ ਦੀ ਜ਼ਰੂਰਤ ਹੈ।[8]

ਮਾਰਚ 1946 ਵਿਚ ਬ੍ਰਿਟਿਸ਼ ਪ੍ਰਧਾਨ ਮੰਤਰੀ ਕਲੀਮੈਂਟ ਐਟਲੀ ਨੇ ਹਿੰਦੋਸਤਾਨ ਨੂੰ ਬ੍ਰਿਟਿਸ਼ ਹਕੂਮਤ ਤੋਂ ਆਜ਼ਾਦ ਕਰਨ ਦੀ ਘੋਸ਼ਣਾ ਕਰ ਦਿੱਤੀ। ਘੋਸ਼ਣਾ ਤੋਂ ਤੁਰੰਤ ਬਾਅਦ ਅਕਾਲੀ ਦਲ ਨੇ 22 ਮਾਰਚ 1946 ਨੂੰ ਰਸਮੀ ਤੌਰ ਤੇ ਵਖਰੇ ਸਿੱਖ ਰਾਜ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਮਤੇ ਵਿਚ ਕਿਹਾ ਗਿਆ ਕਿ "ਪੰਜਾਬ ਅੰਦਰ ਸਿੱਖ ਆਪਣੇ ਧਾਰਮਿਕ ਸਥਾਨਾਂ, ਪੰਜਾਬੀ ਭਾਸ਼ਾ, ਰਵਾਇਤਾਂ ਅਤੇ ਇਤਿਹਾਸ ਨਾਲ ਨੇੜੇ ਤੋਂ ਜੁੜੇ ਹੋਏ ਹਨ। ਪੰਜਾਬ ਸਿੱਖਾਂ ਦਾ ਹੋਮਲੈਂਡ ਹੀ ਨਹੀਂ ਹੈ ਸਗੋਂ ਸਿੱਖਾਂ ਦੀ ਪਵਿੱਤਰ ਧਰਤੀ ਵੀ ਹੈ। ਮੁਸਲਮਾਨਾਂ ਦੁਆਰਾ ਪਾਕਿਸਤਾਨ ਦੀ ਮੰਗ ਅਤੇ ਹਿੰਦੂਆਂ ਦੁਆਰਾ ਸਿੱਖਾਂ ਨੂੰ ਆਪਣੇ ਵਿਚ ਜਜ਼ਬ ਕਰਨ ਦੀ ਲਾਲਸਾ ਨੇ ਸਿੱਖ ਕੌਮ ਲਈ ਗੰਭੀਰ ਖਤਰਾ ਪੈਦਾ ਕਰ ਦਿੱਤਾ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੇ ਧਾਰਮਿਕ, ਰਾਜਨੀਤਕ, ਸੱਭਿਆਚਾਰਕ ਅਤੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਵੱਖਰੇ ਸਿੱਖ ਰਾਜ ਦੀ ਮੰਗ ਕਰਦਾ ਹੈ। ਇਸ ਸਿੱਖ ਰਾਜ ਵਿਚ ਅਜਿਹੇ ਖੇਤਰ ਸ਼ਾਮਲ ਕੀਤੇ ਜਾਣ ਜਿੱਥੇ ਸਿੱਖਾਂ ਦੀ ਆਬਾਦੀ ਅਤੇ ਧਾਰਮਿਕ ਸਥਾਨ ਬਹੁਗਿਣਤੀ ਵਿਚ ਹੋਣ।"[9]

ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਨੇ ਮੁਸਲਿਮ ਲੀਗ ਦੇ ਲੀਡਰ ਮੁਹੰਮਦ ਅਲੀ ਜਿਨਾਹ ਨੂੰ ਚਿੰਤਾ ਵਿਚ ਪਾ ਦਿੱਤਾ। ਜਿਨਾਹ ਲੰਗੜਾ ਪੰਜਾਬ ਨਹੀਂ ਚਾਹੁੰਦਾ ਸੀ। ਸਮੁੱਚੇ ਪੰਜਾਬ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨ ਲਈ ਜਿਨਾਹ ਨੇ 4 ਅਪ੍ਰੈਲ 1946 ਨੂੰ ਪਟਿਆਲਾ ਸਟੇਟ ਦੇ ਸਾਬਕਾ ਮੰਤਰੀ ਸਰ ਮਲਿਕ ਤੇਜਾ ਸਿੰਘ ਦੇ ਘਰ ਮਾਸਟਰ ਤਾਰਾ ਸਿੰਘ ਨਾਲ ਮੀਟਿੰਗ ਕੀਤੀ। ਮੀਟਿੰਗ ਵਿਚ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਅਤੇ ਉਸਦਾ ਪ੍ਰਧਾਨ ਮੰਤਰੀ ਹਰਦਿੱਤ ਸਿੰਘ ਮਲਿਕ ਵੀ ਹਾਜ਼ਿਰ ਸਨ। ਜਿਨਾਹ ਨੇ ਮਾਸਟਰ ਤਾਰਾ ਸਿੰਘ ਨੂੰ ਕਿਹਾ ਕਿ ਜੇਕਰ ਸਿੱਖ ਪਾਕਿਸਤਾਨ ਵਿਚ ਸ਼ਾਮਿਲ ਹੋਣਾ ਸਵੀਕਾਰ ਕਰ ਲੈਣ ਤਾਂ ਉਹਨਾਂ ਨਾਲ ਖਾਸ ਵਿਵਹਾਰ ਕੀਤਾ ਜਾਵੇਗਾ। ਉਸਨੇ ਭਰੋਸਾ ਦਿੱਤਾ ਕਿ ਪਾਕਿਸਤਾਨ ਦੀ ਵਿਧਾਨ ਘੜਨੀ ਵਿਚ ਸਿੱਖਾਂ ਨੂੰ ਵਾਧੂ ਸੀਟਾਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਸਰਕਾਰੀ ਸੇਵਾਵਾਂ ਵਿਚ ਵੀ ਉਹਨਾਂ ਦੀ ਆਬਾਦੀ ਦੇ ਲਿਹਾਜ ਨਾਲੋਂ ਜਿਆਦਾ ਪ੍ਰਤੀਨਿਧਤਾ ਦਿੱਤੀ ਜਾਵੇਗੀ। ਮਾਸਟਰ ਤਾਰਾ ਸਿੰਘ ਨੇ ਜਿਨਾਹ ਨੂੰ ਪੁੱਛਿਆ ਕਿ ਜੇ ਭਵਿੱਖ ਵਿਚ ਕਿਤੇ ਸਿੱਖਾਂ ਅਤੇ ਮੁਸਲਮਾਨਾਂ ਦੇ ਦਰਮਿਆਨ ਪਾਕਿਸਤਾਨ ਵਿਚ ਕੋਈ ਟਕਰਾਅ ਜਾਂ ਤਣਾਅ ਵਾਲੀ ਸਥਿਤੀ ਪੈਦਾ ਹੋ ਗਈ ਤਾਂ ਕੀ ਸਿੱਖਾਂ ਕੋਲ ਪਾਕਿਸਤਾਨ ਨਾਲੋਂ ਵੱਖ ਹੋਣ ਦਾ ਅਧਿਕਾਰ ਹੋਵੇਗਾ। ਜਿਨਾਹ ਨੇ ਉੱਤਰ ਦਿੱਤਾ ਕਿ ਉਹ ਮਾਸਟਰ ਜੀ ਨੂੰ ਸਿਰਫ ਯਕੀਨ ਹੀ ਦਿਵਾ ਸਕਦੇ ਹਨ ਕੋਈ ਕਾਨੂੰਨੀ ਗਾਰੰਟੀ ਨਹੀਂ ਦੇ ਸਕਦੇ[10], ਜਿਸ ਕਰਕੇ ਦੋਨੋਂ ਲੀਡਰਾਂ ਦਰਮਿਆਨ ਗੱਲਬਾਤ ਟੁੱਟ ਗਈ।

ਜਿਨਾਹ ਨਾਲ ਗੱਲਬਾਤ ਟੁੱਟਣ ਤੋਂ ਬਾਅਦ ਸਿੱਖ ਲੀਡਰਸ਼ਿਪ ਨੇ ਅਗਲੇ ਹੀ ਦਿਨ 5 ਅਪ੍ਰੈਲ 1946 ਨੂੰ ਕੈਬਨਿਟ ਮਿਸ਼ਨ ਨੂੰ ਮੈਮੋਰੰਡਮ ਦੇ ਕੇ ਆਜ਼ਾਦ ਸਿੱਖ ਰਾਜ ਦੀ ਮੰਗ ਕਰ ਦਿੱਤੀ। ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ ਇਕ ਵਾਰ ਫਿਰ ਦਲੀਲ ਦਿੱਤੀ ਕਿ ਪੰਜਾਬ ਨਾ ਸਿਰਫ ਸਿੱਖਾਂ ਦਾ ਹੋਮਲੈਂਡ ਹੈ ਸਗੋਂ ਸਿੱਖਾਂ ਦੀ ਪਵਿੱਤਰ ਧਰਤੀ ਵੀ ਹੈ। ਇਹ ਉਹ ਧਰਤੀ ਹੈ ਜਿਸ ਉੱਪਰ ਅੰਗਰੇਜ਼ਾਂ ਦੇ ਕਬਜ਼ਾ ਕਰਨ ਤੋਂ ਪਹਿਲਾਂ ਸਿੱਖਾ ਨੇ ਰਾਜ ਕੀਤਾ ਹੈ।[11] ਗਿਆਨੀ ਕਰਤਾਰ ਸਿੰਘ ਨੇ ਵੀ ਮਾਸਟਰ ਤਾਰਾ ਸਿੰਘ ਦੀ ਮੰਗ ਦਾ ਸਮਰਥਨ ਕੀਤਾ। ਉਸਨੇ ਕਿਹਾ ਕਿ ਸਿੱਖਾਂ ਨੂੰ ਆਪਣਾ ਵੱਖਰਾ ਸੁਤੰਤਰ ਰਾਜ ਚਾਹੀਦਾ ਹੈ ਕਿਉਂਕਿ ਸਿੱਖ ਆਪਣੇ ਆਪ ਨੂੰ ਪਾਕਿਸਤਾਨ ਜਾਂ ਹਿੰਦੁਸਤਾਨ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰਨਗੇ।[12] ਕੈਬਨਿਟ ਮਿਸ਼ਨ ਨੇ ਸਿੱਖਾਂ ਦੀ ਆਜ਼ਾਦ ਸਿੱਖ ਰਾਜ ਦੀ ਮੰਗ ਸਵੀਕਾਰ ਨਹੀਂ ਕੀਤੀ ਸਗੋਂ ਪਾਕਿਸਤਾਨ ਦੀ ਮੰਗ ਨੂੰ ਅਸਿੱਧੇ ਰੂਪ ਵਿਚ ਇਹ ਕਹਿ ਕਿ ਹੁਲਾਰਾ ਦਿੱਤਾ ਕਿ ਜਿਨ੍ਹਾਂ ਰਾਜਾਂ ਨੂੰ ਦੇਸ਼ ਦਾ ਤਜਵੀਜਤ ਸੰਵਿਧਾਨ ਪਸੰਦ ਨਹੀ ਹੋਵੇਗਾ, ਉਹ ਰਾਜ ਆਪਣਾ ਵੱਖਰਾ ਸੰਵਿਧਾਨ ਬਣਾ ਸਕਦੇ ਹਨ। ਕੈਬਨਿਟ ਮਿਸ਼ਨ ਯੋਜਨਾ ਦੇ ਸਿੱਖ ਕੌਮ ਉੱਪਰ ਪੈਣ ਵਾਲੇ ਪ੍ਰਭਾਵਾਂ ਤੇ ਵਿਚਾਰ ਕਰਨ ਲਈ 9-10 ਜੂਨ 1946 ਨੂੰ ਸਰਵ-ਪਾਰਟੀ ਸਿੱਖ ਕਾਨਫਰੰਸ ਬੁਲਾਈ ਗਈ। ਕਾਨਫਰੰਸ ਇਸ ਸਿੱਟੇ ਤੇ ਪਹੁੰਚੀ ਕਿ ਕੈਬਨਿਟ ਮਿਸ਼ਨ ਦੀਆਂ ਤਜ਼ਵੀਜ਼ਾਂ ਜੇਕਰ ਇੰਨ-ਬਿੰਨ ਲਾਗੂ ਕੀਤੀਆ ਜਾਂਦੀਆਂ ਹਨ ਤਾਂ ਇਹ ਸਿੱਖਾਂ ਲਈ ਗੁਲਾਮੀ ਵਾਲੀ ਸਥਿਤੀ ਪੈਦਾ ਕਰ ਦੇਣਗੀਆਂ।[13]

ਜਿਨਾਹ ਦੇ ਸਿੱਖਾਂ ਪ੍ਰਤੀ ਵੱਧਦੇ ਰੁਝਾਨ ਨੂੰ ਦੇਖਦਿਆਂ ਜਵਾਹਰ ਲਾਲ ਨਹਿਰੂ ਨੇ ਸਿੱਖ ਲੀਡਰਾਂ ਨੂੰ ਹਿੰਦੋਸਤਾਨ ਨਾਲ ਰਹਿਣ ਲਈ ਭਰਮਾਉਣਾ ਸ਼ੁਰੂ ਕਰ ਦਿੱਤਾ। 6 ਜੁਲਾਈ 1946 ਨੂੰ ਕਲਕੱਤੇ ਵਿਖੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਨਹਿਰੂ ਨੇ ਸਿੱਖ ਕੌਮ ਨੂੰ ਭਰੋਸਾ ਦਿੱਤਾ ਕਿ "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਧਿਆਨ

ਦਿੱਤੇ ਜਾਣ ਦੇ ਹੱਕਦਾਰ ਹਨ। ਮੈਨੂੰ ਇਹ ਗੱਲ ਗਲਤ ਨਹੀਂ ਜਾਪਦੀ ਕਿ ਦੇਸ਼ ਦੇ ਉੱਤਰ ਵਿਚ ਇਕ ਅਜਿਹਾ ਖਿੱਤਾ ਰਾਖਵਾਂ ਕਰਕੇ ਉਸਦਾ ਐਸਾ ਬੰਧਨ ਬੰਨ੍ਹ ਦਿੱਤਾ ਜਾਵੇ ਜਿਸ ਅੰਦਰ ਸਿੱਖ ਵੀ ਆਜ਼ਾਦੀ ਦਾ ਸਵਾਦ ਮਾਣ ਸਕਣ।"[14] ਅਜਿਹੇ ਭਰੋਸੇ ਸਿੱਖ ਕੌਮ ਨੂੰ ਖੁਸ਼ ਕਰਨ ਲਈ ਮਹਾਤਮਾ ਗਾਂਧੀ ਵੱਲੋਂ ਵੀ ਦਿੱਤੇ ਗਏ। ਕਾਂਗਰਸੀ ਲੀਡਰਾਂ ਦੇ ਵਾਅਦਿਆਂ ਤੇ ਭਰੋਸਾ ਕਰਦਿਆਂ ਹੋਇਆਂ ਸਿੱਖ ਲੀਡਰਸ਼ਿਪ ਨੇ ਸਿੱਖ ਕੌਮ ਦੀ ਕਿਸਮਤ ਹਿੰਦੁਸਤਾਨ ਨਾਲ ਜੋੜ ਦਿੱਤੀ।[15] ਅਗਸਤ 1947 ਨੂੰ ਦੇਸ਼ ਦੀ ਵੰਡ ਹੋਈ ਅਤੇ ਹਿੰਦੋਸਤਾਨ ਦੇ ਦੋ ਹਿੱਸੇ ਹੋ ਗਏ, ਇਕ ਹਿੰਦੋਸਤਾਨ ਅਤੇ ਦੂਸਰਾ ਪਾਕਿਸਤਾਨ। ਵੰਡ ਦੇ ਦੌਰਾਨ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਸਿੱਖ ਕੌਮ ਦਾ ਨੁਕਸਾਨ ਦੂਜੀਆਂ ਦੋ ਕੌਮਾਂ ਦੇ ਮੁਕਾਬਲੇ ਜਿਆਦਾ ਹੋਇਆ। ਇਹ ਨੁਕਸਾਨ ਜਾਨੀ ਅਤੇ ਮਾਲੀ ਤਾਂ ਹੈ ਹੀ ਸੀ, ਧਾਰਮਿਕ ਦ੍ਰਿਸ਼ਟੀਕੋਣ ਤੋਂ ਵੀ ਇਹ ਸਿੱਖ ਕੌਮ ਲਈ ਅਸਹਿ ਸੀ। ਵੰਡ ਕਾਰਨ ਸਿੱਖਾਂ ਦੇ ਤਕਰੀਬਨ 125 ਇਤਿਹਾਸਕ ਗੁਰਦੁਆਰੇ ਅਤੇ 1000 ਦੇ ਕਰੀਬ ਹੋਰ ਗੁਰਦੁਆਰੇ ਪਾਕਿਸਤਾਨ ਰਹਿ ਗਏ।[15]

## ਦੇਸ਼ ਦੀ ਵੰਡ, ਕੱਟੜ ਹਿੰਦੂ ਸੰਗਠਨਾਂ ਦੁਆਰਾ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ 'ਤੇ ਹਮਲੇ ਅਤੇ ਪੰਜਾਬੀ ਸੂਬੇ ਲਈ ਸਿੱਖ ਸੰਘਰਸ਼

ਆਜ਼ਾਦੀ ਉਪਰੰਤ ਭਾਰਤ ਅੰਦਰ ਰਾਜਨੀਤਕ ਸ਼ਕਤੀ ਪ੍ਰਾਪਤ ਕਰਦੇ ਹੀ ਆਰੀਆ ਸਮਾਜ ਦੀ ਅਗਵਾਈ ਹੇਠ ਕੱਟੜ ਹਿੰਦੂਵਾਦੀ ਤਾਕਤਾਂ ਨੇ ਸਿੱਖ ਧਰਮ ਨੂੰ ਆਪਣੇ ਵਿਚ ਮੁੜ ਜਜ਼ਬ ਕਰਨ ਲਈ ਸਿਰ ਚੁੱਕ ਲਿਆ। ਇਹਨਾਂ ਤਾਕਤਾਂ ਦਾ ਉਦੇਸ਼ ਹਿੰਦੋਸਤਾਨ ਨੂੰ ਹਿੰਦੂ ਰਾਸ਼ਟਰ ਬਣਾਉਣਾ ਸੀ। ਇਹ ਨਵੀਂ ਪੈਦਾ ਹੋਈ ਸਥਿਤੀ ਸਿੱਖਾਂ ਦੀ ਵੱਖਰੀ ਪਛਾਣ ਲਈ ਗੰਭੀਰ ਖਤਰਨਾਕ ਸੀ। ਕੱਟੜ ਹਿੰਦੂਵਾਦੀ ਤਾਕਤਾਂ ਦੀਆਂ ਗਤੀਵਿਧੀਆਂ ਦੇ ਕਾਰਨ ਪੈਦਾ ਹੋਈਆਂ ਪ੍ਰਸਥਿਤੀਆਂ ਨੇ ਅਕਾਲੀ ਦਲ ਨੂੰ ਪੰਜਾਬੀ ਸੂਬੇ ਦੀ ਮੰਗ ਲਈ ਉਤਸ਼ਾਹਿਤ ਕੀਤਾ।ਅਕਾਲੀ ਲੀਡਰਸ਼ਿਪ ਨੂੰ ਮਹਿਸੂਸ ਹੋਇਆ ਕਿ ਰਾਜਨੀਤਕ ਸ਼ਕਤੀ ਪ੍ਰਾਪਤ ਕੀਤੇ ਬਿਨਾਂ ਸਿੱਖ ਧਰਮ ਦੀ ਨਿਆਰੀ ਹੋਂਦ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਇਹ ਰਾਜਨੀਤਕ ਸ਼ਕਤੀ ਸਿਰਫ ਸਿੱਖ ਬਹੁਮਤ ਵਾਲੇ ਸੂਬੇ ਵਿਚ ਹੀ ਸੰਭਵ ਹੈ।

ਆਜ਼ਾਦ ਭਾਰਤ ਵਿਚ ਸਿੱਖ ਕੌਮ ਦੀ ਨਿਆਰੀ ਹੋਂਦ ਉੱਪਰ ਸਭ ਤੋਂ ਪਹਿਲਾ ਹਮਲਾ ਆਰੀਆ ਸਮਾਜ ਨੇ ਕੀਤਾ। ਇਸ ਤੋਂ ਬਾਅਦ ਦੂਸਰੇ ਕੱਟੜ ਹਿੰਦੂ ਸੰਗਠਨਾਂ ਨੇ ਵੀ ਸਿੱਖ ਕੌਮ ਦੀ ਨਿਆਰੀ ਹੋਂਦ ਖ਼ਤਮ ਕਰਨ ਲਈ ਆਪਣੀਆਂ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ। ਆਰੀਆਂ ਸਮਾਜ ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਖ਼ਤਮ ਕਰਨ ਲਈ ਸਿਰਫ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਵਿਵਹਾਰਿਕ ਤੌਰ ਤੇ ਕੁਝ ਅਜਿਹੇ ਕਦਮ ਵੀ ਉਠਾਏ ਜਿਸ ਨਾਲ ਸਿੱਖਾਂ ਦੇ ਮਨਾਂ ਅੰਦਰ ਡਰ ਪੈਦਾ ਹੋ ਗਿਆ ਕਿ ਕਿਧਰੇ ਆਜ਼ਾਦ ਹਿੰਦੋਸਤਾਨ ਵਿਚ ਉਹਨਾਂ ਦੀ ਵੱਖਰੀ ਪਛਾਣ ਹੀ ਅਲੋਪ ਨਾ ਹੋ ਜਾਵੇ। ਆਰੀਆ ਸਮਾਜ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ "ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਮੁਸਲਮਾਨਾਂ ਤੋਂ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਕੀਤੀ ਸੀ। ਹੁਣ ਆਜ਼ਾਦ ਹਿੰਦੋਸਤਾਨ ਵਿਚ ਹਿੰਦੂਆਂ ਨੂੰ ਅਜਿਹਾ ਕੋਈ ਡਰ ਨਹੀਂ ਹੈ ਕਿਉਂਕਿ ਜਿਆਦਾਤਰ ਮੁਸਲਮਾਨ ਪਾਕਿਸਤਾਨ ਚਲੇ ਗਏ ਹਨ। ਇਸ ਲਈ ਸਿੱਖਾਂ ਨੂੰ ਮੁੜ ਹਿੰਦੂ ਧਰਮ ਵਿਚ ਵਿਲੀਨ ਹੋ ਜਾਣਾ ਚਾਹੀਦਾ ਹੈ।"[16] ਇਥੋਂ ਤੱਕ ਕਿ ਮਹਾਤਮਾ ਗਾਂਧੀ ਨੇ ਵੀ ਸਿੱਖਾਂ ਦੀ ਵੱਖਰੀ ਪਛਾਣ ਉੱਪਰ ਪ੍ਰਸ਼ਨ ਚਿੰਨ ਲਗਾ ਦਿੱਤਾ। 4 ਦਸੰਬਰ 1947 ਨੂੰ ਉਸ ਨੇ ਕਿਹਾ ਕਿ ਹਿੰਦੂ, ਸਿੱਖ, ਜੈਨੀ ਅਤੇ ਬੋਧੀ ਇਕ ਹੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਉਸਦੇ ਅਨੁਸਾਰ, "ਹਿੰਦੂ ਧਰਮ ਇਕ ਵੱਡਾ ਸਮੁੰਦਰ ਹੈ ਜਿਸ ਵਿਚੋਂ ਸਿੱਖ ਧਰਮ, ਬੁੱਧ ਧਰਮ ਅਤੇ ਜੈਨ ਧਰਮ ਨਦੀਆਂ ਦੇ ਰੂਪ ਵਿਚ ਨਿਕਲੇ ਹਨ।"[17]

ਹਿੰਦੂਵਾਦੀ ਤਾਕਤਾਂ ਦੀ ਸਿੱਖ ਧਰਮ ਪ੍ਰਤੀ ਅਜਿਹੀ ਸੋਚ ਨੇ ਸਿੱਖ ਲੀਡਰਸ਼ਿਪ ਨੂੰ ਮੁਹੰਮਦ ਅਲੀ ਜਿਨਾਹ ਦੀ ਚਿਤਾਵਨੀ ਜ਼ਰੂਰ ਯਾਦ ਕਰਵਾਈ ਹੋਵੇਗੀ। ਆਪਣੇ ਸਿੱਖ ਦੋਸਤ ਸਰਦਾਰ ਸ਼ੋਭਾ ਸਿੰਘ ਨਾਲ ਗੱਲਬਾਤ ਕਰਦਿਆਂ ਜਿਨਾਹ ਨੇ ਅਗਸਤ 1947 ਵਿਚ ਠੀਕ ਹੀ ਕਿਹਾ ਸੀ, "ਸਿੱਖਾਂ ਨੂੰ ਹਿੰਦੂਆਂ ਦੀ ਅਸਲ ਨੀਅਤ ਦਾ ਪਤਾ ਉਦੋਂ ਹੀ ਚਲੇਗਾ, ਜਦੋਂ ਉਹ ਸਿੱਖਾਂ ਦੇ ਹਾਕਮ ਬਣਨਗੇ ਅਤੇ ਸਿੱਖ ਉਹਨਾਂ ਦੇ ਗੁਲਾਮ। ਉਸਨੇ ਸੋਭਾ ਸਿੰਘ ਨੂੰ ਕਿਹਾ ਸੀ ਕਿ ਵੱਖਰਾ ਰਾਜ ਨਾ ਲੈ ਕੇ ਸਿੱਖਾਂ ਨੇ ਬੜੀ ਵੱਡੀ ਭੁੱਲ ਕੀਤੀ ਹੈ।"[18]

ਆਜ਼ਾਦ ਭਾਰਤ ਵਿਚ ਕੱਟੜ ਹਿੰਦੂਵਾਦੀ ਤਾਕਤਾਂ ਦੀਆਂ ਸਿੱਖ ਵਿਰੋਧੀ ਗਤੀਵਿਧੀਆਂ ਤੋਂ ਇਲਾਵਾ ਸਿੱਖ ਕੌਮ ਨੂੰ ਇਕ ਹੋਰ ਗੰਭੀਰ ਖਤਰਾ ਆਧੁਨਿਕੀਕਰਨ ਦੀ ਪ੍ਰਕਿਰਿਆ ਤੋਂ ਸੀ। ਸਿੱਖ ਲੀਡਰਸ਼ਿਪ ਨੂੰ ਇਹ

ਡਰ ਭਾਸਦਾ ਸੀ ਕਿ ਆਧੁਨਿਕੀਕਰਨ ਦੇ ਦੌਰ ਵਿਚ ਸਿੱਖ ਕੌਮ ਅੰਦਰ ਪਤਿਤਪੁਣਾ ਵਧੇਗਾ। ਜੇਕਰ ਇਸ ਵਰਤਾਰੇ ਦੌਰਾਨ ਸਿੱਖ ਆਪਣੇ ਬਾਹਰੀ ਚਿੰਨ੍ਹਾਂ ਦਾ ਤਿਆਗ ਕਰ ਦਿੰਦੇ ਹਨ ਤਾਂ ਉਨ੍ਹਾਂ ਦਾ ਹਿੰਦੂ ਧਰਮ ਵਿਚ ਮੁੜ ਜਜ਼ਬ ਹੋਣ ਲਈ ਰਸਤਾ ਪੱਧਰਾ ਹੋ ਜਾਵੇਗਾ। ਇਹ ਬਾਹਰੀ ਚਿੰਨ ਹੀ ਇਕੋ ਇਕ ਦੀਵਾਰ ਹਨ ਜਿਹੜੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਅਲੱਗ ਕਰਦੇ ਹਨ। ਬਾਕੀ ਸਿੱਖਾਂ ਦੇ ਹਿੰਦੂਆਂ ਨਾਲ ਸਮਾਜਕ ਅਤੇ ਸਭਿਆਚਾਰਕ ਰਿਸ਼ਤੇ ਤਾਂ ਸਾਂਝੇ ਹੈ ਹੀ ਹਨ। 1953 ਵਿਚ ਪ੍ਰਸਿੱਧ ਸਿੱਖ ਇਤਿਹਾਸਕਾਰ ਖੁਸ਼ਵੰਤ ਸਿੰਘ ਦੁਆਰਾ ਸਿੱਖਾਂ ਦੀ ਹਿੰਦੂਆਂ ਅੰਦਰ ਜਜ਼ਬ ਹੋਣ ਦੀ ਭਵਿੱਖਵਾਣੀ ਇਵੇਂ ਕੀਤੀ ਸੀ ਕਿ "ਸਭ ਤੋਂ ਪਹਿਲਾਂ ਸਿੱਖਾਂ ਦੀ ਇਕ ਪੀੜ੍ਹੀ ਦਾਹੜੀ ਕਟਵਾਵੇਗੀ, ਦੂਸਰੀ ਪੀੜ੍ਹੀ ਸਿਰ ਦੇ ਕੇਸ ਕਟਵਾਵੇਗੀ, ਤੀਸਰੀ ਪੀੜ੍ਹੀ ਸਹਿਜਧਾਰੀ ਸਿੱਖ ਅਖਵਾਏਗੀ ਅਤੇ ਉਸ ਤੋਂ ਅਗਲੀ ਪੀੜ੍ਹੀ ਹਿੰਦੂਆਂ ਵਿਚ ਵਿਲੀਨ ਹੋ ਜਾਵੇਗੀ।"[19]

ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਮਹਿਸੂਸ ਕੀਤਾ ਕਿ ਜੇਕਰ ਸਿੱਖਾਂ ਨੂੰ ਵਰਤਮਾਨ ਹਾਲਤਾਂ ਉੱਪਰ ਛੱਡ ਦਿੱਤਾ ਗਿਆ ਤਾਂ ਇਹ ਹੌਲੀ-ਹੌਲੀ ਹਿੰਦੂ ਧਰਮ ਅੰਦਰ ਵਿਲੀਨ ਹੋ ਜਾਣਗੇ।1948 ਵਿਚ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ "ਸਿੱਖਾਂ ਦਾ ਸਭਿਆਚਾਰ, ਭਾਸ਼ਾ ਅਤੇ ਧਰਮ ਹਿੰਦੂਆਂ ਨਾਲੋਂ ਵੱਖਰਾ ਹੈ। ਸਾਨੂੰ ਐਸਾ ਸੂਬਾ ਚਾਹੀਦਾ ਹੈ ਜਿੱਥੇ ਅਸੀਂ ਆਪਣੇ ਧਰਮ, ਸੱਭਿਆਚਾਰ ਅਤੇ ਭਾਸ਼ਾ ਦੀ ਰੱਖਿਆ ਕਰ ਸਕੀਏ।"[20] ਮਾਸਟਰ ਤਾਰਾ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਸਿੱਖ ਬਹੁਮਤ ਵਾਲਾ ਖੇਤਰ ਚਾਹੀਦਾ ਹੈ ਜਿੱਥੇ ਅਸੀਂ ਇਸ ਬਹੁਮਤ ਦੇ ਸਹਾਰੇ ਰਾਜਨੀਤਕ ਸ਼ਕਤੀ ਪ੍ਰਾਪਤ ਕਰ ਸਕੀਏ। ਦਿਨੋ ਦਿਨ ਵਧਦੀ ਹੋਈ ਹਿੰਦੂ ਸੰਪਰਦਾਇਕਤਾਵਾਦ ਦੇ ਦਰਮਿਆਨ ਇਹੀ ਇਕ ਰਸਤਾ ਹੈ ਜਿਸਦੇ ਜ਼ਰੀਏ ਅਸੀ ਆਪਣੀ ਨਿਆਰੀ ਹੋਂਦ ਨੂੰ ਸੁਰੱਖਿਅਤ ਰੱਖ ਸਕਦੇ ਹਾਂ। ਉਸਨੇ ਜੋਰ ਦੇ ਕੇ ਕਿਹਾ ਕਿ ਰਾਜਨੀਤਕ ਸ਼ਕਤੀ ਪ੍ਰਾਪਤ ਕੀਤੇ ਬਿਨ੍ਹਾਂ ਸਿੱਖ ਆਪਣੀ ਵੱਖਰੀ ਹੋਂਦ ਨੂੰ ਕਾਇਮ ਨਹੀਂ ਰੱਖ ਸਕਦੇ।[21]

ਸਿਰਫ ਸਿੱਖਾਂ ਦੀ ਧਾਰਮਿਕ ਪਛਾਣ ਹੀ ਆਰੀਆ ਸਮਾਜ ਦੇ ਹਮਲਿਆਂ ਦਾ ਸ਼ਿਕਾਰ ਨਹੀ ਹੋਈ, ਇਸ ਸੰਗਠਨ ਨੇ ਪੰਜਾਬੀ ਭਾਸ਼ਾ ਦੇ ਪ੍ਰਤੀ ਵੀ ਨਫ਼ਰਤ ਅਤੇ ਭੇਦਭਾਵ ਵਾਲਾ ਵਤੀਰਾ ਅਪਣਾਇਆ। ਫਰਵਰੀ 1948 ਵਿਚ ਜਲੰਧਰ ਮਿਊਂਸਪਲ ਕਮੇਟੀ ਦੇ ਅਧੀਨ ਆਰੀਆ ਸਮਾਜ ਦੇ ਸਕੂਲਾਂ ਨੇ ਫੈਸਲਾ ਕੀਤਾ ਕਿ ਇਹਨਾਂ ਸਕੂਲਾਂ ਵਿਚ ਪੰਜਾਬੀ ਸਿੱਖਿਆ ਦੇ ਮਾਧਿਅਮ ਦੇ ਤੌਰ 'ਤੇ ਨਹੀਂ ਪੜ੍ਹਾਈ ਜਾਵੇਗੀ ਬਲਕਿ ਇਕੱਲੀ ਹਿੰਦੀ ਹੀ ਸਿੱਖਿਆ ਦਾ ਮਾਧਿਅਮ ਹੋਵੇਗੀ।ਇਸ ਫੈਸਲੇ ਨੇ ਸਿੱਖ ਲੀਡਰਸ਼ਿਪ ਦੇ ਮਨ ਵਿਚ ਡਰ ਪੈਦਾ ਕਰ ਦਿੱਤਾ ਕਿ ਆਰੀਆ ਸਮਾਜ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਨੂੰ ਪੰਜਾਬ ਵਿਚੋਂ ਖ਼ਤਮ ਕਰਨਾ ਚਾਹੁੰਦਾ ਹੈ। ਅਸਲ ਵਿਚ ਜਦੋਂ ਦਾ ਆਰੀਆ ਸਮਾਜ ਹੋਂਦ (1875) ਵਿਚ ਆਇਆ ਹੈ, ਉਦੋਂ ਤੋਂ ਹੀ ਇਸ ਸੰਗਠਨ ਦਾ ਸਿੱਖ ਧਰਮ ਪ੍ਰਤੀ ਦ੍ਰਿਸ਼ਟੀਕੋਣ ਨਫ਼ਰਤ ਭਰਿਆ ਰਿਹਾ ਹੈ। 1874 ਵਿਚ ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਵਲੋਂ ਰਚਿਤ ਸਤਿਆਰਥ ਪ੍ਰਕਾਸ਼ ਗ੍ਰੰਥ ਵਿਚ ਸਿੱਖ ਧਰਮ ਦੇ ਖਿਲਾਫ਼ ਟਿੱਪਣੀਆਂ ਕੀਤੀਆ ਗਈਆਂ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਤੁਲਨਾ 'ਮਿਥਿਹਾਸ' ਨਾਲ ਕੀਤੀ ਗਈ, ਗੁਰੂ ਨਾਨਕ ਦੇਵ ਜੀ ਨੂੰ 'ਅਗਿਆਨੀ' ਕਿਹਾ ਗਿਆ ਅਤੇ ਸਿੱਖ ਧਰਮ ਨੂੰ ਭੋਲੇ-ਭਾਲੇ ਲੋਕਾਂ ਨੂੰ ਭਰਮਾਉਣ ਲਈ 'ਜਾਲ' ਆਖਿਆ ਗਿਆ।[22] ਇਹੀ ਨਹੀਂ, ਆਰੀਆ ਸਮਾਜ ਨੇ ਵਿਵਹਾਰਕ ਤੌਰ ਤੇ ਵੀ ਸਿੱਖ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦਿੱਤਾ। 3 ਜੂਨ 1900 ਨੂੰ ਆਰੀਆ ਸਮਾਜ ਨੇ ਜਲੰਧਰ ਜ਼ਿਲੇ ਦੇ ਵਛੋਵਾਲੀ ਸਥਾਨ ਵਿਖੇ ਕਨਵੈਨਸ਼ਨ ਕਰਕੇ 'ਸ਼ੁੱਧੀ' ਸੰਸਕਾਰ ਰਾਹੀਂ ਤਕਰੀਬਨ 200 ਜੁਲਾਹੇ ਸਿੱਖਾਂ ਨੂੰ ਹਿੰਦੂ ਧਰਮ ਵਿਚ ਸ਼ਾਮਲ ਕਰ ਲਿਆ। ਖੁੱਲੇ ਪੰਡਾਲ ਵਿਚ ਇਨ੍ਹਾਂ ਸਿੱਖਾਂ ਦੇ ਕੇਸ ਕਤਲ ਕਰਕੇ ਹਿੰਦੂ ਬਣਾਇਆ ਗਿਆ।[23] ਸਿੱਖ ਗੁਰਦੁਆਰਾ ਸੁਧਾਰ ਲਹਿਰ (1920-1925) ਦੌਰਾਨ ਵੀ ਕੱਟੜ ਹਿੰਦੂਵਾਦੀ ਤਾਕਤਾਂ ਦਾ ਸਿੱਖ ਧਰਮ ਪ੍ਰਤੀ ਨਜ਼ਰੀਆ ਨਿੰਦਣਯੋਗ ਸੀ।ਸਿੱਖ ਗੁਰਦੁਆਰਿਆਂ ਦਾ ਕੰਟਰੋਲ ਸਿੱਖ ਕੌਮ ਦੇ ਹੱਥਾਂ ਵਿਚ ਦੇਣ ਲਈ ਜਦੋਂ ਸਿੱਖ ਗੁਰਦੁਆਰਾ ਬਿੱਲ (1925) ਪੰਜਾਬ ਦੀ ਵਿਧਾਨ ਪਰਿਸ਼ਦ ਵਿਚ ਵਿਚਾਰਿਆ ਜਾ ਰਿਹਾ ਸੀ ਤਾਂ ਪਰਿਸ਼ਦ ਦੇ ਹਿੰਦੂ ਮੈਂਬਰਾਂ ਨੇ ਉਦਾਸੀਆਂ ਅਤੇ ਮਹੰਤਾਂ ਦਾ ਸਮਰਥਨ ਕਰਕੇ ਕਿਹਾ ਕਿ ਸਿੱਖ ਗੁਰਦੁਆਰਿਆਂ ਵਿਚ ਇਨ੍ਹਾਂ ਦਾ ਵੀ ਬਰਾਬਰ ਦਾ ਹਿੱਸਾ ਹੈ।[24]

ਆਰੀਆ ਸਮਾਜ ਦੀਆਂ ਸਿੱਖ-ਵਿਰੋਧੀ ਗਤੀਵਿਧੀਆਂ ਦੇ ਕਾਰਨ ਸਿੱਖਾਂ ਦੇ ਮਨਾਂ ਅੰਦਰ ਅਸੁਰੱਖਿਆ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਸੀ। ਉਹ ਇਕ ਅਜਿਹੇ ਪ੍ਰਬੰਧ ਦੀ ਭਾਲ ਵਿਚ ਸਨ, ਜੋ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਸਕੇ ਅਤੇ ਇਸ ਸ਼ਕਤੀ ਦੇ ਸਹਾਰੇ ਉਹ ਆਪਣੇ ਧਰਮ ਦੀ ਸੁਰੱਖਿਆ ਯਕੀਨੀ ਬਣਾ ਸਕਣ। ਆਰੀਆ ਸਮਾਜ ਦੀਆਂ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਪ੍ਰਤੀ ਅਜਿਹੇ ਵਤੀਰੇ ਨੂੰ

ਦੇਖਦੇ ਹੋਏ 15 ਨਵੰਬਰ 1948 ਨੂੰ ਪੰਜਾਬ ਵਿਧਾਨ ਸਭਾ ਦੇ ਸਿੱਖ ਮੈਂਬਰਾਂ ਨੇ ਭਾਰਤ ਦੀ ਸੰਵਿਧਾਨ ਘੜਣੀ ਨੂੰ ਮੈਮੋਰੰਡਮ ਦੇ ਕੇ ਸਿੱਖਾਂ ਲਈ ਸੰਵਿਧਾਨਕ ਸੁਰੱਖਿਆਵਾਂ ਦੀ ਮੰਗ ਕੀਤੀ। ਇਹਨਾਂ ਸੁਰੱਖਿਆਵਾਂ ਵਿਚ ਸਿੱਖਾਂ ਲਈ ਪੰਜਾਬ ਵਿਧਾਨ ਸਭਾ ਵਿਚ 50% ਰਾਖਵਾਂਕਰਨ, ਕੇਂਦਰੀ ਅਤੇ ਹੋਰ ਰਾਜਾਂ ਦੀਆਂ ਪ੍ਰਾਂਤਿਕ ਵਿਧਾਨ ਸਭਾਵਾਂ ਵਿਚ 5% ਰਾਖਵਾਂਕਰਨ, ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਦਾ ਅਹੁਦਾ ਵਾਰੀ-ਵਾਰੀ ਹਿੰਦੂ ਅਤੇ ਸਿੱਖ ਨੂੰ ਦੇਣਾ ਆਦਿ ਸ਼ਾਮਲ ਸੀ। ਮੈਮੋਰੰਡਮ ਵਿਚ ਕਿਹਾ ਗਿਆ ਕਿ ਜੇਕਰ ਕੇਂਦਰ ਸਰਕਾਰ ਨੂੰ ਇਹ ਮੰਗਾਂ ਮਨਜ਼ੂਰ ਨਹੀਂ ਤਾਂ ਹੁਸ਼ਿਆਰਪੁਰ, ਲੁਧਿਆਣਾ, ਜਲੰਧਰ, ਫਿਰੋਜਪੁਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਅੰਬਾਲਾ, ਸੱਤ ਜ਼ਿਲਿਆਂ ਨੂੰ ਮਿਲਾ ਕੇ ਸਿੱਖਾਂ ਨੂੰ ਇਕ ਨਵਾਂ ਪ੍ਰਾਂਤ ਬਣਾਉਣ ਦੀ ਆਗਿਆ ਦਿੱਤੀ ਜਾਵੇ।[25]

ਭਾਰਤ ਸਰਕਾਰ ਸਿੱਖਾਂ ਨੂੰ ਕੋਈ ਵੀ ਅਜਿਹੀ ਛੋਟ ਦੇਣ ਲਈ ਤਿਆਰ ਨਹੀਂ ਸੀ ਜਿਹੜੀ ਸਿੱਖ ਧਰਮ ਦੀ ਵੱਖਰੀ ਹੋਂਦ ਨੂੰ ਯਕੀਨੀ ਬਣਾ ਸਕੇ।30 ਦਸੰਬਰ 1948 ਨੂੰ ਘੱਟ ਗਿਣਤੀਆਂ ਅਤੇ ਮੌਲਿਕ ਅਧਿਕਾਰਾਂ ਸੰਬੰਧੀ ਸਲਾਹਕਾਰ ਕਮੇਟੀ ਨੇ ਸਿੱਖਾਂ ਦੁਆਰਾ ਕੀਤੀ ਗਈ ਵੱਖਰੇ ਚੋਣ ਖੇਤਰਾਂ ਦੀ ਮੰਗ ਵੀ ਰੱਦ ਕਰ ਦਿੱਤੀ।[26] ਬ੍ਰਿਟਿਸ਼ ਸ਼ਾਸ਼ਨ ਦੌਰਾਨ ਸਿੱਖਾਂ ਨੂੰ ਮੋਂਟੇਗ ਚੈਮਸਫੋਰਡ ਐਕਟ (1919) ਦੇ ਤਹਿਤ ਧਰਮ ਦੇ ਆਧਾਰ ਤੇ ਵੱਖਰੇ ਚੋਣ ਖੇਤਰ ਦਿੱਤੇ ਗਏ ਸਨ। ਅਜਿਹਾ ਪ੍ਰਬੰਧ ਲੋਕਤੰਤਰ ਵਿਚ ਘੱਟ ਗਿਣਤੀਆਂ ਦੀ ਸ਼ਾਸ਼ਨ ਪ੍ਰਣਾਲੀ ਵਿਚ ਪ੍ਰਤੀਨਿਧਤਾ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਹੈ। ਹੁਣ ਆਜ਼ਾਦ ਭਾਰਤ ਵਿਚ ਲੋਕਤੰਤਰੀ ਪ੍ਰਣਾਲੀ ਦੀ ਸਰਕਾਰ ਸੀ। ਸਿੱਖ ਲੀਡਰਸ਼ਿਪ ਨੂੰ ਇਹ ਡਰ ਸੀ ਕਿ ਵੱਖਰੇ ਚੋਣ ਖੇਤਰਾਂ ਦੀ ਅਣਹੋਂਦ ਕਰਨ ਉਹ ਕਦੀ ਵੀ ਆਪਣੇ ਪ੍ਰਤੀਨਿਧੀ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਨਹੀ ਭੇਜ ਸਕਣਗੇ। ਇਸ ਨਾਲ ਉਹਨਾਂ ਦੇ ਸਮਾਜਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਹਿੱਤ ਸੁਰਖਿਅਤ ਨਹੀਂ ਰਹਿ ਸਕਣਗੇ। ਧਰਮ ਦੇ ਆਧਾਰ ਤੇ ਸਿੱਖਾਂ ਲਈ ਵੱਖਰੇ ਚੋਣ ਖੇਤਰਾਂ ਦੀ ਮੰਗ ਅਕਾਲੀ ਦਲ ਦੁਆਰਾ ਆਜ਼ਾਦੀ ਦੇ ਤਕਰੀਬਨ ਦੋ ਕੁ ਮਹੀਨੇ ਬਾਅਦ ਹੀ ਅਕਤੂਬਰ 1947 ਵਿਚ ਕਰ ਦਿੱਤੀ ਗਈ ਸੀ। ਸਿੱਖ ਕੌਮ ਅਜੇ ਇਸ ਸਦਮੇ ਤੋਂ ਉੱਭਰੀ ਨਹੀਂ ਸੀ ਕਿ ਮਈ 1949 ਵਿਚ ਭਾਰਤ ਦੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ ਸਿੱਖ ਦਲਿਤਾਂ ਨੂੰ ਇਹ ਕਹਿ ਕੇ ਰਾਖਵਾਂਕਰਨ ਦੀ ਸਹੂਲਤ ਦੇਣ ਤੋਂ ਨਾਂਹ ਕਰ ਦਿੱਤੀ ਕਿ ਸਿੱਖ ਧਰਮ ਜਾਤ-ਪਾਤ ਵਿਚ ਵਿਸ਼ਵਾਸ਼ ਨਹੀਂ ਕਰਦਾ।[27] ਹਿੰਦੂ ਦਲਿਤਾਂ ਨੂੰ ਰਾਂਖਵੇਕਰਨ ਦੀ ਸਹੂਲਤ ਦੇ ਦਿੱਤੀ ਗਈ ਸੀ। ਅਸਲ ਵਿਚ ਪਟੇਲ ਦਾ ਉਦੇਸ਼ ਹਿੰਦੂ ਦਲਿਤਾਂ ਨੂੰ ਆਰਥਿਕ ਲਾਭ ਦੇ ਕੇ ਸਿੱਖ ਦਲਿਤਾਂ ਨੂੰ ਹਿੰਦੂ ਧਰਮ ਵੱਲ ਆਕਰਸ਼ਿਤ ਕਰਨਾ ਸੀ। ਇਸਦਾ ਤੁਰੰਤ ਪ੍ਰਭਾਵ ਦੇਖਣ ਨੂੰ ਮਿਲਿਆ। ਬਹੁਤ ਸਾਰੇ ਸਿੱਖਾਂ ਨੇ ਹਿੰਦੂ ਧਰਮ ਨੂੰ ਅਪਣਾਉਨਾ ਸ਼ੁਰੂ ਕਰ ਦਿੱਤਾ। ਭਾਰਤ ਦੇ ਜਨਗਣਨਾ ਕਮਿਸ਼ਨਰ ਨੇ ਆਜ਼ਾਦੀ ਤੋਂ ਬਾਅਦ ਆਪਣੀ ਪਹਿਲੀ ਰਿਪੋਰਟ ਵਿਚ ਲਿਖਿਆ ਕਿ ਭਾਰਤ ਵਿਚ ਸਿੱਖਾਂ ਦੀ ਆਬਾਦੀ ਘਟ ਰਹੀ ਹੈ। ਉਸਦੇ ਅਨੁਸਾਰ ਆਜ਼ਾਦੀ ਤੋਂ ਤੁਰੰਤ ਬਾਅਦ ਕੋਈ ਦੋ ਲੱਖ ਸਿੱਖ ਹਿੰਦੂ ਧਰਮ ਵਿਚ ਸ਼ਾਮਿਲ ਹੋ ਗਏ।[28]

ਸਿੱਖ ਧਰਮ ਦੀ ਨਿਆਰੀ ਹੋਂਦ ਨੂੰ ਧੁੰਦਲਾ ਕਰਨ ਲਈ ਭਾਰਤ ਦੀ ਸੰਵਿਧਾਨ ਘੜਨੀ ਨੇ ਅਜਿਹਾ ਸੰਵਿਧਾਨਕ ਪ੍ਰਬੰਧ ਕੀਤਾ ਜਿਸ ਨਾਲ ਸਿੱਖ ਧਰਮ ਦੀ ਭਾਰਤੀ ਸਮਾਜ ਵਿਚ ਸੁਤੰਤਰ ਹੋਂਦ ਖਤਰੇ ਵਿਚ ਪੈ ਗਈ। ਸੰਵਿਧਾਨ ਦੀ ਧਾਰਾ 25(2)(ਬੀ) ਦੇ ਤਹਿਤ ਸਿੱਖਾਂ ਨੂੰ ਬੋਧੀਆਂ ਅਤੇ ਜੈਨੀਆਂ ਦੀ ਤਰ੍ਹਾਂ ਹਿੰਦੂਆਂ ਨਾਲ ਰਲਗੱਡ ਕਰ ਦਿੱਤਾ ਗਿਆ।[29] ਇਹ ਸੱਤਾ ਉੱਤੇ ਕਾਬਜ਼ ਹਿੰਦੂਵਾਦੀ ਤਾਕਤਾਂ ਦੁਆਰਾ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਜਜ਼ਬ ਕਰਨ ਲਈ ਇਕ ਚਲਾਕੀ ਭਰਿਆ ਦਾਅ ਪੇਚ ਸੀ। ਸੰਵਿਧਾਨ ਸਭਾ ਵਿਚ ਸ਼ਾਮਿਲ ਸਿੱਖਾਂ ਦੇ ਦੋ ਪ੍ਰਤੀਨਿਧਾਂ ਹੁਕਮ ਸਿੰਘ ਅਤੇ ਭੁਪਿੰਦਰ ਸਿੰਘ ਮਾਨ ਵੱਲੋਂ ਇਸ ਸੰਵਿਧਾਨਿਕ ਪ੍ਰਬੰਧ ਦਾ ਵਿਰੋਧ ਕੀਤਾ ਗਿਆ। ਦੋਨਾਂ ਪ੍ਰਤੀਨਿਧਾਂ ਵਲੋਂ ਇਸ ਧਾਰਾ ਨੂੰ ਸੰਵਿਧਾਨ ਵਿਚੋਂ ਕੱਢਣ ਦੀ ਮੰਗ ਕੀਤੀ ਗਈ ਜਿਸ ਨੂੰ ਕਾਂਗਰਸ ਦੀ ਲੀਡਰਸ਼ਿਪ ਨੇ ਠੁਕਰਾ ਦਿੱਤਾ। ਰੋਸ ਵਜੋਂ ਸਿੱਖ ਪ੍ਰਤੀਨਿਧਾਂ ਨੇ ਭਾਰਤੀ ਸੰਵਿਧਾਨ ਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ। ਭੁਪਿੰਦਰ ਸਿੰਘ ਮਾਨ ਨੇ 1984 ਵਿਚ ਪੰਜਾਬੀ ਅਖ਼ਬਾਰ ਅਜੀਤ ਨੂੰ ਦਿੱਤੀ ਇੰਟਰਵਿਊ ਵਿਚ ਇਹ ਪ੍ਰਗਟਾਵਾ ਕੀਤਾ ਕਿ ਸਿੱਖ ਪ੍ਰਤੀਨਿਧਾਂ ਦੁਆਰਾ ਸੰਵਿਧਾਨ ਨੂੰ ਰੱਦ ਕਰਨ ਪਿੱਛੇ ਕਾਂਗਰਸ ਲੀਡਰਸ਼ਿਪ ਵੱਲੋਂ ਸਿੱਖਾਂ ਦੀ ਵੱਖਰੀ ਹੋਂਦ ਤੋਂ ਮੁਨਕਰ ਹੋਣਾ ਸੀ।[30] ਸਿੱਖ ਧਰਮ ਦੇ ਨੈਸ਼ਨਲ ਪ੍ਰੋਫੈਸਰ ਸਰਦਾਰ ਕਪੂਰ ਸਿੰਘ ਨੇ ਇਸ ਸੰਵਿਧਾਨਿਕ ਪ੍ਰਬੰਧ ਦੀ ਆਲੋਚਨਾ ਕਰਦੇ ਹੋਏ ਲਿਖਿਆ ਸੀ ਕਿ "ਅਜਿਹਾ ਪ੍ਰਬੰਧ ਸਿੱਖਾਂ ਨੂੰ ਰਾਜਨੀਤਕ ਤੌਰ 'ਤੇ ਤਾਂ ਖ਼ਤਮ ਕਰੇਗਾ ਹੀ, ਸਗੋਂ ਸਿੱਖ ਕੌਮ ਦੀ ਅਧਿਆਤਮਕ ਮੌਤ ਅਤੇ ਸਭਿਆਚਾਰਕ ਪਤਨ ਦਾ ਕਾਰਨ ਵੀ ਬਣੇਗਾ"।[31] ਹਿੰਦੂਵਾਦੀ ਤਾਕਤਾਂ ਦੁਆਰਾ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਮੁੜ ਜਜ਼ਬ ਕਰਨ ਦੀਆਂ ਕੋਸ਼ਿਸ਼ਾਂ ਦਾ ਸਬੂਤ ਭਾਰਤ ਦੀ ਸੰਵਿਧਾਨ ਸਭਾ ਦੇ ਮੈਂਬਰ ਮਹਾਂਵੀਰ ਤਿਆਗੀ

ਦੇ ਉਸ ਬਿਆਨ ਤੋਂ ਮਿਲਦਾ ਹੈ ਜਿਸ ਵਿਚ ਉਸ ਨੇ ਸੰਵਿਧਾਨ ਸਭਾ ਵਿਚ ਬੋਲਦਿਆਂ ਹੋਇਆ ਕਿਹਾ, "ਘੱਟ ਗਿਣਤੀਆਂ ਵਾਸਤੇ ਕੇਵਲ ਇਕ ਹੀ ਰਸਤਾ ਹੈ ਕਿ ਉਹ ਬਹੁਗਿਣਤੀ ਦੇ ਵਫ਼ਾਦਾਰ ਬਣਕੇ ਰਹਿਣ ਅਤੇ ਬਹੁਗਿਣਤੀ ਦੇ ਭਰੋਸੇ ਨੂੰ ਜਿੱਤਣ ਲਈ ਉਸ ਨਾਲ ਸਹਿਯੋਗ ਕਰਨ... ਅਸੀਂ ਘੱਟ ਗਿਣਤੀਆਂ ਨੂੰ ਦੇਸ਼ ਵਿਚੋਂ ਕੱਢਣ ਜਾਂ ਵੱਡੇ ਪੱਧਰ ਤੇ ਕਤਲ ਕਰਨ ਵਿਚ ਵਿਸ਼ਵਾਸ਼ ਨਹੀਂ ਰੱਖਦੇ। ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ।"[32] ਸਿੱਖਾਂ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਨੇ 1950 ਵਿਚ ਮਤਾ ਪਾਸ ਕਰਕੇ ਹਿੰਦੂਵਾਦੀ ਤਾਕਤਾਂ ਦੁਆਰਾ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਵਿਲੀਨ ਕਰਨ ਦੀਆਂ ਕੋਸ਼ਿਸ਼ਾਂ ਦੀ ਨਿੰਦਾ ਕੀਤੀ। ਮਤੇ ਵਿਚ ਅਕਾਲੀ ਦਲ ਦੁਆਰਾ ਪੰਜਾਬੀ ਸੂਬੇ ਦੀ ਮੰਗ ਕੀਤੀ ਗਈ ਤਾਂ ਕਿ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਅਤੇ ਸਿੱਖ ਕੌਮ ਦੇ ਮਾਣ-ਸਨਮਾਣ ਦੀ ਰੱਖਿਆ ਕੀਤੀ ਜਾ ਸਕੇ।[33]

ਅਕਾਲੀ ਦਲ ਦੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਨੂੰ ਬੇਅਸਰ ਕਰਨ ਲਈ ਆਰੀਆ ਸਮਾਜੀ ਲੀਡਰਾਂ ਨੇ ਪੰਜਾਬ ਦੇ ਹਿੰਦੂਆਂ ਨੂੰ ਅਪੀਲ ਕੀਤੀ ਕਿ ਉਹ 1951 ਦੀ ਜਨਗਣਨਾ ਦੌਰਾਨ ਹਿੰਦੀ ਨੂੰ ਆਪਣੀ ਮਾਂ-ਬੋਲੀ ਵਜੋਂ ਲਿਖਵਾਉਣ। ਆਰੀਆ ਸਮਾਜ ਦੁਆਰਾ ਇਸ ਸੰਬੰਧ ਵਿਚ ਅੰਮ੍ਰਿਤਸਰ ਦੇ ਲਾਰੰਸ ਰੋਡ ਹਾਲ ਵਿਖੇ ਕੈਪਟਨ ਕੇਸ਼ਵ ਚੰਦਰ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬੀ ਹਿੰਦੂਆਂ ਨੂੰ ਅਪੀਲ ਕੀਤੀ ਗਈ ਕਿ ਉਹ ਜਨਗਣਨਾ ਦੌਰਾਨ ਆਪਣੀ ਮਾਂ ਬੋਲੀ ਹਿੰਦੀ ਦਰਜ ਕਰਵਾਉਣ ਤਾਂ ਕਿ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਨੂੰ ਸ਼ੁਰੂ ਵਿਚ ਹੀ ਦਬਾਅ ਦਿੱਤਾ ਜਾਵੇ।[34] ਆਰੀਆ ਸਮਾਜ ਦੇ ਅਜਿਹੇ ਪ੍ਰਚਾਰ ਨੂੰ ਸਿੱਖ ਲੀਡਰਸ਼ਿਪ ਨੇ ਸਿੱਖ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਲਈ ਤਬਾਹਕੁੰਨ ਸਮਝਿਆ। ਆਰੀਆ ਸਮਾਜ ਦਾ ਉਦੇਸ਼ ਸਿੱਖਾਂ ਨੂੰ ਹਿੰਦੂ ਧਰਮ ਵਿਚ ਮੁੜ ਜਜ਼ਬ ਕਰਨ ਦੇ ਨਾਲ-ਨਾਲ ਪੰਜਾਬ ਵਿਚ ਸਿੱਖਾਂ ਉੱਪਰ ਪੱਕੇ ਤੌਰ ਤੇ ਹਿੰਦੂਆਂ ਦਾ ਰਾਜਨੀਤਕ ਗਲਬਾ ਸਥਾਪਿਤ ਕਰਨਾ ਵੀ ਸੀ।[35] ਕਿਉਂਕਿ ਜੇਕਰ ਪੰਜਾਬ ਵਿਚ ਪੰਜਾਬੀ ਭਾਸ਼ਾ ਬੋਲਣ ਵਾਲੇ ਲੋਕ ਘੱਟ ਗਿਣਤੀ ਵਿਚ ਰਹਿ ਜਾਂਦੇ ਹਨ ਤਾਂ ਭਾਸ਼ਾ ਦੇ ਆਧਾਰ ਤੇ ਰਾਜ ਦਾ ਪੁਨਰਗਠਨ ਨਹੀਂ ਹੋਵੇਗਾ ਅਤੇ ਸਿੱਖ ਪੰਜਾਬ ਵਿਚ ਬਹੁਮਤ ਵਿਚ ਨਹੀਂ ਆ ਸਕਣਗੇ।

## ਰਾਜ ਪੁਨਰਗਠਨ ਕਮਿਸ਼ਨ ਦੀ ਸਥਾਪਨਾ, ਕੱਟੜ ਹਿੰਦੂ ਸੰਗਠਨਾਂ ਦੁਆਰਾ ਵਿਰੋਧ ਅਤੇ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਰੱਦ

ਉੱਧਰ ਭਾਰਤ ਦੇ ਹੋਰ ਰਾਜਾਂ ਜਿਵੇਂ ਆਂਧਰਾ ਪ੍ਰਦੇਸ਼, ਕੇਰਲਾ, ਕਰਨਾਟਕ ਅਤੇ ਮਹਾਂਰਾਸ਼ਟਰ ਵਿਚ ਵੀ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਦੀ ਮੰਗ ਨੇ ਜ਼ੋਰ ਫੜ ਲਿਆ। ਅਸਲ ਵਿਚ 1928 ਵਿਚ ਨਹਿਰੂ ਰਿਪੋਰਟ ਦੁਆਰਾ ਇਹ ਭਰੋਸਾ ਦਿੱਤਾ ਗਿਆ ਸੀ ਕਿ ਆਜ਼ਾਦੀ ਉਪਰੰਤ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦਾ ਪੁਨਰਗਠਨ ਕੀਤਾ ਜਾਵੇਗਾ। ਭਾਰਤ ਦੇ ਬਹੁਤ ਸਾਰੇ ਰਾਜਾਂ ਵਿਚੋਂ ਉੱਠੀ ਇਸ ਮੰਗ ਦੇ ਕਾਰਨ ਕੇਂਦਰ ਸਰਕਾਰ ਦੁਆਰਾ 27 ਦਸੰਬਰ 1953 ਨੂੰ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੇ ਪੁਨਰਗਠਨ ਲਈ ਤਿੰਨ ਮੈਂਬਰੀ ਕਮਿਸ਼ਨ ਕਾਇਮ ਕੀਤਾ ਗਿਆ। ਫਜ਼ਲ ਅਲੀ ਇਸ ਕਮਿਸ਼ਨ ਦਾ ਚੇਅਰਮੈਨ ਸੀ ਜਦ ਕਿ ਐੱਚ.ਐੱਨ. ਕੁੰਜ਼ਰੂ ਅਤੇ ਕੇ.ਐੱਮ ਪਾਨੀਕਰ ਇਸ ਦੇ ਦੋ ਹੋਰ ਮੈਂਬਰ ਸਨ। ਅਕਾਲੀ ਦਲ ਨੇ ਕਮਿਸ਼ਨ ਨੂੰ ਮੈਮੋਰੰਡਮ ਦੇ ਕੇ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਕੀਤੀ। ਅਕਾਲੀ ਦਲ ਨੇ ਦਲੀਲ ਦਿੱਤੀ ਕਿ ਪੰਜਾਬੀ ਸੂਬਾ ਕਾਇਮ ਹੋਣ ਨਾਲ ਪੰਜਾਬ ਵਿਚੋਂ ਹਿੰਦੂਆਂ ਅਤੇ ਸਿੱਖਾਂ ਦਰਮਿਆਨ ਸੰਪਰਦਾਇਕ ਤਣਾਅ ਖ਼ਤਮ ਹੋ ਜਾਵੇਗਾ।[36]

ਦੂਜੇ ਪਾਸੇ ਹਿੰਦੂ ਸੰਗਠਨ ਚਾਹੁੰਦੇ ਸਨ ਕਿ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਕੇਂਦਰ ਸਰਕਾਰ ਦੁਆਰਾ ਬਿਲਕੁਲ ਨਾ ਮੰਨੀ ਜਾਵੇ। ਅਕਾਲੀ ਦਲ ਦੀ ਮੰਗ ਦਾ ਵਿਰੋਧ ਕਰਨ ਲਈ ਆਰੀਆ ਸਮਾਜ, ਹਿੰਦੂ ਮਹਾਂ ਸਭਾ, ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਜਨ ਸੰਘ ਨੇ ਸਾਂਝੇ ਤੌਰ 'ਤੇ ਮਹਾਂ ਪੰਜਾਬ ਸਮਿਤੀ ਦੀ ਸਥਾਪਨਾ ਕੀਤੀ।ਇਸ ਸਮਿਤੀ ਨੇ ਕਮਿਸ਼ਨ ਨੂੰ ਸਾਂਝਾ ਮੈਮੋਰੰਡਮ ਦੇ ਕੇ ਮੰਗ ਕੀਤੀ ਕਿ ਮੌਜੂਦਾ ਪੰਜਾਬ, ਪੈਪਸੂ, ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਉੱਤਰ-ਪ੍ਰਦੇਸ਼ ਦੇ ਕੁਝ ਜ਼ਿਲੇ ਮਿਲਾ ਕੇ ਮਹਾਂ ਪੰਜਾਬ ਦੀ ਸਥਾਪਨਾ ਕੀਤੀ ਜਾਵੇ।[37] ਸਮਿਤੀ ਨੇ ਦਲੀਲ ਦਿੱਤੀ ਕਿ ਦੇਸ਼ ਦੀ ਸੁਰੱਖਿਆ ਲਈ ਸਰਹੱਦ ਉੱਪਰ ਇਕ ਵਿਸ਼ਾਲ ਰਾਜ ਦੀ ਜ਼ਰੂਰਤ ਹੈ।[38] ਸਮਿਤੀ ਨੇ ਦੋਸ਼ ਲਾਇਆ ਕਿ ਅਕਾਲੀ ਦਲ ਦੁਆਰਾ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਸਿਰਫ ਇਕ ਦਿਖਾਵਾ ਹੈ, ਅਸਲ ਵਿਚ ਅਕਾਲੀ ਦਲ ਸਿੱਖ ਬਹੁਮਤ ਵਾਲਾ ਸੂਬਾ ਚਾਹੁੰਦਾ ਹੈ। ਜਿੱਥੇ ਸਿੱਖ ਆਪਣਾ ਰਾਜਨੀਤਕ ਦਬਦਬਾ ਕਾਇਮ ਕਰ ਸਕਣ। ਸਮਿਤੀ ਨੇ ਤਾਂ ਪੰਜਾਬੀ ਸੂਬੇ ਦੀ ਮੰਗ ਦੀ ਤੁਲਨਾ ਮੁਹੰਮਦ ਅਲੀ

ਜਿਨਾਹ ਦੀ ਪਾਕਿਸਤਾਨ ਦੀ ਮੰਗ ਨਾਲ ਕਰ ਦਿੱਤੀ।[39] ਇਸ ਤਰ੍ਹਾਂ ਲਗਦਾ ਹੈ ਕਿ ਜਿੱਥੇ ਅਕਾਲੀ ਦਲ ਸਿੱਖਾਂ ਦੇ ਗਲਾਂ ਵਿਚੋਂ ਹਿੰਦੂਆਂ ਦੀ ਰਾਜਨੀਤਕ ਗੁਲਾਮੀ ਦਾ ਜੂਲਾ ਲਾਹੁਣਾ ਚਾਹੁੰਦੇ ਸਨ, ਉੱਥੇ ਮਹਾਂ ਪੰਜਾਬ ਸਮਿਤੀ ਇਸ ਰਾਜਨੀਤਕ ਗੁਲਾਮੀ ਨੂੰ ਹੋਰ ਮਜਬੂਤ ਕਰਨਾ ਚਾਹੁੰਦੀ ਸੀ। ਮਹਾਂ ਪੰਜਾਬ ਦੀ ਸਥਾਪਨਾ ਕਰਵਾ ਕੇ ਕੱਟੜ ਹਿੰਦੂ ਸੰਗਠਨ ਪੰਜਾਬ ਅਤੇ ਪੈਪਸੂ ਵਿਚੋਂ ਸਿੱਖਾਂ ਦੇ ਪ੍ਰਭਾਵ ਨੂੰ ਖਤਮ ਕਰਨਾ ਚਾਹੁੰਦੇ ਸਨ।[40]

ਇਸ ਤੋਂ ਪਹਿਲਾਂ ਕਿ ਕਮਿਸ਼ਨ ਆਪਣੀ ਰਿਪੋਰਟ ਪੇਸ਼ ਕਰਦਾ, ਪੰਜਾਬੀ ਸੂਬੇ ਦੇ ਹੱਕ ਵਿਚ ਦਬਾਅ ਬਣਾਉਣ ਲਈ ਸਤੰਬਰ 1955 ਵਿਚ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਇਕ ਵਾਰ ਫਿਰ ਦੁਹਰਾਇਆ ਕਿ ਸਿੱਖ ਅਜਿਹਾ ਰਾਜ ਚਾਹੁੰਦੇ ਹਨ ਜਿਥੇ ਉਹ ਆਪਣੀ ਵੱਖਰੀ ਹੋਂਦ ਕਾਇਮ ਰੱਖ ਸਕਣ, ਜਿੱਥੇ ਗੁਰਮੁਖੀ ਅਤੇ ਸਿੱਖ ਧਰਮ ਬਾਰੇ ਸਿੱਖਿਆ ਲਾਜ਼ਮੀ ਹੋਵੇ ਅਤੇ ਜਿੱਥੇ ਖਾਲਸਾਈ ਰਵਾਇਤਾਂ ਦਾ ਮਾਣ-ਸਤਿਕਾਰ ਹੋਵੇ। ਉਸਨੇ ਕਿਹਾ ਕਿ ਸਿੱਖ ਆਪਣੇ ਧਰਮ ਦੀ ਰੱਖਿਆ ਤਾਂ ਹੀ ਕਰ ਸਕਦੇ ਹਨ ਜੇਕਰ ਪੰਜਾਬੀ ਬੋਲਣ ਵਾਲੇ ਸੂਬੇ ਵਿਚ ਰਾਜਨੀਤਕ ਸ਼ਕਤੀ ਸਿੱਖਾਂ ਦੇ ਹੱਥਾਂ ਵਿਚ ਹੋਵੇ।[41] 30 ਸਤੰਬਰ 1955 ਨੂੰ ਕਮਿਸ਼ਨ ਨੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਜਿਸ ਵਿਚ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਨੂੰ ਅਸਵੀਕਾਰ ਕਰ ਦਿੱਤਾ ਗਿਆ। ਕਮਿਸ਼ਨ ਨੇ ਦਲੀਲ ਦਿੱਤੀ ਕਿ ਪੰਜਾਬ ਵਿਚ ਕੋਈ ਭਾਸ਼ਾਈ ਸਮੱਸਿਆ ਨਹੀਂ ਹੈ ਸਗੋਂ ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਦੀ ਆਪਸ ਵਿਚ ਸਾਂਝ ਹੈ। ਪੰਜਾਬ ਦੇ ਲੋਕ ਦੋਵਾਂ ਭਾਸ਼ਾਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਕਮਿਸ਼ਨ ਦਾ ਕਹਿਣਾ ਸੀ ਕਿ ਸਮੱਸਿਆ ਦਾ ਕਾਰਨ ਧਾਰਮਿਕ ਕੱਟੜਤਾ ਅਤੇ ਸੰਪਰਦਾਇਕਤਾਵਾਦ ਹੈ, ਜਿਸਦਾ ਹੱਲ ਪੰਜਾਬੀ ਸੂਬਾ ਕਾਇਮ ਕਰਨ ਨਾਲ ਨਹੀਂ ਹੋਵੇਗਾ। ਕਮਿਸ਼ਨ ਨੇ ਮਹਾਂ ਪੰਜਾਬ ਸਮਿਤੀ ਦੀ ਮੰਗ ਨੂੰ ਮੰਨਦਿਆਂ ਹੋਇਆਂ ਪੈਪਸੂ ਅਤੇ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਸ਼ਿਫਾਰਸ਼ ਕਰ ਦਿੱਤੀ।

ਕਮਿਸ਼ਨ ਦੀਆਂ ਸ਼ਿਫਾਰਸ਼ਾਂ ਦਾ ਅਕਾਲੀ ਦਲ ਵੱਲੋਂ ਭਾਰੀ ਵਿਰੋਧ ਕੀਤਾ ਗਿਆ। ਮਾਸਟਰ ਤਾਰਾ ਸਿੰਘ ਨੇ ਸਿਫਾਰਸ਼ਾਂ ਨੂੰ 'ਸਿੱਖਾਂ ਦੇ ਖਾਤਮੇ ਵਾਲਾ ਫੁਰਮਾਨ' ਕਹਿ ਕੇ ਰੱਦ ਕਰ ਦਿੱਤਾ।[42] 1955 ਵਿਚ ਅੰਮ੍ਰਿਤਸਰ ਵਿਖੇ ਹੋਈ ਸਰਵ-ਪਾਰਟੀ ਸਿੱਖ ਕਨਵੈਨਸ਼ਨ ਵਿਚ ਬੋਲਦਿਆਂ ਹੋਇਆ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ "ਕਮਿਸ਼ਨ ਨੇ ਸਿੱਖਾਂ ਨਾਲ ਨਿਆਂ ਨਹੀਂ ਕੀਤਾ। ਕਮਿਸ਼ਨ ਦੀਆਂ ਸਿਫਾਰਸ਼ਾਂ ਨੇ ਸਿੱਖਾਂ ਨੂੰ ਹਮਲਾਵਰ ਅਤੇ ਸੰਪਰਦਾਇਕ ਹਿੰਦੂਆਂ ਦੀ ਗੁਲਾਮੀ ਵੱਲ ਧੱਕ ਦਿੱਤਾ ਹੈ"।[43] ਸਿੱਖਾਂ ਦੀ ਨਰਾਜਗੀ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਦੁਆਰਾ ਮਾਰਚ 1956 ਵਿਚ 'ਖੇਤਰੀ ਫਾਰਮੂਲਾ' ਲਿਆਂਦਾ ਗਿਆ। ਇਸ ਫਾਰਮੂਲੇ ਦੇ ਤਹਿਤ ਭਾਸ਼ਾਈ ਸਮੱਸਿਆ ਨੂੰ ਸੁਲਝਾਉਣ ਲਈ ਵਿਵਸਥਾ ਕੀਤੀ ਗਈ ਕਿ ਪੰਜਾਬ ਦੇ ਪੰਜਾਬੀ ਬੋਲਣ ਵਾਲੇ ਖੇਤਰਾਂ ਵਿਚ ਪੰਜਾਬੀ ਭਾਸ਼ਾ ਹੀ ਸਿੱਖਿਆ ਦਾ ਮਾਧਿਅਮ ਹੋਵੇਗੀ। ਕੱਟੜ ਹਿੰਦੂ ਸੰਗਠਨਾਂ ਨੇ ਇਸ ਭਾਸ਼ਾਈ ਵਿਵਸਥਾ ਦਾ ਜ਼ਬਰਦਸਤ ਵਿਰੋਧ ਕੀਤਾ। ਹਿੰਦੂ ਸੰਗਠਨਾਂ ਦੁਅਰਾ ਸਥਾਪਿਤ ਮਹਾਂ ਪੰਜਾਬ ਸਮਿਤੀ ਨੇ ਪੰਜਾਬੀ ਹਿੰਦੂਆਂ ਨੂੰ ਭੜਕਾਉਣ ਲਈ 'ਹਿੰਦੀ ਖ਼ਤਰੇ ਵਿਚ ਹੈ' ਦਾ ਨਾਅਰਾ ਦਿੱਤਾ।[44] 1957 ਵਿਚ ਰਾਸ਼ਟਰੀ ਸੋਇਮ ਸੇਵਕ ਸੰਘ, ਆਰੀਆ ਸਮਾਜ, ਹਿੰਦੂ ਮਹਾਂ ਸਭਾ ਅਤੇ ਜਨ ਸੰਘ-ਦੁਆਰਾ ਹਿੰਦੀ ਰੱਖਿਆ ਸਮਿਤੀ ਦੀ ਸਥਾਪਨਾ ਕਰਕੇ 'ਹਿੰਦੀ ਬਚਾਉ ਅੰਦੋਲਨ' ਸ਼ੁਰੂ ਕੀਤਾ ਗਿਆ। ਅੰਦੋਲਨ ਦੌਰਾਨ ਪੰਜਾਬੀ ਭਾਸ਼ਾ ਦੇ ਖਿਲਾਫ਼ ਅਪਮਾਨਜਨਕ ਅਤੇ ਭੱਦੀ ਸ਼ਬਦਾਵਲੀ ਵਰਤੀ ਗਈ। 'ੳ, ਅ ਨਹੀਂ ਪੜ੍ਹੇਂਗੇ, ਗੰਦੀ ਭਾਸ਼ਾ ਨਹੀਂ ਪੜ੍ਹੇਂਗੇ' ਵਰਗੇ ਸ਼ਬਦ ਵਰਤੇ ਗਏ।[45] ਭਾਸ਼ਾ ਦੇ ਨਾਲ-ਨਾਲ ਸਿੱਖ ਧਰਮ ਦਾ ਵੀ ਮਜ਼ਾਕ ਉਡਾਇਆ ਗਿਆ। 'ਕੱਛ ਕੜਾ ਕਿਰਪਾਨ, ਧੱਕ ਦਿਆਂਗੇ ਪਾਕਿਸਤਾਨ' ਵਰਗੇ ਸਿੱਖ ਵਿਰੋਧੀ ਨਾਅਰੇ ਲਗਾਏ ਗਏ।[46] ਜਗਾਦਰੀ ਦੇ ਹਿੰਦੂ ਲੀਡਰ ਸੋਹਣ ਲਾਲ ਤਿਵਾੜੀ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਜੇਕਰ ਸਿੱਖਾਂ ਨੇ ਹਿੰਦੁਸਤਾਨ ਵਿਚ ਰਹਿਣਾ ਹੈ ਤਾਂ ਉਨ੍ਹਾਂ ਨੂੰ ਕੇਸ ਕਟਵਾ ਕੇ ਹਿੰਦੂਆਂ ਦੀ ਤਰ੍ਹਾਂ ਰਹਿਣਾ ਪਵੇਗਾ।[47]

ਇਸ ਸਮੇਂ ਦੌਰਾਨ ਪੰਜਾਬ ਦੇ ਕਈ ਸ਼ਹਿਰਾਂ ਵਿਚ ਸਿੱਖ ਗੁਰਦੁਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ। ਜੁਲਾਈ 1957 ਵਿਚ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਸਿਗਰਟਾਂ ਅਤੇ ਬੀੜੀਆਂ ਸੁੱਟੀਆਂ ਗਈਆ। ਇਸ ਤੋਂ ਇਕ ਮਹੀਨੇ ਬਾਅਦ ਅੰਮ੍ਰਿਤਸਰ ਦੇ ਚਾਟੀਵਿੰਡ ਗੇਟ ਨੇੜੇ ਚੌਂਕ ਲਛਮਣਸਰ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਰੇ ਹੋਏ ਮਿਲੇ। ਬੇਅਦਬੀ ਦੀਆਂ ਅਜਿਹੀਆਂ ਘਟਨਾਵਾਂ ਪਟਿਆਲਾ ਅਤੇ ਹਿਸਾਰ ਵਿਚ ਵੀ ਵੇਖਣ ਨੂੰ ਮਿਲੀਆ।[48] ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਵਿਰੋਧੀ ਗਤੀਵਿਧੀਆਂ ਵਿਚ ਵਾਧਾ ਹੁੰਦਾ ਦੇਖਕੇ ਅਕਾਲੀ ਦਲ ਦੁਆਰਾ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ ਗਿਆ। ਅਕਾਲੀ ਦਲ ਦੁਆਰਾ 22 ਮਈ 1960 ਨੂੰ ਅੰਮ੍ਰਿਤਸਰ ਵਿਖੇ ਪੰਜਾਬੀ ਸੂਬਾ ਕਨਵੈਨਸ਼ਨ ਬੁਲਾਈ ਗਈ। ਇਸ ਕਨਵੈਨਸ਼ਨ ਵਿਚ ਬੋਲਦਿਆਂ ਹੋਇਆਂ ਮਾਸਟਰ ਤਾਰਾ

ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਕੌਮ ਦੇ ਮਾਣ ਸਤਿਕਾਰ ਅਤੇ ਆਜ਼ਾਦੀ ਨੂੰ ਕਾਇਮ ਰੱਖਣ ਲਈ ਆਪਣੇ ਸਿਰ ਤਲੀ ਤੇ ਰੱਖ ਲੈਣ। ਉਸਨੇ ਕਿਹਾ ਕਿ ਇਹ ਪੰਜਾਬੀ ਸੂਬੇ ਦੀ ਲੜਾਈ ਨਹੀਂ ਹੈ, ਇਹ ਤਾਂ ਪੰਥ ਦੀ ਹੋਂਦ ਦੀ ਲੜਾਈ ਹੈ। ਉਸਨੇ ਬੁੱਧ ਧਰਮ ਦੀ ਉਦਾਹਰਨ ਦਿੰਦਿਆਂ ਹੋਇਆ ਕਿਹਾ ਕਿ ਇਕ ਸਮਾਂ ਸੀ ਜਦੋਂ ਇਹ ਧਰਮ ਹਿੰਦੁਸਤਾਨ ਦੇ ਹਰ ਕੋਨੇ ਵਿਚ ਫੈਲਿਆ ਹੋਇਆ ਸੀ, ਪਰੰਤੂ ਹਿੰਦੂਆਂ ਹੱਥੋਂ ਯੁੱਧਾਂ ਵਿਚ ਹੋਈਆਂ ਲਗਾਤਾਰ ਹਾਰਾਂ ਦੇ ਕਾਰਨ ਇਹ ਧਰਮ ਹਿੰਦੁਸਤਾਨ ਵਿਚੋਂ ਅਲੋਪ ਹੋ ਗਿਆ। ਅੱਜ ਸਾਨੂੰ ਸਿੱਖਾਂ ਨੂੰ ਵੀ ਹਿੰਦੂਆਂ ਹੱਥੋਂ ਬਚਾਉਣ ਲਈ ਜੂਝਣਾ ਪਵੇਗਾ।[49] 1960 ਵਿਚ ਪੰਜਾਬੀ ਸੂਬਾ ਮੋਰਚਾ ਦੌਰਾਨ ਦਿੱਲੀ ਵਿਖੇ ਸਿੱਖ ਸੰਗਤ ਨੂੰ ਸੰਬੋਧਨ ਕਰਦੇ ਹੋਏ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਸਿੱਖ ਧਰਮ ਦੀ ਰੱਖਿਆ ਲਈ ਸੱਤਾ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ।ਇਹ ਤਾਂ ਹੀ ਸੰਭਵ ਹੈ ਜੇਕਰ ਸਿੱਖ ਬਹੁਮਤ ਵਾਲਾ ਖੇਤਰ ਪੰਜਾਬੀ ਸੂਬਾ ਲਿਆ ਜਾਵੇ। ਉਸਨੇ ਕਿਹਾ ਕਿ ਸੰਪਰਦਾਇਕ ਬਿਰਤੀ ਵਾਲੇ ਹਿੰਦੂ ਸਿੱਖ ਪੰਥ ਨੂੰ ਖ਼ਤਮ ਕਰਨ ਤੇ ਤੁਲੇ ਹੋਏ ਹਨ।[50] ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸਿੱਖ ਸੰਘਰਸ਼ ਨੂੰ ਧਰਮ ਯੁੱਧ ਦਾ ਨਾਮ ਦਿੱਤਾ।

ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਦਾ ਕੱਟੜ ਵਿਰੋਧੀ ਸੀ। ਉਹ ਪੰਜਾਬੀ ਸੂਬੇ ਦੀ ਮੰਗ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਮੰਨਦਾ ਸੀ।15 ਅਗਸਤ 1960 ਨੂੰ ਆਜ਼ਾਦੀ ਦਿਹਾੜੇ ਤੇ ਬੋਲਦਿਆਂ ਹੋਇਆ ਉਸਨੇ ਪੰਜਾਬੀ ਸੂਬਾ ਮੋਰਚਾ ਨੂੰ 'ਤਮਾਸ਼ਾ' ਕਹਿ ਕੇ ਸੰਬੋਧਿਤ ਕੀਤਾ।[51] ਨਵੰਬਰ 1960 ਵਿਚ ਰੁਦਰਪੁਰ (ਉੱਤਰ ਪ੍ਰਦੇਸ਼) ਵਿਖੇ ਖੇਤੀਬਾੜੀ ਯੂਨੀਵਰਸਿਟੀ ਦੇ ਉਦਘਾਟਨ ਸਮਾਰੋਹ ਵਿਚ ਜਦੋਂ ਨਹਿਰੂ ਭਾਸ਼ਣ ਦੇ ਰਿਹਾ ਸੀ ਤਾਂ ਕੁਝ ਸਿੱਖਾਂ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਤੇ ਨਹਿਰੂ ਭੜਕ ਪਿਆ। ਉਸਨੇ ਸਿੱਖਾਂ ਤੇ ਤੰਜ ਕਸਦੇ ਹੋਏ ਕਿਹਾ ਕਿ "ਪੰਜਾਬੀ ਸੂਬਾ ਪਾਕਿਸਤਾਨ ਵਿਚ ਰਹਿ ਗਿਆ ਹੈ, ਜਾਓ ਉਥੋਂ ਆਪਣਾ ਪੰਜਾਬੀ ਸੂਬਾ ਲੈ ਲਵੋ, ਇਥੇ ਕੀ ਕਰ ਰਹੇ ਹੋ?"[52] ਸਿੱਖ ਸੰਸਥਾ ਚੀਫ਼ ਖਾਲਸਾ ਦੀਵਾਨ ਵੱਲੋਂ 24 ਨਵੰਬਰ 1960 ਨੂੰ ਇਕ ਮਤਾ ਪਾਸ ਕਰਕੇ ਨਹਿਰੂ ਦੀ ਅਜਿਹੀ ਸ਼ਬਦਾਵਲੀ ਦੀ ਨਿੰਦਾ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਦਾ ਅਜਿਹਾ ਵਤੀਰਾ ਸਿੱਖਾਂ ਦੇ ਜ਼ਖ਼ਮਾਂ ਉੱਪਰ ਲੂਣ ਛਿੜਕਣ ਦੇ ਬਰਾਬਰ ਹੈ। ਮਤੇ ਵਿਚ ਜ਼ੋਰ ਦੇ ਕੇ ਕਿਹਾ ਗਿਆ ਕਿ ਪੰਜਾਬੀ ਸੂਬਾ ਲੈਣਾ ਸਿੱਖਾਂ ਦਾ ਸੰਵਿਧਾਨਕ ਹੱਕ ਹੈ।[53]

ਪੰਜਾਬੀ ਸੂਬਾ ਮੋਰਚੇ ਦੌਰਾਨ ਮਾਸਟਰ ਤਾਰਾ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਮੋਰਚੇ ਦੀ ਕਮਾਨ ਸੰਤ ਫ਼ਤਹਿ ਸਿੰਘ ਦੇ ਹੱਥਾਂ ਵਿਚ ਆ ਗਈ। ਸੰਤ ਫ਼ਤਹਿ ਸਿੰਘ ਨੇ ਸਿੱਖ ਕੌਮ ਨੂੰ ਖਬਰਦਾਰ ਕਰਦੇ ਹੋਏ ਕਿਹਾ ਕਿ 'ਪੰਥ ਖ਼ਤਰੇ ਵਿਚ ਹੈ' ਅਤੇ ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਬਿਨ੍ਹਾਂ ਸਿੱਖ ਪੰਥ ਦੀ ਰੱਖਿਆ ਨਹੀਂ ਹੋ ਸਕਦੀ।[54] ਇੱਥੇ ਇਹ ਵਰਣਨਯੋਗ ਹੈ ਕਿ ਸੰਤ ਫ਼ਤਹਿ ਸਿੰਘ ਦੀ ਪੰਜਾਬੀ ਸੂਬੇ ਦੀ ਮੰਗ ਦਾ ਆਧਾਰ ਭਾਸ਼ਾ ਸੀ ਜਦਕਿ ਮਾਸਟਰ ਤਾਰਾ ਸਿੰਘ ਦੀ ਮੰਗ ਦਾ ਆਧਾਰ ਧਰਮ ਸੀ। ਸੰਤ ਫ਼ਤਹਿ ਸਿੰਘ ਨੇ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਸਿੱਖਾਂ ਨੂੰ ਪੰਜਾਬੀ ਭਾਸ਼ਾ ਬੋਲਣ ਵਾਲਾ ਸੂਬਾ ਚਾਹੀਦਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਸੂਬੇ ਵਿਚ ਸਿੱਖ ਬਹੁਮਤ ਵਿਚ ਹਨ ਜਾਂ ਘੱਟ ਗਿਣਤੀ ਵਿਚ।[55] ਅਸਲ ਵਿਚ ਸੰਤ ਫਤਹਿ ਸਿੰਘ ਜਾਣਦਾ ਸੀ ਕਿ ਜੇਕਰ ਭਾਸ਼ਾ ਦੇ ਅਧਾਰ ਤੇ ਵੀ ਪੰਜਾਬੀ ਸੂਬਾ ਬਣਦਾ ਹੈ ਤਾਂ ਵੀ ਸਿੱਖ ਬਹੁਮਤ ਵਿਚ ਆਉਣਗੇ। ਕਾਰਨ ਇਹ ਸੀ ਕਿ ਜਦੋਂ ਸੱਚਰ ਫਾਰਮੂਲੇ (1949) ਦੇ ਤਹਿਤ ਪੰਜਾਬ 'ਪੰਜਾਬੀ ਅਤੇ ਹਿੰਦੀ ਬੋਲਣ ਵਾਲੇ ਦੋ ਖੇਤਰਾਂ ਵਿਚ ਵੰਡਿਆ ਗਿਆ ਸੀ ਤਾਂ ਪੰਜਾਬੀ ਬੋਲਣ ਵਾਲੇ ਖੇਤਰ ਵਿਚ ਸਿੱਖ ਬਹੁਮਤ ਵਿਚ ਆ ਗਏ ਸਨ।

ਪੰਜਾਬੀ ਸੂਬਾ ਮੋਰਚਾ ਨੂੰ ਸਿੱਖ ਕੌਮ ਵੱਲੋਂ ਜ਼ਬਰਦਸਤ ਸਮਰਥਨ ਮਿਲਿਆ। ਤਕਰੀਬਨ 50,000 ਸਿੱਖ ਇਸ ਮੋਰਚੇ ਦੌਰਾਨ ਜੇਲ੍ਹ ਗਏ। ਸਿੱਖ ਕੌਮ ਦੇ ਉਤਸ਼ਾਹ ਨੂੰ ਦੇਖਦਿਆ ਹੋਇਆ 7 ਜਨਵਰੀ 1961 ਨੂੰ ਪ੍ਰਧਾਨ ਮੰਤਰੀ ਨਹਿਰੂ ਨੇ ਬਿਆਨ ਦਿੱਤਾ ਕਿ "ਪੰਜਾਬੀ ਹੀ ਪੰਜਾਬ ਦੀ ਮੁੱਖ ਭਾਸ਼ਾ ਹੈ ਅਤੇ ਇਸ ਨੂੰ ਹਰ ਹਾਲਤ ਵਿਚ ਉਤਸ਼ਾਹਿਤ ਕੀਤੇ ਜਾਣ ਦੀ ਲੋੜ ਹੈ।"[56] ਨਹਿਰੂ ਦੇ ਬਿਆਨ ਦਾ ਮਾਸਟਰ ਤਾਰਾ ਸਿੰਘ ਵਲੋਂ ਸੁਆਗਤ ਕੀਤਾ ਗਿਆ ਅਤੇ ਉਸਨੇ ਸੰਤ ਫ਼ਤਹਿ ਸਿੰਘ ਨੂੰ ਮੋਰਚਾ ਖ਼ਤਮ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ ਦੇ ਇਸ ਫੈਸਲੇ ਨੂੰ ਲੈ ਕੇ ਸਿੱਖ ਸੰਗਤਾਂ ਦੇ ਮਨ੍ਹਾਂ ਅੰਦਰ ਰੋਹ ਪੈਦਾ ਹੋ ਗਿਆ ਕਿਉਂਕਿ ਮੋਰਚੇ ਦੀ ਸਮਾਪਤੀ ਦਾ ਐਲਾਨ ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਬਿਨਾਂ ਹੀ ਕਰ ਦਿੱਤਾ ਗਿਆ ਸੀ।ਇਹ ਰੋਹ ਇਨ੍ਹਾਂ ਜਿਆਦਾ ਸੀ ਕਿ 13 ਜਨਵਰੀ 1961 ਨੂੰ ਮੁਕਤਸਰ ਸ਼ਹਿਰ ਵਿਖੇ ਮਾਘੀ ਮੇਲੇ ਦੌਰਾਨ ਸਿੱਖ ਸੰਗਤਾਂ ਦੁਆਰਾ ਮਾਸਟਰ ਤਾਰਾ ਸਿੰਘ ਨੂੰ ਸਟੇਜ ਤੇ ਬੋਲਣ ਨਹੀਂ ਦਿੱਤਾ ਗਿਆ।[57]

ਪੰਜਾਬੀ ਸੂਬਾ ਮੋਰਚੇ ਨੂੰ ਅਸਫ਼ਲ ਕਰਨ ਤੋਂ ਬਾਅਦ ਨਹਿਰੂ ਨੇ ਅਕਾਲੀ ਲੀਡਰਸ਼ਿਪ ਦਰਮਿਆਨ ਫੁੱਟ

ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਪੰਜਾਬੀ ਸੂਬੇ ਦੀ ਪ੍ਰਪਤੀ ਲਈ ਅਕਾਲੀ ਦਲ ਦੇ ਸੰਘਰਸ਼ ਨੂੰ ਕਮਜ਼ੋਰ ਕੀਤਾ ਜਾ ਸਕੇ।ਉਸਨੇ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਸੰਤ ਫ਼ਤਹਿ ਸਿੰਘ ਨੂੰ ਜ਼ਿਆਦਾ ਮਹੱਤਵ ਦੇਣਾ ਸ਼ੁਰੂ ਕਰ ਦਿੱਤਾ, ਪ੍ਰੰਤੂ ਸੰਤ ਫਤਿਹ ਸਿੰਘ ਨਹਿਰੂ ਦੀ ਚਾਲ ਨੂੰ ਸਮਝਦਾ ਸੀ। 8 ਫਰਵਰੀ 1961 ਨੂੰ ਦਿੱਲੀ ਵਿਖੇ ਸੰਤ ਫ਼ਤਹਿ ਸਿੰਘ ਨਾਲ ਮੀਟਿੰਗ ਦੌਰਾਨ ਉਸਨੇ ਸੰਤ ਨੂੰ ਕਿਹਾ ਕਿ ਉਹ ਮਾਸਟਰ ਤਾਰਾ ਸਿੰਘ ਦੀ ਸਿੱਖ ਬਹੁਮਤ ਵਾਲੇ ਪੰਜਾਬੀ ਸੂਬੇ ਦੀ ਮੰਗ ਨਾਲ ਸਹਿਮਤ ਨਹੀਂ ਹੈ। ਕਿਉਂਕਿ ਅਜਿਹੀ ਮੰਗ ਮੰਨਣ ਦੇ ਨਾਲ ਇਕ ਤਾਂ ਪੰਜਾਬ ਵਿਚ ਹਿੰਦੂ ਘੱਟ ਗਿਣਤੀ ਵਿਚ ਰਹਿ ਜਾਣਗੇ ਅਤੇ ਦੂਸਰਾ ਭਾਰਤ ਦੇ ਹੋਰਨਾਂ ਰਾਜਾਂ ਵਿਚ ਰਹਿਣ ਵਾਲੇ ਸਿੱਖਾਂ ਨੂੰ ਉਥੋਂ ਦੇ ਹਿੰਦੂ ਓਪਰੀ ਨਜ਼ਰ ਨਾਲ ਦੇਖਣਗੇ।[58] ਸੰਤ ਫ਼ਤਹਿ ਸਿੰਘ ਨਹਿਰੂ ਦੀ ਇਸ ਦਲੀਲ ਨਾਲ ਬਿਲਕੁੱਲ ਸਹਿਮਤ ਨਹੀਂ ਸੀ। ਉਸ ਨੇ ਨਹਿਰੂ ਨੂੰ ਉੱਤਰ ਦਿੱਤਾ ਕਿ ਜੇਕਰ ਸਿੱਖ ਅਮਰੀਕਾ, ਕੈਨੇਡਾ ਅਤੇ ਕਾਬਲ ਵਿਚ ਰਹਿ ਸਕਦੇ ਹਨ ਤਾਂ ਉਹ ਹਿੰਦੁਸਤਾਨ ਦੇ ਹੋਰਨਾਂ ਰਾਜਾਂ ਵਿਚ ਕਿਉਂ ਨਹੀਂ ਰਹਿ ਸਕਦੇ।[59]

ਪੰਜਾਬੀ ਸੂਬੇ ਦੀ ਸਥਾਪਨਾ ਦੀ ਸੰਭਾਵਨਾ ਨੂੰ ਅਸਫ਼ਲ ਬਨਾਉਣ ਲਈ ਇਕ ਵਾਰ ਫੇਰ ਆਰੀਆ ਸਮਾਜੀ ਲੀਡਰਾਂ ਨੇ 1961 ਦੀ ਜਨਗਣਨਾ ਦੌਰਾਨ ਪ੍ਰਚਾਰ ਰਾਹੀਂ ਪੰਜਾਬੀ ਹਿੰਦੂਆਂ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਆਪਣੀ ਮਾਂ ਬੋਲੀ ਹਿੰਦੀ ਲਿਖਵਾਉਣ। ਆਰੀਆ ਸਮਾਜ ਦੇ ਪ੍ਰਭਾਵ ਹੇਠਾਂ ਆ ਕੇ ਪੰਜਾਬ ਦੇ ਹਿੰਦੂਆਂ ਨੇ ਵੱਡੇ ਪੱਧਰ ਤੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਘਟ ਕੇ 41% ਰਹਿ ਗਈ।[60] ਪੰਜਾਬੀ ਹਿੰਦੂਆਂ ਦਾ ਇਹ ਫੈਸਲਾ ਮਾਂ ਬੋਲੀ ਪੰਜਾਬੀ ਨਾਲ ਵਿਸਾਹਘਾਤ ਸੀ ਕਿਉਂਕਿ ਦੇਖਿਆ ਗਿਆ ਹੈ ਕਿ ਅਕਸਰ ਪੰਜਾਬੀ ਹਿੰਦੂ ਪੰਜਾਬੀ ਬੋਲਦੇ ਹਨ। ਮਾਸਟਰ ਤਾਰਾ ਸਿੰਘ ਨੇ ਆਰੀਆ ਸਮਾਜ ਦੇ ਅਜਿਹੇ ਪ੍ਰਚਾਰ ਨੂੰ ਸਿੱਖ ਸੱਭਿਆਚਾਰ ਅਤੇ ਸਿੱਖ ਧਰਮ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਉਸਨੇ ਜ਼ੋਰ ਦੇ ਕੇ ਕਿਹਾ ਕਿ ਰਾਜਨੀਤਕ ਸੱਤਾ ਉਪਰ ਕਾਬਜ ਹੋਣ ਤੋਂ ਬਿਨਾਂ ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਉਸ ਦਾ ਵਿਚਾਰ ਸੀ ਕਿ ਰਾਜਨੀਤਕ ਸ਼ਕਤੀ ਦੀ ਅਣਹੋਂਦ ਵਿਚ ਸਿੱਖ ਆਪਣੇ ਬਾਹਰੀ ਚਿੰਨ੍ਹਾਂ ਦੀ ਰੱਖਿਆ ਨਹੀਂ ਕਰ ਸਕਣਗੇ ਅਤੇ ਹੌਲੀ-ਹੌਲੀ ਹਿੰਦੂ ਧਰਮ ਵਿਚ ਜਜ਼ਬ ਹੋ ਜਾਣਗੇ।[61] ਮਾਸਟਰ ਜੀ ਨੇ ਸਾਫ਼ ਸ਼ਬਦਾਂ ਵਿਚ ਕਿਹਾ ਕਿ "ਪੰਜਾਬੀ ਸੂਬੇ ਦੀ ਮੰਗ ਪਿੱਛੇ ਉਸਦਾ ਅਸਲ ਮਕਸਦ ਸਿੱਖ ਧਰਮ ਦੀ ਰੱਖਿਆ ਅਤੇ ਸਿੱਖਾਂ ਦੀ ਰਾਜਨੀਤਕ ਸਥਿਤੀ ਵਿਚ ਸੁਧਾਰ ਕਰਨਾ ਹੈ, ਭਾਸ਼ਾ ਤਾਂ ਸਿਰਫ਼ ਦਿਖਾਵਾ ਹੈ। ਉਸਨੇ ਕਿਹਾ ਕਿ ਤੁਸੀਂ ਪੰਜਾਬੀ ਨੂੰ ਸਾਰੇ ਭਾਰਤ ਦੀ ਭਾਸ਼ਾ ਐਲਾਨ ਦਿਉ, ਕੀ ਇਸ ਨਾਲ ਸਿੱਖਾਂ ਦੀ ਸਥਿਤੀ ਵਿਚ ਸੁਧਾਰ ਹੋ ਜਾਵੇਗਾ?"[62] ਮਾਸਟਰ ਤਾਰਾ ਸਿੰਘ ਨੇ ਧਮਕੀ ਦਿੱਤੀ ਕਿ ਉਹ ਸਿੱਖਾਂ ਦਾ ਮਸਲਾ ਸੰਯੁਕਤ ਰਾਸ਼ਟਰ ਸੰਘ ਵਿਚ ਲੈ ਕੇ ਜਾਵੇਗਾ। ਉਸਨੇ ਸਿੱਖਾਂ ਦੀ ਮੌਜੂਦਾ ਸਥਿਤੀ ਤੇ ਪਛਤਾਂਉਦਿਆਂ ਹੋਇਆ ਕਿਹਾ ਕਿ "ਹਿੰਦੂਆਂ ਨੂੰ ਹਿੰਦੁਸਤਾਨ ਮਿਲ ਗਿਆ ਹੈ ਅਤੇ ਮੁਸਲਮਾਨਾਂ ਨੂੰ ਪਾਕਿਸਤਾਨ, ਸਿੱਖਾਂ ਨੂੰ ਕੀ ਮਿਲਿਆ?"[63]

ਸਮਾਂ ਬੀਤਣ ਦੇ ਨਾਲ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਹਿ ਸਿੰਘ ਦਰਮਿਆਨ ਮਤਭੇਦ ਉੱਭਰ ਕੇ ਸਾਹਮਣੇ ਆਏ ਜਿਸ ਕਾਰਨ 22 ਜੁਲਾਈ 1962 ਨੂੰ ਅਕਾਲੀ ਦਲ ਦੋ ਧੜਿਆਂ ਵਿਚ ਵੰਡਿਆ ਗਿਆ। ਇਕ ਧੜਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ (ਮਾਸਟਰ) ਸੀ ਅਤੇ ਦੂਸਰਾ ਧੜਾ ਸੰਤ ਫ਼ਤਹਿ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ (ਸੰਤ) ਸੀ।ਅਕਾਲੀ ਦਲ ਦੇ ਅੰਦਰ ਪੈਦਾ ਹੋਈ ਧੜੇਬੰਦੀ ਦੇ ਬਾਵਜੂਦ ਵੀ ਪੰਜਾਬੀ ਸੂਬੇ ਦੀ ਪ੍ਰਾਪਤੀ ਵਾਸਤੇ ਸੰਘਰਸ਼ ਕਮਜ਼ੋਰ ਨਹੀ ਹੋਇਆ। ਦੋਹਾਂ ਅਕਾਲੀ ਲੀਡਰਾਂ ਵਲੋਂ ਪਹਿਲਾ ਵਾਂਗ ਹੀ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਉਤਸ਼ਾਹਪੂਰਵਕ ਜਾਰੀ ਰੱਖਿਆ ਗਿਆ।1964 ਵਿਚ ਪ੍ਰਧਾਨ ਮੰਤਰੀ ਨਹਿਰੂ ਦੀ ਮੌਤ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੁਆਰਾ ਅਸਤੀਫ਼ਾ ਦੇਣ ਨਾਲ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮਾਹੌਲ ਸੁਖਾਵਾਂ ਹੋ ਗਿਆ।

## ਕੇਂਦਰ ਸਰਕਾਰ ਦੁਆਰਾ ਪੰਜਾਬੀ ਸੂਬੇ ਦਾ ਗਠਨ

ਮਈ 1965 ਵਿਚ ਅਕਾਲੀ ਦਲ (ਮਾਸਟਰ) ਦੁਆਰਾ ਲੁਧਿਆਣਾ ਵਿਖੇ ਕੀਤੀ ਹਰੀ ਸਿੰਘ ਨਲੂਆ ਕਾਨਫਰੰਸ ਵਿਚ ਮਤਾ ਪਾਸ ਕਰਕੇ ਸਿੱਖਾਂ ਦੇ ਲਈ ਆਤਮ-ਨਿਰਣੇ ਦੇ ਅਧਿਕਾਰ ਦੀ ਮੰਗ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਸਿੱਖ ਭਾਰਤ ਦੀ ਸਾਂਝੀ ਰਾਸ਼ਟਰੀਅਤਾ ਵਿਚ ਇਸ ਸ਼ਰਤ ਤੇ ਸ਼ਾਮਿਲ ਹੋਏ ਸਨ ਕਿ ਹਿੰਦੁਸਤਾਨ ਦੇ ਰਾਜ ਭਾਗ ਵਿਚ ਉਹ ਵੀ ਬਰਾਬਰ ਦੇ ਭਾਈਵਾਲ ਹੋਣਗੇ। ਪ੍ਰੰਤੂ ਹੌਲੀ-ਹੌਲੀ ਸਿੱਖਾਂ ਨੂੰ ਰਾਜਨੀਤਕ ਤੌਰ 'ਤੇ ਕਮਜ਼ੋਰ ਕੀਤਾ ਜਾ ਰਿਹਾ ਹੈ।[64] ਸੰਤ ਫ਼ਤਹਿ ਸਿੰਘ ਨੇ ਵੀ ਅਗਸਤ 1965 ਵਿਚ ਐਲਾਨ

ਕਰ ਦਿੱਤਾ ਕਿ ਉਹ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ 10 ਸਤੰਬਰ ਤੋਂ ਮਰਨ ਵਰਤ ਰੱਖੇਗਾ। ਜੇਕਰ 15 ਦਿਨਾਂ ਤੱਕ ਉਹ ਜ਼ਿੰਦਾ ਰਿਹਾ ਤਾਂ ਬਾਅਦ ਵਿਚ ਆਪਣੇ ਆਪ ਨੂੰ ਅੱਗ ਦੇ ਹਵਾਲੇ ਕਰਕੇ ਜਿੰਦਾ ਜਲਾ ਦੇਵੇਗਾ। ਇਸ ਘਟਨਾਕ੍ਰਮ ਦੌਰਾਨ ਭਾਰਤ ਦਾ ਪਾਕਿਸਤਾਨ ਨਾਲ ਯੁੱਧ ਸ਼ੁਰੂ ਹੋ ਗਿਆ।ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼ ਤੇ ਸੰਕਟ ਆਇਆ ਹੈ, ਸਿੱਖ ਕੌਮ ਨੇ ਜਾਨ ਦੀ ਪਰਵਾਹ ਕੀਤੇ ਬਿਨਾਂ ਦੇਸ਼ ਦੇ ਹਿੱਤਾਂ ਦੀ ਰਾਖੀ ਕੀਤੀ ਹੈ। ਅਜਿਹੀ ਸੋਚ ਦੇ ਧਾਰਨੀ ਸੰਤ ਫ਼ਤਹਿ ਸਿੰਘ ਨੇ ਫੈਸਲਾ ਕੀਤਾ ਕਿ ਮਰਨ ਵਰਤ ਯੁੱਧ ਦੀ ਸਮਾਪਤੀ ਤੋਂ ਬਾਅਦ ਸ਼ੁਰੂ ਕੀਤਾ ਜਾਵੇਗਾ। ਭਾਰਤ-ਪਾਕਿਸਤਾਨ ਯੁੱਧ ਦੌਰਾਨ ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਸਿੱਖਾਂ ਨੇ ਭਾਰਤੀ ਸੈਨਾ ਦੀ ਹਰ ਸੰਭਵ ਮਦਦ ਕੀਤੀ। ਇਸ ਨਾਲ ਕੇਂਦਰ ਸਰਕਾਰ ਦਾ ਇਹ ਭਰਮ ਟੁੱਟ ਗਿਆ ਕਿ ਸਿੱਖ ਪੰਜਾਬੀ ਸੂਬਾ ਬਣਵਾ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਚੁਣੌਤੀ ਦੇ ਸਕਦੇ ਹਨ। ਸਿੱਖਾਂ ਦੀ ਦੇਸ਼ ਭਗਤੀ ਨੂੰ ਦੇਖਦਿਆਂ ਹੋਇਆ ਦੇਸ਼ ਦੇ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ 22 ਸਤੰਬਰ 1965 ਨੂੰ ਐਲਾਨ ਕੀਤਾ ਕਿ ਕੇਂਦਰ ਸਰਕਾਰ ਅਕਾਲੀਆਂ ਦੀ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਮੰਨਣ ਲਈ ਤਿਆਰ ਹੈ। ਪੰਜਾਬੀ ਸੂਬੇ ਦੇ ਮੁੱਦੇ ਤੇ ਵਿਚਾਰ ਚਰਚਾ ਕਰਨ ਲਈ ਇਕ ਤਿੰਨ ਮੈਂਬਰੀ ਸਬ-ਕਮੇਟੀ ਸਥਾਪਿਤ ਕੀਤੀ ਗਈ। ਇੰਦਰਾ ਗਾਂਧੀ, ਵਾਈ.ਬੀ.ਚਵਾਨ ਅਤੇ ਮਹਾਂਵੀਰ ਤਿਆਗੀ ਇਸ ਸਬ-ਕਮੇਟੀ ਦੇ ਮੈਂਬਰ ਸਨ। ਇਸ ਕਮੇਟੀ ਨੂੰ ਸਲਾਹ ਮਸ਼ਵਰਾ ਦੇਣ ਲਈ ਲੋਕ ਸਭਾ ਦੇ ਸਪੀਕਰ ਹੁਕਮ ਸਿੰਘ ਦੀ ਅਗਵਾਈ ਹੇਠ ਕੇਂਦਰ ਸਰਕਾਰ ਵਲੋਂ ਇਕ 21 ਮੈਂਬਰੀ ਸੰਸਦੀ ਕਮੇਟੀ ਦੀ ਸਥਾਪਨਾ ਵੀ ਕੀਤੀ ਗਈ। 9 ਮਾਰਚ 1966 ਨੂੰ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਵੀ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਕੇਂਦਰ ਸਰਕਾਰ ਦਾ ਇਹ ਫੈਸਲਾ ਕੱਟੜ ਸੋਚ ਵਾਲੇ ਹਿੰਦੂਆਂ ਨੂੰ ਪਸੰਦ ਨਹੀਂ ਆਇਆ। ਜਿਸ ਦਿਨ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੇ ਹੱਕ ਮਤਾ ਪਾਸ ਕੀਤਾ, ਉਸੇ ਦਿਨ ਜਨ ਸੰਘ ਦੇ ਪੰਜਾਬ ਯੂਨਿਟ ਦੇ ਜਨਰਲ ਸਕੱਤਰ ਯਗਦੱਤ ਸ਼ਰਮਾ ਨੇ ਪੰਜਾਬੀ ਸੂਬੇ ਦੀ ਸਥਾਪਨਾ ਦੇ ਖਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਜਿਵੇਂ ਅੰਮ੍ਰਿਤਸਰ, ਜਲੰਧਰ, ਹਿਸਾਰ, ਪਾਨੀਪਤ ਅਤੇ ਲੁਧਿਆਣੇ ਵਿਖੇ ਹਿੰਸਾ ਅਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ।[65] 15 ਮਾਰਚ 1966 ਨੂੰ ਸੰਪਰਦਾਇਕ ਹਿੰਦੂਆਂ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦੇ ਖਿਲਾਫ਼ ਤਿੰਨ ਕਾਂਗਰਸੀ ਵਰਕਰਾਂ ਨੂੰ ਜ਼ਿੰਦਾ ਜਲ੍ਹਾ ਦਿੱਤਾ।[66] ਦਿੱਲੀ ਵਿਖੇ ਕੁਝ ਸ਼ਰਾਰਤੀ ਹਿੰਦੂ ਅਨਸਰਾਂ ਦੁਆਰਾ ਸਿੱਖ ਗੁਰਦੁਆਰੇ ਉੱਪਰ ਪੱਥਰਬਾਜੀ ਕੀਤੀ ਗਈ ਅਤੇ ਸਿੱਖਾਂ ਦੀ ਸੰਪਤੀ ਵੀ ਲੁੱਟ ਲਈ।[67] ਸੰਸਦੀ ਕਮੇਟੀ ਵਿਚ ਬਹਿਸ ਦੌਰਾਨ ਜਨ ਸੰਘ ਦੇ ਲੀਡਰ ਅਟਲ ਬਿਹਾਰੀ ਵਾਜਪਾਈ ਵੱਲੋਂ ਪੰਜਾਬੀ ਸੂਬੇ ਦੀ ਸਥਾਪਨਾ ਦਾ ਵਿਰੋਧ ਕੀਤਾ ਗਿਆ।

ਵਿਰੋਧ ਦੇ ਬਾਵਜੂਦ ਸੰਸਦੀ ਕਮੇਟੀ ਨੇ 18 ਮਾਰਚ 1966 ਨੂੰ ਪੇਸ਼ ਕੀਤੀ ਆਪਣੀ ਰਿਪੋਰਟ ਵਿਚ ਪੰਜਾਬੀ ਸੂਬੇ ਦੀ ਸਥਾਪਨਾ ਦੀ ਸਿਫ਼ਾਰਿਸ਼ ਕਰ ਦਿੱਤੀ। ਰਿਪੋਰਟ ਵਿਚ ਕਿਹਾ ਗਿਆ ਕਿ ਪੰਜਾਬ ਦੇ ਲੋਕਾਂ ਅਤੇ ਦੇਸ਼ ਦੇ ਹਿੱਤ ਵਿਚ ਪੰਜਾਬ ਦਾ ਭਾਸ਼ਾ ਦੇ ਆਧਾਰ ਤੇ ਪੁਰਨਗਠਨ ਕਰ ਦਿੱਤਾ ਜਾਵੇ। ਕਮੇਟੀ ਨੇ ਸਿਫਾਰਿਸ਼ ਕੀਤੀ ਕਿ ਪੰਜਾਬ ਦੇ ਹਿੰਦੀ ਬੋਲਣ ਵਾਲੇ ਇਲਾਕੇ ਵੱਖ ਕਰਕੇ ਹਰਿਆਣਾ ਬਣਾ ਦਿੱਤਾ ਜਾਵੇ। ਪਹਾੜੀ ਇਲਾਕੇ ਜਿਹੜੇ ਭੂਗੋਲਿਕ ਅਤੇ ਸੱਭਿਆਚਾਰਕ ਤੌਰ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਹਿਮਾਚਲ ਪ੍ਰਦੇਸ਼ ਨਾਲ ਜੁੜੇ ਹਨ, ਹਿਮਾਚਲ ਨਾਲ ਮਿਲਾ ਦਿੱਤੇ ਜਾਣ ਅਤੇ ਬਾਕੀ ਪੰਜਾਬੀ ਬੋਲਣ ਵਾਲੇ ਇਲਾਕਿਆਂ ਨੂੰ ਮਿਲਾ ਕੇ ਪੰਜਾਬ ਨੂੰ ਇਕ ਭਾਸ਼ਾਈ ਰਾਜ ਬਣਾ ਦਿੱਤਾ ਜਾਵੇ।[68] ਕੇਂਦਰ ਸਰਕਾਰ ਦੁਆਰਾ ਸੰਸਦੀ ਕਮੇਟੀ ਦੀਆਂ ਸ਼ਿਫਾਰਿਸ਼ਾਂ ਨੂੰ ਪ੍ਰਵਾਨ ਕਰ ਲਿਆ ਗਿਆ। ਭਾਰਤ ਸਰਕਾਰ ਦੁਆਰਾ 23 ਅਪ੍ਰੈਲ 1966 ਨੂੰ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਲਈ ਤਿੰਨ ਮੈਂਬਰੀ ਹੱਦਬੰਦੀ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਜਸਟਿਸ ਜੇ.ਸੀ. ਸ਼ਾਹ ਇਸ ਕਮਿਸ਼ਨ ਦੇ ਚੇਅਰਮੈਨ ਅਤੇ ਸੂਬੀਮੱਲ ਦੱਤ ਅਤੇ ਐੱਮ.ਐੱਮ. ਫਿਲਿਪ ਇਸਦੇ ਦੋ ਹੋਰ ਮੈਂਬਰ ਸਨ। ਹੱਦਬੰਦੀ ਕਮਿਸ਼ਨ ਨੇ ਪੰਜਾਬੀ, ਹਿੰਦੀ ਅਤੇ ਪਹਾੜੀ ਇਲਾਕਿਆਂ ਦੀ ਪਛਾਣ ਕਰਕੇ ਪੰਜਾਬ ਰਾਜ ਦੇ ਪੁਨਰਗਠਨ ਸੰਬੰਧੀ ਆਪਣੀ ਰਿਪੋਰਟ 31 ਮਈ 1966 ਨੂੰ ਕੇਂਦਰ ਸਰਕਾਰ ਨੂੰ ਸੌਂਪ ਦਿੱਤੀ।ਰਿਪੋਰਟ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ-ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਕਪੂਰਥਲਾ, ਬਠਿੰਡਾ, ਜਲੰਧਰ, ਲੁਧਿਆਣਾ, ਫਿਰੋਜਪੁਰ, ਪਟਿਆਲਾ, ਜੀਂਦ ਅਤੇ ਨਿਰਵਾਣਾ ਤਹਿਸੀਲ ਨੂੰ ਛੱਡ ਕੇ ਸੰਗਰੂਰ ਜ਼ਿਲ੍ਹਾ ਅਤੇ ਅੰਬਾਲਾ ਜਿਲੇ ਦੀ ਰੋਪੜ ਤਹਿਸੀਲ ਨੂੰ ਮਿਲਾ ਕੇ ਇਕ ਭਾਸ਼ਾਈ ਪੰਜਾਬੀ ਸੂਬਾ ਬਨਾਉਣ ਦੀ ਸਿਫਾਰਿਸ਼ ਕੀਤੀ ਗਈ। ਕੇਂਦਰ ਸਰਕਾਰ ਦੁਆਰਾ ਬਿਨਾਂ ਕਿਸੇ ਦੇਰੀ ਦੇ ਪੰਜਾਬ ਰਾਜ ਪੁਨਰਗਠਨ ਬਿੱਲ ਤਿਆਰ ਕਰਕੇ 3 ਸਤੰਬਰ 1966 ਨੂੰ ਭਾਰਤੀ ਸੰਸਦ ਵਿਚ ਪੇਸ਼ ਕੀਤਾ ਗਿਆ। ਸੰਸਦ ਦੁਆਰਾ ਇਸ ਬਿੱਲ ਨੂੰ 18 ਸਤੰਬਰ 1966 ਨੂੰ ਪਾਸ ਕਰ ਦਿੱਤਾ ਗਿਆ। ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ 1 ਨਵੰਬਰ 1966 ਨੂੰ ਮੌਜੂਦਾ ਇਕ ਭਾਸ਼ਾਈ ਪੰਜਾਬੀ

ਸੂਬਾ ਹੋਂਦ ਵਿਚ ਆਇਆ। ਪੰਜਾਬ ਦੇ ਪੁਨਰਗਠਨ ਦੇ ਸਿੱਟੇ ਵਜੋਂ ਸਿੱਖ ਪੰਜਾਬ ਵਿਚ ਬਹੁਗਿਣਤੀ (60.22%) ਵਿਚ ਆ ਗਏ।ਸਿੱਖਾਂ ਦੀ ਪੰਜਾਬ ਵਿਚ ਬਹੁਗਿਣਤੀ ਸਥਾਪਿਤ ਹੋਣ ਨਾਲ ਅਕਾਲੀ ਦਲ, ਕਾਂਗਰਸ ਪਾਰਟੀ ਦੇ ਬਰਾਬਰ ਰਾਜ ਦੀ ਸੱਤਾ ਉੱਪਰ ਕਾਬਿਜ ਹੋਣ ਵਿਚ ਸਫਲ ਰਿਹਾ।

ਸੋ ਲੰਬੇ ਸੰਘਰਸ਼ ਤੋਂ ਬਾਅਦ ਅਕਾਲੀ ਦਲ ਭਾਰਤ ਅੰਦਰ ਸਿੱਖ ਬਹੁਮਤ ਵਾਲਾ ਸੂਬਾ ਪ੍ਰਾਪਤ ਕਰਨ ਵਿਚ ਕਾਮਯਾਬ ਹੋ ਗਿਆ। ਅਕਾਲੀ ਲੀਡਰਸ਼ਿਪ ਦਾ ਇਹ ਵਿਸ਼ਵਾਸ਼ ਸੀ ਕੀ ਸਿੱਖ ਬਹੁਮਤ ਵਾਲੇ ਪ੍ਰਾਂਤ ਤੋਂ ਬਿਨ੍ਹਾਂ ਸਿੱਖ ਕੌਮ ਰਾਜਨੀਤਕ ਸ਼ਕਤੀ ਉੱਪਰ ਕਾਬਜ ਨਹੀਂ ਹੋ ਸਕਦੀ। ਸਿੱਖ ਲੀਡਰਸ਼ਿਪ ਦੀਆਂ ਨਜ਼ਰਾਂ ਵਿਚ ਸਿੱਖ ਧਰਮ ਦੀ ਵੱਖਰੀ ਹੋਂਦ, ਸਿੱਖ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਦੀ ਰੱਖਿਆ ਅਤੇ ਸਿੱਖੀ ਰਵਾਇਤਾਂ ਅਤੇ ਪਰੰਪਰਾਵਾਂ ਦੀ ਰਾਖੀ ਲਈ ਸਿੱਖਾਂ ਕੋਲ ਰਾਜਨੀਤਕ ਸ਼ਕਤੀ ਹੋਣੀ ਬਹੁਤ ਜ਼ਰੂਰੀ ਸੀ। ਆਜ਼ਾਦ ਹਿੰਦੁਸਤਾਨ ਵਿਚ ਜਿੱਥੇ ਹੁਣ ਲੋਕਤੰਤਰੀ ਸ਼ਾਸ਼ਨ ਪ੍ਰਣਾਲੀ ਲਾਗੂ ਸੀ, ਉੱਥੇ ਰਾਜਨੀਤਕ ਸ਼ਕਤੀ ਪੰਜਾਬ ਵਿਚ, ਸਿੱਖਾਂ ਦੇ ਬਹੁਮਤ ਵਿਚ ਹੋਣ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਸੀ। ਕੱਟੜ ਹਿੰਦੂਵਾਦੀ ਤਾਕਤਾਂ ਦੁਆਰਾ ਪੰਜਾਬੀ ਸੂਬੇ ਦੀ ਮੰਗ ਦਾ ਜ਼ਬਰਦਸਤ ਵਿਰੋਧ ਕਰਕੇ ਹਰ ਸੰਭਵ ਕੋਸ਼ਿਸ਼ ਕੀਤੀ ਗਈ ਕਿ ਕੇਂਦਰ ਸਰਕਾਰ ਅਕਾਲੀ ਦਲ ਦੀ ਇਸ ਮੰਗ ਨੂੰ ਸਵੀਕਾਰ ਨਾ ਕਰੇ। ਪ੍ਰੰਤੂ ਸਿੱਖ ਪੰਥ ਦੀ ਵੱਖਰੀ ਹੋਂਦ ਨੂੰ ਕਾਇਮ ਰੱਖਣ ਲਈ ਸ਼ੁਰੂ ਕੀਤਾ ਗਿਆ ਇਹ ਸੰਘਰਸ਼ ਆਖਿਰ ਕੋਈ ਦੋ ਦਹਾਕੇ ਬਾਅਦ ਸਫਲ ਸਾਬਿਤ ਹੋਇਆ।


## ਹਵਾਲੇ ਤੇ ਟਿੱਪਣੀਆਂ


1. V.P. Menon, **The Transfer of Power In India**, New Jersey: Princeton University Press, 1957, pp.82-83.
2. ਜਸਵੰਤ ਸਿੰਘ, **ਮਾਸਟਰ ਤਾਰਾ ਸਿੰਘ: ਜੀਵਨ ਸੰਘਰਸ਼ ਤੇ ਉਦੇਸ਼**, ਅੰਮ੍ਰਿਤਸਰ: ਹਰਦਾਸ ਪ੍ਰਿੰਟਿਗ ਪ੍ਰੈੱਸ, 1972, ਪੇਜ਼. 151-152.
3. ਆਜ਼ਾਦ ਪੰਜਾਬ ਵਿਚ ਅੰਬਾਲਾ, ਜਲੰਧਰ ਅਤੇ ਲਾਹੌਰ ਡਿਵੀਜ਼ਨ, ਲਾਇਲਪੁਰ ਜ਼ਿਲ੍ਹਾ ਅਤੇ ਮਿੰਟਗੁਮਰੀ ਜ਼ਿਲ੍ਹੇ ਦੇ ਕੁਝ ਇਲਾਕੇ ਸ਼ਾਮਿਲ ਹੋਣੇ ਸਨ। For detail See K.C. Gulati, **The Akalis: Past and Present**, Delhi: Ashajanak Publications, 1974, p.93.
4. Satya M.Rai, **Partition of the Punjab**, Bombay: Asia Publishing House, 1965, p.37.
5. Indu Banga, **"Crisis of Sikh Politics:1940-47"**, in Joseph T.O Connell, et al., ed., **Sikh History and Religion in the Twentieth Century**, New Delhi : Manohar Publications, 1990, p. 242.
6. Menon, n.1, p.162.
7. Rajiv A. Kapur, Sikh Separatism : **The Politics of Faith**, London : Allen & Unwin, 1986, p.206.
8. Harcharan Singh Bajwa, **Fifty years of Punjab Politics (1920-1970)**, Chandigarh: Modern Publishers, 1979, p.69.
9. Harbans Singh, **The Heritage of The Sikhs, New Delhi** : Manohar Publications, 1994, p. 273.
10. Harjinder Singh Dilgeer, **Sikh History, Vol.5**, Belgium: The Sikh University Press, 2011, p.162.
11. Gur Rattan Pal Singh, **The Illustrated History of the Sikhs**, Chandigarh: Akal Printmatics, 1979, pp.87-88.
12. Menon, n.1, p.242.
13. Dilgeer, n.10, p.172.
14. ਕਪੂਰ ਸਿੰਘ, **ਸਾਚੀ ਸਾਖੀ**, ਅੰਮ੍ਰਿਤਸਰ: ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ,1993, ਪੇਜ਼. 229.

15. Dilgeer, n.10, p.197.
16. ਅਜੀਤ ਸਿੰਘ ਸਰਹੱਦੀ, **ਪੰਜਾਬੀ ਸੂਬੇ ਦੀ ਗਾਥਾ**, ਸਰਹਿੰਦ: ਲੋਕਗੀਤ ਪ੍ਰਕਾਸ਼ਨ,1992, ਪੇਜ਼. 159.
17. Sangat Singh, **The Sikhs in History**, New Delhi : Uncommon Books, 1999, p.259.
18. Singh, n.14, pp.201-202.
19. Khushwant Singh, **The Sikhs**, London: George Allen and Unwin, 1953, p.180.
20. Baldev Raj Nayar, **Minority Politics in the Punjab**, New Jersey: Princeton University Press, 1966, p. 98.
21. Khushwant Singh, **"Separatist Tendencies in Sikhism"**, in Khushwant Singh and Bipin Chandra, ed., Many Faces of Communalism, Chandigarh: CRRID Publications, 1985, p. 12.
22. Ganda Singh, **"Origin of the Hindu-Sikh Tensions in Punjab," The Punjab Past and Present**, Vol. XI, No. II, October 1977, p.326.
23. Kenneth W. Jones, **Arya Dharma**, New Delhi: Manohar Publications, 2006, p.208.
24. Surjit Singh Narang, "Ethnic Conflict in Minoritarian Mould: Case of Sikhs in Punjab", in Harchand Singh Bedi, ed., **The Sikhs in the New Century**, Amritsar: Khalsa College, 2001, p.85.
25. Madhu Sudan Mishra, **Politics of Regionalism in India with special reference to Punjab**, New Delhi: Deep & Deep Publications, 1988, p. 104.
26. Gurmit Singh, **History of Sikh Struggles, Vol.I,** New Delhi: Atlantic Publications, 1989, pp.85-86.
27. A.S. Narang, **Storm over the Sutlej**, New Delhi: Geetanjali Publishing House, 1983, p.115.
28. ਪ੍ਰਿੰਸੀਪਲ ਨਿਰੰਜਣ ਸਿੰਘ, **ਜੀਵਨ ਵਿਕਾਸ**, ਦਿੱਲੀ: ਨਵਯੁਗ ਪਬਲੀਸ਼ਰਸ, 1970, ਪੇਜ਼. 236.
29. P.M. Bakshi, **The Constitution of India**, New Delhi: Universal Law Publishing Co., 2005, p.62.
30. **Ajit** (Punjabi) 5 March 1984.
31. Kapur Singh, **Sikhism and The Sikhs**, Amritsar: Printwell, 2011, p.221.
32. ਗੁਰਬਚਨ ਸਿੰਘ, **ਸਿੱਖ ਕੌਮ ਨੇ ਸੰਵਿਧਾਨ ਰੱਦ ਕਿਉਂ ਕੀਤਾ**, ਅੰਮ੍ਰਿਤਸਰ: ਸ਼ਿਰੋਮਣੀ ਅਕਾਲੀ ਦਲ, ਐਨ. ਡੀ., ਪੇਜ਼. 13-14.
33. Nayar, n.20, p. 39.
34. Balraj Madhok, **Punjab Problem: Muslim Connection**, New Delhi: Vikas Books, 1985, pp. 79-80.
35. **Narang**, n.27, p.98.
36. For detail see **Memorandum For Punjabi Suba** submitted by Shiromani Akali Dal to States Reorganization Commission, in Punjabi, Amritsar: Shiromani Akali Dal, n.d., pp.11-25.
37. **Rai**, n.4, pp.236-237.
38. **Ibid**., p.237.
39. **Nayar**, n.20, p. 43-44.
40. **Sarhadi**, n.16, p. 196.
41. **Narang**, n.27, p.119.

42. **Ibid.**, p.125.
43. Manorma Kohli, "Protest Movement in the Punjab: A case study of the Punjabi Suba Agitation", **The Punjab Past and Present, Vol. XVII**, October 1983, p.395.
44. Paul R. Brass, **Language, Religion and Politics in North India,** Cambridge: Cambridge University Press, 1974, p.329.
45. Singh, n.11, p. 186.
46. Kirpal Singh Dhillon, I**dentity and Survival: Sikh Militancy in India (1978-1993)**, New Delhi: Penguin Books, 2006, p.43.
47. Singh, n.11, p.186.
48. **Ibid**.
49. Singh, n.2, p.269.
50. **Ibid.**, p.281.
51. K.C. Gulati, **The Akalis: Past and Present**, Delhi: Ashajanak Publications, 1974, p.170.
52. Singh, n.26, p.133.
53. **Sikh Review**, Vol. VIII, No. 12, December 1960, p. 74.
54. Nayar, n.20, p. 249.
55. Mohinder Singh, **The Akali Struggle**, New Delhi: Atlantic publishers, 1988, p. 165.
56. **Hindustan Times**, 9 January 1961.
57. Singh, n.11, p.213.
58. Singh, n.26, p.141.
59. **Ibid.**
60. Brass, n.44, p.294.
61. **Times of India,** 16 May 1961.
62. Kohli, n.43, p.385.
63. Nayar, n.20, p. 102.
64. Jawant Singh Mann, **Some Documents on the Demand for the Sikh Homeland,** Chandigarh: Manjit Printing and Publishing Company, 1969, p.97.
65. Pandit Mohan Lal, **Disintegration of Punjab**, Chandigarh: GGDSD College Society, 2007, p.320.
66. **Ajit (Editoiral) (Punjabi)**, 4 August 1981.
67. Singh, n.2, p.372.
68. Lal, n.65, p. 313.

◈



ਸੰਵਾਦ-15 (ਜਨਵਰੀ-ਜੂਨ 2022) ISSN : 2395-1273 **www.sanvad.org**

# ਮਨੋਵਿਸ਼ਲੇਸ਼ਣ :
## ਸਾਹਿਤ ਅਧਿਐਨ ਵਿਧੀ ਵਜੋਂ

ਪੰਜਾਬੀ ਸਾਹਿਤ ਦੇ ਖੇਤਰ ਵਿਚ 1990 ਤੋਂ ਬਾਅਦ ਦਾ ਸਮਾਂ ਕਈ ਪੱਖਾਂ ਤੋਂ ਮਹੱਤਵਪੂਰਨ ਰਿਹਾ ਹੈ। ਇਸ ਕਾਲ ਦੌਰਾਨ ਸਾਹਿਤ ਦੇ ਖੇਤਰ ਵਿਚ ਨਵੇਂ ਰੁਝਾਂਵਾਂ ਦਾ ਆਗਮਨ ਹੋਇਆ। ਉਦਾਰੀਕਰਨ, ਨਿੱਜੀਕਰਨ, ਵਿਸ਼ਵੀਕਰਨ ਆਦਿ ਪ੍ਰਵਿਰਤੀਆਂ ਨੇ ਵੀਹਵੀਂ ਸਦੀ ਦੇ ਅੰਤਿਮ ਦਹਾਕੇ ਵਿਚ ਵਿਸ਼ਵ ਨੂੰ ਇਕ ਨਵਾਂ ਮੁਹਾਂਦਰਾ ਪ੍ਰਦਾਨ ਕੀਤਾ। ਵਿਸ਼ਵੀਕਰਨ ਦੇ ਵਰਤਾਰੇ ਨੇ ਮਨੁੱਖੀ ਜੀਵਨ ਨੂੰ ਇਸ ਹੱਦ ਤੱਕ ਪ੍ਰਭਾਵਿਤ ਕੀਤਾ ਕਿ ਮਨੁੱਖ, ਮਨੁੱਖ ਨਾ ਹੋ ਕੇ ਇਕ ਵਸਤੂ ਬਣ ਗਿਆ। ਪੂੰਜੀਵਾਦੀ ਵਿਵਸਥਾ ਦੇ ਬਦਲਦੇ ਮਿਆਰ ਨੇ ਅਜੋਕੇ ਮਨੁੱਖ ਉੱਤੇ ਅਤਿਅੰਤ ਦਬਾ ਪਾਇਆ ਕਿ ਮਨੁੱਖ ਗੰਭੀਰ ਤਨਾਅ ਦਾ ਸ਼ਿਕਾਰ ਬਣ ਰਿਹਾ ਹੈ ਫਲਸਰੂਪ ਸਮਾਜ ਵਿਚ ਆਪਣੀ ਮਜਬੂਤ ਪਹਿਚਾਣ ਲਈ ਸਵੈ ਹੋਂਦ ਦੇ ਹੁਸਨ ਤੋਂ ਦੂਰ ਹੋ ਅਸਥਿਰ ਹੋਂਦ ਦੇ ਸੰਗਠਨ ਵੱਲ ਮੁੜ ਗਿਆ। ਅਜਿਹੀ ਕਸ਼ਮਕਸ਼ ਭਰੀ ਸਥਿਤੀ ਵਿਚ ਮਨੋਵਿਗਿਆਨ ਅਤੇ ਸਾਹਿਤ ਹੀ ਮਨੁੱਖ ਦੀ ਸਵੈ-ਖੋਜ ਦਾ ਸਾਧਨ ਪ੍ਰਤੀਤ ਹੁੰਦਾ ਹੈ। ਮਨੋਵਿਗਿਆਨ ਦੇ ਵਿਕਾਸ ਕ੍ਰਮ ਨੇ ਅਜਿਹੇ ਸਿਧਾਂਤਾਂ ਨੂੰ ਸਾਹਮਣੇ ਲਿਆਂਦਾ ਜਿਸ ਨੇ ਨਾ ਸਿਰਫ਼ ਮਨੋਵਿਗਿਆਨ ਦੇ ਖੇਤਰ ਵਿਚ ਕ੍ਰਾਂਤੀ ਲਿਆਂਦੀ ਸਗੋਂ ਸਮੁੱਚੀ ਮਾਨਵਜਾਤੀ, ਸਾਹਿਤ, ਸਮਾਜ ਆਦਿ ਉੱਪਰ ਵਿਆਪਕ ਪ੍ਰਭਾਵ ਪਾਇਆ। ਮਨੋਵਿਸ਼ਲੇਸ਼ਣ ਅਜਿਹੇ ਕ੍ਰਾਂਤੀਕਾਰੀ ਸਿਧਾਂਤਾਂ ਦਾ ਸਮੂਹ ਹੈ ਜਿਸ ਦੀ ਉਤਪਤੀ ਅਸਟ੍ਰੇਲੀਆ ਦੇ ਮਸ਼ਹੂਰ ਤੰਤੂ ਵਿਗਿਆਨੀ (Neurologist) ਸਿਗਮੰਡ ਫ਼ਰਾਇਡ ਨੇ ਕੀਤੀ ਅਤੇ ਜਿਸਨੂੰ ਉਸਦੇ ਸਮਰਥਕ ਮਨੋਵਿਸ਼ਲੇਸ਼ਕਾਂ ਅਤੇ ਅਲੋਚਕਾਂ ਨੇ ਅੱਗੇ ਵਧਾਇਆ। ਜਿਨ੍ਹਾਂ ਵਿਚ ਕਾਰਲ ਗੁਸਤਾਵ ਜੁੰਗ, ਐਲਫ਼ਰਡ ਐਡਲਰ ਐਰਿਕ ਫਰਾਮ, ਕਰੇਨ ਹੌਰਨੇ, ਹੈਰੀ ਸਟਾਕ ਸੁਲਿਵਨ ਆਦਿ ਹਨ। ਜੂਲੀਆਂ ਕ੍ਰਿਸਤੀਵਾ ਅਤੇ ਯਕ ਲਾਕਾਂ ਆਦਿ ਵਰਗੇ ਸੰਰਚਨਾਵਾਦੀਆਂ ਨੇ ਮਨੋਵਿਸ਼ਲੇਸ਼ਣ ਨੂੰ ਭਾਸ਼ਾਈ ਆਧਾਰ ਉੱਪਰ ਸਮਝ ਕੇ ਮਨੋਵਿਸ਼ਲੇਸ਼ਣ ਦੇ ਅਧਿਐਨ ਦੀ ਨਿਵੇਕਲੀ ਪਿਰਤ ਪਾਈ।

> "ਪਹਿਲੀ ਵਾਰ ਇਹ ਵਿਵਸਥਾ ਵਿਵਹਾਰ ਅਤੇ ਸਿਧਾਂਤ ਦਾ ਸੁੰਦਰ ਮਿਸ਼ਰਣ ਪੇਸ਼ ਕਰਦੀ ਹੈ। ਸਿਧਾਂਤਕ ਪੱਖ ਤੋਂ ਇਹ ਮਨੁੱਖੀ ਮਨ ਨੂੰ ਸਮਝਣ ਦੇ ਸਿਧਾਂਤ ਨੂੰ ਪੇਸ਼ ਅਤੇ ਵਿਆਖਿਆ ਕਰਦੀ ਹੈ ਅਤੇ ਵਿਵਹਾਰਕ ਪੱਖ ਤੋਂ ਇਹ ਮਨੁੱਖੀ ਵਿਵਹਾਰ ਦੇ ਅਧਿਐਨ ਲਈ ਅਜਿਹਾ ਢੰਗ ਪ੍ਰਦਾਨ ਕਰਦੀ ਹੈ ਜਿਸ ਨੂੰ ਮਨੋਵਿਸ਼ਲੇਸ਼ਣ ਕਿਹਾ ਜਾਂਦਾ ਹੈ ਅਤੇ ਇਕ ਅਜਿਹੀ ਇਲਾਜ ਪ੍ਰਣਾਲੀ ਜੋ ਮਾਨਸਿਕ ਬੀਮਾਰੀ ਦਾ ਇਲਾਜ ਵੀ ਕਰਦੀ ਹੈ।"[1] ਇਨਸਾਕਲੋਪੀਡੀਆ ਆਫ਼ ਸਾਇਕੋਲੋਜੀ ਅਨੁਸਾਰ "ਸਧਾਰਨ ਰੂਪ ਵਿਚ ਮਨੋਵਿਸ਼ਲੇਸ਼ਣ ਇਕ ਵਿਅਕਤੀਗਤ ਉਪਚਾਰ ਹੈ ਜਿਸ ਵਿਚ ਮਰੀਜ਼ ਅਤੇ ਮਨੋਚਿਕਿਤਸਕ



**ਡਾ. ਗੁਰਮਿੰਦਰ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਰਿਆਤ ਬਾਹਰਾ
ਯੂਨੀਵਰਸਿਟੀ, ਮੋਹਾਲੀ
9779660172
drgurminderkaur
@gmail.com

ਹੁੰਦੇ ਹਨ। ਮਰੀਜ਼ ਨੂੰ ਸੋਫੇ ਉਤੇ ਲਿਟਾਇਆ ਜਾਂਦਾ ਹੈ। ਜਿਸ ਵਿਚ ਮਨੋਚਿਕਿਤਸਕ ਮਰੀਜ਼ ਦੇ ਪਿੱਛੇ ਰਹਿੰਦਾ ਹੈ ਤਾਂ ਕਿ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮਰੀਜ਼ ਅਤੇ ਮਨੋਚਿਕਿਤਸਕ 40 ਜਾਂ 50 ਮਿੰਟ ਦੇ ਸਮੇਂ ਲਈ ਹਫ਼ਤੇ ਵਿਚ ਚਾਰ ਤੋਂ ਪੰਜ ਵਾਰ ਮਿਲਦੇ ਹਨ। ਉਪਚਾਰ ਦਾ ਸਮਾਂ ਤਿੰਨ ਤੋਂ ਪੰਜ ਸਾਲਾਂ ਤੱਕ ਚਲਦਾ ਹੈ। ਇਨ੍ਹਾਂ ਵਿਚੋਂ ਕੁਝ ਉਪਚਾਰ ਇਸ ਤੋਂ ਵੀ ਵੱਧ ਸਮੇਂ ਤੱਕ ਚਲਦੇ ਹਨ। ਮਰੀਜ਼ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਜੋ ਵੀ ਉਸਦੇ ਦਿਮਾਗ ਵਿਚ ਆਉਂਦਾ ਹੈ ਉਸ ਨੂੰ ਖੁੱਲ ਕੇ ਬਿਆਨ ਕਰੇ।"[2]

ਉਨੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਇਕ ਅਜਿਹਾ ਸਕੂਲ ਹੋਂਦ ਵਿਚ ਆਇਆ ਜੋ ਮਨੋਵਿਸ਼ਲੇਸ਼ਣ ਦੇ ਨਾਂ ਨਾਲ ਪ੍ਰਸਿੱਧ ਹੋਇਆ। ਜਿਸ ਦੇ ਸੰਸਥਾਪਕ ਮਹਾਨ ਮਨੋਵਿਗਿਆਨੀ ਡਾ. ਸਿਗਮੰਡ ਫ਼ਰਾਇਡ ਸਨ। ਇਸ ਨੂੰ ਫ਼ਰਾਇਡੀਅਨ ਸਕੂਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਮਹਾਨ ਮਨੋਵਿਸ਼ਲੇਸ਼ਕ ਫ਼ਰਾਇਡ ਜਿਸਨੇ ਮਨੋਵਿਸ਼ਲੇਸ਼ਣ ਸਿਧਾਂਤ ਦੀ ਨੀਂਹ ਰੱਖੀ ਅਤੇ ਸਮੁੱਚੇ ਮਨੋਵਿਗਿਆਨ ਦੇ ਖੇਤਰ ਵਿਚ ਅਜਿਹੀ ਕ੍ਰਾਂਤੀ ਲਿਆ ਦਿੱਤੀ ਜਿਸ ਨੇ ਮਨੁੱਖੀ ਮਨ ਅਤੇ ਵਿਵਹਾਰ ਦੇ ਅਧਿਐਨ ਨੂੰ ਵੀਹਵੀਂ ਸਦੀ ਦੇ ਨਵੇਂ ਸਿਧਾਂਤਾਂ ਅਨੁਸਾਰ ਵਾਚਨਾ ਸ਼ੁਰੂ ਕੀਤਾ। ਆਪਣੇ ਅਧਿਆਪਕ ਅਤੇ ਪ੍ਰਸਿੱਧ ਸਰੀਰ ਵਿਗਿਆਨੀ ਬਰੂਕ ਦੇ ਅਧੀਨ ਆਪਣੀ ਖੋਜ ਦਾ ਖੇਤਰ ਤੰਤੂ ਵਿਗਿਆਨ ਨੂੰ ਬਣਾਇਆ। ਬਰੂਅਰ ਅਤੇ ਫ਼ਰਾਇਡ ਨੇ ਆਪਸੀ ਸਹਿਯੋਗ ਨਾਲ ਆਪਣੀ ਮਹੱਤਵਪੂਰਨ ਪੁਸਤਕ ਸਟੱਡੀਜ਼ ਇਨ ਹਿਸਟੀਰੀਆ (Studies in Hysteria) ਪ੍ਰਕਾਸ਼ਿਤ ਕਰਵਾਈ। ਜਿਸ ਵਿਚ ਫ਼ਰਾਇਡ ਨੇ ਹਿਸਟੀਰੀਆ ਰੋਗ ਦੇ ਲੱਛਣਾਂ ਅਤੇ ਹਿਸਟੀਰੀਆ ਦੇ ਕੇਸਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਫ਼ਰਾਇਡ ਨੇ ਸਿੱਧ ਕੀਤਾ ਕਿ ਹਿਸਟੀਰੀਆ ਰੋਗ ਦੇ ਲੱਛਣਾਂ ਦੀ ਉਤਪਤੀ ਦੇ ਪਿੱਛੇ ਕਾਮੁਕ ਲਾਲਸਾਵਾਂ ਜਿੰਮੇਵਾਰ ਹਨ।

'Hysteria' ਸ਼ਬਦ ਗ੍ਰੀਕ ਭਾਸ਼ਾ ਦੇ Hystera (ਹਿਸਟੇਰਾ) ਤੋਂ ਬਣਿਆ ਹੈ। 'ਹਿਸਟੇਰਾ' ਸ਼ਬਦ ਦਾ ਅਰਥ ਇਸਤਰੀ ਦਾ ਗਰਭ ਹੁੰਦਾ ਹੈ। ਇਸ ਲਈ ਆਪਣੇ ਮੂਲ ਅਰਥ ਵਿਚ ਹਿਸਟੀਰੀਆ ਇਸਤਰੀ ਦੇ ਗਰਭ ਦੇ ਕਿਸੇ ਦੋਸ਼ ਦੇ ਕਾਰਨ ਉਤਪੰਨ ਹੋਣ ਵਾਲਾ ਵਿਕਾਰ ਸਮਝਿਆ ਜਾਂਦਾ ਸੀ ਅਤੇ ਹਿਸਟੀਰੀਆ ਰੋਗ ਇਸਤਰੀਆਂ ਤੱਕ ਹੀ ਸੀਮਿਤ ਸਮਝਿਆ ਜਾਂਦਾ ਸੀ। ਪਰ ਅੱਜ ਕੱਲ੍ਹ ਹਿਸਟੀਰੀਆ ਸ਼ਬਦ ਦਾ ਪੁਰਾਣਾ ਅਰਥ ਬਦਲ ਗਿਆ ਹੈ। ਇਸਨੂੰ ਇਸਤਰੀਆਂ ਤੱਕ ਸੀਮਿਤ ਨਹੀਂ ਮੰਨਿਆ ਜਾਂਦਾ। ਫ੍ਰਾਇਸਟ ਅਤੇ ਜੈਨੇ ਨੇ ਹਿਸਟੀਰੀਆ ਦੇ ਲੱਛਣਾਂ ਦੀ ਵਿਆਖਿਆ ਕਰਕੇ ਇਸਦਾ ਕਾਰਨ ਮਨੋਵਿਗਿਆਨਕ ਦੱਸਿਆ ਹੈ ਅਤੇ ਉਸਦੇ ਅਲੱਗ ਅਲੱਗ ਵਰਗੀਕਰਨ ਕੀਤੇ ਹਨ।[3] ਹਿਸਟੀਰੀਆ ਅਜਿਹਾ ਰੋਗ ਹੈ ਜਿਸਦਾ ਸੰਬੰਧ ਮਾਨਸਿਕ ਵਿਘਟਨ (Mental Dissociation) ਦੇ ਨਾਲ ਹੁੰਦਾ ਹੈ। ਇਸਦਾ ਪ੍ਰਭਾਵ ਸਰੀਰ ਦੇ ਅੰਗਾਂ ਤੇ ਜਾਂ ਦਿਮਾਗ ਤੇ ਕਿਤੇ ਵੀ ਪੈ ਸਕਦਾ ਹੈ। ਮਾਨਸਿਕ ਵਿਘਟਨ ਵਿਚ ਮਨੁੱਖ ਦੀ ਸਮੁੱਚੀ ਮਾਨਸਿਕ ਇਕਾਈ ਤੇ ਇਸਦਾ ਪ੍ਰਭਾਵ ਪੈਂਦਾ ਹੈ। ਇਸ ਦੇ ਫ਼ਲਸਰੂਪ ਵਿਅਕਤੀ ਅਮਨੀਸ਼ੀਆ ਦਾ ਸ਼ਿਕਾਰ ਹੋ ਜਾਂਦਾ ਹੈ 'ਅਮਨੀਸ਼ੀਆ (Amnesia) ਸ਼ਬਦ ਦਾ ਅਰਥ ਹੈ- ਭੁੱਲ ਜਾਣਾ। ਫ਼ਰਾਇਡ ਅਨੁਸਾਰ ਮਨੁੱਖ ਦਾ ਵਿਅਕਤੀਤਵ ਉਸਦੀ ਕਾਮੁਕ ਪ੍ਰਵਿਰਤੀ ਉੱਪਰ ਨਿਰਭਰ ਕਰਦਾ ਹੈ। ਜਿਸਨੂੰ ਉਸਨੇ ਕ੍ਰਮਵਾਰ ਕਾਮ ਊਰਜਾ (Libido) ਕਿਹਾ। ਉਸਨੇ ਆਪਣੀ ਪੁਸਤਕ 'Three Contribution to the Sexual Theory' ਵਿਚ ਬਾਲ ਵਿਕਾਸ ਅਵਸਥਾ ਦੇ ਵੱਖ ਵੱਖ ਪੜਾਵਾਂ ਦਾ ਵਰਨਣ ਕੀਤਾ ਅਤੇ ਮਨੁੱਖ ਦੇ ਵਿਅਕਤੀਤਵ ਦੇ ਵਿਕਾਸ ਵਿਚ ਇਸਦੀ ਮਹੱਤਤਾ ਨੂੰ ਸਪੱਸ਼ਟ ਕੀਤਾ ।

**(ੳ) ਮੌਖਿਕ ਅਵਸਥਾ (Oral Phase)** : ਫ਼ਰਾਇਡ ਅਨੁਸਾਰ ਬਾਲ ਦੇ ਜਨਮ ਤੋਂ ਲੈ ਕੇ ਲਗਭਗ ਦੋ ਸਾਲ ਤੱਕ ਦੀ ਹੁੰਦੀ ਹੈ। ਇਸੇ ਅਵਸਥਾ ਵਿਚ ਬਾਲ ਅੰਦਰ ਇਦ ਦਾ ਜਨਮ ਹੁੰਦਾ ਹੈ। ਮੌਖਿਕ ਅਵਸਥਾ ਵਿਚ ਬਾਲ ਵਿਚਲੀ ਕਾਮੁਕ ਸ਼ਕਤੀ ਦਾ ਸੰਬੰਧ ਆਤਮ-ਸੁਰੱਖਿਆ (Self-preservation) ਨਾਲ ਹੁੰਦਾ ਹੈ, ਖਾਸ ਤੌਰ ਤੇ ਭੋਜਨ ਦੇ ਮਾਮਲੇ ਵਿਚ। ਭੋਜਨ ਉਸਨੂੰ ਬਾਹਰੀ ਸੰਸਾਰ ਤੋਂ ਪ੍ਰਾਪਤ ਹੁੰਦਾ ਹੈ। ਮਾਂ ਦੇ ਦੁੱਧ ਦੇ ਰੂਪ ਵਿਚ। ਇਸ ਅਵਸਥਾ ਵਿਚ ਬੱਚੇ ਅੰਦਰ ਆਤਮ ਕਾਮੁਕ ਪ੍ਰਵਿਰਤੀ (auto-erotism) ਪੈਦਾ ਹੁੰਦੀ ਹੈ। ਲਬੀਡੋ ਬਣਤਰ ਦੀ ਇਸ ਮੌਖਿਕ ਅਵਸਥਾ ਜਿਸ ਵਿਚ ਇੱਛਿਤ ਵਸਤੂ ਦੀ ਤਬਾਹੀ ਨੂੰ ਆਦਮ-ਖੋਰਤਾ 'Cannibalistic' ਕਹਿੰਦੇ ਹਨ।[4]

**(ਅ) ਗੁਦਾ ਅਵਸਥਾ (Anal-Sadistic Phase)** : ਮੌਖਿਕ ਅਵਸਥਾ ਤੋਂ ਬਾਅਦ ਦੂਜੀ ਮਹੱਤਵਪੂਰਨ ਅਵਸਥਾ ਗੁਦਾ ਅਵਸਥਾ ਹੈ। ਜਿਸਦਾ ਆਰੰਭ ਦੋ ਸਾਲ ਤੋਂ ਸ਼ੁਰੂ ਹੋ ਕੇ ਲੱਗਭੱਗ ਚਾਰ ਸਾਲ ਤੱਕ ਰਹਿੰਦਾ ਹੈ। ਇਸ ਅਵਸਥਾ ਵਿਚ ਬਾਲਕ ਦੀ ਰੁਚੀ ਗੁਦਾ ਸਥਾਨ ਹੈ ਅਤੇ ਉਸ ਨਾਲ ਸੰਬੰਧਿਤ ਕਿਰਿਆਵਾਂ ਵਿਚ ਉਸਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ।[5]

**(ੲ) ਲਿੰਗ ਪ੍ਰਧਾਨ ਅਵਸਥਾ (Phallic Organization) :** ਮਨੋਵਿਗਿਆਨਕ ਵਿਕਾਸ ਦੇ ਆਧਾਰ ਉੱਪਰ ਵਿਅਕਤੀਤਵ ਵਿਕਾਸ ਦੀ ਇਹ ਤੀਸਰੀ ਅਤੇ ਮਹੱਤਵਪੂਰਨ ਅਵਸਥਾ ਹੈ ਜਿਸ ਨੂੰ ਫ਼ਰਾਇਡ ਨੇ ਲਿੰਗ ਪ੍ਰਧਾਨ ਅਵਸਥਾ (Phallic Organization) ਜਨਣ ਅੰਗ ਦਾ ਖੇਤਰ ਕਿਹਾ ਹੈ। ਇਸ ਅਵਸਥਾ ਵਿਚ ਜਣਨਅੰਗਾਂ ਵਿਚ ਜੋ ਉਤੇਜਨਾ ਪੈਦਾ ਹੁੰਦੀ ਹੈ ਉਸ ਨਾਲ ਬਾਲਕ ਆਨੰਦ ਮਹਿਸੂਸ ਕਰਦਾ ਹੈ। ਇਹ ਲਬੀਡੋ ਦੇ ਵਿਕਾਸ ਦੀ ਅਵਸਥਾ ਹੈ ਆਪਣੇ ਸਿਧਾਂਤਾਂ ਨੂੰ ਸਪੱਸ਼ਟ ਕਰਨ ਲਈ ਫ਼ਰਾਇਡ ਨੇ ਇਕ ਪ੍ਰਚੱਲਿਤ ਲੋਕ ਕਥਾ ਦਾ ਸਹਾਰਾ ਲਿਆ ਜਿਸ ਨੂੰ ਉਡੀਪਸ ਰੈਕਸ Oedipus Rax) ਆਖਦੇ ਹਨ।

i) **ਉਡੀਪਸ ਤਣਾਵ (Oedipus Complex) :** ਬਾਲ ਕਾਮ ਅਵਸਥਾ ਦੇ ਵਿਕਾਸ ਵਿਚ ਇਦ ਦੇ ਪ੍ਰਭਾਵ ਸਦਕਾ ਉਸਦਾ ਆਕਰਸ਼ਣ ਮੁੰਡੇ ਦੀ ਤਰ੍ਹਾਂ ਆਪਣੀ ਮਾਤਾ ਵੱਲ ਹੀ ਹੁੰਦਾ ਹੈ ਪਰ ਨਰ ਲਿੰਗ ਈਰਖਾ ਕਰਕੇ ਉਸਦਾ ਆਕਰਸ਼ਣ ਆਪਣੀ ਮਾਂ ਤੋਂ ਹੱਟ ਕੇ ਆਪਣੇ ਪਿਤਾ ਵੱਲ ਹੋ ਜਾਂਦਾ ਹੈ। ਬਾਅਦ ਵਿਚ ਫ਼ਰਾਇਡ ਨੇ ਇਸ ਨੂੰ ਨਾਰੀਤਵ ਉਡੀਪਸ ਰਵੱਈਆ ('Feminine Oedipus attitude') ਜਾਂ ਨਾਕਾਰਾਤਮਕ ਉਡੀਪਸ ਰਵੱਈਆ (Negative Oedipus Complex) ਕਿਹਾ। ਕਾਰਲਜੁੰਗ ਜੋ ਫ਼ਰਾਇਡ ਦਾ ਸਹਿਯੋਗੀ ਅਤੇ ਮਿੱਤਰ ਸੀ ਉਸਨੇ ਇਸ ਨੂੰ ਇਲੈਕਟਰਾ ਤਣਾਅ ('Electra Complex') ਦਾ ਨਾਂ ਦਿੱਤਾ। ਜਿਸ ਨੂੰ ਫ਼ਰਾਇਡ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ।

ii) **ਇਲੈਕਟਰਾ-ਗ੍ਰੰਥੀ** ਲੜਕੀਆਂ ਵਿਚ ਪੈਦਾ ਹੋਣ ਵਾਲੀ ਕਾਮ ਗ੍ਰੰਥੀ ਹੈ। ਜਿਸਦਾ ਆਧਾਰ ਵੀ ਯੂਨਾਨੀ ਮਿੱਥ ਹੀ ਹੈ। ਵਿਕਾਸ ਪੜਾਅ ਦੌਰਾਨ ਜਦ ਮੁੰਡੇ ਦਾ ਲਿੰਗ ਵਿਕਸਿਤ ਹੋ ਜਾਂਦਾ ਹੈ ਤਾਂ ਉਹ ਆਪਣੇ ਲਿੰਗ ਦੀ ਅਣਹੋਂਦ ਦਾ ਦੋਸ਼ ਆਪਣੀ ਮਾਂ ਨੂੰ ਦਿੰਦੀ ਹੈ ਅਤੇ ਉਸਦੀ ਪਿਤਾ ਨਾਲ ਨੇੜਤਾ ਵੱਧ ਜਾਂਦੀ ਹੈ। ਇਸ ਲਈ ਵੇਖਿਆ ਗਿਆ ਹੈ ਕਿ ਹਰ ਲੜਕੀ ਦੇ ਮਨ ਵਿਚ ਆਪਣੀ ਮਾਂ ਪ੍ਰਤੀ ਨਫ਼ਰਤ ਦੀ ਭਾਵਨਾ ਕਿਤੇ ਨਾ ਕਿਤੇ ਮੌਜੂਦ ਹੁੰਦੀ ਹੈ। ਇਸ ਤਰ੍ਹਾਂ ਇਹ ਮਨੋਗੰਢ ਕੁੜੀਆਂ ਦੇ ਮਨ ਵਿਚ ਪੈਦਾ ਹੁੰਦੀ ਹੈ। ਜਿਸ ਨੂੰ ਫ਼ਰਾਇਡ ਨੇ ਇਲੈਕਟਰਾ ਮਨੋ-ਗੰਢ ਦਾ ਨਾਮ ਦਿੱਤਾ। ਇਲੈਕਟਰਾ ਪ੍ਰਮੁੱਖ ਨਾਟਕਕਾਰਾਂ ਜਿਵੇਂ, ਸੋਫ਼ੋਕਲੀਜ, ਯੂਰਿਪਿਡੀਜ ਤੇ ਈਸਕਾਈਲਸ ਦੁਆਰਾ ਲਿਖੇ ਗਏ ਦੁਖਾਂਤਾਂ ਦੀ ਨਾਇਕਾ ਹੈ। ਕਾਮ ਨਿਸ਼ਕਿਰਿਆ ਪੜਾਅ (Latency Stage) ਇਸ ਪੜਾਅ ਨੂੰ ਕਾਮ ਲੁਪਤ ਪੜਾਅ ਵੀ ਕਹਿੰਦੇ ਹਨ। ਇਹ ਪੜਾਅ ਛੇ ਤੋਂ ਬਾਰਾਂ ਸਾਲ ਦੀ ਉਮਰ ਤੱਕ ਹੁੰਦਾ ਹੈ। ਇਹ ਉਹ ਅਵਸਥਾ ਹੈ ਜਿਥੇ ਬੱਚਾ ਇਡੀਪਸ ਗ੍ਰੰਥੀ ਪੈਦਾ ਹੋਣ ਤੋਂ ਬਾਅਦ ਜਦੋਂ ਵਿਰੋਧੀ ਲਿੰਗ ਵਿਚ ਰੁਚੀ ਲੈਣ ਲਗਦਾ ਹੈ ਤਾਂ ਮੁੰਡੇ ਦਾ ਆਪਣੇ ਪਿਤਾ ਤੋਂ ਡਰ ਹੁੰਦਾ ਹੈ ਕਿ ਉਹ ਆਪਣੀ ਵਧੇਰੇ ਸ਼ਕਤੀ ਨਾਲ ਉਸਨੂੰ ਨਿਪੁੰਸਕ ਨਾ ਬਣਾ ਦੇਵੇ, ਤਾਂ ਇਥੇ ਨਿਪੁੰਸੀਕਰਣ- ਗ੍ਰੰਥੀ ਅਧੀਨ ਆਪਣੀ ਮਾਂ ਪ੍ਰਤੀ ਆਪਣੀ ਕਾਮ-ਵਾਸ਼ਨਾ ਦਾ ਤਿਆਗ ਕਰ ਦਿੰਦਾ ਹੈ।

ਇਸ ਪੜਾਅ ਵਿਚ ਬਾਲਕ ਸਕੂਲ ਪ੍ਰਵੇਸ਼ ਕਰਦਾ ਹੈ। ਉਸਦਾ ਸਮਾਜਕ ਜੀਵਨ ਸ਼ੁਰੂ ਹੋ ਜਾਂਦਾ ਹੈ। ਉਹ ਸਿੱਖਿਆ ਪ੍ਰਾਪਤ ਕਰਕੇ ਆਪਣਾ ਮਾਨਸਿਕ, ਸਮਾਜਕ ਅਤੇ ਨੈਤਿਕ ਵਿਕਾਸ ਕਰਦਾ ਹੈ। ਇਸ ਅਵਸਥਾ ਵਿਚ ਉਹ ਸਮਾਜਕ ਨੈਤਿਕ ਮੁੱਲਾਂ ਨੂੰ ਸਮਝਣਾ ਸ਼ੁਰੂ ਕਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਸ਼ਾਮਿਲ ਕਰਦਾ ਹੋਇਆ ਯਥਾਰਥ ਦੇ ਸਿਧਾਂਤ ਦੇ ਪ੍ਰਭਾਵ ਅਧੀਨ ਅਹੰ ਨੂੰ ਜਗਾ ਕੇ ਇਕ ਵਧੀਆ ਇਨਸਾਨ ਬਣਨ ਦੀ ਇੱਛਾ ਕਰਦਾ ਹੈ। ਇਹ ਅਵਸਥਾ ਨੂੰ ਹਥਤਮੈਥੁਨ (Masturbation) ਦੇ ਖਿਲਾਫ਼ ਸੰਘਰਸ਼ ਦੀ ਅਵਸਥਾ ਵੀ ਕਹਿ ਸਕਦੇ ਹਾਂ।

**(ਹ) ਜਵਾਨੀ ਦੀ ਅਵਸਥਾ (Puberty Stage) :** ਬਾਲ ਵਿਕਾਸ ਅਵਸਥਾ ਦੇ ਪੰਜਵੇਂ ਪੜਾਅ ਨੂੰ ਫ਼ਰਾਇਡ ਨੇ ਜਵਾਨੀ ਵਿਚ ਪ੍ਰਵੇਸ਼ ਦਾ ਪੜਾਅ ਮੰਨਿਆ ਹੈ। ਇਸ ਅਵਸਥਾ ਵਿਚ ਬਾਲਕ ਦੀਆਂ ਕਾਮ ਪ੍ਰਵਿਰਤੀਆਂ ਪ੍ਰੋੜ ਅਵਸਥਾ ਵਿਚ ਪਹੁੰਚਦੀਆਂ ਹਨ। ਬਾਲਕ ਜਵਾਨੀ ਦੀ ਅਵਸਥਾ ਵਿਚ ਪ੍ਰਵੇਸ਼ ਕਰਦਾ ਹੈ। ਕਾਮ ਨਿਸ਼ਕਿਰਿਆ ਪੜਾਅ ਦਾ ਅੰਤ 6 ਤੋਂ 10 ਜਾ 11 ਸਾਲ ਤੱਕ ਹੁੰਦਾ ਹੈ ਅਤੇ ਇਸੇ ਸਮੇਂ ਜਵਾਨੀ ਦੀ ਅਵਸਥਾ (Puberty Stage) ਸ਼ੁਰੂ ਹੁੰਦੀ ਹੈ। ਇਸ ਪੜਾਅ ਤੇ ਉਡੀਪਸ ਕੰਪਲੈਕਸ ਅਕਿਰਿਆਸ਼ੀਲ ਰਹਿੰਦਾ ਹੈ ਫ਼ਰਾਇਡ ਨੇ 1920 ਦੇ ਮੁਢਲੇ ਦਹਾਕੇ ਵਿਚ ਮਨ ਦੀ ਤਿੰਨ ਅਕਾਰੀ ਬਣਤਰ ਪੇਸ਼ ਕੀਤੀ ਜਿਸ ਨੂੰ ਕ੍ਰਮਵਾਰ ਇਦ (Id), ਅਹੰ (Ego), ਨੈਤਿਕ-ਅਹੰ (Super-Ego) ਕਿਹਾ।

(ੳ) **ਇਦ (Id) :** ਮਨ ਦਾ ਮੁੱਢਲਾ ਰੂਪ ਇਦ ਹੈ । ਇਦ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ (IT) ਤੋਂ ਬਣਿਆ ਹੈ। ਇਦ ਦਾ ਸੰਬੰਧ ਅਵਚੇਤਨ ਨਾਲ ਹੈ। ਇਸ ਵਿਚ ਮਨੁੱਖ ਦੀਆਂ ਸਾਰੀਆਂ ਚਾਲਕ

ਪ੍ਰਵਿਰਤੀਆਂ, ਸੂਝ, ਇੱਛਾਵਾਂ, ਆਦਿ ਕਾਰਜ ਸ਼ਾਮਿਲ ਹਨ। ਇਨ੍ਹਾਂ ਮੂਲ ਪ੍ਰਵਿਰਤੀਆਂ ਦਾ ਕੋਈ ਨਿਤ ਉਦੇਸ਼ ਨਹੀ ਹੁੰਦਾ। ਇਹ ਬੇਬਾਕ ਅਤੇ ਤੀਵਰ ਭਾਵਾਂ ਦਾ ਸਮੂਹ ਹੈ।

(ਅ) **ਅਹੰ (Ego):** ਅਹੰ ਅੰਦਰੂਨੀ ਸੰਸਾਰ ਅਤੇ ਬਾਹਰੀ ਸੰਸਾਰ ਵਿਚਲੀ ਹੱਦ ਉੱਪਰ ਸਥਿਤ ਹੈ।[6] ਇਹ ਮਨ ਦਾ ਅਜਿਹਾ ਭਾਗ ਹੈ ਜੋ ਇਕ ਪਾਸੇ ਬਾਹਰੀ ਸੰਸਾਰ ਦੇ ਸੰਪਰਕ ਵਿਚ ਰਹਿੰਦਾ ਹੈ ਦੂਜੇ ਪਾਸੇ ਇਦ ਦੇ ਸੰਪਰਕ ਵਿਚ ਰਹਿੰਦਾ ਹੈ। ਹਉਮੈ ਦੀ ਆਪਣੀ ਕੋਈ ਤਾਕਤ ਨਹੀਂ ਹੁੰਦੀ। ਇਸ ਨੂੰ ਇਦ ਤੋਂ ਹੀ ਤਾਕਤ ਮਿਲਦੀ ਹੈ। ਹਉਮੈ ਕਾਫੀ ਮਾਤਰਾ ਵਿਚ ਸੁਚੇਤ ਹੁੰਦੀ ਹੈ। ਜਿਵੇਂ ਜਿਵੇਂ ਵਿਅਕਤੀ ਦੇ ਵਿਅਕਤੀਤਵ ਦਾ ਵਿਕਾਸ ਹੁੰਦਾ ਹੈ। ਉਸ ਅੰਦਰ ਹਉਮੈ ਦਾ ਵੀ ਵਿਕਾਸ ਹੁੰਦਾ ਹੈ। ਇਦ ਜੇ ਸਮਾਜਕ ਨਿਯਮਾਂ ਦੀ ਉਲੰਘਣਾ ਕਰਨ ਦੀ ਪ੍ਰੇਰਣਾ ਦਿੰਦੀ ਹੈ ਤਾਂ ਉਥੇ ਹਉਮੈ ਸਮਾਜਕ ਮੁੱਲਾਂ ਨੂੰ ਧਿਆਨ ਵਿਚ ਰੱਖਦੀ ਹੈ ਅਤੇ ਮਨੁੱਖ ਤੇ ਸਮਾਜਕ ਨਿਯੰਤਰਣ ਰੱਖਦੀ ਹੈ।

(ੲ) **ਪਰਮ-ਅਹੰ (Super-Ego) :** ਪਰਮ-ਅਹੰ ਨੂੰ ਸ਼੍ਰੇਸਟ ਹਉਮੈ ਕਿਹਾ ਜਾਂਦਾ ਹੈ। ਇਹ ਮਨ ਦਾ ਉਹ ਭਾਗ ਹੈ ਜਿਸਨੂੰ ਅੰਤਰ-ਆਤਮਾ ਕਿਹਾ ਗਿਆ। ਇਸਦਾ ਪਹਿਲਾ ਮੁੱਖ ਕਰਤੱਵ ਮਨੁੱਖ ਨੂੰ ਸਭਿਅ ਬਣਾਉਣਾ ਹੈ। ਇਹ ਇਦ ਦੇ ਅਨ-ਉਚਿਤ ਪ੍ਰਗਟਾਵਿਆਂ ਨੂੰ ਨਿਯੰਤਰਿਤ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਫ਼ਰਾਇਡ ਨੇ ਇਸ ਨੂੰ ਆਦਰਸ਼-ਅਹੰ (Ideal-Ego) ਕਿਹਾ। ਇਹ ਹਿੱਸਾ ਤਾਂ ਅਹੰ ਦਾ ਹੀ ਹੈ ਪਰ ਇਦ ਦੇ ਸੰਪਰਕ ਵਿਚ ਰਹਿੰਦਾ ਹੈ। ਇਹ ਨੈਤਿਕ ਸਮੀਖਿਅਕ ਹੈ। ਇਹ ਵਿਅਕਤੀ ਦਾ ਉਹ ਨੈਤਿਕ ਸ਼ਾਸਤਰ ਹੈ ਜੋ ਉਨ੍ਹਾਂ ਆਵੇਗਾਂ ਨੂੰ ਰੋਕਦਾ ਹੈ ਜੋ ਸਮਾਜਕ ਮਰਿਆਦਾ ਦਾ ਉਲੰਘਣ ਕਰਨ। ਇਸ ਵਿਚ ਵੱਡੇ ਵਡੇਰਿਆਂ, ਸੰਤਾਂ ਮਹਾਤਮਾਵਾਂ, ਧਰਮ ਆਦਿ ਦੇ ਸੰਦੇਸ਼ ਜਾਂ ਪ੍ਰਚਾਰ ਹੁੰਦੇ ਹਨ ਜੋ ਇਹ ਨਿਰਧਾਰਤ ਕਰਦੇ ਹਨ ਕਿ ਮਨੁੱਖ ਦਾ ਵਿਵਹਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ।

**ਮਨ ਦੇ ਤਿੰਨ ਮਹੱਤਵਪੂਰਨ ਭਾਗ :** (ੳ) ਚੇਤਨਮਨ (ਅ) ਅਰਧ-ਚੇਤਨ

(ੳ) **ਚੇਤਨਮਨ :** ਫ਼ਰਾਇਡ ਅਨੁਸਾਰ "ਚੇਤਨਾ ਅਜਿਹੀ ਧਾਰਨਾ ਹੈ ਜੋ ਸਾਡੀ ਚੇਤਨਤਾ ਵਿਚ ਮੌਜੂਦ ਹੈ ਅਤੇ ਜਿਸ ਤੋਂ ਅਸੀ ਜਾਣੂ ਹਾਂ।"[7] ਚੇਤਨ ਮਨੁੱਖੀ ਮਨ ਦਾ ਭਾਗ ਨਿਗੁਣਾ ਅਤੇ ਛੋਟਾ ਜਿਹਾ ਭਾਗ ਹੈ। ਜਿਸ ਵਿਚ ਮਨੁੱਖੀ ਮਨ ਦੀਆਂ ਉਹ ਸਾਰੀਆਂ ਕਿਰਿਆਵਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਸਾਡੀਆਂ ਗਿਆਨ ਇੰਦਰੀਆਂ ਗ੍ਰਹਿਣ ਕਰਦੀਆਂ ਹਨ। ਮਨ ਦਾ ਇਹ ਭਾਗ ਵਿਚਾਰਸ਼ੀਲ ਅਤੇ ਕਿਰਿਆਸ਼ੀਲ ਹੈ। ਇਸ ਭਾਗ ਉੱਪਰ ਬਾਹਰੀ ਪ੍ਰਸਥਿਤੀਆਂ ਦਾ ਪ੍ਰਭਾਵ ਵਧੇਰੇ ਹੈ। ਬਾਹਰੀ ਪ੍ਰਸਥਿਤੀਆਂ ਦਾ ਅਸਰ ਮਨ ਦੇ ਅੰਦਰੂਨੀ ਭਾਗਾਂ ਤੇ ਹੁੰਦਾ ਤਾਂ ਹੈ ਪਰ ਫ਼ਰਾਇਡ ਨੇ ਇਸ ਨੂੰ ਮਨ ਦਾ ਸਭ ਤੋਂ ਛੋਟਾ ਹਿੱਸਾ ਕਿਹਾ ਹੈ। ਸਾਡੇ ਕੋਲ ਦੋ ਤਰ੍ਹਾਂ ਦੇ ਅਵਚੇਤਨ ਹਨ ਇਕ ਗੁਪਤ ਹੈ ਪਰ ਚੇਤਨਾ ਵਿਚ ਆਉਣ ਦੀ ਯੋਗਤਾ ਰੱਖਦਾ ਹੈ। ਮਾਨਸਿਕ ਪ੍ਰਕਿਰਿਆਵਾਂ ਦੀ ਸੁਸੰਗਤ ਸੰਸਥਾ ਜਿਸ ਨੂੰ (ਅਹੰ) ਕਿਹਾ ਜਾਂਦਾ ਹੈ।

(ਅ) ਅਰਧ-ਚੇਤਨ (Sub-Conscious) ਮਨੋਵਿਸ਼ਲੇਸ਼ਣਾਤਮਕ ਵਿਸ਼ਲੇਸ਼ਣ ਵਿਚ ਇਨ੍ਹਾਂ ਨੂੰ 'Preconscious' ਕਿਹਾ ਜਾਂਦਾ ਹੈ। ਫ਼ਰਾਇਡ ਦੇ ਚੇਤਨ ਮਨ ਦੀ ਵਿਆਖਿਆ ਤੋਂ ਬਾਅਦ ਮਨ ਦਾ ਦੂਸਰਾ ਮਹੱਤਵਪੂਰਨ ਭਾਗ ਜਿਸ ਨੂੰ ਉਸ ਨੇ ਅਰਧ-ਚੇਤਨ ਦੀ ਅਵਸਥਾ ਕਿਹਾ ਹੈ। ਅਰਧ-ਚੇਤਨ ਜਿਸ ਨੂੰ ਅੰਗਰੇਜੀ ਵਿਚ Sub-Conscious or Pre-Conscious ਕਿਹਾ ਜਾਂਦਾ ਹੈ। ਆਪਣੇ ਨਾਂ ਤੋਂ ਹੀ ਸਪਸ਼ਟ ਹੈ ਇਹ ਚੇਤਨ ਅਤੇ ਅਵਚੇਤਨ ਵਿਚਲੀ ਅਵਸਥਾ ਅਰਧ-ਚੇਤਨ ਅਖਵਾਉਂਦੀ ਹੈ :

(ੲ) ਅਵਚੇਤਨ ਮਨ ਫ਼ਰਾਇਡ ਨੇ ਹੌਂਸਲੇ ਨਾਲ ਇਹ ਸੁਝਾਅ ਦਿੱਤਾ ਕਿ ਮਾਨਸਿਕ ਕਿਰਿਆਵਾਂ ਵੱਡੇ ਪੈਮਾਨੇ ਤੇ ਅਵਚੇਤਨ ਹਨ, ਚੇਤਨਾ ਨਾਲ ਸੰਬੰਧਿਤ ਮਨ ਬਰਫ਼ ਦੇ ਵੱਡੇ ਟੁਕੜੇ ਦਾ ਉੱਪਰਲਾ ਛੋਟਾ ਜਿਹਾ ਭਾਗ ਹੈ,ਅਵਚੇਤਨ ਦੇ ਵਿਸ਼ਾਲ ਸਾਗਰ ਵਿਚ ਆਤਮ ਚੇਤਨ ਦਾ ਛੋਟਾ ਜਿਹਾ ਟਾਪੂ।[8]

**ਸੁਤੰਤਰ ਸਹਿਚਾਰ (Free Association)** ਦੀ ਵਿਧੀ ਰਾਹੀਂ ਫ਼ਰਾਇਡ ਨੇ ਮਨ ਦੇ ਵੱਡੇ ਹਿੱਸੇ ਅਵਚੇਤਨ ਦੀ ਖੋਜ ਕੀਤੀ। ਫ਼ਰਾਇਡ ਅਨੁਸਾਰ ਅਵਚੇਤਨ ਦੇ ਕਾਰਨ ਹੀ ਹਿਸਟੀਰੀਆ ਦੇ ਮਰੀਜ਼ਾਂ ਦਾ ਦਿਮਾਗ ਕਿਰਿਆਸ਼ੀਲ ਹੁੰਦਾ ਹੈ। ਅਸਲ ਵਿਚ ਹਿਸਟੀਰੀਆ ਦੇ ਰੋਗ ਲਈ ਮਰੀਜ਼ ਦਾ ਅਵਚੇਤਨ ਕਾਫ਼ੀ ਹੱਦ ਤੱਕ ਜਿੰਮੇਵਾਰ ਹੈ। ਜੇ ਹਿਸਟੀਰੀਆ ਦੀ ਮਰੀਜ਼ ਔਰਤ ਨੂੰ ਉਲਟੀ ਆਉਂਦੀ ਹੈ ਤਾਂ ਉਹ ਇਸ ਦਾ ਸੰਬੰਧ

ਗਰਭਧਾਰਨ ਦੇ ਵਿਚਾਰ ਨਾਲ ਜੋੜਦੀ ਹੈ। ਉਸਦੇ ਮਾਨਸਿਕ ਗਹਿਨ ਵਿਚਾਰਾਂ ਨੂੰ ਮਨੋਵਿਸ਼ਲੇਸ਼ਣ ਦੀ ਤਕਨੀਕ ਦੇ ਨਾਲ ਆਸਾਨੀ ਨਾਲ ਬਾਹਰ ਲਿਆਂਦਾ ਜਾ ਸਕਿਆ। ਚਾਹੇ ਮਰੀਜਾਂ ਨੂੰ ਇਸ ਵਿਚਾਰ ਬਾਰੇ ਗਿਆਨ ਹੀ ਨਹੀਂ ਹੁੰਦਾ।

**ਸੁਪਨਿਆਂ ਦਾ ਵਿਸ਼ਲੇਸ਼ਣ :** ਫ਼ਰਾਇਡ ਨੇ ਆਪਣੀ ਪੁਸਤਕ 'Interpretation of Dreams' ਵਿਚ ਸੁਪਨਿਆਂ ਦੀ ਬਣਤਰ, ਕਾਰਨ ਅਤੇ ਪ੍ਰਭਾਵਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ। ਸੁਪਨੇ ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਨਾਲ ਜੁੜੇ ਹਨ। ਫ਼ਰਾਇਡ ਨੇ ਸੁਪਨਿਆਂ ਨੂੰ ਨੀਂਦ ਵਿਚ ਵਿਘਨ ਪਾਉਣ ਵਾਲਾ ਕਾਰਕ ਮੰਨਣ ਦੀ ਥਾਂ ਇਨ੍ਹਾਂ ਨੂੰ ਸੁਪਨਿਆਂ ਦੇ ਰੱਖਿਅਕ (Guardian of the Sleep) ਕਿਹਾ। ਅਸਲ ਵਿਚ ਸੁਪਨਿਆਂ ਵਿਚਲਾ ਵਿਚਾਰ ਚਾਹੇ ਦੋ ਰੂਪਾਂ ਦੁਆਰਾ ਸਾਹਮਣੇ ਆਉਂਦਾ ਹੈ। ਇਹ ਚਿੰਨ੍ਹਤ ਰੂਪ ਵਿਚ ਸਾਹਮਣੇ ਪ੍ਰਗਟ ਹੁੰਦਾ ਹੈ। ਇਕ ਲੁਕਵੇਂ ਰੂਪ ਵਿਚ ਜੋ ਚਿੰਨ੍ਹਾਂ ਦੁਆਰਾ ਸਮਝਿਆ ਜਾਂਦਾ ਹੈ। ਕਈ ਵਾਰੀ ਇਹਨਾਂ ਚਿੰਨ੍ਹਾਂ ਨੂੰ ਸਮਝਣਾ ਮੁਸ਼ਕਿਲ ਹੁੰਦਾ ਹੈ। ਉਸਨੇ ਸੁਪਨਿਆਂ ਦੇ ਕਾਰਜ ਦਾ ਵਰਨਣ ਆਪਣੀ ਸੰਸਾਰ ਪ੍ਰਸਿੱਧ ਪੁਸਤਕ 'Interpretation of Dreams' ਵਿਚ ਕੀਤਾ।

**Typical Dream (ਪ੍ਰਤੀਰੂਪੀ ਸੁਪਨੇ)** ਦਾ ਵਰਨਣ ਕਰਦਿਆਂ ਫ਼ਰਾਇਡ ਅਨੁਸਾਰ ਅਜਿਹੇ ਸੁਪਨੇ ਦੇ ਸੋਮੇ ਅਤੇ ਹਾਲਾਤ ਇਕੋ ਜਿਹੇ ਹੁੰਦੇ ਹਨ। ਵੱਖ ਵੱਖ ਵਿਅਕਤੀਆਂ ਨੂੰ ਇਕੋ ਜਿਹੇ ਸੁਪਨੇ ਆ ਸਕਦੇ ਹਨ ਅਤੇ ਹਰ ਸੁਪਨਕਰਤਾ ਵਾਸਤੇ ਉਸਦੀ ਉਹੀ ਮਹੱਤਵਤਾ ਹੁੰਦੀ ਹੈ ਜੋ ਕਿਸੇ ਦੂਜੇ ਲਈ। ਅਜਿਹੇ ਸੁਪਨਿਆਂ ਨੂੰ ਉਸਦੇ Typical Dream (ਪ੍ਰਤੀਰੂਪੀ ਸੁਪਨੇ) ਕਿਹਾ।

ਫ਼ਰਾਇਡ ਨੇ ਸੁਪਨ ਸਮੱਗਰੀ ਨੂੰ ਦੋ ਹਿੱਸਿਆ ਵਿਚ ਵੰਡਿਆ :-

ੳ) ਵਾਸਤਵਿਕ ਸੁਪਨ ਸਮੱਗਰੀ (Manifest Dream Content)

ਅ) ਗੁਪਤ ਸੁਪਨ ਸਮੱਗਰੀ (Latent Dream Content)

ਮਨੁੱਖੀ ਵਿਕਾਸ ਦੇ ਪੜਾਅ ਵਿਚ ਫ਼ਰਾਇਡ ਦੀ ਮਹੱਤਵਪੂਰਨ ਦੇਣ ਕਾਮ ਪ੍ਰਵਿਰਤੀ ਦੀ ਵਿਆਖਿਆ ਹੈ। ਉਸ ਅਨੁਸਾਰ ਬੱਚੇ ਦੇ ਜਨਮ ਸਮੇਂ ਤੋਂ ਹੀ ਉਸ ਅੰਦਰ ਕਾਮ ਦੀ ਪ੍ਰਵਿਰਤੀ ਕਾਮ ਊਰਜਾ (Libido) ਦੇ ਰੂਪ ਵਿਚ ਕਿਰਿਆਸ਼ੀਲ ਰਹਿੰਦੀ ਹੈ। ਬੱਚੇ ਦੇ ਵਿਕਾਸ ਦੇ ਵੱਖ ਵੱਖ ਪੜਾਵਾਂ ਜਿਨ੍ਹਾਂ ਦਾ ਵੇਰਵਾ ਉਸਨੇ ਆਪਣੀ ਪੁਸਤਕ 'ਥਰੀ ਕੋਂਟਰੀਬੀਉਸ਼ਨ ਟੂ ਦ ਸੈਕਸ਼ੂਅਲ ਥਿਊਰੀ' (Three Contribution to the Sexual Theory) ਵਿਚ ਵਿਸਥਾਰ ਸਹਿਤ ਦਿੱਤਾ ਹੈ। ਫ਼ਰਾਇਡ ਨੇ ਮਨੁੱਖ ਦੇ ਵਿਕਾਸ ਵਿਚ ਕਾਮ ਸ਼ਕਤੀ (Libido) ਦੀ ਮਹੱਤਵਤਾ ਸਵੀਕਾਰ ਕਰਦਿਆਂ ਮਨੁੱਖ ਉੱਪਰ ਇਸਦੇ ਪ੍ਰਭਾਵ ਦੀ ਵਿਆਖਿਆ ਕੀਤੀ । ਉਸ ਅਨੁਸਾਰ ਕਾਮ ਸ਼ਕਤੀ ਦਾ ਜਨਮ ਬਾਲ ਦੇ ਜਨਮ ਸਮੇਂ ਤੋਂ ਹੀ ਹੁੰਦਾ ਹੈ

ਇਸ ਵਿਚ ਕਾਮਸ਼ਕਤੀ (Libido) ਅਹੰ ਦੇ ਵੱਲ ਵਧਦੀ ਹੈ। ਜਿਸ ਨੂੰ ਆਤਮਮੋਹੀ (Narcissistic) ਕਹਿੰਦੇ ਹਨ। ਚੁੰਕਿ ਆਤਮ ਮੋਹ ਵਿਚ ਲਬੀਡੋ ਦਾ ਵਿਸ਼ਾ ਅਹੰ (Ego) ਹੈ। ਆਤਮਮੋਹੀ (Narcissistic) ਪੱਖ ਦੇ ਵਿਕਾਸ ਵਿਚ ਵਸਤੂ ਵਿਸ਼ੇ ਨਾਲ ਸਹਿਮਤ ਹੁੰਦੀ ਹੈ। ਇਸੇ ਕਾਰਨ ਇਹ ਕਾਮਸ਼ਕਤੀ (Libido) ਨੂੰ 'ਅਹੰ ਕਾਮਸ਼ਕਤੀ' ('Libido Ego') ਵੀ ਕਿਹਾ ਜਾਂਦਾ ਹੈ।ਫ਼ਰਾਇਡ ਨੇ ਮਨੁੱਖੀ ਪ੍ਰਵਿਰਤੀਆਂ ਦੀ ਚਰਚਾ ਕਰਦਿਆਂ ਮਨੁੱਖੀ ਪ੍ਰਵਿਰਤੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ।

(ੳ) ਜੀਵਨ ਪ੍ਰਵਿਰਤੀ (Life instincts) (Eros)

(ਅ) ਮੌਤ ਪ੍ਰਵਿਰਤੀ (Death Instincts) (Thantos)

ਜੀਵਨ ਪ੍ਰਵਿਰਤੀ ਨੂੰ ਕਾਮ ਪ੍ਰਵਿਰਤੀ (Sexual Instincts) ਵੀ ਆਖਦੇ ਹਨ। ਇਹ ਅਜਿਹੀ ਪ੍ਰਵਿਰਤੀ ਹੈ ਜੋ ਮਨੁੱਖੀ ਸਹਿਜ ਵਿਵਹਾਰ, ਅਨੰਦ ਅਤੇ ਪੁਨਰ ਉਤਪਾਦਨ ਨਾਲ ਸੰਬੰਧਿਤ ਹੈ। ਇਹ ਪ੍ਰਵਿਰਤੀ ਮਨੁੱਖੀ ਜੀਵਨ ਦੀ ਸਥਿਰਤਾ ਅਤੇ ਵਿਅਕਤੀ ਦੇ ਵੰਸ਼ਗਤ ਵਿਕਾਸ ਲਈ ਵੀ ਜਿੰਮੇਵਾਰ ਹੈ।ਇਹੀ ਪ੍ਰਵਿਰਤੀ ਭੁੱਖ, ਪਿਆਸ, ਦਰਦ ਦੀ ਪ੍ਰੇਰਣਾ ਜਾਂ ਚਾਲਕ ਸ਼ਕਤੀ ਹੈ। ਜੋ ਊਰਜਾ ਜੀਵਨ ਪ੍ਰਵਿਰਤੀ ਦੁਆਰਾ ਪੈਦਾ ਹੁੰਦੀ ਹੈ ਉਸ ਨੂੰ ਫ਼ਰਾਇਡ ਨੇ ਲਬੀਡੋ (Libido) ਆਖਿਆ। ਮਨੁੱਖੀ ਵਿਵਹਾਰ ਦਾ ਸੰਬੰਧ ਆਮ ਤੌਰ ਤੇ ਜੀਵਨ ਪ੍ਰਵਿਰਤੀ ਨਾਲ ਹੈ। ਜਿਸ ਵਿਚ ਮਨੁੱਖੀ ਪਿਆਰ, ਸਹਿਯੋਗ ਆਦਿ ਪ੍ਰਵਿਰਤੀਆਂ ਵੀ ਸ਼ਾਮਿਲ ਹਨ ਜੋ ਮਨੁੱਖ ਨੂੰ ਇਕ ਸਮਾਜਕ ਜੀਵ ਬਣਾਉਂਦੀਆਂ ਹਨ। ਆਪਣੀ ਪੁਸਤਕ 'Beyond the Pleasure Principle' (1920) ਵਿਚ ਫ਼ਰਾਇਡ ਨੇ ਜੀਵਨ ਦਾ ਉਦੇਸ਼ ਮੌਤ ਦੱਸਿਆ :

**ਫ਼ਰਾਇਡ ਦੇ ਸੁਰੱਖਿਆ ਢੰਗ (Defense Mechanisms) :** ਫ਼ਰਾਇਡ ਅਨੁਸਾਰ ਚਿੰਤਾ ਅਤੇ

ਤਣਾਉ ਤੋਂ ਮੁਕਤ ਹੋਣ ਲਈ ਈਗੋ ਕਈ ਅਚੇਤ ਚਲਾਕੀਆਂ ਕਰਦੀ ਹੈ। ਇਨ੍ਹਾਂ ਚਲਾਕੀਆਂ ਨੂੰ ਹੀ ਸੁਰੱਖਿਆ ਢੰਗ ਕਹਿੰਦੇ ਹਨ। ਮਨੁੱਖ ਦੀਆਂ ਇਹ ਚਲਾਕੀਆਂ ਜੋ ਉਸਦੇ ਅਵਚੇਤਨ ਦੀ ਪ੍ਰਤੀਕਿਰਿਆ ਹੈ, ਅਸਲ ਵਿਚ ਉਸਦੇ ਰੋਜ਼ਾਨਾ ਦੇ ਜੀਵਨ ਵਿਚ ਵੇਖਣ ਨੂੰ ਮਿਲਦੀਆਂ ਹਨ। ਇਹ ਵਿਧੀਆਂ/ਚਲਾਕੀਆਂ ਯਥਾਰਥ ਦੇ ਸਿਧਾਂਤ (Reality Principle) ਤੋਂ ਮਨੁੱਖ ਨੂੰ ਦੂਰ ਕਰ ਦਿੰਦੀਆਂ ਹਨ।। ਸੁਰੱਖਿਆ ਢੰਗ ਨੂੰ ਅਹੰ-ਸੁਰੱਖਿਆ ਢੰਗ (Ego-Defense Mechanism) ਵੀ ਕਿਹਾ ਜਾ ਸਕਦਾ ਹੈ।

**ਦਮਨ (Repression)** : ਇਹ ਬੁਨਿਆਦੀ ਕਿਸਮ ਦੀ ਪ੍ਰਚੀਨ ਸੁਰੱਖਿਆ ਯੁਕਤੀ ਹੈ। ਜਿਸ ਵਿਚ ਵਿਅਕਤੀ ਕਿਸੇ ਵੀ ਅਪ੍ਰਿਯ ਅਨੁਭਵ ਨੂੰ ਅਚੇਤ ਮਨ ਵਿਚ ਧੱਕਦਾ ਹੈ। ਕੁਦਰਤ ਨੇ ਮਨੁੱਖ ਨੂੰ ਇਹ ਸ਼ਕਤੀ ਦਿੱਤੀ ਹੈ ਕਿ ਉਹ ਦੁਖਦਾਈ ਗੱਲਾਂ ਨੂੰ ਭੁਲ ਜਾਵੇ ਤੇ ਦੁਖੀ ਨਾ ਹੋਵੇ ਅਜਿਹਾ ਕਰਨ ਲਈ ਵਿਅਕਤੀ ਤਿੰਨ ਢੰਗ ਵਰਤਦਾ ਹੈ। ਦਮਨ ਅਵਰੋਧ ਵਿਚ ਵਿਅਕਤੀ ਅਪ੍ਰਿਯ ਅਨੁਭਵ ਨੂੰ ਚੇਤਨਾ ਵਿਚ ਲਿਆ ਕੇ ਉਸ ਨੂੰ ਆਪਣੇ ਤੋਂ ਦੂਰ ਰੱਖਣ ਦਾ ਯਤਨ ਕਰਦਾ ਹੈ। ਉਸਦਾ ਪ੍ਰਗਟਾਵਾ ਭਾਵੇਂ ਨਹੀਂ ਕਰਦਾ ਪਰ ਇਸ ਅਨੁਭਵ ਨੂੰ ਅਚੇਤ ਮਨ ਵਿਚ ਨਹੀਂ ਧੱਕਦਾ। ਅਧਿਲੰਘਨ ਵਿਚ ਵਿਅਕਤੀ ਆਪਣੀ ਅਨੈਤਿਕ ਇੱਛਾ ਕੌੜੇ ਅਨੁਭਵ ਨੂੰ ਚੇਤਨ ਮਨ ਵਿਚ ਵਿਚ ਲਿਆਉਂਦਾ ਹੀ ਨਹੀਂ, ਉਸ ਨੂੰ ਅਚੇਤ ਮਨ ਵਿਚ ਹੀ ਦਫ਼ਨਾ ਦਿੰਦਾ ਹੈ। ਦਮਨ ਵਿਚ ਵਿਅਕਤੀ ਅਨੈਤਿਕ ਭਾਵਨਾਂ ਜਾਂ ਇੱਛਾਂ ਨੂੰ ਅਚੇਤ ਮਨ ਵਿਚ ਧੱਕਦਾ ਹੈ : ਫ਼ਰਾਇਡ ਅਨੁਸਾਰ ਦਮਨ ਅਜਿਹੀ ਮੂਲਭੂਤ ਪ੍ਰਕਿਰਿਆ ਹੈ ਜਿਸ ਤੋਂ ਬਾਕੀ ਸਾਰੇ ਸੁਰੱਖਿਆ ਢੰਗਾਂ ਦੀ ਉਸਾਰੀ ਹੁੰਦੀ ਹੈ।[9] ਜਦ ਫ਼ਰਾਇਡ ਨੇ ਕਥਾਰਟਿਕ ਵਿਧੀ ਦਾ ਤਿਆਗ ਕਰਕੇ ਸੁਤੰਤਰ ਸਹਿਚਾਰਵਿਧੀ ਦੁਆਰਾ ਆਪਣੇ ਮਰੀਜਾਂ ਨੂੰ ਬਿਨਾਂ ਕਿਸੇ ਡਰ ਖੁੱਲ ਕੇ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਦੁਹਰਾਉਣ ਦੀ ਅਰਜ਼ ਕੀਤੀ ਤਾਂ ਉਸਨੇ ਦੇਖਿਆ ਕਿ ਕੋਈ ਅਜਿਹੀ ਤਾਕਤ ਹੈ ਜੋ ਉਨ੍ਹਾਂ ਯਾਦਾਂ/ਘਟਨਾਵਾਂ ਨੂੰ ਚੇਤਨ ਅਵਸਥਾ ਵਿਚ ਆਉਣ ਤੋਂ ਰੋਕਦੀ ਹੈ। ਜਿਸ ਨੂੰ ਫ਼ਰਾਇਡ ਨੇ ਦਮਨ (Repression) ਕਿਹਾ। ਪ੍ਰਖੇਪਣ (Projection) ਇਹ ਅਜਿਹਾ ਸੁਰੱਖਿਆ ਢੰਗ ਹੈ ਜਿਸ ਵਿਚ ਵਿਅਕਤੀ ਆਪਣੇ ਦੋਸ਼ ਨੂੰ ਦੂਜਿਆਂ ਵਿਚ ਵੇਖਣ ਦਾ ਯਤਨ ਕਰਦਾ ਹੈ। ਆਪਣੀ ਅੰਦਰੂਨੀ ਚਿੰਤਾਂ ਨੂੰ ਬਾਹਰੀ ਕਾਰਨ ਨਾਲ ਜੋੜ ਲੈਂਦਾ ਹੈ। ਅਜਿਹਾ ਕਰਨ ਨਾਲ ਤਣਾਉ ਘੱਟ ਜਾਂਦਾ ਹੈ। ਸੋ ਅਸੀਂ ਕਹਿ ਸਕਦੇ ਹਾਂ :ਇਹ ਮਨੋਵਿਸ਼ਲੇਸ਼ਣ ਦੀ ਅਜਿਹੀ ਵਿਧੀ ਹੈ ਜਿਸ ਰਾਹੀਂ ਵਿਅਕਤੀ ਆਪਣੇ ਲੱਛਣ, ਭਾਵ ਤੇ ਰੁਚੀਆਂ (ਜਿਸ ਵਿਚ ਦੋਸ਼ ਤੇ ਉਣਤਾਈਆਂ ਸ਼ਾਮਿਲ ਹਨ) ਦੂਜਿਆਂ ਤੇ ਥੋਪ ਕੇ ਦੋਸ਼ ਮੁਕਤ ਮਹਿਸੂਸ ਕਰਦਾ ਹੈ।[10]

**ਇਕਮਿਕਤਾ (Identification)** ਇਹ ਅਚੇਤ ਢੰਗ ਹੈ ਜਿਸ ਰਾਹੀਂ ਕੋਈ ਵਿਅਕਤੀ ਕਿਸੇ ਹੋਰ ਵਿਅਕਤੀ ਦੇ ਵਿਅਕਤੀਤਵ ਦੇ ਲੱਛਣਾਂ ਨੂੰ ਆਪਣੇ ਵਿਅਕਤੀਤਵ ਦੇ ਲੱਛਣ ਬਣਾ ਲੈਂਦਾ ਹੈ ਅਤੇ ਹੋਰਨਾਂ ਵਾਂਗ ਵਿਵਹਾਰ ਕਰ ਕੇ ਆਪਣੀ ਚਿੰਤਾ ਅਤੇ ਤਣਾਉ ਨੂੰ ਦੂਰ ਕਰ ਲੈਂਦਾ ਹੈ। ਬਚਪਨ ਵਿਚ ਬੱਚਾ ਬਾਪ ਦੀ ਜੁੱਤੀ ਪਾ ਕੇ ਜਾਂ ਉਹੋ ਜਿਹਾ ਬਣ ਕੇ ਆਪਣੇ ਪਿਤਾ ਨਾਲ ਇਕਮਿਕਤਾ ਮਹਿਸੂਸ ਕਰਦਾ ਹੈ : ਇਹ ਇਕ ਅਜਿਹੀ ਮਾਨਸਿਕ ਪ੍ਰਕਿਰਿਆ ਹੈ ਜਿਸ ਰਾਹੀਂ ਵਿਅਕਤੀ ਚੇਤਨ ਜਾਂ ਅਚੇਤਨ ਤੌਰ ਤੇ ਕਿਸੇ ਦੂਜੇ ਵਿਅਕਤੀ ਜਾਂ ਗਰੁੱਪ ਦੇ ਗੁਣਾਂ-ਔਗੁਣਾਂ ਨੂੰ ਆਪਣੇ ਅੰਦਰ ਗ੍ਰਹਿਣ ਕਰ ਲੈਂਦਾ ਹੈ। ਇਸਦਾ ਮੁੱਖ ਆਧਾਰ ਵਿਚਾਰ, ਭਾਵ, ਗੁਣ ਦੋਸ਼ ਹੁੰਦੇ ਹਨ।[11]

**ਯੁਕਤੀਕਰਣ** (Rationalization) ਦਾ ਅਰਥ ਹੈ-ਕਿਸੇ ਅਨਉਚਿਤ ਗੱਲ ਦਾ ਉਚਿਤਕਰਨ ਕਰਨਾ। ਇਸ ਨਾਲ ਅਹੰ (Ego) ਨੂੰ ਹਤਾਸ਼ਾ ਤੋਂ ਬਚਾਇਆ ਜਾ ਸਕਦਾ ਹੈ। ਯੁਕਤੀਕਰਣ ਜਿਵੇਂ ਨਾਂ ਤੋਂ ਸਪੱਸ਼ਟ ਹੈ ਤੋਂ ਭਾਵ ਇਹ ਨਹੀਂ ਲਿਆ ਜਾ ਸਕਦਾ ਕਿ ਕਿਸੇ ਵੀ ਕਿਰਿਆ ਨੂੰ ਤਰਕਸੰਗਤ ਢੰਗ ਨਾਲ ਨੇਪਰੇ ਚਾੜਨਾ। ਯੁਕਤੀਕਰਣ (Rationalization) ਦਾ ਸਿਧਾਂਤ ਦੋ ਉਦੇਸ਼ਾਂ ਨੂੰ ਮੁੱਖ ਰੱਖਦਾ ਹੈ। ਇਹ ਸਾਰੀਆਂ ਨਿਰਾਸ਼ਾਵਾਂ ਨੂੰ ਘਟਾਉਂਦਾ ਹੈ। ਜਦੋਂ ਵੀ ਅਸੀ ਕਿਸੇ ਵੀ ਉਦੇਸ਼ ਜਾਂ ਕਾਰਜ ਦੇ ਅਸਫ਼ਲ ਹੋਣ ਕਾਰਨ ਨਿਰਾਸ਼ ਹੁੰਦੇ ਹਾਂ ਦੂਸਰਾ ਇਹ ਸਾਡੇ ਵਿਵਹਾਰ ਲਈ ਪ੍ਰਵਾਨਿਤ ਉਦੇਸ਼ਾਂ ਨੂੰ ਮੁਹੱਈਆ ਕਰਾਉਂਦਾ ਹੈ। ਜ਼ਰੂਰਤ ਇਕ ਬਹਾਨੇ ਦੇ ਤੌਰ ਤੇ : ਮੈਂ ਇਕ ਨਵਾਂ ਮਾਡਲ ਖਰੀਦਿਆ ਹੈ ਕਿਉਂਕਿ ਪੁਰਾਣੀ ਕਾਰ ਦੀ ਮੁਰੰਮਤ ਵਿਚ ਜਲਦੀ ਹੀ ਬਹੁਤ ਖਰਚਾ ਹੋਣ ਵਾਲਾ ਸੀ।[12] ਫੈਂਟੇਸੀ (ਕਲਪਨਾ ਸ਼ਕਤੀ) ਅਚੇਤਨ ਮਨ ਦੀ ਇਹ ਪ੍ਰਕਿਰਿਆ ਜਿਆਦਾਤਰ ਜਵਾਨੀ ਦੀ ਅਵਸਥਾ ਵਿਚ ਕਿਰਿਆਸ਼ੀਲ ਰਹਿੰਦੀ ਹੈ। ਵਿਅਕਤੀ ਅਚੇਤਨ ਵਿਚ ਭਾਵਾਂ ਦਾ ਇਕ ਅਜਿਹਾ ਮਨਘੜਤ ਜਾਲ ਜਿਹਾ ਬੁਣ ਕੇ ਉਸੇ ਹੀ ਸੀਮਿਤ ਦੁਨੀਆਂ ਵਿਚ ਗਲਤਾਨ ਰਹਿੰਦਾ ਹੈ। ਫੈਂਟੇਸੀ ਜਾਂ ਕਲਪਨਾ ਚਿੱਤਰਾਂ ਦੇ

ਲੱਛਣਾਂ ਰਾਹੀ ਹੀ ਮਨੋਵਿਸ਼ਲੇਸ਼ਕ ਵਿਅਕਤੀ ਦੇ ਅਚੇਤਨ ਮਨ ਵਿਚ ਪਹੁੰਚ ਕਰਕੇ ਉਸਦੇ ਦੁਖਾਂ ਜਾਂ ਦਬਾਵਾਂ ਦਾ ਹੱਲ ਕੱਢ ਲੈਂਦਾ ਹੈ। ਮਨੁੱਖ ਦਾ ਜੀਵਨ ਹਮੇਸ਼ਾ ਹੀ ਅਤ੍ਰਿਪਤ ਰਿਹਾ ਹੈ। ਉਹ ਆਪਣੇ ਅਨੈਤਿਕ ਵਰਤਾਰਿਆਂ ਜਾਂ ਨੈਤਿਕ ਮੁੱਲਾਂ ਦੀ ਪੂਰਤੀ ਲਈ ਹਮੇਸ਼ਾ ਕਿਰਿਆਸ਼ੀਲ ਰਹਿੰਦਾ ਹੈ ਅਤੇ ਆਪਣੇ ਅਚੇਤਨ ਮਨ ਦੀ ਸਹਾਇਤਾ ਨਾਲ ਆਪਣੀਆਂ ਇੱਛਾਵਾਂ ਨੂੰ ਕਲਪਨਾ ਦੇ ਪੱਧਰ ਤੇ ਲਿਜਾ ਕੇ ਪੂਰਤੀ ਕਰਦਾ ਹੈ।

**ਅੰਤਰ-ਪ੍ਰੇਖਣ** (Introspection) ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ, ਅੰਦਰ ਝਾਤ ਮਾਰਨਾ. ਚੇਤਨ ਮਾਨਸਿਕ ਤੱਥਾਂ ਨੂੰ ਅੰਦਰੂਨੀ ਪ੍ਰਤਿਭਾ ਨਾਲ ਮੇਲ ਕੇ ਮੁਲਾਂਕਣ ਕਰਨਾ, ਅੰਤਰ-ਪ੍ਰੇਖਣ ਹੈ। ਕਿਸੇ ਦੇ ਮਾਨਸਿਕ ਅਨੁਭਵ ਦਾ ਨਿਰੀਖਣ ਕਰਨ ਲਈ ਸਾਧਾਰਨ ਰੂਪ ਵਿਚ ਅੰਦਰ ਵੇਖਣ ਦੀ ਕਿਰਿਆ ਨੂੰ ਅੰਤਰ-ਪ੍ਰੇਖਣ ਕਹਿੰਦੇ ਹਨ : ਸਾਧਾਰਨ ਤੌਰ ਤੇ, ਅੰਦਰਝਾਤ ਦੀ ਕਿਰਿਆ, ਕਿਸੇ ਦੇ ਮਾਨਸਿਕ ਅਨੁਭਵ ਦਾ ਪਰੀਖਣ ਹੈ। ਅੰਤਰ ਦਰਸ਼ਨ ਮਨੋਵਿਸ਼ਲੇਸ਼ਣ ਦੀ ਉਪਯੋਗੀ ਵਿਧੀ ਹੈ। ਮਨੋਵਿਗਿਆਨੀਆਂ ਨੇ ਮਨੁੱਖੀ ਮਨ ਨੂੰ ਚੇਤਨ ਅਵਚੇਤਨ ਅਤੇ ਅਰਧ-ਚੇਤਨ ਤਿੰਨ ਮਹੱਤਵਪੂਰਨ ਭਾਗਾਂ ਵਿਚ ਵੰਡ ਕੇ ਇਨ੍ਹਾਂ ਦਾ ਅਧਿਐਨ ਪੇਸ਼ ਕੀਤਾ। ਮਨੁੱਖ ਦਾ ਅਚੇਤਨ ਮਨ ਜਿਸ ਦੀ ਘੋਖ ਪੜਤਾਲ ਕਰਨੀ ਮੁਸ਼ਕਿਲ ਹੈ ਪਰ ਕਿਉਂਕਿ ਮਨੁੱਖ ਆਪਣੇ ਸਵੈ ਬਾਰੇ ਜਾਣੂ ਹੁੰਦਾ ਹੈ। ਉਹ ਆਪਣੇ ਮਨ ਅੰਦਰ ਵਾਪਰਦੀਆਂ ਗਤੀਵਿਧੀਆਂ ਰਾਹੀਂ ਆਪਣੇ ਅਵਚੇਤਨ ਵਿਚ ਗੁੱਝੇ ਰਹੱਸਾਂ ਨੂੰ ਅਸਿੱਧੇ ਢੰਗ ਨਾਲ ਮਨੋਵਿਸ਼ਲੇਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਅੰਤਰਦਰਸ਼ਨ ਦੁਆਰਾ ਹੀ ਉਹ ਅੰਤਰ ਝਾਤ ਮਾਰ ਕੇ ਸਵੈ ਵਿਸ਼ਲੇਸ਼ਣ ਕਰਦਾ ਹੈ। ਇਸ ਵਿਧੀ ਦੀ ਬਹੁਤੀ ਵਰਤੋਂ ਵੂੰਡਟ ਅਤੇ ਟਿਚਨਰ ਨੇ ਕੀਤੀ। ਉਨ੍ਹਾਂ ਅਨੁਸਾਰ ਮਨੋਵਿਗਿਆਨ ਕਿਉਂਕਿ ਚੇਤਨ ਦਾ ਵਿਗਿਆਨ ਹੈ। ਇਸ ਲਈ ਚੇਤਨ ਮਨ ਨੂੰ ਸਮਝਣ ਲਈ ਇਹ ਵਿਧੀ ਬਹੁਮੁੱਲੀ ਹੈ : ਟਿਚਨਰ ਅਨੁਸਾਰ ਅੰਤਰ-ਦਰਸ਼ਨ ਮਨੋਵਿਗਿਆਨ ਦਾ ਪ੍ਰਵੇਸ਼ ਦੁਆਰ ਹੈ। ਇਸਦਾ ਅਰਥ ਹੈ ਕਿ ਮਨੋਵਿਗਿਆਨ ਵਿਚ ਖੋਜ-ਕਾਰਜ ਕਰਨ ਦੇ ਲਈ ਅੰਤਰ-ਦਰਸ਼ਨ ਵਿਧੀ ਉਪਯੁਕਤ ਹੈ।[13]

**ਪ੍ਰਤਿਗਮਨ (Regression)** : ਅਵਚੇਤਨ ਪ੍ਰਕਿਰਿਆ ਮੂਲ ਪ੍ਰਵਿਰਤੀਆਂ ਨਾਲ ਸੰਬੰਧਿਤ ਤਣਾਅ ਨੂੰ ਘਟਾਉਣ ਦੀ ਕੋਸ਼ਿਸ਼ ਕਰਦੀ ਹੈ।[14] ਨੈਤਿਕ ਅਹੰ ਦੇ ਪ੍ਰਭਾਵ ਕਾਰਨ ਜੋ ਵਿਰੋਧ/ਦਮਨ ਅਹੰ ਵਿਚ ਪੈਦਾ ਹੁੰਦਾ ਹੈ। ਉਹ ਇਦ ਦੇ ਵਿਰੋਧੀ ਹੁੰਦਾ ਹੈ। ਉਸਦਾ ਉਦੇਸ਼ ਉਨ੍ਹਾਂ ਵਿਚਾਰਾਂ ਜਾਂ ਗਿਆਨ ਅਤੇ ਬਾਹਰੀ ਸੰਸਾਰ ਪ੍ਰਤੀ ਕਿਰਿਆਵਾਂ ਤੇ ਵੀ ਅਸਰ ਪਾਉਂਦਾ ਹੈ। ਪ੍ਰਤਿਗਮਨ ਅਜਿਹਾ ਸੁਰੱਖਿਆ ਢੰਗ ਹੈ ਜਿਸ ਵਿਚ ਵਿਅਕਤੀ ਆਪਣੀਆਂ ਪੂਰਬਲੀਆਂ ਕਿਰਿਆਵਾਂ ਜੋ ਹੁਣ ਉਸਦੇ ਅਵਚੇਤਨ ਵਿਚ ਵਿਦਮਾਨ ਹਨ, ਦੇ ਪ੍ਰਭਾਵ ਸਦਕਾ ਮੁੜ ਉਨ੍ਹਾਂ ਹੀ ਕਿਰਿਆਵਾਂ ਦੁਆਰਾ ਸੁੱਖ ਦਾ ਅਨੁਭਵ ਕਰਦਾ ਹੈ। ਇਹ ਵਰਤਾਰਾ ਅਵਚੇਤਨ ਪੱਧਰ ਤੇ ਵਾਪਰਦਾ ਹੈ।

**ਉਦਾਤੀਕਰਣ (Sublimation)** ਦੀ ਪ੍ਰਵਿਰਤੀ ਕਲਾਕਾਰਾਂ ਵਿਚ ਵਧੇਰੇ ਵਿਦਮਾਨ ਰਹਿੰਦੀ ਹੈ। ਉਹ ਕਲਾ ਦੇ ਆਸਰੇ ਆਪਣੇ ਦੁਖਦੇ ਅਨੁਭਵਾਂ ਨੂੰ ਸੁਖਦ ਸਿਰਜਣਾ ਵਿਚ ਬਦਲ ਕੇ ਸਮਾਜ ਲਈ ਕਲਿਆਣਕਾਰੀ ਕੰਮ ਕਰਦੇ ਹਨ। ਮਨੁੱਖ ਦੁਆਰਾ ਆਪਣੀ ਮੂਲ ਊਰਜਾ ਨੂੰ ਸਿਰਜਣਾਤਮਕ ਕਿਰਿਆਵਾਂ ਵਿਚ ਲਾਉਂਦਾ ਮਨੁੱਖ ਹੀ ਸਮਾਜਕ ਸਫ਼ਲਤਾ ਹਾਸਲ ਕਰ ਪਾਉਂਦਾ ਹੈ। ਇਹ ਉਸ ਵਿਅਕਤੀ ਦੁਆਰਾ ਹੀ ਸੰਭਵ ਹੈ ਜਿਸਦੇ ਵਿਅਕਤੀਤਵ ਦੇ ਵਿਕਾਸ ਹੋਇਆ ਹੋਵੇ। **ਵਿਅਕਤੀਗਤਤਾ (Intellectualization)** ਇਹ ਅਜਿਹੀ ਸੁਰੱਖਿਆ ਯੁਕਤੀ ਹੈ ਜਿਸ ਰਾਹੀਂ ਵਿਅਕਤੀ ਭਾਵਨਾਤਮਕ ਸਥਿਤੀ ਤੋਂ ਦੂਰ ਹੋਣ ਲਈ ਬੌਧਿਕ ਪੱਧਰ ਤੇ ਤਰਕ ਦਾ ਆਸਰਾ ਲੈ ਕੇ ਆਪਣੇ ਆਪ ਨੂੰ ਉਸ ਸਥਿਤੀ ਤੋਂ ਬਾਹਰ ਕੱਢਦਾ ਹੈ। ਇਹ ਅਜਿਹਾ ਸੁਰੱਖਿਆ ਢੰਗ ਹੈ ਜੋ ਵਿਅਕਤੀ ਨੂੰ ਬੌਧਿਕ ਪੱਧਰ ਤੇ ਮਜਬੂਤ ਰੱਖਦਾ ਹੈ। ਇਹ ਸੁਰੱਖਿਆ ਢੰਗ ਮੁੱਖ ਤੌਰ ਤੇ ਉਹ ਲੋਕ ਵਰਤਦੇ ਹਨ ਜਿਨ੍ਹਾਂ ਦਾ ਪੇਸ਼ਾ ਮੌਤ ਸੰਬੰਧੀ ਹੋਵੇ।

## ਮਨੋਵਿਸ਼ਲੇਸ਼ਣੀ ਵਿਧੀ (Psycho-analysis)

ਅਸਾਧਾਰਨ ਮਨੋਵਿਗਿਆਨ ਦੀ ਇਹ ਮਹੱਤਵਪੂਰਨ ਵਿਧੀ ਜਿਸਦੀ ਉਤਪਤੀ ਫ਼ਰਾਇਡ ਦੁਆਰਾ ਕੀਤੀ ਗਈ ਉਸਨੇ ਇਸ ਅਧੀਨ ਕਈ ਤਕਨੀਕਾਂ ਦੀ ਵਰਤੋਂ ਕਰਕੇ ਮਨੋਚਿਕਿਤਸਕਾਂ ਦੇ ਖੇਤਰ ਵਿਚ ਇਕ ਨਵੀਂ ਇਲਾਜ ਪ੍ਰਣਾਲੀ ਵਿਕਸਿਤ ਕੀਤੀ। ਫ਼ਰਾਇਡ ਅਨੁਸਾਰ ਰੋਗੀ ਦੇ ਅਚੇਤਨ ਮਨ ਵਿਚ ਲੁਕੀਆਂ ਦੁਖਦਾਇਕ ਪੀੜਾਂ/ਯਾਦਾਂ ਜੋ ਉਸਦੇ ਵਰਤਮਾਨ ਵਿਵਹਾਰ ਦਾ ਕਾਰਨ ਹਨ, ਉਨ੍ਹਾਂ ਨੂੰ ਜਾਗ੍ਰਿਤ ਕਰਕੇ ਚੇਤਨ ਵਿਚ ਲਿਆਇਆ ਜਾਂਦਾ ਹੈ ਤਾਂ ਕਿ ਰੋਗੀ ਉਸਦਾ ਨਿਵਾਰਨ ਕਰਕੇ ਉਸਦੇ ਰੋਗ ਤੋਂ ਉਸਨੂੰ ਮੁਕਤੀ ਦਵਾਈ

ਜਾਵੇ। ਫ਼ਰਾਇਡ ਨੇ ਅਚੇਤਨ ਮਨ ਵਿਚੋ ਉਨ੍ਹਾਂ ਦਮਿਤ ਭਾਵਨਾਵਾਂ ਨੂੰ ਕੱਢਣ ਲਈ ਚਾਰ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਸੁਤੰਤਰ ਸਹਿਚਾਰ** (**Free Association**) ਮਨੋਵਿਸ਼ਲੇਸ਼ਣ ਵਿਧੀ ਦੀ ਉੱਤਪਤੀ ਕਦੋਂ ਹੋਈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਸਦਾ ਵਿਕਾਸ 1892 ਅਤੇ 1895 ਦੌਰਾਨ ਹੀ ਹੋਇਆ। ਇਹ ਅਚੇਤਨ ਦੀ ਗਹਿਰਾਈ ਵਿਚ ਉਤਰਨ ਦੀ ਮਹੱਤਵਪੂਰਨ ਕਿਰਿਆ ਹੈ। ਇਹ ਵਿਧੀ ਕਥਾਰਟਿਕ ਉਪਚਾਰ ਤੋਂ ਉਲਟ ਹੈ। ਜਿਸ ਵਿਚ ਸੰਮੋਹਨ ਤਕਨੀਕ ਦੀ ਥਾਂ ਗੱਲਬਾਤ ਤੋਂ ਆਸਰਾ ਲਿਆ ਜਾਂਦਾ ਹੈ। ਇਸ ਵਿਚ ਰੋਗੀ ਨੂੰ ਆਰਾਮ ਨਾਲ ਬਿਠਾ ਕੇ ਜਾ ਲਿਟਾ ਕੇ ਆਦੇਸ਼ ਦਿੱਤਾ ਜਾਂਦਾ ਹੈ ਕਿ ਦ੍ਰਿਸ਼ ਭਾਵੇ ਕਿੰਨਾ ਵੀ ਘਟੀਆ ਕਿਉਂ ਨਾ ਹੋਵੇ ਜਾ ਕਿੰਨਾ ਵਧੀਆ ਵੀ ਕਿਉਂ ਨਾ ਹੋਵੇ, ਉਸ ਦਾ ਬਿਨਾਂ ਝਿਜਕ ਵਰਨਣ ਕਰੇ ਕਿਉਂਕਿ ਜੇ ਉਹ ਅਜਿਹਾ ਨਹੀਂ ਕਰੇਗਾ ਤਾਂ ਉਸਦਾ ਇਲਾਜ ਸੰਭਵ ਨਹੀਂ ਹੈ : ਸੁਤੰਤਰ ਸਹਿਚਾਰ ਵਿਚ ਮਰੀਜ਼ ਨੂੰ ਮੂਲ ਨਿਯਮ (Basic Rule) ਸਮਝਾਏ ਜਾਂਦੇ ਹਨ ਕਿ ਤੁਹਾਡੇ ਦਿਮਾਗ ਵਿਚ ਜੋ ਕੁਝ ਹੈ ਕਹਿ ਦਿਓ, ਬਿਨਾਂ ਚੋਣ ਅਤੇ ਬਿਨਾ ਕਿਸੇ ਕਾਂਟਛਾਂਟ ਦੇ। ਇਹ ਨਿਯਮ ਨੂੰ ਮੰਨਣਾ ਔਖਾ ਹੁੰਦਾ ਹੈ। ਮਰੀਜ ਦੀ ਸਾਰੀ ਉਮਰ ਹੀ ਸਿਖਣ ਵਿਚ ਗੁਜਰੀ ਹੁੰਦੀ ਹੈ।[15] ਇਸ ਵਿਧੀ ਵਿਚ ਮਨੋਚਿਕਿਤਕ ਰੋਗੀ ਦੇ ਪਿੱਛੇ ਖੜਾ ਹੁੰਦਾ ਹੈ ਤਾਂ ਕਿ ਰੋਗੀ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਨਾ ਹੋਵੇ। ਮਨੋਵਿਸ਼ਲੇਸ਼ਕ ਪਿੱਛੇ ਖੜਾ ਹੋ ਕੇ ਸਭ ਸੁਣਦਾ ਹੈ ਅਤੇ ਰੋਗੀ ਦੇ ਵਰਨਣ ਤੋਂ ਬਾਅਦ ਉਸਦਾ ਵਿਸ਼ਲੇਸ਼ਣ ਕਰਦਾ ਚਲਾ ਜਾਂਦਾ ਹੈ ਸੁਪਨ ਵਿਸ਼ਲੇਸ਼ਣ ਡਾ ਫ਼ਰਾਇਡ ਨੇ ਸੁਤੰਤਰ ਸਹਿਚਾਰ ਦੀ ਵਿਧੀ ਦਾ ਪ੍ਰਯੋਗ ਕਰਦੇ ਇਹ ਲੱਭਿਆ ਕਿ ਰੋਗੀ ਆਪਣੀ ਗੱਲਬਾਤ ਵਿਚ ਹਮੇਸ਼ਾਂ ਬੀਤੀ ਰਾਤ ਦੇ ਸੁਪਨਿਆਂ ਦਾ ਵਿਸ਼ਲੇਸ਼ਣ ਕਰਦੇ ਹਨ। ਫ਼ਰਾਇਡ ਅਨੁਸਾਰ ਸੁਪਨਿਆਂ ਦੁਆਰਾ ਅਵਚੇਤਨ ਵਿਚ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ ਅਤੇ ਮਨੁੱਖੀ ਮਨ ਦੇ ਰਹੱਸਾਂ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਫ਼ਰਾਇਡ ਅਨੁਸਾਰ ਮਨੁੱਖ ਦੀਆਂ ਦਮਿਤ ਇੱਛਾਵਾਂ ਇਕ ਵਾਰ ਅਵਚੇਤਨ ਵਿਚ ਧੱਕ ਦਿੱਤੀਆਂ ਜਾਂਦੀਆਂ ਹਨ। ਇਸ ਕਰਕੇ ਸੁਪਨੇ ਉਨ੍ਹਾਂ ਨੂੰ ਅਸਲੀ ਰੂਪ ਵਿਚ ਵਿਅਕਤ ਨਾ ਕਰਕੇ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕਰਦੇ ਹਨ। ਸੁਪਨਿਆਂ ਦੁਆਰਾ ਹੀ ਮਨੁੱਖ ਆਪਣੇ ਦਮਿਤ ਇੱਛਾਵਾਂ ਦੀ ਤ੍ਰਿਪਤੀ ਵੀ ਕਰ ਪਾਉਂਦਾ ਹੈ। ਸੁਪਨਿਆਂ ਦਾ ਵਿਸ਼ੇ ਵਸਤੂ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

**ਪ੍ਰਤੀਰੋਧ ਵਿਸ਼ਲੇਸ਼ਣ** (**Analysis of Resistance**) :- ਫ਼ਰਾਇਡ ਨੇ ਇਹ ਵੀ ਅਨੁਭਵ ਕੀਤਾ ਕਿ ਵਿਅਕਤੀ ਸੁਤੰਤਰ ਸਹਿਚਾਰ ਦੀ ਵਿਧੀ ਰਾਹੀਂ ਵਿਅਕਤੀ ਆਪਣੇ ਕੁਝ ਵਿਚਾਰਾਂ, ਇੱਛਾਵਾਂ, ਅਨੁਭਵਾਂ ਨੂੰ ਬਿਆਨ ਕਰਨ ਸਮੇਂ ਕਿਸੇ ਬਿੰਦੂ ਤੇ ਆ ਕੇ ਰੁਕ ਜਾਂਦਾ ਹੈ। ਇਸ ਨੂੰ ਹੀ ਫ਼ਰਾਇਡ ਨੇ ਪ੍ਰਤਿਰੋਧ ਕਿਹਾ। ਇਹ ਇਕ ਅਚੇਤਨ ਪ੍ਰਕਿਰਿਆ ਹੈ। ਇਹੀ ਪ੍ਰਕਿਰਿਆ ਵਿਅਕਤੀ ਦੇ ਅਚਤੇਨ ਮਨ ਵਿਚ ਬੈਠੇ ਦੁਖਦ ਅਹਿਸਾਸ ਨੂੰ ਪ੍ਰਗਟ ਹੋਣ ਤੋ ਰੋਕਦੀ ਹੈ। ਮਨੋਵਿਸ਼ਲੇਸ਼ਕ ਦਾ ਕਾਰਜ ਇਥੋਂ ਹੀ ਆਰੰਭ ਹੁੰਦਾ ਹੈ। ਉਹ ਵਿਅਕਤੀ ਦੇ ਅਚੇਤਨ ਵਿਚ ਪਹੁੰਚ ਕਰਕੇ ਪ੍ਰਤਿਰੋਧ ਦੀ ਗਤੀਵਿਧੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਅਚੇਤਨ ਮਨ ਦੇ ਭਾਵੇਂ ਵਿਚਾਰ ਬਾਹਰ ਆ ਜਾਣ। ਪਰ ਪ੍ਰਤਿਰੋਧ ਨੂੰ ਤੋੜਨਾ ਬਹੁਤ ਲੰਬਾ ਅਤੇ ਕਠਿਨ ਕੰਮ ਹੈ।

**ਸਥਾਨਾਂਤਰਣ** (**Analysis of Transference**) : ਮਨੋਵਿਸ਼ਲੇਸ਼ਣੀ ਉਪਚਾਰ ਵਿਚ ਮਰੀਜ਼ ਦਾ ਮਨੋਵਿਸ਼ਲੇਸ਼ਕ ਪ੍ਰਤੀ ਰਵੱਈਆ ਉਸਦੇ ਸੁਧਾਰ ਦੇ ਵਿਕਾਸ ਨੂੰ ਤਹਿ ਕਰਨ ਲਈ ਬਹੁਤ ਮਹੱਤਤਾ ਰੱਖਦਾ ਹੈ। ਜਲਦੀ ਹੀ ਜਾਂ ਬਾਅਦ ਵਿਚ ਮਰੀਜ਼ ਆਪਣੇ ਮਨੋਵਿਸ਼ਲੇਸ਼ਕ ਪ੍ਰਤੀ ਮਜ਼ਬੂਤ ਭਾਵੁਕ ਸੰਬੰਧ ਸਥਾਪਿਤ ਕਰਦਾ ਹੈ। ਭਾਵੇਂ ਇਕ ਸੈਸ਼ਨ ਵਿਚ ਉਹ ਪ੍ਰਸ਼ੰਸਾ ਕਰਦਾ ਹੈ ਪਰ ਅਗਲੇ ਵਿਚ ਉਹ ਅਪ੍ਰਸ਼ੰਸਾ। ਮਰੀਜ਼ ਦੀ ਇਹ ਪ੍ਰਵਿਰਤੀ ਮਨੋਵਿਸ਼ਲੇਸ਼ਕ ਨੂੰ ਭਾਵੁਕ Response ਦੀ ਵਸਤੂ ਬਣਾ ਲੈਂਦਾ ਹੈ। ਜਿਸ ਨੂੰ ਸਥਾਨਅੰਤਰਨ ਕਿਹਾ ਜਾਂਦਾ ਹੈ।[16] "ਸ਼ਬਦ 'ਸਥਾਨਅੰਤਰਨ' ਆਤਮ ਵਿਆਖਿਆ ਹੈ। ਇਸਦਾ ਅਰਥ ਇਹ ਹੈ ਕਿ ਇਹ ਪ੍ਰਭਾਸ਼ਿਤ ਕਰਦਾ ਹੈ ਅਤੇ ਵਿਚਾਰ ਇਕ ਵਸਤੂ ਤੋਂ ਦੂਜੀ ਵਸਤੂ ਵਿਚ ਸਥਾਨ ਅੰਤਰਨ ਹੁੰਦੇ ਹਨ।

**ਪ੍ਰਤੀਕਿਰਿਆ ਨਿਰਮਾਨ** (**Reaction Formation**) : ਇਸ ਨੂੰ ਵਿਪਰੀਤਾਤਮਕ ਨਿਰਮਾਣ ਵੀ ਆਖਦੇ ਹਨ। ਇਹ ਚਿੰਤਾ ਪੈਦਾ ਕਰਨ ਵਾਲੀ ਪ੍ਰਤੀਕਿਰਿਆ ਦੇ ਵਿਪਰੀਤ ਹੁੰਦਾ ਹੈ। ਇਸ ਵਿਚ ਵਿਅਕਤੀ ਅਵਚੇਤਨ ਦੀ ਪ੍ਰਤੀਕਿਰਿਆ ਨਾਲ ਵਿਪਰੀਤ ਸੋਚਦਾ ਅਤੇ ਕੰਮ ਕਰਦਾ ਹੈ। ਉਦਾਹਰਨ ਸਰੂਪ ਪ੍ਰੇਮ ਦੀ ਜਗ੍ਹਾ ਘਿਰਨਾ ਕਰਨਾ। ਇਸ ਵਿਚ ਮੌਲਿਕ ਪ੍ਰਵਿਰਤੀ ਤਾਂ ਬਣੀ ਰਹਿੰਦੀ ਹੈ ਪਰੰਤੂ ਉਸ ਦਾ ਸਚੇਤ ਪ੍ਰਦਰਸ਼ਨ ਵਿਪਰੀਤ ਰੂਪ ਨਾਲ ਹੁੰਦਾ ਹੈ। ਮੰਨਣ ਤੋਂ ਇਨਕਾਰ ਕਰਨਾ (Denial) ਇਹ ਅਜਿਹੀ ਸੁਰੱਖਿਆ ਯੁਕਤੀ ਹੈ ਜਿਸ ਰਾਹੀਂ ਵਿਅਕਤੀ ਸੱਚਾਈ ਨੂੰ ਮੰਨਣ ਤੋਂ ਮੂਲੋਂ ਹੀ ਇਨਕਾਰ ਕਰ ਦਿੰਦਾ ਹੈ। ਉਹ ਉਨ੍ਹਾਂ ਦੀ ਹੋਂਦ ਹੀ

ਸਵੀਕਾਰ ਨਹੀਂ ਕਰਦਾ। ਇਹ ਸਭ ਤੋਂ ਪ੍ਰਾਚੀਨ ਸੁਰੱਖਿਆ ਪੱਧਤੀਆਂ ਵਿਚੋਂ ਇਕ ਪੱਧਤੀ ਹੈ। ਬਾਲ ਵਿਕਾਸ ਅਵਸਥਾ ਦੌਰਾਨ ਇਹ ਸੁਰੱਖਿਆ ਯੁਕਤੀ ਵਧੇਰੇ ਕਾਰਗਰ ਹੈ। ਵਿਅਕਤੀ ਕਿਸੇ ਵੀ ਬੇਹੱਦ ਦੁਖਦਾਇਕ ਅਨੁਭਵ ਦ੍ਰਿਸ਼ ਜਾਂ ਪੀੜਾ ਨੂੰ ਯਾਦ ਰੱਖਣ ਦੀ ਥਾਂ ਉਸ ਤੋਂ ਸਾਫ਼ ਇਨਕਾਰ ਕਰ ਦਿੰਦਾ ਹੈ। ਉਦਾਹਰਣ ਦੇ ਤੌਰ 'ਤੇ ਵਧੇਰੇ ਸ਼ਰਾਬ ਪੀਣ ਵਾਲਾ ਵਿਅਕਤੀ ਇਸਦੇ ਮਾਰੂ ਪ੍ਰਭਾਵਾਂ ਨੂੰ ਪ੍ਰਵਾਨ ਕਰਨ ਦੀ ਥਾਂ ਉਹ ਇਸਦੇ ਮਾੜੇ ਪੱਖ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿੰਦਾ ਹੈ। ਭਾਵੇਂ ਕਿ ਇਹ ਵਿਗਿਆਨਕ ਤੌਰ 'ਤੇ ਸਾਬਿਤ ਹੋ ਚੁੱਕਾ ਹੈ ਕਿ ਜਿਹੜੇ ਵਿਅਕਤੀ ਸ਼ਰਾਬ ਪੀਣ ਦੀ ਆਦਤ ਦੇ ਸ਼ਿਕਾਰ ਹਨ ਉਹਨਾਂ ਦੇ ਦਿਮਾਗ ਦੀ ਹਾਲਤ ਇੰਨੀ ਵਧੀਆ ਨਹੀਂ ਰਹਿੰਦੀ। ਸਮਾਂ ਪਾਉਣ 'ਤੇ ਉਹ ਵਿਅਕਤੀ ਫ਼ੈਸਲੇ ਕਰਨ ਯੋਗ ਨਹੀਂ ਰਹਿੰਦੇ।

**ਕਾਰਲ ਗੁਸਤਾਫ਼ ਜੁੰਗ ਜੁਲਾਈ** (26, 1875-ਜੂਨ 6, 1961)

ਸਵਿਸ ਦਾ ਮਨੋਵਿਸ਼ਲੇਸ਼ਕ ਅਤੇ ਮਹਾਨ ਵਿਚਾਰਕ ਸੀ। ਜਿਸਨੇ ਮਨੋਵਿਗਿਆਨ ਦੇ ਅਜਿਹੇ ਸਕੂਲ ਦੀ ਸਥਾਪਨਾ ਕੀਤੀ ਜਿਸ ਨੂੰ ਵਿਸ਼ਲੇਸ਼ਣੀ ਮਨੋਵਿਗਿਆਨ (Analystical Phsychology) ਕਿਹਾ ਜਾਂਦਾ ਹੈ। ਉਸਦੀ ਵਿਲੱਖਣ ਅਤੇ ਵਿਆਪਕ ਪਹੁੰਚ ਸੁਪਨਿਆਂ ਦੇ ਸੰਸਾਰ, ਕਲਾ, ਮਿੱਥ, ਸੰਸਾਰ, ਧਰਮ, ਦਰਸ਼ਨ ਸ਼ਾਸ਼ਤਰ ਦੇ ਆਧਾਰ ਤੇ ਮਨੁੱਖੀ ਮਾਨਸਿਕਤਾ ਨੂੰ ਸਮਝਣ ਤੇ ਜੋਰ ਦਿੰਦੀ ਹੈ। ਉਸਦੇ ਅਧਿਐਨ ਦਾ ਖੇਤਰ ਕਿਤੇ ਵਿਸ਼ਾਲ ਸੀ। ਉਸਨੇ ਪੱਛਮੀ ਅਤੇ ਪੂਰਬੀ ਦਰਸ਼ਨ (Philosophy), ਰਸਾਇਣ ਵਿਗਿਆਨ ਦੇ ਨਾਲ ਸੰਬੰਧਿਤ ਰਸਾਇਣ ਵਿਦਿਆ ਜੋਤਿਸ਼, ਸਮਾਜ ਸ਼ਾਸਤਰ, ਸਾਹਿਤ ਅਤੇ ਅਨੇਕਾਂ ਕਲਾਵਾਂ ਦਾ ਨਿੱਠ ਕੇ ਅਧਿਐਨ ਕੀਤਾ। ਉਸਦਾ ਵਰਨਣਯੋਗ ਯੋਗਦਾਨ ਆਦਿਮ ਬਿੰਬ (Archetype) ਹੈ।

ਜੁੰਗ ਨੇ ਆਪਣੀ ਪੁਸਤਕ 'Dream Memory and Reflection' ਵਿਚ ਫ਼ਰਾਇਡ ਨਾਲ ਆਪਣੇ ਸੰਬੰਧਾਂ ਦਾ ਵਿਸਥਾਰ ਸਹਿਤ ਚਰਚਾ ਕੀਤੀ। ਜੁੰਗ (1900) ਨੇ ਫ਼ਰਾਇਡ ਦੀ ਰਚਨਾ 'Interpretation of dreams'। ਪਰ ਜੁੰਗ ਫ਼ਰਾਇਡ ਦੇ ਦਮਨ ਦੇ ਸਿਧਾਂਤ ਦੀ ਵਿਆਖਿਆ ਦੇ ਨਾਲ ਸਹਿਮਤ ਨਹੀਂ ਸੀ ਜਿਸਦਾ ਕਾਰਨ ਉਹ ਕੇਵਲ ਕਾਮੁਕ ਪ੍ਰਵਿਰਤੀਆਂ ਜਾਂ ਘਟਨਾਵਾਂ ਨੂੰ ਹੀ ਮੰਨਦਾ ਹੈ। ਜੁੰਗ ਅਨੁਸਾਰ ਮਨੋਰੋਗ (Neurosis) ਦਾ ਕਾਰਨ ਕੇਵਲ ਕਾਮੁਕਤਾ ਨਹੀਂ ਹੈ, ਕਾਮੁਕਤਾ ਤਾਂ ਕੇਵਲ ਬਾਕੀ ਕਾਰਨਾਂ ਵਿਚੋਂ ਇਕ ਕਾਰਨ ਹੈ। ਇਸਦੀ ਸਥਿਤੀ ਦੁਜੈਲੀ ਹੈ।

**ਲਬੀਡੋ ਦੀ ਪੁਨਰ ਵਿਆਖਿਆ** : ਸ਼ਖਸੀਅਤ ਵਿਅਕਤੀ ਦੀਆਂ ਸਮੂਹਿਕ, ਸਰੀਰਕ, ਬੌਧਿਕ, ਭਾਵਾਤਮਿਕ ਸਮਾਜਕ ਚਰਿੱਤਰਾਤਮਿਕ ਵਿਸ਼ੇਸ਼ਤਾਵਾਂ ਦਾ ਇਕੱਠ ਹੈ ਜੋ ਉਸਦੇ ਵਿਵਹਾਰ, ਆਦਤਾਂ, ਭਾਵਨਾਵਾਂ ਸੰਵੇਗਾਂ, ਅਨੁਭਵਾਂ, ਵਿਸ਼ਵਾਸ਼ਾਂ, ਇੱਛਾਵਾਂ, ਰੁਚੀਆਂ, ਸੁਭਾਅ, ਗੁਣਾਂ, ਕਾਰਜਾਂ ਆਦਿ ਦੁਆਰਾ ਪ੍ਰਗਟ ਹੁੰਦੀ ਹੈ। ਸਮਾਜ ਦੀ ਸ਼ਖਸੀਅਤ ਦੇ ਨਿਰਮਾਣ ਵਿਚ ਭੂਮਿਕਾ ਅਹਿਮ ਹੁੰਦੀ ਹੈ। ਸ਼ਖਸੀਅਤ ਦੀਆਂ ਇਹ ਸਾਰੀਆਂ ਵਿਸ਼ੇਸ਼ਤਾਵਾਂ ਸਮਾਜ ਵਿਚ ਉਸਦੀ ਸਥਿਤੀ ਅਤੇ ਭੂਮਿਕਾ ਨਿਸ਼ਚਿਤ ਕਰਦੀਆਂ ਹਨ। ਜੁੰਗ ਨੇ ਫ਼ਰਾਇਡ ਦੀ ਕਾਮ ਸ਼ਕਤੀ ਲਬੀਡੋ ਸੰਬੰਧੀ ਵਿਆਖਿਆ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਮਨੁੱਖੀ ਵਿਅਕਤੀਤਵ ਦੇ ਨਿਰਮਾਣ ਵਿਚ ਜੀਵਨ ਸ਼ਕਤੀ ਨੂੰ ਅਹਿਮੀਅਤ ਦਿੱਤੀ। ਆਪਣੀ ਪੁਸਤਕ 'Pschological Types' ਵਿਚ ਵਿਅਕਤੀ ਦੇ ਵਿਅਕਤੀਤਵ ਦੇ ਨਿਰਮਾਣ ਵਿਚ ਸਹਾਇਕ ਚਾਰ ਅਜਿਹੀਆਂ ਮਾਨਸਿਕ ਪ੍ਰਕਿਰਿਆਵਾਂ ਦੀ ਚਰਚਾ ਕੀਤੀ ਅਤੇ ਇਨ੍ਹਾਂ ਨੂੰ ਮੂਲ ਕਾਰਜ ਪ੍ਰਣਾਲੀ (Basic Function) ਕਿਹਾ। ਉਨ੍ਹਾਂ ਦੇ ਆਧਾਰ ਤੇ ਵਿਅਕਤੀਤਵ ਨੂੰ ਦੋ ਪ੍ਰਮੁੱਖ ਵਰਗਾਂ ਵਿਚ ਵੰਡਿਆ। ਜੁੰਗ ਅਨੁਸਾਰ ਇਹ ਚਾਰ ਮਾਨਸਿਕ ਪ੍ਰਕਿਰਿਆਵਾਂ ਹਨ :

(ੳ) ਵਿਚਾਰ (Thinking) ਵਿਚਾਰ ਜਾਂ ਚਿੰਤਨ ਵਿਚ ਜੁੰਗ ਅਨੁਸਾਰ ਵਿਚਾਰਾਂ ਜਾਂ ਆਦਰਸ਼ਾਂ ਦੀ ਪ੍ਰਧਾਨਤਾ ਹੁੰਦੀ ਹੈ। ਸੋਚ ਸਾਨੂੰ ਫੈਸਲਿਆ ਨੂੰ ਰੂਪ ਦੇਣ, ਆਪਸੀ ਤੁਲਨਾ ਕਰਨ, ਚੀਜਾਂ ਨੂੰ ਕ੍ਰਮ ਵਿਚ ਰੱਖਣ, ਨੁਕਸਾਨ ਦਾ ਪਰਿਣਾਮ ਅਤੇ ਕਾਰਨ, ਦੇ ਯੋਗ ਬਣਾਉਂਦੀ ਹੈ।[17]

(ਅ) ਭਾਵਨਾ (Feelings) ਭਾਵਨਾ ਦੀ ਪ੍ਰਕਿਰਿਆ ਵਿਚ ਵਿਅਕਤੀ ਇੱਛਿਤ ਅਤੇ ਅਣਇੱਛਿਤ ਵਸਤੂਆਂ ਦੀ ਚੋਣ ਕਰਦਾ ਹੈ। ਉਸਨੂੰ ਜੋ ਵਸਤੂਆਂ ਪਸੰਦ ਨਹੀਂ ਹੁੰਦੀਆਂ ਉਸਨੂੰ ਉਹ ਛੱਡ ਦਿੰਦਾ ਹੈ। ਭਾਵਨਾਵਾਂ ਸਾਨੂੰ ਦੱਸਦੀਆਂ ਹਨ ਕਿ ਕਿਸ ਤਰ੍ਹਾਂ ਕੋਈ ਵਸਤੂ ਸਾਡੇ ਲਈ ਮਹੱਤਵਪੂਰਨ ਅਤੇ ਮੁੱਲ ਰੱਖਦੀ ਹੈ।[18]

(ੲ) ਅੰਤਰਬੋਧ (Intuition) ਅੰਤਰਬੋਧ ਦਾ ਸੰਬੰਧ ਵਿਅਕਤੀ ਦੇ ਅੰਦਰੂਨੀ ਸੂਖਮ ਜਗਤ ਨਾਲ ਹੁੰਦਾ

ਹੈ, ਇਸਦੀ ਸਹਾਇਤਾ ਨਾਲ ਹੀ ਵਿਅਕਤੀ ਪਰਾਤੱਤਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ : ਅੰਤਰਬੋਧ ਕਿਸੇ ਹਾਲਾਤ ਵਿਚ ਸੰਭਾਵਨਾਵਾਂ ਜਾਣ ਲੈਂਦਾ ਹੈ ਅਤੇ ਲੁਕੇ ਹੋਏ ਅਰਥਾਂ ਦਾ ਬੋਧ ਕਰਾਉਂਦਾ ਹੈ।[19]

(ਸ) ਸੰਵੇਦਨਾ (Sensation) ਬੋਧ ਸੰਵੇਦਨਾ ਦੇ ਦੁਆਰਾ ਵਿਅਕਤੀ ਗਿਆਨ ਇੰਦਰੀਆਂ ਦੀ ਸਹਾਇਤਾ ਨਾਲ ਸੱਚਾਈ ਉੱਪਰ ਪਕੜ ਬਣਾਉਂਦਾ ਹੈ। ਜਿਸ ਦੁਆਰਾ ਬਾਹਰੀ ਸੰਸਾਰ ਦਾ ਅਸਲ ਗਿਆਨ ਸਾਡੇ ਤੱਕ ਪੁੱਜਦਾ ਹੈ।[20] ਜੁੰਗ ਨੇ ਵਿਅਕਤੀਤਵ ਦੇ ਵਿਭਿੰਨ ਪ੍ਰਕਾਰਾਂ ਦਾ ਵਰਨਣ ਆਪਣੀ ਪੁਸਤਕ Psychological Types ਵਿਚ ਵਿਸਥਾਰ ਸਹਿਤ ਕੀਤਾ ਅਤੇ ਮਨੁੱਖੀ ਸੁਭਾਅ ਨੂੰ ਦੋ ਹਿੱਸਿਆਂ ਵਿਚ ਵਰਗੀਕ੍ਰਿਤ ਕੀਤਾ।

**ਸਮੂਹਿਕ ਅਵਚੇਤਨ** (Collective Unconscious) : ਜਿੱਥੇ ਫ਼ਰਾਇਡ ਅਨੁਸਾਰ ਅਵਚੇਤਨ ਦੀ ਸਮੱਗਰੀ ਵਿਅਕਤੀਗਤ ਜੀਵਨ ਵਿਚੋਂ ਹੀ ਉਪਲਬਧ ਹੁੰਦੀ ਹੈ। ਉਥੇ ਜੁੰਗ ਅਨੁਸਾਰ ਅਵਚੇਤਨ ਦੀ ਸਮੱਗਰੀ ਵਿਅਕਤੀਗਤ ਨਾ ਹੋ ਕੇ ਜਾਤੀ ਜਾਂ ਸਮੂਹਿਕ ਵੀ ਹੁੰਦੀ ਹੈ। ਸਮੂਹਿਕ ਅਵਚੇਤਨ ਵਿਚ ਮਨੁੱਖੀ ਪਰੰਪਰਾਵਾਂ ਦੇ ਸਮੁੱਚੇ ਸੰਸਕਾਰ ਸਮੋਏ ਹੁੰਦੇ ਹਨ। ਡਾ. ਜੁੰਗ ਨੇ ਮਨੋਵਿਸ਼ਲੇਸ਼ਣ ਰਾਹੀਂ ਇਹ ਸਿੱਧ ਕੀਤਾ ਹੈ ਕਿ ਮਾਨਵ ਵਿਸ਼ਵਾਸ, ਸੁਪਨ-ਸਮੱਗਰੀ ਤੇ ਮਨੋਰੋਗ ਚਿਹਨ ਵੀ ਸਮੂਹਿਕ ਅਵਚੇਤਨ ਵਿਚ ਪਏ ਪ੍ਰਾਚੀਨ ਸੰਸਕਾਰਾਂ, ਆਦਿਕਾਲੀ ਵਿਸ਼ਵਾਸਾਂ, ਤੇ ਇਹੋ ਜਿਹੇ ਦੂਸਰੇ ਸਮੂਹਿਕ ਤੱਤਾਂ ਉੱਪਰ ਹੀ ਉਸਰਦੇ ਹਨ, ਜਿਨ੍ਹਾਂ ਵਿਚ ਧਰਮ, ਰਾਸ਼ਟਰ, ਰਸਮਾਂ, ਰਹੁਰੀਤਾਂ, ਕਰਮ ਕਾਂਡ, ਕਲਾਤਮਿਕ ਪ੍ਰਤੀਕ ਆਦਿ ਸਭ ਸ਼ਾਮਿਲ ਹੁੰਦੇ ਹਨ।[21] ਇਨ੍ਹਾਂ ਹੀ ਆਦਿਮ ਬਿੰਬਾਂ ਜਾਂ ਪੌਰਾਣਿਕ ਤੱਤਾਂ ਨੂੰ ਜੁੰਗ ਨੇ ਆਦਿਮ-ਪ੍ਰਤੀਰੂਪ (Archetype) ਦਾ ਨਾਮ ਦਿੱਤਾ ਸਮੂਹਿਕ ਅਵਚੇਤਨ ਦੀ ਸਮੱਗਰੀ ਨੂੰ ਜੁੰਗ ਨੇ ਆਦਿਮ ਬਿੰਬ (Archetype) ਕਿਹਾ।[22]

ਜੁੰਗ ਅਨੁਸਾਰ **ਮਾਂ ਆਦਿਮ** (**Mother Archetype**) ਬਿੰਬ ਦੀ ਸਰਵਵਿਆਪੀ ਭੂਮਿਕਾ ਹੈ। ਸੰਸਾਰ ਦੀ ਉਤਪਤੀ ਦਾ ਕਾਰਜ ਹੀ ਇਸਦੇ ਅਧੀਨ ਹੈ। ਜਦੋਂ ਬੰਦਾ ਸੰਸਾਰ ਵਿਚ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਆਪਣੀ ਮਾਂ ਦੀ ਹੀ ਭਾਲ ਕਰਦਾ ਹੈ। ਉਸ ਨੂੰ ਪਹਿਚਾਣ ਲੈਂਦਾ ਹੈ। ਬੱਚਾ ਆਪਣੀ ਮਾਂ ਦੀ ਅਣਹੋਂਦ ਵਿਚ ਉਸਦਾ ਬਦਲ ਚਾਹੁੰਦਾ ਹੈ । ਜੇ ਮਾਂ ਰੂਪ ਵਿਚ ਅਜਿਹਾ ਕੋਈ ਵਿਅਕਤੀ ਮੌਜੂਦ ਨਹੀਂ ਹੁੰਦਾ ਤਾਂ ਅਸੀਂ ਉਸਨੂੰ ਮਿਥਿਹਾਸਕ ਕਥਾ ਕਹਾਣੀਆਂ ਦੀਆਂ ਪੁਸਤਕਾਂ ਵਿਚ ਲੱਭਦੇ ਹਾਂ। ਇਸੇ ਤਰ੍ਹਾਂ ਵਿਅਕਤੀ ਧਾਰਮਿਕ ਸਥਾਨਾਂ ਦੀ ਸ਼ਰਨ ਲੈਂਦਾ ਹੈ। **ਮਨਾ** (**Spiritual power**) ਇਨ੍ਹਾਂ ਆਦਿਮ ਬਿੰਬਾਂ ਦਾ ਆਧਾਰ ਫ਼ਰਾਇਡ ਦੀਆਂ ਮੂਲ ਪ੍ਰਵਿਰਤੀਆਂ ਦੀ ਤਰ੍ਹਾਂ ਜੀਵ ਵਿਗਿਆਨਕ ਨਹੀਂ ਹੈ। ਇਨ੍ਹਾਂ ਦਾ ਆਧਾਰ ਅਧਿਆਤਮਕ ਹੈ। ਉਦਾਹਰਣ ਦੇ ਤੌਰ 'ਤੇ ਜੇ ਸੁਪਨੇ ਵਿਚ ਵਿਅਕਤੀ ਲੰਮੀਆਂ ਵਸਤੂਆਂ ਵੇਖੇ ਤਾਂ ਫ਼ਰਾਇਡ ਉਨ੍ਹਾਂ ਦਾ ਸੰਬੰਧ ਕਾਮ ਨਾਲ ਜੋੜਦਾ ਹੈ। । ਜੁੰਗ ਅਨੁਸਾਰ ਆਦਿਮ ਸਮਾਜਾਂ ਵਿਚ ਫ਼ੈਲਿਕ ਚਿੰਨ੍ਹਾਂ ਦਾ ਸੰਬੰਧ ਕਾਮ ਨਾਲ ਨਹੀਂ ਸਗੋਂ ਮਨ ਜਾਂ ਅਧਿਆਤਮਕ ਸ਼ਕਤੀ ਨਾਲ ਹੈ। ਇਹ ਚਿੰਨ੍ਹ ਖ਼ਾਸ ਮੌਕਿਆਂ ਤੇ ਆਤਮਾਵਾਂ ਨੂੰ ਬੁਲਾਉਣ ਲਈ ਵਰਤੇ ਜਾਂਦੇ ਸਨ। ਜਿਸ ਵਿਚ ਖ਼ੁਸ਼ਹਾਲੀ ਦੀ ਮੰਗ ਕੀਤੀ ਜਾਂਦੀ ਸੀ ਜਿਵੇਂ ਫ਼ਸਲ ਦੀ ਕਟਾਈ, ਕਿਸੇ ਨੂੰ ਤੰਦਰੁਸਤ ਕਰਨਾ ਆਦਿ। **ਪਰਛਾਵਾਂ** (**The Shadow**) ਸਾਧਾਰਣ ਰੂਪ ਵਿਚ ਕਾਮ ਅਤੇ ਜੀਵਨ ਪ੍ਰਵਿਰਤੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਜੁੰਗ ਅਨੁਸਾਰ ਪਰਛਾਵਾਂ ਆਦਿਮ ਬਿੰਬ ਦਾ ਸੰਬੰਧ ਪੂਰਵਮਨੁੱਖੀ ਅਵਸਥਾ ਵਿਚ ਸੀ ਜਦੋਂ ਸਾਡਾ ਉਦੇਸ਼ ਕੇਵਲ ਜਿਉਂਣ ਅਤੇ ਉਤਪਾਦਨ ਤੱਕ ਸੀਮਿਤ ਸੀ ਅਤੇ ਉਸ ਸਮੇਂ ਮਨੁੱਖ ਨੂੰ ਸੋਝੀ ਵੀ ਨਹੀਂ ਸੀ। ਇਹ ਮਨੁੱਖ ਦਾ ਉਹ ਕਾਲਾ ਭਾਗ ਹੈ ਜੋ ਅਨੈਤਿਕ, ਨਾ ਹੀ ਚੰਗਾ ਅਤੇ ਨਾ ਹੀ ਮਾੜਾ ਹੈ। ਜਿਵੇਂ ਜਾਨਵਰ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਦੂਜੇ ਜਾਨਵਰਾਂ ਦਾ ਕਤਲ ਕਰਦੇ ਹਨ। ਪ੍ਰੰਤੂ ਮਾਨਵ ਦ੍ਰਿਸ਼ਟੀ ਤੋਂ ਇਹ ਵਰਤਾਰਾ ਅਨੈਤਿਕ ਹੈ। ਸੋ ਮਨੁੱਖ ਅੰਦਰ ਇਹ ਅਜਿਹਾ ਭਾਗ ਹੈ ਜਿਸ ਨੂੰ ਉਹ ਮੰਨਣ ਨੂੰ ਤਿਆਰ ਨਹੀਂ ਹੈ। **ਪਰਸੋਨਾ** (**Persona**) (ਸ਼ਖਸੀਅਤ ਨਾਲ ਸੰਬੰਧਿਤ) ਜੁੰਗ ਅਨੁਸਾਰ ਪਰਸੋਨਾ ਬਾਹਰੀ ਸ਼ਖਸੀਅਤ ਨਾਲ ਸੰਬੰਧਿਤ ਤਸਵੀਰ ਹੈ। ਸ਼ਬਦ ਪਰਸੋਨਾ ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਭਾਵ ਮਖੌਟਾ। ਸੋ ਇਹ ਅਜਿਹਾ ਮਖੌਟਾ ਹੈ ਜਿਸ ਦੁਆਰਾ ਮਾਨਵ ਦਾ ਬਾਹਰੀ ਵਿਵਹਾਰ ਪ੍ਰਗਟ ਹੁੰਦਾ ਹੈ। ਅਸੀਂ ਕੁਝ ਨਿਰਧਾਰਤ ਰੂਪਾਂ ਦੇ ਦੁਆਰਾ ਹੀ ਸੰਸਾਰ ਵਿਚ ਨਜ਼ਰ ਆਉਂਦੇ ਹਾਂ।

(ਸ਼ਖਸੀਅਤ) (**Persona**) ਨੂੰ ਜੁੰਗ ਨੇ ਦੋ ਹਿੱਸਿਆਂ ਵਿਚ ਵੰਡਿਆ :1. **ਅਨੀਮਾ** (**Anima**) 2. **ਅਨੀਮਸ** (**Animus**) ਅਸੀਂ ਸੰਸਾਰ ਵਿਚ ਦੋ ਮਹੱਤਵਪੂਰਣ ਭੂਮਿਕਾਵਾਂ ਨਿਭਾਉਦੇਂ ਹਾਂ ਨਾਰੀ ਅਤੇ ਪੁਰਸ਼ ਦੇ ਰੂਪ ਵਿਚ। ਫ਼ਰਾਇਡ, ਐਡਲਰ ਅਤੇ ਜੁੰਗ ਅਨੁਸਾਰ ਮਨੁੱਖੀ ਸ਼ਖਸੀਅਤ ਸੁਭਾਅ ਤੋਂ ਹੀ ਸਮਲਿੰਗੀ ਹੈ।

ਬੱਚਾ ਆਪਣੇ ਜਨਮ ਤੋਂ ਬਾਅਦ ਨਾਰੀ ਅਤੇ ਪੁਰਸ਼ ਦੋਵਾਂ ਦੇ ਗੁਣਾਂ ਧਾਰਨ ਕਰਦਾ ਹੈ। ਜਦ ਬੱਚਾ ਵੱਡਾ ਹੁੰਦਾ ਜਾਂਦਾ ਹੈ ਤਾਂ ਸਮਾਜਕ ਸੂਝ ਦੇ ਕਾਰਨ ਉਹ ਆਪਣੀਆਂ ਆਪਣੀਆਂ ਭੂਮਿਕਾਵਾਂ ਨਿਭਾਉਂਦਾ ਹੈ। ਇਸ ਤਰ੍ਹਾਂ ਅਨੀਮਾ ਪੁਰਸ਼ਾਂ ਅੰਦਰ ਨਾਰੀ ਦੇ ਗੁਣਾਂ ਦਾ ਹੋਣਾ ਅਤੇ ਅਨੀਮਸ ਨਾਰੀ ਦੇ ਅੰਦਰ ਪੁਰਸ਼ ਗੁਣਾਂ ਨੂੰ ਕਹਿੰਦੇ ਹਨ। ਜਿਸ ਨੂੰ ਜੁੰਗ ਨੇ ਸਿਜ਼ੀਗੇ (Syzygy) ਕਿਹਾ। ਵਿਅਕਤੀਗਤ ਅਵਚੇਤਨ (Individual Unconscious) ਵਿਅਕਤੀਗਤ ਅਵਚੇਤਨ ਸਮੂਹਿਕ ਅਵਚੇਤਨ ਦਾ ਹੀ ਹਿੱਸਾ ਹੈ। ਵਿਅਕਤੀ ਭਾਵੇਂ ਆਪਣੀ ਵਿਲੱਖਣ ਸੋਚ ਜਾਂ ਧਾਰਨਾ ਬਣਾ ਕੇ ਰੱਖਦਾ ਹੈ ਪਰ ਫਿਰ ਵੀ ਸਮਾਜ ਵਿਚ ਵਿਚਰਦਿਆਂ, ਉਸ ਉੱਪਰ ਸਮਾਜਕ ਸੰਸਕਾਰਾਂ ਬੰਧਨਾਂ ਆਦਿ ਤੋਂ ਪਏ ਪ੍ਰਭਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੱਚ ਦੀ ਖੋਜ ਦੀ ਕਾਮਨਾ ਹਰ ਮਨੁੱਖ ਮਾਤਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਰਹਿੰਦੀ ਹੈ। ਆਤਮ ਸੱਤਾ ਦੀ ਖੋਜ ਦੀ ਚੇਤਨਾ ਉਸਦੇ ਦੇ ਵਿਆਪਕ ਮਨ ਦੇ ਵਿਚ ਹਮੇਸ਼ਾ ਗਤੀਸ਼ੀਲ ਰਹਿੰਦੀ ਹੀ ਹੈ। ਭਾਵੇਂ ਇਹ ਪ੍ਰੇਰਨਾ ਚੇਤਨ ਮਨ ਦਾ ਵਰਤਾਰਾ ਨਹੀਂ ਪਰ ਫਿਰ ਵੀ ਚੇਤਨਾ ਉੱਪਰ ਗਹਿਨ ਪ੍ਰਭਾਵ ਛੱਡਦੀ ਰਹਿੰਦੀ ਹੈ। ਫ਼ਰਾਇਡ ਨੇ ਆਪਣੇ ਚੇਤਨ ਅਤੇ ਅਰਧਚੇਤਨ ਵਿਚ ਜਿੰਨਾ ਮਾਨਵੀ ਮਾਨਸਿਕ ਕਿਰਿਆਵਾਂ ਦੀ ਵਿਆਖਿਆ ਕੀਤੀ। ਉਹੀ ਜੁੰਗ ਦਾ ਵਿਅਕਤੀਗਤ ਚੇਤਨ ਦਾ ਸਿਧਾਂਤ ਹੈ। ਨਿਜੀ ਅਵਚੇਤਨ ਵਿਚ ਵਿਅਕਤੀਗਤ ਹੋਂਦ ਦੀਆਂ ਵਿਸਰੀਆਂ, ਦਮਿਤ ਹੋਈਆਂ, ਨੀਮ-ਪ੍ਰਤੱਖ ਸਮਰਿਤੀਆਂ, ਭਾਵਨਾਵਾਂ ਤੇ ਵਿਚਾਰ ਪਏ ਹੁੰਦੇ ਹਨ।

ਆਪਣੀ ਪੁਸਤਕ ਮਨੋਵਿਗਿਆਨਕ ਪ੍ਰਕਾਰ ਵਿਚ ਵਿਅਕਤੀਤਵ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ :

(ੳ) **ਬਾਹਰਮੁਖੀ ਵਿਅਕਤੀਤਵ** : ਬਾਹਰਮੁਖੀ ਵਿਅਕਤੀਤਵ ਵਾਲੇ ਮਨੁੱਖ ਸਮਾਜਕ ਹੁੰਦੇ ਹਨ। ਉਹ ਇਕੱਲੇਪਨ ਤੋਂ ਘਬਰਾਉਂਦੇ ਹਨ ਉਨ੍ਹਾਂ ਦੀ ਦਿਲਚਸਪੀ ਅਤੇ ਧਿਆਨ ਦਾ ਕੇਂਦਰ ਬਾਹਰਮੁਖੀ ਸੰਸਾਰ ਹੁੰਦਾ ਹੈ:ਮਿਲਣਸਾਰ, ਨਿਡਰ ਅਤੇ ਸਹਿਯੋਗੀ ਸੁਭਾਅ ਦੇ ਹੁੰਦੇ ਹਨ। ਸਮਾਜ ਵਿਚ ਉਨ੍ਹਾਂ ਦੀ ਰੁਚੀ ਵਧੇਰੇ ਹੁੰਦੀ ਹੈ। ਉਹ ਚਿੰਤਾਵਾਂ ਤੋਂ ਮੁਕਤ ਹੁੰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਪ੍ਰਵਾਹ ਹੁੰਦਾ ਹੈ। ਬਾਹਰਮੁਖੀ ਸੁਭਾਅ ਵਾਲੇ ਮਨੁੱਖ ਯਥਾਰਥਵਾਦੀ ਹੁੰਦੇ ਹਨ। ਦੂਜਿਆਂ ਪ੍ਰਤੀ ਉਨ੍ਹਾਂ ਦਾ ਵਿਵਹਾਰ ਮਿੱਤਰਤਾ ਵਾਲਾ ਹੁੰਦਾ ਹੈ :ਅਜਿਹੇ ਵਿਅਕਤੀ ਚੰਗੇ ਨੇਤਾ ਅਤੇ ਸਮਾਜਕ ਕਾਰਜਕਰਤਾ ਬਣਦੇ ਹਨ

(ਅ) **ਅੰਤਰਮੁਖੀ ਵਿਅਕਤੀਤਵ** : ਆਪਣੀ ਪੁਸਤਕ ਸਾਈਕਲੌਜੀਕਲ ਟਾਈਪਸ (Psychological Types) ਵਿਚ ਅੰਤਰਮੁਖਤਾ ਦੀ ਪਰਿਭਾਸ਼ਾ ਦਿੰਦੇ ਹੋਏ ਜੁੰਗ ਅਨੁਸਾਰ : ਜੁੰਗ ਅਨੁਸਾਰ ਅੰਤਰਮੁਖੀ ਸੁਭਾਅ ਵਾਲੇ ਵਿਅਕਤੀ ਦੂਜਿਆਂ ਦੀ ਸੰਗਤ ਵਿਚ ਘਬਰਾਹਟ ਮਹਿਸੂਸ ਕਰਦੇ ਹਨ। ਆਪਣੇ ਆਪ ਵਿਚ ਕੇਂਦਰਿਤ ਰਹਿਣਾ, ਦਿਨ ਵਿਚ ਸੁਪਨੇ ਵੇਖਣਾ, ਨਿਰਣੇ ਤੇ ਦੇਰ ਨਾਲ ਕਾਰਜ ਕਰਨਾ, ਕਾਰਜ ਦੇ ਮੁਕਾਬਲੇ ਵਿਚਾਰ ਨੂੰ ਵਧੇਰੇ ਮਹੱਤਤਾ ਦੇਣੀ, ਲਚਕੀਲੇਪਨ ਦੀ ਘਾਟ, ਲੋਕਾਂ ਵਿਚ ਘੱਟ ਲੋਕਪ੍ਰਿਯਤਾ, ਅਧੀਨ ਆਗਿਆ ਪਾਲਕ ਵਿਵਹਾਰ ਆਦਿ ਅੰਤਰਮੁਖੀ ਵਿਅਕਤੀਆਂ ਦੀਆਂ ਵਿਸ਼ੇਸ਼ਤਾਵਾਂ ਹਨ। ਅੰਤਰਮੁਖੀ ਵਿਅਕਤੀਤਵ ਵਾਲੇ ਵਿਅਕਤੀ ਸੁਭਾਅ ਤੋਂ ਸਮਾਜਕ ਨਹੀਂ ਹੁੰਦੇ। ਜੁੰਗ ਨੇ ਇਨ੍ਹਾਂ ਦੋਵਾਂ ਵਰਗਾਂ ਤੋਂ ਇਲਾਵਾ ਇਕ ਹੋਰ ਵਰਗ ਵੀ ਮੰਨਿਆ ਹੈ। ਜਿਸ ਵਿਚ ਦੋਵਾਂ ਗੁਣਾਂ ਦੇ ਵਿਅਕਤੀਤਵ ਦੀ ਸੁਮੇਲਤਾ ਹੁੰਦੀ ਹੈ ਜਿਸ ਨੂੰ ਉਸਨੇ ਉਭਯਮੁਖੀ ਕਿਹਾ। ਸ਼ਬਦ ਸਹਿਚਾਰ (Word Association) ਮਨੋਵਿਸ਼ਲੇਸ਼ਣ ਦੇ ਵਿਕਾਸ ਦੇ ਖੇਤਰ ਵਿਚ ਇਸ ਮਹਾਨ ਮਨੋਵਿਸ਼ਲੇਸ਼ਕ ਦੀ ਦੇਣ ਸ਼ਬਦ ਸਹਿਚਾਰ (Word Association) ਦੀ ਵਿਧੀ ਹੈ। ਜਿਸ ਰਾਹੀਂ ਉਹ ਆਪਣੇ ਮਨੋਰੋਗੀਆਂ ਦਾ ਇਲਾਜ ਕਰਦਾ ਸੀ। ਜਿੱਥੇ ਫ਼ਰਾਇਡ ਨੇ ਸੁਤੰਤਰ-ਸਹਿਚਾਰ (Free Association) ਵਿਧੀ ਦੀ ਵਰਤੋਂ ਕੀਤੀ ਉਥੇ ਜੁੰਗ ਨੇ ਸ਼ਬਦ ਵਿਧੀ ਦੀ ਵਰਤੋਂ ਕਰਕੇ ਮਨੋਰੋਗੀਆਂ ਦੇ ਇਲਾਜ ਦੀ ਨਿਵੇਕਲੀ ਪਿਰਤ ਪਾਈ।

## ਮਨੋਵਿਸ਼ਲੇਸ਼ਣ ਸਾਹਿਤ ਅਧਿਐਨ ਪ੍ਰਣਾਲੀ ਵਜੋਂ :

ਕਲਾ ਦਾ ਪ੍ਰਧਾਨ ਅੰਗ ਕਲਪਨਾ ਹੈ। ਕਲਪਨਾ ਸੰਸਾਰ ਦੀਆਂ ਉਡਾਰੀਆਂ ਲਗਾਉਂਦਾ ਹਰ ਮਨੁੱਖ ਆਪਣੇ ਭਾਵਾਂ ਦੀ ਪੂਰਤੀ ਸਹਿਜ ਢੰਗ ਨਾਲ ਕਰ ਪਾਉਂਦਾ ਹੈ। ਕਲਾ ਅਤੇ ਮਨ ਨਾਲ ਸੰਬੰਧ ਸਥਾਪਿਤ ਕਰਦਿਆਂ ਭਾਰਤੀ ਅਚਾਰੀਆਂ ਨੇ ਨੌਂ ਰਸਾਂ ਦਾ ਜਿਕਰ ਕੀਤਾ। ਇਹ ਰਸ ਮਨੁੱਖ ਦੇ ਵਿਲੱਖਣ ਭਾਵਾਂ ਦੀ ਤਰਜ਼ਮਾਨੀ ਕਰਦੇ ਹਨ। ਇਹ ਰਸ ਮਨ ਦੀਆਂ ਵੱਖ ਵੱਖ ਸਥਿਤੀਆਂ ਦੇ ਸੂਚਕ ਹਨ। ਰੋਦਰ ਰਸ ਮਨੁੱਖ ਦੇ ਗੁੱਸੇ

ਦੀ ਭਾਵਨਾ ਦਾ ਸੂਚਕ ਹੈ। ਕਲਾਕਾਰ ਦੀ ਕਲਪਨਾ ਦਾ ਆਧਾਰ ਉਸਦੇ ਅਗਿਆਤ ਮਨ ਦੇ ਦਮਿਤ ਵਿਚਾਰ, ਜਿਨ੍ਹਾਂ ਦਾ ਪ੍ਰਦਰਸ਼ਨ ਕਲਾਕਾਰ ਕਿਤੇ ਸ਼ਬਦਾਂ ਦੁਆਰਾ ਖੇਡ ਕੇ, ਕਦੇ ਰੰਗਾਂ ਦੁਆਰਾ, ਕਦੀ ਮਿੱਟੀ ਅਤੇ ਪੱਥਰ ਆਦਿ ਦੇ ਦੁਆਰਾ ਕਰਦਾ ਹੈ। ਫ਼ਰਾਇਡ ਨੇ ਕਲਾ ਦਾ ਸੰਬੰਧ ਕੇਵਲ ਦਮਿਤ ਕਾਮ ਇੱਛਾਵਾਂ ਨਾਲ ਕੀਤਾ ਪ੍ਰੰਤੂ ਅਸੀ ਕਿਸੇ ਵਿਅਕਤੀ ਨੂੰ ਕਲਾਕਾਰ ਬਣਨ ਦੇ ਲਈ ਕੇਵਲ ਕਾਮ ਪ੍ਰਵਿਰਤੀ ਨਾਲ ਸੰਬੰਧਿਤ ਨਹੀਂ ਕਰ ਸਕਦੇ। ਅਗਿਆਤ ਮਨ ਦੀ ਇਹ ਉੱਦਾਤ ਦੀ ਕਾਰਜ ਪ੍ਰਣਾਲੀ ਕਲਾ ਦੇ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਕਿਸੇ ਵੀ ਅਜਿਹੀ ਸਥਿਤੀ ਵਿਚ ਕਲਾ ਮੂਲ ਇੱਛਾਵਾਂ ਦਾ ਸਮਾਧਾਨ ਕਰਦੀ ਹੈ। ਕਿਉਂਕਿ ਜੇ ਕਲਾ ਦੁਆਰਾ ਕਲਾਕਾਰ ਆਪਣੀਆਂ ਬੇਬਾਕ ਇੱਛਾਵਾਂ ਦਾ ਪ੍ਰਗਟਾਵਾ ਨਹੀਂ ਕਰਦਾ ਤਾਂ ਉਸਦੇ ਵਿਅਕਤੀਤਵ ਦੇ ਵਿਕਾਸ ਵਿਚ ਨਾਕਾਰਾਤਮਕ ਪ੍ਰਵਿਰਤੀਆਂ ਕਿਰਿਆਸ਼ੀਲ ਹੋ ਸਕਦੀਆਂ ਹਨ। ਕਲਪਨਾ ਜਾਂ ਸੁਪਨੇ ਵਿਚ ਮਨੁੱਖ ਆਜ਼ਾਦ ਹੈ। ਉਹ ਸਮਾਜਕ ਬੰਧਨਾਂ ਤੋਂ ਮੁਕਤ ਹੈ। ਉਹ ਆਪਣੇ ਜੀਵਨ ਨੂੰ ਆਪਣੇ ਹੀ ਨਿਯਮਾਂ ਦੁਆਰਾ ਢਾਲਣਾ ਚਾਹੁੰਦਾ ਹੈ ਜੋ ਕੇਵਲ ਕਲਪਨਾ ਵਿਚ ਹੀ ਸੰਭਵ ਹੈ। ਪਰ ਮਨੋਰੋਗੀ ਲਈ ਸਥਿਤੀ ਉਸ ਸਮੇਂ ਗੰਭੀਰ ਹੋ ਜਾਂਦੀ ਹੈ ਜਦ ਉਹ ਕਲਪਿਤ ਸੰਸਾਰ ਨੂੰ ਸੱਚ ਮੰਨ ਕੇ ਉਸ ਅਨੁਸਾਰ ਜੀਵਨ ਜਿਉਣ ਦੀ ਲਾਲਸਾ ਦੇ ਕਾਰਨ ਪ੍ਰੇਸ਼ਾਨ ਹੋ ਜਾਂਦਾ ਹੈ। ਉਹ ਵਾਸਤਵਿਕ ਸੰਸਾਰ ਨਾਲ ਆਪਣਾ ਰਿਸ਼ਤਾ ਤੋੜ ਬੈਠਦਾ ਹੈ। ਉਹ ਕਈ ਪ੍ਰਕਾਰ ਦੇ ਭਰਮਾਂ ਦਾ ਸ਼ਿਕਾਰ ਹੋ ਜਾਂਦਾ ਹੈ। ਕਲਾਕਾਰ ਮਨੁੱਖ ਵੀ ਕਲਪਨਾ ਦੀ ਦੁਨੀਆਂ ਵਿਚ ਵਿਚਰਦੇ ਹਨ। ਉਹ ਬਾਹਰੀ ਸੰਸਾਰ ਤੋਂ ਜਿਆਦਾ ਆਪਣੇ ਅੰਦਰੂਨੀ ਸੰਸਾਰ ਵੱਲ ਆਕਰਸ਼ਿਤ ਹੋ ਕੇ ਸ਼ਾਨਦਾਰ ਕਲਾ ਕ੍ਰਿਤਾਂ ਦਾ ਨਿਰਮਾਣ ਕਰ ਲੈਂਦੇ ਹਨ : ਫ਼ਰਾਇਡ ਅਨੁਸਾਰ, ਇਕ ਬੱਚੇ ਤੇ ਕਲਾਕਾਰ ਦੀ ਫੈਂਟਸੀ ਵਿਚ ਅੰਤਰ ਇਹ ਹੈ ਕਿ ਸਿਰਜਣਾਤਮਕ ਲੇਖਕ ਫੈਂਟੇਸੀ ਦੀ ਸਿਰਜਨਾ ਵਧੇਰੇ ਉਦਾਰਤਾ ਨਾਲ ਕਰਦਾ ਹੈ। ਉਸਦੀ ਫੈਂਟਸੀ ਯਥਾਰਥ ਨਾਲੋਂ ਭਾਵਨਾਵਾਂ ਨੂੰ ਨਿਖੇੜ ਕੇ ਪੇਸ਼ ਕਰਦੀ ਹੈ।[23]

ਰੈਮਜ਼ੇ ਨੇ ਆਪਣੀ ਪੁਸਤਕ ਮਨੋਵਿਗਿਆਨ ਅਤੇ ਆਲੋਚਨਾ ਵਿਚ ਫ਼ਰਾਇਡ ਦੇ ਵਿਚਾਰਾਂ ਨੂੰ ਦੁਹਰਾਉਂਦਿਆਂ ਹੋਇਆ ਇਹ ਧਾਰਨਾ ਪੇਸ਼ ਕੀਤੀ ਹੈ ਕਿ : ਕਵਿਤਾ ਦੀ ਪ੍ਰੇਰਣਾ ਅਚੇਤਨ ਵਿਚੋਂ ਮਿਲਦੀ ਹੈ। ਕਵੀ ਨੂੰ ਜੋ ਕੁਝ ਆਪਣੇ ਜੀਵਨ ਵਿਚ ਪ੍ਰਾਪਤ ਨਹੀਂ ਹੁੰਦਾ ਉਸ ਨੂੰ ਉਹ ਕਲਪਿਤ ਪੱਧਰ ਉੱਤੇ ਗ੍ਰਹਿਣ ਕਰਨ ਲਈ ਸੁਪਨ-ਚਿੱਤਰਾਂ ਦਾ ਨਿਰਮਾਣ ਕਰਦਾ ਹਾਂ। ਇਨ੍ਹਾਂ ਸੁਪਨ-ਚਿੱਤਰਾਂ ਦੁਆਰਾ ਉਹ ਆਪਣੀਆਂ ਕਾਮੁਕ ਇੱਛਾਵਾਂ ਦੀ ਤ੍ਰਿਪਤੀ ਲੋਚਦਾ ਹੈ। ਇਨ੍ਹਾਂ ਸੁਪਨ-ਚਿੱਤਰਾਂ ਨੂੰ ਹੀ ਉਹ ਕਵਿਤਾ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ। ਇਨ੍ਹਾਂ ਸੁਪਨ-ਚਿੱਤਰਾਂ ਦੀ ਸਹਾਇਤਾ ਨਾਲ ਉਹ ਅਜਿਹੀਆਂ ਘਟਨਾਵਾਂ ਤੇ ਸਥਿਤੀਆਂ ਦੀ ਕਲਪਨਾ ਕਰਦਾ ਹੈ ਜਿਨ੍ਹਾਂ ਨੂੰ ਉਹ ਆਪਣੀਆਂ ਗਲਪ-ਰਚਨਾਵਾਂ ਦਾ ਰੂਪ ਪ੍ਰਦਾਨ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆ ਕਵਿਤਾ, ਕਲਾ ਇਕ ਕਿਸਮ ਦਾ ਸੁਪਨ-ਚਿੱਤ੍ਰ ਹੀ ਹੈ। ਫ਼ਰਾਇਡ ਅਨੁਸਾਰ ਸਾਹਿਤਕਾਰ ਜਾਂ ਕਲਾਕਾਰ ਅਜਿਹਾ ਇਸ ਲਈ ਕਰਦਾ ਹੈ ਕਿਉਂਕਿ ਉਹ ਮੂਲ ਰੂਪ ਵਿਚ ਮਨੋਤਾਪੀ ਹੁੰਦਾ ਹੈ।[24]

ਕਲਾਕਾਰ ਆਨੰਦ ਦੇ ਸਿਧਾਂਤ ਅਤੇ ਸੱਚਾਈ ਦੇ ਸਿਧਾਂਤ ਵਿਚ ਬੜਾ ਸੁੰਦਰ ਤਾਲਮੇਲ ਪੈਦਾ ਕਰਦਾ ਹੈ। ਕਵੀ ਕੋਲ ਸ਼ਬਦਾਂ ਦਾ ਜਾਦੂ ਹੁੰਦਾ ਹੈ। ਉਹ ਆਪਣੇ ਦ੍ਰਿੜ ਵਿਚਾਰਾਂ, ਇੱਛਾਵਾਂ ਦੀ ਪੂਰਤੀ ਮੁੱਢ ਕਦੀਮ ਤੋਂ ਹੀ ਸ਼ਬਦਾਂ ਆਸਰੇ ਕਰਦਾ ਆਇਆ ਹੈ। ਫ਼ਰਾਇਡ ਨੇ ਕਿਹਾ ਕਿ ਕਲਾਕਾਰ ਮਨੋਰੋਗੀ ਹੈ। ਫਰਕ ਕੇਵਲ ਇੰਨਾ ਹੈ ਕਿ ਉਹ ਆਪਣੀ ਕਲਾ ਦੁਆਰਾ ਉੱਦਾਤ ਦੀ ਸਿਰਜਨਾ ਕਰਦਾ ਹੈ। ਸੰਸਕ੍ਰਿਤ ਸਾਹਿਤ ਵਿਚ ਕਾਲੀਦਾਸ ਦਾ ਮੇਘਦੂਤ ਮਾਨਵ ਦੀ ਕਾਮਵਾਸ਼ਨਾ ਨਾਲ ਸੰਬੰਧਿਤ ਕਲਪਨਾਵਾਂ ਦਾ ਸ੍ਰੋਤ ਹੈ। ਮੀਰਾ ਦੀ ਕ੍ਰਿਸ਼ਨ ਭਗਤੀ ਸਾਹਿਤ, ਸੂਫ਼ੀ ਕਵੀਆਂ ਦੇ ਗੀਤਾਂ ਵਿਚ ਮਿਲਦਾ ਰੋਮਾਂਸ ਦਮਨ ਕੀਤੀਆਂ ਇੱਛਾਵਾਂ ਦੀ ਹੀ ਅਭਿਵਿਅਕਤੀ ਹੈ। ਪ੍ਰੰਤੂ ਇਥੇ ਇਕ ਵਿਚਾਰਸ਼ੀਲ ਪ੍ਰਸ਼ਨ ਉੱਠਦਾ ਹੈ ਕਿ ਕਲਾ ਨੂੰ ਕੇਵਲ ਕਾਮ ਦੇ ਅਰਥਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਹੈ? ਅਸਲ ਵਿਚ ਫ਼ਰਾਇਡ ਨੇ ਜਿਹੜੇ ਕਾਮ ਸ਼ਬਦ ਦੀ ਵਰਤੋਂ ਕੀਤੀ ਉਹ ਕੇਵਲ ਸੀਮਿਤ ਅਰਥਾਂ ਵਿਚ ਹੀ ਕੀਤੀ ਹੈ। ਉਸਦੇ ਸੁਪਨ ਵਿਸ਼ਲੇਸ਼ਣ ਦੇ ਅਧਿਐਨ ਤੋਂ ਸਪੱਸ਼ਟ ਹੈ ਫ਼ਰਾਇਡ ਦੇ ਸਹਿਯੋਗੀ ਅਤੇ ਮਿੱਤਰ ਜੁੰਗ ਨੇ ਮਨੋਵਿਸ਼ਲੇਸ਼ਣ ਅਤੇ ਕਲਾ ਦੇ ਸੰਬੰਧਾਂ ਦੀ ਵਿਆਖਿਆ ਕਰਦੇ ਹੋਏ ਇਸਨੂੰ ਕੇਵਲ ਕਾਮ ਦੇ ਅਰਥਾਂ ਤੱਕ ਸੀਮਿਤ ਨਹੀਂ ਮੰਨਿਆ। ਉਸ ਅਨੁਸਾਰ ਕਲਾ ਵਿਚ ਮਨੁੱਖ ਦੀਆਂ ਸਮੁੱਚੀਆਂ ਮਨੋਵ੍ਰਿਤੀਆਂ ਸ਼ਾਮਿਲ ਹੁੰਦੀਆਂ ਹਨ। ਇਸ ਵਿਚ ਧਰਮ, ਸਮਾਜ, ਆਤਮ-ਸਥਾਪਨ, ਕਾਮ-ਵਿਸ਼ਾ ਆਦਿ ਸ਼ਾਮਿਲ ਹਨ। ਉਸ ਅਨੁਸਾਰ ਧਰਮ ਵ੍ਰਿਤੀ ਦੀ ਵੀ ਕਲਾ ਵਿਚ ਮਹੱਤਵਤਾ ਹੈ। ਜੁੰਗ ਨੇ ਕਲਾ ਸਿਰਜਨਾ ਨੂੰ ਸਮੂਹਿਕ ਅਗਿਆਤ ਮਨ ਦੀ ਸਿਰਜਨਾ ਕਿਹਾ। ਮਨ ਦਾ ਇਹੀ ਭਾਗ ਕਲਾ ਸਿਰਜਨਾ ਦਾ ਕੇਂਦਰ ਹੈ ਜਿਸ ਵਿਚ ਆਦਿਮ ਬਿੰਬ ਵਿਦਮਾਨ ਹਨ। ਇਸ ਤਰ੍ਹਾਂ ਕਲਾ ਸਿਰਜਨਾ ਵਿਚ ਸਮੂਹਿਕ ਮਨ ਦੀ ਪ੍ਰਭੂਸੱਤਾ ਪ੍ਰਗਟ ਕੀਤੀ।

ਵਿਅਕਤੀਗਤ ਮਨੋਵਿਗਿਆਨ ਦੇ ਸੰਸਥਾਪਕ ਐਡਲਰ ਦੇ ਅਨੁਸਾਰ ਕਲਾ ਸਰੀਰਕ ਦੋਸ਼ਾਂ ਦੇ ਨਿਵਾਰਨ ਦਾ ਸਾਧਨ ਹੈ। ਮਨੁੱਖ ਅੰਦਰ ਆਤਮ ਸਥਾਪਨ ਦੀ ਪ੍ਰਵਿਰਤੀ ਸੁਭਾਵਕ ਹੁੰਦੀ ਹੈ। ਜਿਸਦੀ ਪੂਰਤੀ ਲਈ ਉਹ ਕੋਈ ਨਾ ਕੋਈ ਸਾਧਨ ਖੋਜਦਾ ਹੈ। ਸਰੀਰਕ ਦੋਸ਼ ਕਾਰਨ ਮਨੁੱਖ ਅੰਦਰ ਹੀਣਤਾ ਭਾਵਨਾ ਪੈਦਾ ਹੋ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਸੂਰਦਾਸ ਅੰਨ੍ਹੇ ਸਨ ਪਰ ਉਹ ਪ੍ਰਸਿੱਧ ਕਵੀ ਹੋਏ ਹਨ। ਇਸੇ ਤਰ੍ਹਾਂ ਮਹਾਂ ਕਵੀ ਕਰੂਪ ਅਤੇ ਕਾਣੇ ਸਨ। ਇਸ ਤਰ੍ਹਾਂ ਕਲਾ ਦੇ ਸੰਪੂਰਨ ਅੰਗਾਂ ਦੀ ਪੂਰਕ ਕਿਰਿਆ ਕਹੀ ਜਾ ਸਕਦੀ ਹੈ ਅਤੇ ਵਿਅਕਤੀ ਸੰਤੁਸ਼ਟੀ ਅਤੇ ਸ਼੍ਰੇਸ਼ਟਤਾ ਦਾ ਅਨੁਭਵ ਕਰਦਾ ਹੈ। ਮਨੋਵਿਸ਼ਲੇਸ਼ਣ ਸਾਹਿਤ ਦੀ ਵਰਤੋਂ ਤਾਂ ਕਰਦਾ ਹੈ ਪਰ ਜ਼ਿਆਦਾਤਰ ਆਪਣੇ ਹੀ ਸਿਧਾਂਤਾਂ ਦੀ ਵਿਆਖਿਆ ਲਈ। ਮਨੋਵਿਸ਼ਲੇਸ਼ਣ ਕਾਫ਼ੀ ਹੱਦ ਤੱਕ ਸਾਹਿਤ ਦੀ ਵਿਆਖਿਆ ਕਰਨ ਵਿਚ ਮਦਦ ਕਰਦਾ ਹੈ। ਸਾਹਿਤ ਅਲੋਚਨਾ ਨੇ ਵੀ ਮਨੋਵਿਸ਼ਲੇਸ਼ਣ ਦੀ ਵਰਤੋਂ ਸਾਹਿਤ ਦੀ ਵਿਆਖਿਆ ਲਈ ਕੀਤੀ। ਸਾਹਿਤ ਅਤੇ ਮਨੋਵਿਸ਼ਲੇਸ਼ਣ ਇਹ ਦੋਵੇਂ ਵਿਆਪਕ ਵਿਸ਼ੇ ਹੋਣ ਦੇ ਬਾਵਜੂਦ ਅੰਤਰ ਸੰਬੰਧਿਤ ਹਨ। ਸਾਹਿਤ ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ। ਸਾਹਿਤ- ਜਿਸ ਤੋਂ ਭਾਵ ਸਭਨਾਂ ਦੇ ਹਿਤ ਤੋਂ ਹੈ। ਮਨੋਵਿਸ਼ਲੇਸ਼ਣ ਮਨ ਦੇ ਅਧਿਐਨ ਦੀ ਅਜਿਹੀ ਵਿਧੀ ਹੈ ਜਿਸ ਦੁਆਰਾ ਮਨੁੱਖੀ ਮਨ ਨੂੰ ਬੇਲੋੜੀਆਂ ਉਲਝਣਾਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾਂਦਾ ਹੈ। ਸਾਹਿਤਕਾਰ ਅਪਣੀ ਰਚਨਾ ਨੂੰ ਸਾਕਾਰ ਕਰਦੇ ਸਮੇਂ ਪਾਠਕਾਂ ਦੇ ਮਨਾਂ ਦਾ ਅਧਿਐਨ ਕਰ ਰਿਹਾ ਹੁੰਦਾ ਹੈ। ਸਾਹਿਤ ਦਾ ਸੰਬੰਧ ਸਿਰਜਣਾ ਨਾਲ ਹੈ, ਸਿਰਜਣਾ ਦਾ ਮਨ ਨਾਲ ਅਤੇ ਮਨ ਦਾ ਪ੍ਰਭਾਵ ਸਮੁੱਚੀ ਸ਼ਖਸੀਅਤ ਉੱਪਰ ਪੈਂਦਾ ਹੈ। ਇਸ ਲਈ ਸਾਹਿਤ ਅਤੇ ਮਨ ਦੋਵੇ ਇਕ ਸਿੱਕੇ ਦੇ ਦੋ ਪਹਿਲੂਆਂ ਦੀ ਤਰ੍ਹਾਂ ਹਨ। ਟਾਲਸਟਾਏ ਅਨੁਸਾਰ : ਅਸੀਂ ਕਲਾ ਨੂੰ ਪਿਆਰ ਕਰਦੇ ਹਾਂ ਕਿਉਂਕਿ ਇਹ ਕਹਾਣੀ ਦੱਸਦੀ ਹੈ।[25] ਬੁੱਧ ਦੀ ਹੋਂਦ ਬਹੁਤ ਸਾਰੇ ਚਿੱਤਰਾਂ ਵਿਚ ਸੰਕੇਤ ਰਾਹੀਂ ਮਹਿਸੂਸ ਕਰਾਈ ਗਈ ਹੈ। ਜਿੱਥੇ ਬੁੱਧ ਵਿਖਾਇਆ ਗਿਆ ਹੈ ਉਸ ਦੇ ਆਸਣਾਂ ਅਤੇ ਹੱਥ ਦੇ ਸੰਕੇਤਾਂ (ਮੁਦ੍ਰਾ) ਦੇ ਕਾਫ਼ੀ ਡੂੰਘੇ ਅਰਥ ਹਨ। ਕਵੀ ਆਪਣੀ ਇਕ ਕਵਿਤਾ ਦੀ ਸਿਰਜਣਾ ਲਈ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ, ਅਲੰਕਾਰਾਂ ਆਦਿ ਕਈ ਸ਼ਬਦਾਂ ਦੇ ਗਹਿਣਿਆਂ ਨਾਲ ਆਪਣੇ ਮਨ ਦੀ ਪੇਸ਼ਕਾਰੀ ਕਰਦਾ ਹੈ। ਕਵੀ ਸਮਾਜ ਦਾ ਹਿੱਸਾ ਹੈ। ਇਸ ਲਈ ਕਵੀ ਦੇ ਮਨ ਉੱਪਰ ਪੈਣ ਵਾਲੇ ਜਾਣੇ ਅਣਜਾਣੇ ਪ੍ਰਭਾਵਾਂ ਦਾ ਪਤਾ ਲਾਇਆ ਜਾ ਸਕਦਾ ਹੈ । ਮਨੋਵਿਸ਼ਲੇਸ਼ਣ ਇਨ੍ਹਾਂ ਪ੍ਰਭਾਵਾਂ ਦਾ ਅਧਿਐਨ ਕਰਕੇ ਉਨ੍ਹਾਂ ਕਾਰਨਾਂ ਦਾ ਪਤਾ ਲਗਾਉਂਦਾ ਹੈ। ਫ਼ਰਾਇਡ ਅਨੁਸਾਰ ਕਲਾਕਾਰ ਮਨੋਰੋਗੀ ਹੈ। ਉਸਦੀ ਮਾਨਸਿਕਤਾ ਭਿੰਨ ਹੈ :ਕਲਾਕਾਰ ਮਨੋਰੋਗੀ (Neurotic) ਹੈ। ਇਸ ਸੰਬੰਧ ਵਿਚ ਰੈਨੇ ਵੈੱਲਕ (Renewellek) ਅਤੇ ਅਸਕਿਨ ਵੈਰੋਨ (Ascin Warren) ਦੋ ਪ੍ਰਸ਼ਨ ਪੁਛਦੇ ਹਨ - ਕੀ ਉਸਦਾ Neurosis (ਮਨੋਰੋਗ) ਉਸਦੇ ਕੰਮ ਲਈ ਕੋਈ ਥੀਮ ਜਾਂ ਸਿਰਫ਼ ਪ੍ਰੇਰਨਾ ਪ੍ਰਦਾਨ ਕਰਦਾ ਹੈ। ਜੇ ਹੈ ਤਾਂ ਲਿਖਾਰੀ ਨੂੰ ਬਾਕੀ ਚਿੰਤਕਾਂ ਤੋਂ ਵੱਖ ਨਹੀਂ ਮੰਨਿਆਂ ਜਾ ਸਕਦਾ। ਦੂਸਰਾ ਪ੍ਰਸ਼ਨ ਜੇ ਲਿਖਾਰੀ ਮਨੋਰੋਗੀ (Neurotic) ਹੈ ਤਾਂ ਉਸਦਾ ਕੰਮ ਉਸਦੇ ਪਾਠਕਾਂ ਲਈ ਕਿਸ ਤਰ੍ਹਾਂ ਲਾਹੇਵੰਦ (Intelligible) ਹੈ ? ਉਹ ਇਸ ਲਈ ਜ਼ੋਰ ਦੇਦੇ ਹਨ ਕਿ ਲਿਖਾਰੀ ਇਕ ਕੇਸ ਹਿਸਟਰੀ ਤੋਂ ਵੱਧ ਲਿਖਦਾ ਹੈ। ਉਹ ਜ਼ਰੂਰ ਹੀ ਆਦਿਮ ਬਿੰਬ ਕ੍ਰਮ (Archetypal Pattern) ਦੀ ਵਰਤੋਂ ਕਰਦਾ ਹੈ। (ਜਿਵੇਂ ਦੋਸਤੋਵਸਕੀ ਬ੍ਰਦਰ ਕਾਰਾਮਾਜੋਵ (The Broters Karamazov) ਵਿਚ।[26] ਸਾਹਿਤ ਅਤੇ ਮਨੋਵਿਸ਼ਲੇਸ਼ਣ ਵਿਚ ਸਮਾਨਤਾ ਦੋਵੇਂ ਸਭਿਆਚਾਰ ਅਤੇ ਬਣਤਰੇ ਸੰਰਚਨਾ (Structural) ਦੇ ਆਧਾਰ 'ਤੇ ਹੈ। ਸਭਿਆਚਾਰਕ ਤੌਰ 'ਤੇ ਇਹ ਕੋਈ ਇਤਫ਼ਾਕ Coincidence) ਨਹੀਂ ਹੈ ਕਿ ਦੋ ਮਹਾਨ ਕਿਰਤਾਂ ਜੇਮਸ ਜੁਆਇਸ ਦੀ (Ulysses and Marcel Proust's A La Recherhe do temps perdu) ਉਦੋਂ ਹੀ ਸਾਹਮਣੇ ਆਉਂਦੀਆਂ ਹਨ ਜਦ ਫ਼ਰਾਇਡ ਨੇ ਇੰਟਰਪਰੀਟੇਸ਼ਨ ਆੱਫ਼ ਡਰੀਮਜ਼ (Interpretation of Dreams) ਪ੍ਰਕਾਸ਼ਿਤ ਕਰਵਾਈ। ਸੰਗਠਨਾਤਮਕ ਤੌਰ ਤੇ ਮਨੋਵਿਸ਼ਲੇਸ਼ਣ ਕਹਾਣੀਆਂ ਦੱਸਦਾ ਹੈ। ਸਾਹਿਤ ਦੀ ਤਰਾਂ ਇਸਦਾ ਢਾਂਚਾ ਵੀ ਕੁਝ ਕਥਾ-ਬਿਰਤਾਂਤਾਂ (Narratives) ਉੱਪਰ ਆਧਾਰਿਤ ਹੈ। ਭਾਸ਼ਾ ਪੱਧਤੀ (Talk Therapy) ਭਾਸ਼ਾ ਉੱਪਰ ਆਧਾਰਿਤ ਹੈ : ਭਾਸ਼ਾ ਪੱਧਤੀ ਦਾ ਜਰੂਰੀ ਮਾਧਿਅਮ ਭਾਸ਼ਾ ਹੈ।[27]

ਫ਼ਰਾਇਡ ਨੇ ਆਪਣੇ ਸਿਧਾਂਤਾਂ ਦੀ ਸੰਪੂਰਨ ਵਿਆਖਿਆ ਲਈ ਕਥਾ ਬਿਰਤਾਂਤਾਂ ਦੀ ਵਰਤੋਂ ਕੀਤੀ। ਜਿਸਦਾ ਪ੍ਰਭਾਵ ਨਾਂ ਸਿਰਫ਼ ਸਾਹਿਤ ਜਗਤ ਉੱਪਰ ਪਿਆ ਸਗੋਂ ਸਮੁੱਚੇ ਸੰਸਾਰ ਉੱਪਰ ਫ਼ਰਾਇਡ ਦੇ ਸਿਧਾਂਤਾਂ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਸੋ ਮਨੋਵਿਗਿਆਨ ਦੇ ਖੇਤਰ ਵਿਚ ਨਵੀਆਂ ਲੱਭਤਾਂ ਨੇ ਕਲਾਕਾਰਾਂ ਕਵੀਆਂ ਸਾਹਿਤਕਾਰਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਮਾਨਵੀ ਰਿਸ਼ਤਿਆਂ, ਮਾਨਵੀ ਵਿਕਾਸ ਦੀਆਂ ਬਾਰੀਕੀਆਂ ਨੂੰ ਸਮਝ ਸਕਣ ਅਤੇ ਸਾਹਿਤ ਦੇ ਨਵੇਂ ਮਿਆਰ ਸਥਾਪਿਤ ਕਰਨ। ਜੁੰਗ ਨੇ ਮਨੋਵਿਸ਼ਲੇਸ਼ਣ ਨੂੰ ਆਦਿਮ ਬਿੰਬਾਂ ਦਾ

ਸੰਬੰਧ ਸਿਰਜਣਾਤਮਕ ਕਲਪਨਾ, ਮਿੱਥਾਂ ਨਾਲ ਜੋੜਿਆ। ਉਸਨੇ ਮਿੱਥਾਂ ਦੀ ਸਰਵਵਿਆਪਕਤਾ ਦੀ ਵਰਤੋਂ ਸਮੂਹਿਕ ਅਵਚੇਤਨ ਨੂੰ ਦਰਸਾਉਣ ਲਈ ਕੀਤੀ। ਉਸ ਅਨੁਸਾਰ ਆਦਿਮ ਬਿੰਬ ਮਨੁੱਖੀ ਮਾਨਸਿਕਤਾ ਦਾ ਹਿੱਸਾ ਹਨ ਜੋ ਆਦਿਮ ਸਮਾਜਾਂ ਤੋਂ ਆਧੁਨਿਕ ਮਨੁੱਖ ਤੱਕ ਪੀੜ੍ਹੀ ਦਰ ਪੀੜ੍ਹੀ ਵਿਕਾਸ ਕਰਕੇ ਪਹੁੰਚੇ। ਜੁੰਗ ਨੇ ਸ਼ਬਦ ਸਹਿਚਾਰ ਵਿਧੀ ਦੀ ਵਰਤੋਂ ਅਵਚੇਤਨ ਤੱਕ ਪਹੁੰਚਣ ਲਈ ਕੀਤੀ। ਅਸਲ ਵਿਚ ਸਾਹਿਤ ਵਿਚ ਅਵਚੇਤਨ ਸਮੱਗਰੀ ਨੂੰ ਚਿੰਨ੍ਹਾਂ, ਸੁਪਨ ਚਿੱਤਰਾਂ ਦੇ ਰੂਪ ਵਿਚ ਪ੍ਰਦਰਸ਼ਿਤ ਕਰਨ ਦੀ ਯੋਗਤਾ ਮੌਜੂਦ ਰਹਿੰਦੀ ਹੈ। ਐਡਲਰ ਅਨੁਸਾਰ ਜਦੋਂ ਮਨੁੱਖ ਅੰਦਰ ਕੋਈ ਹੀਣ ਭਾਵਨਾ ਕਿਸੇ ਵੀ ਦੋਸ਼ ਕਾਰਨ ਮੌਜੂਦ ਰਹਿੰਦੀ ਹੈ ਤਾਂ ਉਹ ਸਿਰਜਣਾਤਮਕਤਾ ਵੱਲ ਆਕਰਸ਼ਿਤ ਹੁੰਦਾ ਹੈ : ਐਡਲਰ ਅਨੁਸਾਰ ਜੋ ਕੋਈ ਦਿਵਯਤਾ ਦਾ ਇਹ ਰਸਤਾ ਗੰਭੀਰਤਾ ਨਾਲ ਅਪਨਾਏਗਾ, ਉਸ ਨੂੰ ਜਲਦੀ ਹੀ ਵਾਸਤਵਿਕ ਜੀਵਨ ਤੋਂ ਭੱਜਣ ਨੂੰ ਅਤੇ ਜੀਵਨ ਦੇ ਅੰਦਰ ਇਕ ਹੋਰ ਜੀਵਨ ਦੀ ਕਲਪਨਾ ਕਰਕੇ ਉਸ ਨਾਲ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਵੇਗਾ। ਜੇ ਉਹ ਖੁਸ਼ਕਿਸ਼ਮਤ ਰਿਹਾ ਤਾਂ ਇਹ ਕਲਾ ਵਿਚ ਹੀ ਸੰਭਵ ਹੋਵੇਗਾ ਨਹੀਂ ਤੇ ਭਗਤੀ ਭਾਵਨਾ, ਮਨੋਸੰਤਾਪ ਜਾਂ ਅਪਰਾਧ ਵਿਚ।[28]

ਨਵ-ਫ਼ਰਾਇਡਵਾਦੀਆਂ ਨੇ ਸਾਹਿਤ ਅਤੇ ਮਨੋਵਿਸ਼ਲੇਸ਼ਣ ਨੂੰ ਅੰਤਰ ਸੰਬੰਧਿਤ ਮੰਨਦਿਆਂ ਨਵੇਂ ਸਿਰੇ ਤੋਂ ਮਨੋਵਿਸ਼ਲੇਸ਼ਣ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ। ਲਾਕਾਂ ਨੇ ਅਵਚੇਤਨ ਦਾ ਸੰਬੰਧ ਭਾਸ਼ਾ ਨਾਲ ਜੋੜਦਿਆ ਕਿਹਾ ਕਿ ਮਨੁੱਖੀ ਅਵਚੇਤਨ ਦੀ ਬਣਤਰ ਭਾਸ਼ਾ ਦੀ ਤਰਾਂ ਹੈ। ਜਿਵੇਂ ਅਸੀਂ ਭਾਸ਼ਾ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦੇ ਇਸੇ ਤਰ੍ਹਾਂ ਅਵਚੇਤਨ ਨੂੰ ਸਮਝਣਾ ਕਠਿਨ ਹੈ। ਲਾਕਾਂ ਨੇ ਆਪਣੇ ਵਿਚਾਰਾਂ ਦੀ ਵਿਆਖਿਆ ਲਈ ਸੰਸਾਰ ਪ੍ਰਸਿੱਧ ਸਾਹਿਤਕਾਰ ਸ਼ੈਕਸਪੀਅਰ ਅਤੇ ਐਡਜਰ ਐਲਨ ਪੋ ਦੀ ਵਰਤੋਂ ਕੀਤੀ।ਹਾਲ ਹੀ ਜੁੰਗਿਨ ਸਕੂਲ ਵਿਚ ਹੈਲਨ ਐਮ ਲਿਉਕ (Helen M. Luke) ਨੇ ਆਪਣੇ Har Dark Wood to white Rose ਵਿਚ ਦਾਂਤੇ ਦੀ (Dante's Divine) ਕਾਮਦੀ ਦੀ ਵਰਤੋਂ ਮਨੋਵਿਸ਼ਲੇਸ਼ਣ ਦੀ ਵਿਆਖਿਆ ਲਈ ਕੀਤੀ। ਬਰੁਨੋ ਬੈਟਲਹਿਮ (Bruno Bettelheim) ਨੇ 'The use of Enchantement' ਵਿਚ ਬਾਲ ਮਨੋਵਿਗਿਆਨ ਦੀ ਵਿਆਖਿਆ ਲਈ ਬਾਲ ਕਥਾਵਾਂ ਦੀ ਵਰਤੋਂ ਕੀਤੀ। ਮਨੋਵਿਗਿਆਨ ਪੱਛਮੀ ਹੱਦਾਂ ਨੂੰ ਟੱਪਦਾ ਹੋਇਆ ਜਦ ਵਿਸ਼ਵ ਦੇ ਬਾਕੀ ਹਿੱਸਿਆਂ ਵਿਚ ਫੈਲਿਆ ਤਾਂ ਇਸਦਾ ਭਾਰਤੀ ਸਾਹਿਤ ਉੱਪਰ ਵੀ ਗਹਿਰਾ ਪ੍ਰਭਾਵ ਪਿਆ। ਭਾਰਤੀ ਦਰਸ਼ਨ ਵਿਚ ਵੈਦਿਕ ਕਾਲ ਤੋਂ ਹੀ ਮਨ ਦੇ ਅਧਿਐਨ ਨਾਲ ਸੰਬੰਧਿਤ ਵਿਚਾਰ ਚਰਚਾ ਰਿਸ਼ੀਆਂ ਮੁਨੀਆਂ ਦੁਆਰਾ ਹੁੰਦੀ ਆਈ ਹੈ। ਭਾਰਤੀ ਸਾਹਿਤ ਅਨੁਸਾਰ ਮਨ ਹਮੇਸ਼ਾ ਚੰਚਲ ਰਿਹਾ ਹੈ। ਗੀਤਾ, ਪੁਰਾਣ, ਉਪਨਿਸ਼ਦ ਆਦਿ ਮਹੱਤਵਪੂਰਨ ਧਾਰਮਿਕ ਪੁਸਤਕਾਂ ਦੇ ਅਧਿਐਨ ਦਾ ਖੇਤਰ ਸਿੱਧੇ ਅਸਿੱਧੇ ਰੂਪ ਵਿਚ ਮੰਨ ਹੀ ਰਿਹਾ। ਸੋ ਇਸ ਤਰ੍ਹਾਂ ਇਹ ਦਰਸ਼ਨ ਸ਼ਾਸ਼ਤਰ ਦਾ ਹੀ ਹਿੱਸਾ ਮੰਨਿਆ ਜਾਂਦਾ ਰਿਹਾ ਜਿੰਨਾ ਤੱਕ ਕਿ ਉਨੀਵੀਂ-ਵੀਹਵੀਂ ਸਦੀ ਵਿਚ ਇਸ ਨੂੰ ਇਕ ਨਿਰੋਲ ਵਿਗਿਆਨ ਦਾ ਵਿਸ਼ਾ ਨਹੀਂ ਬਣਾਇਆ ਗਿਆ। ਇਸੇ ਤਰ੍ਹਾਂ ਪੰਜਾਬੀ ਸਾਹਿਤ ਵੀ ਮਨੋਵਿਗਿਆਨ ਦੇ ਪ੍ਰਭਾਵ ਤੋਂ ਨਾ ਬਚ ਸਕਿਆ। ਕਵੀ, ਕਹਾਣੀਕਾਰ, ਨਾਵਲਕਾਰ, ਨਾਟਕਕਾਰ ਇਕ ਮਨੋਵਿਗਿਆਨੀ ਦੀ ਤਰ੍ਹਾਂ ਆਪਣੀਆਂ ਕ੍ਰਿਤ ਵਿਚ ਮਨੁੱਖੀ ਮਨ ਦੀਆਂ ਬਾਰੀਕੀਆਂ ਗੁੰਝਲਾਂ ਨੂੰ ਪੇਸ਼ ਕਰ ਰਹੇ ਹਨ ਅਤੇ ਇਕ ਮਨੋਵਿਗਿਆਨੀ ਦੀ ਤਰ੍ਹਾਂ ਉਨ੍ਹਾਂ ਦਾ ਹੱਲ ਵੀ ਸੁਝਾਉਂਦੇ ਹਨ। ਪ੍ਰਸਿੱਧ ਸਾਹਿਤਕਾਰ ਸੰਤ ਸਿੰਘ ਸੇਖੋਂ ਦੀ ਕਹਾਣੀ ਪੇਮੀ ਦੇ ਨਿਆਣੇ. ਜਿਸ ਵਿਚ ਬੱਚਿਆਂ ਦੇ ਡਰ ਦੀ ਵਿੱਥਿਆ ਨੂੰ ਮਨੋਵਿਗਿਆਨਕ ਰੂਪ ਵਿਚ ਪੇਸ਼ ਕੀਤਾ ਗਿਆ। ਇਸੇ ਤਰ੍ਹਾਂ ਪ੍ਰਸਿੱਧ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਵੀ ਆਪਣੀਆਂ ਕਹਾਣੀਆਂ ਵਿਚ ਮਨੋਵਿਸ਼ਲੇਸ਼ਣ ਦੀ ਵਰਤੋਂ ਕਰਦਾ ਹੈ। ਉਹ ਕਹਾਣੀ ਬੁਜ਼ਦਿਲ. ਵਿਚ ਸੁਤੰਤਰ-ਸਹਿਚਾਰ ਦੀ ਵਿਧੀ (Free Association) ਦੀ ਵਰਤੋਂ ਕਰਦਾ ਆਪਣੇ ਮਨੋਵਿਸ਼ਲੇਸ਼ਣੀ ਸੂਝ ਦੀ ਪੇਸ਼ਕਾਰੀ ਕਰਦਾ ਹੈ। ਕਹਾਣੀ ਵਿਚ ਨੌਜਵਾਨ ਆਪਣੀ ਮਾਨਸਿਕ ਸਮੱਸਿਆ ਨੂੰ ਲੈ ਕੇ ਮਨੋਰੋਗਾਂ ਦੇ ਡਾਕਟਰ ਪਾਸ ਜਾਦਾ ਹੈ। ਇਸੇ ਤਰ੍ਹਂ ਇਸਤਰੀ ਸਾਹਿਤਕਾਰਾਂ ਉੱਪਰ ਵੀ ਮਨੋਵਿਸ਼ਲੇਣ ਵਿਧੀ ਦੇ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਦਲੀਪ ਕੌਰ ਟਿਵਾਣਾ ਦੇ ਨਾਵਲ 'ਅਗਨੀ ਪ੍ਰੀਖਿਆ' ਤੇ 'ਤੀਲੀ ਦਾ ਨਿਸ਼ਾਨ' ਨੂੰ ਵੀ ਅਸੀਂ ਮਨੋਵਿਗਿਆਨਕ ਆਧਾਰ ਉੱਪਰ ਲਿਖੇ ਨਾਵਲਾਂ ਦੀ ਸ਼੍ਰੇਣੀ ਵਿਚ ਰੱਖ ਸਕਦੇ ਹਾਂ। ਮਨੋਵਿਗਿਆਨ ਨੇ ਪੰਜਾਬੀ ਸਾਹਿਤ ਸਿਧਾਂਤਕ ਪ੍ਰਭਾਵ ਵੀ ਸਿਰਜੇ, ਅਵਚੇਤਨ ਦਾ ਸਿਧਾਂਤ ਜਿਸ ਅਨੁਸਾਰ ਮਨੁੱਖ ਅੰਦਰ ਬਹੁਤ ਸਾਰੀਆਂ ਅਤ੍ਰਿਪਤ ਭਾਵਨਾਵਾਂ ਉਸਦੇ ਵਿਕਾਸ ਦੇ ਨਾਲ-ਨਾਲ ਜੋ ਵਧਦੀਆਂ ਹੀ ਜਾਂਦੀਆਂ ਹਨ ਅਤੇ ਅਪੂਰਤੀ ਕਾਰਨ ਦਮਿਤ ਹੋ ਜਾਂਦੀਆਂ ਹਨ। ਅਜਿਹੇ ਅਵਚੇਤਨ ਦੇ ਅਤ੍ਰਿਪਤ ਭਾਵਾਂ ਦੇ ਝਲਕਦੇ ਅਸੀ ਪੰਜਾਬੀ ਕਵਿਤਾ ਵਿਚੋਂ ਸਹਿਜੇ ਹੀ ਲੱਭ ਸਕਦੇ ਹਾਂ। ਕਲਾ ਅਵਚੇਤਨ

ਭਾਵਾਂ ਦਾ ਪ੍ਰਗਟਾਵਾ ਕਰਦੀ ਹੈ। ਕਵੀ ਦਾ ਦਿਲ ਬਹੁਤ ਗਹਿਰਾ ਸੋਚਦਾ ਹੈ। ਉਹ ਦਿਸਦੇ ਸੰਸਾਰ ਨੂੰ ਸਾਧਾਰਨ ਅੱਖ ਨਾਲ ਨਹੀਂ ਦੇਖਦਾ :-

*ਮੇਰੇ ਬੂਹੇ ਤੇ ਹਰ ਰੋਜ਼ ਇਕ ਗਿਰਝ ਆਉਂਦੀ ਹੈ।*
*ਜਿਸ ਦੀ ਚੁੰਝ ਉੱਤੇ*
*ਠੂੰਗੇ ਹੋਏ ਤਿਲਕਾਂ ਦੇ ਸੈਕੜੇ ਨਿਸ਼ਾਨ ਹਨ*
*ਉਸ ਦੀ ਅੱਖ ਉਸ ਸੁੰਦਰੀ ਵਰਗੀ ਹੈ।*
*ਜਿਸ ਨੂੰ ਮੈਂ ਇਕ ਦਿਨ*
*ਆਪਣੀ ਪ੍ਰਥਮ ਜਿੱਤ ਸਮਝਿਆ ਸੀ*[29]

ਪੰਜਾਬੀ ਸਾਹਿਤ ਵਿਚ ਲਿੰਗ ਭਾਵਾਂ ਦਾ ਵਰਣਨ ਮੁਢਲੇ ਕਿੱਸਾ ਸਾਹਿਤ ਵਿਚ ਅਸਰ ਮਿਲਦਾ ਹੈ। ਵਾਰਿਸ ਦੀ ਹੀਰ ਇਸਦੀ ਉੱਤਮ ਉਦਾਹਰਣ ਹੈ ਕਰਤਾਰ ਸਿੰਘ ਦੁੱਗਲ ਦੀ ਕਵਿਤਾ :

*-ਸਾਂਭ ਸਾਂਭ ਕੇ ਰੱਖ*
*ਮੇਰਾ ਮਤਲਬ ਹੈ*
*ਜਿਤਨੀ ਘੱਟ ਹੰਢੀ ਹੋਈ*
*ਹੋਵੇਂਗੀ ਤੂੰ*
*ਸ਼ਰਾਬ ਦੀਆਂ*
*ਨਿਚੁੜ ਰਹੀਂਆਂ*
*ਬੁੱਲੀਆਂ ਨਾਲ*
*ਉਤਨਾ ਹੀ ਜਿਆਦਾ ਤੂੰ ਨਿਭਣੈ*
*ਉਤਨਾ ਹੀ ਜਿਆਦਾ ਤੂੰ ਚਲਣੈ।*[30]

"ਸਾਡੀ ਇਕ ਕਹਾਣੀਕਾਰ ਹੈ ਵੀਨਾ ਵਰਮਾ। ਉਸ ਦੀਆਂ ਕਹਾਣੀਆਂ ਲਿੰਗ-ਰਸ ਵਿਚ ਗੁੱਝੀਆਂ ਹੁੰਦੀਆਂ ਹਨ। ਸੋਲ੍ਹਾਂ ਕਹਾਣੀਆਂ ਦੇ ਉਸ ਦੇ ਸੰਗ੍ਰਹਿ 'ਮੁੱਲ ਦੀ ਤੀਵੀਂ' ਦੀ ਹਰ ਕਹਾਣੀ ਸੈਕਸ ਨਾਲ ਲਬਰੇਜ਼ ਹੈ। ਬਲਵੰਤ ਗਾਰਗੀ ਦੇ ਕਹਿਣ ਮੁਤਾਬਕ "ਇਹ ਖੱਤਰੀਆਂ ਦੀ ਧੀ ਹੈ ਪਰ ਲਿਖਦੀ ਜੱਟੀਆਂ ਵਾਕਰ ਹੈ।"

*- ਥਾਲੀ ਰਾਤ ਬਿਲੂੰਗਾ ਵਿਲਕੇ*
*ਮੈਨੂੰ ਨੀਂਦ ਨਾ ਆਏ*
*ਨੀ ਮਾਏ ਮੇਰੀਏ !*
*ਜਨਮ ਦਿਹਾੜੇ ਥਣਾਂ ਦਾ ਬਿਰਹਾ*
*ਕਿਹੜਾ ਬਾਲ ਹੰਢਾਏ*
*ਨੀ ਮਾਏ ਮੇਰੀਏ !*

ਸੋ ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਮਨੋਵਿਸ਼ਲੇਸ਼ਣ ਦੀਆਂ ਅਣਗਿਣਤ ਉਦਾਹਰਣਾਂ ਸਾਹਮਣੇ ਆਉਂਦੀਆਂ ਹਨ। ਜੋ ਸਾਡੇ ਸਾਹਿਤਕਾਰਾਂ ਦੀ ਬੌਧਿਕਤਾ ਅਤੇ ਮਨੋਵਿਗਿਆਨਕ ਸੂਝ ਦੀ ਤਰਜਮਾਨੀ ਕਰਦੀਆਂ ਹਨ ਅਤੇ ਪੰਜਾਬੀ ਸਾਹਿਤ ਦੇ ਵਿਰਸੇ ਨੂੰ ਹੋਰ ਵੀ ਸਮ੍ਰਿਧ ਬਣਾਉਂਦੀਆਂ ਹਨ।[31]

## ਹਵਾਲੇ ਅਤੇ ਟਿੱਪਣੀਆਂ

1. "For the first time, this system presented a beautiful blend of theory and practice. On the theoretical side it presented a theory to understand and explain the human psyche and on the practical side it provided a method known as psychoanalysis for the study of human behavior, and also as a therapy for treating the mentally ill." S.K. Mangal, **Advanced Educational Psychology, (Second Edition, p-51**)
2. "In this usual form, psychoanalysis is an individual treatment with only the patient and the analyst present. The patient recline on the couch with the analyst seated further back in order for the patient not to be distracted by seeing the analyst .the


patient and analyst meet for 45or 50 minute sessions, four to five times a week times a week, although sometimes only three times a week. The treatment tends to last from 3to 5 years in its traditional open ended from although some treatments last much longer. The patient is instructed at the outset to try completely as possible." **Encyclopedia of Psychology,** p.354

3. ਮੁਧਕਰ, ਪ੍ਰਾਕਿਰਤੀ ਔਰ ਅਪ੍ਰਾਕਿਰਤੀ, ਪੰ. 351.
4. "There is tendency to incorporate the breast, to 'eat it up'. The oral phase of libido organization in which the desired object is 'destroyed' is called Cannibalistic." Herman Nunberg, M.D, **Principal of Psychoanalysis: Their Application to the Neuroses,** p.65
5 "In these first two developmental phase of the libido, the oral and the anal sadistic, the genitals play no role worth mentioning as a sexual organ. For this reason, this whole developmental period may be called the pre-genital phase of libido organization." Herman Nunberg, **M.D, Principal of Psychoanalysis: Their Application to the Neuroses,** p.67
6. The ego is located on the border between the inner world, the id, and the outer world ,realty." Herman Nunberg, **M.D, Principal of Psychoanalysis: Their Application to the Neuroses,** p.116
7. "Conscious' the conception which is present to our consciousness and of which we are aware." James Strachey,**The Essentials Of Psycho Analysis,** p.135-136
8. "Freud had dared to suggest that mental processes were, very largely unconscious and that the conscious related mind was only the tip of an iceberg, a small island of self -awareness in the great ocean of the unconscious" Rennison Nick, **Freud and psychoanalysis,** p.30
9. Freud viewed repression as the underlying process upon which the other defense mechanisms are built" Ernest R Hilgard, **Introduction to psychology (Sixth Edition),** p.443
10. "In classical psychoanalysis the process by which one ascribes one's own treats, emotions, dispositions, etc to another." **The Penguin Dictionary of Psychology,** p-570.
11. "A Mental operation where by one attributes to oneself, either consciously or unconsciously the characteristics of another person or group, The notion of transference is central here". **The Penguin Dictionary of Psychology,** p.33
12. (1.) "Liking or disliking as an excuse: The girl who was not invited to a party said she would not have gone if asked because she did not like some of the people involved. (2.) Blaming other people and circumstances as an excuse: "mother failed to wake me." I had to many other things to do. Both statements may be true, but they are not the real reason for failure to perform the behavior in question.(3.) Necessity as an excuse. " I bought this new model because the old car would have had a lot of expensive repairs coming up soon." Ernest R Hillgard, **Introduction to Psychology, Sixth Edition,** p.444.
13. ਮਧੁਕਰ, **ਮਨੋਵਿਗਿਆਨ**, ਪੰ. 10.

14. "An unconscious process that tries to reduce the anxiety associated with instinctive desires." **www.thefreedictonary.com/regression.**
15. "In free association the patient is taught the "basic rule" : say everything that enters your mind, without selection, without editing. This rule is a very difficult to follow. The patient's lifetime has been spent in learning." **Ernest R Hillgard, Introduction to Psychology, Sixth Edition,** p.498
16. "Transference is based on two factors: first ,as we have seen in the discussion of the development of the libido there is an urge to make conflict with an object of the external world. Secondly, there is a tendency for past impressions to take over new impressions, if there is even the slightest similarity between them, and for the individual to react to the new ones as if they were indeed those of the past **Ibid-**245.
17. "Thinking enables us to form judgment, o make comparisons, to set things in order, to deduce laws and reasons." Richmond V. Winifred, **Personality**, p.177.
18. "Feeling tells us how and in what way a thing is important for us, has value." **Ibid,** p.177.
19. Intuition divines the possibilities in a situation, senses hidden meanings." **Ibid,** p.177.
20. "Perception one gets a grip upon reality. it is through the sense organs that our actual knowledge of the outside world comes to us.' **Ibid,** p.177.
21. ਜਸਵੰਤ ਸਿੰਘ ਨੇਕੀ, **ਅਵਚੇਤਨ ਦੀ ਲੀਲਾ**, ਪੰ.-75.
22. "The contents of collective unconscious, on the other hand, are known as archetype." C.G Jung, Translated by R.F.C Hull, **The Archetype and Collective Unconscious.** p.4.
23. Sigmund Freud, **Art and Literature**, p.132
24. ਗੁਰਚਰਨ ਸਿੰਘ ਅਰਸ਼ੀ, **ਸਮੀਖਿਆ ਦ੍ਰਿਸ਼ਟੀਆਂ**, ਪੰ. 114.
25. ਐਸ. ਐਸ. ਚਾਵਵਾ, **ਕਲਾ ਅਧਿਐਨ**, ਪੰ. 69.
26. Rene Wellek and Astin Warren ask two very pertinent questions in this regard. Assuming that the writer is a neurotic, they ask…

    Does his neurosis provide the themes of his work or only its motivation ? If the later, then the writer is not to be differentiated from other contemplatives. The other question is: If the writer is neurotic in his themes, how is it that his work is intelligible to his readers?

    They, therefore lay down that: The writer must be doing far more than putting down a case history. He must either be dealing with an archetypal pattern (as does Dostoyevsky, in The Brothers Karamazov) or with a 'neurotic personality' pattern widespread in our time. **Indian Woman Novelists and Psychoanalysis,** p. 1
27. **www.Psychoanalysisandliterature**
28. **ਉਹੀ**, ਪੰ-16
29. ਡਾ ਜਸਵੰਤ ਸਿੰਘ ਨੇਕੀ, **ਮਨੋਵਿਗਿਆਨ ਤੇ ਪੰਜਾਬੀ ਸਾਹਿਤ**, ਅਲੋਚਨਾ, ਜੁਲਾਈ ਸਤੰਬਰ 2007, ਪੰ-13-14.
30. **ਉਹੀ**, ਪੰ-15
31. **ਉਹੀ**, ਪੰ-15-17





# ਵਿਸ਼ਵ-ਸਭਿਆਚਾਰ ਦਾ ਸਥਾਨਕ-ਸਭਿਆਚਾਰਾਂ ਦੇ ਆਹਾਰ-ਪ੍ਰਬੰਧ 'ਤੇ ਪ੍ਰਭਾਵ : ਇਕ ਸਰਵੇਖਣ

## (ਪੰਜਾਬੀ-ਸੱਭਿਆਚਾਰ ਦੇ ਹਵਾਲੇ ਨਾਲ)



**ਡਾ. ਮਨਜੀਤ ਕੌਰ**
ਐਸਿਸਟੈਂਟ ਪ੍ਰੋਫ਼ੈਸਰ,
ਪੋਸਟ-ਗਰੈਜੂਏਟ
ਪੰਜਾਬੀ ਵਿਭਾਗ
ਆਰ.ਐਸ.ਡੀ. ਕਾਲਜ
ਫ਼ਿਰੋਜਪੁਰ।
94173-126415
ecocomrsdcollege@gmail.com

ਵਿਸ਼ਵ-ਸਭਿਆਚਾਰ (Global Culture) ਅੱਜ ਦੇ ਸਮੇਂ ਵਿਚ ਵਿਚਾਰਿਆ ਜਾਣ ਵਾਲਾ ਉਹ ਸੰਕਲਪ ਹੈ ਜਿਸ ਨੂੰ ਇਕ ਪ੍ਰਕਿਰਿਆ (Process) ਵਾਂਗ ਸਮਝਿਆ ਜਾ ਸਕਦਾ ਹੈ। ਇਹ ਪ੍ਰਕਿਰਿਆ ਨਿਰੋਲ ਪਦਾਰਥਕ-ਜਗਤ ਅਤੇ ਮੁਨਾਫ਼ੇ ਵਿਚੋਂ ਉਗਮਦੀ ਅਤੇ ਪ੍ਰਫੁਲਿਤ ਹੁੰਦੀ ਹੈ। ਇਸ ਸਭਿਆਚਾਰ ਦਾ ਕੋਈ ਨਿਸ਼ਚਿਤ ਚੌਖਟਾ ਜਾਂ ਆਧਾਰਭੂਤ ਤੱਤ ਨਹੀਂ ਹਨ, ਸਗੋਂ ਇਹ ਬਹੁ-ਕੌਮੀ ਕਾਰਪੋਰੇਸ਼ਨਾਂ ਦੁਆਰਾ ਆਪਣੇ ਮੁਨਾਫ਼ੇ ਲਈ ਸਿਰਜਿਆ ਲੁਭਾਵਿਤ ਵਰਤਾਰਾ ਹੈ। ਜਿਸ ਅੰਦਰ ਉਤਪਾਦਿਤ ਵਸਤੂਆਂ ਲੋਕ ਸਮੂਹਾਂ ਨੂੰ ਜ਼ਰੂਰੀ ਪ੍ਰਤੀਤ ਹੁੰਦੀਆਂ ਹਨ। ਇਸ ਦਾ ਪ੍ਰਭਾਵ ਅਜੋਕੇ ਜੀਵਨ ਦੇ ਹਰ ਪਹਿਲੂ ਵਿਚ ਆਪਣੇ ਪੈਰ ਪਸਾਰ ਰਿਹਾ ਹੈ। ਇਕ ਨਿਸ਼ਚਿਤ ਖਿੱਤੇ ਜਾਂ ਸਭਿਆਚਾਰ ਅੰਦਰ ਵਿਚਰਦੇ ਲੋਕਾਂ ਦੀਆਂ ਅਨੁਕੂਲ-ਪ੍ਰਤਿਕੂਲ ਪਰਸਥਿਤੀਆਂ ਲਗਭਗ ਇਕੋ ਜਿਹੀਆਂ ਹੁੰਦੀਆਂ ਹਨ, ਜਿਸ ਦੇ ਕਾਰਨ ਉਹਨਾਂ ਦੀਆਂ ਸਰੀਰਕ ਅਤੇ ਮਾਨਸਿਕ ਲੋੜਾਂ ਵੀ ਇਕੋ ਜਿਹੀਆਂ ਹੁੰਦੀਆਂ ਹਨ। ਬਹੁ-ਕੌਮੀ ਕਾਰਪੋਰੇਸ਼ਨਾਂ ਦਾ ਮੰਤਵ ਵੀ ਵਿਸ਼ਵ ਨੂੰ ਗਲੋਬਲ-ਪਿੰਡ (Global Village) ਬਣਾਉਣਾ ਹੀ ਹੈ, ਜਿਸ ਵਿਚ ਵਿਚਰਦੇ ਲੋਕਾਂ ਦੀਆਂ ਸਰੀਰਕ ਅਤੇ ਮਾਨਸਿਕ ਲੋੜਾਂ ਇਕੋ ਜਿਹੀਆਂ ਹੋ ਨਿਬੜਨ। ਇਕੋ ਜਿਹੀਆਂ ਲੋੜਾਂ ਦੀ ਪੂਰਤੀ ਦੇ ਸਾਧਨ ਵੀ ਇਕੋ ਜਿਹੇ ਹੁੰਦੇ ਹਨ,ਇਸੇ ਕਾਰਨ ਹੀ ਉਤਪਾਦਨ ਕੰਪਨੀਆਂ ਉਪਭੋਗੀ ਨੂੰ ਅਜਿਹੇ ਉਤਪਾਦ ਵਰਤਣ ਲਈ ਉਤਸ਼ਾਹਿਤ ਕਰਦੀਆਂ ਹਨ ਜਿਹੜੇ ਹੌਲੀ-ਹੌਲੀ ਉਸਨੂੰ ਆਪਣੀ ਮੁੱਖ ਲੋੜ ਪ੍ਰਤੀਤ ਹੋਣ ਲੱਗ ਜਾਂਦੇ ਹਨ। ਉਤਪਾਦ ਦੇ ਅਨੁਸਾਰ ਜ਼ਰੂਰਤਾਂ ਪੈਦਾ ਕਰਕੇ ਹੀ ਲੋਕ-ਸਮੂਹਾਂ ਨੂੰ ਵਿਸ਼ਵ-ਸਭਿਆਚਾਰ ਦੀ ਪ੍ਰਕ੍ਰਿਆ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। ਵੱਖ-ਵੱਖ ਸਭਿਆਚਾਰਾਂ ਦਾ ਇਕ ਦੂਜੇ ਵਿਚ ਰਲਣਾ ਬਹੁ-ਸਭਿਆਚਾਰੀਕਰਨ ਦੀ ਪ੍ਰਕ੍ਰਿਆ ਹੈ। ਇਸ ਪ੍ਰਕ੍ਰਿਆ ਅੰਦਰ ਕੁਝ ਸਭਿਆਚਾਰ ਪ੍ਰਭਾਵੀ-ਸਭਿਆਚਾਰ ਹੁੰਦੇ ਹਨ,ਜਿਹੜੇ ਆਦਾਨ-ਪ੍ਰਦਾਨ ਦੇ ਸਿਲਸਿਲੇ ਵਿਚ ਦੂਜੇ ਸਭਿਆਚਾਰ ਉਪਰ ਆਪਣਾ ਅਸਰ ਬਣਾ ਲੈਂਦੇ ਹਨ। ਵਿਸ਼ਵ-ਸਭਿਆਚਾਰ ਅੰਦਰ ਬਹੁ-ਕੌਮੀ ਕਾਰਪੋਰੇਸ਼ਨਾਂ ਸਥਾਪਤ ਕਰਨ ਵਾਲੇ ਦੇਸ਼ਾਂ ਦਾ ਸਭਿਆਚਾਰ ਪ੍ਰਭਾਵੀ-ਸਭਿਆਚਾਰ ਹੈ ਅਤੇ ਮੰਡੀ ਰੂਪ ਵਿਚ ਵਰਤੇ ਜਾ ਰਹੇ ਦੇਸ਼ਾਂ ਦੇ ਸਭਿਆਚਾਰ ਪ੍ਰਭਾਵ ਕਬੂਲਣ ਵਾਲੇ। ਪ੍ਰਭਾਵੀ-ਸਭਿਆਚਾਰ ਦੀ ਘੁਸਪੈਠ ਨਾਲ ਹੋਰ ਸਭਿਆਚਾਰਾਂ ਦੀਆਂ ਅੰਤਰ-ਕਿਰਿਆਵਾਂ ਵਿਚ ਦਵੰਦ ਪੈਦਾ ਹੁੰਦੇ ਹਨ। ਬੇਸ਼ੱਕ ਹਾਸ਼ੀਆਕ੍ਰਿਤ ਹੁੰਦੇ ਸਭਿਆਚਾਰਾਂ ਅੰਦਰ ਵਿਸ਼ਵ-ਪੱਧਰ 'ਤੇ ਆਪਣੇ

ਸਭਿਆਚਾਰ ਨੂੰ ਬਚਾਉਣ ਦੇ ਯਤਨ ਵੀ ਹੁੰਦੇ ਹਨ ਪਰ ਆਰਥਿਕ ਸੱਤਾ ਦੇ ਦਬਦਬੇ ਕਾਰਨ ਪ੍ਰਭਾਵੀ-ਸਭਿਆਚਾਰ ਵਿਸ਼ਵ-ਸਭਿਆਚਾਰ ਦੇ ਨਿਰਮਾਣ ਵਿਚ ਬਿਨਾਂ ਉਲਝਣ ਤੋਂ ਕਾਮਯਾਬ ਹੋ ਰਹੇ ਹਨ। ਇਹ ਕਾਮਯਾਬੀ ਨਿਰੋਲ ਰੂਪ ਵਿਚ ਵਪਾਰਕ ਨੀਤੀਆਂ ਉਪਰ ਨਿਰਭਰ ਕਰਦੀ ਹੈ। ਇਸ ਪ੍ਰਕ੍ਰਿਆ ਸਦਕਾ ਸਥਾਨਕ-ਸਭਿਆਚਾਰਾਂ ਵਿਚ ਅਣ-ਕਿਆਸੀਆਂ ਤਬਦੀਲੀਆਂ ਵਾਪਰਨੀਆਂ ਸ਼ੁਰੂ ਹੋਈਆਂ। ਵਿਸ਼ਵ-ਸਭਿਆਚਾਰ ਦੇ ਸਥਾਨਕ-ਸਭਿਆਚਾਰਾਂ ਉਪਰ ਪ੍ਰਭਾਵ ਕਾਰਨ ਇਹਨਾਂ ਅੰਦਰ ਅਨੇਕ ਕਿਸਮ ਦੇ ਅੰਤਰ-ਸੰਬੰਧ ਅਤੇ ਅੰਤਰ-ਵਿਰੋਧ ਦੀ ਪ੍ਰਕ੍ਰਿਆ  ਵੀ ਸਥਾਪਤ ਹੋ ਜਾਂਦੀ ਹੈ। ਕਿਸੇ ਵੀ ਨਵੀਂ ਪ੍ਰਕ੍ਰਿਆ ਦੇ ਹੋਂਦ ਵਿਚ ਆਉਣ ਨਾਲ ਦੋਹਰੀਆਂ ਸਮੀਕਰਨਾਂ ਬਣਦੀਆਂ ਹਨ ਜਿਹੜੀਆਂ ਵੱਖਰੀ ਭਾਂਤ/ਨਵੀਂ ਕਿਸਮ ਦਾ ਮਾਹੌਲ ਪੈਦਾ ਕਰਦੀਆਂ ਹਨ। ਇਹਨਾਂ ਸਮੀਕਰਨਾਂ ਦੀਆਂ ਦੋ ਪਰਤਾਂ ਪ੍ਰਤੱਖ ਰੂਪ ਵਿਚ ਸਪੱਸ਼ਟ ਹੁੰਦੀਆਂ ਹਨ। ਇਹਨਾਂ ਵਿਚੋਂ ਇਕ ਪ੍ਰਕ੍ਰਿਆ ਦੇ ਹੱਕ ਵਿਚ ਭੁਗਤਦੀ ਹੈ ਅਤੇ ਦੂਸਰੀ ਇਸ ਦੇ ਵਿਰੋਧ ਵਿਚ। ਇਹ ਸਮੀਕਰਨਾਂ ਸਥਾਨਕ-ਖਿੱਤਿਆਂ ਦੀਆਂ ਵਿਭਿੰਨ ਪਰਸਥਿਤੀਆਂ ਕਾਰਨ ਬਣੀਆਂ ਹਨ। ਇਸ ਬਾਬਤ ਏਜ਼ਾਜ਼ ਅਹਿਮਦ ਦਾ ਕਥਨ ਵਿਚਾਰ ਯੋਗ ਹੈ,

> ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਇਕ ਪਾਸੇ ਰਾਸ਼ਟਰ ਤੇ ਸਥਾਨਕ-ਸਭਿਆਚਾਰ ਅਤੇ ਦੂਸਰੇ ਪਾਸੇ ਵਿਸ਼ਵੀਕਰਨ ਦੇ ਸਭਿਆਚਾਰ ਵਿਚ ਕੋਈ ਬੁਨਿਆਦੀ ਅੰਤਰ-ਵਿਰੋਧ ਹੈ। ਭਾਵ ਵਿਸ਼ਵੀਕਰਨ ਜਿੱਥੇ ਸਭਿਆਚਾਰਕ ਉਤਪਾਦਾਂ ਨੂੰ ਇਕ ਰੂਪ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਉੱਥੇ ਸਭਿਆਚਾਰਕ ਉਤਪਾਦਨ ਦੇ ਪੁਰਾਣੇ ਸਰੂਪ ਜਿਵੇਂ ਜਾਤੀਵਾਦ, ਵੱਖਰਤਾ, ਠੋਸ ਸਥਾਨਕ ਪਰੰਪਰਾ ਆਦਿ ਤੇ ਬੋਲਦਾ ਹੈ। ਸਥਾਨਕ ਭਿੰਨਤਾਵਾਂ ਨੂੰ ਬਣਾਈ ਰੱਖਣ ਅਤੇ ਇਸਦਾ ਪ੍ਰਯੋਗ ਕਰਨਾ ਅਸਲ ਵਿਚ ਪੂੰਜੀਵਾਦੀ ਬਾਜ਼ਾਰ ਦੀ ਬੁਨਿਆਦੀ ਸ਼ਰਤ ਹੈ। ਇਸ ਸ਼ਰਤ ਵਿਚ ਛੋਟੀਆਂ-ਛੋਟੀਆਂ ਚੀਜ਼ਾਂ ਦੀਆਂ ਰਸਮੀ ਭਿੰਨਤਾਵਾਂ ਦੀ ਆੜ ਹੇਠ ਉਹਨਾਂ ਦੇ ਉਤਪਾਦੀਕਰਨ ਦੀ ਇਕਰੂਪਤਾ ਨੂੰ ਛੁਪਾਉਣਾ ਲਾਜ਼ਮੀ ਹੈ।[1]

ਅਜੋਕੇ ਸਮੇਂ ਇਸ ਦੋਹਰੀ ਪ੍ਰਕ੍ਰਿਆ ਅੰਦਰ ਸਥਾਨਕ-ਸਭਿਆਚਾਰਾਂ ਅਤੇ ਵਿਸ਼ਵ-ਸਭਿਆਚਾਰ ਵਿਚਲੇ ਅੰਤਰ-ਸੰਬੰਧ ਅਤੇ ਅੰਤਰ-ਵਿਰੋਧ ਦੀ ਸਥਾਪਤੀ ਦੇ ਅੰਸ਼ ਵਿਭਿੰਨ ਪੱਧਰਾਂ ’ਤੇ ਦ੍ਰਿਸ਼ਟਮਾਨ ਹੁੰਦੇ ਹਨ। ਇਕ ਪਾਸੇ ਵਿਸ਼ਵ ਪੱਧਰ ’ਤੇ ਸਾਂਝੇ ਸਭਿਆਚਾਰ ਦੀ ਵਕਾਲਤ/ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਸਥਾਨਕ-ਸਭਿਆਚਾਰਾਂ ਨੂੰ ਵਿਸ਼ਵ-ਪੱਧਰ ਦੇ ਬਣਾਉਣ ਦਾ ਭਰਮ ਸਿਰਜਿਆ ਜਾ ਰਿਹਾ ਹੈ। ਇਹ ਸਭ ਕੁਝ ਗੁੱਝੀ ਪ੍ਰਕ੍ਰਿਆ ਦੁਆਰਾ ਸੰਭਵ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਥਾਨਕ-ਸਭਿਆਚਾਰਾਂ ਦੀ ਨੁਮਾਇਸ਼/ਪੇਸ਼ਕਾਰੀ ਅਜਿਹੇ ਢੰਗ ਨਾਲ ਹੁੰਦੀ ਹੈ ਜਿਸ ਪਿੱਛੇ ਮਕਸਦ ਵਿਸ਼ਵ-ਸਭਿਆਚਾਰ ਨੂੰ ਪ੍ਰਫੁਲਿਤ ਕਰਨਾ ਹੈ। ਮਿਸਾਲ ਵਜੋਂ ਕੁਝ ਵਿਸ਼ੇਸ਼ ਸਥਾਨਕ-ਸਭਿਆਚਾਰਾਂ ਨੂੰ ਵੀ ਮੀਡੀਆ ਰਾਹੀਂ ਅਜਿਹੇ ਤਰੀਕੇ ਨਾਲ-ਪ੍ਰਸਤੁਤ ਕੀਤਾ ਜਾ ਰਿਹਾ ਹੈ ਜਿਹੜਾ ਕਿਤੇ ਨਾ ਕਿਤੇ ਵਿਸ਼ਵ-ਸਭਿਆਚਾਰ ਦੇ ਨਿਰਮਾਣ ਵਿਚ ਸਹਾਇਕ ਤੱਤ ਵਜੋਂ ਉੱਭਰਦਾ ਹੈ। ਇਸ ਮਨ-ਚਾਹੇ ਮਕਸਦ ਦੀ ਸਿੱਧੀ ਲਈ ਇਕ ਕਾਰਗਰ ਹਥਿਆਰ ਵਜੋਂ ਮੀਡੀਆ ਆਪਣੀ ਭੂਮਿਕਾ ਬਾਖ਼ੂਬੀ ਨਿਭਾਉਂਦਾ ਹੈ। ਮੀਡੀਆ ਸਥਾਨਕ ਪਰੰਪਰਾਵਾਂ ਵਿਚੋਂ ਹੀ ਲੋਕਧਾਰਾਈ ਤੱਤਾਂ/ਮੋਟਿਫ਼ਾਂ ਨੂੰ ਚੁਣਦਾ ਹੈ ਅਤੇ ਉਸ ਰਾਹੀਂ ਹੀ ਸਥਾਨਕ ਕਦਰਾਂ-ਕੀਮਤਾਂ ਨੂੰ ਬਦਲਣ ਦਾ ਕਾਰਜ ਕਰਦਾ ਹੈ।[2] ਇਹਨਾਂ ਲੋਕ-ਧਾਰਾਈ ਤੱਤਾਂ ਨੂੰ ਇੰਨੀ ਚੁਸਤੀ ਨਾਲ ਮੀਡੀਆ ਦੇ ਜ਼ਰੀਏ ਲੋਕਾਂ ਸਾਹਮਣੇ ਪ੍ਰਸਾਰਿਤ ਕੀਤਾ ਜਾਂਦਾ ਹੈ, ਜਿਸ ਵਿਚੋਂ ਲੋਕਾਂ ਨੂੰ ਆਪਣੇਪਣ ਦੀ ਝਲਕ ਦਿਖਾਈ ਦਿੰਦੀ ਹੈ ਅਤੇ ਇਹ ਲੋਕ-ਮਾਨਸਿਕਤਾ ਨੂੰ ਅਪੀਲ ਕਰਦੇ ਹਨ, ਅਜਿਹਾ ਕਰਦਿਆਂ ਮੀਡੀਆ ਉਹਨਾਂ ਦੀ ਮਾਨਸਿਕਤਾ ’ਤੇ ਅਜਿਹੀ ਗਰਿਫ਼ਤ ਬਣਾ ਲੈਂਦਾ ਹੈ ਕਿ ਵਿਸ਼ਵ-ਸਭਿਆਚਾਰ ਦੇ ਫੈਲਾਅ ਲਈ ਸਥਾਨਕ-ਸਭਿਆਚਾਰਕ ਬਾਸ਼ਿੰਦਿਆਂ ਨੂੰ ਉਹਨਾਂ ਵੱਲੋਂ ਉਤਪਾਦਤ ਵਸਤੂਆਂ ਵਰਤਣ ਲਈ ਤਿਆਰ ਕਰ ਲੈਂਦਾ ਹੈ। ਇਸ ਸਮੇਂ ਵਿਸ਼ਵ ਦਾ ਸਾਮਰਾਜ ਪਹਿਲਾਂ ਕਿਸੇ ਵੀ ਸਮੇਂ ਨਾਲੋਂ ਵਧੇਰੇ ਵਿਕਸਤ ਹੋਇਆ ਹੈ। ਮਲਟੀਨੈਸ਼ਨਲ-ਕਾਰਪੋਰੇਸ਼ਨਜ਼, ਟਰਾਂਸ-ਨੈਸ਼ਨਲ ਕੰਪਨੀਆਂ ਅਤੇ ਫਰੀ ਟਰੇਡ ਖੇਤਰਾਂ ਦਾ ਵਿਕਾਸ ਇਸਦਾ ਸਬੂਤ ਹੈ। ਵਿਸ਼ਵ ਵਪਾਰ ਦੀ ਧੁਰੀ ਕਿਉਂਕਿ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੁਆਲੇ ਘੁੰਮਦੀ ਹੈ, ਇਸ ਲਈ ਪੱਛਮੀ ਤਰਜ਼-ਏ-ਜ਼ਿੰਦਗੀ ਸਮੁੱਚੇ ਵਿਸ਼ਵ ਦਾ ਭਾਰੂ ਪ੍ਰਵਚਨ ਬਣ ਰਹੀ ਹੈ। ਸਿੱਟੇ ਵਜੋਂ ਬਹੁਤ ਸਾਰੇ ਹਾਈਬ੍ਰਿਡ-ਕਲਚਰ, ਜਿਨ੍ਹਾਂ ਵਿਚ ਪੱਛਮੀ-ਸਭਿਆਚਾਰ ਭਾਅ ਮਾਰਦਾ ਹੈ, ਹੋਂਦ ਵਿਚ

ਆਏ ਹਨ। ਅੱਜ ਦੇ ਵਿਸ਼ਵ ਵਿਚ ਜਿਹੜੇ ਸਮੂਹ ਸਮਾਜ ਦਾ ਨਿਰਮਾਣ ਕਰਦੇ ਹਨ, ਉਨ੍ਹਾਂ ਨੂੰ ਪਹਿਲਾਂ ਵਾਂਗ ਸਰਲਤਾ ਨਾਲ ਸ਼੍ਰੇਣੀਬੱਧ ਨਹੀਂ ਕੀਤਾ ਜਾ ਸਕਦਾ ਹੈ। ਹੁਣ ਸਮਾਜਕ/ਸਭਿਆਚਾਰਕ ਹੱਦਬੰਦੀਆਂ ਕਠੋਰ ਨਹੀਂ ਹਨ। ਕੌਮੀ ਅਤੇ ਸਥਾਨਕ-ਸਭਿਆਚਾਰ ਵਿਸ਼ਵ-ਸਭਿਆਚਾਰ ਦੀ ਲਪੇਟ ਵਿਚ ਆ ਰਹੇ ਹਨ ਅਤੇ ਉਸਨੂੰ ਅਪਣਾ ਰਹੇ ਹਨ ਪਰ ਸਵਾਲ ਹੈ ਕਿ ਇਹ ਵਿਸ਼ਵ-ਸਭਿਆਚਾਰ ਹੈ ਕਿਸਦਾ? ਸ਼ਾਇਦ ਸਿਰਫ਼ ਬਾਜ਼ਾਰ ਦਾ। ਸਿਰਫ਼ ਮੁਨਾਫ਼ੇ ਦਾ, ਸਵੈ ਦੇ ਹਿੱਤਾਂ ਦਾ ਅਤੇ ਅਮਰੀਕੀ ਸਾਮਰਾਜ ਦਾ/ਪੱਛਮੀ ਪ੍ਰਭੂਤਾ ਦਾ ਅਤੇ ਮਲਟੀਨੈਸ਼ਨਲ ਕਾਰਪੋਰੇਸ਼ਨ ਦਾ।[3] ਇਸ ਕਾਰਪੋਰੇਟ-ਸਭਿਆਚਾਰ ਨੇ ਵਿਭਿੰਨ ਸਥਾਨਕ-ਸਭਿਆਚਾਰਾਂ ਵਿਚ ਬਹੁ-ਪਰਤੀ/ਬਹੁ-ਕੋਨਾਂ ਤੋਂ ਤਬਦੀਲੀਆਂ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ। ਇਸ ਖੋਜ-ਪੱਤਰ ਦਾ ਉਦੇਸ਼ ਇਹਨਾਂ ਤਬਦੀਲੀਆਂ ਦਾ ਸਰਵੇਖਣ ਕਰਨਾ ਹੈ। ਵਿਸ਼ਵ-ਸਭਿਆਚਾਰ ਨੇ ਵਿਸ਼ਵ ਦੇ ਵਿਭਿੰਨ ਸਥਾਨਕ-ਸਭਿਆਚਾਰਾਂ ਨੂੰ ਵਿਭਿੰਨ ਪਰਤਾਂ ਤੋਂ ਪ੍ਰਭਾਵਿਤ ਕੀਤਾ ਹੈ। ਇਸ ਪ੍ਰਭਾਵ ਦੇ ਵਿਸ਼ਲੇਸ਼ਣ ਵਾਸਤੇ ਖੋਜ ਦਾ ਘੇਰਾ ਸੀਮਤ ਰੱਖਦਿਆਂ ਇਸ ਦਾ ਆਧਾਰ ਪੰਜਾਬੀ-ਸਭਿਆਚਾਰ ਦੇ ਆਹਾਰ-ਪ੍ਰਬੰਧ ਉਪਰ ਪਏ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਨੂੰ ਬਣਾਇਆ ਹੈ। ਪੰਜਾਬੀ-ਸਭਿਆਚਾਰ ਦੀ ਗਤੀਸ਼ੀਲਤਾ ਦੌਰਾਨ ਵਿਭਿੰਨ ਸਭਿਆਚਾਰਾਂ ਨੇ ਵਿਭਿੰਨ ਪਰਸਿਥਤੀਆਂ ਵਿਚ ਆਪਣਾ ਯੋਗਦਾਨ ਪਾਇਆ ਹੈ। ਪੰਜਾਬੀ-ਸਭਿਆਚਾਰ ਦੇ ਰੂਪ ਧਾਰਨਾ ਦਾ ਸ਼ੁਰੂ ਕਰਨ ਦਾ ਸਮਾਂ ਲਗਭਗ ਉਹੀ ਹੈ ਜਦੋਂ ਪੰਜਾਬੀ ਭਾਸ਼ਾ ਨੇ ਰੂਪ ਧਾਰਨਾ ਸ਼ੁਰੂ ਕੀਤਾ। ਇਹ ਨੌਂਵੀ ਤੋਂ ਬਾਰਵੀਂ ਸਦੀ ਈਸਵੀਂ ਦਾ ਸਮਾਂ ਦੱਸਿਆ ਜਾਂਦਾ ਹੈ। ਇਹੀ ਸਮਾਂ ਸੀ ਜਦੋਂ ਇਸ ਦੇ ਰਾਜਸੀ-ਆਰਥਿਕ ਜੀਵਨ ਵਿਚ ਮਹੱਤਵਪੂਰਨ ਤਬਦੀਲੀਆਂ ਵਾਪਰਨੀਆਂ ਸ਼ੁਰੂ ਹੋਈਆਂ। ਇਹਨਾਂ ਤਬਦੀਲੀਆਂ ਦੇ ਪ੍ਰਗਟਾਅ ਦਾ ਇਕ ਰੂਪ ਇਹ ਸੀ ਕਿ ਇਥੋਂ ਦੇ ਜਨ-ਸਮੂਹ ਦੀ ਸ਼ਨਾਖ਼ਤ ਕਿਸੇ ਵਿਅਕਤੀ ਕੁਟੰਬ ਕਬੀਲੇ ਦੇ ਹਵਾਲੇ ਨਾਲ ਸ਼ੁਰੂ ਹੋਈ। ਦੂਜੇ ਸ਼ਬਦਾਂ ਵਿਚ ਪੰਜਾਬੀ ਕੌਮੀਅਤ ਨੇ ਰੂਪ ਧਾਰਨਾ ਸ਼ੁਰੂ ਕੀਤਾ। ਇਸ ਤੋਂ ਮਗਰੋਂ ਅੱਜ ਤੱਕ ਦਾ ਰਾਜਨੀਤਕ ਅਤੇ ਆਰਥਿਕ ਇਤਿਹਾਸ ਇਸੇ ਕੌਮੀਅਤ ਦੇ ਰੂਪ ਵਿਚ ਹੁੰਦੀ ਪ੍ਰਗਤੀ ਜਾਂ ਆਉਂਦੀਆਂ ਕਠਿਨਾਈਆਂ ਦਾ ਇਤਿਹਾਸ ਹੈ। '[4] ਇਤਿਹਾਸਕ ਪਰਿਪੇਖ ਤੋਂ ਵਾਚਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਜਨੀਤਕ ਉਥਲ-ਪੁਥਲ ਸਦਕਾ ਮਾਨਵੀ-ਜੀਵਨ ਦੇ ਵਿਭਿੰਨ- ਪਹਿਲੂਆਂ 'ਤੇ ਇਸ ਦਾ ਪ੍ਰਭਾਵ ਸਮਾਨ ਹੈ। ਬਾਹਰੀ ਹਮਲਾਵਰਾਂ ਦੇ ਹਮਲਿਆਂ ਅਤੇ ਮੁਗਲ ਰਾਜ ਦੀ ਲੰਬੇ ਸਮੇਂ ਤੱਕ ਸਥਾਪਤੀ ਦੇ ਕਾਰਨ ਇਸਲਾਮ ਧਰਮ ਨੇ ਪੰਜਾਬੀ-ਸਭਿਆਚਾਰ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਉਸ ਸਭਿਆਚਾਰ ਦੇ ਚਿੰਨ੍ਹ ਅਤੇ ਲੱਛਣ ਪੰਜਾਬੀਅਤ ਦਾ ਅੰਗ ਬਣ ਗਏ।

ਭਾਵੇਂ ਕਿ ਲੰਬਾ ਸਮਾਂ ਪੰਜਾਬੀ-ਸਭਿਆਚਾਰ ਇਸਲਾਮੀ-ਸਭਿਆਚਾਰ ਦੇ ਸੰਪਰਕ ਵਿਚ ਰਿਹਾ ਪਰ ਬਰਤਾਨਵੀਂ ਰਾਜ ਦੇ ਸਮੇਂ ਪੱਛਮੀ-ਸਭਿਆਚਾਰ ਨੇ ਇਸ ਸਭਿਆਚਾਰ 'ਤੇ ਵਿਆਪਕ ਪ੍ਰਭਾਵ ਪਾਇਆ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਸਭਿਆਚਾਰ ਨਿਰੰਤਰ ਗਤੀਸ਼ੀਲ ਵਰਤਾਰਾ ਹੈ। ਇਸ ਵਿਸ਼ੇਸ਼ ਲੱਛਣ ਦੇ ਨਾਲ-ਨਾਲ ਪੰਜਾਬੀ-ਸਭਿਆਚਾਰ ਵਧੇਰੇ ਲਚਕੀਲਾ ਸਭਿਆਚਾਰ ਹੈ। ਇਸਦੀ ਪਾਚਣ-ਸ਼ਕਤੀ ਮੁਕਾਬਲਤਨ ਹੋਰਨਾਂ ਸਭਿਆਚਾਰਾਂ ਨਾਲੋਂ ਵਧੇਰੇ ਹੈ। ਜਿਸ ਕਰਕੇ ਹੀ ਇਸਨੇ ਕਈ ਬਾਹਰੀ ਸਭਿਆਚਾਰਾਂ ਦੇ ਪ੍ਰਭਾਵ ਨੂੰ ਸਹਿਜਤਾ ਨਾਲ ਹੀ ਕਬੂਲ ਕਰ ਲਿਆ ਹੈ। ਇਸ ਸਭਿਆਚਾਰ ਦੇ ਆਹਾਰ- ਪ੍ਰਬੰਧ ਉਪਰ ਵਿਸ਼ਵ-ਸਭਿਆਚਾਰ ਦੀ ਪ੍ਰਕ੍ਰਿਆ ਦਾ ਕਿਸ ਪ੍ਰਕਾਰ ਪ੍ਰਭਾਵ ਪਿਆ ਹੈ ? ਇਸ ਦੀ ਸਪੱਸ਼ਟ ਨਿਸ਼ਾਨਦੇਹੀ ਲਈ ਖੇਤਰੀ ਸਰਵੇ (Field Survey) ਦਾ ਸਹਾਰਾ ਲਿਆ ਗਿਆ ਹੈ। ਇਹ ਖੋਜ-ਅਧਿਐਨ ਪੰਜਾਬ ਦੇ ਵਿਭਿੰਨ ਜ਼ਿਲ੍ਹਿਆਂ ਉਪਰ ਕੀਤੇ ਗਏ ਸਰਵੇਖਣ ਉਪਰ ਅਧਾਰਿਤ ਹੈ। ਵਿਭਿੰਨ ਜਿਲ੍ਹਿਆਂ ਦੇ ਪਿੰਡਾਂ ਅਤੇ ਸ਼ਹਿਰਾਂ ਵਿਚੋਂ 545 ਉੱਤਰਦਾਤਾਵਾਂ ਤੋਂ ਸੰਬੰਧਤ ਖੋਜ-ਸਮੱਗਰੀ ਪ੍ਰਸ਼ਨੋਤਰੀ ਰਾਹੀਂ ਪ੍ਰਾਪਤ ਕੀਤੀ ਗਈ ਹੈ। ਇਹਨਾਂ ਉੱਤਰਦਾਤਾਵਾਂ ਵਿਚ ਵੱਖੋ-ਵੱਖਰੀ ਉਮਰ-ਵਰਗ ਦੇ ਲੋਕ ਸ਼ਾਮਿਲ ਹਨ। ਉਮਰ-ਵਰਗ ਵਿਚ 12 ਸਾਲ ਤੋਂ 20 ਸਾਲ, 21 ਸਾਲ ਤੋਂ 35 ਸਾਲ, 36 ਸਾਲ ਤੋਂ 50 ਸਾਲ ਅਤੇ 50 ਸਾਲ ਤੋਂ ਉਪਰ ਨੂੰ ਚੁਣਿਆ ਗਿਆ ਹੈ। ਸਿੱਖਿਆ, ਕਿੱਤੇ, ਲਿੰਗ ਅਤੇ ਸਲਾਨਾ ਆਮਦਨ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਕਿਉਂਕਿ ਸਮਾਜਕ-ਰੁਤਬੇ ਅਤੇ ਜੀਵਨ-ਤਬਦੀਲੀ ਅੰਦਰ ਇਹਨਾਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਖੋਜ-ਸਮੱਗਰੀ ਨਿੱਜੀ ਤੌਰ 'ਤੇ ਇੰਟਰਵਿਊ ਵਿਧੀ ਰਾਹੀਂ ਇਕੱਠੀ ਕੀਤੀ ਗਈ ਹੈ। ਇਹਨਾਂ ਉੱਤਰਦਾਤਾਵਾਂ ਬਾਰੇ ਜਾਣਕਾਰੀ ਸਾਰਨੀ ਨੰ:1 ਵਿਚ ਦਿੱਤੀ ਗਈ ਹੈ:

| | ਉਮਰ-ਵਰਗ (ਸਾਲਾਂ ਵਿਚ) | ਇਸਤਰੀ | ਮਰਦ | ਕੁੱਲ |
|---|---|---|---|---|
| 1. | 12-20 | 65 | 60 | 125 |
| 2. | 21-35 | 65 | 60 | 125 |
| 3. | 36-50 | 75 | 70 | 145 |
| 4. | 50 ਅਤੇ ਉਪਰ | 70 | 80 | 150 |
| | | | ਕੁੱਲ ਉੱਤਰਦਾਤਾ | 545 |

ਇਹਨਾਂ ਉੱਤਰਦਾਤਾਵਾਂ ਦੇ ਰਵਾਇਤੀ ਜੀਵਨ ਵਿਚ ਆਏ ਰੂਪਾਂਤਰਣ ਦਾ ਸਰਵੇਖਣ ਕਰਨ ਲਈ ਪਸੰਦ, ਨਾ-ਪਸੰਦ ਦੀ ਵਿਧੀ ਨੂੰ ਆਧਾਰ ਬਣਾਇਆ ਗਿਆ ਹੈ। ਕਿਸੇ ਵਸਤੂ, ਪਹਿਰਾਵੇ, ਰੀਤੀ-ਰਿਵਾਜ ਆਦਿ ਨੂੰ ਪਸੰਦ-ਨਾ-ਪਸੰਦ ਦੇ ਆਧਾਰ ‘ਤੇ ਹੀ ਪਿਛਲੇਰੀ ਜਾਂ ਮੁੱਢਲੀ ਕਤਾਰ ਵਿਚ ਰੱਖਿਆ ਜਾ ਸਕਦਾ ਹੈ। ਵੱਖ-ਵੱਖ ਉਮਰ-ਵਰਗ ਦੇ ਵਿਅਕਤੀਆਂ ਨੇ ਆਪਣੀ ਪਸੰਦ ਅਤੇ ਨਾ-ਪਸੰਦ ਦੇ ਅਨੁਸਾਰ ਹੀ ਉੱਤਰ ਦਿੱਤੇ ਹਨ। ਪ੍ਰਸ਼ਨੋਤਰੀ ਸਥਾਨਕ-ਸਭਿਆਚਾਰ ਦੀਆਂ ਰਵਾਇਤੀ ਆਹਾਰ-ਵਸਤੂਆਂ ਅਤੇ ਵਿਸ਼ਵ-ਸਭਿਆਚਾਰ ਦੁਆਰਾ ਪ੍ਰਸਾਰਿਤ ਨਵੀਆਂ ਆਹਾਰ-ਵਸਤੂਆਂ ਦੇ ਆਧਾਰ ’ਤੇ ਤਿਆਰ ਕੀਤੀ ਗਈ ਹੈ। ਸਥਾਨਕ-ਸਭਿਆਚਾਰਕ ਵਸਤੂਆਂ ਅਤੇ ਵਿਸ਼ਵ-ਸਭਿਆਚਾਰ ਦੁਆਰਾ ਪ੍ਰਸਾਰਿਤ ਵਸਤੂਆਂ ਵਿਚੋਂ ਪਸੰਦ ਅਤੇ ਨਾ-ਪਸੰਦ ਵਿਧੀ ਰਾਹੀਂ ਨਵੇਂ ਰੁਝਾਨਾਂ ਦੇ ਸਿੱਟੇ ਕੱਢੇ ਗਏ ਹਨ।

ਸਥਾਨਕ-ਸਭਿਆਚਾਰਾਂ ਅੰਦਰ ਵਿਸ਼ਵ-ਪੱਧਰੀ ਰੁਝਾਨ ਕਿਸ ਪ੍ਰਕਾਰ ਪ੍ਰਚਲਿਤ ਹੋ ਰਹੇ ਹਨ? ਇਸਦਾ ਅੰਦਾਜ਼ਾ ਸਰਵੇਖਣ ਤੋਂ ਲਾਇਆ ਜਾ ਸਕਦਾ ਹੈ। ਇਸ ਸਰਵੇਖਣ ਅੰਦਰ ਇਹ ਵੀ ਵੇਖਣ ਵਿਚ ਆਇਆ ਹੈ ਕਿ ਵੱਖ-ਵੱਖ ਉਮਰ-ਵਰਗ ਦੇ ਵਿਅਕਤੀਆਂ ਵਿਚ ਇਹ ਰੁਝਾਨ ਵੱਖੋ-ਵੱਖਰਾ ਹੈ। ਨੌਜਵਾਨ-ਪੀੜ੍ਹੀ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਨੂੰ ਦੇਖਾ-ਦੇਖੀ ਦੀ ਹੋੜ੍ਹ ਵਿਚ ਵਿਆਪਕ ਪੱਧਰ ’ਤੇ ਅਪਣਾ ਰਹੀ ਹੈ ਜਦਕਿ ਵੱਡੀ ਉਮਰ ਦੇ ਵਿਅਕਤੀਆਂ ਉਪਰ ਇਸਦਾ ਪ੍ਰਭਾਵ ਘੱਟ ਮਾਤਰਾ ਵਿਚ ਹੈ। ਆਮਦਨ ਵੀ ਤਬਦੀਲੀ ਦੇ ਰੁਝਾਨ ਨੂੰ ਬਦਲਦੀ ਹੈ। ਵਧੇਰੇ ਆਮਦਨ ਵਾਲੇ ਵਿਅਕਤੀ ਵਿਸ਼ਵ-ਪੱਧਰੀ ਚੀਜ਼ਾਂ ਨੂੰ ਅਪਣਾਉਣ ਲਈ ਛੇਤੀ ਉਤੇਜਿਤ ਹੁੰਦੇ ਹਨ ਜਦਕਿ ਘੱਟ ਆਮਦਨ ਵਾਲੇ ਲੋਕਾਂ ਵਿਚ ਇਹ ਰੁਝਾਨ ਉਨ੍ਹਾਂ ਵਰਗਾ ਨਹੀਂ ਹੈ। ਵਿਸ਼ਵ-ਸਭਿਆਚਾਰ ਖ਼ਪਤਕਾਰੀ ਰੁਚੀ ਨੂੰ ਬੜ੍ਹਾਵਾ ਦੇਣ ਵਾਲਾ ਸਭਿਆਚਾਰ ਹੈ। ਵਧੇਰੇ ਵਸਤੂਆਂ ਦੀ ਖਰੀਦਦਾਰੀ ਅਤੇ ਖ਼ਪਤ ਦਾ ਰੁਝਾਨ ਵਿਸ਼ਵ-ਸਭਿਆਚਾਰ ਦੀ ਹੀ ਦੇਣ ਹੈ। ਸਰਵੇਖਣ ਅਨੁਸਾਰ ਨੌਜਵਾਨ-ਪੀੜ੍ਹੀ ਅੰਦਰ ਇਹ ਰੁਝਾਨ ਵਧੇਰੇ ਹੈ। ਪੰਜਾਬੀ ਜਨ-ਜੀਵਨ ਵਿਚ ਵਿਸ਼ਵ-ਸਭਿਆਚਾਰ ਕਾਰਨ ਆਏ ਪਰਿਵਰਤਨਾਂ ਨੂੰ ਕੁਝ ਵਿਸ਼ੇਸ਼ ਇਕਾਈਆਂ ਦੇ ਰੂਪ ਵਿਚ ਵੇਖਿਆ ਗਿਆ ਹੈ। ਪ੍ਰਸ਼ਨੋਤਰੀ ਵਿਚਲੇ ਪ੍ਰਸ਼ਨ ਰੋਜ਼ਾਨਾ ਜੀਵਨ ਨਾਲ ਸੰਬੰਧਤ ਹਨ। ਉੱਤਰਦਾਤਾਵਾਂ ਵੱਲੋਂ ਦਿੱਤੇ ਉੱਤਰ ਰੋਜ਼ਾਨਾ ਜ਼ਿੰਦਗੀ ਵਿਚ ਵਾਪਰੀ ਤਬਦੀਲੀ ਨੂੰ ਸਿੱਧ ਕਰਦੇ ਹਨ।

ਆਹਾਰ ਜਿਉਂਦੇ ਰਹਿਣ ਲਈ ਹਰ ਜੀਵ ਦੀ ਮੁੱਢਲੀ ਲੋੜ ਹੈ। ਮੁੱਖ ਰੂਪ ਵਿਚ ਆਹਾਰ ਪ੍ਰਾਕ੍ਰਿਤਕ-ਚੌਗਿਰਦੇ ਉਪਰ ਨਿਰਭਰ ਕਰਦਾ ਹੈ। ਇਸੇ ਕਰਕੇ ਹੀ ਵਿਭਿੰਨ ਪ੍ਰਾਕ੍ਰਿਤਕ ਮਾਹੌਲ ਵਾਲੇ ਭੂਗੋਲਿਕ ਖਿੱਤਿਆਂ ਵਿਚਲਾ ਆਹਾਰ ਵੱਖੋ-ਵੱਖਰਾ ਹੁੰਦਾ ਹੈ। ਖਾਸ ਭੂਗੋਲਿਕ ਖਿੱਤੇ ਵਿਚ ਜਨਮਿਆ ਵਿਅਕਤੀ ਸੰਬੰਧਤ ਖਿੱਤੇ ਵਿਚਲੇ ਆਹਾਰ ਅਨੁਸਾਰ ਆਪਣੇ ਆਪ ਨੂੰ ਢਾਲਦਾ ਹੈ ਅਤੇ ਇਸੇ ਖਿੱਤੇ ਦਾ ਆਹਾਰ ਉਸਦੇ ਸਰੀਰ ਦੇ ਵਧੇਰੇ ਅਨੁਕੂਲ ਹੁੰਦਾ ਹੈ। ਪ੍ਰਾਕ੍ਰਿਤਕ ਪੌਣ-ਪਾਣੀ ਦੇ ਅਨੁਸਾਰ ਵੱਖ-ਵੱਖ ਖਿੱਤਿਆਂ ਅੰਦਰ ਵੱਖੋ-ਵੱਖਰਾ ਅਨਾਜ ਪੈਦਾ ਹੁੰਦਾ ਹੈ। ਅਸਲ ਵਿਚ ਮਨੁੱਖੀ-ਸਭਿਅਤਾ ਦੇ ਵਿਕਾਸ ਦਾ ਆਧਾਰ ਆਹਾਰ ਹੀ ਹੈ। ਇਸ ਸਬੰਧੀ ਡੀ.ਡੀ ਕੋਸਾਂਬੀ ਦਾ ਵਿਚਾਰ ਹੈ

> ਮਨੁੱਖ ਕੇਵਲ ਰੋਟੀ ਲਈ ਨਹੀਂ ਜੀਉਂਦਾ ਪਰ ਰੋਟੀ ਜਾਂ ਕਿਸੇ ਹੋਰ ਖੁਰਾਕ ਤੋਂ ਬਿਨਾਂ ਉਹ ਜੀਉਂਦਾ ਵੀ ਨਹੀਂ ਰਹਿ ਸਕਦਾ। ਇਸ ਕਥਨ ਦਾ ਭਾਵ ਹੈ ਕਿ ਮਨੁੱਖ ਦੇ ਜੀਉਂਦੇ ਰਹਿਣ ਲਈ ਸਭਿਅਤਾ ਅਰਥਾਤ ਪਦਾਰਥਕ ਉਤਪਾਦਨ ਦੀ ਲੋੜ ਬੁਨਿਆਦੀ ਹੈ ਭਾਵੇਂ ਮਨੁੱਖ ਦੀ ਲੋੜ ਕੇਵਲ ਇਹੀ ਨਹੀਂ। ਇਸ ਲੋੜ ਦੀ ਪੂਰਤੀ ਲਈ ਮਨੁੱਖੀ-ਸਭਿਅਤਾ ਦੀ ਪੱਧਰ ਅਨੁਸਾਰ ਵਿਭਿੰਨ ਪ੍ਰਕਾਰ ਦੇ ਸਮਾਜਕ-ਰਿਸ਼ਤਿਆਂ ਵਿਚ ਬੱਝਦਾ ਹੈ ਅਤੇ ਉਨ੍ਹਾਂ ਰਿਸ਼ਤਿਆਂ ਦੀ ਸੁਰੱਖਿਆ ਲਈ ਵਿਭਿੰਨ ਪ੍ਰਕਾਰ ਦੀਆਂ ਸੰਸਥਾਵਾਂ, ਕਦਰਾਂ-ਕੀਮਤਾਂ ਤੇ ਰਹੁ-ਰੀਤਾਂ ਦੀ ਸੰਰਚਨਾ ਕਰਦਾ ਹੈ।[5]

ਇਸ ਤਰ੍ਹਾਂ ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਵਿਚੋਂ ਆਹਾਰ ਪ੍ਰਮੁੱਖ ਹੈ। ਇਸ ਪੱਖ ਤੋਂ ਆਈ ਤਬਦੀਲੀ ਉਸ ਦੇ ਸਮੁੱਚੇ ਜੀਵਨ ਨੂੰ ਤਬਦੀਲ ਕਰਨ ਦੀ ਸਮਰੱਥਾ ਰੱਖਦੀ ਹੈ। ਕਿਸੇ ਵੀ ਸਥਾਨਕ ਖਿੱਤੇ ਵਾਂਗ ਪੰਜਾਬੀ-ਸਭਿਆਚਾਰ ਦਾ ਆਹਾਰ ਵੀ ਉਸਦੀ ਭੂਗੋਲਿਕਤਾ ਦੇ ਅਨੁਸਾਰ ਹੈ। ਇਥੋਂ ਦੇ ਪੌਣਪਾਣੀ ਅਤੇ ਉਪਜ ਦੇ ਅਨੁਕੂਲ ਹੋਣ ਕਰਕੇ ਇਥੋਂ ਦਾ ਆਹਾਰ ਸੰਤੁਲਿਤ ਹੈ। ਸਾਦਾ ਭੋਜਨ ਇਹਨਾਂ ਲੋਕਾਂ ਦੀ ਵਿਸ਼ੇਸ਼ ਖੁਰਾਕ ਹੈ। ਹੋਰਨਾਂ ਸਭਿਆਚਾਰਾਂ ਦੇ ਸੰਪਰਕ ਅਤੇ ਪ੍ਰਭਾਵ ਸਦਕਾ ਇਹਨਾਂ ਪਕਵਾਨਾਂ ਨੂੰ ਬਣਾਉਣ ਦੇ ਢੰਗ-ਤਰੀਕਿਆਂ ਵਿਚ ਤਬਦੀਲੀ ਦੇ ਨਾਲ-ਨਾਲ ਵੱਖਰੀ ਭਾਂਤ ਦੇ ਪਕਵਾਨਾਂ ਵੱਲ ਵੀ ਲੋਕਾਂ ਦਾ ਰੁਝਾਨ ਵਧਿਆ ਹੈ। ਅਜੋਕੇ ਸਮੇਂ ਵਿਚ ਵਾਪਰੀ ਤਬਦੀਲੀ ਦੀ ਗਤੀ ਪਹਿਲਾਂ ਦੀ ਨਿਸਬਤ ਬਹੁਤ ਜ਼ਿਆਦਾ ਹੈ। ਪ੍ਰਭਾਵੀ-ਸਭਿਆਚਾਰ ਦੇ ਚਿੰਨ੍ਹਾਂ ਨੂੰ ਅਪਣਾਉਣ ਦਾ ਰੁਝਾਨ ਵਿਸ਼ਵ-ਸਭਿਆਚਾਰ ਦੀ ਹੀ ਦੇਣ ਹੈ। ਇਸ ਆਧੁਨਿਕ ਜੀਵਨ-ਜਾਚ ਨੂੰ ਅਪਣਾਉਣ ਦੇ ਉਤਸੁਕ ਲੋਕ ਆਪਣੇ ਮੂਲ ਸਭਿਆਚਾਰਕ-ਆਧਾਰਾਂ ਦੀ ਬਜਾਇ ਇਸ ਨਵੀਂ ਜੀਵਨ-ਸ਼ੈਲੀ ਵੱਲੋਂ ਪਰੋਸੀਆਂ ਵਸਤੂਆਂ ਵੱਲ ਵਧੇਰੇ ਰੁਚਿਤ ਦਿਖਾਈ ਦਿੰਦੇ ਹਨ। ਜਿਵੇਂ ਲੱਸੀ ਛੱਡ ਕੇ ਕੋਕ (Soft Drinks) ਪੀਣ ਦਾ ਰੁਝਾਨ ਆਦਿ। ਦੁੱਧ-ਦਹੀਂ ਜੋ ਪੰਜਾਬੀ-ਸਭਿਆਚਾਰ ਵਿਚ ਤੰਦਰੁਸਤੀ ਦਾ ਮੂਲ ਆਧਾਰ ਸੀ ਅੱਜ ਅਜੋਕੀ ਪੀੜ੍ਹੀ ਇਹਨਾਂ ਤੋਂ ਨਿਰੰਤਰ ਦੂਰੀ ਬਣਾ ਰਹੀ ਹੈ।

ਜੇਕਰ ਇਸ ਸਭਿਆਚਾਰ ਦੇ ਮੂਲ ਪਛਾਣ-ਚਿੰਨ੍ਹਾਂ 'ਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਇਥੋਂ ਦੇ ਲੋਕ ਮਿਹਨਤੀ ਅਤੇ ਸੁਡੋਲ ਜੁੱਸਿਆ ਵਾਲੇ ਸਨ,ਜਿਸਦਾ ਮੁੱਖ ਕਾਰਨ ਇਥੋਂ ਦੀਆਂ ਭੂਗੋਲਿਕ-ਪਰਸਥਿਤੀਆਂ ਅਤੇ ਖੁਰਾਕ ਸੀ। ਪੰਜਾਬ ਦੀ ਧਰਤੀ ਮੈਦਾਨੀ ਅਤੇ ਉਪਜਾਊ ਹੈ। ਇਹ ਖੇਤੀ ਪ੍ਰਧਾਨ ਸੂਬਾ ਹੈ,ਜਿਸ ਕਰਕੇ ਇਥੋਂ ਦੇ ਲੋਕ ਆਪਣੇ ਹੱਥੀਂ ਪੈਦਾ ਕੀਤੇ ਅਨਾਜ ਨੂੰ ਖਾਣਾ ਵਧੇਰੇ ਬਿਹਤਰ ਸਮਝਦੇ ਸਨ। ਖੇਤੀ ਕਰਨ ਦੇ ਨਾਲ-ਨਾਲ ਪਸ਼ੂ ਪਾਲਣ ਦਾ ਰੁਝਾਨ ਵੀ ਇਸ ਸਭਿਆਚਾਰ ਦਾ ਹਿੱਸਾ ਹੈ। ਜਿਸ ਕਰਕੇ ਹੀ ਦੁੱਧ, ਦਹੀਂ, ਲੱਸੀ, ਘਿਓ ਆਦਿ ਇਹਨਾਂ ਦੇ ਆਹਾਰ ਦਾ ਮੁੱਖ ਹਿੱਸਾ ਰਿਹਾ ਹੈ। ਇਸ ਸਭਿਆਚਾਰ ਦੇ ਲੋਕ ਇਸ ਅਨਾਜ ਨੂੰ ਆਪਣੀ ਮੁੱਢਲੀ ਜ਼ਰੂਰਤ ਦੇ ਨਾਲ-ਨਾਲ ਸਰੀਰਕ ਤੰਦਰੁਸਤੀ ਦਾ ਮਾਧਿਅਮ ਸਮਝ ਕੇ ਵਰਤਦੇ ਸਨ। ਇਸ ਸੂਬੇ ਦੇ ਲੋਕਾਂ ਦਾ ਆਹਾਰ ਲਗਭਗ ਇਕੋ ਜਿਹਾ ਹੋਣ ਦਾ ਕਾਰਨ ਪੁਰਾਤਨ ਸਮੇਂ ਵਿਚ ਮੁਦਰਾ-ਪ੍ਰਚਲਨ ਦੀ ਅਣਹੋਂਦ ਵੀ ਸੀ। ਉਸ ਸਮੇਂ ਵਸਤੂ-ਵਟਾਂਦਰਾ ਪ੍ਰਚਲਿਤ ਸੀ। ਕਿਸਾਨ ਆਪਣੀਆਂ ਬਾਕੀ ਜ਼ਰੂਰਤਾਂ ਪੂਰੀਆਂ ਕਰਨ ਲਈ ਹੋਰਨਾਂ ਵਸਤੂਆਂ ਨਾਲ ਅਨਾਜ ਦਾ ਵਟਾਂਦਰਾ ਕਰਦੇ ਸਨ। ਮੁਦਰਾ ਅਤੇ ਆਵਾਜਾਈ ਸਾਧਨਾਂ ਦੀ ਅਣਹੋਂਦ ਕਰਕੇ ਲਗਭਗ ਇਕੋ ਜਿਹਾ ਅਨਾਜ ਸਾਰੇ ਲੋਕਾਂ ਨੂੰ ਉਪਲੱਬਧ ਹੁੰਦਾ ਸੀ,ਜਿਸ ਕਰਕੇ ਇਕੋ ਜਿਹਾ ਆਹਾਰ-ਪੈਟਰਨ ਨਿਸ਼ਚਿਤ ਹੋ ਗਿਆ। ਕਣਕ, ਚੌਲ, ਬਾਜਰਾ, ਮੱਕੀ ਆਦਿ ਵਰਗੇ ਅਨਾਜ ਇਹਨਾਂ ਲੋਕਾਂ ਦੇ ਰੋਜ਼ਾਨਾ ਜੀਵਨ-ਵਿਵਹਾਰ ਦਾ ਹਿੱਸਾ ਬਣੇ। ਜੇਕਰ ਇਸ ਸਭਿਆਚਾਰ ਦੇ ਆਹਾਰ ਉਪਰ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਨਿਸ਼ਚਿਤ ਰੂਪ ਵਿਚ ਇਥੋਂ ਦੇ ਆਹਾਰ-ਪੈਟਰਨ ਨੂੰ ਵਿਸ਼ਵ-ਸਭਿਆਚਾਰ ਦੁਆਰਾ ਉਤਪਾਦਤ ਵਸਤੂਆਂ ਨੇ ਪ੍ਰਭਾਵਿਤ ਕੀਤਾ ਹੈ। ਵਿਸ਼ਵ-ਸਭਿਆਚਾਰ ਕਿਉਂਕਿ ਪੱਛਮੀ ਜੀਵਨ-ਜਾਚ ਉਪਰ ਉੱਸਰਿਆ ਹੋਇਆ ਸਭਿਆਚਾਰ ਹੈ,ਜਿਸ ਕਾਰਨ ਇਸ ਦੁਆਰਾ ਪ੍ਰਸਾਰਿਤ ਵਸਤੂਆਂ ਵਿਚ ਪੱਛਮੀ-ਸਭਿਆਚਾਰ ਦੀਆਂ ਵਸਤੂਆਂ ਦੀ ਬਹੁਤਾਤ ਹੈ। ਅੱਜ ਵਿਸ਼ਵ-ਮੰਡੀ ਵਿਚ ਪ੍ਰਭਾਵੀ-ਸਭਿਆਚਾਰਾਂ ਦੇ ਆਹਾਰ ਨੂੰ ਪਰੋਸਿਆ ਜਾ ਰਿਹਾ ਹੈ। ਮੁਨਾਫ਼ੇ ਦੇ ਮੰਤਵ ਲਈ ਉਤਪਾਦਤ ਇਸ ਆਹਾਰ ਨੂੰ ਲੋਕਾਂ ਦੇ ਜੀਵਨ ਦਾ ਜ਼ਰੂਰੀ ਹਿੱਸਾ ਬਣਾਉਣ ਵਾਸਤੇ ਵਿਗਿਆਪਨ ਦਾ ਸਹਾਰਾ ਲਿਆ ਜਾਂਦਾ ਹੈ। ਇਹਨਾਂ ਉਤਪਾਦਾਂ ਨੂੰ ਵਿਸ਼ਵ-ਪੱਧਰ 'ਤੇ ਫੈਲਾਉਣ ਲਈ ਅਨੇਕ ਅਜਿਹੀਆਂ ਕੰਪਨੀਆਂ ਹਨ, ਜਿਨ੍ਹਾਂ ਨੇ ਆਪਣੇ ਕੇਂਦਰ ਵੱਖ-ਵੱਖ ਦੇਸ਼ਾਂ ਵਿਚ ਸਥਾਪਤ ਕੀਤੇ ਹਨ। ਇਹਨਾਂ ਦੇ ਵਿਆਪਕ ਫੈਲਾਅ ਲਈ ਉਹ ਵਿਸ਼ਵ-ਪੱਧਰੀ ਵਸਤੂਆਂ ਨੂੰ ਸਥਾਨਕ ਰੰਗਤ ਦਾ ਭੁਲੇਖਾ ਦੇ ਕੇ ਉਪਭੋਗੀਆਂ ਦਾ ਵਧੇਰੇ ਧਿਆਨ ਖਿੱਚਣ ਦੀ ਕੋਸ਼ਿਸ਼ ਕਰਦੀਆਂ ਹਨ। Allan Bird ਅਤੇ Michael J. Stevens ਨੇ one world one food ਦਾ ਸੰਕਲਪ ਪੇਸ਼ ਕੀਤਾ ਹੈ :

> When we look not at what the world drinks but rather at what it eats, it turns out that the influence of the United States on Globlization takes its cues from a Swiss transnational company, Nestle the self proclaimed Food company information shows that Nestle Currently has factories in more than 80 Countries. While its products are available


for sale in nearly every country (Nestle 2003). A review of its product catalog shows that it owns many brand names that are quickly and easily recognized in all corners of the globe.[6]

ਇਹ ਕੰਪਨੀਆਂ ਸਥਾਨਕ-ਸਭਿਆਚਾਰ ਦੇ ਹਰ ਵਰਗ ਨੂੰ ਵੱਖਰੇ/ਲੁਭਾਵਣੇ ਤਰੀਕਿਆਂ ਨਾਲ ਪ੍ਰਭਾਵਿਤ ਕਰਦੀਆਂ ਹਨ। ਪੰਜਾਬੀ-ਸਭਿਆਚਾਰ ਦੇ ਸਥਾਪਤ ਪੈਟਰਨ ਵਿਚ ਵਿਸ਼ਵ-ਸਭਿਆਚਾਰ ਦੀਆਂ ਵਿਭਿੰਨ-ਇਕਾਈਆਂ ਨੇ ਤਰ੍ਹਾਂ-ਤਰ੍ਹਾਂ ਦੇ ਪਰਿਵਰਤਨ ਲਿਆਂਦੇ ਹਨ। ਇਸ ਦੁਆਰਾ ਪੈਦਾ ਕੀਤਾ ਆਹਾਰ ਦਾ ਪੈਟਰਨ ਅੱਜ ਪੰਜਾਬੀ-ਸਭਿਆਚਾਰ ਦੇ ਸ਼ਹਿਰੀ, ਪੇਂਡੂ, ਅਮੀਰ, ਗਰੀਬ ਭਾਵ ਹਰ ਵਰਗ ਨੂੰ ਪ੍ਰਭਾਵਿਤ ਕਰ ਰਿਹਾ ਹੈ। ਅੱਜ ਵਿਸ਼ਵ-ਪੱਧਰੀ ਆਹਾਰ ਪੰਜਾਬ ਦੇ ਪਿੰਡਾਂ, ਸ਼ਹਿਰਾਂ ਭਾਵ ਹਰ ਥਾਂ ਉਪਲੱਬਧ ਕਰਵਾਏ ਜਾ ਰਹੇ ਹਨ। ਨੂਡਲਜ਼, ਬਰਗਰ, ਪੀਜ਼ਾ, ਮੋਮੋਜ਼, ਆਦਿ ਖਾਣੇ ਅਜੋਕੀ ਪੀੜ੍ਹੀ ਦਾ ਮਨ-ਭਾਉਂਦਾ ਆਹਾਰ ਬਣ ਗਿਆ ਹੈ। ਜੇਕਰ ਮਾਨਵੀ-ਜੀਵਨ ਦੇ ਕੁਝ ਮੁੱਖ ਪਹਿਲੂਆਂ ਜਿਨ੍ਹਾਂ ਵਿਚੋਂ ਵਿਆਹ, ਜਨਮ-ਦਿਨ ਅਤੇ ਤਿੱਥ-ਤਿਉਹਾਰ ਦੇ ਮੌਕਿਆਂ ਤੇ ਆਹਾਰ ਸੰਬੰਧੀ ਨਜ਼ਰਸਾਨੀ ਕੀਤੀ ਜਾਵੇ ਤਾਂ ਇਹਨਾਂ ਮੌਕਿਆਂ ਦੇ ਮੂਲ ਆਹਾਰਾਂ ਵਿਚ ਵੱਡੇ ਪੱਧਰ 'ਤੇ ਪਰਿਵਰਤਨ ਵੇਖਣ ਨੂੰ ਮਿਲਿਆ ਹੈ। ਆਪਣੀ ਹੈਸੀਅਤ ਨੂੰ ਲੋਕਾਂ ਸਾਹਮਣੇ ਵਧਾ ਕੇ ਵਿਖਾਉਣ ਦੀ ਰੁਚੀ ਵਿਚੋਂ ਇਹਨਾਂ ਮੌਕਿਆਂ ਤੇ ਵਿਭਿੰਨ ਕਿਸਮ ਦੇ ਆਹਾਰਾਂ ਦੀ ਨੁਮਾਇਸ਼ ਲਗਾਈ ਜਾਂਦੀ ਹੈ। ਜ਼ਿਆਦਾਤਰ ਲੋਕ ਵਿਸ਼ਵ-ਸਭਿਆਚਾਰ ਦੁਆਰਾ ਪ੍ਰਸਾਰਿਤ ਆਹਾਰ ਨੂੰ ਤੋਹਫ਼ਿਆਂ ਦੇ ਤੌਰ 'ਤੇ ਵੀ ਵਰਤ ਰਹੇ ਹਨ। ਵਿਗਿਆਪਨਾਂ ਨੇ ਬੱਚਿਆਂ ਦੇ ਸਮੁੱਚੇ ਰੁਝਾਨ ਹੀ ਬਦਲ ਦਿੱਤੇ ਹਨ। ਵਿਸ਼ਵ-ਸਭਿਆਚਾਰ ਦੇ ਆਹਾਰ-ਪੈਟਰਨ ਨੂੰ ਰੋਟੀ ਦਾ ਬਦਲ ਸਮਝਿਆ ਜਾਣ ਲੱਗਾ ਹੈ। ਸਥਾਨਕ-ਆਹਾਰਾਂ ਦੀ ਬਜਾਇ ਵਿਦੇਸ਼ੀ ਆਹਾਰ ਪ੍ਰਤੀ ਵਧਦੀ ਰੁਚੀ ਦਾ ਮੁੱਖ ਕਾਰਨ ਇਸ ਆਹਾਰ ਨੂੰ ਸਮਾਜਕ-ਰੁਤਬੇ (Status Symbol) ਦਾ ਚਿੰਨ੍ਹ ਸਮਝਿਆ ਜਾਣਾ ਹੈ। ਇਸ ਪ੍ਰਭਾਵ ਤੋਂ ਸਮਾਜ ਦਾ ਕੋਈ ਵੀ ਵਰਗ ਅਭਿੱਜ ਨਹੀਂ ਰਿਹਾ। ਬੱਚਿਆਂ ਅਤੇ ਨੌਜਵਾਨਾਂ ਵਿਚ ਇਹ ਰੁਝਾਨ ਵਧੇਰੇ ਹੈ। ਉਹ ਘਰ ਦੇ ਖਾਣੇ ਤੋਂ ਜੀਅ ਚੁਰਾਉਣ ਲੱਗੇ ਹਨ ਅਤੇ ਲਗਭਗ ਹਰ ਰੋਜ਼ ਫਾਸਟ-ਫੂਡ ਦੀ ਵਰਤੋਂ ਉਨ੍ਹਾਂ ਦੀ ਪਹਿਲੀ ਪਸੰਦ ਬਣਦੀ ਜਾ ਰਹੀ ਹੈ। ਸੰਬੰਧਤ ਖੋਜ ਵਿਚ ਪੰਜਾਬ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਵੱਖ-ਵੱਖ ਉਮਰ-ਵਰਗ ਦੇ ਲੋਕਾਂ ਤੋਂ ਖਾਣ-ਪੀਣ ਦੇ ਰੁਝਾਨ ਸੰਬੰਧੀ ਜਾਣਕਾਰੀ ਲਈ ਗਈ ਹੈ, ਜਿਸ ਵਿਚੋਂ ਅਜੋਕੇ ਪੰਜਾਬੀ-ਸਭਿਆਚਾਰ ਵਿਚ ਆਹਾਰ ਸੰਬੰਧੀ ਹੋਏ ਪਰਿਵਰਤਨ ਬਾਰੇ ਨਤੀਜੇ ਸਾਹਮਣੇ ਆਏ ਹਨ। ਪ੍ਰਾਪਤ ਨਤੀਜਿਆਂ ਤੋਂ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਸਾਫ਼ ਦੇਖਣ ਨੂੰ ਮਿਲਦੇ ਹਨ।

ਇਸ ਵਿਸ਼ਲੇਸ਼ਣ ਵਿਚ ਵੱਖ-ਵੱਖ ਉਮਰ-ਵਰਗ ਦੇ ਲੋਕਾਂ ਨੇ ਆਪਣੇ-ਆਪਣੇ ਪੱਖ ਤੋਂ ਇਹਨਾਂ ਬਾਰੇ ਜਾਣਕਾਰੀ ਦਿੱਤੀ ਹੈ। 50 ਸਾਲ ਤੋਂ ਉਪਰ ਵਾਲੇ ਉਮਰ-ਵਰਗ ਦੇ ਖਾਣ-ਪੀਣ ਦੀਆਂ ਆਦਤਾਂ ਵਿਚ ਤਬਦੀਲੀ ਦੇ ਰੁਝਾਨ ਦੀ ਪ੍ਰਤੀਸ਼ਤਤਾ ਘੱਟ ਹੈ। ਬੇਸ਼ੱਕ ਇਸ ਉਮਰ-ਵਰਗ ਦੇ ਲੋਕਾਂ ਨੇ ਸਮੁੱਚੇ ਰੂਪ ਵਿਚ ਵਿਸ਼ਵ-ਸਭਿਆਚਾਰ ਦੁਆਰਾ ਪ੍ਰਸਾਰਿਤ ਆਹਾਰ ਨੂੰ ਵਰਤਣ ਵਿਚ ਡੂੰਘੀ ਰੁਚੀ ਨਹੀਂ ਦਿਖਾਈ ਪਰ ਅੰਸ਼ਿਕ ਰੂਪ ਵਿਚ ਉਹ ਵੀ ਇਸ ਆਹਾਰ ਨੂੰ ਵਰਤ ਰਹੇ ਹਨ। ਇਸ ਉਮਰ-ਵਰਗ ਵਿਚ 80 ਵਿਚੋਂ 60 ਮਰਦ ਅਤੇ 20 ਔਰਤਾਂ ਆਪਣਾ ਨਾਂ ਪਤਾ ਲਿਖਣ ਅਤੇ ਪੜ੍ਹਨ ਦੇ ਯੋਗ ਸਨ। ਇਸ ਤੋਂ ਇਲਾਵਾ ਉਹ ਪੰਜਾਬੀ ਭਾਸ਼ਾ ਨੂੰ ਲਿਖਣ ਅਤੇ ਪੜਨ ਬਾਰੇ ਜਾਣਕਾਰੀ ਵੀ ਰੱਖਦੇ ਸਨ। ਇਸ ਵਿਸ਼ਲੇਸ਼ਣ ਅਧੀਨ ਕੁਝ ਉੱਤਰਦਾਤਾ ਪੇਂਡੂ-ਖੇਤਰ ਅਤੇ ਕੁਝ ਸ਼ਹਿਰੀ-ਖੇਤਰ ਵਿਚੋਂ ਲਏ ਗਏ ਹਨ।

ਇਸ ਉਮਰ-ਵਰਗ ਦੇ ਉੱਤਰਦਾਤਾਵਾਂ ਵਿਚੋਂ ਜ਼ਿਆਦਾਤਰ ਲੋਕ ਵਿਸ਼ਵ-ਸਭਿਆਚਾਰ ਦੇ ਮੂਲ ਸੰਕਲਪ ਤੋਂ ਜਾਣੂ ਨਹੀਂ ਹਨ ਪਰ ਉਹਨਾਂ ਦੀ ਇਸ ਅਸੰਤੁਸ਼ਟਤਾ ਦਾ ਵੱਡਾ ਕਾਰਨ ਪੁਰਾਣੇ ਸਭਿਆਚਾਰ ਦੇ ਖੁਰ ਜਾਣ ਦੀ ਚਿੰਤਾ ਹੈ। ਉਨ੍ਹਾਂ ਨੇ ਆਪਣੇ ਬੱਚਿਆਂ ਦੇ ਬਦਲ ਰਹੇ ਵਿਵਹਾਰ ਅਤੇ ਵਿਗੜ ਰਹੀਆਂ ਆਦਤਾਂ ਬਾਰੇ ਚਿੰਤਾ ਜ਼ਾਹਰ ਕੀਤੀ। ਇਹਨਾਂ ਲੋਕਾਂ ਨੇ ਮੁੱਲਵਾਨ ਸਭਿਆਚਾਰਕ ਕਦਰਾਂ-ਕੀਮਤਾਂ, ਆਪਣੇ ਸਮੇਂ ਦੀ ਪ੍ਰਾਹੁਣਾਚਾਰੀ ਅਤੇ ਖਾਣ-ਪੀਣ ਦੀਆਂ ਵਸਤੂਆਂ ਬਾਰੇ ਵੀ ਜਾਣਕਾਰੀ ਦਿੱਤੀ। ਇਹਨਾਂ ਔਰਤਾਂ ਨੇ ਘਰੇਲੂ ਆਹਾਰਾਂ ਦੀਆਂ ਸਿਫ਼ਤਾਂ ਅਤੇ ਬਨਾਉਣ ਦੇ ਢੰਗਾਂ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਨੇ ਸਿਰਫ਼ ਆਹਾਰ ਬਾਰੇ ਹੀ ਨਹੀਂ ਸਗੋਂ ਜੀਵਨ ਦੇ ਹਰ ਪਹਿਲੂ ਵਿਚ ਵਾਪਰ ਰਹੀਆਂ ਤਬਦੀਲੀਆਂ ਸੰਬੰਧੀ ਚਿੰਤਾ ਨੂੰ ਸਾਂਝਾ ਕੀਤਾ। 80 ਵਿਚੋਂ 68 ਮਰਦ ਅਜਿਹੇ ਸਨ ਜਿਨ੍ਹਾਂ ਨੇ ਅਜੋਕੇ ਵਰਤਾਰੇ ਦੀ ਨਿੰਦਿਆ ਕੀਤੀ। ਉਹਨਾਂ ਨੇ ਬੱਚਿਆਂ ਵੱਲੋਂ ਵਰਤੇ ਜਾਂਦੇ ਬਰਗਰ, ਨੂਡਲਜ਼ ਪੀਜ਼ਾ ਆਦਿ ਨੂੰ ਅੰਗਰੇਜ਼ਾਂ ਦਾ ਖਾਣਾ ਦੱਸਿਆ ਜੋ ਪੰਜਾਬੀ-ਸਭਿਆਚਾਰ ਦੇ ਅਨੁਕੂਲ ਨਹੀਂ ਹੈ। ਅਜਿਹੇ ਆਹਾਰ ਦਾ ਲੋਕਾਂ ਦੀ ਸੋਚ ਉਪਰ ਕਿਸ ਕਿਸਮ ਦਾ ਅਸਰ ਪੈ ਰਿਹਾ ਹੈ? ਇਸ


ਸੰਬੰਧੀ ਵੀ ਵਿਚਾਰ ਪੇਸ਼ ਕੀਤੇ ਗਏ। ਇਸੇ ਤਰ੍ਹਾਂ 70 ਔਰਤਾਂ ਵਿਚੋਂ 59 ਔਰਤਾਂ ਨੇ ਅਜੋਕੇ ਵਰਤਾਰੇ ਦੀ ਨਿੰਦਿਆ ਕੀਤੀ। ਇਸ ਉਮਰ-ਵਰਗ ਦੇ ਲੋਕਾਂ ਨੇ ਕੁਝ ਅਜਿਹੇ ਸ਼ੰਕੇ ਅਤੇ ਚਿੰਤਾਵਾਂ ਵੀ ਜ਼ਾਹਰ ਕੀਤੀਆਂ ਜਿਨ੍ਹਾਂ ਦਾ ਹਵਾਲਾ ਪ੍ਰਸ਼ਨੋਤਰੀ ਵਿਚ ਨਹੀਂ ਦਿੱਤਾ ਗਿਆ ਸੀ। ਅਜੋਕੇ ਸਮਾਜ ਵਿਚ ਫੈਲੀਆਂ ਸਮਾਜਕ-ਕੁਰੀਤੀਆਂ ਬਾਰੇ ਚਿੰਤਾ ਵੀ ਜ਼ਾਹਰ ਕੀਤੀ ਗਈ। ਨੌਜਵਾਨ ਪੀੜ੍ਹੀ ਭੁਲੇਖੇ ਵੱਸ ਨਸ਼ਿਆਂ ਨੂੰ ਸਮਾਜਕ-ਰੁਤਬੇ ਦਾ ਚਿੰਨ੍ਹ ਸਮਝ ਕੇ ਇਹਨਾਂ ਦੀ ਦਲਦਲ ਵਿਚ ਫਸਦੀ ਜਾ ਰਹੀ ਹੈ। ਬੇਸ਼ੱਕ ਇਸ ਉਮਰ-ਵਰਗ ਵਿਚੋਂ ਬਹੁਤਿਆਂ ਨੇ ਵਿਸ਼ਵ-ਸਭਿਆਚਾਰ ਦੇ ਵਰਤਾਰੇ ਪ੍ਰਤੀ ਨਾਕਾਰਤਮਕ ਨਜ਼ਰੀਆ ਪੇਸ਼ ਕੀਤਾ ਹੈ ਪਰ 8 ਉੱਤਰਦਾਤਾਵਾਂ ਨੇ ਇਸ ਬਦਲੇ ਹੋਏ ਰੁਝਾਨ (ਨਸ਼ਿਆ ਦੇ ਰੁਝਾਨ ਨੂੰ ਛੱਡ ਕੇ) ਪ੍ਰਤੀ ਆਪਣਾ ਸਾਕਾਰਤਮਕ ਨਜ਼ਰੀਆ ਪ੍ਰਗਟ ਕੀਤਾ। ਉਹਨਾਂ ਨੇ ਬਦਲਦੇ ਆਹਾਰ ਸੰਬੰਧੀ 'ਕਦੇ-ਕਦੇ ਖਾ ਲੈਣਾ ਚਾਹੀਦਾ ਏ' ਜਾਂ 'ਸੁਆਦ ਤਾਂ ਜ਼ਰੂਰ ਚੱਖਣਾ ਚਾਹੀਦਾ ਏ' ਆਦਿ ਵਰਗੇ ਵਿਚਾਰ ਪ੍ਰਗਟ ਕੀਤੇ। ਇਹਨਾਂ ਲੋਕਾਂ ਨੇ ਪ੍ਰਾਹੁਣਾਚਾਰੀ ਵਾਸਤੇ ਅਜੋਕੇ ਖਾਣੇ ਨੂੰ ਚੁਣਨ ਵਿਚ ਰੁਚੀ ਵਿਖਾਈ। ਆਈਸ ਕ੍ਰੀਮ, ਸੂਪ, ਕੋਲਡ-ਡਰਿੰਕ, ਡੋਸਾ, ਇਡਲੀ, ਨੂਡਲਜ਼ ਆਦਿ ਆਹਾਰ ਨੂੰ ਅਜੋਕੇ ਸਮੇਂ ਦਾ ਸੁਆਦੀ ਆਹਾਰ ਦੱਸਿਆ। 8 ਔਰਤਾਂ ਨੇ ਵੀ ਅਜਿਹੀ ਹੀ ਰੁਚੀ ਵਿਖਾਈ। ਚਾਰ ਮਰਦ ਅਤੇ 3 ਔਰਤਾਂ ਸਪੱਸ਼ਟਤਾਪੂਰਨ ਉੱਤਰ ਨਹੀਂ ਦੇ ਸਕੇ। ਉਹ ਆਪਣੀ ਪਸੰਦ-ਨਾ-ਪਸੰਦ ਬਾਰੇ ਸਹੀ ਨਿਰਣਾ ਨਹੀਂ ਦੇ ਸਕੇ। ਉਪਰੋਕਤ ਰੁਝਾਨਾਂ ਤੋਂ ਸਪੱਸ਼ਟ ਹੈ ਕਿ ਇਸ ਵਰਗ ਨੇ ਭਾਵੇਂ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਨੂੰ ਨਾ-ਮਾਤਰ ਕਬੂਲਿਆ ਹੈ ਪਰ ਇਸ ਦੇ ਫੈਲਾਅ ਕਾਰਨ ਬਦਲਦੇ ਸਭਿਆਚਾਰਕ-ਪਰਿਪੇਖ ਬਾਰੇ ਦਿੱਤੀ ਜਾਣਕਾਰੀ ਉਹਨਾਂ ਦੀ ਚਿੰਤਾ ਦੀ ਉਪਜ ਹੈ। ਇਸ ਵਰਗ ਦੇ ਰੁਝਾਨ ਰਾਹੀਂ ਸਮੁੱਚੇ ਪੰਜਾਬੀ-ਸਭਿਆਚਾਰ ਦੇ ਇਸ ਉਮਰ-ਵਰਗ ਦੇ ਰੁਝਾਨ ਨਾਲ ਸਮਤੋਲ ਕਰਨ ਲਈ ਨਿਮਨ ਪ੍ਰਤੀਸ਼ਤਤਾ ਸਾਰਨੀ ਵਿਚ ਦਰਸਾਇਆ ਗਿਆ ਹੈ-




ਇਸ ਤੋਂ ਬਾਅਦ 36 ਸਾਲ ਤੋਂ 50 ਸਾਲ ਦੀ ਉਮਰ-ਵਰਗ ਦੇ ਉੱਤਰਦਾਤਾਵਾਂ ਵਿਚੋਂ 70 ਮਰਦ ਅਤੇ 75 ਔਰਤਾਂ ਕੋਲੋਂ ਇਸ ਖੋਜ-ਕਾਰਜ ਸੰਬੰਧੀ ਜਾਣਕਾਰੀ ਲਈ ਗਈ। ਇਹਨਾਂ ਵਿਚੋਂ 58 ਮਰਦ ਪੇਂਡੂ ਅਤੇ 12 ਸ਼ਹਿਰੀ ਖੇਤਰ ਨਾਲ ਸੰਬੰਧਤ ਅਤੇ 65 ਔਰਤਾਂ ਪੇਂਡੂ ਅਤੇ 10 ਸ਼ਹਿਰੀ ਸਨ। ਇਸ ਉਮਰ-ਵਰਗ ਕੋਲੋਂ ਇਕੱਤਰ ਕੀਤੀ ਜਾਣਕਾਰੀ ਪਿੱਛਲੇ ਵਰਗ ਨਾਲੋਂ ਵੱਖਰੀ ਹੈ।


ਬੇਸ਼ੱਕ ਇਹ ਵਰਗ ਵੀ ਪ੍ਰਾਚੀਨ ਪੰਜਾਬੀ-ਸਭਿਆਚਾਰ ਦਾ ਹਾਮੀ ਹੈ ਪਰ ਇਹ ਅਜੋਕੇ ਵਰਤਾਰੇ ਤੋਂ ਵੀ ਮੁਨਕਰ ਨਹੀਂ ਹੈ। ਇਸ ਵਰਗ ਉਪਰ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਦੀ ਪ੍ਰਤੀਸ਼ਤਤਾ ਪਿੱਛਲੇ ਵਰਗ ਨਾਲੋਂ ਜ਼ਿਆਦਾ ਹੈ। 70 ਵਿਚ 57 ਮਰਦ ਅਤੇ 75 ਵਿਚੋਂ 56 ਔਰਤਾਂ ਆਪਣੇ ਸਥਾਨਕ-ਸਭਿਆਚਾਰ ਨਾਲ ਜੁੜੇ ਰਹਿਣ ਦੀਆਂ ਮੁਦੱਈ ਹਨ। ਇਹਨਾਂ ਲੋਕਾਂ ਦਾ ਆਹਾਰ ਪੰਜਾਬੀ-ਸਭਿਆਚਾਰ ਦੇ ਅਨੁਸਾਰੀ ਹੈ। ਇਹਨਾਂ ਨੇ ਯੁਵਾ-ਪੀੜ੍ਹੀ ਵੱਲੋਂ ਵਿਸ਼ਵ-ਸਭਿਆਚਾਰ ਦੇ ਆਹਾਰ-ਪੈਟਰਨ ਨੂੰ ਮਹੱਤਤਾ ਦੇਣ ਦੀ ਵਿਰੋਧਤਾ ਕੀਤੀ ਹੈ। ਇਸ ਵਰਗ ਦੇ ਲੋਕ ਵੀ ਵਧੇਰੇ ਚਿੰਤਾਤੁਰ ਨਜ਼ਰ ਆਏ। ਇਹਨਾਂ ਵਿਚੋਂ ਬਹੁਤਿਆਂ ਦੇ ਬੱਚੇ 5 ਸਾਲ ਤੋਂ 18-19 ਸਾਲ ਦੀ ਉਮਰ-ਵਰਗ ਦੇ ਹਨ। ਇਹਨਾਂ ਲੋਕਾਂ ਨੇ ਆਪਣੇ ਘਰਾਂ ਵਿਚ ਬੱਚਿਆਂ ਵੱਲੋਂ ਵਰਤੇ ਜਾਂਦੇ ਵਿਦੇਸ਼ੀ ਖਾਣਿਆਂ ਸੰਬੰਧੀ ਜਾਣਕਾਰੀ ਦਿੱਤੀ। ਬੇਸ਼ੱਕ ਇਹ ਲੋਕ ਖ਼ੁਦ ਇਹਨਾਂ ਖਾਣਿਆਂ ਨੂੰ ਪਸੰਦ ਨਹੀਂ ਕਰਦੇ ਪਰ ਬੱਚੇ ਵਿਗਿਆਪਨਾਂ ਅਤੇ ਬਾਹਰੀ-ਪ੍ਰਭਾਵਾਂ ਕਾਰਨ ਇਹਨਾਂ ਵਿਦੇਸ਼ੀ ਖਾਣਿਆਂ ਪ੍ਰਤੀ ਵਧੇਰੇ ਰੁਚਿਤ ਹੋ ਰਹੇ

ਹਨ। ਇਹਨਾਂ ਲੋਕਾਂ ਨੇ ਵਿਗਿਆਪਨਾਂ ਰਾਹੀਂ ਪ੍ਰਸਾਰਿਤ ਆਹਾਰ ਬਾਰੇ ਵੀ ਚਿੰਤਾ ਜ਼ਾਹਰ ਕੀਤੀ। ਇਹਨਾਂ ਵਿਚੋਂ ਵਧੇਰੇ ਔਰਤਾਂ ਦਾ ਕਹਿਣਾ ਸੀ ਕਿ ਬੱਚੇ ਘਰ ਬਣਾਏ ਖਾਣੇ ਨਾਲੋਂ ਬਾਹਰੀ ਖਾਣਿਆਂ ਨੂੰ ਵਧੇਰੇ ਤਰਜੀਹ ਦਿੰਦੇ ਹਨ। ਇਸ ਵਰਗ ਵਿਚੋਂ 13 ਮਰਦਾਂ ਅਤੇ 19 ਔਰਤਾਂ ਨੇ ਆਪਣੇ ਬੱਚਿਆਂ ਦੇ ਮਨਪਸੰਦ ਖਾਣੇ ਵਿਚ ਆਪਣੀ ਦਿਲਚਸਪੀ ਦਿਖਾਈ। ਇਹ ਵਰਗ ਦਵੰਦਮਈ ਸਥਿਤੀ ਵਿਚ ਘਿਰਿਆ ਹੋਇਆ ਵਰਗ ਪ੍ਰਤੀਤ ਹੋਇਆ। ਜੋ ਆਪਣੀ ਮਰਜ਼ੀ ਅਤੇ ਬੱਚਿਆਂ ਦੀ ਮਰਜ਼ੀ ਵਿਚ ਉਲਝਿਆ ਹੋਇਆ ਹੈ। ਇਸ ਵਰਗ ਦਾ ਕਹਿਣਾ ਸੀ ਕਿ ਅਜੋਕੇ ਬਦਲਦੇ ਰੁਝਾਨ ਵਿਚ ਪੁਰਾਣੇ ਆਹਾਰ ਨੂੰ ਬਰਕਰਾਰ ਰੱਖ ਸਕਣਾ ਮੁਸ਼ਕਿਲ ਹੈ। ਬੱਚਿਆਂ ਦੀ ਪਸੰਦ ਨਾਲ ਤੁਰਦਾ ਹੋਇਆ ਇਹ ਵਰਗ ਵਿਸ਼ਵ-ਸਭਿਆਚਾਰ ਕਾਰਨ ਪੱਸਰਦੇ ਆਹਾਰ ਦੀ ਗਰਿਫ਼ਤ ਵਿਚ ਆ ਰਿਹਾ ਹੈ। ਇਸ ਵਰਗ ਦੇ ਆਹਾਰ ਸੰਬੰਧੀ ਵਿਸ਼ਵ-ਸਭਿਆਚਾਰ ਦੇ ਪ੍ਰਭਾਵ ਨੂੰ ਪ੍ਰਤੀਸ਼ਤਤਾ ਸਾਰਨੀ ਵਿਚ ਦਰਸਾਇਆ ਗਿਆ ਹੈ-




ਇਸ ਵਰਗ ਦੀਆਂ ਔਰਤਾਂ ਨੇ ਵਿਦੇਸ਼ੀ ਖਾਣੇ ਬਣਾਉਣ ਦੇ ਤਰੀਕੇ ਸਿੱਖਣ ਵਿਚ ਵੀ ਰੁਚੀ ਦਿਖਾਈ ਹੈ। 21 ਤੋਂ 35 ਸਾਲ ਦੀ ਉਮਰ-ਵਰਗ ਵਿਚ 60 ਮਰਦਾਂ ਅਤੇ 65 ਔਰਤਾਂ ਨੂੰ ਲਿਆ ਗਿਆ ਹੈ। ਇਹਨਾਂ 60 ਮਰਦਾਂ ਵਿਚੋਂ 45 ਮਰਦ ਪੇਂਡੂ ਅਤੇ 15 ਸ਼ਹਿਰੀ ਹਨ। 65 ਔਰਤਾਂ ਵਿਚੋਂ 45 ਪੇਂਡੂ ਅਤੇ 20 ਸ਼ਹਿਰੀ ਹਨ। ਇਹ ਵਰਗ ਵਿਸ਼ਵ-ਸਭਿਆਚਾਰ ਦੇ ਆਹਾਰ ਪੈਟਰਨ ਨੂੰ ਪਿੱਛਲੇ ਵਰਗਾਂ ਦੀ ਨਿਸਬਤ ਵਧੇਰੇ ਕਬੂਲਦਾ ਹੈ। 65 ਵਿਚੋਂ 40 ਮਰਦਾਂ ਦਾ ਕਹਿਣਾ ਹੈ ਕਿ ਉਹ ਜ਼ਮਾਨੇ ਦੇ ਨਾਲ ਚਲਣਾ ਚਾਹੁੰਦੇ ਹਨ। ਉਨ੍ਹਾਂ ਦੀ ਮਾਨਸਿਕਤਾ ਵਿਚੋਂ ਸਮੇਂ ਦੇ ਹਾਣੀ ਹੋ ਕੇ ਆਧੁਨਿਕਤਾ ਦੇ ਧਾਰਨੀ ਹੋਣ ਦੀ ਰੁਚੀ ਝਲਕਦੀ ਹੈ। ਜਿਸ ਕਰਕੇ ਹੀ ਇਸ ਵਰਗ ਦੀਆਂ ਖਾਣ-ਪੀਣ ਦੀਆਂ ਆਦਤਾਂ ਵਿਚ ਵਧੇਰੇ ਤਬਦੀਲੀਆਂ ਵੇਖਣ ਨੂੰ ਮਿਲੀਆਂ ਹਨ। ਇਹਨਾਂ ਦਾ ਜ਼ਿਆਦਾਤਰ ਸਵੇਰ-ਸ਼ਾਮ ਦਾ ਖਾਣਾ ਪੰਜਾਬੀ ਰੰਗਤ ਵਾਲਾ ਹੁੰਦਾ ਹੈ (ਕਦੇ ਕਦੇ ਹੋਟਲ ਦਾ) ਪਰ ਦਿਨ ਦੇ ਬਾਕੇ ਸਮਿਆਂ ਵਿਚ ਇਹ ਵਿਦੇਸ਼ੀ ਖਾਣਿਆਂ (ਵੱਖੋ ਵੱਖਰੀ ਕਿਸਮ ਦੇ) ਨੂੰ ਖਾਣਾ ਪਸੰਦ ਕਰਦੇ ਹਨ। ਖਾਣਿਆਂ ਦੀ ਵੰਨ-ਸੁਵੰਨਤਾ ਵਿਚ ਆਰਥਿਕਤਾ ਦਾ ਰੋਲ ਅਹਿਮ ਹੈ। ਇੱਥੇ ਸਰਵੇਖਣ ਦੌਰਾਨ ਮੱਧ-ਵਰਗ ’ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਵਰਗ ਦੇ ਕੁਝ ਉੱਤਰਦਾਤਾ ਹੋਸਟਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀ ਵੀ ਹਨ, ਜਿਹੜੇ ਪੂਰੀ ਤਰ੍ਹਾਂ ਵਿਸ਼ਵ-ਸਭਿਆਚਾਰ ਦੇ ਆਹਾਰ ਦੀ ਵਕਾਲਤ ਕਰਦੇ ਹਨ। 65 ਵਿਚੋਂ 59 ਔਰਤਾਂ ਨੇ ਵੀ ਵਿਦੇਸ਼ੀ ਖਾਣੇ ਪਸੰਦ ਕਰਨ ਦੀ ਰੁਚੀ ਵਿਖਾਈ ਹੈ। ਇਸ ਵਰਗ ਦੇ ਉੱਤਰਦਾਤਾਵਾਂ ਨੇ ਦੱਸਿਆ ਕਿ ਉਹ ਬੱਸ ਵਿਚ ਸਫ਼ਰ ਕਰਦੇ ਜਾਂ ਟੀ.ਵੀ. ਵੇਖਦੇ ਸਮੇਂ ਸੋਫ਼ਟ-ਡਰਿੰਕਸ ਪੀਂਦੇ ਅਤੇ ਚਿਪਸ, ਕੁਰਕਰੇ ਆਦਿ ਖਾਂਦੇ ਹਨ ਜੋ ਉਨ੍ਹਾਂ ਦੇ ਸਫ਼ਰ ਜਾਂ ਮਨੋਰੰਜਨ ਨੂੰ ਵਧੇਰੇ ਆਕਰਸ਼ਕ ਬਣਾ ਦਿੰਦੇ ਹਨ। ਇਸ ਵਰਗ ਨੇ ਘਰੇਲੂ ਸਮਾਗਮਾਂ ਅੰਦਰ ਵਰਤੇ ਜਾਂਦੇ ਆਹਾਰ ਵਿਚ ਵੀ ਆਧੁਨਿਕ ਕਿਸਮ (ਵਿਦੇਸ਼ੀ ਖਾਣਿਆਂ) ਦੇ ਖਾਣਿਆਂ ਵਿਚ ਰੁਚੀ ਦਿਖਾਈ ਹੈ। ਅਜਿਹੇ ਸਮਾਗਮਾਂ ਵਿਚ ਵੀ ਜਿੱਥੇ ਉਨ੍ਹਾਂ ਨੂੰ ਅਜਿਹੇ ਆਧੁਨਿਕ ਕਿਸਮ ਦੇ ਖਾਣੇ ਖਾਣ ਨੂੰ ਮਿਲਦੇ ਹਨ, ਉਹਨਾਂ ਵਿਚ ਉਹ ਖ਼ੁਸ਼ੀ ਨਾਲ ਸ਼ਿਰਕਤ ਕਰਦੇ ਹਨ। ਇਹਨਾਂ ਵਿਚੋਂ ਵਿਆਹੇ ਲੋਕਾਂ ਨੇ ਆਪਣੇ ਵਿਆਹਾਂ ਵਿਚ ਦਿੱਤੇ ਗਏ ਅਜਿਹੇ ਖਾਣਿਆਂ ਬਾਰੇ ਬੜੇ ਮਾਣ ਨਾਲ ਦੱਸਿਆ ਅਤੇ ਅਣ-ਵਿਆਹੇ ਉੱਤਰਦਾਤਾਵਾਂ ਨੇ ਵੀ ਅਜਿਹੇ ਭੋਜਨਾਂ ਨੂੰ ਵਰਤਣ ਲਈ ਹਾਂ-ਪੱਖੀ ਹੁੰਗਾਰਾ ਦਿੱਤਾ। ਕੁਝ ਉੱਤਰਦਾਤਾਵਾਂ ਦਾ ਕਹਿਣਾ ਸੀ ਕਿ ਬੇਸ਼ੱਕ ਉਹ ਆਪਣੇ ਵਿਆਹ ਉਪਰ ਅਜਿਹਾ ਫਾਲਤੂ ਖਰਚ ਨਹੀਂ ਕਰਨਾ ਚਾਹੁੰਦੇ ਪਰ ਉਹ ਇਸ ਪੱਖੋਂ ਵੀ ਸੁਚੇਤ ਹਨ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਸਮਾਜਕ-ਰੁਤਬਾ

ਘਟੇਗਾ, ਕਿਉਂਕਿ ਉਹ ਜਾਣਦੇ ਹਨ ਕਿ ਵਿਖਾਵੇ ਨੂੰ ਸਮਾਜਕ-ਰੁਤਬੇ ਨਾਲ ਜੋੜ ਦਿੱਤਾ ਗਿਆ ਹੈ। ਇਹ ਉੱਤਰਦਾਤਾ ਆਪਣੇ ਦੋਸਤਾਂ-ਮਿੱਤਰਾਂ ਨਾਲ ਵਿਚਰਦੇ ਹੋਏ ਅਜਿਹੇ ਖਾਣਿਆਂ ਨੂੰ ਤਰਜੀਹ ਦਿੰਦੇ ਹਨ। 16 ਔਰਤਾਂ ਨੇ ਅਜਿਹੇ ਖਾਣਿਆਂ ਦੇ ਸਿਹਤ ਸੰਬੰਧੀ ਦੁਰ-ਪ੍ਰਭਾਵਾਂ ਦੀ ਚਰਚਾ ਕਰਕੇ ਇਹਨਾਂ ਪ੍ਰਤੀ ਨਾਕਾਰਾਤਮਕ-ਰਵੱਈਆ ਦਿਖਾਇਆ ਹੈ। ਇਸ ਵਰਗ ਦੀ ਵਿਸ਼ਵ-ਸਭਿਆਚਾਰ ਦੇ ਆਹਾਰ-ਸੰਬੰਧੀ ਹਾਂ-ਪੱਖੀ ਅਤੇ ਨਾਂਹ-ਪੱਖੀ ਸੋਚ ਨੂੰ ਪ੍ਰਤੀਸ਼ਤਤਾ ਅਨੁਸਾਰ ਨਿਮਨ-ਸਾਰਨੀ ਵਿਚ ਦਰਸਾਇਆ ਗਿਆ ਹੈ-





ਸੰਬੰਧਤ ਸਰਵੇਖਣ ਵਿਚ 12 ਤੋਂ 21 ਸਾਲ ਦੇ ਵਰਗ ਉਪਰ ਵਿਸ਼ਵ-ਸਭਿਆਚਾਰ ਦੇ ਆਹਾਰ ਦਾ ਸਭ ਤੋਂ ਜ਼ਿਆਦਾ ਅਸਰ ਦੇਖਿਆ ਗਿਆ ਹੈ। ਇਸ ਵਰਗ ਦੇ ਉੱਤਰਦਾਤਾ ਜ਼ਿਆਦਾਤਰ ਸਕੂਲ, ਕਾਲਜ ਦੇ ਵਿਦਿਆਰਥੀ ਹਨ। ਇਸ ਵਰਗ ਦੇ ਉੱਤਰਦਾਤਾਵਾਂ ਉਪਰ ਵਿਸ਼ਵ-ਸਭਿਆਚਾਰ ਦਾ ਪ੍ਰਭਾਵ ਏਨਾ ਵਿਆਪਕ ਹੈ ਕਿ ਇਹਨਾਂ ਨੇ ਤਾਂ ਆਧੁਨਿਕ ਕਿਸਮ ਦੇ ਆਹਾਰ ਨੂੰ ਆਪਣੀ ਮੁੱਖ ਲੋੜ ਦੱਸਿਆ ਹੈ। ਉਹ ਸਕੂਲ, ਕਾਲਜ ਘਰ ਦਾ ਬਣਿਆ ਖਾਣਾ ਲੈ ਕੇ ਜਾਣ ਦੀ ਬਜਾਇ ਇਸ ਆਧੁਨਿਕ ਖਾਣੇ ਨੂੰ ਖਾਣਾ ਵਧੇਰੇ ਪਸੰਦ ਕਰਦੇ ਹਨ। ਚਾਕਲੇਟ, ਕੋਲਡ-ਕੌਫ਼ੀ, ਮੋਮੋਜ਼, ਪੀਜ਼ਾ, ਬਰਗਰ, ਨੂਡਲਜ਼ ਆਦਿ ਇਸ ਵਰਗ ਦੀਆਂ ਪਸੰਦੀਦਾ ਖਾਣ-ਪੀਣ ਦੀਆਂ ਵਸਤਾਂ ਹਨ। ਬਹੁ-ਕੌਮੀ ਕੰਪਨੀਆਂ ਦਾ ਵੀ ਮੂਲ ਧਿਆਨ ਏਸੇ ਵਰਗ ’ਤੇ ਹੀ ਕੇਂਦਰਿਤ ਹੈ। ਇਸ ਵਰਗ ਦੁਆਲੇ ਪ੍ਰਭਾਵੀ-ਸਭਿਆਚਾਰਾਂ ਦੁਆਰਾ ਨਿਰਮਤ ਵਸਤੂਆਂ ਦੀ ਵਲਗਣ ਦਾ ਦਬਦਬਾ ਇਸ ਕਦਰ ਬਣਾਇਆ ਗਿਆ ਕਿ ਇਸ ਵਰਗ ਨੇ ਸਹਿਜ-ਸੁਭਾ ਹੀ ਉਨ੍ਹਾਂ ਵਸਤੂਆਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ। ਵਿਭਿੰਨ ਵਿਗਿਆਪਨਾਂ ਰਾਹੀਂ ਬਹੁ-ਰਾਸ਼ਟਰੀ ਕੰਪਨੀਆਂ ਨੇ ਆਪਣੇ ਮਾਲ ਪ੍ਰਤੀ ਆਕਰਸ਼ਣ ਨੂੰ ਪ੍ਰਚਾਰਿਆ/ਪ੍ਰਸਤੁਤ ਕੀਤਾ ਕਿ ਯੁਵਾ-ਪੀੜ੍ਹੀ ਨੂੰ ਇਹ ਵਸਤਾਂ ਆਪਣੀਆਂ ਮੁੱਢਲੀਆਂ ਜ਼ਰੂਰਤਾਂ ਵਜੋਂ ਦਿੱਸਣ ਲੱਗੀਆਂ ਅਤੇ ਇਹ ਪੀੜ੍ਹੀ ਇਹਨਾਂ ਵਸਤਾਂ ਨੂੰ ਅਪਣਾਉਣ ਲਈ ਉਤਾਵਲੀ ਹੋ ਗਈ/ਹੋ ਰਹੀ ਹੈ। ਇਹਨਾਂ ਵਿਗਿਆਪਨਾਂ ਪਿੱਛੇ ਵੱਡੀ/ਮਨੋ-ਵਿਗਿਆਨਕ ਫਿਲਾਸਫੀ ਕੰਮ ਕਰਦੀ ਹੈ, ਜਿਸ ਨਾਲ ਇਹ ਸੰਬੰਧਤ ਵਰਗ ਦੀ ਮਾਨਸਿਕਤਾ ਨੂੰ ਆਪਣੇ ਕਲਾਵੇ ਵਿਚ ਆਸਾਨੀ ਨਾਲ ਲੈ ਲੈਂਦੇ ਹਨ। ਇਹਨਾਂ ਵਿਚ ਆਹਾਰ ਨਾਲ ਸੰਬੰਧਤ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਹਨ। ਇਸ ਸਰਵੇਖਣ ਵਿਚ 12 ਤੋਂ 20 ਸਾਲ ਉਮਰ-ਵਰਗ ਵਿਚ 60 ਲੜਕੇ ਅਤੇ 65 ਲੜਕੀਆਂ ਉੱਤਰਦਾਤਾਵਾਂ ਵਜੋਂ ਲਈਆਂ ਗਈਆਂ, ਇਹਨਾਂ ਵਿਚੋਂ 28 ਪੇਂਡੂ ਲੜਕੇ ਅਤੇ 32 ਸ਼ਹਿਰੀ ਹਨ। ਇਸੇ ਤਰ੍ਹਾਂ 35 ਪੇਂਡੂ ਅਤੇ 30 ਸ਼ਹਿਰੀ ਲੜਕੀਆਂ ਹਨ। ਇਸ ਉਮਰ-ਵਰਗ ਦੇ ਉੱਤਰਦਾਤਾਵਾਂ ਤੋਂ ਖੋਜ ਸੰਬੰਧੀ ਪ੍ਰਾਪਤ ਜਾਣਕਾਰੀ ਵਿਚ ਪੇਂਡੂ ਅਤੇ ਸ਼ਹਿਰੀ ਉੱਤਰਦਾਤਾਵਾਂ ਵਿਚ ਕੋਈ ਖਾਸ ਫ਼ਰਕ ਨਹੀਂ ਪਾਇਆ ਗਿਆ, ਜਿਸ ਦਾ ਵੱਡਾ ਕਾਰਨ ਇੰਟਰਨੈੱਟ, ਸੂਚਨਾ-ਤਕਨਾਲੋਜੀ ਤੇ ਮੀਡੀਆ ਹੈ, ਇਹਨਾਂ ਦੁਆਰਾ ਪ੍ਰਸਾਰਿਤ ਵਿਗਿਆਪਨਾਂ ਨੇ ਵਿਸ਼ਵ-ਸਭਿਆਚਾਰ ਦੁਆਰਾ ਪ੍ਰਚਲਿਤ ਕੀਤੇ ਆਹਾਰ ਸੰਬੰਧੀ ਜਾਣਕਾਰੀ ਨੂੰ ਹਰ ਪਿੰਡ ਸ਼ਹਿਰ ਤੱਕ ਪਹੁੰਚਾਇਆ ਹੈ। ਵਿਸ਼ਵ-ਸਭਿਆਚਾਰ ਨੇ ਇਕ ਸਾਂਝੀ ਪਿਆਸ ਦੀ ਗੱਲ ਕੀਤੀ ਹੈ, ਜਿਸ ਦੀ ਪੂਰਕ/ਸੰਬੰਧਤ ਵਸਤ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਈ ਜਾਂਦੀ ਹੈ। ਇਸ ਸਬੰਧੀ Allan Bird ਅਤੇ Michael J.Stevens ਦੇ ਵਿਚਾਰ ਢੁੱਕਵੇਂ ਹਨ-

> It is difficult to go to even the most remote regions of the world and not find evidence of coca-cola, In addition, its advertizing and

branding images are among the most widely recalled worldwide with the Presence in nearly 200 countries, company records note that less that 30% of corporate Income is derived from within the United States (Coca-Cola 2002) Perhaps the dogma of McDonalization is true at present when it comes to beverages. The United State's Soda's choice dominates the world soft drink market.[7]

ਇਸ ਵਰਗ ਦੀ ਵਿਸ਼ਵ-ਸਭਿਆਚਾਰ ਦੇ ਆਹਾਰ-ਸੰਬੰਧੀ ਹਾਂ-ਪੱਖੀ ਅਤੇ ਨਾਂਹ-ਪੱਖੀ ਸੋਚ ਨੂੰ ਪ੍ਰਤੀਸ਼ਤਤਾ ਅਨੁਸਾਰ ਨਿਮਨ-ਸਾਰਨੀ ਵਿਚ ਦਰਸਾਇਆ ਗਿਆ ਹੈ-

**ਉਮਰ ਵਰਗ 12 ਤੋਂ 20 ਸਾਲ**





ਵਿਸ਼ਵ-ਪੱਧਰ ’ਤੇ ਅਜਿਹੇ ਆਹਾਰ ਨੂੰ ਪ੍ਰਚਲਿਤ ਕਰਨ ਪਿੱਛੇ ਮੁਨਾਫ਼ੇ ਦੀ ਨੀਤੀ/ਖੇਡ ਹੈ। ਇਸ ਖੇਡ ਵਿਚ ਕਈ ਸਥਾਨਕ-ਸਭਿਆਚਾਰਾਂ ਨੂੰ ਮੋਹਰੇ ਵਜੋਂ ਵਰਤਿਆ ਜਾ ਰਿਹਾ ਹੈ। ਇਸ ਖੇਡ ਦੀ ਸਾਜਿਸ਼ ਏਨੀ ਗਹਿਰੀ ਹੈ ਕਿ ਪੰਜਾਬੀ-ਸਭਿਆਚਾਰ ਦਾ ਇਹ ਵਰਗ ਬਰਗਰ, ਪੀਜ਼ੇ, ਨੂਡਲਜ਼, ਮੋਮੋਜ਼, ਡੋਸਾ, ਇਡਲੀ ਆਦਿ ਤੋਂ ਵੀ ਅੱਗੇ ਸ਼ੀਜਲਰ ਅਤੇ ਬਾਰਬੇਕਿਓ ਆਦਿ ਆਹਾਰ ਤੱਕ ਪਹੁੰਚ ਗਿਆ ਹੈ। ਇਸ ਵਰਗ ਦੇ ਲੜਕਿਆਂ ਵਿਚੋਂ ਅਤੇ ਨਾ ਹੀ ਲੜਕੀਆਂ ਵਿਚ ਅਜਿਹਾ ਕੋਈ ਉੱਤਰਦਾਤਾ ਸੀ, ਜਿਸ ਨੇ ਪੂਰੀ ਤਰ੍ਹਾਂ ਵਿਸ਼ਵ-ਸਭਿਆਚਾਰ ਦੇ ਆਹਾਰ ਨੂੰ ਨਕਾਰਿਆ ਹੋਵੇ। 60 ਵਿਚੋਂ 10 ਲੜਕਿਆਂ ਨੇ ਵਿਸ਼ਵ-ਸਭਿਆਚਾਰ ਦੇ ਆਹਾਰ ਨੂੰ ਅਪਨਾਉਣ ਦੇ ਨਾਲ-ਨਾਲ ਸਥਾਨਕ-ਸਭਿਆਚਾਰ ਦੇ ਆਹਾਰ ਨੂੰ ਵੀ ਖਾਣ ਦੀ ਗੱਲ ਕੀਤੀ। ਇਸੇ ਤਰ੍ਹਾਂ ਲੜਕੀਆਂ ਵਿਚੋਂ 9 ਲੜਕੀਆਂ ਨੇ ਪੰਜਾਬੀ ਖਾਣੇ ਨੂੰ ਵਿਸ਼ਵ-ਸਭਿਆਚਾਰ ਦੇ ਖਾਣੇ ਦੇ ਬਰਾਬਰ ਦੀ ਮਹੱਤਤਾ ਦੀ ਗੱਲ ਕੀਤੀ। ਇਸ ਵਰਗ ਨੇ ਆਪਣੇ ਦੋਸਤਾਂ ਨਾਲ ਪਾਰਟੀਆਂ ਦੌਰਾਨ ਇਸ ਆਧੁਨਿਕ ਖਾਣੇ ਨੂੰ ਪਹਿਲੀ-ਪਸੰਦ ਦੱਸਿਆ। ਉਹ ਅਜਿਹੇ ਆਹਾਰ (ਚਾਕਲੇਟ ਆਦਿ) ਨੂੰ ਤੋਹਫ਼ਿਆਂ ਵਜੋਂ ਵੀ ਵਰਤਦੇ ਹਨ। ਉਹ ਘਰ ਵਿਚ ਉਪਲੱਬਧ ਵਸਤੂਆਂ ਦੀ ਬਜਾਇ ਉਹੀ ਵਸਤਾਂ ਜਿਵੇਂ ਘਰ ਦੀ ਲੱਸੀ ਦੀ ਥਾਂ ਬਾਜ਼ਾਰ ਦੀ ਬੰਦ ਡੱਬੇ ਵਾਲੀ ਲੱਸੀ ਨੂੰ ਪੀਣ ਦੇ ਸ਼ੌਕੀਨ ਹਨ। ਅਜੋਕੇ ਸਮੇਂ ਅੰਦਰ ਲੋਕਾਂ ਵਿਚ ਘਰ ਬਣਾਈਆਂ ਖਾਣ-ਪੀਣ ਦੀਆਂ ਵਸਤੂਆਂ ਦੀ ਬਜਾਇ ਪੈਕਡ ਫੂਡ (Packed food) ਵਰਤਣ ਦਾ ਰੁਝਾਨ ਦਿਨੋਂ-ਦਿਨ ਵੱਧ ਰਿਹਾ ਹੈ। ਇਸ ਰੁਝਾਨ ਦੇ ਵੱਧਣ ਦੇ ਕਾਰਨਾਂ ਵਿਚੋਂ ਲੋਕਾਂ ਅੰਦਰ ਕੰਮ-ਸਭਿਆਚਾਰ (Work Culture) ਦੀ ਘਾਟ, ਇਹਨਾਂ ਖਾਣਿਆਂ ਅੰਦਰ ਵੱਖਰੀ-ਕਿਸਮ ਦੇ ਸੁਆਦ ਦਾ ਭਰਿਆ ਹੋਣਾ, ਇਹਨਾਂ ਦੀ ਆਕਰਸ਼ਕ ਪੈਕਿੰਗ ਦਾ ਹੋਣਾ ਆਦਿ ਹੈ। ਇਸ ਵਰਗ ਦੇ ਉੱਤਰਦਾਤਾ ਵਿਸ਼ਵ-ਪੱਧਰ ’ਤੇ ਆਈਆਂ ਤਬਦੀਲੀਆਂ ਦੇ ਹਾਣੀ ਬਣਨ ਲਈ ਤੱਤਪਰ ਰਹਿੰਦੇ ਹਨ।

ਉਪਰੋਕਤ ਸਰਵੇਖਣ ਦੇ ਆਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ-ਸਭਿਆਚਾਰ ਅੰਦਰ ਵਿਸ਼ਵ-ਸਭਿਆਚਾਰ ਦਾ ਆਹਾਰ ਪੈਟਰਨ ਵਿਆਪਕ ਪੱਧਰ ’ਤੇ ਅਸਰ ਅੰਦਾਜ਼ ਹੋ ਰਿਹਾ ਹੈ। ਵੱਖੋ-ਵੱਖਰੇ ਉਮਰ-ਵਰਗ ਦੇ ਲੋਕਾਂ ਨੇ ਇਸ ਦਾ ਪ੍ਰਭਾਵ ਵਿਭਿੰਨ ਪਹਿਲੂਆਂ ਤੋਂ ਕਬੂਲਿਆ ਹੈ। ਸਰਵੇਖਣ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬੱਚੇ ਅਤੇ ਯੁਵਾ ਪੀੜ੍ਹੀ ਇਸ ਦੇ ਪ੍ਰਭਾਵ ਨੂੰ ਜਲਦੀ ਅਤੇ ਵਿਆਪਕ ਪੱਧਰ ਤੇ ਕਬੂਲ ਰਹੀ ਹੈ ਜਦਕਿ ਵੱਡੀ ਉਮਰ ਦੇ ਲੋਕਾਂ ਵਿਚ ਇਸਦਾ ਪ੍ਰਭਾਵ ਦੂਸਰੇ ਵਰਗਾਂ ਦੀ ਨਿਸਬਤ ਘੱਟ ਹੈ। ਅਮੀਰ-ਵਰਗ ਜਿਨ੍ਹਾਂ ਦੀ ਖਰੀਦ ਸ਼ਕਤੀ ਜ਼ਿਆਦਾ ਹੋਣ ਕਰਕੇ ਵਿਦੇਸ਼ੀ ਖਾਣਾ ਜਿਨ੍ਹਾਂ ਦੀ ਪਹੁੰਚ ਵਿਚ ਹੈ, ਉਹਨਾਂ ਦੀ ਦੇਖਾ-ਦੇਖੀ ਵੀ ਇਸ ਦੀ ਵਰਤੋਂ ਵਧੇਰੇ ਹੋ ਰਹੀ ਹੈ। ਸਮੁੱਚ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਾਪਤ ਖੋਜ-ਸਮੱਗਰੀ ਵਿਸ਼ਵ-ਪੱਧਰੀ ਆਹਾਰ ਦੇ ਫੈਲਣ ਦੀ ਹਾਮੀ ਭਰਦੀ ਹੈ।

## ਟਿੱਪਣੀਆਂ ਅਤੇ ਹਵਾਲੇ


1. ਏਜ਼ਾਜ ਅਹਿਮਦ, **ਵਿਸ਼ਵੀਕਰਨ ਅਤੇ ਸਭਿਆਚਾਰ**, ਡਾ.ਭੀਮਇੰਦਰ ਸਿੰਘ(ਸੰਪਾ,), **ਵਿਸ਼ਵੀਕਰਨ, ਵਿਸ਼ਲੇਸ਼ਣ ਅਤੇ ਵਿਵੇਚਨਾ**, ਪੰਨਾ 40.
2. ਡਾ. ਗੁਰਮੀਤ ਸਿੰਘ, **ਲੋਕਧਾਰਾ: ਪਰੰਪਰਾ ਅਤੇ ਆਧੁਨਿਕਤਾ**, ਪੰਨਾ 64
3. ਡਾ. ਰਵੀ ਰਵਿੰਦਰ, **ਮੀਡੀਆ,ਬਾਜ਼ਾਰਵਾਦ ਅਤੇ ਸਭਿਆਚਾਰਕ ਰੂਪਾਂਤਰਨ**, **ਪੰਜਾਬੀ-ਸਭਿਆਚਾਰ : ਮੌਲਿਕ ਮੁਹਾਂਦਰਾ ਪੰਨਾ** 133.
4. ਗੁਰਬਖ਼ਸ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ-ਸਭਿਆਚਾਰ,ਪੰਨਾ 10
5. ਟੀ.ਆਰ. ਵਿਨੋਦ, **ਸੰਸਕ੍ਰਿਤੀ:ਸਿਧਾਂਤ ਅਤੇ ਵਿਹਾਰ**, ਪੰਨਾ 28
6. Allan Bird, Michael J. Stevens, **"Toward an emergent global culture and the effects of Globalization on Obsoleting National Culture"**
7. **Ibid**.


◈






# ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਕਿਰਸਾਨੀ ਸਮਾਜ ਦਾ ਬਦਲਦਾ ਮੁਹਾਂਦਰਾ



**ਡਾ. ਤਰਵਿੰਦਰ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ
ਦਿੱਲੀ ਯੂਨੀਵਰਸਿਟੀ
ਦਿੱਲੀ
9910047770,
tarvinderkaur@sggscc.ac.in

## ਸਭਿਆਚਾਰ - ਸਿਧਾਂਤਕ ਪਰਿਪੇਖ

ਸਭਿਆਚਾਰ ਮਨੁੱਖ ਦੁਆਰਾ ਸਿਰਜਿਆ ਗਿਆ ਅਜਿਹਾ ਵਰਤਾਰਾ ਹੈ ਜੋ ਮਨੁੱਖੀ ਜੀਵਨ ਜਿਤਨਾ ਹੀ ਵਿਸ਼ਾਲ ਅਤੇ ਮਹੱਤਵਪੂਰਨ ਹੈ। ਇਹ ਵਰਤਾਰਾ ਮਨੁੱਖੀ ਜਾਤੀ ਨੂੰ ਹੋਰਨਾਂ ਜਾਤੀਆਂ ਤੋਂ ਵਿਲੱਖਣਤਾ ਵੀ ਪ੍ਰਦਾਨ ਕਰਦਾ ਹੈ। ਪੰਜਾਬੀ ਵਿਚ ਇਹ ਹਿੰਦੀ ਦੇ ਸ਼ਬਦ 'ਸੰਸਕ੍ਰਿਤੀ' ਦਾ ਸਮਾਨਾਰਥੀ ਹੈ। ਅੰਗਰੇਜ਼ੀ ਵਿਚ ਸਭਿਆਚਾਰ ਲਈ ਕਲਚਰ Culture ਸ਼ਬਦ ਦਾ ਇਸਤੇਮਾਲ ਕੀਤਾ ਜਾਂਦਾ ਹੈ। "ਕਲਚਰ ਸ਼ਬਦ 'ਐਗਰੀ+ਕਲਚਰ' (ਖੇਤੀ) ਸ਼ਬਦ ਤੋਂ ਆਇਆ ਹੈ। ਖੇਤੀ ਵਿਗਿਆਨੀ, ਕਲਚਰ ਸ਼ਬਦ ਨੂੰ ਕਲਟੀਵੇਸ਼ਨ/ਕਾਸ਼ਤਕਾਰੀ ਦੇ ਅਰਥਾਂ ਨਾਲ ਸੰਬਧਤ ਕਰਦੇ ਹਨ। ਸੋਲ੍ਹਵੀ ਤੋਂ ਉਨ੍ਹੀਵੀਂ ਸਦੀ ਤੱਕ ਕਲਚਰ ਸ਼ਬਦ ਨੂੰ ਕਲਟੀਵੇਸ਼ਨ ਦੇ ਅਰਥਾਂ ਵਿਚ ਹੀ ਇਸਤੇਮਾਲ ਕੀਤਾ ਜਾਂਦਾ ਸੀ। ਪਰੰਤੂ ਸ਼ਬਦ ਸਭਿਆਚਾਰ ਨੂੰ, ਕਾਸ਼ਤਕਾਰੀ ਦੇ ਅਰਥਾਂ ਵਿਚ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਕਲਚਰ ਸ਼ਬਦ ਜ਼ਮੀਨ ਵਿਚ ਫ਼ਸਲਾਂ ਦੀ ਕਾਸ਼ਤਕਾਰੀ ਤੋਂ ਚਲ ਕੇ ਮਨੁੱਖਾਂ ਅੰਦਰ ਬੌਧਿਕ, ਨੈਤਿਕ, ਸੁਹਜ ਅਤੇ ਸਭਿਅਕ ਕਦਰਾਂ - ਕੀਮਤਾਂ ਦੀ ਕਲਟੀਵੇਸ਼ਨ ਤੱਕ ਪਹੁੰਚ ਚੁੱਕਾ ਹੈ, ਇਸ ਤਰ੍ਹਾਂ ਸਭਿਆਚਾਰ ਸ਼ਬਦ ਨੂੰ ਕਲਚਰ ਦੇ ਨਵੇਂ ਅਰਥ ਪ੍ਰਗਟਾਉਣ ਜਾਂ ਪੇਸ਼ ਕਰਨ ਲਈ ਲਿਆਂਦਾ ਗਿਆ।[1] ਕਲਚਰ ਲਾਤੀਨੀ ਭਾਸ਼ਾ ਦੇ ਸ਼ਬਦ Cultura ਤੋਂ ਬਣਿਆ ਹੈ ਜਿਸਦਾ ਅਰਥ ਵਿਸ਼ੇਸ ਪ੍ਰਕਾਰ ਦੇ ਵਿਕਾਸ ਜਾਂ ਉਪਜਾਉ ਕਾਰਜ ਹਨ।[2] ਜਸਵਿੰਦਰ ਸਿੰਘ ਅਨੁਸਾਰ ਸਭਿਆਚਾਰ ਨੂੰ ਪਰਿਭਾਸ਼ਤ ਕਰਦੇ ਕਹਿੰਦੇ ਹਨ:-

> ਸਭਿਆਚਾਰ ਮੂਲ ਰੂਪ ਵਿਚ ਦੋ ਸ਼ਬਦਾਂ 'ਸਭਿਅ + ਆਚਾਰ ਦਾ ਸੰਯੁਕਤ ਰੂਪ ਹੈ। .... ਇਹ ਪ੍ਰਕਿਰਤੀ ਉਪਰ ਮਨੁੱਖੀ ਅਮਲ ਦੇ ਫਲਸਰੂਪ ਸਿਰਜਿਆ ਗਿਆ ਅਜਿਹਾ ਮੌਲਿਕ, ਵੱਖਰਾ ਅਤੇ ਨਵੀਨ ਪ੍ਰਬੰਧ ਹੈ, ਜਿਸਦੀ ਆਪਣੀ ਸੁਤੰਤਰ ਹੋਂਦ ਹੈ।[3]

ਕਈ ਵਿਦਵਾਨ ਸਭਿਆਚਾਰ ਨੂੰ ਮਨੁੱਖੀ ਮੁੱਲਾਂ ਅਤੇ ਕਦਰਾਂ-ਕੀਮਤਾਂ ਦੇ ਬੋਧ ਨਾਲ ਸੰਬੰਧਤ ਕਰਦੇ ਹਨ।[4] ਅਸਲ ਵਿਚ ਸਭਿਆਚਾਰ ਦੀ ਪਰਿਭਾਸ਼ਾ ਕਰਨੀ ਇਤਨੀ ਸਰਲ ਨਹੀਂ। ਇਸ ਦਾ ਕਾਰਨ ਇਹ ਹੈ ਕਿ ਸਭਿਆਚਾਰ ਵੀ ਮਨੁੱਖੀ ਸਮਾਜ ਜਿਨ੍ਹਾਂ ਹੀ ਬਹੁਅਰਥਕ ਅਤੇ ਸਰਬਵਿਆਪਕ ਹੈ।[5] ਸ਼ਾਇਦ ਇਹੀ ਕਾਰਨ ਹੈ ਕਿ ਸਭਿਆਚਾਰ ਦੀ ਪਰਿਭਾਸ਼ਾ ਅਤੇ ਵਿਆਖਿਆ ਵੱਖ ਵੱਖ ਖੇਤਰਾਂ ਦੇ ਵਿਦਵਾਨਾਂ ਵੱਲੋਂ ਵਖਰੇ ਪ੍ਰਕਾਰ ਨਾਲ ਦਿੱਤੀ ਗਈ ਹੈ। ਪ੍ਰਸਿੱਧ ਵਿਦਵਾਨ ਈ. ਬੀ. ਟਾਇਲਰ ਨੇ ਸਭਿਆਚਾਰ ਬਾਰੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ ਕਿ:-

> Culture or civilization, taken its wider ethnographic sense, is that complex whole which includes knowledge, belief, art, morals, law, custom and any other capabilities and habits acquired by man as member of society.[6]

ਟਾਇਲਰ ਜਿਥੇ ਸਭਿਆਚਾਰ ਅਤੇ ਸਭਿਅਤਾ ਨੂੰ ਸਮਾਨ ਅਰਥਾਂ ਵਿਚ ਗ੍ਰਹਿਣ ਕਰਦਾ ਹੈ, ਉਥੇ ਸਭਿਆਚਾਰ ਨੂੰ ਇਕ ਅਜਿਹਾ ਵਰਤਾਰਾ ਵੀ ਮੰਨਦਾ ਹੈ ਜਿਸ ਵਿਚ ਜੀਵਨ ਦਾ ਹਰ ਪੱਖ ਸ਼ਾਮਲ ਹੋਵੇ। Meriram-Webster ਡਿਕਸ਼ਨਰੀ ਵਿਚ ਸਭਿਆਚਾਰ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ:-

> a : the customary beliefs, social forms, and material traits of a racial, religious, or social group;
>
> d : the integrated pattern of human knowledge, belief, and behaviour that depends upon the capacity for learning and transmitting knowledge to succeeding generations the way of life, especially the generalcustoms and beliefs, of a particulargroup of people at a particulartime.[7]

ਪ੍ਰਸਿੱਧ ਮਾਨਵ-ਸ਼ਾਸਤਰੀ ਬੀ. ਮੈਲਿਨੋਵਸਕੀ ਸਭਿਆਚਾਰ ਦੀ ਇਕ ਵਿਸਤ੍ਰਿਤ ਪਰਿਭਾਸ਼ਾ ਪੇਸ਼ ਕਰਦਾ ਹੈ। ਐਨਸਾਈਕਲੋਪੀਡੀਆ ਵਿਚ ਮੈਲਿਨੋਵਸਕੀ ਦੇ ਸਭਿਆਚਾਰ ਸੰਬੰਧੀ ਸਿਧਾਂਤਾਂ ਇਸ ਪ੍ਰਕਾਰ ਵਿਸ਼ਲੇਸ਼ਿਤ ਕੀਤਾ ਗਿਆ ਹੈ:-

> He treated culture as the assemblage of artifacts and organized traditions through which the individual is moulded and the organized social group maintains its integration and achieves continuity. But he also treated culture as an instrumental reality and emphasized its derivation from human needs, from the basic universal needs of the individual organism to the highly elaborated and often specialized needs of a complex society.[8]

ਸਭਿਆਚਾਰ ਦੀ ਇਹ ਪਰਿਭਾਸ਼ਾ ਮਨੁੱਖੀ ਜੀਵਨ ਦੇ ਕਈ ਪੱਖਾਂ ਨੂੰ ਆਪਣੇ ਅੰਦਰ ਸਮੇਟ ਲੈਂਦੀ ਹੈ। ਅਸਲ ਵਿਚ ਮਨੁੱਖ ਦੀਆਂ ਜੀਵ-ਵਿਗਿਆਨਕ, ਸਰੀਰ-ਵਿਗਿਆਨਕ ਅਤੇ ਮਨੋਵਿਗਿਆਨਕ ਵਿਲੱਖਣ ਸਮਰਥਾਵਾਂ ਸਦਕਾ ਉਸਰੇ ਵਿਆਪਕ ਸਭਿਆਚਾਰ ਪ੍ਰਬੰਧ ਅਤੇ ਚਿੰਨ੍ਹ ਪ੍ਰਬੰਧ ਹਨ; ਜਿਨ੍ਹਾਂ ਦੀ ਸੰਚਾਲਕ ਸ਼ਕਤੀ ਮੂਲ ਮਨੁੱਖੀਪਣ ਹੈ; ਅਜਿਹੀ ਮਨੁੱਖੀ ਪ੍ਰਤਿਭਾ ਜਿਹੜੀ ਉਸਦੇ ਮਨੁੱਖ ਹੋਣ ਅਤੇ ਮਨੁੱਖੀ ਹੁੰਗਾਰੇ ਦੀ ਸਿਰਜਕ ਹੈ। ਇਸ ਮਨੁੱਖੀ ਸਮਰੱਥਾ ਅਤੇ ਸਿਰਜਣ ਸ਼ਕਤੀ ਦੀ ਵਾਸਤਵਿਕ ਪਹਿਚਾਣ ਸਭਿਆਚਾਰ ਹੈ।[9]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਭਿਆਚਾਰ ਅਸਲ ਵਿਚ ਮਨੁੱਖੀ ਜਾਤੀ/ਭਾਈਚਾਰੇ ਦੀ ਇਕ ਵਿਸ਼ੇਸ਼ ਜੀਵਨ-ਜਾਚ ਹੈ ਜੋ ਕਿ ਵਿਸ਼ਾਲ ਘੇਰਾ ਰਖਦੀ ਹੈ। ਮਨੁੱਖੀ ਸਮਾਜ ਦੇ ਨਾਲ ਸੰਬੰਧਤ ਲਗਭਗ ਸਾਰੇ ਹੀ ਵਰਤਾਰੇ ਜਿਵੇਂ ਰਸਮੋ-ਰਿਵਾਜ਼, ਰਵਾਇਤਾਂ, ਬੋਲੀ, ਧਾਰਮਕ, ਸਮਾਜਕ ਗਠਨ, ਸਾਹਿਤਕ ਰੁਚੀਆਂ, ਪਹਿਰਾਵਾਂ, ਮਨ-ਪਰਚਾਵਾ, ਕੰਮ-ਧੰਦੇ, ਕੋਮਲ-ਕਲਾਵਾਂ, ਇਤਿਹਾਸ, ਮਿਥਿਹਾਸ, ਮਨੁੱਖੀ ਵਿਹਾਰ ਅਤੇ ਸੁਭਾਅ ਆਦਿ ਇਸ ਵਿਚ ਸ਼ਾਮਲ ਹੋ ਜਾਂਦੇ ਹਨ। ਇਹ ਇਕ ਪਾਸੇ ਜਿਥੇ ਕਿਸੇ ਵਿਸ਼ੇਸ਼ ਜਾਤੀ ਸਮੂਹ ਦੀ ਵਿਲੱਖਣ ਪਛਾਣ ਬਣਦਾ ਹੈ, ਉਥੇ ਦੂਜੇ ਪਾਸੇ ਇਕ ਸਭਿਆਚਾਰ ਨੂੰ ਦੂਜੇ ਤੋਂ ਵਿਲੱਖਣਤਾ ਵੀ ਪ੍ਰਦਾਨ ਕਰਦਾ ਹੈ।

ਪੰਜਾਬੀ ਸਭਿਆਚਾਰ ਬਾਰੇ ਮਿਲਦੀਆਂ ਵੱਖੋ-ਵੱਖ ਪਰਿਭਾਸ਼ਾਵਾਂ ਤੋਂ ਇਸ ਦੇ ਨਿਖੜਵੇਂ ਲੱਛਣ ਉੱਭਰਦੇ ਹਨ। ਜਿਵੇਂ ਕਿ ਸਭਿਆਚਾਰ ਇਕ ਅਜਿਹਾ ਮਨੁੱਖੀ ਵਰਤਾਰਾ ਹੈ ਜੋ ਜਟਿਲ ਪ੍ਰਬੰਧ ਦਾ ਧਾਰਣੀ ਹੈ।

ਇਹ ਨਿਰੰਤਰ ਪਰਿਵਰਤਨਸ਼ੀਲ ਹੈ ਅਤੇ ਇਸ ਨੂੰ ਸਮਾਜ ਤੋਂ ਗ੍ਰਹਿਣ ਕੀਤਾ ਜਾਂਦਾ ਹੈ। ਉਂਝ ਦੇਖਿਆ ਜਾਏ ਤਾਂ ਸਾਰੀਆਂ ਹੀ ਮਨੁੱਖ ਜਾਤੀਆਂ ਆਪਣੀਆਂ ਲੋੜਾਂ ਦੇ ਆਧਾਰ 'ਤੇ ਇਕ ਦੂਜੇ ਦੇ ਨਾਲ ਸਾਂਝ ਰਖਦੀਆਂ ਹਨ। ਇਸ ਲਈ ਮਾਨਵ-ਵਿਗਿਆਨੀਆਂ ਨੇ ਸਭਿਆਚਾਰ ਦੇ ਅਜਿਹੇ ਮੂਲ ਅੰਸ਼ ਨਿਖੇੜੇ ਹਨ, ਜਿਹੜੇ ਸਾਰੇ ਸਭਿਆਚਾਰਾਂ ਵਿਚ ਸਾਂਝੇ ਹਨ :

1. ਪਦਾਰਥਕ ਸਭਿਆਚਾਰ
2. ਪ੍ਰਤਿਮਾਨਕ ਸਭਿਆਚਾਰ
3. ਬੌਧਾਤਮਕ ਸਭਿਆਚਾਰ[10]

ਪਦਾਰਥਕ ਸਭਿਆਚਾਰ ਵਿਚ ਮਨੁੱਖ ਸਿਰਜਿਤ ਵਸਤਾਂ ਆਉਂਦੀਆਂ ਹਨ। ਇਨ੍ਹਾਂ ਵਸਤਾਂ ਨੂੰ ਉਪਯੋਗ ਕਰਨ ਵਾਲਾ ਮਨੁੱਖ ਆਪ ਹੁੰਦਾ ਹੈ। ਜਿਵੇਂ ਰੁਜ਼ਗਾਰ ਅਤੇ ਇਸ ਨਾਲ ਸੰਬੰਧਤ ਸੰਦ, ਪਹਿਰਾਵੇ, ਸ਼ਿੰਗਾਰ ਅਤੇ ਖੁਰਾਕ ਆਦਿ। ਪ੍ਰਤਿਮਾਨਕ ਸਭਿਆਚਾਰ ਦੇ ਅੰਤਰਗਤ ਮਨੁੱਖੀ ਵਿਹਾਰ ਲਈ ਪ੍ਰਤਿਮਾਨ ਜਾਂ ਨੇਮ ਸਥਾਪਤ ਕੀਤੇ ਜਾਂਦੇ ਹਨ। ਬੌਧਾਤਮਕ ਸਭਿਆਚਾਰ ਵਿਚ ਰੀਤੀ-ਰਿਵਾਜ਼, ਵਿਸ਼ਵਾਸ, ਵਤੀਰੇ, ਸਾਹਿਤ, ਕੋਮਲ ਕਲਾਵਾਂ, ਧਰਮ, ਦਰਸ਼ਨ ਅਤੇ ਮਿਥਿਹਾਸ ਆਦਿ ਸ਼ਾਮਲ ਹੁੰਦੇ ਹਨ।

## ਪੰਜਾਬੀ ਸਭਿਆਚਾਰ ਵਿਚ ਕਿਰਸਾਨੀ ਸਮਾਜ ਦਾ ਸਰੂਪ

ਸਭਿਆਚਾਰ ਨਾਲ ਸੰਬੰਧਤ ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰੱਖ ਕੇ ਜਦੋਂ ਅਸੀਂ ਪੰਜਾਬੀ ਸਭਿਆਚਾਰ ਉਪਰ ਝਾਤ ਮਾਰਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਇਕ ਵੱਡੇ ਖੇਤਰ ਵਿਚ ਫੈਲਿਆ ਅਜਿਹਾ ਸੂਬਾ ਹੈ ਜਿਸ ਦਾ ਸਭਿਆਚਾਰ ਵਿਲੱਖਣ ਅਤੇ ਰੰਗ-ਬਿਰੰਗਾ ਹੈ। ਪੰਜ ਦਰਿਆਵਾਂ ਦੀ ਇਸ ਧਰਤੀ ਪੰਜਾਬ ਉਪਰ, ਦਰਿਆਵਾਂ ਦੇ ਮਿੱਠੇ ਪਾਣੀ ਨੇ ਹਮੇਸ਼ਾ ਹੀ ਆਪਣਾ ਪ੍ਰਭਾਵ ਕਾਇਮ ਰਖਿਆ ਹੈ। ਇਥੋਂ ਦੀ ਜ਼ਰਖੇਜ਼ ਭੋਇ ਅਤੇ ਖੇਤਾਂ ਵਿਚੋਂ ਆਉਂਦੀ ਮਿੱਠੀ ਮਿੱਠੀ ਸੁਗੰਧੀ, ਪੰਜਾਬ ਦੇ ਲੋਕਾਂ ਲਈ ਜੀਵਨ ਰਖਿਅਕ ਦਾ ਕੰਮ ਕਰਦੀ ਰਹੀ ਹੈ। ਜ਼ਮੀਨ ਉਪਜਾਊ ਹੋਣ ਦੇ ਕਾਰਨ ਪੰਜਾਬੀ ਸਮਾਜ ਖੇਤੀ-ਪ੍ਰਧਾਨ ਸਮਾਜ ਰਿਹਾ ਹੈ। ਬਾਕੀ ਸਾਰੀਆਂ ਕਾਰੀਗਰ ਜਾਤੀਆਂ ਕਿਸੇ ਨਾ ਕਿਸੇ ਰੂਪ ਵਿਚ ਕਿਰਸਾਨੀ ਜੀਵਨ ਨਾਲ ਸੰਬੰਧਤ ਰਹੀਆਂ ਹਨ। ਪੰਜਾਬ ਵਿਚ ਖੇਤੀ ਦੇ ਧੰਦੇ ਦਾ ਇਕ ਵਿਸ਼ਾਲ ਇਤਿਹਾਸ ਮੌਜੂਦ ਹੈ। ਮੰਨਿਆ ਜਾਂਦਾ ਹੈ ਕਿ ਹਰ ਸਭਿਅਤਾ ਦੇ ਸ਼ੁਰੂ ਵਿਚ ਖੇਤੀ ਅਤੇ ਪਸ਼ੂ ਮਨੁੱਖ ਦੇ ਵਿਕਾਸ ਦਾ ਮੁੱਢ ਰਹੇ ਹਨ। ਪਸ਼ੂ, ਖੇਤੀ ਤੇ ਨਿਰਭਰ ਹਨ ਅਤੇ ਮਨੁੱਖ ਖੇਤੀ ਕਰਨ ਲਈ ਪਸ਼ੂਆਂ ਦੇ ਮਾਸ, ਦੁੱਧ, ਖੱਲ ਅਤੇ ਉਨ੍ਹਾਂ ਰਾਹੀਂ ਜ਼ਮੀਨ ਵਾਹੁਣ, ਸਵਾਰੀ ਕਰਨ, ਰਾਖੀ ਕਰਨ ਅਤੇ ਢੋਆ-ਢੁਆਈ ਕਰਨ ਲਈ, ਉਨ੍ਹਾਂ ਉਪਰ ਨਿਰਭਰ ਰਹਿੰਦਾ ਸੀ।[11] ਅਸਲ ਵਿਚ ਕਿਸੇ ਵੀ ਸਮਾਜ ਵਿਚਲੇ ਕੰਮ-ਧੰਦੇ ਮਨੁੱਖੀ ਸਭਿਆਚਾਰ ਦਾ ਵੱਡਾ ਆਧਾਰ ਮੰਨੇ ਜਾਂਦੇ ਹਨ। ਇਨ੍ਹਾਂ ਤੋਂ ਮਨੁੱਖ ਜਾਤੀ ਦੀ ਆਰਥਕ ਸੰਪੰਨਤਾ, ਖੁਸ਼ਹਾਲ ਜੀਵਨ ਜਾਂ ਪੱਛੜੇਵੇਂ ਦਾ ਅਨੁਮਾਨ ਹੁੰਦਾ ਹੈ। ਪੰਜਾਬ ਦਾ ਮੁੱਖ ਧੰਦਾ ਖੇਤੀਬਾੜੀ ਹੋਣ ਕਰਕੇ, ਪੰਜਾਬੀ ਸਭਿਆਚਾਰ, ਇਸ ਦੇ ਆਲੇ-ਦੁਆਲੇ ਘੁੰਮਦਾ ਹੋਇਆ ਦਿਸਦਾ ਹੈ। ਪੰਜਾਬੀ ਸਭਿਆਚਾਰ ਵਿਚਲੇ ਲੋਕਗੀਤ, ਲੋਕਨਾਚ, ਅਖਾਣ-ਮੁਹਾਵਰੇ, ਲੋਕ-ਕਹਾਣੀਆਂ ਅਤੇ ਪੰਜਾਬ ਦੇ ਮੇਲੇ ਤੇ ਤਿਉਹਾਰ, ਸਿੱਧੇ-ਅਸਿੱਧੇ ਤੌਰ 'ਤੇ ਕਿਰਸਾਨੀ ਜੀਵਨ ਨਾਲ ਜੁੜੇ ਹੋਏ ਹਨ। ਗੁਰਬਾਣੀ ਵਿਚ ਵੀ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਿਰਸਾਨੀ ਦੇ ਕਿੱਤੇ ਦਾ ਉਦਾਹਰਣ ਦੇ ਕੇ ਪਰਮਾਤਮਾ ਨੂੰ ਯਾਦ ਰੱਖਣ ਦੀ ਤਾਕੀਦ ਕੀਤੀ ਹੈ:-

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥* [12]

ਇਸ ਤੋਂ ਪੰਜਾਬੀ ਸਭਿਆਚਾਰ ਦੀ ਵਿਲੱਖਣ ਪਛਾਣ ਸਥਾਪਤ ਹੁੰਦੀ ਹੈ। ਖੇਤੀ ਦਾ ਧੰਦਾ ਇਕ ਅਜਿਹਾ ਰੁਜ਼ਗਾਰ ਦਾ ਸਾਧਨ ਸੀ ਜਿਸਨੂੰ ਪੰਜਾਬੀ ਸਭਿਆਚਾਰ ਵਿਚ ਸਭ ਤੋਂ ਉਤਮ ਧੰਦੇ ਵਜੋਂ ਸਵੀਕਾਰਿਆ ਗਿਆ ਸੀ:-

*ਉੱਤਮ ਖੇਤੀ, ਮੱਧਮ ਵਪਾਰ*
*ਨਖਿੱਧ ਚਾਕਰੀ, ਭੀਖ ਨਦਾਰ*

ਪੰਜਾਬੀ ਭਾਈਚਾਰੇ ਵਿਚ ਫਸਲ ਬੀਜਣ ਤੋਂ ਲੈ ਕੇ ਕੱਟਣ ਤੱਕ ਅਤੇ ਫਿਰ ਉਸ ਨੂੰ ਮੰਡੀ ਤੱਕ ਲਿਜਾਉਣ ਤੱਕ ਕਿੰਨੇ ਹੀ ਲੋਕਗੀਤ, ਰਸਮ-ਰਿਵਾਜ਼, ਵਹਿਮ-ਭਰਮ ਆਦਿ ਜੁੜੇ ਹੋਏ ਸਨ। ਜ਼ਮੀਨ ਨੂੰ ਵਾਹ-ਸੁਹਾਗ ਕੇ ਕਿਸਾਨ ਉਸ ਨੂੰ ਬੀਜਣ ਯੋਗ ਬਣਾਉਂਦਾ ਸੀ। ਫਿਰ ਬੀਜਣ ਦਾ ਸਾਰਾ ਸਮਾਨ ਤਿਆਰ ਕਰਕੇ ਕਿਸਾਨ, ਧਰਤੀ ਅੱਗੇ ਹੱਥ ਜੋੜ ਕੇ, ਫ਼ਸਲ ਦੀ ਭਰਪੂਰਤਾ ਲਈ, ਉਸ ਪਰਮਾਤਮਾ ਅੱਗੇ ਆਪਣੇ ਜੋਗ ਦੀ ਸੁੱਖ ਮੰਗਦਾ। ਨਾਲ ਹੀ ਉਹ ਆਪਣੇ ਅਤੇ ਪੰਛੀ ਤੇ ਜਨੌਰ ਦੇ ਹਿੱਸੇ ਦੀ ਅਰਦਾਸ ਵੀ ਕਰਦਾ:-

*ਕੁਝ ਹਾਲੀ ਦਾ, ਕੁਝ ਪਾਲੀ ਦਾ*
*ਕੁਝ ਚਿੜੀ ਜਨੌਰ ਦੀ ਭਿਆਲੀ ਦਾ* [13]

ਅਰਦਾਸ ਫ਼ਸਲਾਂ ਦੀ ਭਰਪੂਰਤਾ ਲਈ ਕੀਤੀ ਜਾਂਦੀ ਕਿਉਂਕਿ ਫਸਲਾਂ ਦੀ ਭਰਪੂਰਤਾ, ਖਿੱਤੇ ਦੇ ਲੋਕਾਂ ਵਿਚ ਖੁਸ਼ਹਾਲੀ ਲਿਆਉਂਦੀ ਹੈ। ਖੁਸ਼ਹਾਲੀ ਉਨ੍ਹਾਂ ਦੇ ਸਭਿਆਚਾਰ ਵਿਚ ਰੰਗ ਭਰ ਦਿੰਦੀ ਹੈ ਅਤੇ ਉਨ੍ਹਾਂ ਨੂੰ ਉਦਾਰਦਿਲੀ ਪ੍ਰਦਾਨ ਕਰਦੀ ਹੈ। ਪੰਜਾਬ ਦੀ ਜ਼ਰਖੇਜ਼ ਭੋਂਇ ਅਤੇ ਇਥੋਂ ਦੀਆਂ ਲਹਿਲਹਾਉਂਦੀਆਂ ਫਸਲਾਂ, ਪੰਜਾਬੀਆਂ ਦੀ ਖਾਦ-ਖੁਰਾਕ ਅਤੇ ਉਨ੍ਹਾਂ ਦੇ ਜ਼ਿੰਦਾਦਿਲ ਤੇ ਉਦਾਰਚਿਤ ਜੀਵਨ ਦਾ ਸਪੱਸ਼ਟ ਨਜ਼ਾਰਾ ਬਣਦੀਆਂ ਸਨ। ਇਸ ਧੰਦੇ ਵਿਚ ਭਾਵੇਂ ਕਿਸਾਨ ਸਖ਼ਤ ਘਾਲਣਾ ਘਾਲਦਾ ਸੀ, ਪਰ, ਖੇਤੀ ਉਸ ਨੂੰ ਪੂਰਨ ਆਨੰਦ ਵੀ ਪ੍ਰਦਾਨ ਕਰਦੀ ਸਨ। ਬਿਨਾ ਜ਼ਮੀਨ ਜੱਟ ਦਾ ਗੁਜ਼ਾਰਾ ਨਹੀਂ ਸੀ ਅਤੇ ਜ਼ਮੀਨ ਜੱਟ ਲਈ ਮਾਂ ਦਾ ਦਰਜਾ ਰੱਖਦੀ ਸੀ। ਵਿਰਾਸਤ ਤੋਂ ਮਿਲੀ ਇਸ ਜ਼ਮੀਨ ਰਾਹੀਂ ਨਾ ਸਿਰਫ ਉਸ ਦਾ ਗੁਜ਼ਾਰਾ ਹੁੰਦਾ, ਸਗੋਂ ਦੂਜਿਆਂ ਦੀ ਭੁੱਖ ਵੀ ਸ਼ਾਂਤ ਹੁੰਦੀ। ਇਹੀ ਕਾਰਨ ਸੀ ਕਿ 1965 ਵਿਚ ਤਤਕਾਲੀ ਪ੍ਰਧਾਨਮੰਤਰੀ ਵੱਲੋਂ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਵੀ ਲਗਾਇਆ ਗਿਆ। ਕਿਸੇ ਵੇਲੇ ਤਾਂ ਵਿਆਹ ਸੰਬੰਧਾਂ ਨੂੰ ਜੋੜਨ ਲਈ ਕੁੜੀ ਦੇ ਪਿਤਾ ਵੱਲੋਂ ਇਹ ਦੇਖਿਆ ਜਾਂਦਾ ਸੀ ਕਿ ਮੁੰਡੇ ਕੋਲ ਖੇਤੀ-ਬਾੜੀ ਲਈ ਜ਼ਮੀਨ ਕਿਤਨੀ ਹੈ। ਮੁਰੱਬਿਆਂ ਵਾਲੀ ਤੀਵੀਂ ਦਾ ਰੌਹਬ ਵੀ ਹੋਇਆ ਕਰਦਾ ਸੀ:-

*ਭਾਵੇਂ ਬਾਪੂ ਦੰਮ ਵੱਟ ਲੈ, ਮੈਨੂੰ ਲੱਭ ਦੇ ਮੁਰੱਬਿਆਂ ਵਾਲਾ* [14]
*ਜੱਟੀ ਪੰਦਰਾਂ ਮੁਰੱਬਿਆਂ ਵਾਲੀ ਭੱਤਾ ਲੈ ਕੇ ਚੱਲੀ ਖੇਤ ਨੂੰ*[15]

ਪੁਰਾਣੇ ਵੇਲਿਆਂ ਵਿਚ ਕਿਉਂਕਿ ਖੇਤੀ ਬਹੁਤਾ ਕਰਕੇ ਮੀਂਹ ਉਪਰ ਨਿਰਭਰ ਕਰਦੀ ਸੀ, ਇਸੇ ਕਰਕੇ ਲੋਕਗੀਤ ਅਤੇ ਬੋਲੀਆਂ ਵਿਚ ਚੰਗੇ ਮੀਂਹ ਲਈ ਅਰਦਾਸ ਕੀਤੀ ਜਾਂਦੀ ਸੀ ਤਾਂ ਜੋ ਫ਼ਸਲ ਚੰਗੀ ਹੋ ਸਕੇ ਅਤੇ ਘਰਾਂ ਵਿਚ ਖੁਸ਼ਹਾਲੀ ਆ ਸਕੇ।ਹਰੇ ਭਰੇ ਖੇਤ ਅਤੇ ਪੱਕੀਆਂ ਫ਼ਸਲਾਂ ਨੂੰ ਦੇਖ ਕੇ ਜੱਟੀਆਂ ਵੀ ਝੂਮ ਉਠਦੀਆਂ ਸਨ ਉਨ੍ਹਾਂ ਨੂੰ ਆਪਣਾ ਆਪ ਕਿਸੇ ਰਾਣੀ ਵਾਂਗ ਜਾਪਦਾ:-

*ਰੁੱਤ ਗਿੱਧਾ ਪਾਉਣ ਦੀ ਆਈ, ਲੱਕ ਲੱਕ ਹੋ ਗੇ ਬਾਜਰੇ।*
*ਖੱਟਣ ਗਿਆ ਸੀ ਕੀ ਖੱਟ ਕੇ ਲਿਆਂਦਾ, ਖੱਟ ਕੇ ਲਿਆਂਦੀ ਮਧਾਣੀ,*
*ਖੇਤ ਮੇਰੇ ਹਰੇ ਭਰੇ, ਮੈਂ ਖੇਤਾਂ ਦੀ ਰਾਣੀ।*[16]

ਲੋਕਗੀਤਾਂ ਅਤੇ ਕਹਾਵਤਾਂ ਦੇ ਨਾਲ ਨਾਲ ਪੰਜਾਬੀ ਸਾਹਿਤ ਵਿਚ ਵੀ ਕਿਰਸਾਨੀ ਦਾ ਖੁਸ਼ਹਾਲ ਖੇੜਿਆਂ ਅਤੇ ਚੜ੍ਹਦੀਆਂ ਕਲਾਂ ਵਾਲਾ ਰੂਪ ਉਜਾਗਰ ਹੁੰਦਾ ਸੀ। ਪੰਜਾਬੀ ਕਵਿਤਾਵਾਂ ਵਿਚ ਖੇਤੀ-ਬਾੜੀ, ਖੇੜੇ, ਖੁਸ਼ਹਾਲੀ ਅਤੇ ਭਰਪੂਰਤਾ ਦੀ ਸੂਚਕ ਹੁੰਦੀ ਸੀ:-

*ਕਣਕਾਂ ਦੀ ਖ਼ੁਸ਼ਬੋ*
*ਵੇ ਮਾਹੀਆ ਕਣਕਾਂ ਦੀ ਖ਼ੁਸ਼ਬੋ*
*ਧਰਤੀ ਨੇ ਲੀਤੀ ਅੰਗੜਾਈ*
*ਅੰਬਰ ਪਹੁੰਚੀ ਸੋਅ*
*ਵੇ ਮਾਹੀਆ।*
*ਝੂਮਣ ਮੇਰੀ ਗੁੱਤ ਤੋਂ ਲੰਮੇ ਅੱਜ ਖੇਤਾਂ ਵਿਚ ਸਿੱਟੇ*
*ਦਾਣੇ ਸੁੱਚੇ ਮੋਤੀ, ਮੇਰੇ ਦੰਦਾਂ ਨਾਲੋਂ ਚਿੱਟੇ*

*ਬੋਹਲਾਂ ਵਿਚੋਂ ਭਾਅ ਪਈ ਮਾਰੇ*
*ਮੇਰੇ ਮੁੱਖ ਦੀ ਲੋਅ*
*ਵੇ ਮਾਹੀਆ।*[17]

ਮੇਲੇ ਅਤੇ ਤਿਉਹਾਰ ਮਨਾਉਣ ਦੀ ਖੁਸ਼ੀ ਵੀ ਖੇਤੀ ਜਾਂ ਚੰਗੀ ਫਸਲ ਦੀ ਖੁਸ਼ੀ ਨਾਲ ਜੁੜੀ ਹੋਈ ਸੀ। ਹਾੜੀ ਦੀ ਫ਼ਸਲ ਕੱਢਕੇ, ਵੇਚ ਕੇ, ਸ਼ਾਹੂਕਾਰ ਦਾ ਕਰਜ਼ਾ ਨਿਬੇੜ ਕੇ, ਨੰਬਰਦਾਰਾਂ ਨੂੰ ਮਾਮਲਾ ਭਰ ਕੇ ਅਤੇ ਨਵੇਂ ਕਪੜੇ ਸੁਆ ਕੇ ਜਦੋਂ ਜੱਟ ਵਿਸਾਖੀ ਦਾ ਮੇਲਾ ਦੇਖਣ ਜਾਂਦਾ ਸੀ ਤਾਂ ਉਸਦੀ ਟੌਹਰ ਦੇਖਦਿਆਂ ਹੀ ਬਣਦੀ ਸੀ। ਇਸ ਦ੍ਰਿਸ਼ ਦਾ ਚਿੱਤਰਨ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਬਹੁਤ ਹੀ ਖੂਬਸੂਰਤੀ ਨਾਲ ਕੀਤਾ ਹੈ:-

*ਤੂੜੀ ਤੰਦ ਸਾਂਭ, ਹਾੜੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।*
*ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ, ਮਾਲ ਢਾਂਡਾ ਸਾਂਭਣੇ ਨੂੰ ਕਾਮਾਂ ਛੱਡ ਕੇ।*
*ਪੱਗ ਝੱਗਾ ਚਾਦਰ ਨਵੇਂ ਸਿਵਾਇ ਕੇ, ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ।*
*ਕੱਛੇ ਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।*[18]

ਪ੍ਰੋ. ਪੂਰਨ ਸਿੰਘ ਆਪਣੀ ਕਵਿਤਾ 'ਹੱਲ ਵਾਹੁਣ ਵਾਲੇ' ਵਿਚ ਹੱਲ ਦੇ ਚਿੰਨ੍ਹ ਰਾਹੀਂ ਇਕ ਅਜਿਹਾ ਪ੍ਰਵਚਨ ਉਸਾਰਦਾ ਹੈ ਜਿਸ ਵਿਚ ਕਿਰਸਾਨੀ ਜੀਵਨ ਦਾ ਖੁਸ਼ਹਾਲ ਅਤੇ ਮਿਹਨਤਕਸ਼ ਦ੍ਰਿਸ਼ ਉਜਾਗਰ ਹੋ ਜਾਂਦਾ ਹੈ। ਇਸ ਕਵਿਤਾ ਵਿਚ ਉਹ ਹੱਲ ਵਾਹੀ ਦੀ ਕਿਰਤ ਨੂੰ ਉੱਚਾ ਸਥਾਨ ਪ੍ਰਦਾਨ ਕਰਦਾ ਹੈ:-

*ਓਏ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,*
*ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,*
*ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,*
*ਜੱਟ ਬੂਟ ਮੇਰੇ ਯਾਰ ਵੋ।*
*----*
*ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,*
*ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।*
*ਬੀਜ ਬੀਜਣ ਇਹ ਹਲ਼ ਚਲਾਣ,*
*ਘਾਲਾਂ ਘਾਲਣ ਪੂਰੀਆਂ।*[19]

ਕਿਰਸਾਨੀ ਦਾ ਇਹ ਪ੍ਰਫੁੱਲਿਤ ਰੂਪ ਨਾ ਸਿਰਫ਼ ਪੰਜਾਬੀ ਸਮਾਜ ਵਿਚ, ਸਗੋਂ ਸਮੁੱਚੇ ਭਾਰਤੀ ਰਾਸ਼ਟਰ ਵਿਚ ਖਿੜਿਆ ਦਿਖਾਈ ਦਿੰਦਾ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤੀ ਸਭਿਅਚਾਰ ਵਿਚ 'ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ, ਉਗਲੇ ਹੀਰੇ ਮੋਤੀ' ਵਰਗੇ ਗੀਤ ਵੀ ਪ੍ਰਚਲਿਤ ਰਹੇ ਹਨ। ਪੰਜਾਬੀ ਫਿਲਮਾਂ ਵਿਚ ਵੀ ਕੁਝ ਸਮਾਂ ਪਹਿਲਾਂ ਤੱਕ, ਕਿਰਸਾਨੀ ਜੀਵਨ ਦੇ ਆਲੇ ਦੁਆਲੇ ਉਸਰਦੇ ਸੰਸਾਰ ਨੂੰ ਹੀ ਪੇਸ਼ ਕੀਤਾ ਜਾਂਦਾ ਸੀ। ਪੰਜਾਬੀ ਸਭਿਆਚਾਰ ਵਿਚ, ਕਿਰਸਾਨੀ ਸਮਾਜ ਨਾਲ ਜੁੜੇ ਲਗਭਗ ਹਰ ਮੌਕੇ ਦੇ ਗੀਤ, ਅਖੌਤਾਂ, ਮੁਹਾਵਰੇ, ਵਿਸ਼ਵਾਸ ਸਾਨੂੰ ਸਹਿਜੇ ਹੀ ਮਿਲ ਜਾਂਦੇ ਹਨ। ਇਥੋਂ ਤੱਕ ਕਿ ਖੇਤੀ ਨਾਲ ਜੁੜੇ ਸੰਦਾਂ, ਫਸਲਾਂ, ਇਨ੍ਹਾਂ ਵਿਚ ਵੀ ਲਗਭਗ ਸਾਰੀਆਂ ਫਸਲਾਂ ਜਿਵੇਂ ਕਣਕ, ਮੱਕੀ, ਬਾਜਰਾ, ਤਿੱਲ, ਛੱਲੇ, ਚਰ੍ਹੀ, ਗੰਨਾ, ਰਾਈ, ਸਰ੍ਹੋਂ, ਕਪਾਹ ਆਦਿ ਨਾਲ ਸੰਬੰਧਤ ਬੋਲੀਆਂ ਅਤੇ ਲੋਕਗੀਤ ਪੰਜਾਬੀ ਸਭਿਆਚਾਰ ਦਾ ਸ਼ਿੰਗਾਰ ਹੁੰਦੇ ਸਨ। ਇਨ੍ਹਾਂ ਵੇਲਿਆਂ ਵਿਚ ਪੰਜਾਬੀ ਸਾਹਿਤ ਅਤੇ ਮੀਡੀਆ ਵਿਚ ਵੀ ਕਿਰਸਾਨੀ ਜੀਵਨ ਚੜ੍ਹਦੀਆਂ ਕਲਾਂ ਵਿਚ ਪੇਸ਼ ਹੁੰਦਾ ਸੀ। ਭਾਵੇਂ ਕੁਝ ਹੱਦ ਤੱਕ ਕਿਰਸਾਨੀ ਜੀਵਨ ਦੇ ਦਰਪੇਸ਼ ਮੁਸ਼ਕਿਲਾਂ ਦਾ ਵੀ ਪ੍ਰਗਟਾਵਾ ਹੁੰਦਾ ਸੀ ਪਰੰਤੂ ਕਿਸਾਨ ਇਨ੍ਹਾਂ ਮੁਸ਼ਕਲਾਂ ਨਾਲ ਜੂਝਦਾ ਅਤੇ ਸੰਘਰਸ਼ ਕਰਦਾ ਦਿਖਾਈ ਦਿੰਦਾ ਸੀ। ਜੇਕਰ ਅਜੋਕੇ ਸਭਿਆਚਾਰਕ ਦ੍ਰਿਸ਼ ਉਪਰ ਝਾਤ ਮਾਰੀ ਜਾਏ ਤਾਂ ਦ੍ਰਿਸ਼ ਬਦਲਿਆ ਹੋਇਆ ਨਜ਼ਰ ਆਉਂਦਾ ਹੈ।

## ਵਿਸ਼ਵੀਕਰਨ ਦੇ ਦੌਰ ਵਿਚ ਕਿਰਸਾਨੀ ਸਮਾਜ ਦਾ ਬਦਲਦਾ ਮੁਹਾਂਦਰਾ

ਅਜੋਕੀ ਸਦੀ, ਗਿਆਨ ਵਿਗਿਆਨ ਦੀ ਸਦੀ ਹੈ। ਇਸ ਸਦੀ ਵਿਚ ਕੋਈ ਵੀ ਜਾਣਕਾਰੀ ਮਨੁੱਖ ਦੀ ਇਕ ਮੁੱਠੀ ਵਿਚ ਬੰਦ ਹੈ। ਗਿਆਨ ਵਿਗਿਆਨ ਦੇ ਇਸ ਦੌਰ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ

ਵੀ ਭਾਰੀ ਤਬਦੀਲੀ ਵਾਪਰੀ ਹੈ। ਸਭਿਆਚਾਰ ਤਾਂ ਵੈਸੇ ਵੀ ਨਿਰੰਤਰ ਪਰਿਵਰਤਨਸ਼ੀਲ ਵਰਤਾਰਾ ਹੈ। ਪਰੰਤੂ ਤਕਨਾਲੋਜੀ ਦੇ ਆਉਣ ਨਾਲ ਪੰਜਾਬੀ ਲੋਕਾਂ ਦਾ ਰਹਿਣ ਸਹਿਣ, ਸੁਭਾਅ, ਖਾਣ-ਪੀਣ ਅਤੇ ਰਸਮ-ਰਿਵਾਜ਼ ਬੜੀ ਤੇਜ਼ੀ ਨਾਲ ਤਬਦੀਲ ਹੋਏ ਹਨ। ਤਕਨਾਲੋਜੀ ਨੇ ਖੇਤੀਬਾੜੀ ਦੇ ਢੰਗਾਂ, ਸੰਦਾਂ ਅਤੇ ਇਸ ਨਾਲ ਜੁੜੇ ਕੰਮ ਕਾਜਾਂ, ਆਵਾਜਾਈ ਦੇ ਸਾਧਨਾਂ ਅਤੇ ਪੰਜਾਬੀ ਜਨ-ਜੀਵਨ ਨਾਲ ਜੁੜੇ ਰਸਮੋ-ਰਿਵਾਜ਼ਾਂ ਆਦਿ ਸਭ ਕੁਝ ਨੂੰ ਬਹੁਤ ਡੂੰਘੇ ਤਰੀਕੇ ਨਾਲ ਪ੍ਰਭਾਵਿਤ ਕੀਤਾ ਹੈ। ਜਿਥੇ ਕਿਤੇ ਇਹ ਪਰਿਵਰਤਨ ਫਾਇਦੇਮੰਦ ਰਿਹਾ, ਉਥੇ ਕਿਤੇ ਇਸ ਦੇ ਨਕਾਰਾਤਮਕ ਪ੍ਰਭਾਵ ਵੀ ਵੇਖਣ ਨੂੰ ਮਿਲੇ।

ਵਿਸ਼ਵੀਕਰਨ ਦੇ ਵੱਧਦੇ ਪਾਸਾਰੇ ਦੇ ਕਾਰਨ, ਜਿਥੇ ਕਿਸੇ ਵੇਲੇ ਖੇਤੀ ਨੂੰ ਉਤਮ ਧੰਦਾ ਮੰਨਿਆ ਜਾਂਦਾ ਸੀ ਅੱਜ ਉਥੇ ਹਾਲਾਤ ਇਹ ਹਨ ਕਿ ਕਿਰਸਾਨੀ ਬਹੁਤਾ ਕਮਾਈ ਵਾਲਾ ਧੰਦਾ ਨਹੀਂ ਰਿਹਾ। ਖੇਤੀ-ਬਾੜੀ ਨਾਲ ਜੁੜੇ ਸੰਦ - ਸਾਧਨ ਜਿਵੇਂ ਹਲ਼, ਤੰਗਲੀ, ਪਰਾਣੀ, ਦੁਸਾਂਗੇ, ਖੁਰਪੇ ਅਤੇ ਫਲ੍ਹੇ ਆਦਿ ਅਜਿਹੇ ਸੰਦ ਹਨ, ਜਿਹੜੇ ਅਜੋਕੇ ਵੇਲੇ ਤਾਂ ਦੇਖਣ ਨੂੰ ਹੀ ਨਹੀਂ ਮਿਲਦੇ। ਇਨ੍ਹਾਂ ਦਾ ਸਿਰਫ਼ ਵਰਣਨ ਹੀ ਸਾਡੇ ਲੋਕਗੀਤਾਂ ਅਤੇ ਲੋਕ ਸਾਹਿਤ ਵਿਚ ਹੀ ਮਿਲਦਾ ਹੈ। ਹੌਲੀ ਹੌਲੀ ਸਭਿਆਚਾਰ ਦੇ ਇਸ ਅਹਿਮ ਅੰਗ - ਕਿਰਸਾਨੀ ਸਮਾਜ ਦਾ ਮੁਹਾਂਦਰਾ ਬਦਲਦਾ ਜਾ ਰਿਹਾ ਹੈ। ਜਿਥੇ ਇਕ ਪਾਸੇ ਤਕਨਾਲੋਜੀ ਦੇ ਵਿਕਾਸ ਨਾਲ ਖੇਤੀ ਦੀ ਪੈਦਾਵਾਰ ਵਿਚ ਵਾਧਾ ਹੋ ਰਿਹਾ ਹੈ, ਉਥੇ ਦੂਜੇ ਪਾਸੇ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ। ਵਿਕਾਸ ਤਾਂ ਹੋ ਰਿਹਾ ਹੈ ਪਰੰਤੂ ਨਾਲ ਨਾਲ ਜਨਸੰਖਿਆ ਵਿਚ ਵੀ ਵਾਧਾ ਹੋ ਰਿਹਾ ਹੈ। ਖੇਤੀ ਵਿਚ ਮੁਨਾਫਿਆਂ ਦੀ ਘਾਟ, ਸਿਰ ’ਤੇ ਚੜ੍ਹੇ ਕਰਜ਼ੇ ਅਤੇ ਬਾਹਰਲੀ ਚਮਕ-ਦਮਕ ਤੋਂ ਪ੍ਰਭਾਵਿਤ ਹੋ ਕੇ ਅੱਜ ਪੰਜਾਬ ਦਾ ਕਿਸਾਨ, ਜ਼ਮੀਨਾਂ ਵੇਚ ਕੇ ਬਾਹਰਲੇ ਮੁਲਕਾਂ ਵੱਲ ਕਦਮ ਵਧਾ ਰਿਹਾ ਹੈ। ਖੇਤੀਬਾੜੀ ਦੇ ਇਸ ਬਦਲੇ ਮੁਹਾਂਦਰੇ ਦਾ ਪ੍ਰਗਟਾਵਾ ਪੰਜਾਬੀ ਕਵਿਤਾ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਜਦੋਂ ਪਾਸ਼ ਆਪਣੀ ਕਵਿਤਾ 'ਇਨਕਾਰ' ਵਿਚ ਕਹਿੰਦਾ ਹੈ:-

*ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ*
*ਤਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ*
*ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ*
*ਸਾਡੇ ਬੱਚਿਆਂ ਦੀ ਤੋਤਲੀ ਕਵਿਤਾ*
*ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ*
*ਮੈਂ ਤਾਂ ਜਦ ਵੀ ਕੀਤੀ-ਖਾਦ ਦੇ ਘਾਟੇ*
*ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ ਗੰਨਿਆਂ ਦੀ ਗੱਲ ਹੀ ਕਰਾਂਗਾ*
*ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫਸਲ*
*ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਹੀ ਗੱਲ ਕਰਾਂਗਾ।* [20]

ਇਸੇ ਪ੍ਰਕਾਰ ਸੁਰਜੀਤ ਪਾਤਰ ਕਹਿੰਦਾ ਹੈ ਕਿ:-

*ਘਰ ਘਰ ਪੁੱਤ ਕਹਿਣ:*
*ਛੱਡ ਬਾਪੂ ਹੁਣ ਕੀ ਏ ਰੱਖਿਆ ਜ਼ਮੀਨ ਵਿਚ*
*ਵੇਚ ਕੇ ਸਿਆੜ ਚਾਰ, ਕਰ ਕੇ ਜੁਗਾੜ ਕੋਈ*
*ਚੱਲ ਏਥੋਂ ਚੱਲੀਏ, ਤੂੰ ਨੀ ਸੁਣੇ, ਟਿਕੀ ਰਾਤੇ*
*ਪਿੰਡ ਦੇ ਉਜਾੜਾਂ ਵਿਚ*
*ਮੋਏ ਕਿਰਸਾਨ ਸਾਰੇ*
*ਏਹੀ ਵ੍ਰਿਦਗਾਨ ਗਾਉਂਦੇ*
*ਚਲੋ ਏਥੋਂ ਚੱਲੀਏ, ਏਹੀ ਹੈ ਵ੍ਰਿੰਦਗਾਨ*
*ਏਹੀ ਹੈ ਸਮੂਹ-ਗਾਨ, ਚਲੋ ਏਥੋਂ ਚੱਲੀਏ।* [21]

ਕਿਸੇ ਵੇਲੇ ਪ੍ਰੋ. ਪੂਰਨ ਸਿੰਘ ਸਭ ਕੁਝ ਛੱਡ ਕੇ, ਵਾਹੀ ਵਿਚ ਦਿਲ ਖੁੱਭਣ ਦੀ ਗੱਲ ਕਰਦਾ ਹੈ ਅਤੇ ਕਿਤੇ ਅੱਜ ਪਾਸ਼ ਅਤੇ ਪਾਤਰ ਵਰਗੇ ਕਵੀ, ਖੇਤੀ ਜਾਂ ਕਿਰਸਾਨੀ ਵਿਚ ਆ ਰਹੇ ਸੰਕਟ ਦੀ ਗੱਲ ਕਰਦੇ ਹਨ। ਅਜੋਕੇ ਵੇਲੇ ਬਹੁਤੀਆਂ ਸਾਹਿਤਕ ਰਚਨਾਵਾਂ ਭਾਵੇਂ ਉਹ ਕਵਿਤਾ ਹੋਵੇ, ਨਾਵਲ, ਨਾਟਕ ਜਾਂ ਕਹਾਣੀ ਹੋਵੇ, ਕਿਸਾਨ ਦੀ ਤ੍ਰਾਸਦਿਕ ਸਥਿਤੀ ਨੂੰ ਚਿਤਰ ਰਹੀਆਂ ਹਨ। ਸੰਤ ਸਿੰਘ ਸੇਖੋਂ ਅਤੇ ਗੁਰਦਿਆਲ ਸਿੰਘ ਦੇ ਨਾਵਲ ਇਸ ਦ੍ਰਿਸ਼ਟੀ ਤੋਂ ਖਾਸ ਤੌਰ 'ਤੇ ਵਿਚਾਰੇ ਜਾ ਸਕਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ਵੀਕਰਨ ਦੇ ਇਸ ਦੌਰ ਵਿਚ ਜਦੋਂ ਹਰ ਸ਼ੈਅ ਆਪਣੇ ਵਿਕਾਸ ਵੱਲ ਵਧ ਰਹੀ ਹੈ, ਉਸ ਵੇਲੇ ਕਿਰਸਾਨੀ ਦਾ ਇਹ ਦੁਖਦ ਰੂਪ ਦੇਖਣ ਨੂੰ ਕਿਉਂ ਮਿਲ ਰਿਹਾ ਹੈ? ਕਿਉਂ ਅੱਜ ਦਾ ਨੌਜਵਾਨ ਇਸ ਕਿੱਤੇ ਪ੍ਰਤਿ ਉਦਾਸੀਨਤਾ ਰੱਖਦਾ ਹੈ? ਕਿਉਂ ਪਿਛਲੇ ਕੁਝ ਸਾਲਾਂ ਵਿਚ ਕਿਰਸਾਨੀ ਸਮਾਜ ਦਾ ਮੁਹਾਂਦਰਾ ਇਤਨਾ ਬਦਲ ਗਿਆ ਹੈ?

ਵਿਦਵਾਨਾਂ ਨੇ ਸਭਿਆਚਾਰਕ ਪਰਿਵਰਤਨ ਦੇ ਕਈ ਕਾਰਨ ਮੰਨੇ ਹਨ। ਜਿਵੇਂ ਪ੍ਰਾਕਿਰਤਕ ਮਾਹੌਲ ਵਿਚ ਆਏ ਪਰਿਵਰਤਨ ਕਾਰਨ, ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ ਅਤੇ ਸਮਾਜ ਉਤੇ ਬਾਹਰੋਂ ਪ੍ਰਭਾਵ ਪਾਉਣ ਵਾਲੇ ਕਾਰਨ।[22] ਆਦਿ ਕਾਲ ਵਿਚ ਮਨੁੱਖ ਕੁਦਰਤ ਦੀਆਂ ਸ਼ਕਤੀਆਂ ਸਾਹਮਣੇ ਬੇਵੱਸ ਸੀ। ਇਸ ਕਰਕੇ ਉਸ ਦੇ ਜੀਵਨ ਅਤੇ ਸਭਿਆਚਾਰ ਨੂੰ ਕੁਦਰਤ ਹੀ ਨਿਰਧਾਰਤ ਕਰਦੀ ਸੀ। ਪਰੰਤੂ ਵਿਗਿਆਨ ਦੀਆਂ ਕਾਢਾਂ ਦੇ ਕਾਰਨ ਅੱਜ ਕੁਦਰਤ, ਸਭਿਆਚਾਰ ਨੂੰ ਨਿਰਧਾਰਤ ਕਰਨ ਵਾਲੀ ਸ਼ਕਤੀ ਨਹੀਂ ਰਹੀ। ਹੁਣ ਤਾਂ ਮਨੁੱਖ ਮਾਰੂਥਲਾਂ ਵਿਚ ਵੀ ਦਰਖ਼ਤ ਲਗਾ ਰਿਹਾ ਹੈ ਅਤੇ ਸੋਲਰ ਊਰਜਾ ਪੈਦਾ ਕਰ ਰਿਹਾ ਹੈ। ਇਸ ਕਰਕੇ ਇਹ ਪਰਿਵਰਤਨ ਕੁਦਰਤੀ ਤਾਂ ਨਹੀਂ ਹੈ। ਦੂਜੀ ਤਰਫ ਦੇਖਿਆ ਜਾਏ ਤਾਂ ਪੰਜਾਬ ਆਰੰਭ ਤੋਂ ਹੀ ਭਾਰਤ ਦਾ ਪ੍ਰਵੇਸ਼-ਦਵਾਰ ਰਿਹਾ ਹੈ। ਸਦੀਆਂ ਤੱਕ ਇਸ ਪ੍ਰਵੇਸ਼ ਦਵਾਰ ਤੋਂ ਵਿਦੇਸ਼ੀ ਧਾੜਵੀਆਂ ਦੇ ਹਮਲੇ ਵੀ ਹੁੰਦੇ ਰਹੇ ਹਨ। ਦੂਜੇ ਸਭਿਆਚਾਰਾਂ ਨਾਲ ਮੇਲ ਜੋਲ ਕਾਰਨ, ਪੰਜਾਬੀ ਬੋਲੀ ਅਤੇ ਸਭਿਆਚਾਰ ਮਿਸ਼ਰਤ ਹੁੰਦਾ ਗਿਆ। ਵਿਦੇਸ਼ੀ ਸ਼ਬਦ ਅਤੇ ਜੀਵਨ-ਕਦਰਾਂ ਇਸ ਵਿਚ ਇੰਝ ਰਚ-ਮਿਚ ਗਏ ਕਿ ਇਹ ਪੰਜਾਬੀਅਤ ਦਾ ਹਿੱਸਾ ਹੀ ਬਣ ਗਏ। ਅੰਗਰੇਜ਼ੀ ਸ਼ਾਸਕਾਂ ਨੇ ਤਾਂ ਪੰਜਾਬੀ ਸਭਿਆਚਾਰ ਨੂੰ ਡੂੰਘੇ ਤਰੀਕੇ ਨਾਲ ਪ੍ਰਭਾਵਤ ਕੀਤਾ। ਪੱਛਮੀ ਢੰਗ ਦੀ ਵਿਦਿਆ-ਪ੍ਰਣਾਲੀ ਲਾਗੂ ਕਰਕੇ ਨੌਜਵਾਨਾਂ ਦੀ ਸੋਚ, ਰਹਿਣ-ਸਹਿਣ, ਪਹਿਰਾਵੇ ਅਤੇ ਸਾਹਿਤਕ ਰੁਚੀਆਂ ਵਿਚ ਵੀ ਪਰਿਵਰਤਨ ਕਰ ਦਿੱਤਾ। ਆਰੀਆ ਕਾਲ ਤੋਂ ਪੇਂਡੂ ਆਰਥਿਕਤਾ, ਖੇਤੀ-ਬਾੜੀ ਉਪਰ ਆਧਾਰਿਤ ਸੀ। ਪਰੰਤੂ ਅੰਗਰੇਜ਼ਾਂ ਦੇ ਸਮੇਂ ਹਾਲਾਤ ਬਦਲਣੇ ਸ਼ੁਰੂ ਹੋ ਗਏ। ਸ਼ਹਿਰਾਂ ਵਿਚ ਨਵੇਂ ਨਵੇਂ ਧੰਦੇ ਸ਼ੁਰੂ ਹੋਣ ਕਰਕੇ ਪੇਂਡੂ ਵਸੋਂ ਦਾ ਚੋਖਾ ਭਾਗ ਸ਼ਹਿਰਾਂ ਵਲ ਰੁੱਖ ਕਰਨ ਲੱਗਾ। ਪੰਜਾਬ ਵਿਚ ਆਈ ਹਰੀ ਕਰਾਂਤੀ ਦੇ ਨਾਲ ਖੇਤੀ ਦਾ ਵੀ ਮਸ਼ੀਨੀਕਰਨ ਹੋ ਗਿਆ। ਮਸ਼ੀਨੀਕਰਨ ਦੇ ਕਾਰਨ ਜਿਥੇ ਫਸਲਾਂ ਵਿਚ ਵਾਧਾ ਹੋਇਆ ਉਥੇ ਛੋਟੇ ਕਿਸਾਨਾਂ ਲਈ ਕਈ ਨੁਕਸਾਨ ਵੀ ਸਾਹਮਣੇ ਆਏ। ਮਸ਼ੀਨੀਕਰਨ ਅਤੇ ਤਕਨਾਲੋਜੀ ਨੇ ਪੇਂਡੂ ਕੰਮ-ਧੰਦਿਆਂ ਦੇ ਹਾਲਾਤ ਹੋਰ ਮਾੜੇ ਕਰ ਦਿੱਤੇ ਹਨ। ਇਸ ਕਰਕੇ ਅਜੋਕੇ ਵੇਲੇ ਕਹਾਵਤਾਂ ਅਤੇ ਗੀਤ ਵੀ ਬਦਲ ਗਏ:-

*ਬਦਲ ਗਿਆ ਕਿਰਸਾਨੀ ਜੀਵਨ, ਨਾ ਹਾਲੀ ਨਾ ਪਾਲੀ।*[23]

*ਕਰਜ਼ੇ ਹੇਠ ਕਿਸਾਨ ਦੱਬ ਗਿਆ, ਕਿਉਂ ਖ਼ੁਦਕੁਸ਼ੀਆਂ ਕਰਦਾ।*
*ਸਭਨਾ ਦਾ ਢਿੱਡ ਭਰਨ ਵਾਲੇ ਦਾ, ਆਪਣਾ ਢਿੱਡ ਨਹੀਂ ਭਰਦਾ।*[24]

ਹੌਲੀ-ਹੌਲੀ ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਵਧਣ ਲੱਗੇ। ਇਸ ਦੇ ਪਿਛੋਕੜ ਵਿਚ ਕਈ ਆਰਥਿਕ, ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਕਾਰਨ ਵਿਦਮਾਨ ਹਨ।"ਕਿਸਾਨਾਂ ਸਿਰ ਵਧ ਰਹੇ ਕਰਜ਼ੇ ਅਤੇ ਘੋਰ ਗ਼ਰੀਬੀ ਦੇ ਵੀ ਕਈ ਆਰਥਿਕ ਆਧਾਰ ਹਨ ਜਿਵੇਂ ਖੇਤੀਬਾੜੀ ਜਿਨਸਾਂ ਦੀ ਕੀਮਤ ਵਿੱਚ ਮਾਮੂਲੀ ਵਾਧਾ ਹੋਣਾ, ਖੇਤੀਬਾੜੀ ਉਤਪਾਦਨ ਵਿੱਚ ਵਰਤੇ ਜਾਣ ਵਾਲੇ ਸਾਧਨਾਂ ਜਿਵੇਂ ਰਸਾਇਣਕ ਖਾਦਾਂ ਅਤੇ ਡੀਜ਼ਲ ਆਦਿ ਦੀਆਂ ਕੀਮਤਾਂ ਦੇ ਨਿਰਧਾਰਿਤ ਕਰਨ ਨੂੰ ਬੇਲਗ਼ਾਮ ਮੰਡੀ ਦੇ ਹਵਾਲੇ ਕਰਨਾ ਅਤੇ ਇਨ੍ਹਾਂ ਤੋਂ ਬਿਨਾਂ ਹੋਰ ਉਤਪਾਦਨ ਸਾਧਨਾਂ ਦੀਆਂ ਕੀਮਤਾਂ ਵਿੱਚ ਬੇਅਥਾਹ ਵਾਧਾ, ਖੇਤੀਬਾੜੀ ਫ ਸਲਾਂ ਦਾ ਕੁਦਰਤੀ ਆਫ਼ਤਾਂ ਕਾਰਨ ਨੁਕਸਾਨ ਹੋਣਾ, ਕਿਸਾਨਾਂ ਲਈ ਲੋੜੀਂਦੇ ਵਿਆਜ-ਮੁਕਤ ਪ੍ਰਬੰਧ ਦੀ ਘਾਟ, ਖੇਤੀਬਾੜੀ ਖੋਜ

ਅਤੇ ਵਿਕਾਸ ਕਾਰਜਾਂ ਵਿਚ ਕਮੀ, ਅਤੇ ਕਿਸਾਨਾਂ ਨੂੰ ਖੇਤੀਬਾੜੀ ਉਤਪਾਦਾਂ ਦੀ ਪ੍ਰੋਸੈਸਿੰਗ ਕਰਨ ਲਈ ਬਣਦੀਆਂ ਸਹੂਲਤਾਂ ਨਾ ਮਿਲਣਾ ਆਦਿ।[25]

ਇਸ ਸੰਦਰਭ ਵਿਚ ਜਦੋਂ ਅਸੀਂ ਪੰਜਾਬੀ ਕਿਰਸਾਨੀ ਦੇ ਸੰਕਟ ਨੂੰ ਵਿਚਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਪੰਜਾਬ ਵਿਚ ਇਕ ਪਾਸੇ ਜਿਥੇ ਖੇਤੀ-ਬਾੜੀ ਵਿਚ ਆਰਥਕ ਸੰਕਟ ਦਾ ਦੌਰ ਹੈ ਤੇ ਉਥੇ ਦੂਜੇ ਪਾਸੇ ਪੰਜਾਬ ਵਿਚ ਕਈ ਸਮਾਜਕ ਅਤੇ ਸਭਿਆਚਾਰਕ ਬਦਲਾਅ ਵੀ ਆਏ ਹਨ। ਪੁਰਾਤਨ ਕਦਰਾਂ - ਕੀਮਤਾਂ ਪੰਜਾਬੀਅਤ ਦੀ ਮਾਨਸਿਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਦੀਆਂ ਸਨ। ਪਰੰਤੂ ਆਧੁਨਿਕੀਕਰਨ, ਪਦਾਰਥਵਾਦੀ ਜੀਵਨ-ਜਾਂਚ ਅਤੇ ਮਸ਼ੀਨੀਕਰਨ ਦੇ ਕਾਰਨ ਅੱਜ ਕਦਰਾਂ-ਕੀਮਤਾਂ ਬਦਲ ਗਈਆਂ ਹਨ ਜਿਸ ਕਾਰਨ ਹੌਲੀ ਹੌਲੀ ਕਿਰਸਾਨੀ ਸਮਾਜ ਮੁਹਾਂਦਰਾ ਵੀ ਬਦਲਦਾ ਜਾ ਰਿਹਾ ਹੈ। ਮਸ਼ੀਨੀਕਰਨ ਦੇ ਨਵੇਂ ਢੰਗਾਂ ਅਤੇ ਨਵੇਂ ਸੰਦਾਂ ਨੇ ਪਰੰਪਰਾਗਤ ਪੇਸ਼ਾਵਰ ਵਿਵਸਥਾ ਨੂੰ ਬਦਲ ਕੇ ਰਖ ਦਿੱਤਾ ਹੈ। ਕਈ ਪੇਸ਼ੇ ਜੋ ਪੇਂਡੂ ਪੰਜਾਬੀ ਆਰਥਿਕ-ਸਭਿਆਚਾਰ ਦੀ ਬਣਤਰ ਦਾ ਪ੍ਰਮੁੱਖ ਅੰਗ ਸਨ, ਨਵੇਂ ਸੰਦਾਂ, ਨਵੀਂ ਮਸ਼ੀਨਰੀ ਦੇ ਫਲਸਰੂਪ ਅਲੋਪ ਹੋ ਗਏ। ਹੌਲੀ-ਹੌਲੀ ਪਰੰਪਰਾਗਤ ਜੀਵਨ-ਜਾਚ ਦਾ ਸਮੁੱਚਾ ਚਿਹਰਾ-ਵਿਹਾਰ ਬਦਲ ਗਿਆ। ਨਤੀਜੇ ਵਜੋਂ ਇਸ ਆਰਥਕ ਵਿਵਸਥਾ ਉਪਰ ਉਸਰਿਆ ਸਭਿਆਚਾਰਕ ਤਾਣਾ-ਪੇਟਾ ਅਲੋਪ ਹੋ ਗਿਆ।[26]

ਸਾਇੰਸ ਅਤੇ ਤਕਨਾਲੌਜੀ ਦੀਆਂ ਲੱਭਤਾਂ ਨੇ ਮਸ਼ੀਨੀਕਰਨ ਦੇ ਇਸ ਦੌਰ ਵਿਚ ਤੇਜ਼ੀ ਨਾਲ ਵਿਕਾਸ ਕੀਤਾ ਹੈ। ਇਸ ਵਿਚ ਆਟੋਮੈਟਾਈਜ਼ੇਸ਼ਨ, ਕੰਪਿਉਟਰੀਕਰਨ ਅਤੇ ਸੰਚਾਰ ਤਕਨਾਲੋਜੀ ਦੀ ਕਰਾਂਤੀ ਨੇ ਇਸ ਵਿਕਾਸ ਨੂੰ ਹੋਰ ਤੇਜ਼ ਗਤੀ ਪ੍ਰਦਾਨ ਕੀਤੀ ਹੈ। ਅਜੋਕੇ ਸਭਿਆਚਾਰ ਦਾ ਰੁੱਖ ਬਦਲਣ ਵਿਚ ਮੀਡੀਆ, ਟੈਲੀਵਿਜ਼ਨ ਅਤੇ ਨਵੀਂ ਤਕਨਾਲੋਜੀ ਦਾ ਵੀ ਅਹਿਮ ਰੋਲ ਹੈ ਜਿਸ ਨੇ ਕਿਰਸਾਨੀ ਸਮਾਜ ਦਾ ਵੀ ਇਕ ਵੱਖਰਾ ਹੀ ਬਿੰਬ ਉਭਾਰ ਕੇ ਰੱਖ ਦਿੱਤਾ ਹੈ।

## ਮੀਡੀਆ ਦੀ ਭੂਮਿਕਾ

ਸੂਚਨਾ ਕਰਾਂਤੀ ਦੇ ਇਸ ਦੌਰ ਵਿਚ ਮੀਡੀਆ ਨੂੰ ਲੋਕਤੰਤਰ ਦਾ ਇਕ ਅਹਿਮ ਥੰਮ ਕਿਹਾ ਜਾ ਸਕਦਾ ਹੈ ਜੋ ਕਿ ਕਿਸੇ ਵੀ ਈਮੇਜ਼ ਬਣਾਉਣ, ਵਿਹਾਰ ਨੂੰ ਨਿਰਧਾਰਤ ਕਰਨ ਅਤੇ ਸੋਚ ਨੂੰ ਸੇਧ ਦੇਣ ਵਿਚ ਇਹ ਅਹਿਮ ਰੋਲ ਅਦਾ ਕਰਦਾ ਹੈ। ਐਂਬੈਸਡਰ (ਰਿਟਾ.) ਪੀ. ਐਸ. ਸਾਹਨੀ ਦੇ ਅਨੁਸਾਰ:-

> The media, however, indirectly plays a role as a moulder of public opinion and thus help in the process of changing mindset. This eternal role of the media was succinctly stated on 14 august, 1954 by the then Indian Prime Minister Jawahar Lal Nehru, when he said, "By providing a correct background, newspapers could exercise continuous presence and brings about a change in public opinion." The media has become an integral part of our daily life, as our day usually starts with the morning newspaper and ends when we go to bed with the television remote in our hand.[27]

ਅਜੋਕੇ ਵੇਲੇ ਤਾਂ ਅਖ਼ਬਾਰ ਅਤੇ ਟੈਲੀਵਿਜ਼ਨ ਦੇ ਨਾਲ ਨਾਲ, ਮੋਬਾਇਲ, ਕੰਪਿਉਟਰ, ਫਿਲਮਾਂ ਅਤੇ ਇੰਟਰਨੈੱਟ, ਮੀਡੀਆ ਦੇ ਖੇਤਰ ਵਿਚ ਅਹਿਮ ਸਥਾਨ ਰਖਦੇ ਹਨ। ਇਹ ਅੱਜ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੇ ਹਨ। ਤਕਨਾਲੋਜੀ ਦੀ ਹਨੇਰੀ ਨੇ ਮਨੁੱਖ ਨੂੰ ਪ੍ਰਕਿਰਤੀ ਤੋਂ ਦੂਰ ਕਰ ਦਿੱਤਾ ਹੈ ਅਤੇ ਉਸ ਨੂੰ ਪ੍ਰਕਿਰਤੀ ਦੀ ਤਾਜ਼ਗੀ, ਖ਼ੂਬਸੂਰਤੀ ਅਤੇ ਇਕਸੁਰਤਾ ਤੋਂ ਨਿਖੇੜ ਕੇ ਮਸ਼ੀਨ ਹੀ ਬਣਾ ਕੇ ਰੱਖ ਦਿੱਤਾ ਹੈ। ਪਹਿਲਾਂ, ਮਨੁੱਖੀ ਜੀਵਨ ਕੁਦਰਤ ਦੇ ਨੇੜੇ ਸੀ। ਪਰੰਤੂ ਅੱਜ ਮਸ਼ੀਨਾਂ ਅਤੇ ਤਕਨਾਲੋਜੀ ਦੇ ਨੇੜੇ ਉਸਰ ਰਿਹਾ ਹੈ। ਟੈਲੀਵਿਜ਼ਨ ਅਤੇ ਇੰਟਰਨੈੱਟ ਨੇ, ਸਭਿਆਚਾਰਕ ਢਾਂਚੇ ਨੂੰ ਪੱਛਮੀਕਰਨ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਕਰਕੇ ਸਾਡੀ ਸ਼ਖ਼ਸੀਅਤ, ਸਾਡੇ ਵਿਹਾਰ-ਸਲੀਕੇ, ਸਾਡੇ ਰਿਸ਼ਤਿਆਂ ਦੇ ਨਿੱਘ ਅਤੇ ਸਾਡੀ ਜੀਵਨ-ਜਾਚ ਨੂੰ

ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਨਸ਼ੇ ਅਤੇ ਸਟੇਟਸ, ਸਭਿਆਚਾਰ ਦੇ ਚਿੰਨ੍ਹ ਬਣ ਗਏ ਹਨ। ਖਾਣ-ਪੀਣ ਦੇ ਢੰਗ ਬਦਲ ਗਏ ਹਨ। ਅਜੋਕਾ ਨੌਜਵਾਨ ਆਪਣੇ ਆਪ ਨੂੰ ਬਰੈਂਡਿਡ ਕਪੜੇ ਪਾਈ, ਗੱਡੀਆਂ ਵਿਚ ਘੁੰਮਦੇ ਦੇਖਣਾ ਪਸੰਦ ਕਰਦਾ ਹੈ। ਬਾਹਰਲੇ ਮੁਲਕਾਂ ਵਿਚ ਰਹਿਣ ਦੇ ਝੱਸ ਕਾਰਨ ਉਹ ਆਪਣੀ ਮਾਂ ਵਰਗੀ ਮੰਨੀ ਜਾਂਦੀ ਜ਼ਮੀਨ ਵੇਚ ਕੇ, ਬਾਹਰਲੇ ਮੁਲਕਾਂ ਦਾ ਰੁੱਖ ਕਰ ਰਿਹਾ ਹੈ :-

*ਤੁਰ ਗਿਆ ਜਰਮਨ ਨੂੰ*
*ਕਣਕ ਵੇਚ ਕੇ ਸਾਰੀ।*[28]

ਸਭਿਆਚਾਰ ਦਾ ਇਹ ਰੁਖ ਬਦਲਣ ਕਰਕੇ, ਟੈਲੀਵਿਜ਼ਨ ਅਤੇ ਮੀਡੀਆ ਵੀ ਉਨ੍ਹਾਂ ਵੇਰਵਿਆਂ ਜਾਂ ਖ਼ਬਰਾਂ ਨੂੰ ਦਿਖਾਉਣ ਵੱਲ ਵਧੇਰੇ ਰੁਚਿੱਤ ਹੁੰਦਾ ਹੈ ਜਿਸ ਨਾਲ ਉਸ ਦੀ ਟੀ. ਆਰ. ਪੀ. ਵਧਦੀ ਹੋਵੇ। ਪਰੰਪਰਾਗਤ ਦੌਰ ਵਿਚ, ਪੰਜਾਬੀ ਸਭਿਆਚਾਰ, ਕਿਰਸਾਨੀ ਜੀਵਨ ਦੇ ਆਲੇ ਦੁਆਲੇ ਉਸਰਿਆ ਹੋਣ ਕਰਕੇ, ਫਿਲਮਾਂ ਵਿਚ ਕਿਸਾਨਾਂ ਨੂੰ ਸਖਤ ਘਾਲਣਾ ਘਾਲਦਿਆਂ ਦਿਖਾਇਆ ਜਾਂਦਾ ਸੀ। ਇਨ੍ਹਾਂ ਵਿਚ ਪਿੰਡਾਂ ਦੇ ਸੁਹਣੇ ਦ੍ਰਿਸ਼ ਅਤੇ ਝੂਮਦੇ-ਲਹਿਲਹਾਉਂਦੇ ਖੇਤਾਂ ਦੇ ਦ੍ਰਿਸ਼ ਆਮ ਦੇਖਣ ਨੂੰ ਮਿਲਦੇ ਸਨ। ਪਰ ਅੱਜ ਦੀਆਂ ਫਿਲਮਾਂ ਜਾਂ ਡਰਾਮਿਆਂ ਵਿਚ ਪਿੰਡ ਜਾਂ ਖੇਤ ਤਾਂ ਬਹੁਤ ਦੂਰ ਦੀ ਗੱਲ ਹੈ, ਆਪਣਾ ਦੇਸ਼ ਹੀ ਲੱਭਣਾ ਔਖਾ ਹੋ ਜਾਂਦਾ ਹੈ। ਫਿਲਮਾਂ ਤਾਂ ਬਹੁਤਾ ਕਰਕੇ ਬਾਹਰਲੇ ਮੁਲਕਾਂ ਵਿਚ ਹੀ ਬਣਾਈਆਂ ਜਾਂਦੀਆਂ ਹਨ। ਸਿਨੇਮਾ ਆਲੋਚਕ ਭੀਮ ਰਾਜ ਗਰਗ ਨੇ ਆਪਣੇ ਲੇਖ 'ਪੰਜਾਬੀ ਸਿਨੇਮਾ ਦੀ ਪੌਣੀ ਸਦੀ' ਵਿਚ ਇਸ ਗੱਲ ਨੂੰ ਸਵੀਕਾਰ ਕੀਤਾ ਹੈ। ਉਸ ਦਾ ਮੰਨਣਾ ਹੈ ਕਿ:-

> ਹੁਣ ਵਿਸ਼ਵੀਕਰਨ ਦਾ ਯੁੱਗ ਹੈ ਤੇ ਪੰਜਾਬੀ ਸਿਨੇਮਾ ਵੀ ਇਸ ਦੌਰ 'ਚ ਆਪਣੇ ਸਰੂਪ ਨੂੰ ਬਦਲ ਰਿਹਾ ਹੈ। ਪਿੰਡਾਂ 'ਚ ਰਹਿ ਰਹੇ ਕਿਸਾਨ ਪਾਤਰ ਸਮਾਪਤ ਹੋ ਗਏ ਹਨ ਅਤੇ ਵਿਦੇਸ਼ਾਂ 'ਚ ਰਹਿ ਰਹੇ ਪਰਵਾਸੀਆਂ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ।[29]

ਪਰੰਤੂ ਪਿਛਲੇ ਕੁਝ ਸਮਿਆਂ ਵਿਚ ਮੀਡੀਆ ਦੇ ਖੇਤਰ ਵਿਚ ਕੁਝ ਫਿਲਮਾਂ ਕਿਸਾਨਾਂ ਦੀ ਸਥਿਤੀ ਨੂੰ ਦਰਸਾਉਂਦੀਆਂ ਵੀ ਸਾਹਮਣੇ ਆਈਆਂ ਹਨ। ਕੁਝ ਇਕ ਫਿਲਮਾਂ ਨੂੰ ਛੱਡ ਕੇ ਬਹੁਤੀਆਂ ਫਿਲਮਾਂ ਵਿਚ ਤਾਂ ਕਰਜ਼ੇ ਦੇ ਬੋਝ ਥੱਲੇ ਦੱਬਿਆ ਕਿਸਾਨ ਖੁਦਕੁਸ਼ੀ ਦਾ ਰਾਹ ਅਖਤਿਆਰ ਕਰ ਲੈਂਦਾ ਦਿਖਾਈ ਦਿੰਦਾ ਹੈ। ਅਜੋਕੇ ਮੀਡੀਆ ਰਾਹੀਂ ਜੋ ਕਿਰਸਾਨੀ ਜੀਵਨ ਦਿਖਾਇਆ ਜਾ ਰਿਹਾ ਹੈ, ਉਥੇ ਕਿਸਾਨ ਦਾ ਰੂਪ ਖੁਸ਼ਹਾਲ ਨਹੀਂ ਸਗੋਂ ਤੰਗੀ-ਤੁਰਸ਼ੀਆਂ ਦਾ ਜੀਵਨ ਗੁਜ਼ਾਰਦਿਆਂ, ਕਰਜ਼ਿਆਂ ਵਿਚ ਡੁੱਬਿਆ, ਰੋਂਦਿਆਂ ਵਿਰਲਾਪ ਕਰਦਿਆਂ ਦਿਸਦਾ ਹੈ। ਮਿਸਿਜ਼ ਵਾਹੀਨੀ, ਅਸਿਸਟੈਂਟ ਪ੍ਰੋਫ਼ੈਸਰ, ਬੰਗਲੋਰ ਯੂਨੀਵਰਸਿਟੀ ਨੇ ਆਪਣੇ ਰਿਸਰਚ ਪੇਪਰ (Impact of mass media on the image formation of farmers among younger generation: case study of farmers' suicide news coverage among Karnataka news channels) ਵਿਚ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਹੋਰਨਾਂ ਕਾਰਨਾਂ ਤੋਂ ਇਲਾਵਾ ਮੀਡੀਆ ਉਪਰ ਕਿਰਸਾਨੀ ਦੀ ਦੁਰਦਸ਼ਾ ਅਤੇ ਖੁਦਕੁਸ਼ੀਆਂ ਨੂੰ ਦੇਖ ਕੇ, ਅਜੋਕਾ ਨੌਜਵਾਨ, ਇਸ ਧੰਦੇ ਪ੍ਰਤਿ ਉਦਾਸੀਨਤਾ ਦਾ ਰੁਖ ਅਪਨਾ ਰਿਹਾ ਹੈ:-

> Media had covered the farmers' suicide news adequately and transmitted repeatedly. Newspapers, periodicals, radio, and television had dealt with farmers' suicide in different perspectives... These antagonistic images of agriculture that media brought cultivated apathy among all sections of society and built-up dreams in the younger generation about non-farming profession. Most predominant farmers, image held among youth was a sad/miserable/anxious/hopeless image.[30]

ਕੁਝ ਕੁ ਅਖ਼ਬਾਰ ਅਤੇ ਰਸਾਲੇ, ਜੋ ਖੇਤੀਬਾੜੀ ਜਾਂ ਕਿਸਾਨਾਂ ਦੇ ਲਈ ਲਾਹੇਵੰਦ ਜਾਣਕਾਰੀ ਮੁੱਹਈਆ

ਕਰਾ ਰਹੇ ਹਨ, ਨੂੰ ਛੱਡ ਕੇ ਬਹੁਤੇ ਅਖ਼ਬਾਰ ਅਤੇ ਟੈਲੀਵਿਜ਼ਨ ਜਾਂ ਤਾਂ ਕਿਰਸਾਨੀ ਜੀਵਨ ਨਾਲ ਜੁੜੀਆਂ ਖ਼ਬਰਾਂ ਨੂੰ ਪੇਸ਼ ਹੀ ਨਹੀਂ ਕਰਦੇ ਜਾਂ ਉਸ ਦੀ ਸਿਰਫ ਤ੍ਰਾਸਦਿਕ ਸਥਿਤੀ ਨੂੰ ਹੀ ਬਿਆਨ ਕਰਦੇ ਹਨ। ਇਹ ਵੀ ਠੀਕ ਹੈ ਕਿ ਲੋਕਤੰਤਰ ਦਾ ਇਕ ਅਹਿਮ ਥੰਮ ਹੋਣ ਦੇ ਨਾਤੇ, ਮੀਡੀਆ ਦਾ ਕਰੱਤਵ ਸਮਾਜ ਦੀ ਸੱਚੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕਰਨਾ ਹੈ। ਪਰੰਤੂ, ਸਿਰਫ਼ ਕਿਸਾਨਾਂ ਦੀ ਤ੍ਰਾਸਦਿਕ ਸਥਿਤੀ ਨੂੰ ਦਿਖਾ ਕੇ, ਕਿਰਸਾਨੀ ਦੀ ਜੋ ਈਮੇਜ਼ ਉਭਰ ਰਹੀ ਹੈ, ਉਹ ਵਿਰਲਾਪ ਕਰਦੇ, ਤੰਗੀ ਤੁਰਸ਼ੀਆਂ ਝੱਲਦੇ, ਇਕ ਦੁਖੀ ਇਨਸਾਨ ਦੀ ਹੈ, ਜੋ ਜ਼ਿੰਦਗੀ ਦੀਆਂ ਮੁਸੀਬਤਾਂ ਤੋਂ ਤੰਗ ਆ ਕੇ ਆਪਣੇ ਆਪ ਨੂੰ ਖ਼ਤਮ ਕਰਨ ਦਾ ਰਾਹ ਅਖ਼ਤਿਆਰ ਕਰਦਾ ਹੈ। ਖਾਸ ਤੌਰ ’ਤੇ ਅਜੋਕੀ ਨੌਜਵਾਨ ਪੀੜ੍ਹੀ ਉਪਰ ਕਰਾਏ ਇਕ ਸਰਵੇ ਦੇ ਮੁਤਾਬਕ 32 ਫੀਸਦੀ ਨੌਜਵਾਨਾਂ ਦੀ ਮਾਨਸਿਕਤਾ ਵਿਚ ਅਜੇ ਵੀ ਕਿਸਾਨ ਦੀ ਈਮੇਜ਼, ਮਿੱਟੀ ਨਾਲ ਲਿਬੜੇ ਕਪੜੇ ਪਾਈ, ਆਪਣੇ ਹੱਥਾਂ ਉਪਰ ਚਿਹਰੇ ਨੂੰ ਟਿਕਾ ਕੇ ਚਿੰਤਤ ਅਵਸਥਾ ਵਿਚ ਬੈਠੇ ਵਿਅਕਤੀ ਦੀ ਈਮੇਜ਼ ਹੈ। ਕੋਈ 27 ਫੀਸਦੀ ਨੌਜਵਾਨਾਂ ਨੇ, ਕਿਸਾਨ ਸ਼ਬਦ ਸੁਣਦਿਆਂ ਹੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਵਾਲਾ ਈਮੇਜ਼ ਉਭਰਦਾ ਦਸਿਆ ਹੈ। 16.5 ਫੀਸਦੀ ਨੌਜਵਾਨ ਕਿਸਾਨ ਨੂੰ ਇਕ ਕਰੜੀ ਘਾਲਣਾ ਕਰਨ ਵਾਲੇ ਇਨਸਾਨ ਦੇ ਰੂਪ ਵਿਚ ਦੇਖਦੇ ਹਨ ਅਤੇ ਸਿਰਫ 24.5 ਫੀਸਦੀ ਲੋਕ ਕਿਰਸਾਨੀ ਪ੍ਰਤਿ ਸਕਾਰਾਤਮਕ ਸੋਚ ਰੱਖਦੇ ਹਨ।[31]

2016 ਵਿਚ ਪ੍ਰਕਾਸ਼ਿਤ ਹੋਏ ਪਰਚੇ ਵਿਚ ਪੇਸ਼ ਕੀਤੇ ਗਏ ਉਪਰੋਕਤ ਸਰਵੇ ਤੋਂ ਸਪੱਸ਼ਟ ਹੈ ਕਿ ਬਹੁਗਿਣਤੀ ਵਿਚ ਨੌਜਵਾਨ ਪੀੜ੍ਹੀ ਕਿਰਸਾਨੀ ਪ੍ਰਤਿ ਉਦਾਸੀਨਤਾ ਦਾ ਰੁੱਖ ਅਪਨਾ ਰਹੀ ਹੈ। ਅਸਲ ਵਿਚ ਅਜੇ ਵੀ ਖੇਤੀ-ਬਾੜੀ ਨੂੰ ਅਨਪੜ੍ਹ ਲੋਕਾਂ ਦੇ ਧੰਦੇ ਵਜੋਂ ਹੀ ਸਮਝਿਆ ਜਾਂਦਾ ਹੈ। ਸ਼ਾਇਦ ਇਸੇ ਕਰਕੇ ਮਾਤਾ-ਪਿਤਾ ਵੀ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਖੇਤੀ-ਬਾੜੀ ਦਾ ਧੰਦਾ ਕਰਦਿਆਂ ਨਹੀਂ ਦੇਖਣਾ ਚਾਹੁੰਦੇ, ਸਗੋਂ ਬਾਹਰਲੇ ਮੁਲਕਾਂ ਵਿਚ ਭੇਜਣ ਲਈ ਉਤਸੁਕ ਹਨ। ਪਰੰਤੂ ਪਿਛਲੇ ਵਰ੍ਹੇ ਸ਼ੁਰੂ ਹੋਏ ਕਿਸਾਨੀ ਅੰਦੋਲਨ ਨੇ ਕਿਸਾਨੀ ਸਮਾਜ ਦੇ ਮੁਹਾਂਦਰੇ ਨੂੰ ਇਕ ਵਾਰ ਫਿਰ ਬਦਲ ਕੇ ਰੱਖ ਦਿਤਾ ਹੈ।

## ਕਿਰਸਾਨੀ ਸੰਘਰਸ਼ ਦੀ ਭੂਮਿਕਾ

ਪੰਜਾਬੀ ਕਿਰਸਾਨੀ ਦੇ ਮੁਹਾਂਦਰੇ ਵਿਚੋਂ ਗੁਆਚਦੀ ਜਾ ਰਹੀਆਂ ਕਦਰਾਂ - ਕੀਮਤਾਂ ਨੂੰ ਪੁਨਰ ਜਾਗਰਿਤ ਕਰਨ ਵਿਚ ਅਤੇ ਕਿਸਾਨੀ ਦੇ ਮੁਹਾਂਦਰੇ ਨੂੰ ਮੁੜ ਜਾਗਰੂਕ ਅਤੇ ਚੇਤੰਨ ਰੂਪ ਵਿਚ ਉਸਾਰਨ ਵਿਚ ਕਿਰਸਾਨੀ ਸੰਘਰਸ਼ ਨੇ ਅਹਿਮ ਭੂਮਿਕਾ ਨਿਭਾਈ ਹੈ। ਭਾਵੇਂ ਇਸ ਦਾ ਆਰੰਭ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਨਾਲ ਹੋਇਆ ਪਰ ਬਾਅਦ ਵਿਚ ਇਸ ਨਾਲ ਹੋਰ ਮੁੱਦੇ ਵੀ ਜੁੜਦੇ ਚਲੇ ਅਤੇ ਇਹ ਅੰਦੋਲਨ ਸਿਰਫ ਖੇਤੀ ਬਿਲ ਰੱਦ ਕਰਾਉਣ ਤੱਕ ਹੀ ਸੀਮਤ ਨਾ ਰਿਹਾ ਸਗੋਂ ਇਸ ਨੂੰ ਵਿਸ਼ਵ ਭਰ ਵਿਚ ਮਾਨਵੀ ਹੱਕਾਂ ਲਈ ਕੀਤੇ ਜਾ ਰਹੇ ਸੰਘਰਸ਼ ਵਜੋਂ ਪਛਾਣ ਮਿਲੀ।

ਕਿਸਾਨ ਦਾ ਜੀਵਨ ਤਾਂ ਸਦਾ ਹੀ ਸੰਘਰਸ਼ਾਂ ਭਰਿਆ ਰਿਹਾ ਹੈ ਅਜੋਕੇ ਵੇਲੇ ਵੀ ਪੰਜਾਬ ਦੇ ਕਿਸਾਨੀ ਸਮਾਜ ਨੇ ਪੰਜਾਬੀ ਸਭਿਆਚਾਰ ਵਿਚਲੀ 'ਪੰਜਾਬ ਦੇ ਜੰਮੇ ਨੂੰ ਨਿੱਤ ਮੁਹਿੰਮਾਂ' ਵਾਲੀ ਕਹਾਵਤ ਨੂੰ ਸੱਚ ਸਾਬਤ ਕਰ ਦਿਖਾਇਆ। ਪੰਜਾਬੀ ਕਿਰਸਾਨੀ ਸਮਾਜ ਨੇ ਇਸ ਮੁਹਿੰਮ ਦਾ ਵੀ ਪੂਰੇ ਜੋਸ਼ ਅਤੇ ਸਮਝਦਾਰੀ ਨਾਲ ਸਾਹਮਣਾ ਕੀਤਾ। ਪੰਜਾਬ ਗੁਰੂ ਸਾਹਿਬਾਨਾਂ ਦੀ ਧਰਤੀ ਹੈ ਜਿਨ੍ਹਾਂ ਨੇ ਸਬਰ ਅਤੇ ਸਿਦਕ ਰਾਹੀਂ ਸਮਕਾਲੀ ਸਮਾਜ ਦੀ ਤਾਨਾਸ਼ਾਹੀ ਨੂੰ ਵੰਗਾਰਿਆ। ਇਸ ਧਰਤੀ ਉਪਰ ਗੁਰੂ ਦੇ ਨਾਮ ’ਤੇ ਚੱਲਣ ਵਾਲੇ ਕਿਸਾਨਾਂ ਨੇ ਵੀ ਝੱਖੜ, ਹਨੇਰੀ, ਮੀਂਹ, ਸੀਤ-ਲਹਿਰਾਂ ਅਤੇ ਜੇਠ ਦੀ ਤਪਸ਼ ਸਹਿਣ ਦੇ ਬਾਵਜੂਦ ਵੀ ਪਿੱਛੇ ਮੁੜ ਕੇ ਨਾ ਦੇਖਿਆ ਅਤੇ ਨਾ ਹੀ ਸਬਰ-ਸਿਦਕ ਦਾ ਪੱਲਾ ਛੱਡਿਆ। ਵੱਖ ਵੱਖ ਕਿਸਾਨ ਜੱਥੇਬੰਦੀਆਂ ਦਾ ਇਕ ਥਾਂ ’ਤੇ ਇਕੱਤ੍ਰਿਤ ਹੋ ਕੇ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਆਵਾਜ਼ ਉਠਾਉਣਾ ਅਤੇ ਫਿਰ ਦਿਨ, ਮਹੀਨੇ ਬੀਤ ਜਾਣ ਮਗਰੋਂ ਵੀ ਆਪਣੇ ਹੱਕਾਂ ਦੀ ਮੰਗ ਲਈ ਦ੍ਰਿੜ ਰਹਿਣਾ, ਕਿਸਾਨ ਵਰਗ ਲਈ ਇਕ ਅਜਿਹੀ ਪ੍ਰਾਪਤੀ ਸਾਬਤ ਹੋਈ ਜਿਸਨੇ ਕਿਸਾਨੀ ਮੁਹਾਂਦਰੇ ਨੂੰ ਵਿਸ਼ਵ ਭਰ ਵਿਚ ਅਮਨਪਸੰਦ ਵਰਗ ਦੇ ਰੂਪ ਵਿਚ ਉਭਾਰਿਆ।

ਇਸ ਵੇਲੇ ਕਿਸਾਨੀ ਸਮਾਜ ਨੇ ਮਿਹਨਤਕਸ਼ ਸੁਭਾਅ ਅਤੇ ਦਰਿਆਦਿਲੀ ਦਾ ਵੀ ਖ਼ੂਬ ਪਰੀਚੈ ਦਿੱਤਾ। ਅਜਿਹੇ ਵੇਲੇ ਲਗਾਏ ਗਏ ਲੰਗਰ, ਪੰਜਾਬੀ ਸਮਾਜ ਦੀ ਕਿਰਤ ਕਰੋ ਅਤੇ ਵੰਡ ਛਕੋ ਦੇ ਸਿਧਾਂਤ ਨੂੰ ਰੂਪਮਾਨ

ਕਰਦੇ, ਸਮੁੱਚੇ ਪੰਜਾਬੀ ਸਮਾਜ ਦੇ ਉਦਾਰਵਾਦੀ ਮੁਹਾਂਦਰੇ ਨੂੰ ਉਭਾਰਨ ਵਾਲੇ ਸਾਬਤ ਹੋਏ।ਸਮੁੱਚੇ ਜਗਤ ਦਾ ਢਿੱਡ ਭਰਨ ਵਾਲਾ ਕਿਰਸਾਨੀ ਵਰਗ ਇਤਨਾ ਉਦਾਰਦਿਲ ਅਤੇ ਵਿਸ਼ਾਲ ਹਿਰਦੇ ਦਾ ਮਾਲਕ ਹੈ ਕਿ ਮੱਧਕਾਲੀ ਸਭਿਆਚਾਰ ਦੇ ਗੁਰਬਾਣੀ ਸਿਧਾਂਤ 'ਫਰੀਦਾ ਬੁਰੇ ਦਾ ਭਲਾ ਕਰਿ ਗੁੱਸਾ ਮਨਿ ਨ ਹਢਾਇ' ਦਾ ਅਨੁਸਰਨ ਕਰਦਾ ਹੋਇਆ, ਉਹ ਆਪਣੇ ਉਪਰ ਲਾਠੀ ਚਲਾਉਣ ਵਾਲੇ ਪੁਲਸ ਤਬਕੇ ਨੂੰ ਲੰਗਰ ਅਤੇ ਜਲ ਛਕਾਉਂਦਿਆਂ ਦਿਖਾਈ ਦਿੱਤਾ। ਇਸ ਦ੍ਰਿਸ਼ ਨੇ ਪੰਜਾਬੀ ਕਿਸਾਨੀ ਸਮਾਜ ਪ੍ਰਤਿ ਬਦਲਦੀ ਜਾ ਰਹੀਆਂ ਧਾਰਨਾਵਾਂ ਨੂੰ ਠੱਲ ਲਾਈ ਅਤੇ ਪੰਜਾਬ ਦਾ ਕਿਰਸਾਨੀ ਸਮਾਜ ਮੁੜ ਆਪਣੇ ਸਨਮਾਨਤ ਮੁਹਾਂਦਰੇ ਵੱਲ ਤੁਰ ਪਿਆ। ਆਪਸੀ ਸਾਂਝੇਦਾਰੀ, ਪਿਆਰ, ਹਮਦਰਦੀ, ਭਾਈਚਾਰਾ, ਉਦਾਰਦਿਲੀ ਅਤੇ ਸਰਬੱਤ ਦੇ ਭਲੇ ਵਰਗੀਆਂ ਕਦਰਾਂ-ਕੀਮਤਾਂ ਇਸ ਕਿਸਾਨ ਅੰਦੋਲਨ ਵਿਚ ਉਭਰ ਕੇ ਸਾਹਮਣੇ ਆਈਆਂ। ਜਿਨ੍ਹਾਂ ਨੇ ਸਮੁੱਚੇ ਜਗਤ ਵਿਚ ਕਿਸਾਨੀ ਸਮਾਜ ਦੇ ਮੁਹਾਂਦਰੇ ਨੂੰ ਮੁੜ ਤਬਦੀਲ ਕਰ ਦਿੱਤਾ।

ਕਿਸਾਨੀ ਅੰਦੋਲਨ ਨੇ ਜਿੱਥੇ ਲੋਕਾਂ ਦੀ ਕਿਸਾਨਾਂ ਪ੍ਰਤਿ ਸੋਚ ਅਤੇ ਮਾਨਸਿਕਤਾ ਨੂੰ ਪੁਨਰ ਸਥਾਪਤ ਕੀਤਾ, ਉਥੇ ਤਕਨਾਲੋਜੀ ਅਤੇ ਮੀਡੀਆ ਨੇ ਵੀ ਇਸ ਵਿਚ ਅਹਿਮ ਭੂਮਿਕਾ ਨਿਭਾਈ। ਕਿਸਾਨਾਂ ਵੱਲੋਂ ਸ਼ੁਰੂ ਕੀਤਾ ਗਿਆ ਯੂ-ਟਯੂਬ ਚੈਨਲ, ਟਰਾਲੀ ਟਾਈਮਜ਼, ਫੇਸਬੁਕ ਪੇਜ ਅਤੇ ਟਵਿੱਟਰ ਨੇ ਨਾ ਸਿਰਫ ਕਿਰਸਾਨੀ ਵਰਗ ਦੇ ਸਮੇਂ ਦੇ ਹਾਣੀ ਹੋਣ ਦੀ ਗਵਾਹੀ ਭਰੀ ਸਗੋਂ ਵਿਸ਼ਵ ਪੱਧਰ ਵਿਚ ਕਿਰਸਾਨੀ ਸਮਾਜ ਦਾ ਇਕ ਚੇਤੰਨ ਵਰਗ ਦੇ ਤੌਰ 'ਤੇ ਮਹਾਂਬਿੰਬ ਉਭਾਰ ਦਿੱਤਾ। ਇਸ ਪ੍ਰਕਾਰ ਕਿਸਾਨੀ ਸਮਾਜ ਦਾ ਪ੍ਰਤਿਸ਼ਠਿਤ ਮੁਹਾਂਦਰਾ ਉਭਰ ਕੇ ਸਾਹਮਣੇ ਆਇਆ। ਕਿਸਾਨੀ ਅੰਦੋਲਨ ਦੇ ਸਰੂਪ ਨੂੰ ਸਪੱਸ਼ਟ ਕਰਦੇ ਕਈ ਗੀਤ, ਡਾਕੂਮੈਂਟਰੀਆਂ ਅਤੇ ਨਾਟਕ ਵੀ ਲਿਖੇ ਗਏ ਜਿਸ ਨਾਲ ਕਿਰਸਾਨੀ ਸਮਾਜ ਦੇ ਸੰਘਰਸ਼ ਦੇ ਨਾਲ ਨਾਲ ਉਨ੍ਹਾਂ ਦੀਆਂ ਉਚੇਰੀਆਂ ਕਦਰਾਂ-ਕੀਮਤਾਂ ਨੂੰ ਵੀ ਵੱਡੇ ਕੈਨਵਸ ਵਿਚ ਪਹਿਚਾਣ ਮਿਲੀ।

ਕਿਸਾਨੀ ਸਮਾਜ ਨੇ ਜਿਥੇ ਸੂਚਨਾ ਕਰਾਂਤੀ ਅਤੇ ਤਕਨਾਲੌਜੀ ਦੇ ਪ੍ਰਭਾਵ ਨੂੰ ਅਪਨਾਇਆ ਅਤੇ ਉਸ ਦੀ ਸੁਯੋਗ ਵਰਤੋਂ ਕੀਤੀ ਉਸੇ ਪ੍ਰਕਾਰ ਕਿਸਾਨ ਸਿਖਿਆ ਦੀ ਅਹਿਮੀਅਤ ਨੂੰ ਵੀ ਸਮਝਦਾ ਹੈ ਇਹ ਵੀ ਸਾਬਤ ਕਰ ਦਿਤਾ। ਕਿਸਾਨ ਸੰਘਰਸ਼ ਨੇ ਬੱਚਿਆਂ ਦੀ ਸਿਖਿਆ 'ਤੇ ਕੋਈ ਅਸਰ ਨਾ ਪਾਇਆ। ਬੱਚੇ ਪਹਿਲਾਂ ਵਾਂਗ ਹੀ ਕਿਸਾਨ ਅੰਦੋਲਨ ਵਿਚ ਮੋਬਾਈਲਾਂ ਜਾਂ ਲੈਪਟਾਪਾਂ ਰਾਹੀਂ ਕਲਾਸਾਂ ਲੈਂਦਿਆਂ ਦਿਖਾਈ ਦਿੱਤੇ। ਇਥੋਂ ਤੱਕ ਕਿ ਕਿਸਾਨੀ ਅੰਦੋਲਨ ਵਿਚ ਇਕ ਲਾਈਬ੍ਰੇਰੀ ਦੀ ਵੀ ਸਥਾਪਨਾ ਕੀਤੀ ਗਈ ਤਾਂ ਜੋ ਕਿਸਾਨ ਅੰਦੋਲਨ ਨਾਲ ਜੁੜੇ ਵਿਅਕਤੀ ਕਿਤਾਬਾਂ ਦੇ ਮਹੱਤਵ ਨੂੰ ਪਛਾਣਦੇ ਇਨ੍ਹਾਂ ਤੋਂ ਵੱਧ ਤੋਂ ਵੱਧ ਲਾਹਾ ਲੈ ਸਕਣ। ਕਿਸਾਨ ਅੰਦੋਲਨ ਵਿਚ ਔਰਤਾਂ ਦੀ ਭਾਗੀਦਾਰੀ ਨੇ ਨਾ ਸਿਰਫ਼ ਲਿੰਗਕ ਬਰਾਬਰੀ ਦਾ ਪ੍ਰਗਟਾਵਾ ਕੀਤਾ ਸਗੋਂ ਪੰਜਾਬੀ ਕਿਰਸਾਨੀ ਸਮਾਜ ਦੀਆਂ ਔਰਤਾਂ ਦੀ ਜਾਗਰੂਕਤਾ ਨੂੰ ਵਿਸ਼ਵ ਵਿਆਪੀ ਪੱਧਰ 'ਤੇ ਉਭਾਰਿਆ। ਕੁਲ ਮਿਲਾ ਕੇ ਕਿਸਾਨੀ ਅੰਦੋਲਨ ਨੇ ਉੱਤਰ ਆਧੁਨਿਕ ਦੌਰ ਵਿਚ ਬਦਲਦੇ ਜਾ ਰਹੇ ਪੰਜਾਬੀ ਕਿਸਾਨੀ ਸਮਾਜ ਦੀ ਦਿੱਖ ਨੂੰ ਮੁੜ ਸਕਾਰਾਤਮਕ ਰੂਪ ਵਿਚ ਬਹਾਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਡਾ. ਰਾਜਿੰਦਰਪਾਲ ਸਿੰਘ ਬਰਾੜ ਦਾ ਕਹਿਣਾ ਹੈ ਕਿ:-

> ਕਿਸਾਨ ਅੰਦੋਲਨ ਦੇ ਕਾਰਨ ਖੇਤੀ 'ਤੇ ਮਾਣ ਹੋਣ ਲੱਗਿਆ ਹੈ; ਕਿਰਤੀ ਹੋਣ 'ਤੇ ਮਾਣ ਹੋਣ ਲਗਿਆ ਹੈ। ਬੁਨਿਆਦੀ ਤੌਰ 'ਤੇ ਇਸ ਅੰਦੋਲਨ ਨੇ ਸਭਿਆਚਾਰਕ ਤੌਰ 'ਤੇ ਸਾਡੇ ਸਮਾਜ ਦੀਆਂ ਜਿਹੜੀਆਂ ਚੰਗੀਆਂ ਕਦਰਾਂ - ਕੀਮਤਾਂ ਸੀ ਜਿਵੇਂ ਬਜ਼ੁਰਗਾਂ ਦਾ ਸਤਿਕਾਰ, ਲੰਗਰ ਪ੍ਰਥਾ ਅਤੇ ਔਰਤ ਦਾ ਸਤਿਕਾਰ ਆਦਿ ਕਦਰਾਂ - ਕੀਮਤਾਂ ਨੂੰ ਪੁਨਰ-ਜਾਗਰਿਤ ਕੀਤਾ ਹੈ।[32]

ਪਰੰਤੂ ਅਜੇ ਵੀ ਗ਼ਰੀਬ ਕਿਸਾਨ ਤੰਗੀਆਂ ਤੁਰਸ਼ੀਆਂ ਵਾਲਾ ਜੀਵਨ ਬਤੀਤ ਕਰ ਰਿਹਾ ਹੈ। ਕਿਸਾਨੀ ਵਿਚ ਮੁਨਾਫ਼ਿਆਂ ਦੀ ਘਾਟ ਲਈ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦੀ ਅਜੇ ਵੀ ਲੋੜ ਹੈ। ਖੇਤੀ-ਬਾੜ੍ਹੀ ਦੇ ਆਰਥਕ ਸੰਕਟ ਤੋਂ ਨਜਿੱਠਣ ਲਈ ਜ਼ਰੂਰੀ ਹੈ ਕਿ ਸਰਕਾਰ ਵੱਲੋਂ ਕਿਰਸਾਨੀ ਨੂੰ ਲਾਹੇਵੰਦ ਕਿੱਤਾ ਬਣਾਉਣ ਲਈ ਯਤਨ ਕੀਤੇ ਜਾਣ। ਕਿਸਾਨਾਂ ਦੀ ਘੱਟੋ-ਘੱਟ ਇਤਨੀ ਆਮਦਨ ਜ਼ਰੂਰ ਸੁਨਿਸ਼ਚਿਤ ਕੀਤੀ ਜਾਏ ਜਿਸ ਰਾਹੀਂ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋ ਸਕਣ। ਕਿਸਾਨਾਂ ਲਈ ਅਤੇ ਉਨ੍ਹਾਂ ਦੇ ਬੱਚਿਆਂ ਲਈ ਮੁਫਤ ਵਿਦਿਆ ਦਾ ਪ੍ਰਬੰਧ ਕੀਤਾ ਜਾਏ। ਸਰਕਾਰ ਵੱਲੋਂ ਇਹ ਸੁਨਿਸ਼ਚਿਤ ਕੀਤਾ ਜਾਏ ਕਿ ਕਿਸਾਨਾਂ ਲਈ

ਨਿਰਧਾਰਿਤ ਸਬਸੀਡੀਆਂ ਅਤੇ ਕਿਸਾਨ ਵਿਕਾਸ ਯੋਜਨਾਵਾਂ ਦਾ ਲਾਭ ਹਰ ਕਿਸਾਨ ਨੂੰ ਮਿਲ ਸਕੇ। ਆਪਦਾ ਵੇਲੇ ਸਰਕਾਰ ਅਤੇ ਕਿਸਾਨ ਜੱਥੇਬੰਦੀਆਂ ਵੱਲੋਂ ਕਿਸਾਨਾਂ ਦੀ ਯੋਗ ਮਦਦ ਕੀਤੀ ਜਾਏ। ਇਸ ਲਈ, ਮੀਡੀਆ ਦੇ ਮਾਧਿਅਮ ਰਾਹੀਂ, ਖੇਤੀਬਾੜੀ ਵਿਗਿਆਨੀਆਂ ਦੇ ਸੁਝਾਵਾਂ ਨੂੰ ਵੀ ਪੇਸ਼ ਕੀਤਾ ਜਾਏ। ਸਾਡੇ ਕਈ ਪੰਜਾਬੀ ਅਖ਼ਬਾਰ ਹਾਲਾਂਕਿ ਇਸ ਖੇਤਰ ਵੱਲ ਕਾਰਜਸ਼ੀਲ ਹਨ। ਪਰੰਤੂ ਪ੍ਰਿੰਟ ਮੀਡੀਆ ਦੇ ਨਾਲ ਨਾਲ ਇਲੈਕਟ੍ਰਾਨਿਕ ਮੀਡੀਆ ਨੂੰ ਵੀ ਇਸ ਪ੍ਰਕਾਰ ਦੇ ਕੁਝ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ। ਜਦੋਂ ਤਕਨਾਲੌਜੀ ਨੂੰ ਖੇਤੀਬਾੜੀ ਦੇ ਧੰਦੇ ਨਾਲ ਜੋੜਿਆ ਜਾਏਗਾ ਵੱਡੀ ਗਿਣਤੀ ਵਿਚ ਕਿਸਾਨਾਂ ਨੂੰ ਕੰਪਿਊਟਰ ਸਿੱਖਿਅਤ ਕੀਤਾ ਜਾਏਗਾ ਤਾਂ ਨਿਸ਼ਚੇਪੂਰਵਕ ਹੀ ਕਿਸਾਨਾਂ ਦੀ ਸਮਾਜਕ ਸਥਿਤੀ ਨੂੰ ਵੀ ਸੁਧਾਰਿਆ ਜਾ ਸਕੇਗਾ ਅਤੇ ਮੁੜ ਪੰਜਾਬੀ ਸਭਿਆਚਾਰ ਵਿਚ ਉਨ੍ਹਾਂ ਦਾ ਪ੍ਰਫੁੱਲਿਤ ਮੁਹਾਂਦਰਾ ਮੁੜ ਬਹਾਲ ਕੀਤਾ ਜਾ ਸਕੇਗਾ। ਭਾਵੇਂ ਮੀਡੀਆ ਕਿਸਾਨੀ ਦੀ ਈਮੇਜ਼ ਨੂੰ ਉਭਾਰਨ ਵਿਚ ਅਹਿਮ ਰੋਲ ਅਦਾ ਕਰ ਰਿਹਾ ਹੈ ਅਤੇ ਮੀਡੀਆ ਨੇ ਆਪਣੇ ਕਰੱਤਵ ਮੁਤਾਬਕ ਸੱਚ ਅਤੇ ਤੱਥ ਨੂੰ ਉਜਾਗਰ ਕਰਨਾ ਹੈ ਪਰੰਤੂ ਜ਼ਰੂਰੀ ਹੈ ਕਿ ਖੁਦਕੁਸ਼ੀਆਂ ਦੀਆਂ ਖਬਰਾਂ ਦੇਣ ਦੇ ਨਾਲ ਨਾਲ ਇਨ੍ਹਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਤੱਤਾਂ ਨੂੰ ਵੀ ਵਿਸਥਾਰ ਵਿਚ ਵਿਸ਼ਲੇਸ਼ਿਤ ਕੀਤਾ ਜਾਏ ਅਤੇ, ਨਾਲ ਹੀ, ਇਸ ਸੰਦਰਭ ਵਿਚ ਵਿਸ਼ੇਸ਼ਗਾਂ ਜਾਂ ਮਾਹਿਰਾਂ ਦੇ ਵਿਚਾਰਾਂ ਨੂੰ ਵੀ ਦਰਸ਼ਕਾਂ ਨਾਲ ਸਾਂਝਿਆ ਕੀਤਾ ਜਾਏ। ਅੰਤ ਵਿਚ ਇਸ ਸੰਬੰਧੀ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਦਾ ਜ਼ਿਕਰ ਕਰਨਾ ਜ਼ਰੂਰੀ ਜਾਪਦਾ ਹੈ ਜੋ ਕੁਝ ਹੱਦ ਤੱਕ ਅੱਜ ਦੇ ਸਮੇਂ ਵਿਚ ਵੀ ਢੁੱਕਵੀਂ ਹੈ। ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਗਰੀਬ ਕਿਰਸਾਨ' ਵਿਚ ਕਿਰਸਾਨੀ ਸੰਕਟ ਨੂੰ ਪੇਸ਼ ਕਰਕੇ, ਇਸ ਤੋਂ ਬਾਹਰ ਨਿਕਲਣ ਲਈ ਆਪਣੇ ਵਿਚਾਰ ਵੀ, ਨਿਮਨਅੰਕਿਤ ਤਰੀਕੇ ਨਾਲ ਪੇਸ਼ ਕੀਤੇ ਹਨ:-

*ਇਕ 'ਇਲਮ' ਦੀ ਊਣ ਹੈ, ਮੁੰਡੇ ਪੜ੍ਹਨੇ ਪਾਇ,*
*ਦੂਜਾ ਝੱਸ ਸ਼ਰਾਬ ਦਾ, ਇਸ ਤੋਂ ਜਾਨ ਛੁਡਾਇ ।*
*ਤੀਜਾ ਐਬ ਕੁਪੱਤ ਦਾ, ਖਹਿ ਖਹਿ ਮਰੋ ਭਰਾਇ,*
*ਫੇਰ ਮੁਕੱਦਮੇ ਲੜਦਿਆਂ, ਝੁੱਗਾ ਉਜੜ ਜਾਇ ।*
*ਪੰਜਵਾਂ ਚਸਕਾ ਕਰਜ਼ ਦਾ, ਵਾਹਣ ਛਡੇਂ ਤੂੰ ਖਾਇ,*
*ਪੰਜੇ ਭੈੜੀਆਂ ਵਾਦੀਆਂ, ਬਰਕਤ ਖੜਨ ਉਡਾਇ।*
*ਜੇ ਪੰਜਾਂ ਦੇ ਪੰਜਿਓਂ, ਪਾ ਜਾਵੇਂ ਛੁਟਕਾਰ,*
*ਫੇਰ ਜੇ ਪੂਰੀ ਨਾ ਪਏ(ਤਦ) *ਚਾਤ੍ਰਿਕ' ਜ਼ਿੰਮੇਵਾਰ।*[33]

## ਸਿੱਟੇ ਤੇ ਸਥਾਪਨਾਵਾਂ

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੇ ਇਸ ਦੌਰ ਵਿਚ ਕਿਰਸਾਨੀ ਜੀਵਨ ਦਾ ਮੁਹਾਂਦਰਾ ਬਹੁਤ ਬਦਲ ਗਿਆ ਹੈ। ਜਿਹੜਾ ਪੰਜਾਬੀ ਸਭਿਆਚਾਰ ਖੇਤੀਬਾੜੀ ਦੇ ਆਲੇ-ਦੁਆਲੇ ਆਪਣਾ ਰੂਪ ਧਾਰਦਾ ਸੀ ਜਿਸ ਦੀ ਖੁਸ਼ੀ ਅਤੇ ਗ਼ਮੀ ਦੇ ਪਲ, ਫਸਲਾਂ ਦੀ ਭਰਪੂਰਤਾ ਅਤੇ ਸੋਕੇ ਨਾਲ ਜੁੜੇ ਹੋਏ ਸਨ। ਅੱਜ ਉਸ ਸਭਿਆਚਾਰ ਵਿਚੋਂ ਖੇਤੀਬਾੜੀ ਸਮਾਜ ਲਗਭਗ ਅਲੋਪ ਹੋ ਚੁੱਕਿਆ ਹੈ। ਇਸ ਵੇਲੇ ਕਿਰਸਾਨੀ ਸੰਕਟ ਨਾਲ ਜੁੜੀਆਂ ਕਈ ਸਾਹਿਤਕ ਰਚਨਾਵਾਂ ਵੀ ਹੋਂਦ ਵਿਚ ਆ ਰਹੀਆਂ ਹਨ। ਜਿਥੇ ਪਹਿਲਾਂ ਲੋਕਧਾਰਾ, ਲੋਕਗੀਤਾਂ, ਅਖੌਤਾ ਅਤੇ ਮੁਹਵਾਰਿਆਂ ਆਦਿ ਵਿਚ ਖੇਤੀਬਾੜੀ ਦਾ ਖੁਸ਼ਹਾਲ ਰੂਪ ਉਜਾਗਰ ਹੁੰਦਾ ਸੀ, ਉਥੇ ਅੱਜ ਬਹੁਤੇ ਸਾਹਿਤ ਰੂਪਾਂ ਵਿਚ ਕਿਰਸਾਨੀ ਸਮਾਜ ਦੀ ਦੁਖਦ ਸਥਿਤੀ ਹੀ ਉਜਾਗਰ ਹੋ ਰਹੀ ਹੈ। ਅਸਲ ਵਿਚ 'ਕਿਰਸਾਨੀ ਸੰਕਟ' ਦੇ ਪਿੱਛੇ ਕਈ ਆਰਥਿਕ, ਸਮਾਜਕ ਅਤੇ ਸਭਿਆਚਾਰਕ ਪਹਿਲੂ ਕਾਰਜਸ਼ੀਲ ਹਨ। ਜਿਸ ਕਰਕੇ ਅੱਜ ਦਾ ਨੌਜਵਾਨ ਇਸ ਕਿੱਤੇ ਪ੍ਰਤਿ ਉਦਾਸੀਨਤਾ ਦਾ ਰੁਖ ਅਪਣਾ ਰਿਹਾ ਹੈ। ਆਰਥਿਕਤਾ ਦੇ ਇਸ ਸੰਕਟ 'ਚੋਂ ਉਭਰਣ ਲਈ ਜ਼ਰੂਰੀ ਹੈ ਕਿ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਘੱਟੋਂ ਘੱਟ ਇਤਨੀ ਆਮਦਨ ਨੂੰ ਸੁਨਿਸ਼ਚਿਤ ਕੀਤਾ ਜਾਵੇ ਜਿਸ ਰਾਹੀਂ ਉਹ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰ ਸਕਣ। ਉਨ੍ਹਾਂ ਲਈ ਸਬਸਿਡੀਆਂ ਅਤੇ ਯੋਜਨਾਵਾਂ ਬਣਾਈਆਂ ਜਾਣ ਅਤੇ ਕਿਸਾਨਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਵੀ ਸੁਨਿਸ਼ਚਿਤ

ਕੀਤਾ ਜਾਵੇ। ਕੁਦਰਤੀ ਆਪਦਾ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਸਰਕਾਰਾਂ ਵੱਲੋਂ ਅਤੇ ਕਿਸਾਨ ਜੱਥੇਬੰਦੀਆਂ ਵੱਲੋਂ ਯੋਜਨਾਵਾਂ ਬਣਾ ਕੇ, ਕਿਸਾਨਾਂ ਦੀ ਮਦਦ ਕੀਤੀ ਜਾਏ।ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ, ਮੀਡੀਆ ਦੇ ਮਾਧਿਅਮ ਰਾਹੀਂ, ਖੇਤੀਬਾੜੀ ਵਿਗਿਆਨੀਆਂ ਦੇ ਸੁਝਾਵਾਂ ਨੂੰ ਵੀ ਪੇਸ਼ ਕੀਤਾ ਜਾਏ।ਤਕਨਾਲੌਜੀ ਦੇ ਨਾਲ ਖੇਤੀ-ਬਾੜ੍ਹੀ ਨੂੰ ਜੋੜਿਆ ਜਾਏ, ਵੱਡੀ ਗਿਣਤੀ ਵਿਚ ਕਿਸਾਨਾਂ ਦੀ ਵਿਦਿਆ ਅਤੇ ਕੰਪਿਉਟਰ ਗਿਆਨ ਉਪਰ ਧਿਆਨ ਦਿਤਾ ਜਾਏ ਅਤੇ ਮੀਡੀਆ ਦੇ ਮਾਧਿਅਮ ਰਾਹੀਂ ਇਸ ਦਾ ਸਕਾਰਾਤਮਕ ਮੁਹਾਂਦਰਾ ਉਭਾਰਿਆ ਜਾਏ। ਕਿਰਸਾਨੀ ਸਮਾਜ ਦੀ ਤ੍ਰਾਸਦਕ ਸਥਿਤੀ ਪਿਛੇ ਕਾਰਜਸ਼ੀਲ ਇਨ੍ਹਾਂ ਤੱਥਾਂ ਨੂੰ ਵਿਸ਼ਲੇਸ਼ਿਤ ਕਰਕੇ ਸੁਲਝਾਉਣ ਦੇ ਯਤਨ ਕੀਤੇ ਜਾਣ ਅਤੇ ਨਾਲ ਹੀ, ਵਿਸ਼ਵੀਕਰਨ ਦੇ ਇਸ ਯੁਗ ਵਿਚ ਤਕਨਾਲੋਜੀ ਦੀ ਮਦਦ ਰਾਹੀਂ, ਪੰਜਾਬੀ ਸਭਿਆਚਾਰ ਵਿਚ ਕਿਰਸਾਨੀ ਸਮਾਜ ਪ੍ਰਤਿ ਇਕ ਸਕਾਰਾਤਮਕ ਬਿੰਬ ਉਭਾਰਿਆ ਜਾਏ ਅਤੇ ਕਿਸਾਨ ਦੇ ਗੁਆਚ ਗਏ ਸਮਾਜਕ-ਰੁਤਬੇ ਨੂੰ ਮੁੜ ਬਹਾਲ ਕਰਨ ਦੇ ਯਤਨ ਕੀਤੇ ਜਾਣ। ਭਾਵੇਂ ਕਿਸਾਨੀ ਅੰਦੋਲਨ ਨੇ ਕਿਸਾਨ ਸਮਾਜ ਦੇ ਮੁਹਾਂਦਰੇ ਨੂੰ ਮੁੜ ਸਕਾਰਾਤਮਕ ਰੂਪ ਵਿਚ ਤਬਦੀਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ ਪਰ ਅਜੇ ਵੀ ਇਸ ਮੁਹਾਂਦਰੇ ਨੂੰ ਹੋਰ ਉਸਾਰਨ ਦੀਆਂ ਕਈ ਸੰਭਾਵਨਾਵਾਂ ਮੌਜੂਦ ਹਨ।

## ਹਵਾਲੇ ਤੇ ਟਿੱਪਣੀਆਂ


1. ਜਸਵਿੰਦਰ ਸਿੰਘ (ਸੰਪਾ.), **ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ**, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2010, ਪੰਨਾ- 37-38.
2. Klain, Ernest, **A Comparative Etymological Dictionary of the English Language, Vol. 1**, Amsterdam, 1966, P- 383.
3. ਜਸਵਿੰਦਰ ਸਿੰਘ (ਡਾ.), **ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ**, ਗ੍ਰੇਸ਼ਿਅਸ ਬੁਕਜ਼, ਪਟਿਆਲਾ, 2014, ਪੰਨਾ- 7.
4. Sanyal, B.S., **Culture : an Introduction,** Asia Publishing House, New York, 1962, P-44.
5. ਫਰੈਂਕ, ਗੁਰਬਖਸ਼ ਸਿੰਘ, (ਡਾ.), **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2017, ਪੰਨਾ-16.
6. Tylor, Edward B., **Primitive Culture, Vol. 1**, Dover Publications Inc., New York, 2016, P.1.
7. **https://www.merriam-webster.com/dictionary/culture**
8. **https://www.encyclopedia.com/people/social-sciences-and-law/anthropology-biographies/bronislaw-malinowski.**
9. ਜਸਵਿੰਦਰ ਸਿੰਘ (ਡਾ.), **ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ**, ਉਹੀ, ਪੰਨਾ-1.
10. ਚਾਵਲਾ, ਕਰਤਾਰ ਸਿੰਘ, **ਪੰਜਾਬੀ ਲੋਕਯਾਨ ਅਤੇ ਸਭਿਆਚਾਰ**, ਸੁੰਧਰ ਦਾਸ ਐਂਡ ਸਨਜ਼, ਅੰਮ੍ਰਿਤਸਰ, 1988, ਪੰਨਾ-140.
11. ਸੰਧੂ, ਸਤਨਾਮ ਸਿੰਘ, ਖੇਤੀ-ਬਾੜੀ, **ਪੰਜਾਬੀ ਪੀਡੀਆ**
12. **ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਗ-595.
13. ਕਹਿਲ,ਹਰਕੇਸ਼ ਸਿੰਘ, **ਅਲੋਪ ਹੋ ਰਿਹਾ ਪੰਜਾਬ ਵਿਰਸਾ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-213.
14. ਵਿਰਦੀ, ਮਹਿੰਦਰ ਸਿੰਘ, **ਪੰਜਾਬ ਦੇ ਲੋਕਗੀਤਾਂ ਵਿਚ ਪੰਜਾਬੀ ਸਭਿਆਚਾਰ ਦਾ ਚਿਤਰਣ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-213
15. **ਉਹੀ**, ਪੰਨਾ -214.

16. **ਉਹੀ**, ਪੰਨਾ-216.
17. ਬਟਾਲਵੀ, ਸ਼ਿਵ ਕੁਮਾਰ, ਕਣਕਾਂ ਦੀ ਖਸ਼ਬੋ, **https://www.punjabi-kavita.com/MiscPoetry ShivKumarBatalvi.php**
18. ਚਾਤ੍ਰਿਕ, ਧਨੀ ਰਾਮ ਪੰਜਾਬੀ ਕਵਿਤਾ, **https://www.punjabi-kavita.com/Chandanwari Chatrik.php#chandan076.**
19. ਪੂਰਨ ਸਿੰਘ, (ਪ੍ਰੋ.), **ਖੁਲ੍ਹੇ ਮੈਦਾਨ**, ਮਨਜੀਤ ਸਿੰਘ (ਸੰਪਾ.), ਆਰਸੀ ਪਬਲਿਸ਼ਰਜ਼, 2004, ਪੰਨਾ-53.
20. ਪਾਸ਼, ਅਵਤਾਰ, **ਸੰਪੂਰਨ ਪਾਸ਼ ਕਾਵਿ**, ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ-124.
21. ਪਾਤਰ ਸੁਰਜੀਤ, ਪੰਛੀ ਤਾਂ ਉਡ ਗਏ ਨੇ, **https://www.punjabi-kavita.com/PunjabiPoetry SurjitPatar.php**
22. ਚਾਵਲਾ, ਕਰਤਾਰ ਸਿੰਘ, **ਉਹੀ**, ਪੰਨਾ-144.
23. ਵਿਰਦੀ, ਮਹਿੰਦਰ ਸਿੰਘ, **ਉਹੀ**, ਪੰਨਾ-218.
24. ਘੁਮਾਣ, ਜਰਨੈਲ ਸਿੰਘ, **http://www.5abi.com/kavita/002_kavita-080710.htm**
25. ਗਿਆਨ ਸਿੰਘ, (ਡਾ.), **ਕਿਸਾਨ ਖੁਦਕੁਸ਼ੀਆਂ : ਸਰਕਾਰ ਤੇ ਸਮਾਜ ਦੇ ਜਾਗਣ ਦਾ ਵੇਲਾ**, ਪੰਜਾਬੀ ਟ੍ਰਿਬਿਊਨ, 6 ਸਤੰਬਰ 2016.
26. ਜਸਵਿੰਦਰ ਸਿੰਘ (ਡਾ.), **ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ**, ਉਹੀ, ਪੰਨਾ-192.
27. Sahni, P. S., Ambassador (Ret.) Media and SAARC : Colombo SAARC Summit - 2008 in South Asia Defenceand Strategic Year Book - 2009 by Col. Harjeet Singh (Retd) (Ed.), Pentagon Press, Delhi, 2009, P-112.
28. ਵਿਰਦੀ, ਮਹਿੰਦਰ ਸਿੰਘ, **ਉਹੀ**, ਪੰਨਾ-220.
29. ਗਰਗ, ਭੀਮ ਰਾਜ, **ਪੰਜਾਬੀ ਸਿਨੇਮਾ ਦੀ ਪੌਣੀ ਸਦੀ**, 4 ਜੂਨ 2011.
30. Mrs. Vahini, Impact of mass media on the image formation of farmers among younger generation: case study of farmers' suicide news coverage among Karnataka news channels Assistant Professor, Department. **http://eprints-bangaloreuniversity.in/4695/**
31. **Ibid**
32. ਬਰਾੜ, ਰਾਜਿੰਦਰ ਪਾਲ ਸਿੰਘ, ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਦੁਆਰਾ ਆਯੋਜਿਤ ਵੈਬੀਨਾਰ, ਕਿਸਾਨ ਸੰਘਰਸ਼ ਦਾ ਪੰਜਾਬੀ ਸਭਿਆਚਾਰ ਉਪਰ ਪ੍ਰਭਾਵ, 27 ਦਸੰਬਰ 2020, **https://www.youtube.com/watch?v=WSIJnxYR8e4**
33. ਧਨੀ ਰਾਮ ਚਾਤ੍ਰਿਕ, ਚੰਦਨਵਾੜੀ-ਗਰੀਬ ਕਿਰਸਾਣ, **http://www.punjabi-kavita.com/Chandan wariChatrik.php#chandan070**


◈






# ਪੰਜਾਬੀ ਨਾਟਕ ਦੇ ਪਿਛੋਕੜ ਵਿਚ ਅੰਗਰੇਜ਼ੀ ਨਾਟਕ ਦਾ ਪਰਿਪੇਖ

## (ਸ਼ੈਕਸਪੀਅਰ ਅਤੇ ਜਾਰਜ ਬਰਨਾਰਡ ਸ਼ਾਅ ਦੇ ਵਿਸ਼ੇਸ਼ ਪ੍ਰਸੰਗ ਵਿਚ)



**ਡਾ. ਤਰਸਪਾਲ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਐੱਸ. ਡੀ. ਕਾਲਜ
ਬਰਨਾਲਾ
88476-57842
taraspalkaur@
gmail.com

ਅੰਗਰੇਜ਼ੀ ਸਾਮਰਾਜ ਨੇ ਭਾਰਤ ਨੂੰ ਆਪਣੀ ਬਸਤੀ ਬਣਾ ਕੇ ਕਰੀਬ ਦੋ ਸੌ ਸਾਲ ਇਸ ਉਪਰ ਰਾਜ ਕੀਤਾ। 1849 ਈ. ਵਿਚ ਪੰਜਾਬ ਅੰਗਰੇਜ਼ੀ ਸਾਮਰਾਜ ਦਾ ਇਕ ਹਿੱਸਾ ਬਣ ਗਿਆ। ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਰਾਜ-ਪ੍ਰਬੰਧ, ਆਰਥਿਕਤਾ ਤੇ ਖਾਸ ਕਰ ਸਾਹਿਤ ਉੱਤੇ ਵੱਡੀ ਪੱਧਰ ਦੀਆਂ ਤਬਦੀਲੀਆਂ ਆਈਆਂ। ਇਹ ਸੁਭਾਵਿਕ ਹੈ ਜਦੋਂ ਕਿਸੇ ਹੋਰ ਸਭਿਆਚਾਰ ਜਾਂ ਰਾਜਨੀਤੀ ਦਾ ਆਪਣੇ ਸਭਿਆਚਾਰ ਜਾਂ ਰਾਜਨੀਤੀ ਵਿਚ ਰਲੇਵਾਂ ਹੁੰਦਾ ਹੈ ਤਾਂ ਸਹਿਜੇ ਹੀ ਸਾਹਿਤ ਵੀ ਸਮੇਂ ਦੀਆਂ ਸਥਿਤੀਆਂ ਅਨੁਸਾਰ ਉਹੋ ਜਿਹਾ ਪ੍ਰਭਾਵ ਗ੍ਰਹਿਣ ਕਰਦਾ ਹੈ।

ਸਾਹਿਤ ਦੀ ਕਿਸੇ ਵਿਧਾ ਦੀ ਉਤਪਤੀ ਦੇ ਸੰਦਰਭ ਵਿਚ ਜੇਕਰ ਜਾਣਨਾ ਹੋਵੇ ਤਾਂ ਉਸ ਨਾਲ ਸਬੰਧਿਤ ਪਰਿਸਥਿਤੀਆਂ ਅਤੇ ਕਾਰਨਾਂ ਦਾ ਅਧਿਐਨ ਜ਼ਰੂਰੀ ਹੁੰਦਾ ਹੈ। ਪੰਜਾਬੀ ਨਾਟਕ ਦੀ ਉਤਪਤੀ ਜਾਂ ਇਸ 'ਤੇ ਪਏ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਇਸਦੇ ਪਿਛੋਕੜ ਵਿਚ ਪੱਛਮੀ ਤੇ ਭਾਰਤੀ ਵਿਸ਼ਿਸ਼ਟ ਨਾਟਕ ਪਰੰਪਰਾਵਾਂ ਵੀ ਪਈਆਂ ਹਨ, ਲੋਕ-ਨਾਟ ਪਰੰਪਰਾ ਦਾ ਵਿਰਸਾ ਵੀ, ਪਾਰਸੀ ਥੀਏਟਰ ਦੇ ਪ੍ਰਭਾਵ ਨਾਲ ਉਭਰਿਆ ਮੁਢਲਾ ਪੰਜਾਬੀ ਰੰਗ ਮੰਚ ਵੀ ਹੈ ਅਤੇ ਪੱਛਮੀ ਵਿੱਦਿਆ ਤੇ ਚੇਤਨਾ ਦੇ ਸੰਸਕਾਰਾਂ ਨਾਲ ਉਭਰਿਆ ਸਮਕਾਲੀ ਭਾਰਤੀ ਭਾਸ਼ਾਵਾਂ ਦੇ ਨਾਟਕ ਦਾ ਉਹ ਪਰਿਪੇਖ ਵੀ ਹੈ ਜਿਸ ਦੇ ਪ੍ਰਭਾਵ ਹੇਠ ਆਧੁਨਿਕ ਪੰਜਾਬੀ ਨਾਟਕ ਫੈਲ ਕੇ ਸਾਹਮਣੇ ਆਇਆ। ਇਸ ਸਬੰਧੀ ਜੇ.ਐੱਸ. ਗਰੇਵਾਲ ਦੀ ਧਾਰਨਾ ਹੈ ਕਿ ਪੰਜਾਬ ਵਿਚ ਪਿਛਲੀ ਉਨੀਵੀਂ ਅਤੇ ਮੁਢਲੀ ਵੀਹਵੀਂ ਸਦੀ ਵਿਚ ਬਸਤੀਵਾਦ ਸ਼ਾਸ਼ਨ ਦੌਰਾਨ ਜਿੰਨਾ ਮਹੱਤਵ ਰਾਜਨੀਤਕ, ਸਮਾਜਕ, ਧਾਰਮਿਕ ਗਤੀਵਿਧੀਆਂ ਨੂੰ ਮਿਲਿਆ ਓਨਾ ਹੀ ਸਭਿਆਚਾਰ ਪ੍ਰਤੀ ਹਾਂ ਪੱਖੀ ਨਜ਼ਰੀਆ ਵੀ ਆਪਣੇ ਆਪ ਵਿਚ ਉਭਰਿਆ ਜੋ ਕਿ ਸਾਹਿਤ ਪ੍ਰਤੀ ਪੁਨਰ ਵਿਸ਼ਵਾਸ ਦੀ ਸਥਾਪਨਾ ਅਤੇ ਨਵੇਂ ਸਾਹਿਤਕ ਰੂਪਾਂ ਦੀ ਉਤਪਤੀ ਸੀ।[1]

ਪੰਜਾਬੀ ਨਾਟਕ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਇਹ ਕੇਵਲ ਸਮਕਾਲੀ ਭਾਸ਼ਾਵਾਂ ਦੇ ਨਾਲ ਹੀ ਨਹੀਂ ਤੁਰਿਆ ਬਲਕਿ ਵਿਸ਼ਵ ਪੱਧਰ ਦੇ ਨਾਟਕ ਦੀ ਤੋਰ ਦੇ ਹਾਣ ਦਾ ਹੋਣ ਲਈ ਵੀ ਹਮੇਸ਼ਾ ਯਤਨਸ਼ੀਲ ਰਿਹਾ ਹੈ। ਪੰਜਾਬ ਵਿਚ ਅੰਗਰੇਜ਼ਾਂ ਦੀ ਆਮਦ (1849) ਤੋਂ ਬਾਅਦ 1850-1900 ਈ. ਦੇ ਸਮੇਂ ਦੌਰਾਨ ਈਸਾਈ ਮਿਸ਼ਨਰੀਆਂ ਅਤੇ ਸਿੰਘ ਸਭਾ ਲਹਿਰ ਦੇ ਵਿਕਾਸ ਨਾਲ ਕ੍ਰਾਂਤੀ ਦਾ ਦੌਰ ਚੱਲਿਆ। ਫਿਰ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਨਵੇਂ-ਨਵੇਂ ਸਾਹਿਤ ਰੂਪਾਂ ਦਾ ਵਿਕਾਸ ਹੋਇਆ। ਨਾਲ ਹੀ ਨਾਟਕ ਵਰਗੀ ਸਾਹਿਤਕ ਵਿਧਾ 'ਤੇ ਅੰਗਰੇਜ਼ੀ ਪ੍ਰਭਾਵ ਆਉਣ ਨਾਲ ਪੰਜਾਬੀ ਨਾਟਕ ਦੇ ਵਿਕਾਸ ਦਾ ਮੁੱਢ ਬੱਝਣ ਲੱਗ ਪਿਆ। ਪੰਜਾਬੀ ਨਾਟਕ ਦੀ ਉਤਪਤੀ ਤੇ ਨਾਟਕ ਦੇ ਵਿਕਾਸ ਦਾ ਸਿੱਧਾ ਸਬੰਧ ਪੱਛਮੀ

ਵਿੱਦਿਆ ਦੇ ਪ੍ਰਭਾਵ ਨਾਲ ਹੈ। ਅੰਗਰੇਜ਼ੀ ਭਾਸ਼ਾ ਰਾਹੀਂ ਆਈ ਪੱਛਮੀ ਵਿੱਦਿਆ ਅਤੇ ਚਿੰਤਨ ਦੇ ਪ੍ਰਭਾਵ ਹੇਠ ਹੀ ਅੰਗਰੇਜ਼ੀ, ਸੰਸਕ੍ਰਿਤ ਨਾਟਕਾਂ ਦਾ ਪੰਜਾਬੀ ਵਿਚ ਅਨੁਵਾਦ ਹੋਇਆ। 'ਸੰਸਕ੍ਰਿਤ ਨਾਟ ਪਰੰਪਰਾ' ਪੰਜਾਬੀ ਨਾਟਕ ਦੇ ਪਹਿਲੇ ਦੌਰ ਦੀ ਮੁਢਲੀ ਉਪਜਾਇਕ ਸ਼ਕਤੀ ਹੈ। ਪੰਜਾਬੀ ਭਾਸ਼ਾ ਦੀ ਨਾਟਕ ਰਚਨਾ ਦੇ ਮੁਢਲੇ ਯਤਨ ਸੰਸਕ੍ਰਿਤ ਨਾਟਕਾਂ ਦੇ ਅਨੁਵਾਦ ਵਜੋਂ ਸਾਹਮਣੇ ਆਏ ਇਸ ਦਾ ਸਿਖਰ 1899 ਵਿਚ ਚਰਨ ਸਿੰਘ ਦੁਆਰਾ ਕਾਲੀ ਦਾਸ ਦੇ ਨਾਟਕ 'ਸ਼ਕੁੰਤਲਾ' ਦਾ ਅਨੁਵਾਦ ਹੈ। ਇਸ ਅਨੁਵਾਦਿਤ ਨਾਟਕ ਨੂੰ ਪੰਜਾਬੀ ਨਾਟਕ ਦੇ ਆਰੰਭਿਕ ਦੌਰ ਦਾ ਪਹਿਲਾ ਨਾਟਕੀ ਉੱਦਮ ਮੰਨਿਆ ਗਿਆ ਹੈ।

ਜਿੱਥੋਂ ਤੱਕ ਅੰਗਰੇਜ਼ੀ ਨਾਟਕ ਦੇ ਸਿੱਧੇ ਤੌਰ 'ਤੇ ਪੰਜਾਬੀ ਨਾਟਕ ਦੀ ਉਤਪਤੀ ਤੇ ਵਿਕਾਸ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਹੈ ਤਾਂ ਇਸ ਦਾ ਆਰੰਭ ਉਦੋਂ ਹੀ ਹੋ ਗਿਆ ਸੀ ਜਦੋਂ 1849 ਵਿਚ ਅੰਗਰੇਜ਼ਾਂ ਦੇ ਪੰਜਾਬ 'ਤੇ ਕਾਬਜ਼ ਹੋਣ ਉਪਰੰਤ ਅੰਗਰੇਜ਼ੀ ਨਾਟਕ ਖੇਡਣ ਵਾਲੀਆਂ ਪੇਸ਼ੇਵਰ ਨਾਟ-ਮੰਡਲੀਆਂ ਦੇ ਅਸਰ ਹੇਠ ਹਿੰਦੁਸਤਾਨ ਵਿਚ ਵੀ ਨਾਟਕ ਖੇਡਣ ਵਾਲੀਆਂ ਵਪਾਰਕ ਨਾਟ-ਮੰਡਲੀਆਂ ਸਥਾਪਿਤ ਹੋ ਗਈਆਂ। ਜਿਹੜੀਆਂ ਪਾਰਸੀ ਥੀਏਟਰ ਦੇ ਨਾਂ ਹੇਠ ਵਿਕਸਿਤ ਹੋਈਆਂ। ਇਉਂ ਪੰਜਾਬ ਵਿਚ ਪਾਰਸੀ ਨਾਟਕ ਕੰਪਨੀਆਂ ਦੇ ਆਉਣ ਨਾਲ ਪੰਜਾਬੀ ਨਾਟਕ ਦੇ ਪੈਦਾ ਹੋਣ ਦੀ ਪ੍ਰੇਰਨਾ ਪ੍ਰਾਪਤ ਹੋਈ ਸੀ। ਇਨ੍ਹਾਂ ਕੰਪਨੀਆਂ ਦੇ ਪ੍ਰਭਾਵ ਹੇਠ ਪੰਜਾਬੀਆਂ ਨੇ ਨਾਟਕ ਲਿਖੇ। ਜੇ.ਐੱਸ. ਗਰੇਵਾਲ ਅਨੁਸਾਰ ਗਿਆਨੀ ਦਿੱਤ ਸਿੰਘ ਦਾ 'ਰਾਜ ਪ੍ਰਬੋਧ' ਨਾਟਕ 1890 ਵਿਚ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ, ਬਹੁਤ ਸਾਰੇ ਖੋਜੀਆਂ ਅਤੇ ਇਤਿਹਾਸਕਾਰਾਂ ਵੱਲੋਂ ਆਧੁਨਿਕ ਪੰਜਾਬੀ ਸਾਹਿਤ ਵਿਚ ਪਹਿਲਾ ਨਾਟਕ ਮੰਨਿਆ ਜਾਂਦਾ ਹੈ।[2]

ਇਸ ਉਪਰੰਤ 1895 ਵਿਚ ਮਖਮੂਰ ਚੰਦ ਨੇ ਨਾਟਕ 'ਸ਼ਰਾਬ ਕੌਰ' ਰਚਿਆ। ਇਸ ਤੋਂ ਬਾਅਦ 1904 ਈ. ਵਿਚ ਮੋਹਨ ਸਿੰਘ ਵੈਦ ਨੇ 'ਬਿਰਧ ਵਿਆਹ ਦੁਰਦਸ਼ਾ' ਨਾਟਕ ਛਪਵਾਇਆ। 1909 ਈ. ਵਿਚ ਬਾਵਾ ਬੁੱਧ ਸਿੰਘ ਦੇ ਨਾਟਕ 'ਚੰਦਰ ਹਰੀ' ਦਾ ਜ਼ਿਕਰ ਆਉਂਦਾ ਹੈ। ਬਾਵਾ ਬੁੱਧ ਸਿੰਘ ਨੇ 'ਚੰਦਰ ਹਰੀ' ਨੂੰ ਐਕਟਾਂ, ਦ੍ਰਿਸ਼ਾਂ ਵਿਚ ਵੰਡਿਆ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹ ਪੱਛਮੀ ਨਾਟਕ ਤੋਂ ਪ੍ਰਭਾਵਿਤ ਸਨ। ਇਸ ਦੇ ਬਾਅਦ 1910 ਵਿਚ ਹੀ ਭਾਈ ਵੀਰ ਸਿੰਘ ਨੇ ਧਰਮ ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਨਾਟਕ 'ਰਾਜਾ ਲਖਦਾਤਾ ਸਿੰਘ' ਲਿਖਿਆ।

ਲੇਕਿਨ ਤੱਥ ਇਹ ਹੈ ਕਿ ਪੱਛਮੀ ਵਿਸ਼ੇਸ਼ਕਰ ਅੰਗਰੇਜ਼ੀ ਨਾਟਕ ਦੇ ਪ੍ਰਭਾਵ ਹੇਠ ਆਧੁਨਿਕ ਭਾਂਤ ਦੇ ਨਾਟਕ ਦਾ ਆਰੰਭ ਆਇਰਿਸ਼ ਲੇਡੀ ਨੌਰਾ ਰਿਚਰਡਜ਼ ਦੀ ਪ੍ਰੇਰਨਾ ਨਾਲ ਈਸ਼ਵਰ ਚੰਦਰ ਨੰਦਾ ਦੇ ਨਾਟਕ ਦੁਲਹਨ (ਸੁਹਾਗ) ਨਾਲ ਹੋਇਆ। ਇਉਂ ਈਸ਼ਵਰ ਚੰਦਰ ਨੰਦਾ ਰਾਹੀਂ ਆਰੰਭ ਹੋਏ ਆਧੁਨਿਕ ਨਾਟਕ ਤੋਂ ਪਹਿਲਾਂ ਅਨੁਵਾਦਿਤ ਨਾਟਕਾਂ ਦਾ ਉਲੇਖ ਕਰਨਾ ਵੀ ਜ਼ਰੂਰੀ ਹੈ। ਇਨ੍ਹਾਂ ਨਾਟਕਕਾਰਾਂ ਨੇ ਪੰਜਾਬੀ ਨਾਟਕ ਦਾ ਮੁੱਢ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਹੀ ਬੰਨ੍ਹਿਆ। ਇਹ ਨਾਟਕ ਜਿੱਥੇ ਪੰਜਾਬੀ ਵਿਚ ਨਾਟਕੀ ਪਰੰਪਰਾ ਕਾਇਮ ਕਰਨ ਦੇ ਸਰੋਕਾਰ ਉੱਤੇ ਝਾਤ ਪਵਾਉਂਦੇ ਹਨ। ਨਾਲ ਹੀ ਇਸ ਤੱਥ ਨੂੰ ਵੀ ਦਰਸਾਉਂਦੇ ਹਨ ਕਿ ਇਸ ਪਰੰਪਰਾ ਨੂੰ ਕਾਇਮ ਕਰਨ ਲਈ ਅੰਗਰੇਜ਼ੀ ਅਤੇ ਸੰਸਕ੍ਰਿਤ ਦੇ ਮੌਲਿਕ ਨਾਟਕਾਂ ਦਾ ਪੰਜਾਬੀ ਵਿਚ ਅਨੁਵਾਦ ਕਰਨ ਦਾ ਹੀ ਕੰਮ ਲਿਆ ਗਿਆ। ਜਿਹੜੇ ਲੇਖਕ ਅੰਗਰੇਜ਼ੀ ਭਾਸ਼ਾ ਤੋਂ ਜਾਣੂ ਸਨ, ਉਨ੍ਹਾਂ ਨੇ ਅੰਗਰੇਜ਼ੀ ਦੇ ਨਾਟਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਕੜੀ ਵਿਚ ਧਨੀ ਰਾਮ ਚਾਤ੍ਰਿਕ ਨੇ ਸ਼ੈਕਸਪੀਅਰ ਦੇ ਨਾਟਕ 'ਓਥੈਲੋ' ਨੂੰ 1904 ਈ. ਵਿਚ ਅਨੁਵਾਦ ਕਰਨ ਦਾ ਅਧੂਰਾ ਜਿਹਾ ਯਤਨ ਕੀਤਾ। ਬਾਅਦ ਵਿਚ ਸ਼ੈਕਸਪੀਅਰ ਦੇ ਇਸੇ ਨਾਟਕ ਦੇ ਅਨੁਵਾਦ ਨੂੰ 1911 ਈ. ਵਿਚ ਸੇਵਾ ਸਿੰਘ ਨੇ ਸੰਪੂਰਨ ਕੀਤਾ। ਇਸੇ ਸਾਲ ਸ਼ੈਕਸਪੀਅਰ ਦੇ ਇਕ ਹੋਰ ਨਾਟਕ 'ਕਾਮੇਡੀ ਆਫ਼ ਐਰਰ' ਨੂੰ 'ਭੂਲ-ਭੁਲੱਈਆ' ਨਾਂ ਦੇ ਨਾਟਕ ਹੇਠ ਪ੍ਰਕਾਸ਼ਿਤ ਕੀਤਾ। ਇਸ ਅਨੁਵਾਦ-ਪ੍ਰਕ੍ਰਿਆ ਤੋਂ ਪ੍ਰਭਾਵਿਤ ਹੋ ਕੇ ਆਈ.ਸੀ. ਨੰਦਾ ਨੇ ਸ਼ੈਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੀਨਸ' ਨੂੰ ਆਧਾਰ ਬਣਾ ਕੇ 'ਸ਼ਾਮੂ ਸ਼ਾਹ' ਨਾਟਕ ਦੀ ਰਚਨਾ ਕੀਤੀ। ਨੰਦਾ ਦਾ ਇਹ ਕਾਰਜ ਉਸ ਦੇ ਪੂਰਵਲੇ ਨਾਟਕਕਾਰਾਂ ਦੇ ਨਾਟਕਾਂ ਦੇ ਅਨੁਵਾਦ ਵਿਚੋਂ ਵਿਲੱਖਣ ਸੀ।

ਜੇ ਅਸੀਂ ਪੰਜਾਬੀ ਨਾਟਕ ਉੱਤੇ ਸਿੱਧੇ ਰੂਪ ਵਿਚ ਅੰਗਰੇਜ਼ੀ ਨਾਟਕ ਦੇ ਪ੍ਰਭਾਵ ਦੀ ਗੱਲ ਵਿਚਾਰੀਏ ਤਾਂ ਆਈ.ਸੀ. ਨੰਦਾ ਪਹਿਲਾ ਨਾਟਕਕਾਰ ਹੈ ਜਿਸਨੇ ਪਹਿਲਾ ਮੌਲਿਕ ਨਾਟਕ 'ਦੁਲਹਨ' 1913 ਈ. ਵਿਚ ਲਿਖਿਆ। ਮਿਸਿਜ਼ ਨੌਰਾ ਰਿਚਰਡਜ਼ ਜਿਹੜੀ ਆਇਰਿਸ਼ ਲੇਡੀ ਸੀ ਅਤੇ ਯਥਾਰਥਵਾਦੀ ਨਾਟਕ ਪਰੰਪਰਾ ਤੋਂ ਜਾਣੂ ਸੀ, ਦੇ ਪ੍ਰਭਾਵ ਅਧੀਨ ਆਈ.ਸੀ. ਨੰਦਾ ਨੇ ਪੱਛਮੀ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਖਾਸ ਕਰਕੇ ਵਿਲੀਅਮ ਸ਼ੈਕਸਪੀਅਰ ਦੇ ਨਾਟਕਾਂ ਦਾ ਅਧਿਐਨ ਕੀਤਾ। ਸੋ ਪੱਛਮ ਦੀ ਪੈਦਾਇਸ਼ ਵਿਲੀਅਮ ਸ਼ੈਕਸਪੀਅਰ

(16ਵੀਂ ਸਦੀ) ਅਤੇ ਬਰਨਾਰਡ ਸ਼ਾਅ (20ਵੀਂ ਸਦੀ) ਭਾਰਤੀ ਚਿੰਤਕਾਂ ਦੇ ਮਨਾਂ 'ਤੇ ਅਜਿਹਾ ਪ੍ਰਭਾਵ ਪਾਉਂਦੇ ਹਨ ਕਿ ਪੰਜਾਬੀ ਨਾਟਕ ਵਿਚ ਇਕ ਨਵਾਂ ਮੋੜ ਆਉਂਦਾ ਹੈ। ਸ਼ੈਕਸਪੀਅਰ ਇਸ ਕਰਕੇ ਕਿਉਂਕਿ ਭਾਰਤ ਵਿਚ ਅੰਗਰੇਜ਼ੀ ਸਿੱਖਿਆ ਦੇ ਪਾਸਾਰ ਨਾਲ ਸ਼ੈਕਸਪੀਅਰ ਭਾਰਤੀ ਸਕੂਲਾਂ ਕਾਲਜਾਂ ਵਿਚ ਪੜ੍ਹਾਇਆ ਜਾਣਾ ਸ਼ੁਰੂ ਹੋ ਗਿਆ, ਦੂਸਰੇ ਪਾਸੇ ਬਰਨਾਰਡ ਸ਼ਾਅ ਇਸ ਕਰਕੇ ਕਿ 20ਵੀਂ ਸਦੀ ਦਾ ਸਮਾਂ ਸਮਾਜਵਾਦੀ ਤੇ ਯਥਾਰਥਵਾਦੀ ਲਹਿਰਾਂ ਦੇ ਪ੍ਰਭਾਵ ਅਧੀਨ ਆ ਰਿਹਾ ਸੀ। ਇਸੇ ਦੌਰ ਵਿਚ ਭਾਰਤ ਵਿਚ ਆਜ਼ਾਦੀ ਲਈ ਸੰਘਰਸ਼ ਵੀ ਜ਼ੋਰ ਫੜ ਰਿਹਾ ਸੀ।

ਯੂਨਾਨੀ ਨਾਟ-ਪਰੰਪਰਾ ਤੋਂ ਬਾਅਦ ਅੰਗਰੇਜ਼ੀ ਸਾਹਿਤ ਦੇ ਮੱਧਕਾਲੀ (16ਵੀਂ-17ਵੀਂ ਸਦੀ) ਪੀਰੀਅਡ ਵਿਚ ਵਿਲੀਅਮ ਸ਼ੈਕਸਪੀਅਰ ਹੀ ਆਪਣੇ ਕਾਲ ਦਾ ਪ੍ਰਸਿੱਧ ਨਾਟਕਕਾਰ ਰਿਹਾ ਹੈ। ਜਿਸ ਨੇ ਆਉਣ ਵਾਲੀਆਂ ਸਦੀਆਂ ਦੇ ਨਾਟਕ ਤੇ ਪ੍ਰਭਾਵ ਪਾਇਆ। ਆਈ.ਸੀ. ਨੰਦਾ ਦਾ ਨਾਟਕੀ ਅਨੁਭਵ ਸ਼ੈਕਸਪੀਅਰ ਦੇ ਅਧਿਐਨ ਨਾਲ ਹੀ ਜੁੜਦਾ ਹੈ। ਨੰਦਾ ਨੇ ਆਪਣੇ ਵਿਦਿਆਰਥੀ ਜੀਵਨ ਵਿਚ ਸ਼ੈਕਸਪੀਅਰ ਦੇ ਨਾਟਕ 'ਐਜ਼ ਯੂ ਲਾਈਕ ਇਟ' (As You Like It) ਵਿਚ 'ਰੋਜ਼ਾਲਿੰਡ' ਦੀ ਭੂਮਿਕਾ ਨਿਭਾਈ ਸੀ। ਸੰਸਕ੍ਰਿਤ ਨਾਟਕ ਦੀ ਪਰੰਪਰਾ ਨਾਲ ਉਸਦੀ ਕੋਈ ਜਾਣ-ਪਹਿਚਾਣ ਨਹੀਂ ਸੀ। ਸੋ ਉਸ ਨੇ ਆਪਣੀ ਨਾਟਕੀ ਪ੍ਰਤਿਭਾ ਦੇ ਵਿਕਾਸ ਲੋਕ-ਨਾਟਕ ਅਤੇ ਅੰਗਰੇਜ਼ੀ ਨਾਟਕ ਦੀਆਂ ਵਿਧਾਗਤ ਰੀਤੀਆਂ ਨੂੰ ਅਪਣਾਇਆ। ਉਸ ਦੀ ਮੌਲਿਕ ਪ੍ਰਤਿਭਾ ਨੇ ਉਸ ਨੂੰ ਅਨੁਵਾਦਿਤ ਨਾਟਕਾਂ ਦੀ ਥਾਂ ਮੌਲਿਕ ਨਾਟਕ ਲਿਖਣ ਲਈ ਪ੍ਰੇਰਿਆ ਪਰੰਤੂ ਜਿਹੜੇ ਉਸ ਨੇ 'ਮਰਚੈਂਟ ਆਫ਼ ਵੀਨਸ' ਦੇ ਆਧਾਰ 'ਤੇ 'ਸ਼ਾਮੂ ਸ਼ਾਹ' ਨਾਂ ਅਧੀਨ ਜਿਹੜਾ ਨਾਟਕ ਲਿਖਿਆ, ਇਹ ਉਸ ਦੀ ਮੌਲਿਕ ਪ੍ਰਤਿਭਾ ਦਾ ਹੀ ਠੋਸ ਪ੍ਰਮਾਣ ਹੈ। ਡਾ. ਸਬਿੰਦਰਜੀਤ ਸਿੰਘ ਸਾਗਰ ਦਾ ਵਿਚਾਰ ਹੈ ਕਿ ਇਉਂ ਪੰਜਾਬੀ ਨਾਟਕ ਵਿਚ ਜੋ ਪਰਿਵਰਤਨ ਵਾਪਰਿਆ ਉਸ ਦਾ ਪ੍ਰਤੀਨਿਧੀ ਈਸ਼ਵਰ ਚੰਦਰ ਨੰਦਾ ਹੀ ਸੀ। ਉਸ ਨੇ ਐਬੇ ਥੀਏਟਰ ਦੀ ਪਹੁੰਚ ਅਤੇ ਜੀਵਨ ਪ੍ਰਤੀ ਯਥਾਰਥ ਪਹੁੰਚ ਤੋਂ ਪ੍ਰਭਾਵਿਤ ਹੋ ਕੇ ਨਾਟਕ ਲਿਖੇ। ਪੱਛਮੀ ਵਿਚਾਰਾਂ ਦੇ ਪ੍ਰਭਾਵ ਅਧੀਨ ਸ਼ੌਕੀਆ ਰੰਗ ਮੰਚ ਦੇ ਖੇਤਰ ਵਿਚ ਗੰਭੀਰ ਪਹਿਲਕਦਮੀ ਨੇ ਪੰਜਾਬੀ ਨਾਟਕ ਦੇ ਵੱਖਰੇ ਰੂਪ ਨੂੰ ਸਿਰਜਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ।[3]

ਆਈ. ਸੀ. ਨੰਦਾ ਦੇ ਨਾਟਕਾਂ ਉੱਤੇ ਧਰਮ ਸੁਧਾਰਕ ਜਾਂ ਸੁਧਾਰਵਾਦੀ ਪ੍ਰਵਿਰਤੀ ਦਾ ਕੋਈ ਸਿੱਧਾ ਪ੍ਰਭਾਵ ਨਜ਼ਰ ਨਹੀਂ ਆਉਂਦਾ। ਇਸ ਅੰਤਰ ਦਾ ਮੂਲ ਨੰਦਾ ਦੀ ਪੱਛਮੀ ਨਾਟਕ ਦੀ ਸੋਝੀ ਵਿਚ ਹੀ ਨਿਰਧਾਰਿਤ ਕੀਤਾ ਜਾ ਸਕਦਾ ਹੈ। ਇਸੇ ਸੋਝੀ ਅਧੀਨ ਹੀ ਈਸ਼ਵਰ ਚੰਦਰ ਨੰਦਾ ਨੇ 'ਦੁਲਹਨ', 'ਵਰ-ਘਰ', 'ਸੁਭੱਦਰਾ', 'ਸ਼ਾਮੂ ਸ਼ਾਹ' 'ਸੋਸ਼ਲ ਸਰਕਲ' ਨਾਟਕਾਂ ਦੀ ਰਚਨਾ ਕੀਤੀ। ਅਸਲ ਵਿਚ ਨੰਦਾ ਨੇ ਹੀ ਸਭ ਤੋਂ ਪਹਿਲਾਂ ਨੌਰਾ ਰਿਚਰਡਜ਼ ਦੀ ਅਗਵਾਈ ਹੇਠ ਆਧੁਨਿਕ ਭਾਂਤ ਦੇ ਯਥਾਰਥਵਾਦੀ ਨਾਟਕ ਲਿਖੇ ਸਨ। ਇਹ ਨਾਟਕ ਰੰਗ ਮੰਚ 'ਤੇ ਵਾਰ ਵਾਰ ਖੇਡੇ ਗਏ ਅਤੇ ਇਹ ਆਧੁਨਿਕ ਪੱਛਮੀ ਤਕਨੀਕ 'ਤੇ ਪੂਰੇ ਉਤਰਦੇ ਹਨ। ਡਾ. ਹਰਚਰਨ ਸਿੰਘ ਅਨੁਸਾਰ ਨੰਦਾ ਦੀ ਸ਼ਾਇਦ ਸਭ ਤੋਂ ਵੱਡੀ ਦੇਣ ਪੰਜਾਬੀ ਨਾਟਕ ਨੂੰ ਪੱਛਮੀ ਨਾਟਕ ਪਰੰਪਰਾ ਅਨੁਕੂਲ ਯਥਾਰਥਵਾਦੀ ਲੀਹਾਂ 'ਤੇ ਤੋਰਨ ਵਿਚ ਹੈ।[4]

ਈਸ਼ਵਰ ਚੰਦਰ ਨੰਦਾ ਦੇ ਬਾਅਦ ਹਰਚਰਨ ਸਿੰਘ ਦਾ ਨਾਂ ਵੀ ਇਸੇ ਧਾਰਾ ਅਧੀਨ ਮੰਨਿਆ ਜਾਂਦਾ ਹੈ। ਹਰਚਰਨ ਸਿੰਘ ਦਾ ਸੰਪੂਰਨ ਨਾਟਕ 'ਕਮਲਾ ਕੁਮਾਰੀ' (1937) ਪ੍ਰਸਿੱਧ ਨਾਟਕ ਹੈ। 'ਕਮਲਾ ਕੁਮਾਰੀ' ਬਾਰੇ ਡਾ. ਹਰਚਰਨ ਸਿੰਘ ਦੇ ਆਪਣੇ ਸ਼ਬਦਾਂ ਵਿਚ "ਨੌਰਾ ਰਿਚਰਡਜ਼ ਤੋਂ ਨਾਟਕ ਲਿਖਣ ਦੀ ਬੁਨਿਆਦੀ ਸਿੱਖਿਆ ਜ਼ਰੂਰ ਪ੍ਰਾਪਤ ਕੀਤੀ ਸੀ। ਪਰ ਉਸ ਨਾਟਕ ਦਾ ਵਿਸ਼ਾ ਕਿਵੇਂ ਔੜ੍ਹਿਆ ਇਹ ਅਣਸੱਚੀ ਗੱਲ ਸੀ। ਰਿਆਸਤੀ ਰਾਜਿਆਂ ਦੀ ਇਸ਼ਕ ਬਾਰੇ ਕਿੱਸੇ ਕਹਾਣੀਆਂ ਅਕਸਰ ਸੁਣੀਆਂ ਹੋਈਆਂ ਸਨ ਕਿਧਰੇ ਸੁੰਦਰ ਇਸਤਰੀ ਦੇਖ ਉਹ ਲੱਟੂ ਹੋ ਜਾਂਦੇ ਸਨ ਅਸਲੀ ਜ਼ਿੰਦਗੀ ਦਾ ਉਦੋਂ ਬਹੁਤ ਘੱਟ ਤਜ਼ਰਬਾ ਸੀ। ਰੁਮਾਂਚਿਕ ਕਲਪਿਤ ਕਹਾਣੀ ਦੁਆਲੇ ਨਾਟਕ ਲਿਖ ਮਾਰਿਆ।" ਇਸ ਤਰ੍ਹਾਂ ਸਪੱਸ਼ਟ ਹੈ ਕਿ ਡਾ. ਹਰਚਰਨ ਸਿੰਘ ਨੇ ਵੀ ਨੌਰਾ ਰਿਚਰਡਜ਼ ਦੀ ਪ੍ਰੇਰਨਾ ਨਾਲ 'ਕਮਲਾ ਕੁਮਾਰੀ' ਰੁਮਾਂਚਿਕ ਨਾਟਕ ਲਿਖਿਆ ਜੋ ਕਿ ਸਿੱਧੇ ਤੌਰ 'ਤੇ ਅੰਗਰੇਜ਼ੀ ਨਾਟਕਕਾਰ ਸ਼ੈਕਸਪੀਅਰ ਪ੍ਰਭਾਵ ਹੇਠ ਲਿਖਿਆ ਗਿਆ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਸ ਨਾਟਕ ਨੂੰ ਨਿਰੋਲ ਸੁਖਾਂਤ ਨਾਟਕ ਕਿਹਾ ਹੈ। ਸ਼ੈਕਸਪੀਅਰ ਦੇ ਸੁਖਾਂਤ ਨਾਟਕਾਂ ਦਾ ਇਸ ਉਪਰ ਗਹਿਰਾ ਪ੍ਰਭਾਵ ਨਜ਼ਰ ਆਉਂਦਾ ਹੈ। 'ਰਾਜਾ ਪੋਰਸ' (1938) ਹਰਚਰਨ ਸਿੰਘ ਦਾ ਦੁਖਾਂਤ ਨਾਟਕ ਹੈ। ਹਰਚਰਨ ਸਿੰਘ ਸ਼ੈਕਸਪੀਅਰ ਦੀਆਂ ਪੇਸ਼ਕਾਰੀ ਦੀਆਂ ਤਕਨੀਕਾਂ ਅਤੇ ਉਸ ਦੇ ਨਾਟਕਾਂ ਦੇ ਮਹੱਤਵਪੂਰਨ ਵਿਸ਼ਿਆਂ ਤੋਂ ਪ੍ਰਭਾਵਿਤ ਰਿਹਾ ਹੈ।

ਡੇਵਿਡ ਡੇਸ਼ੈ ਨੇ ਵੀ ਸ਼ੈਕਸਪੀਅਰ ਬਾਰੇ ਲਿਖਿਆ ਹੈ ਕਿ ਸ਼ੈਕਸਪੀਅਰ ਆਪਣੇ ਕਾਰਜ ਦੇ ਸੁਭਾਓ ਵਿਚ

ਮਨੁੱਖੀ ਹਿਰਦੇ ਬਾਰੇ ਡੂੰਘੇ ਗਿਆਨ, ਆਪਣੀ ਸੂਖਮ ਕਾਵਿਕਤਾ, ਆਪਣੀ ਸੁਹਜਾਤਮਕ ਚੁਸਤੀ ਅਤੇ ਰੰਗ ਮੰਚ ਦੀ ਨਿਪੁੰਨਤਾ ਕਰਕੇ ਸਰਾਹਿਆ ਜਾਂਦਾ ਹੈ।[5]

ਅਜਿਹੀਆਂ ਵਿਸ਼ੇਸ਼ਤਾਵਾਂ ਉਸ ਦੇ ਅਨੇਕਾਂ ਨਾਟਕਾਂ ਵਿਚ ਦੇਖੀਆਂ ਜਾ ਸਕਦੀਆਂ ਹਨ। ਸ਼ੈਕਸਪੀਅਰ ਰਚਿਤ ਨਾਟਕ 'ਲਵਜ਼ ਲੇਬਰਜ਼ ਲੌਸਟ' ਦੇ ਇਕ ਦ੍ਰਿਸ਼ ਵਿਚ King ਅਤੇ Princess ਦੀ ਵਾਰਤਾਲਾਪ ਵਿਚ :-

King : You shall be welcome, madam, to my court.
Princess: I will be welcome, then: conduct the thither.
King : Hear me, dear lady, - I have sworn the oath.
Princess : Our lady help my lord! He'll be forsworn.
King : Not for the world, fair madam, by my will.
Princess : Why, will shall break it; will and nothing else.
King : Your Ladyship is ignorant what it is.
King : Madam, I will, if suddenly I may.
Princess : You will the sooner, that I were away; For i will prove perjured,
if you make me stay.
Berowne : Did not I dance with you in Brabant once?
Rosaline : Did not I dance with you in Brabant once?
Berowne : I Know you did.
Rosaline : How needless was it, then, to ask the question?[6]

ਸ਼ੈਕਸਪੀਅਰ ਦੇ ਨਾਟਕਾਂ ਦੀਆਂ ਅਜਿਹੀਆਂ ਸੂਖ਼ਮ ਵਿਸ਼ੇਸ਼ਤਾਵਾਂ ਤੋਂ ਪ੍ਰਭਾਵਿਤ ਹੁੰਦੇ ਹੋਏ ਹੀ ਹਰਚਰਨ ਸਿੰਘ ਮਗਰੋਂ ਗੁਰਦਿਆਲ ਸਿੰਘ ਫੁੱਲ ਅਤੇ ਗੁਰਦਿਆਲ ਸਿੰਘ ਖੋਸਲਾ ਵੀ ਨਾਟਕ ਰਚਨਾ ਕਰਦੇ ਹਨ। ਸ਼ੈਕਸਪੀਅਰ ਦੇ ਨਾਟਕ 'ਹੈਨਰੀ IV', 'ਹੈਨਰੀ V', 'ਕਿੰਗ ਲੀਅਰ' ਵਾਲੀਆਂ ਵਿਸ਼ੇਸ਼ਤਾਵਾਂ ਨਾਲ ਗੁਰਦਿਆਲ ਸਿੰਘ ਫੁੱਲ ਨੇ ਵੀ ਇਤਿਹਾਸਕ ਨਾਟਕਾਂ 'ਚੜ੍ਹਦਾ ਰੂਪ ਸਵਾਇਆ', 'ਅਸੀਂ ਦੂਣ ਸਵਾਏ ਹੋਏ' ਨਾਟਕਾਂ ਦੀ ਰਚਨਾ ਕੀਤੀ। ਗੁਰਦਿਆਲ ਸਿੰਘ ਫੁੱਲ ਦੇ ਨਾਟਕ 'ਚੜ੍ਹਦਾ ਰੂਪ ਸਵਾਇਆ' ਦੇ ਨਾਟ-ਦ੍ਰਿਸ਼ਾਂ ਵਿਚ ਅਜਿਹੀਆਂ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ:

ਕਿਰਪਾ ਰਾਮ : ਹੁਣ ਸਾਡੀ ਬਾਂਹ ਕੌਣ ਫੜੇਗਾ। ਸਰਕਾਰ ਸਾਨੂੰ ਦਾਣਿਆਂ ਵਾਂਗ ਭੁੰਨ ਸੁੱਟੇਗੀ।
ਦਰੋਗਾ : ਉਹ ਬਾਂਹ ਫੜੀ ਦੀ ਲਾਜ ਖਾਤਰ ਹੀ ਸੀਸ ਦੇ ਰਹੇ ਨੇ। ਉਹ ਸਿਰ ਦੇ ਰਹੇ ਨੇ ਕਿ ਤੁਹਾਡਾ ਸਿਰ ਉੱਚਾ ਰਹੇ ਤਾਂ ਕਿ ਇਸਨੂੰ ਕੋਈ ਝੁਕਾ ਨਾ ਸਕੇ।
ਸੈਫੁਲਦੀਨ: ਤੁਸੀਂ ਇਉਂ ਨਾ ਸੋਚੋ ਪੰਡਤ ਜੀ। ਗੁਰੂ ਸਾਹਿਬ ਵਰਗਾ ਮਹਾਂਪੁਰਖ ਇਸ ਜ਼ਾਲਮ ਦੇ ਵਿਰੁੱਧ ਨਾ ਨਿਤਰਦਾ ਤਾਂ ਉਸ ਦਾ ਮੂੰਹ ਨਹੀਂ ਸੀ ਭਜਣਾ। ਤੁਸੀਂ ਜਾਣਦੇ ਹੋ ਧਾਰ ਦਾ ਮੂੰਹ ਮੋੜਨ ਲਈ ਸਖਤ ਪੱਥਰ ਦੀ ਲੋੜ ਹੁੰਦੀ ਹੈ।[7]

ਇਸ ਤਰ੍ਹਾਂ ਈਸ਼ਵਰ ਚੰਦਰ ਨੰਦਾ ਤੋਂ ਇਲਾਵਾ ਹਰਚਰਨ ਸਿੰਘ, ਗੁਰਦਿਆਲ ਸਿੰਘ ਫੁੱਲ ਦੇ ਨਾਟਕ ਵੀ ਸ਼ੈਕਸਪੀਅਰ ਦਾ ਸਿੱਧਾ ਪ੍ਰਭਾਵ ਕਬੂਲਦੇ ਹਨ।

ਸ਼ੈਕਸਪੀਅਰ ਦੇ ਮੁਢਲੇ ਨਾਟਕਾਂ ਦੇ ਪ੍ਰਯੋਗ ਵਿਚ 'ਹੈਨਰੀ- VI' (Henry-IV), 'ਲਵਜ਼ ਲੇਬਰਜ਼ ਲੋਸਟ' (Love's Labour's Lost), 'ਕਾਮੇਡੀ ਆਫ਼ ਐਰਰਜ਼' (Comedy of Errors), 'ਰਿਚਰਡ-II)' 'ਕਿੰਗ ਜੋਹਨ' (King John), 'ਦ ਮਰਚੈਂਟ ਆਫ਼ ਵੀਨਸ' (The Merchant of Vanice), 'ਹੈਨਰੀ- IV' (Henry-IV), 'ਹੈਨਰੀ-V' (Henry-V), 'ਐਜ਼ ਯੂ ਲਾਈਕ ਇਟ' (As You Like It), 'ਟਵੈਲਥ ਨਾਈਟ' (Twelfth Night) ਪ੍ਰਮੁੱਖ ਹਨ। ਇਨ੍ਹਾਂ ਨਾਟਕਾਂ ਵਿਚ ਸ਼ੈਕਸਪੀਅਰ ਨੇ ਮਨੁੱਖੀ ਜ਼ਿੰਦਗੀ ਅਤੇ ਮਨੁੱਖੀ ਸੁਭਾਓ ਦਾ ਡੂੰਘਾ ਗਿਆਨ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਉਸਦੇ ਇਹਨਾਂ ਨਾਟਕਾਂ ਰਾਹੀਂ ਪ੍ਰੌੜ ਪਾਤਰ ਉਸਾਰੀ, ਹਾਸਾ ਅਤੇ ਕਾਵਿਕਤਾ ਦਾ ਵਿਸ਼ੇਸ਼ ਅੰਦਾਜ਼ ਸਾਹਮਣੇ ਆਇਆ। ਜਿਵੇਂ ਕਿ ਨਾਟਕ 'ਐਜ਼ ਯੂ

ਲਾਈਕ ਇਟ' ਵਿਚ Touchstone ਅਤੇ Rosalind ਦੀ ਵਾਰਤਾਲਾਪ ਦਾ ਦ੍ਰਿਸ਼ ਹੈ:-

Touchstone : I'll rime you so eight years together, dinners and suppers and sleeping hours excepted, It is the right butter-women's rank to market.

Rosalind : Out, fool!

Touchstone : For a taste:
If a hart do lack a hind,
Let him seek out Rosalind.
If the cat will after kind,
So' be sure will Rosalind.

Rosalind : Peace, you dull fool! I found them on a tree.[8]

ਸ਼ੈਕਸਪੀਅਰ ਰਚਿਤ ਪ੍ਰਮੁੱਖ ਦੁਖਾਂਤਾਂ ਵਿਚ 'ਜੁਲੀਅਸ ਸੀਜ਼ਰ' (Julius Ceaser), 'ਹੈਮਲੈੱਟ' (Hamlet), Measure for Measure, 'ਓਥੈਲੋ' (Othello), 'ਕਿੰਗ ਲੀਅਰ' (King Lear), 'ਐਂਟੋਨੀ ਐਂਡ ਕਲਿਓਪੈਟਰਾ' (Antony and Cleopatra) ਅਤੇ 'ਮੈਕਬੈਥ' (Machbeth) ਹਨ। ਇਨ੍ਹਾਂ ਨਾਟਕਾਂ ਵਿਚ ਸ਼ੈਕਸਪੀਅਰ ਨੇ ਆਪਣੀ ਬੌਧਿਕ ਸ਼ਕਤੀ ਅਤੇ ਬਿਆਨ ਕਰਨ ਦੀ ਸ਼ਕਤੀ ਦਾ ਸ਼ਿਖਰ ਪੇਸ਼ ਕੀਤਾ ਹੈ। ਇਹ ਦੁਖਾਂਤ ਨਾਟਕ ਉੱਚ ਦਰਜੇ ਦੀਆਂ ਸ਼ਾਹਕਾਰ ਰਚਨਾਵਾਂ ਹਨ। ਸ਼ੈਕਸਪੀਅਰ ਨੇ ਦੁਖਾਂਤਾਂ ਦੀ ਵਿਸ਼ੇਸ਼ਤਾ 'ਪਾਤਰ ਹੀ ਹੋਣੀ ਹੈ' (Character is Destiny) 'ਤੇ ਆਧਾਰਿਤ ਹੈ। ਸ਼ੈਕਸਪੀਅਰ ਦੇ ਪਾਤਰ ਦੁਖਾਂਤ ਭੋਗਦੇ ਹਨ। ਪੰਜਾਬੀ ਨਾਟਕ ਵਿਚ ਦੂਜੀ ਪੀੜ੍ਹੀ ਦੇ ਨਾਟਕਕਾਰ ਬਲਵੰਤ ਗਾਰਗੀ 'ਤੇ ਵੀ ਸ਼ੈਕਸਪੀਅਰ ਦਾ 'ਪਾਤਰ ਹੀ ਹੋਣੀ ਹੈ' ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਬਲਵੰਤ ਗਾਰਗੀ ਦੀ ਇਕਾਂਗੀ ਬੇਬੇ ਦੀ ਮੁੱਖ ਪਾਤਰ 'ਬੇਬੇ' ਆਪਣੇ ਸੁਭਾਓ ਕਾਰਨ ਦੁਖਾਂਤ ਭੋਗਦੀ ਹੈ। ਈਸ਼ਵਰ ਚੰਦਰ ਨੰਦਾ ਨੇ ਸ਼ੈਕਸਪੀਅਰ ਦੀ ਪਾਤਰ ਦੇ ਵਿਕਾਸ (Development of Character) ਵਾਲੀ ਜੁਗਤ ਨੂੰ ਅਪਣਾਇਆ ਹੈ। ਈਸ਼ਵਰ ਚੰਦਰ ਨੰਦਾ ਦੇ ਪਾਤਰ 'ਸੁਭੱਦਰਾ', 'ਵਰ ਘਰ', 'ਸੋਸ਼ਲ ਸਰਕਲ' ਵਿਚ ਅੱਗੇ ਵਧਦੇ ਹੋਏ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਠੁਕਰਾਉਂਦੇ ਹਨ। ਜਿਵੇਂ ਈਸ਼ਵਰ ਚੰਦਰ ਨੰਦਾ ਦੇ ਨਾਟਕ ਵਿਚ 'ਸੁਭੱਦਰਾ' ਵਿਚੋਂ:-

ਪਰਮਾਨੰਦ : ਮਾਂ ਜੀ ਤੁਹਾਡੀ ਗੱਲ ਵੀ ਸਮਝਣਾ ਆਂ ਪਰ ਸਾਹਮਣੇ ਦੇਖਕੇ ਮੱਖੀ ਨਿਗਲੀ ਨਹੀਂ ਜਾਂਦੀ। ਸਾਹਮਣੇ ਜ਼ੁਲਮ ਦੇਖਕੇ ਚੁੱਪ ਕਰ ਰਵਾਂ ਤੇ ਧ੍ਰਿਗ ਮੇਰਾ ਜਿਉਣਾ ਮੇਰੇ ਆਖੇ ਲੱਗੋ, ਆਪਣੀ ਧੀ ਦਾ ਸੁੱਖ ਸੋਚੋ। ਦੂਜਿਆਂ ਦੀ ਝੂਠੀ ਇੱਜ਼ਤ ਵੱਲ ਨਾ ਜਾਓ।[9]

ਇਸੇ ਤਰ੍ਹਾਂ ਹੋਰ ਪੰਜਾਬੀ ਨਾਟਕਕਾਰ ਕਰਤਾਰ ਸਿੰਘ ਦੁੱਗਲ ਅਤੇ ਸੁਰਜੀਤ ਸਿੰਘ ਸੇਠੀ ਵੀ ਕਿਸੇ ਨਾ ਕਿਸੇ ਰੂਪ ਵਿਚ ਪੱਛਮੀ ਚਿੰਤਨ ਦੇ ਪ੍ਰਭਾਵ ਹੇਠ ਸ਼ੈਕਸਪੀਅਰ ਦਾ ਆਂਸ਼ਿਕ ਪ੍ਰਭਾਵ ਗ੍ਰਹਿਣ ਕਰਦੇ ਹਨ। ਭਾਵੇਂ ਸ਼ੈਕਸਪੀਅਰ ਦਾ ਪ੍ਰਭਾਵ ਮੁਢਲੇ ਨਾਟਕ 'ਤੇ ਵਧੇਰੇ ਪਿਆ। ਜਦੋਂ ਨਵੀਂ-ਨਵੀਂ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦੀ ਬਦੌਲਤ ਪਰਤੰਤਰ ਭਾਰਤ ਵਿਚ ਪਹਿਲੀ ਪੀੜ੍ਹੀ ਦੇ ਨਾਟਕਕਾਰ ਸਿੱਧੇ ਤੌਰ 'ਤੇ ਅੰਗਰੇਜ਼ੀ ਨਾਟਕ, ਅੰਗਰੇਜ਼ੀ ਰੰਗਮੰਚ ਅਤੇ ਸ਼ੈਕਸਪੀਅਰ ਦੇ ਪ੍ਰਭਾਵ ਵਿਚ ਆਏ, ਲੇਕਿਨ ਇਹ ਪ੍ਰਭਾਵ ਦੂਜੀ ਪੀੜ੍ਹੀ ਦੇ ਨਾਟਕਕਾਰਾਂ ਤੱਕ ਵੀ ਲਗਭਗ ਸਿੱਧੇ ਰੂਪ ਵਿਚ ਹੀ ਮੰਨਿਆ ਜਾ ਸਕਦਾ ਹੈ। ਇਸ ਲਈ ਦੋਹਾਂ ਪੀੜ੍ਹੀਆਂ ਦੇ ਨਾਟਕ ਨੂੰ ਸ਼ੈਕਸਪੀਅਰ ਦੇ ਪ੍ਰਭਾਵ ਦੇ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ। ਇਸ ਉਪਰੰਤ ਤੀਜੀ ਪੀੜ੍ਹੀ ਦੇ ਨਾਟਕਕਾਰ ਆਉਂਦੇ ਹਨ ਜਿਹਨਾਂ ਵਿਚ ਗੁਰਸ਼ਰਨ ਸਿੰਘ ਅਤੇ ਚਰਨ ਦਾਸ ਸਿੱਧੂ ਵੰਡ ਤੋਂ ਪਹਿਲਾਂ ਅਤੇ ਬਾਕੀ ਵੰਡ ਤੋਂ ਬਾਅਦ ਜਨਮ ਲੈਣ ਵਾਲੇ ਨਾਟਕਕਾਰ ਹਨ। ਜ਼ਾਹਿਰ ਹੈ ਕਿ ਜਿੱਥੇ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਨਾਟਕਕਾਰਾਂ ਨੇ ਸਿੱਧੇ ਰੂਪ ਵਿਚ ਇਹ ਪ੍ਰਭਾਵ ਕਬੂਲਿਆ ਉੱਥੇ ਤੀਜੀ ਅਤੇ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਨੇ ਇਹ ਪ੍ਰਭਾਵ ਅਸਿੱਧੇ ਰੂਪ ਵਿਚ ਗ੍ਰਹਿਣ ਕੀਤਾ। ਸ਼ੈਕਸਪੀਅਰ ਦੇ ਨਾਟਕਾਂ ਦੀ ਇਕ ਹੋਰ ਵੱਡੀ ਵਿਸ਼ੇਸ਼ਤਾ 'ਕਾਮੇਡੀ ਆਫ਼ ਸਿਚੂਏਸ਼ਨ' ਵੀ ਹੈ। ਪੰਜਾਬੀ ਨਵੀਂ ਪੀੜ੍ਹੀ ਦੇ ਨਾਟਕਕਾਰਾਂ ਅਜਮੇਰ ਸਿੰਘ ਔਲਖ, ਆਤਮਜੀਤ ਦੇ ਪਾਤਰਾਂ ਵਿਚ ਵੀ ਸ਼ੈਕਸਪੀਅਰ ਦੇ ਦੁਖਾਂਤ ਅਤੇ ਸਿਚੂਏਸ਼ਨ ਕਾਮੇਡੀ ਦੇ ਅੰਸ਼ ਨਜ਼ਰ ਆਉਂਦੇ ਹਨ।

ਪੱਛਮੀ ਅੰਗਰੇਜ਼ੀ ਸਾਹਿਤ ਦਾ ਆਧੁਨਿਕ ਕਾਲ 20ਵੀਂ ਸਦੀ ਵਿਚ ਆਰੰਭ ਹੁੰਦਾ ਹੈ। ਇਹ ਉਹ ਸਮਾਂ ਸੀ ਜਿੱਥੇ ਪੱਛਮ ਦੇ ਕਈ ਮੁਲਕਾਂ ਵਿਚ ਸਮਾਜਵਾਦ ਦਾ ਉੱਥਾਨ ਹੋ ਰਿਹਾ ਸੀ ਉੱਥੇ ਭਾਰਤ ਵਿਚ ਅੰਗਰੇਜ਼ੀ ਬਸਤੀਵਾਦ ਖ਼ਿਲਾਫ਼ ਵਿਦਰੋਹ ਜ਼ੋਰ ਫੜ ਰਿਹਾ ਸੀ। ਇਸ ਦੌਰ ਵਿਚ ਸਾਹਿਤ ਨੇ ਪੱਛਮ ਦੇ ਪ੍ਰਭਾਵ ਹੇਠ ਸਮਾਜਵਾਦ ਤੇ ਯਥਾਰਥਵਾਦ ਦਾ ਪ੍ਰਭਾਵ ਕਬੂਲਿਆ। ਆਧੁਨਿਕ ਭਾਂਤ ਦਾ ਪੰਜਾਬੀ ਨਾਟਕ ਵੀ ਯਥਾਰਥਵਾਦ ਦਾ ਪ੍ਰਭਾਵ ਸਿੱਧੇ ਰੂਪ ਵਿਚ ਗ੍ਰਹਿਣ ਕਰਦਾ ਹੈ। ਉਸ ਸਮੇਂ ਕਿਉਂਕਿ ਭਾਰਤ ਅੰਗਰੇਜ਼ਾਂ ਦੇ ਰਾਜ ਅਧੀਨ, ਅੰਗਰੇਜ਼ੀ ਸਿੱਖਿਆ, ਸਾਹਿਤ ਤੇ ਸਭਿਆਚਾਰ ਦੇ ਸਿੱਧੇ ਸੰਪਰਕ ਵਿਚ ਆ ਗਿਆ ਸੀ। ਅੰਗਰੇਜ਼ੀ ਸਾਹਿਤ ਵੀ ਸਮਾਜਵਾਦ-ਯਥਾਰਥਵਾਦ ਤੋਂ ਪ੍ਰਭਾਵ ਲੈ ਰਿਹਾ ਸੀ। ਇਸ ਦੌਰ ਦਾ ਪ੍ਰਸਿੱਧ ਅੰਗਰੇਜ਼ੀ ਨਾਟਕਕਾਰ ਜਾਰਜ ਬਰਨਾਰਡ ਸ਼ਾਅ ਹੈ। ਜਿਸਦਾ ਸਮਾਂ 1890 ਤੋਂ 1950 ਈ. ਤੱਕ ਮੰਨਿਆ ਜਾਂਦਾ ਹੈ। ਬਰਨਾਰਡ ਸ਼ਾਅ ਨਾਰਵੇ ਦੇ ਨਾਟਕਕਾਰ ਇਬਸਨ ਦੀ ਯਥਾਰਥਵਾਦੀ ਸ਼ੈਲੀ ਤੋਂ ਬੇਹੱਦ ਪ੍ਰਭਾਵਿਤ ਰਿਹਾ। ਉਸ ਨੇ ਆਪਣੇ ਕਾਰਜ ਕਾਲ ਦੌਰਾਨ (1890 ਤੋਂ 1950 ਤੱਕ) ਯਥਾਰਥਵਾਦੀ ਨਾਟਕਾਂ ਦੀ ਰਚਨਾ ਕੀਤੀ। ਉਸਦੇ ਨਾਟਕਾਂ ਦੀ ਬੌਧਿਕਤਾ ਅੰਗਰੇਜ਼ੀ ਸਾਹਿਤ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ। ਉਹ ਸਮਾਜਵਾਦੀ ਅਗਾਂਹਵਧੂ ਨਾਟਕਕਾਰ ਸੀ। According to Dr. C.D. Sidhu, Shaw's plays deal with social, political or religious progress of the country, of the human race itself, at a particular moment in History.[10]

ਬਰਨਾਰਡ ਸ਼ਾਅ ਕਿਉਂਕਿ ਆਪ ਸਮਾਜਵਾਦੀ ਸੀ। ਉਸਦੇ ਨਾਟਕਾਂ ਦੀ ਵਿਲੱਖਣਤਾ ਹੈ ਕਿ ਉਸਦੇ ਮੁਢਲੇ ਨਾਟਕ 'ਵਿਡੋਰਜ਼ ਹਾਊਸਜ਼' ਅਤੇ 'ਮਿਸਿਜ਼ ਵਾਰੇਨਜ਼ ਪ੍ਰੋਫ਼ੈਸ਼ਨ' ਆਦਿ ਸਮਾਜ ਦੇ ਘਸੇ ਪਿਟੇ ਰਿਵਾਜਾਂ 'ਤੇ ਵਿਅੰਗ ਹਨ। ਅਸਲ ਵਿਚ ਬਰਨਾਰਡ ਸ਼ਾਅ ਨੇ ਇਹਨਾਂ ਨਾਟਕਾਂ ਵਿਚ ਗੰਭੀਰ ਵਿਸ਼ੇ ਨੂੰ ਲੈ ਕੇ ਕਾਮੇਡੀ ਨੂੰ ਆਧਾਰ ਬਣਾ ਕੇ ਪੇਸ਼ ਕੀਤਾ ਹੈ। ਬਰਨਾਰਡ ਸ਼ਾਅ ਦਾ ਨਾਟਕ 'ਦ ਫਿਲੇਂਡਰਰ' ਇਕ ਪ੍ਰਸਿੱਧ ਕਾਮੇਡੀ ਹੈ। ਜਿਸ ਵਿਚ ਉਸਨੇ ਫਿਜ਼ੀਕਲ ਸਾਇੰਸ ਦੇ ਉਪਰ ਵਿਅੰਗ ਕਸਿਆ ਹੈ। 'ਮਿਸਿਜ਼ ਵਾਰੇਨਜ਼ ਪ੍ਰੋਫ਼ੈਸ਼ਨ' ਵਿਚ ਜਾਗੀਰਦਾਰੀ ਸਿਸਟਮ ਨੂੰ ਲੈ ਕੇ ਔਰਤ ਦੀ ਮਜਬੂਰੀ ਪੇਸ਼ ਕੀਤੀ ਗਈ ਹੈ। ਬਰਨਾਰਡ ਸ਼ਾਅ ਦਾ ਪ੍ਰਸਿੱਧ ਨਾਟਕ 'ਮੈਨ ਐਂਡ ਸੁਪਰਮੈਨ' ਉਸਦੀ ਪ੍ਰੋੜ੍ਹਤਾ ਦਾ ਸਿਰਾ ਨਜ਼ਰ ਆਉਂਦਾ ਹੈ। ਬਰਨਾਰਡ ਸ਼ਾਅ ਆਪ ਇਸ ਨਾਟਕ ਨੂੰ 'ਕਾਮੇਡੀ ਐਂਡ ਏ ਫਿਲਾਸਫੀ' (Comedy and a Philosophy) 'ਮੇਜਰ ਬਾਰਬਰਾ' ਬਰਨਾਰਡ ਸ਼ਾਅ ਦਾ ਪੈਸੇ ਦੀ ਅਹਿਮੀਅਤ ਨੂੰ ਦਰਸਾਉਂਦਾ ਨਾਟਕ ਹੈ। ਗਰੀਬੀ 'ਤੇ ਆਰਥਿਕ ਤੰਗੀ ਦੇ ਵਿਸ਼ੇ ਇਸ ਨਾਟਕ ਵਿਚ ਛੋਹੇ ਗਏ ਹਨ। ਇਸੇ ਹੀ ਅਧੀਨ ਪੰਜਾਬੀ ਦਾ ਪ੍ਰਬੁੱਧ ਨਾਟਕਕਾਰ ਸੰਤ ਸਿੰਘ ਸੇਖੋਂ ਬਰਨਾਰਡ ਸ਼ਾਅ ਦਾ ਸਮਾਜਵਾਦੀ ਯਥਾਰਥਵਾਦੀ ਪ੍ਰਭਾਵ ਆਪਣੇ ਨਾਟਕਾਂ ਵਿਚ ਗ੍ਰਹਿਣ ਕਰਦਾ ਹੈ। ਉਸਦੇ ਨਾਟਕ 'ਨਾਰਕੀ' ਵਿਚ ਜਾਰਜ ਬਰਨਾਰਡ ਸ਼ਾਅ ਵਾਲਾ ਪ੍ਰਭਾਵ ਅਸੀਂ ਦੇਖਦੇ ਹਾਂ:-

ਲਲਿਤਾ : ਵੇਖਿਆ, ਮੈਂ ਨਹੀਂ ਸੀ ਆਖਿਆ? ਇਹ ਵਿਚਕਾਰਲਾ ਆਦਮੀ ਤੁਹਾਨੂੰ ਠਗਦਾ ਏ। ਮੈਂ ਤਾਂ ਆਪ ਅਫ਼ਸਰ ਨੂੰ ਮਿਲਾਂਗੀ ਫੇਰ ਭਾਵੇਂ ਪੰਜ ਦਾ ਦਸ ਈ ਕਿਉਂ ਨਾ ਦੇਣਾ ਪਵੇ। ਕੀ ਪਤਾ ਇਹ ਆਦਮੀ ਪੰਜ ਹਜ਼ਾਰ ਲੈ ਕੇ ਆਪ ਹੀ ਹਜ਼ਮ ਕਰ ਜਾਵੇ ਤੇ ਤੁਸੀਂ ਫੇਰ ਗ੍ਰਿਫ਼ਤਾਰ ਹੋ ਜਾਵੋ। ਮੇਰੀ ਸਲਾਹ ਮੰਨੋ ਤੁਸੀਂ ਦੋ ਦਿਨ ਲਈ ਏਧਰ ਓਧਰ ਹੋ ਜਾਓ।

ਧਨਪਤ : ਚੰਗਾ, ਫੇਰ ਮੈਂ ਹੁਣ ਚੱਲਿਆ।[11]

ਬਰਨਾਰਡ ਸ਼ਾਅ ਜਿਸ ਤਰ੍ਹਾਂ ਇਤਿਹਾਸਕ ਨਾਟਕ 'ਦ ਮੈਨ ਆਫ਼ ਡੈਸਟਿਨੀ' (The Man of Destiny), 'ਦ ਡੈਵਿਲਜ਼ ਡਿਸਿੱਪਲ' (The Devil's Disciple) ਦੀ ਰਚਨਾ ਕਰਦਾ ਹੈ। ਸੇਖੋਂ ਇਸੇ ਸੰਦਰਭ ਵਿਚ 'ਮੋਇਆਂ ਸਾਰ ਨਾ ਕਾਈ', 'ਬੇੜਾ ਬੰਧ ਨਾ ਸਕਿਓ', 'ਵੱਡਾ ਘੱਲੂਘਾਰਾ' ਰਚਦਾ ਹੈ। ਉਹ ਸਮਾਜਕ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਬਰਨਾਰਡ ਸ਼ਾਅ ਵਾਂਗ 'ਦ ਐਪਲ ਕਾਰਟ' (The Apple Cart) ਵਾਲੀ ਰਾਜਨੀਤਕ ਤਬਦੀਲੀ ਦੀ ਗੱਲ ਆਪਣੇ ਨਾਟਕਾਂ ਵਿਚ ਕਰਦਾ ਹੈ। ਇਹੀ ਬੌਧਿਕ ਪ੍ਰਭਾਵ ਗ੍ਰਹਿਣ ਕਰਦੇ ਹੋਏ ਇਤਿਹਾਸ-ਮਿਥਿਹਾਸ ਨੂੰ ਆਧਾਰ ਬਣਾ ਕੇ ਨਾਟਕ 'ਕਲਾਕਾਰ' ਦੀ ਸਿਰਜਣਾ ਕਰਕੇ ਉਹ ਨਵੀਨ ਅਰਥ ਪੇਸ਼ ਕਰਦਾ ਹੈ। ਉਸਦਾ ਸਮਾਜਵਾਦੀ, ਮਾਰਕਸਵਾਦੀ ਦ੍ਰਿਸ਼ਟੀਕੋਣ 'ਭੂ-ਦਾਨ', 'ਨਾਰਕੀ', 'ਵਾਰਸ' ਵਿਚ ਸਮੱਸਿਆਵਾਂ ਨਾਲ ਜੂਝਦੇ ਮਨੁੱਖਾਂ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਹੀ ਵਿਸ਼ਿਆਂ ਨਾਲ ਸੇਖੋਂ ਨੇ ਇਕਾਂਗੀਆਂ, 'ਮਹਾਤਮਾ', 'ਦੂਜਾ ਵਿਆਹ' ਦੀ ਰਚਨਾ ਕੀਤੀ। ਪੱਛਮੀ ਸਾਹਿਤ ਪੜ੍ਹਨ ਅਤੇ ਸਮਝਣ ਵਿਚ ਵਿਸ਼ੇਸ਼ ਰੁਚੀ

ਹੋਣ ਕਰਕੇ ਸੰਤ ਸਿੰਘ ਸੇਖੋਂ ਬੌਧਿਕ ਨਾਟਕਕਾਰ ਦੇ ਤੌਰ 'ਤੇ ਜੋ ਵਿਸ਼ੇਸ਼ ਪਛਾਣ ਬਣਾਈ, ਉਹ ਬਰਨਾਰਡ ਸ਼ਾਅ ਦੇ ਨਾਟਕਾਂ ਨੂੰ ਪੜ੍ਹਨ ਸਮਝਣ ਤੋਂ ਹੀ ਪ੍ਰੇਰਿਤ ਸੀ। ਜਿਸ ਤਰ੍ਹਾਂ ਬਰਨਾਰਡ ਸ਼ਾਅ ਆਪਣੇ ਨਾਟਕਾਂ ਵਿਚ ਵਿਸ਼ਿਆਂ ਨੂੰ ਜੀਵਨ ਦੇ ਮਾਪਾਂ ਨਾਲ ਜੋੜਦਾ ਹੈ। ਉਹੀ ਵਿਸ਼ੇਸ਼ਤਾ ਸੰਤ ਸਿੰਘ ਸੇਖੋਂ ਦੇ ਨਾਟਕਾਂ ਵਿਚ ਨਜ਼ਰ ਆਉਂਦੀ ਹੈ। ਜਿਵੇਂ ਕਿ ਅੰਗਰੇਜ਼ੀ ਸਾਹਿਤ ਵਿਚ ਬਰਨਾਰਡ ਸ਼ਾਅ ਦੇ ਨਾਟਕਾਂ ਨੂੰ 'ਥੀਸਿਜ਼ ਪਲੇ' ਕਿਹਾ ਜਾਂਦਾ ਹੈ। ਇਹੀ ਪ੍ਰਭਾਵ ਪੰਜਾਬੀ ਨਾਟਕਕਾਰ ਸੰਤ ਸਿੰਘ ਸੇਖੋਂ ਕਬੂਲਦਾ ਹੈ। ਸ਼ਾਅ ਦੇ ਨਾਟਕਾਂ ਵਿਚਲਾ ਬੌਧਿਕਤਾ ਭਰਪੂਰ ਵਾਰਤਾਲਾਪ ਦਾ ਅੰਸ਼ ਸੰਤ ਸਿੰਘ ਸੇਖੋਂ ਦੇ ਨਾਟਕਾਂ ਵਿਚ ਵੀ ਨਜ਼ਰ ਆਉਂਦਾ ਹੈ। ਜਿਵੇਂ ਉਹ 'ਨਲ ਦਮਯੰਤੀ' ਵਿਚ ਪੇਸ਼ ਕਰਦਾ ਹੈ:-

> ਦਮਯੰਤੀ : ਜਦੋਂ ਤੁਸੀਂ ਮੇਰੇ ਪਿਆਰੇ ਨਲ ਹੁੰਦੇ ਹੋ ਤਾਂ ਤੁਹਾਡੇ ਭਾਵ ਵਿਚਾਰ ਸੰਕਲਪ ਸਭ ਸ਼ੁਭ ਰਹਿੰਦੇ ਹਨ। ਪਰ ਜਦੋਂ ਪਰੰਪਰਾਗਤ ਪੁਰਖ ਆਤਮਾ ਤੁਹਾਡੇ ਵਿਚ ਆ ਜਾਂਦੀ ਹੈ ਤਾਂ ਮੈਂ ਤੁਹਾਨੂੰ ਦਮਯੰਤੀ ਨਹੀਂ, ਕੇਵਲ ਇਕ ਨਾਰੀ ਦਿਸਦੀ ਹਾਂ, ਜਿਸਦਾ ਜੀਵਨ, ਭਾਗ ਕੇਵਲ ਪੁਰਖ ਦੀ ਵਾਸਨਾ ਭੁਕਤ ਕਰਨਾ ਹੁੰਦਾ ਹੈ।
>
> ਨਲ : ਹੋਰ ਲੱਜਾਵਾਨ ਨਾ ਕਰੋ ਮੈਨੂੰ। ਮੈਂ ਸੱਚੇ ਰਿਦੇ ਤੋਂ ਖਿਮਾਂ ਦਾ ਜਾਚਕ ਹਾਂ।[12]

ਬਰਨਾਰਡ ਸ਼ਾਅ ਇਕ ਸੂਝ-ਬੂਝ ਵਾਲਾ ਵਿਅੰਗਕਾਰ ਵੀ ਹੈ। ਉਸਦੇ ਵਿਅੰਗ 'ਤੇ ਫ਼ਿਲਾਸਫੀ ਦਾ ਮਿਸ਼ਰਣ ਬੜਾ ਉੱਤਮ ਹੈ। ਸੰਤ ਸਿੰਘ ਸੇਖੋਂ ਦੀ ਵਿਚਾਰਧਾਰਾ ਸਿੱਧੇ ਰੂਪ ਵਿਚ ਬਰਨਾਰਡ ਸ਼ਾਅ ਦੀ ਸੂਝ-ਬੂਝ ਦੀ ਫ਼ਿਲਾਸਫੀ ਨਾਲ ਜੁੜਦੀ ਹੈ। ਬਰਨਾਰਡ ਸ਼ਾਅ ਆਪਣੇ ਪ੍ਰਸਿੱਧ ਨਾਟਕ 'ਪਿਗਮੇਲੀਅਨ' (Pygmation) ਵਿਚ Higgins ਦੇ ਪਾਤਰ ਮੂੰਹੋਂ ਫੁੱਲ ਵੇਚਣ ਵਾਲੀ ਕੁੜੀ ਨੂੰ ਅਖਵਾਉਂਦਾ ਹੈ:-

> Higgins : Remember that you are a human being with a soul and the divine gift of articulate speech : that your native language is the language of Shakespeare and Milton and the Bible, and don't sit their crooning like a bilious pigeon.[13]

ਬਰਨਾਰਡ ਸ਼ਾਅ ਦੇ ਵਿਅੰਗਮਈ ਅੰਦਾਜ਼ ਵਿਚ ਲੁਕਿਆ ਹੋਇਆ ਬੌਧਿਕਤਾ ਦਾ ਸਿਖ਼ਰ ਨਜ਼ਰ ਆਉਂਦਾ ਹੈ। ਜਦੋਂ ਉਸਦੇ ਨਾਟਕ 'ਮੈਨ ਐਂਡ ਸੁਪਰਮੈਂਨ' (Man & Superman) ਦੀ ਪਾਤਰ Ana, Don Juan ਨੂੰ ਕਹਿੰਦੀ ਹੈ:-

> Ana : Nonsense, man you are talking to a woman of 77 now. If you had had the chance, you would have run away from me too-if I had let you. You would not have found it so easy with me as with some of others. I daresay you all want to marry lovely incarnations of music, painting and poetry. Well'you can't have them because they don't exist. If flesh and blood is not good enough for you, you must go without : that's all.[14]

ਇਸੇ ਤਰ੍ਹਾਂ ਦੀ ਬੌਧਿਕਤਾ ਸੰਤ ਸਿੰਘ ਸੇਖੋਂ ਦੇ ਨਾਟਕ 'ਕਲਾਕਾਰ' ਵਿਚ ਨਜ਼ਰ ਆਉਂਦੀ ਹੈ। ਨਾਟਕ ਵਿਚ ਅਹਿੱਲਿਆ ਦੇ ਇੰਦਰ ਕੋਲੋਂ ਨਗਨ ਚਿੱਤਰ ਬਣਾਉਣ 'ਤੇ ਗੌਤਮ ਦਾ ਪੁਰਸ਼ ਹੰਕਾਰ ਜਾਗ ਪੈਂਦਾ ਹੈ। ਉਹ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਦਾ ਹੈ। ਅਹਿੱਲਿਆ ਗੌਤਮ ਨੂੰ ਕਹਿੰਦੀ ਹੈ, ਤੁਸੀਂ ਕਵੀ ਜੋ ਹੋਏ। ਪਰ ਸ਼ਾਇਦ ਤੁਸਾਂ ਇਹ ਕਦੇ ਨਹੀਂ ਵਿਚਾਰਿਆ ਕਿ ਕਵਿਤਾ ਵਧੇਰੇ ਉਚੇਚਤਾਈ ਮੰਗਦੀ ਹੈ। ਤੁਸੀਂ ਇਕ ਇਸਤਰੀ ਨੂੰ ਆਪਣੀ ਕਵਿਤਾ ਵਿਚ ਵਧੇਰੇ ਕਰਕੇ ਤਦੇ ਸੰਬੋਧਨ ਕਰ ਸਕਦੇ ਹੋ ਜੇ ਤੁਹਾਨੂੰ ਉਸ ਨਾਲ ਪ੍ਰੇਮ ਹੋਵੇ ਤੇ ਉਸ ਨੂੰ ਇਹ ਪ੍ਰੇਮ ਕਿਸੇ ਹੱਦ ਤੱਕ ਪ੍ਰਵਾਨ ਹੋਵੇ ਪਰ ਚਿੱਤਰਕਾਰ ਤੇ ਉਸਦੇ ਮਾਡਲ ਵਿਚ ਇਹ ਆਤਮਿਕ ਸਬੰਧ ਜ਼ਰੂਰੀ ਹੈ।[15]

ਇਸੇ ਹੀ ਕੜੀ ਵਿਚ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਚਰਨ ਦਾਸ ਸਿੱਧੂ ਹੈ। ਉਸ ਨੇ ਭਾਰਤੀ ਅਤੇ ਪੱਛਮੀ ਵਿੱਦਿਆ ਪ੍ਰਾਪਤ ਕੀਤੀ ਅਤੇ ਭਾਰਤ ਦੇ ਪੱਛਮੀ ਸਭਿਆਚਾਰਾਂ ਦਾ ਡੂੰਘਾ ਅਧਿਐਨ ਵੀ ਕੀਤਾ। ਡਾ. ਸਿੱਧੂ ਨੇ ਇਸੇ ਹੀ ਸ਼ੈਲੀ ਹੇਠ ਬਰਨਾਰਡ ਸ਼ਾਅ ਦੇ ਪ੍ਰਭਾਵ ਹੇਠ ਯਥਾਰਥਵਾਦੀ ਤੇ

ਸਮਾਜਕ ਨਾਟਕ ਲਿਖੇ। ਡਾ. ਸਿੱਧੂ ਨੇ ਬਰਨਾਰਡ ਸ਼ਾਅ ਦੇ ਤ੍ਰਾਸਦੀ, ਸੁਖਾਂਤਾਂ ਤੋਂ ਨਾਟਕੀ ਸ਼ਿਲਪ ਦਾ ਗਿਆਨ, ਲੋਕ-ਨਾਟਕਾਂ ਤੋਂ ਬਿਆਨੀਆ ਸ਼ੈਲੀ, ਲੋਕ-ਗੀਤਾਂ ਤੋਂ ਜਜ਼ਬੇ ਅਤੇ ਭਾਰਤੀ ਨਾਟਕਾਂ ਤੋਂ ਰੋਮਾਂਚਿਕ ਰੰਗ, ਯੂਨਾਨੀ ਨਾਟਕਾਂ ਤੋਂ ਭਾਵਾਂ ਦੀ ਡੂੰਘਿਆਈ ਗ੍ਰਹਿਣ ਕੀਤੀ। ਉਸਦਾ ਦ੍ਰਿਸ਼ਟੀਕੋਣ, ਇਨਕਲਾਬੀ ਅਤੇ ਮਾਨਵੀ ਹੈ। ਪ੍ਰਾਚੀਨ ਕਾਲ ਤੋਂ ਚੱਲੀਆਂ ਆ ਰਹੀਆਂ ਜਾਤੀ ਅਤੇ ਜਾਗੀਰਦਾਰੀ ਸਮਾਜ ਦੀਆਂ ਕੁਰੀਤੀਆਂ ਅਤੇ ਛੋਟੇ ਕਿਰਸਾਨਾਂ ਦੀਆਂ ਸਮੱਸਿਆਵਾਂ ਨੂੰ ਉਹਨੇ ਆਪਣੇ ਨਾਟਕਾਂ ਦਾ ਆਧਾਰ ਬਣਾਇਆ। ਸਿੱਧੂ ਬਰਨਾਰਡ ਸ਼ਾਅ ਦੇ ਜੀਵਨ ਅਤੇ ਉਸਦੀ ਲਿਖਣ ਸ਼ੈਲੀ ਤੋਂ ਅਤਿਅੰਤ ਪ੍ਰਭਾਵਿਤ ਰਿਹਾ। ਸਿੱਧੂ ਵੀ ਬਰਨਾਰਡ ਸ਼ਾਅ ਵਾਂਗ ਯਥਾਰਥਵਾਦ ਅਤੇ ਸਮਾਜਵਾਦ ਦਾ ਪ੍ਰਭਾਵ ਕਬੂਲਦਾ ਹੈ। ਜਿਸ ਤਰ੍ਹਾਂ Major Barbara ਵਿਚ ਸ਼ਾਅ ਨੇ ਆਰਥਿਕ ਤੰਗੀਆਂ ਤੇ ਦੁਸ਼ਵਾਰੀਆਂ ਦੀ ਗੱਲ ਕੀਤੀ ਹੈ। ਨਾਟਕ ਦੇ ਪਾਤਰਾਂ Mendoza ਅਤੇ Tanner ਦੀ ਵਾਰਤਾਲਾਪ ਵਿਚ ਇਹਨਾਂ ਸਮੱਸਿਆਵਾਂ ਦੀ ਪੇਸ਼ਕਾਰੀ ਨਜ਼ਰ ਆ ਰਹੀ ਹੈ :

Tanner : Tommorrow will do for me. I am rich enough to pay anything in reason.

Mendoza : (Respectfully) : You are a remarkable man, Sir. Our guests usually describe themselves as miserably poor.

Tanner : Pooh: miserably poor people don't own motor cars.[16]

ਇਹਨਾਂ ਹੀ ਵਿਸ਼ਿਆਂ ਨੂੰ ਚਰਨ ਦਾਸ ਸਿੱਧੂ ਦੇ ਨਾਟਕਾਂ 'ਬਾਬਾ ਬੰਤੂ', 'ਬਾਤ ਫੱਤੂ ਝੀਰ ਦੀ', 'ਭਜਨੋ' ਵਿਚ ਦੇਖਿਆ ਜਾ ਸਕਦਾ ਹੈ। ਚਰਨ ਦਾਸ ਸਿੱਧੂ ਅਣਗੌਲੇ ਵਿਸ਼ਿਆਂ ਨੂੰ ਲੈ ਕੇ ਸਮਾਜ ਦੇ ਅਣਗੌਲੇ ਮਨੁੱਖਾਂ ਦੀ ਗੱਲ ਕਰਦਾ ਹੈ। ਉਹ ਆਪਣੇ ਪ੍ਰਸਿੱਧ ਨਾਟਕ 'ਬਾਬਾ ਬੰਤੂ' ਵਿਚ ਬੰਤੂ, ਬਿਹਾਰੀ ਅਤੇ ਤਾਪੀ ਦੀ ਵਾਰਤਾਲਾਪ ਵਿਚ ਪੇਸ਼ ਕਰਦਾ ਹੈ:-

ਬਿਹਾਰੀ : ਚੰਗਾ, ਮੈਂ ਕੰਜਰ ਤਾਂ ਕੰਜਰ ਸਹੀ, ਤੂੰ ਕਿਹੜਾ ਰਾਜਾ ਖੜਗਸੈਨ ਐਂ ਮੈਨੂੰ ਪਤੈ, ਤੇਰੇ ਜਿਹੜੀਆਂ ਸੋਨੇ ਦੀਆਂ ਧਜਾਂ ਝੂਲਦੀਆਂ, ਮੇਤੋਂ ਗੁੱਝੀਆਂ ਨਈਂ - ਦੇਖ ਤਾਂ ਸਾਰੀ ਉਮਰ ਦੀ ਕਮਾਈ! ਕੱਖਾਂ ਦੀ ਕੁੱਲੀ, ਤੇ ਕੱਚੀਆਂ ਕੰਧਾਂ, ਤੇ ਦਰ ਦਰ ਦੇਣੇ ਐ, ਸ਼ਾਬਾ ਬਈ ਬੰਤੂ ਰਾਮਾ! ਸੁਰਗ ਪੁਚਾ ਦਿੱਤਾ ਤੂੰ ਪੁੱਤ ਨੂੰ, ਹੁਣ ਕਿਆ ਮੈਨੂੰ ਕਮਾਈ ਕਰਨ ਦੀ ਲੋੜ ਐ। ਸਾਰੀ ਉਮਰ ਭਾਵੇਂ ਬੈਠੇ ਹੀ ਖਾਈਏ, ਮਾਂ ਪੁੱਤ... ।[17]

ਡਾ. ਸਿੱਧੂ ਦੇ ਸਾਰੇ ਨਾਟਕ ਯਥਾਰਥਵਾਦੀ ਸ਼ੈਲੀ ਵਿਚ ਲਿਖੇ ਗਏ ਹਨ। 'ਮੈਨ ਐਂਡ ਸੁਪਰਮੈਨ' (Man & Superman) ਵਿਚ ਬਰਨਾਰਡ ਸ਼ਾਅ ਦੀ ਜਿਹੜੀ ਬੌਧਿਕਤਾ ਦਾ ਸਿਖ਼ਰ ਨਜ਼ਰ ਆਉਂਦਾ ਹੈ। ਉਹੀ ਸਾਨੂੰ ਸਿੱਧੂ ਦੇ ਨਾਟਕਾਂ 'ਇਨਕਲਾਬੀ ਪੁੱਤਰ', 'ਨਾਸਤਿਕ ਸ਼ਹੀਦ', 'ਇੰਦੂਮਤੀ ਸਤਦੇਵ' ਵਿਚ ਨਜ਼ਰ ਆਉਂਦਾ ਹੈ। ਸ਼ਾਅ ਦੇ ਨਾਟਕਾਂ 'ਸੀਜ਼ਰ ਐਂਡ ਕਲਿਓਪੈਟਰਾ' (Caesar and Cleopatra), 'ਦ ਡੈਵਿਲਜ਼ ਡਿਸਿੱਪਲ' (The Devil's Disciple) ਦੇ ਪ੍ਰਭਾਵ ਹੇਠ ਲਿਖੇ ਸਿੱਧੂ ਦੇ 'ਇੰਦੂਮਤੀ ਸਤਦੇਵ', 'ਸ਼੍ਰੀ ਪਦ ਰੇਖਾ ਗ੍ਰੰਥ', 'ਏਕਲਵਯ ਬੋਲਿਆ' ਪ੍ਰਸਿੱਧ ਨਾਟਕ ਸਿੱਧ ਹੁੰਦੇ ਹਨ। ਇਸ ਤੋਂ ਇਲਾਵਾ ਸਿੱਧੂ ਦੇ ਨਾਟਕ 'ਸੁਆਮੀ ਜੀ', 'ਕੱਲ੍ਹ ਕਾਲਜ ਬੰਦ ਰਵ੍ਹੇਗਾ', 'ਸ਼ੈਕਸਪੀਅਰ ਦੀ ਧੀ', 'ਕਿੱਸਾ ਕਾਲੂ ਘੁਮਾਰ', 'ਅਮਾਨਤ ਦੀ ਲਾਠੀ' ਆਦਿ ਯਥਾਰਥਵਾਦੀ ਬੌਧਿਕ ਨਾਟਕ ਮੰਨੇ ਜਾਂਦੇ ਹਨ। ਇਸ ਪ੍ਰਕਾਰ ਵੀਹਵੀਂ ਸਦੀ ਦੇ ਪੰਜਾਬੀ ਨਾਟਕ ਤੇ ਅੰਗਰੇਜ਼ੀ ਨਾਟਕ ਵਿਸ਼ੇਸ਼ਕਰ ਸ਼ੈਕਸਪੀਅਰ ਤੇ ਜਾਰਜ ਬਰਨਾਰਡ ਸ਼ਾਅ ਦਾ ਪ੍ਰਭਾਵ ਪਿਆ, ਭਾਵੇਂ ਕਿ ਹੋਰ ਅੰਗਰੇਜ਼ੀ ਨਾਟਕਕਾਰਾਂ ਆਰਥਰ ਮਿਲਰ, ਓ ਨੀਲ, ਟੈਨਸੀ ਵਿਲੀਅਮਜ਼ ਆਦਿ ਨੇ ਵੀ ਸਮੇਂ-ਸਮੇਂ ਪੰਜਾਬੀ ਨਾਟਕ ਨੂੰ ਉਵੇਂ ਹੀ ਪ੍ਰਭਾਵਿਤ ਕੀਤਾ ਜਿਵੇਂ ਬਰੈਖ਼ਤ (ਐਪਿਕ ਥੀਏਟਰ) ਨਾਟ ਸ਼ੈਲੀ, ਸੈਮੂਅਲ ਬ੍ਰੈਕਟ (ਐਬਸਰਡ ਥੀਏਟਰ) ਨਾਟ ਸ਼ੈਲੀ, ਆਰਤੋ (ਹੰਗਾਮੀ ਥੀਏਟਰ) ਨਾਟ ਸ਼ੈਲੀ ਆਦਿ ਨੇ ਪੰਜਾਬੀ ਨਾਟਕ ਨੂੰ ਪ੍ਰਭਾਵਿਤ ਕੀਤਾ। ਅਗਲੇਰੇ ਸਮੇਂ ਵਿਚ ਉਪਰੋਕਤ ਪੱਛਮੀ ਨਾਟਕਕਾਰਾਂ ਦੇ ਪ੍ਰਭਾਵ ਅਧੀਨ ਪੰਜਾਬੀ ਨਾਟਕ ਦੇ ਖੇਤਰ ਵਿਚ ਬਲਵੰਤ ਗਾਰਗੀ, ਹਰਸਰਨ ਸਿੰਘ, ਕਪੂਰ ਸਿੰਘ ਘੁੰਮਣ ਅਤੇ ਸੁਰਜੀਤ ਸਿੰਘ ਸੇਠੀ ਨੇ ਵੀ ਨਾਟਕ ਰਚਨਾ ਕੀਤੀ। ਪੰਜਾਬੀ ਨਾਟਕ ਵਿਚ ਮਨੋਵਿਗਿਆਨਿਕ ਅਤੇ ਹੋਰ ਨਵੀਂ ਚੇਤਨਾ ਤੇ ਅਧਾਰਿਤ ਨਵੀਆਂ ਲੀਹਾਂ ਸਥਾਪਿਤ ਹੋਈਆਂ।

ਇਸ ਪ੍ਰਕਾਰ ਪੰਜਾਬੀ ਨਾਟਕ ਨੂੰ ਅੰਗਰੇਜ਼ੀ ਨਾਟਕ ਦੇ ਤੁਲਨਾਤਮਕ ਪਰਿਪੇਖ ਵਿਚ ਵਿਚਾਰਦਿਆਂ

ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਨਾਟਕ ਦੀ ਉਤਪਤੀ ਅੰਗਰੇਜ਼ੀ ਨਾਟਕ ਦੇ ਪ੍ਰਭਾਵ ਨਾਲ ਹੋਈ ਹੈ। ਜਿਸ ਤਰ੍ਹਾਂ ਕਿ ਇਸ ਚਰਚਾ ਵਿਚ ਅੰਗਰੇਜ਼ੀ ਨਾਟਕਕਾਰਾਂ ਸ਼ੈਕਸਪੀਅਰ ਅਤੇ ਜਾਰਜ ਬਰਨਾਰਡ ਸ਼ਾਅ ਦੇ ਪ੍ਰਸੰਗ ਵਿਚ ਅੰਗਰੇਜ਼ੀ ਨਾਟਕ ਦੇ ਪੰਜਾਬੀ ਨਾਟਕ ਉੱਤੇ ਪਏ ਪ੍ਰਭਾਵਾਂ ਬਾਰੇ ਵਿਚਾਰਿਆ ਗਿਆ, ਉਸੇ ਤਹਿਤ ਪੂਰਵ ਸੁਤੰਤਰਤਾ ਕਾਲ ਅਤੇ ਉੱਤਰ ਸੁਤੰਤਰਤਾ ਕਾਲ ਦੇ ਪੰਜਾਬੀ ਨਾਟਕ ਦਾ ਅਧਿਐਨ ਕਰਦਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੋਵਾਂ ਹੀ ਅੰਗਰੇਜ਼ੀ ਦੇ ਪ੍ਰਮੁੱਖ ਨਾਟਕਕਾਰਾਂ ਸ਼ੈਕਸਪੀਅਰ (ਪੰਦਰਵੀਂ-ਸੋਲ੍ਹਵੀਂ ਸਦੀ) ਅਤੇ ਬਰਨਾਰਡ ਸ਼ਾਅ (ਵੀਹਵੀਂ ਸਦੀ) ਨੇ ਪੰਜਾਬੀ ਨਾਟਕ ਉੱਤੇ ਡੂੰਘਾ ਪ੍ਰਭਾਵ ਪਾਇਆ।

## ਟਿੱਪਣੀਆਂ ਤੇ ਹਵਾਲੇ :


1. As important as the political, social or religious response to the situation of colonial rule in the Punjab during the late 19th and early 20th century was the cultural response which expressed itself in literary resurgence and the emergence of new literary forms. J.S. Grewal, **The Emergence of Pbi. Drama**. G.N.D.U. Amritsar, 1986, P-3.
2. "Giani Dit Singh's, 'Raj Prabodh Natak', Published from Lahore in 1890 has been regarded by many a literary historian as the first drama in modern Punjabi literature." J.S. Grewal, T**he Emergence of Pbi. Drama**. G.N.D.U. Amritsar, 1986, P 5.
3. ਸਬਿੰਦਰਜੀਤ ਸਿੰਘ ਸਾਗਰ, **ਪੰਜਾਬੀ ਨਾਟਕ ਦਾ ਇਤਿਹਾਸ**, ਵਾਰਿਸ ਸ਼ਾਹ ਫਾਊਂਡੇਸ਼ਨ, 1998, ਪੰਨਾ-58
4. ਡਾ. ਹਰਚਰਨ ਸਿੰਘ, **ਪੰਜਾਬ ਦੀ ਨਾਟ-ਪ੍ਰੰਪਰਾ**, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-174.
5. "Shakespeare has been praised for his "Knowledge of Human Heart", for his superb poetry, for his esthetic cunning in his disposition of the action, for his thetricall skill." David Daiches, **A Critical History of English Litrature**, Allied Publishers, Delhi, 1979, P-246.
6. **The complete works of William Shakespeare, worldsworth editions**, The Shakespeare Head Press, Oxford, London, 1996, P-219.
7. ਗੁਰਦਿਆਲ ਸਿੰਘ ਫੁੱਲ, **ਚੜ੍ਹਦਾ ਰੂਪ ਸਵਾਇਆ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976, ਪੰਨਾ-23.
8. **The complete works of William Shakespeare, worldsworth editions**, The Shakespeare Head Press, Oxford, London, 1996, P-624.
9. ਆਈ. ਸੀ. ਨੰਦਾ, **ਸੁਭੱਦਰਾ**, ਕਸਤੂਰੀ ਲਾਲ ਐਂਡ ਸੰਨਜ, ਅੰਮ੍ਰਿਤਸਰ, 2008, ਪੰਨਾ-52.
10. Dr. C.D. Sidhu, **The Pattern of Tragicomedy in Bernard Shaw**, 1978, P-27.
11. ਸੰਤ ਸਿੰਘ ਸੇਖੋਂ, **ਨਾਰਕੀ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976, ਪੰਨਾ-35-36.
12. ਸੰਤ ਸਿੰਘ ਸੇਖੋਂ, ਨਲ ਦਮਯੰਤੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1980, ਪੰਨਾ-23.
13. Bernard Shaw, **Pygmalion**, Rama Brothers, Dehli, 1991, P-82.
14. Bernard Shaw, Man & Superman, A.I.T.B.S. Publishers India, Delhi, 2010, P-91
15. ਸੰਤ ਸਿੰਘ ਸੇਖੋਂ, **ਕਲਾਕਾਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, ਪੰਨਾ-105.
16. A.C. Ward, Major Barbara, Orient Longmans, New Delhi, 1961, P-98
17. ਚਰਨ ਦਾਸ ਸਿੱਧੂ, **ਬਾਬਾ ਬੰਤੂ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1982, ਪੰਨਾ-33.


◈



ਸੰਵਾਦ-15 (ਜਨਵਰੀ-ਜੂਨ 2022) ISSN : 2395-1273 **www.sanvad.org**

# ਪੰਜਾਬੀ ਭਾਸ਼ਾ ਲਈ ਐਂਡਰਾਇਡ ਅਧਾਰਿਤ ਮੋਬਾਇਲ ਫੋਨ ਐਪਸ

## ਦਸ਼ਾ ਅਤੇ ਦਿਸ਼ਾ

ਹਾਲ ਹੀ ਦੇ ਸਾਲਾਂ ਵਿਚ, ਮੋਬਾਈਲ ਤਕਨਾਲੋਜੀ ਵਿਚ ਤਰੱਕੀ/ਵਿਕਾਸ ਨੇ ਇਨਸਾਨ ਦੀ ਰੋਜ਼ਾਨਾ ਜੀਵਨ ਸ਼ੈਲੀ ਵਿੱਚ ਇੱਕ ਬਹੁਤ ਵੱਡਾ ਬਦਲਾਅ ਲਿਆਂਦਾ ਹੈ। ਸਮਾਰਟਫ਼ੋਨ/ਮੋਬਾਈਲ ਉਪਕਰਣਾਂ ਦਾ ਪਸਾਰ ਮਨੁੱਖੀ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਬਹੁਤ ਜ਼ਿਆਦਾ ਹੈ। ਇਸ ਨਾਲ ਮੋਬਾਈਲ ਉਪਕਰਣਾਂ 'ਤੇ ਚੱਲਣ ਵਾਲੇ ਸਾਫਟਵੇਅਰ ਨੂੰ ਵਿਕਸਤ ਕਰਨ ਦੀ ਮੰਗ ਵੀ ਕਾਫ਼ੀ ਵੱਧ ਗਈ ਹੈ। ਮੋਬਾਈਲ ਵਰਤੋਂ ਵਿਚ ਅਸਾਨੀ ਅਤੇ ਨੰਬਰ ਦੀ ਪੋਰਟੇਬਿਲਟੀ ਕਾਰਨ ਵੱਧ ਤੋਂ ਵੱਧ ਆਬਾਦੀ ਮੋਬਾਈਲ ਉਪਕਰਣਾਂ ਨੂੰ ਵਰਤੋਂ ਵਿਚ ਲਿਆਉਣ ਲੱਗ ਗਈ ਹੈ। ਮੋਬਾਈਲ ਉਪਕਰਣਾਂ ਦੇ ਇਸ ਅਸਾਧਾਰਣ ਵਾਧੇ ਨੇ ਡੈਸਕਟੌਪ ਕੰਪਿਊਟਰਾਂ ਨੂੰ ਅਲੋਪ ਹੋਣ ਦੇ ਕੰਢੇ 'ਤੇ ਲੈ ਆਂਦਾ ਹੈ ਅਤੇ ਹੁਣ ਇਹ ਸਾਡੀ ਜ਼ਿੰਦਗੀ ਦਾ ਇਕ ਮਹੱਤਵਪੂਰਣ ਹਿੱਸਾ ਬਣ ਗਏ ਹਨ। ਮੋਬਾਈਲ ਹਾਰਡਵੇਅਰ ਦੀ ਨਿਰੰਤਰ ਸੁਧਰ ਰਹੀ ਕੰਪਿਊਟੇਸ਼ਨਲ ਸ਼ਕਤੀ ਦੇ ਅਨੁਕੂਲ ਇਹਨਾਂ ਮੋਬਾਈਲ ਉਪਕਰਣਾਂ ਲਈ ਵਿਕਸਿਤ ਹੋ ਰਹੇ ਐਪਲੀਕੇਸ਼ਨ ਵੀ ਹੋਰ ਵਧੇਰੇ ਉੱਨਤ ਅਤੇ ਗੁੰਝਲਦਾਰ ਬਣ ਰਹੇ ਹਨ। ਖ਼ਾਸਕਰ ਕਾਰੋਬਾਰ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਮੋਬਾਈਲ ਐਪਲੀਕੇਸ਼ਨਾਂ ਨੂੰ ਡੇਸਕਟੋਪ ਸਾਫਟਵੇਅਰ ਦੀ ਜਗ੍ਹਾ ਜ਼ਿਆਦਾ ਮਹੱਤਤਾ ਮਿਲਣਾ ਇਸ ਗੱਲ ਦਾ ਪੁਖਤਾ ਸੰਕੇਤ ਹੈ ਕਿ ਮੋਬਾਈਲ ਐਪਲੀਕੇਸ਼ਨਾਂ ਬਿਨਾਂ ਸ਼ਰਤ ਆਪਣੀਆਂ ਜੜ੍ਹਾਂ ਹੋਰ ਡੂੰਘੀਆਂ ਸਥਾਪਤ ਕਰ ਰਹੀਆਂ ਹਨ। ਅੱਜ ਦਾ ਮਨੁੱਖ ਮੋਬਾਈਲ ਟੈਕਨੋਲੋਜੀ ਦਾ ਗੁਲਾਮ ਬਣ ਗਿਆ ਹੈ। ਮਨੁੱਖੀ ਜੀਵਨ ਦਾ ਕੋਈ ਵੀ ਖੇਤਰ ਅਜਿਹਾ ਨਹੀਂ ਬਚਿਆ ਜਿਥੇ ਮੋਬਾਈਲ ਟੈਕਨੋਲੋਜੀ ਦਾ ਦਖ਼ਲ ਨਾ ਹੋਵੇ। ਪਿਛਲੇ 15 ਸਾਲਾਂ ਵਿਚ ਮੋਬਾਈਲ ਟੈਕਨਾਲੋਜੀ ਨੇ ਬੜੀ ਤੇਜ ਰਫ਼ਤਾਰ ਨਾਲ ਮਨੁੱਖੀ ਜ਼ਿੰਦਗੀ 'ਤੇ ਆਪਣਾ ਅਧਿਕਾਰ ਜਮਾਇਆ ਹੈ। ਮੋਬਾਈਲ ਸਾਫਟਵੇਅਰ ਦੇ ਖੇਤਰ ਵਿੱਚ ਐਂਡਰਾਇਡ ਐਪਲੀਕੇਸ਼ਨਾਂ ਦੀ iOs, Windows ਅਤੇ Symbian ਦੇ ਮੁਕਾਬਲੇ ਸਭ ਤੋਂ ਵੱਧ ਹਿੱਸੇਦਾਰੀ ਹੈ। ਇਸ਼ ਦਾ ਇਕ ਮੁੱਖ ਕਾਰਨ ਐਂਡਰਾਇਡ ਐਪਲੀਕੇਸ਼ਨਾਂ ਉੱਤੇ ਬਹੁਤ ਘੱਟ ਪਾਬੰਦੀਆਂ ਦਾ ਹੋਣਾ ਹੈ।



**ਡਾ. ਅਨੂਰੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਕੰਪਿਊਟਰ ਸਾਇੰਸ
ਵਿਭਾਗ
ਖ਼ਾਲਸਾ ਕਾਲਜ
ਅੰਮ੍ਰਿਤਸਰ
98146-1251
anumahal@gmail.com

ਮੌਜੂਦਾ ਦੌਰ ਵਿਚ ਖੇਤਰੀ ਭਾਸ਼ਾਵਾਂ ਦੀ ਸਾਰਥਕਤਾ ਦੇ ਸੰਦਰਭ ਵਿੱਚ, ਬਹੁਤ ਸਾਰੇ ਮੋਬਾਈਲ ਐਪਸ ਪ੍ਰਚਲਿਤ ਹੋ ਗਏ ਹਨ। ਪੰਜਾਬੀ, ਭਾਰਤੀ ਅਤੇ ਪਾਕਿਸਤਾਨੀ ਖੇਤਰ ਵਿਚ ਵਰਤੀ ਜਾਣ ਵਾਲੀ ਇਕ ਪੁਰਾਣੀ ਇੰਡੋ-ਆਰੀਅਨ ਭਾਸ਼ਾ ਹੈ। ਇਹ ਦੁਨੀਆ ਭਰ ਵਿੱਚ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਜਿਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਕਰੀਬ 9 ਕਰੋੜ ਹੈ। ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਵਿੱਚ ਬਹੁਤ ਸਾਰੀ ਪੰਜਾਬੀ ਭਾਸ਼ੀ ਵਿਦੇਸ਼ੀ ਵੱਸੋਂ ਹੈ। ਇਹ ਪਾਕਿਸਤਾਨੀ ਪੰਜਾਬ ਵਿੱਚ ਵੀ ਕਾਫ਼ੀ ਹੱਦ ਤੱਕ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਭਾਰਤੀ ਪੰਜਾਬ ਦੇ ਮੁਕਾਬਲੇ ਇਸ ਦਾ ਕੋਈ ਅਧਿਕਾਰਤ ਰੁਤਬਾ ਨਹੀਂ ਹੈ।


ਪੀਐਚ.ਡੀ. ਖੋਜ ਨਿਬੰਧ (2018) 'ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਸਮੱਸਿਆਵਾਂ ਅਤੇ ਸੁਝਾਅ' ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੰਪਿਊਟਰ ਸਾਇੰਸ ਵਿਭਾਗ ਤੋਂ ਸ਼ਿੰਦਰ ਪਾਲ ਵੱਲੋਂ ਆਪਣਾ ਸੁਝਾਅ ਦਿੱਤਾ ਗਿਆ ਕਿ ਪੰਜਾਬੀ ਭਾਸ਼ਾ ਲਈ ਵਿਸ਼ੇਸ਼ ਤੌਰ 'ਤੇ ਲਿਖੀਆਂ ਅਤੇ ਵਿਕਸਤ ਕੀਤੀਆਂ ਮੋਬਾਈਲ ਐਪਸ ਦੀ ਜ਼ਰੂਰਤ ਹੈ।

## ਮੋਬਾਈਲ ਤਕਨਾਲੋਜੀ ਦੀ ਵਰਤੋਂ

ਗੂਗਲ ਪਲੇ ਸਟੋਰ ਐਪ ਜੋ ਕਿ ਐਂਡਰਾਇਲ ਮੋਬਾਈਲ ਫ਼ੋਨ 'ਤੇ ਇਕ ਬਿਲਟ-ਇਨ ਐਪ ਹੈ, ਪੰਜਾਬੀ ਭਾਸ਼ਾ ਵਿਚ ਵਿਕਸਤ ਹਜ਼ਾਰਾਂ ਐਪਸ ਨੂੰ ਭੰਡਾਰ ਕਰਦਾ ਹੈ। ਪਰ ਇਹ ਸਾਰੇ ਐਪ, ਉਪਭੋਗਤਾਵਾਂ ਦੇ ਦ੍ਰਿਸ਼ਟੀਕੋਨ ਤੋਂ ਇੰਟਰਫੇਸ, ਸੁਹਜ, ਉਪਯੋਗਤਾ, ਖੋਜ ਸ਼ਕਤੀ ਆਦਿ ਨੂੰ ਸਮਝਣ ਦੇ ਸੰਬੰਧ ਵਿੱਚ ਜ਼ਿਆਦਾ ਸੌਖੇ ਨਹੀਂ ਹਨ। ਇਹੀ ਕਾਰਨ ਹੈ ਕਿ ਮੋਬਾਈਲ ਉਪਕਰਣਾਂ 'ਤੇ ਮੌਜੂਦ ਐਪ ਸਟੋਰ ਨਾ ਸਿਰਫ਼ ਐਪਸ ਨੂੰ ਮੁਫਤ ਡਾਉਨਲੋਡ ਕਰਨ ਦੀ ਆਗਿਆ ਦਿੰਦਾ ਹੈ, ਬਲਕਿ ਉਨ੍ਹਾਂ ਦੇ ਉਪਭੋਗਤਾਵਾਂ ਤੋਂ ਪ੍ਰਾਪਤ ਸੁਝਾਵਾਂ ਦੇ ਅਧਾਰ 'ਤੇ ਹਰੇਕ ਐਪ ਦੀ ਰੇਟਿੰਗ ਵੀ ਕਰਦਾ ਹੈ। ਕਿਸੇ ਐਪ ਦੀ ਵਧੇਰੇ ਬਿਹਤਰ ਰੇਟਿੰਗ ਇਸ ਨੂੰ ਡਾਉਨਲੋਡ ਕਰਨ ਦੀ ਸੰਭਾਵਨਾ ਨੂੰ ਹੋਰ ਵਧਾਉਂਦੀ ਹੈ। ਕੋਈ ਵੀ ਉਪਭੋਗਤਾ ਘੱਟ ਰੇਟਿੰਗ ਵਾਲੀ ਐਪ ਨੂੰ ਡਾਊਨਲੋਡ ਕਰਨਾ ਪਸੰਦ ਨਹੀਂ ਕਰੇਗਾ। ਇਸ ਲਈ ਕਿਉਂ ਕਿ ਪੰਜਾਬੀ ਵਿਚ ਹਜ਼ਾਰਾਂ ਐਪਸ ਵਿਕਸਿਤ ਕੀਤੇ ਗਏ ਹਨ, ਅਸੀਂ ਪੰਜਾਬੀ ਐਪਸ ਦੀ ਇਸ ਖੋਜ ਪੱਤਰ ਵਿਚ ਇਕ ਵਿਸ਼ੇਸ਼ ਖੋਜ ਸ਼੍ਰੇਣੀ ਸੂਚੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਪੰਜਾਬੀ ਭਾਸ਼ਾ ਦੇ ਲੋਕਾਂ ਦੀ ਉਨ੍ਹਾਂ ਨੂੰ ਦਿਲਚਸਪੀ ਦੇ ਅਨੁਸਾਰ ਖਾਸ ਕਿਸਮ ਦੇ ਐਪ ਦੀ ਆਸਾਨੀ ਨਾਲ ਭਾਲ ਕਰਨ ਵਿੱਚ ਸਹਾਇਤਾ ਕਰੇਗਾ। ਨਾਲ ਹੀ ਅਸੀਂ ਸਿਰਫ਼ ਉਸ ਐਪ ਨੂੰ ਵਿਸ਼ੇਸ਼ ਸ਼੍ਰੇਣੀ ਵਿਚ ਸੂਚੀਬੱਧ ਕਰ ਰਹੇ ਹਾਂ ਜੋ 5 ਵਿਚੋਂ ਘੱਟੋ ਘੱਟ ਤਿੰਨ ਜਾਂ ਤਿੰਨ ਤੋਂ ਵੱਧ (3+) ਦੇ ਨਾਲ ਉੱਚ ਰੇਟਿੰਗ ਵਾਲਾ ਹੈ।

### 1. ਭਾਸ਼ਾ ਦਾ ਸਿੱਖਣਾ

ਇਹ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਕੰਪਿਊਟਰ ਅਧਾਰਤ ਪ੍ਰੋਗਰਾਮ, ਸਾਫਟਵੇਅਰ ਅਤੇ ਵੈਬ ਲਿੰਕ ਪੰਜਾਬੀ ਦੀ ਸਿਖਲਾਈ ਵਿੱਚ ਵਿਦਿਆਰਥੀਆਂ ਦੀ ਮਦਦ ਨਹੀਂ ਕਰਦੇ। ਪੰਜਾਬੀ ਨੂੰ ਸਿੱਖਣ ਲਈ ਸਭ ਤੋਂ ਵਧੀਆ ਐਪਸ ਚਿੱਤਰ ਵਿਚ ਦਿਖਾਈਆਂ ਗਈਆਂ ਹਨ ਅਤੇ ਉਨ੍ਹਾਂ ਦੀ ਸਟਾਰ ਰੇਟਿੰਗ ਦੇ ਅਧਾਰ 'ਤੇ ਕ੍ਰਮਬੱਧ ਕੀਤਾ ਗਿਆ ਹੈ। ਚਿੱਤਰ ਵਿਚ ਅਸੀਂ ਸਿਰਫ਼ 3+ ਸਟਾਰ ਰੇਟਿੰਗ ਦੇ ਨਾਲ ਐਪਸ ਦਿਖਾਏ ਹਨ।




**ਚਿੱਤਰ 1. ਪੰਜਾਬੀ ਭਾਸ਼ਾ ਸਿੱਖਣ ਲਈ ਪਲੇ-ਸਟੋਰ ਦੇ ਨਤੀਜੇ**


### 2. ਅਨੁਵਾਦ

ਅਨੁਵਾਦਕ ਐਪ ਨਾਲ ਤੁਸੀਂ ਆਪਣੇ ਕੰਮ ਦਾ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਆਸਾਨੀ ਨਾਲ ਅਨੁਵਾਦ ਕਰ ਸਕਦੇ ਹੋ। ਤੁਸੀਂ ਭਾਸ਼ਾ ਦੇ ਅਨੁਵਾਦਕ ਐਪ ਨਾਲ ਸ਼ਬਦਾਂ ਅਤੇ ਪੂਰੇ ਵਾਕਾਂ ਦਾ ਅਨੁਵਾਦ ਵੀ

ਕਰ ਸਕਦੇ ਹੋ। ਜਦੋਂ ਤੁਸੀਂ ਯਾਤਰਾ ਕਰ ਰਹੇ ਹੋਵੋ ਤਾਂ ਭਾਸ਼ਾ ਅਨੁਵਾਦਕ ਐਪ ਅਨੁਵਾਦ ਦੀਆਂ ਜ਼ਰੂਰਤਾਂ ਲਈ ਸੱਚਮੁੱਚ ਮਦਦਗਾਰ ਹੁੰਦਾ ਹੈ। ਇਸ ਐਪ ਨਾਲ ਤੁਸੀਂ ਇਹ ਪਤਾ ਲਗਾ ਸਕਦੇ ਹੋ ਕਿ ਹਰੇਕ ਵਾਕ ਜਾਂ ਸ਼ਬਦ ਦਾ ਵੱਖਰੀ ਭਾਸ਼ਾ ਵਿਚ ਕੀ ਅਰਥ ਹੁੰਦਾ ਹੈ। ਚਿੱਤਰ 2. ਪੰਜਾਬੀ ਭਾਸ਼ਾ ਅਨੁਵਾਦ ਐਪਸ ਲਈ ਪਲੇ ਸਟੋਰ ਨਤੀਜੇ ਦਿਖਾ ਰਿਹਾ ਹੈ। ਚਿੱਤਰ 3 ਅੰਗ੍ਰੇਜ਼ੀ–ਪੰਜਾਬੀ ਅਨੁਵਾਦ ਐਪ ਸਕ੍ਰੀਨ ਸ਼ਾਟ ਦਿਖਾ ਰਿਹਾ ਹੈ।




ਚਿੱਤਰ 2. ਪੰਜਾਬੀ ਭਾਸ਼ਾ ਅਨੁਵਾਦ ਐਪਸ ਲਈ ਪਲੇ ਸਟੋਰ ਦੇ ਨਤੀਜੇ





ਚਿੱਤਰ 3. ਅੰਗ੍ਰੇਜ਼ੀ-ਪੰਜਾਬੀ ਅਨੁਵਾਦ ਐਪ ਦਾ ਸਕ੍ਰੀਨ ਸ਼ਾਟ

## 3. ਸਵੈਚਾਲਿਤ ਭਾਸ਼ਾ ਪਹਿਚਾਣ ਪ੍ਰਣਾਲੀ (ਏਐਸਆਰ)
## Automatic Speech Reconition System (ASR)

ASR ਪ੍ਰਣਾਲੀ ਦਾ ਮੁੱਖ ਉਦੇਸ਼ ਭਾਸ਼ਣ ਤਰੰਗਾਂ ਨੂੰ ਇਕ ਸਹੀ ਅਤੇ ਸੁਯੋਗ ਢੰਗ ਨਾਲ ਉਪਕਰਨ, ਵਕਤਾ ਅਤੇ ਆਲੇ ਦੁਆਲੇ ਤੋਂ ਸੁਤੰਤਰ ਇਬਾਰਤ ਵਿੱਚ ਬਦਲਣਾ ਹੈ। ਪੰਜਾਬੀ ਅਵਾਜ਼ ਟਾਈਪਿੰਗ, ਪੰਜਾਬੀ ਵਿੱਚ ਟਾਈਪ ਕਰਨ ਲਈ ਤੁਹਾਡੀ ਆਵਾਜ਼ ਦੀ ਵਰਤੋਂ ਕਰਦੀ ਹੈ। ਲਿਪੀਕਾਰ ਪੰਜਾਬੀ ਕੀਬੋਰਡ, ਗੂਗਲ ਪਲੇ ਸਟੋਰ 'ਤੇ ਇਕ ਸਭ ਤੋਂ ਮਸ਼ਹੂਰ ਪੰਜਾਬੀ ਵਾਇਸ ਟਾਈਪਿੰਗ ਐਪਸ ਹੈ। ਪੰਜਾਬੀ ਕੀਬੋਰਡ ਟਾਈਪਿੰਡ ਅੰਗਰੇਜ਼ੀ ਅਤੇ ਪੰਜਾਬੀ ਨੂੰ ਆਪਸ ਵਿਚ ਬਦਲਣਾ ਸੁਖਾਲਾ ਬਣਾਉਂਦੀ ਹੈ। ਚਿੱਤਰ 4. ਲਿਪੀਕਾਰ ਪੰਜਾਬੀ ਕੀਬੋਰਡ ਐਪ ਦਾ ਸਕ੍ਰੀਨ ਸ਼ਾਟ ਦਿਖਾ ਰਿਹਾ ਹੈ ਅਤੇ ਚਿੱਤਰ 5. ਮੋਬਾਇਲ ਫ਼ੋਨ ਸਕ੍ਰੀਨ ਸ਼ਾਟ 'ਤੇ ਲਿਪੀਕਾਰ ਪੰਜਾਬੀ ਕੀਬੋਰਡ ਐਪ ਦੀ ਵਰਤੋਂ ਕਰਨਾ।





ਚਿੱਤਰ 4. ਲਿਪੀਕਾਰ ਪੰਜਾਬੀ ਕੀਬੋਰਡ ਐਪ ਦਾ ਸਕ੍ਰੀਨ ਸ਼ਾਟ




ਚਿੱਤਰ 5. ਮੋਬਾਇਲ ਫ਼ੋਨ ਸਕ੍ਰੀਨ ਸ਼ਾਟ 'ਤੇ ਲਿਪੀਕਾਰ ਪੰਜਾਬੀ ਕੀਬੋਰਡ ਐਪ ਦੀ ਵਰਤੋਂ ਕਰਨਾ

## 4. ਆਪਟੀਕਲ ਚਰਿੱਤਰ ਪਛਾਣ ਪ੍ਰਣਾਲੀ (ਓ.ਸੀ.ਆਰ.)
## Optical Character Recognition System

ਆਪਟੀਕਲ ਚਰਿੱਤਰ ਪਛਾਣ (ਓ.ਸੀ.ਆਰ.) ਚਿਤਰਾਂ ਨੂੰ ਇਬਾਰਤ (Text) ਜਾਂ ਵਰਡ ਪ੍ਰੋਸੈਸਿੰਗ ਵਿੱਚ ਬਦਲਣ ਦੀ ਪ੍ਰਕਿਰਿਆ ਹੈ ਜੋ ਆਸਾਨੀ ਨਾਲ edit ਅਤੇ Save ਕੀਤੀ ਜਾ ਸਕਦੀ ਹੈ। Text Scanner ਐਪ (ਓ.ਸੀ.ਆਰ.) ਉੱਚ (99% +) ਸ਼ੁਧਤਾ ਵਾਲੇ ਚਿੱਤਰ ਦੇ ਪਾਤਰਾਂ ਨੂੰ ਪਛਾਣਦਾ ਹੈ। ਇਹ ਤੁਹਾਡੇ ਮੋਬਾਈਲ ਫ਼ੋਨ ਨੂੰ Text Scanner ਅਤੇ translator ਵਿੱਚ ਬਦਲਦਾ ਹੈ। ਚਿੱਤਰ 6 Text Scanner ਐਪ ਦਾ ਸਕ੍ਰੀਨ ਸ਼ਾਟ ਦਿਖਾ ਰਿਹਾ ਹੈ ਅਤੇ ਚਿੱਤਰ 7 ਮੋਬਾਈਲ ਫ਼ੋਨ 'ਤੇ Text scanner ਐਪ ਦੀ ਵਰਤੋਂ ਕਰਨਾ।





**ਚਿੱਤਰ 6. Text Scanner (ਓ.ਸੀ.ਆਰ.) ਐਪ ਦਾ ਸਕ੍ਰੀਨ ਸ਼ਾਟ**




**ਚਿੱਤਰ 7. ਮੋਬਾਇਲ ਫ਼ੋਨ 'ਤੇ Text Scanner ਐਪ ਦੀ ਵਰਤੋਂ ਕਰਨ ਦਾ ਸਕ੍ਰੀਨ ਸ਼ਾਟ**

## 5. ਪੰਜਾਬੀ Text Editor


ਪੰਜਾਬੀ ਸੰਪਾਦਕ ਪੰਜਾਬੀ ਵਿਚ ਲਿਖਣ ਲਈ ਇਕ ਮਦਦਗਾਰ ਐਪ ਹੈ। ਤੁਸੀਂ ਪੰਜਾਬੀ Text Editor ਦੀ ਵਰਤੋਂ ਕਰਦਿਆਂ ਪੰਜਾਬੀ Text ਲਿਖ ਸਕਦੇ ਹੋ, save ਕਰ ਸਕਦੇ ਹੋ, ਸਾਂਝਾ ਕਰ ਸਕਦੇ ਹੋ ਅਤੇ ਭੇਜ ਸਕਦੇ ਹੋ।




ਚਿੱਤਰ 8. ਪੰਜਾਬੀ ਨੋਟਪੈਡ ਐਪ ਦੀ ਵਰਤੋਂ ਕਰਨਾ

## 6. ਪੰਜਾਬੀ Speech Synthesis (Text to Speech)


Hear To Read ਐਪਸ ਦਾ ਮੁੱਖ ਟੀਚਾ ਦ੍ਰਿਸ਼ਟੀਹੀਣ ਲੋਕਾਂ ਨੂੰ ਕਿਤਾਬਾਂ, ਵੈਬ ਸਾਈਟਾਂ, ਈ-ਮੇਲ, ਵਰਡ ਅਤੇ ਕਥਨ ਦਸਤਾਵੇਜ਼ਾਂ, ਐਸਐਮਐਸ ਸੰਦੇਸ਼, ਫੇਸਬੁੱਕ ਸੰਦੇਸ਼ ਅਤੇ ਵਟਸਐਪ ਸੰਦੇਸ਼ਾਂ ਆਦਿ ਨੂੰ ਪੜ੍ਹਨ ਵਿੱਚ ਸਹਾਇਤਾ ਕਰਨਾ ਹੈ। Hear to Read ਐਪਸ ਦ੍ਰਿਸ਼ਟੀਹੀਣ ਲੋਕਾਂ ਤੋਂ ਬਿਨਾਂ ਹੋਰ ਵੱਡੀ ਗਿਣਤੀ ਵਿਚ ਲੋਕਾਂ ਦੁਆਰਾ ਵੀ ਵਰਤੇ ਜਾ ਰਹੇ ਹਨ।




ਚਿੱਤਰ 9. ਪੰਜਾਬੀ ਟੈਕਸਟ ਟੂ ਸਪੀਚ ਐਪ ਦੀ ਵਰਤੋਂ ਕਰਨਾ


## 7. ਪੰਜਾਬੀ ਸ਼ਬਦਕੋਸ਼

**7.1. ਸ਼ਬਦਕੋਸ਼**:- ਸ਼ਬਦਕੋਸ਼, ਅੰਗ੍ਰਜ਼ੀ-ਪੰਜਾਬ ਕੋਸ਼ ਵਿਚ ਇਕ ਸਭ ਤੋਂ ਵਿਆਪਕ ਪੰਜਾਬੀ ਅਤੇ ਅੰਗਰੇਜ਼ੀ ਸ਼ਬਦਾਵਲੀ ਦੇ ਅਰਥਾਂ ਦਾ ਸੰਗ੍ਰਹਿ ਹੈ ਜੋ ਤੁਹਾਨੂੰ ਗੂਗਲ ਪਲੇ ਸਟੋਰ 'ਤੇ ਪੰਜਾਬੀ ਅੰਗ੍ਰੇਜ਼ੀ ਵਿਚ ਮਿਲਦਾ ਹੈ। ਇਸ ਐਪ ਵਿਚ ਅੰਗਰੇਜ਼ੀ ਪਰਿਭਾਸ਼ਾਵਾਂ, ਕਵਿਜ਼ ਖੇਡਾਂ, ਸ਼ਬਦਕੋਸ਼, ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਬੋਲੀ ਜਾਣ ਵਾਲੀ ਸਰਵਨਾਮ, ਸਮਾਨਾਰਥੀ ਅਤੇ ਵਿਰੋਧੀ ਸ਼ਬਦਾਂ ਦੇ ਨਾਲ ਭਰਪੂਰ ਇੱਕ ਉਪਭੋਗਤਾ-ਅਨੁਕੂਲ ਸ਼ਬਦਕੋਸ਼ ਹੈ।




**ਚਿੱਤਰ 10. ਸ਼ਬਦਕੋਸ਼ (ਡਿਕਸ਼ਨਰੀ) ਐਪ ਦਾ ਸਕ੍ਰੀਨ ਸ਼ਾਟ**

**7.2 ਪੰਜਾਬੀਪੀਡੀਆ** :- ਪੰਜਾਬੀਪੀਡੀਆ ਰਾਹੀਂ ਪੰਜਾਬੀ ਭਾਸ਼ਾ ਦੀ ਸਮੱਗਰੀ ਨੂੰ ਇੰਟਰਨੈੱਟ 'ਤੇ ਮੁਹੱਈਆ ਕਰਵਾਉਣਾ — ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪਿਛਲੇ ਸਮੇਂ ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਲਈ ਵਿਸ਼ੇਸ਼ ਕਾਰਜ ਕੀਤੇ ਗਏ ਹਨ। ਜਿਨ੍ਹਾਂ ਵਿੱਚੋਂ ਪ੍ਰਮੁੱਖ ਕਾਰਜ 'ਪੰਜਾਬੀਪੀਡੀਆ' ਰਾਹੀਂ ਪੰਜਾਬੀ ਭਾਸ਼ਾ ਦੀ ਸਮੱਗਰੀ ਨੂੰ ਇੰਟਰਨੈਟ 'ਤੇ ਮੁਹੱਈਆਂ ਕਰਵਾਉਣਾ ਹੈ। ਪੰਜਾਬੀਪੀਡੀਆ ਦੇ ਅੰਤਰਗਤ ਪੰਜਾਬੀ ਭਾਸ਼ਾ ਦੇ ਹਰ ਖੇਤਰ ਨਾਲ ਸਬੰਧਿਤ ਸਮੱਗਰੀ ਇੰਟਰਨੈੱਟ 'ਤੇ ਮੁਹੱਈਆ ਕਰਵਾਈ ਜਾ ਰਹੀ ਹੈ। ਇਸਦੇ ਅੰਤਰਗਤ, ਸਿੱਖਿਆ, ਵਿਗਿਆਨ, ਕਲਾ, ਧਰਮ, ਸਮਾਜ, ਨਾਵਾਂ ਅਤੇ ਥਾਵਾਂ ਨਾਲ ਸਬੰਧਿਤ ਸਮੱਗਰੀ ਨੂੰ ਆਨਲਾਈਨ ਕਰਨ ਦੇ ਨਾਲ-ਨਾਲ ਪੰਜਾਬੀਪੀਡੀਆ ਪੰਜਾਬੀ ਭਾਸ਼ਾ ਦੇ ਆਨਲਾਈਨ ਤਕਨੀਕੀ ਵਿਕਾਸ ਪ੍ਰਤੀ ਨਿਰੰਤਰ ਕਾਰਜਸ਼ੀਲ ਹੈ। ਪੰਜਾਬੀਪੀਡੀਆ ਰਾਹੀਂ ਇੰਟਰਨੈਟ 'ਤੇ ਸਮੱਗਰੀ ਪੜਾਅਵਾਰ ਪਾਈ ਜਾ ਰਹੀ ਹੈ। ਵਰਤੋਂਕਾਰ ਇਸ ਸਮੱਗਰੀ ਵਿੱਚੋਂ ਪੰਜਾਬੀ ਸਾਹਿਤ, ਸਿੱਖ ਧਰਮ, ਪੰਜਾਬੀ ਸਭਿਆਚਾਰ, ਮਨੁੱਖੀ ਸਿਹਤ, ਵਾਤਾਵਰਨ ਆਦਿ ਵਿਸ਼ਿਆਂ ਨਾਲ ਸਬੰਧਿਤ ਕਿਸੇ ਵੀ ਸ਼ਬਦ ਦਾ ਇੰਦਰਾਜ ਪਾ ਕੇ ਉਸ ਨੂੰ ਆਸਾਨੀ ਨਾਲ ਲੱਭ ਸਕਣਗੇ। ਸ਼ਬਦ ਨੂੰ ਲੱਭਣ ਦੌਰਾਨ ਇਹ ਖੋਜ (ਸਰਚ) ਇੰਜਣ ਉਸ ਨਾਲ ਜੁੜਦੇ ਹੋਰਨਾਂ ਸ਼ਬਦਾਂ ਨੂੰ ਵੀ ਵਰਤੋਂਕਾਰ ਨੂੰ ਦਿਖਾ ਦੇਵੇਗਾ ਭਾਵ ਅੱਗੋਂ ਵਰਤੋਂਕਾਰ ਹੋਰ ਜਾਣਕਾਰੀ ਵੀ ਹਾਸਲ ਕਰ ਸਕਦਾ ਹੈ। ਵਰਤੋਂਕਾਰ ਇਸ ਜਾਣਕਾਰੀ ਨੂੰ ਆਪਣੇ ਖਾਤੇ ਵਿਚ ਸਾਂਭ ਕੇ ਭਵਿੱਖ ਵਿੱਚ ਵੀ ਇਸ ਦੀ ਵਰਤੋਂ ਕਰ ਸਕਦਾ ਹੈ।





**ਚਿੱਤਰ 11. ਪੰਜਾਬੀਪੀਡੀਆ ਐਪ ਦਾ ਸਕ੍ਰੀਨ ਸ਼ਾਟ**

## 8. ਖੇਤੀਬਾੜੀ


ਅਜੋਕੇ ਸਮੇਂ ਵਿਚ ਮੋਬਾਈਲ ਐਪਸ ਦੇ ਯੁੱਗ ਵਿਚ, ਤਕਨਾਲੋਜੀ ਦੇ ਲਾਭ ਦੀ ਵਰਤੋਂ ਕਰਨ ਲਈ ਵਿਸ਼ਵ ਇਕ-ਦੂਜੇ ਨਾਲ ਪੂਰਨ ਤੌਰ ਤੇ ਜੁੜਿਆ ਹੋਇਆ ਹੈ। ਮੋਬਾਈਲ ਤਕਨਾਲੋਜੀ ਨੇ ਫਸਲਾਂ ਦੀ ਕਾਸ਼ਤ ਵਿਚ ਕਾਰਜਨੀਤਕ ਯੋਜਨਾਬੰਦੀ ਦੇ ਨਾਲ-ਨਾਲ ਖੇਤੀਬਾੜੀ ਦੇ ਤਰੀਕਿਆਂ ਨੂੰ ਸੁਧਾਰਨ ਵਿੱਚ ਬਹੁਤ ਸਹਾਇਤਾ ਕੀਤੀ ਹੈ। ਖੇਤੀਬਾੜੀ ਨਾਲ ਜੁੜੀ ਸਾਰੀ ਜਾਣਕਾਰੀ ਅਤੇ ਗਿਆਨ ਕਿਸਾਨਾਂ ਨੂੰ ਬਟਨ ਦੇ ਇਕ ਕਲਿੱਕ (Click) ਨਾਲ ਉਪਲਬਧ ਹੈ। ਹੇਠਾਂ ਐਪਸ ਦੀ ਸੂਚੀ ਦਿੱਤੀ ਗਈ ਹੈ ਜੋ ਹਰ ਤਰੀਕੇ ਨਾਲ ਕਿਸਾਨਾਂ ਦੀ ਸਹਾਇਤਾ ਕਰਦੀ ਹੈ :

- **ਆਧੁਨਿਕ ਖੇਤੀ (Modern Kheti) :-** ਜਿਵੇਂ ਕਿ ਨਾਮ ਦਰਸਾਉਂਦਾ ਹੈ, ਆਧੁਨਿਕ ਖੇਤੀ, ਖੇਤੀਬਾੜੀ ਤਕਨੀਕਾਂ ਨਾਲ ਸਬੰਧਤ ਐਪ ਹੈ। ਇਹ ਐਪ ਵਸੀਲਾ ਬਚਾਊ ਅਤੇ ਨਕਦ (ਰੋਕੜ) ਫਸਲਾਂ, ਸਹਾਇਕ ਖੇਤੀ ਧੰਦਿਆਂ ਅਤੇ ਖੇਤੀਬਾੜੀ ਦੇ ਸੰਦਾਂ ਦੀ ਸਿਖਲਾਈ ਦੇ ਸੰਧਰਭ ਵਿਚ ਅਗਾਊਂ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿੰਦੀ ਹੈ।
- **PAU ਕਿਸਾਨ ਐਪ :** ਪੀ.ਏ.ਯੂ. ਕਿਸਾਨ ਐਪ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੁਆਰਾ ਕਿਸਾਨੀ ਭਲਾਈ ਲਈ ਵਿਕਸਤ ਕੀਤੀ ਗਈ ਹੈ। ਇਹ ਪੀ.ਏ.ਯੂ. ਲੁਧਿਆਣਾ ਦੇ ਪਸਾਰ ਸਿੱਖਿਆ ਡਾਇਰੈਕਟਰ ਦੀ ਇਕ ਪਹਿਲ ਹੈ। ਇਹ ਐਪ ਫਸਲਾਂ,




**ਚਿੱਤਰ 12. ਆਧੁਨਿਕ ਖੇਤੀ - ਪੰਜਾਬੀ ਐਪ ਦਾ ਸਕ੍ਰੀਨ ਸ਼ਾਟ**

ਮੌਸਮ, ਬੀਜ, ਸਿਖਲਾਈ, ਖੇਤੀ ਸੰਦੇਸ਼ ਅਤੇ ਮੁਫਤ ਖੇਤੀ ਸਲਾਹ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।




ਚਿੱਤਰ 13. PAU ਕਿਸਾਨ ਐਪ ਦਾ ਸਕ੍ਰੀਨ ਸ਼ਾਟ

- **ਖੇਤੀ ਗਿਆਨ ਕੇ.ਵੀ.ਕੇ. ਸਮਰਾਲਾ** :- ਇਹ ਐਪ ਮਾਹਰਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ (ਕੇ.ਵੀ.ਕੇ) ਦੀਆਂ ਗਤੀਵਿਧੀਆਂ, ਬੀਜ ਦੀ ਉਪਲਬਧਤਾ, ਸਿਖਲਾਈ, ਮੌਸਮ ਅਤੇ ਸਬਜ਼ੀਆਂ ਦੇ ਮੰਡੀਆਂ ਦੇ ਭਾਅ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਐਪ ਵਿਚ ਕਿਸਾਨਾਂ ਦੇ ਭਲੇ ਲਈ ਹੋਰ ਬਹੁਤ ਸਾਰੀਆਂ ਸਹੂਲਤਾਂ ਉਪਲਬਧ ਹਨ।




ਚਿੱਤਰ 14. ਖੇਤੀ ਗਿਆਨ ਕੇ.ਵੀ.ਕੇ. ਸਮਰਾਲਾ ਐਪ ਦਾ ਸਕ੍ਰੀਨ ਸ਼ਾਟ

- **ਐਗਰੀਐਪ (Agriapp) :** ਇਹ ਭਾਰਤੀ ਖੇਤੀਬਾੜੀ ਲਈ ਸੰਪੂਰਨ ਆਧੁਨਿਕ ਫਾਰਮਿੰਗ ਐਪ ਹੈ। ਇਹ ਫਸਲਾਂ ਦੇ ਉਤਪਾਦਨ, ਫਸਲਾਂ ਦੀ ਸੁਰੱਖਿਆ, ਖੇਤੀਬਾੜੀ ਤਕਨੀਕ ਦੀ ਮਦਦ ਨਾਲ ਸੰਪੂਰਨ ਖੇਤੀ ਅਤੇ ਇਸ ਨਾਲ ਜੁੜੀਆਂ ਸੇਵਾਵਾਂ ਬਾਰੇ ਪੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇੱਕ ਜਾਣਕਾਰੀ ਪੋਰਟਲ ਹੋਣ ਦੇ ਨਾਲ, ਐਗਰੀਐਪ ਇੱਕ ਆਮ ਡਿਜੀਟਲ ਮੰਚ ਤੇ ਕਿਸਾਨਾਂ, ਖੇਤੀ ਨਿਵੇਸ਼, ਪ੍ਰਚੂਨ ਵਿਕਰੇਤਾਵਾਂ ਅਤੇ ਸੇਵਾਵਾਂ ਦੀ ਪੂਰਤੀ ਲਈ ਸਭ ਨੂੰ ਇਕ ਥਾਂ ਤੇ ਲਿਆਉਣ ਲਈ ਇੱਕ ਆਨਲਾਈਨ ਮੰਡੀ (Marketplace) ਵੀ ਹੈ।





**ਚਿੱਤਰ 15. ਐਗਰੀ ਐਪ ਦਾ ਸਕ੍ਰੀਨ ਸ਼ਾਟ**

## 9. ਦਵਾਈ


ਸਿਹਤ ਸੇਵਾਵਾਂ (Healthcare) ਸਬੰਧੀ ਐਪਸ ਮੈਡੀਕਲ ਉਦਯੋਗ ਲਈ ਇੱਕ ਬਰਕਤ ਹਨ। ਨਾ ਸਿਰਫ਼ ਡਾਕਟਰ ਅਤੇ ਮਰੀਜ਼, ਬਲਕਿ ਹਸਪਤਾਲ ਦਾ ਸਟਾਫ ਅਤੇ ਫਾਰਮਾਸਿਸਟ ਵੀ ਇਸ ਆਧੁਨੀਕਰਨ ਦੇ ਲਾਭ ਪ੍ਰਾਪਤ ਕਰ ਸਕਦੇ ਹਨ। ਮੋਬਾਈਲ ਸੇਹਤ ਸੇਵਾਵਾਂ (ਹੈਲਥਕੇਅਰ) ਐਪਸ ਦੀ ਵਰਤੋਂ ਆਨਲਾਈਨ ਸਲਾਹ-ਮਸ਼ਵਰੇ, ਤਸ਼ਖੀਸ, ਮੁਲਾਕਾਤਾਂ ਅਤੇ ਡਾਕਟਰੀ ਸਪਲਾਈ ਦੀ ਸਪੁਰਦਗੀ ਲਈ ਕੀਤੀ ਜਾ ਸਕਦੀ ਹੈ।

- **ਪੰਜਾਬੀ ਆਯੁਰਵੈਦਿਕ ਘਰੇਲੂ ਨੁਸਖੇ :** ਪੰਜਾਬੀ ਆਯੁਰਵੈਦਿਕ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾ ਰਿਹਾ ਹੈ ਅਤੇ ਇਸਦੀ ਸਭ ਤੋਂ ਵਧੀਆ ਗੱਲ ਇਹ ਹੈ ਕਿ ਆਯੁਰਵੇਦ ਦਾ ਕੋਈ ਮਾੜਾ ਪ੍ਰਭਾਵ ਨਹੀਂ ਹੁੰਦਾ। ਆਯੁਰਵੈਦ ਘਰੇਲੂ ਨੁਸਖੇ ਐਪ ਸਾਨੂੰ ਉਹ ਸਾਰੀ ਜਾਣਕਾਰੀ ਪ੍ਰਦਾਨ ਕਰਦਾ ਹੈ ਜਿਸ ਨਾਲ ਤੁਸੀਂ ਘਰ ਵਿਚ ਹੀ ਕਾਫ਼ੀ ਬਿਮਾਰੀਆਂ ਦਾ ਇਲਾਜ ਕਰ ਸਕਦੇ ਹੋ।




**ਚਿੱਤਰ 16. ਪੰਜਾਬੀ ਆਯੁਰਵੈਦਿਕ ਘਰੇਲੂ ਨੁਸਖੇ ਐਪ ਦਾ ਸਕ੍ਰੀਨ ਸ਼ਾਟ**

- **ਨਿਰੋਗ ਜੀਵਨ ਐਪ** : ਇਹ ਮੋਬਾਈਲ ਐਪਲੀਕੇਸ਼ਨ ਤੁਹਾਨੂੰ ਆਮ ਬਿਮਾਰੀਆਂ ਨਾਲ ਜੁੜੀਆਂ ਅਣਗਿਣਤ ਪ੍ਰਸਥਿਤੀਆਂ ਬਾਰੇ ਵਿਆਪਕ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਆਯੂਰਵੈਦ ਇਲਾਜ ਸੰਬੰਧੀ ਵਿਸਥਾਰਪੂਰਨ ਜਾਣਕਾਰੀ ਪੰਜਾਬੀ ਭਾਸ਼ਾ ਵਿਚ ਪ੍ਰਦਾਨ ਕਰਦੀ ਹੈ। ਘਰੇਲੂ ਉਪਚਾਰਾਂ ਬਾਰੇ ਸੁਝਾਅ, ਆਮ ਰੋਗਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਠੀਕ ਕਰਨ ਵਿੱਚ ਬਿਮਾਰੀ ਦੀ ਸਥਿਤੀ ਅਤੇ ਬਿਮਾਰੀ ਬਾਰੇ ਜਾਣਕਾਰੀ ਪੰਜਾਬੀ ਭਾਸ਼ਾ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ।




ਚਿੱਤਰ 17. ਨਿਰੋਗ ਜੀਵਨ ਐਪ ਦਾ ਸਕ੍ਰੀਨ ਸ਼ਾਟ


- **ਮੈਂਟਲ ਹੈਲਥ ਪੰਜਾਬੀ ਐਪ** : ਇਹ ਰਾਸ਼ਟਰੀ ਮਾਨਸਿਕ ਸਿਹਤ ਪ੍ਰੋਗਰਾਮ, ਮਾਨਸਿਕ ਸਿਹਤ ਦੀ ਮਹੱਤਤਾ, ਮਾਨਸਿਕ ਰੋਗ, ਮਾਨਸਿਕ ਬਿਮਾਰੀ, ਤਣਾਅ ਅਤੇ ਮਨੋਵਿਗਿਆਨ, ਸਕਾਈਜ਼ੋਫਰੀਨੀਆ, ਡਿਲੂਜ਼ਨਲ ਡਿਸਆਰਡਰ, ਬੌਧਿਕ ਅਪੰਗਤਾ, ਅਉਟਿਜ਼ਮ, ਇੰਟਰਨੈਟ ਐਡਿਕਸ਼ਨ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ (Sustance abuse) ਆਦਿ ਬਾਰੇ ਵੇਰਵੇ ਜਾਣਕਾਰੀ ਦਿੰਦੀ ਹੈ।




ਚਿੱਤਰ 18. ਮਾਨਸਿਕ ਸਿਹਤ ਐਪ ਦਾ ਸਕ੍ਰੀਨ ਸ਼ਾਟ

## 10. ਮਨੋਰੰਜਨ

ਪੰਜਾਬੀ ਵਿੱਚ ਪੰਜਾਬੀ ਫਿਲਮਾਂ, ਪੰਜਾਬੀ ਵੈਬ ਸੀਰੀਜ਼, ਬੱਚਿਆਂ ਦਾ ਮਨੋਰੰਜਨ ਅਤੇ ਮਨੋਰੰਜਨ ਸਿਖਲਾਈ ਦੀਆਂ ਵਿਡਿਓ ਵੇਖਣ ਲਈ ਬਹੁਤ ਸਾਰੇ ਪੰਜਾਬੀ ਮਨੋਰੰਜਨ ਐਪਸ ਹਨ। ਅੱਗੇ ਦਿੱਤੇ ਚਿੱਤਰ 19 ਵਿੱਚ ਅਸੀਂ ਸਿਰਫ਼ 3+ ਸਟਾਰ ਰੇਟਿੰਗ ਦੇ ਨਾਲ ਐਪਸ ਦਿਖਾਏ ਹਨ।



**ਚਿੱਤਰ 19. ਪੰਜਾਬੀ ਮਨੋਰੰਜਨ ਐਪਸ ਲਈ ਪਲੇਅ ਸਟੋਰ ਦੇ ਨਤੀਜੇ**

## 11. ਪੰਜਾਬੀ ਖ਼ਬਰਾਂ


ਪੰਜਾਬੀ ਵਿੱਚ ਵਿਕਸਤ ਕੀਤੇ ਗਏ ਸਭ ਤੋਂ ਵੱਧ ਐਪਸ ਖ਼ਬਰਾਂ ਲਈ ਹਨ। ਪੰਜਾਬੀ ਖ਼ਬਰਾਂ ਐਪਸ ਵਿਚ ਭਾਰਤੀ ਖ਼ਬਰਾਂ, ਪੰਜਾਬੀ ਖ਼ਬਰਾਂ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖ਼ਬਰਾਂ ਅਤੇ ਸਥਾਨਕ ਖ਼ਬਰਾਂ ਬਾਰੇ ਵਿਆਪਕ ਜਾਣਕਾਰੀ (ਕਵਰੇਜ਼) ਪ੍ਰਦਾਨ ਕੀਤੀ ਗਈ ਹੈ। ਇਸ ਐਪਲੀਕੇਸ਼ਨ ਤੇ ਸਿਰਫ਼ ਇਕ ਹੀ ਕਲਿੱਕ ਵਿਚ ਸਾਰੀ ਸਮਾਣਆਰਥਕ ਜਾਣਕਾਰੀ ਉਪਲਬਧ ਹੈ। ਤੁਸੀਂ ਕੁਲੀਨ ਕਹਾਣੀਆਂ ਦਾ ਅਨੰਦ ਲੈ ਸਕਦੇ ਹੋ ਅਤੇ ਤਾਜ਼ਾ ਖ਼ਬਰਾਂ 'ਤੇ ਸਮਾਣਆਰਥਕ ਜਾਣਕਾਰੀ ਹਾਸਿਲ ਕਰ ਸਕਦੇ ਹੋ। ਚਿੱਤਰ 20 ਵਿੱਚ ਅਸੀਂ ਸਿਰਫ਼ 3+ ਸਟਾਰ ਰੇਟਿੰਗ ਦੇ ਨਾਲ ਐਪਸ ਦਿਖਾਏ ਹਨ।



**ਚਿੱਤਰ 20. ਪੰਜਾਬੀ ਦੀਆਂ ਖ਼ਬਰਾਂ ਐਪਸ ਦੇ ਪਲੇਅ ਸਟੋਰ ਨਤੀਜੇ**

## 12. ਪੰਜਾਬੀ ਕਿਤਾਬਾਂ ਲਈ ਐਪਸ

ਪੰਜਾਬੀ ਕਿਤਾਬਾਂ ਲਈ ਐਪਸ ਵਿਚ ਤੁਸੀਂ PDF ਕਿਤਾਬਾਂ ਆਪਣੇ ਫ਼ੋਨ ਵਿਚ ਇਕ ਵਾਰ ਡਾਊਨਲੋਡ ਕਰ ਕੇ ਆਫ਼ ਲਾਈਨ ਵੀ ਪੜ੍ਹ ਸਕਦੇ ਹੋ। ਪੰਜਾਬੀ ਨਾਵਲਾਂ, ਕਹਾਣੀਆਂ ਦੀਆਂ ਆਡੀਓ ਕਿਤਾਬਾਂ, ਮਸ਼ਹੂਰ ਪੰਜਾਬੀ ਲੇਖਕਾਂ ਦੁਆਰਾ ਇਤਿਹਾਸਕ ਪੀਡੀਐਫ ਕਿਤਾਬਾਂ ਤੁਸੀਂ ਆਪਣੇ ਮਨਪਸੰਦ ਲੇਖਕਾਂ ਜਾਂ ਵੱਖੋ-ਵੱਖਰੀਆਂ ਸ਼੍ਰੇਣੀਆਂ ਵਿੱਚ ਵੀ ਖੋਜ ਕਰ ਸਕਦੇ ਹੋ। ਚਿੱਤਰ 21 ਵਿੱਚ ਅਸੀਂ ਸਿਰਫ਼ 3+ ਸਟਾਰ ਰੇਟਿੰਗ ਦੇ ਨਾਲ ਐਪਸ ਦਿਖਾਏ ਹਨ।




**ਚਿੱਤਰ 21. ਪੰਜਾਬੀ ਕਿਤਾਬਾਂ ਲਈ ਐਪਸ ਦੇ ਪਲੇਅ ਸਟੋਰ ਨਤੀਜੇ**

## ਸਿੱਟਾ

ਪਿਛਲੇ ਸਾਲਾਂ ਵਿਚ, ਮੋਬਾਈਲ ਫ਼ੋਨ ਸਿਰਫ਼ ਸੰਚਾਰ ਦਾ ਇੱਕ ਸਾਧਨ ਨਾ ਹੋ ਕੇ ਹੁਣ ਇਕ ਯੰਤਰ ਬਣ ਗਏ ਹਨ ਜਿਸ ਵਿਚ ਬਹੁਤ ਸਾਰੇ ਹੋਰ ਉਪਕਰਣਾਂ ਦੀਆਂ ਵਿਸ਼ੇਸ਼ਤਾਵਾਂ ਵੀ ਇਸ ਇੱਕ ਉਪਕਰਣ ਵਿੱਚ ਹੀ ਸ਼ਾਮਿਲ ਹਨ। ਉਹ ਸਾਡੀ ਜ਼ਿੰਦਗੀ ਦਾ ਇੱਕ ਜ਼ਰੂਰੀ ਹਿੱਸਾ ਬਣ ਗਏ ਹਨ ਅਤੇ ਸਾਡਾ ਬਹੁਤ ਸਾਰਾ ਨੇਮ ਇਨ੍ਹਾਂ 'ਤੇ ਨਿਰਭਰ ਕਰਦਾ ਹੈ। ਇਸ ਖੋਜ ਪੱਤਰ ਵਿਚ ਅਸੀਂ ਮਸ਼ਹੂਰ ਐਪਸ ਨੂੰ ਸੂਚੀਬੱਧ ਕੀਤਾ ਹੈ ਜੋ ਰੋਜ਼ਾਨਾ ਦੇ ਆਧਾਰ 'ਤੇ ਵਰਤੇ ਜਾਂਦੇ ਹਨ। ਖ਼ਾਸ ਕਰਕੇ ਪੰਜਾਬੀ ਉਪਭੋਗਤਾਵਾਂ ਦੀਆਂ ਵੱਖ-ਵੱਖ ਜ਼ਰੂਰਤਾਂ ਦੇ ਅਧਾਰ ਤੇ। ਇਹ ਸੂਚੀ ਉਹਨਾਂ ਲੋਕਾਂ ਦੀ ਮਦਦ ਕਰੇਗੀ ਜੋ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਹੋਏ ਮੋਬਾਈਲ ਤਕਨਾਲੋਜੀ ਦੀ ਵਰਤੋਂ ਕਰਨਾ ਚਾਹੁੰਦੇ ਹਨ। ਬਹੁਤ ਸਾਰੇ ਲੋਕ ਇਹ ਵੀ ਨਹੀਂ ਜਾਣਦੇ ਕਿ ਇਹ ਐਪਸ ਮੌਜੂਦ ਵੀ ਹਨ ਅਤੇ ਇਹ ਉਨ੍ਹਾਂ ਦੀ ਕਾਰਜਸ਼ੀਲ ਜ਼ਿੰਦਗੀ ਨੂੰ ਹੋਰ ਵੀ ਸੁਖਾਲਾ ਬਣਾਉਂਦੇ ਹਨ। ਭਵਿੱਖ ਦੇ ਮੋਬਾਈਲ ਐਪ ਖੋਜਕਰਤਾਵਾਂ ਲਈ ਇੱਕ ਸੁਝਾਅ ਹੈ ਕਿ ਪੰਜਾਬੀ ਸਾਹਿਤ ਵਿੱਚ ਪੰਜਾਬੀ ਵਿਆਕਰਣ ਪੜਤਾਲ ਕਰਤਾ ਚੈਕਰ ਐਪਸ ਦੀ ਬਹੁਤ ਜ਼ਰੂਰਤ ਹੈ। ਕੁਦਰਤੀ ਭਾਸ਼ਾ ਤਕਨੀਕ ਇੰਜੀਨੀਅਰਿੰਗ ਐਪਲੀਕੇਸ਼ਨਾਂ ਵਿੱਚ ਵਿਆਕਰਣ ਦੀ ਜਾਂਚ ਇੱਕ ਬਹੁਤ ਵੱਡਾ ਕਾਰਕ ਹੈ। ਪੰਜਾਬੀ ਲਈ ਵਿਆਕਰਣ ਦੀ ਜਾਂਚ ਕਰਨ ਵਾਲੀ ਐਪ ਅਜੇ ਵੀ ਪਲੇ ਸਟੋਰ 'ਤੇ ਉਪਲਬਧ ਨਹੀਂ ਹੈ। ਇਸ ਖੋਜ ਪੱਤਰ ਦਾ ਮਨੋਰਥ ਦ੍ਰਿਸ਼ਟੀਹੀਣ ਲੋਕਾਂ ਅਤੇ ਅੰਸ਼ਕ ਤੌਰ 'ਤੇ ਨਜ਼ਰ ਵਾਲੇ ਲੋਕਾਂ ਦੀ ਸਹਾਇਤਾ ਕਰਨ ਅਤੇ ਪੰਜਾਬੀ ਭਾਸ਼ਾ ਨੂੰ ਤਕਨੀਕੀ ਪੱਧਰ 'ਤੇ ਭਵਿੱਖ ਲਈ ਉਤਸ਼ਾਹਿਤ ਕਰਨਾ ਹੈ।


## ਹਵਾਲੇ ਤੇ ਟਿੱਪਣੀਆਂ


- Chhinder Paul, (2018)," Computerization of Punjabi Language Status, Problems and suggested solutions", **Ph.D thesis**
- Dua, Mohit & Aggarwal, Rajesh & Kadyan, Virender & Dua, Shelza.(2012). Punjabi

Automatic Speech Recognition Using HTK.International Journal of Computer Science Issues. 9. **https://play.google.com/**

- English Punjabi Translator, (2021), Best Translation and Voice Typing Apps (Version 2.0) [Mobile application software]. Retrieved from **https://play.google.com/**
- Modern Kheti, (2020), Digital Purchases (Version 7.7.5) [Mobile application software]. Retrieved from **https://play.google.com/**
- PAU Kisan App, (2021), AgriApp (Version 2.4.5) [Mobile application software]. Retrieved from **https://play.google.com/**
- Kheti Gyan KVK Samrala (2020), Krishi Vigyan Kendra (Version 1.2) [Mobile application software]. Retrieved from **https://play.google.com/**
- AgriApp (2021), AgriApp (Version 2.4.5) [Mobile application software]. Retrieved from **https://play.google.com/**
- Punjabi gharelu ilaj (2019), techtwodesign (Version 1.0) [Mobile application software]. Retrieved from **https://play.google.com/**
- Nirog Jeevan ਨਿਰੋਗ ਜੀਵਨ, (2017), Web Pec Media (Version 3.0) [Mobile application software]. Retrieved from **https://play.google.com/**
- Text Scanner [OCR], (2018), Peace Productivity (Version 3.0) [Mobile application software]. Retrieved from **https://play.google.com/**
- Lipikaar Punjabi Keyboard.(2021). Lipikaar Keyboards (Version 8.0.9) [Mobile application software]. Retrieved from **https://play.google.com/**
- Punjabi Text To Speech by Hear2Read (Female voice), (2018), Hear2Read (Version 2.0.0) [Mobile application software]. Retrieved from **https://play.google.com/**
- Mental Health Punjabi app (2017), Mobile Seva (Version 1.0) [Mobile application software]. Retrieved from **https://play.google.com/**
- SHABDKOSH English Punjabi Dictionary (2021), SHABDKOSH - Dictionary, Translator, Vocabulary (Version 3.2.1) [Mobile application software]. Retrieved from **https://play.google.com/**
- PunjabiPedia (2021), ਪੰਜਾਬੀਪੀਡੀਆ (Version 7) [Mobile application software]. Retrieved from **https://play.google.com/**

◈



ਸੰਵਾਦ-15 (ਜਨਵਰੀ-ਜੂਨ 2022) ISSN : 2395-1273 **www.sanvad.org**

# ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ

ਭਾਸ਼ਾ ਕਿਸੇ ਭੂਗੋਲਿਕ ਖਿੱਤੇ ਦੇ ਸਭਿਆਚਾਰ ਅਤੇ ਸਭਿਅਤਾ ਦੀ ਤਰਜ਼ਮਾਨੀ ਕਰਦੀ ਹੈ। ਇਸ ਤਰ੍ਹਾਂ ਭਾਸ਼ਾ ਉਸ ਵਿਸ਼ੇਸ਼ ਭੂ-ਖੰਡ ਉੱਪਰ ਵੱਸਦੀ ਲੋਕਾਈ ਦੀ ਪਹਿਚਾਣ ਹੁੰਦੀ ਹੈ। ਪੰਜਾਬ ਪ੍ਰਾਂਤ ਅੰਦਰ ਬੋਲੀ ਜਾਣ ਵਾਲੀ ਭਾਸ਼ਾ ਪੰਜਾਬੀ ਹੈ। ਪੰਜਾਬੀ ਭਾਸ਼ਾ ਪੰਜਾਬੀਆਂ ਦੀ ਮਾਂ-ਬੋਲੀ ਹੈ। ਮਾਂ-ਬੋਲੀ ਉਸ ਭਾਸ਼ਾ ਨੂੰ ਕਿਹਾ ਜਾਂਦਾ ਹੈ, ਜਿਸਦੀ ਸਿਖਲਾਈ ਸਾਨੂੰ ਮਾਂ ਦੀ ਗੋਦ ਦੇ ਨਿੱਘ ਵਿਚੋਂ ਪ੍ਰਾਪਤ ਹੁੰਦੀ ਹੈ। ਮਾਂ-ਬੋਲੀ ਦੀ ਮਹੱਤਤਾ ਸਬੰਧੀ ਬੂਟਾ ਸਿੰਘ ਬਰਾੜ ਲਿਖਦਾ ਹੈ ਕਿ;

> ਮਨੁੱਖ ਨੂੰ ਉਸਦੀ ਮਾਂ ਜਨਮ ਦਿੰਦੀ ਤੇ ਕੁਝ ਚਿਰ ਸੰਭਾਲਦੀ ਹੈ ਪਰ ਫਿਰ ਉਹ ਆਪਣੇ ਬੱਚੇ ਨੂੰ ਸਦਾ ਜਿਉਂਣ ਜੋਗੀ 'ਮਾਂ-ਭਾਸ਼ਾ' ਦੀ ਝੋਲੀ ਪਾ ਦਿੰਦੀ ਹੈ। ਜੋ ਉਸ ਨੂੰ ਉਮਰ ਭਰ ਪਾਲਦੀ ਤੇ ਸੰਭਾਲਦੀ ਹੈ।[1]

ਭਾਵ ਕਿ ਮਾਤ ਭਾਸ਼ਾ ਦਾ ਆਪਣੇ ਬਾਸ਼ਿੰਦਿਆਂ ਨਾਲ ਨਾਤਾ ਜਨਮ ਤੋਂ ਮਰਨ ਤੱਕ ਰਹਿੰਦਾ ਹੈ। ਪੰਜਾਬੀ ਭਾਸ਼ਾ ਇਕ ਹਜ਼ਾਰ ਸਾਲ ਪੁਰਾਣੀ ਭਾਸ਼ਾ ਹੈ। ਇਹ ਲਗਾਤਾਰ ਵਿਕਾਸ ਕਰਦੀ ਰਹੀ ਹੈ। ਅੰਗਰੇਜ਼ੀ ਸਾਮਰਾਜ ਸਥਾਪਤ ਹੋਣ ਨਾਲ ਪੰਜਾਬੀ ਭਾਸ਼ਾ ਨੂੰ ਗਹਿਰੀ ਠੇਸ ਪਹੁੰਚੀ। ਅੰਗਰੇਜ਼ ਸ਼ਾਸ਼ਕਾਂ ਨੇ ਆਪਣੇ ਸਾਹਿਤ ਅਤੇ ਧਰਮ ਦੇ ਪ੍ਰਚਾਰ ਦੇ ਉਦੇਸ਼ ਹਿੱਤ ਆਪਣੀ ਭਾਸ਼ਾ ਦਾ ਪ੍ਰਚਾਰ ਵੀ ਕੀਤਾ। ਵਿਰੋਧ ਵਜੋਂ ਕਈ ਲਹਿਰਾਂ ਪੰਜਾਬੀ ਦੇ ਹੱਕ ਵਿਚ ਉੱਠੀਆਂ। ਆਜ਼ਾਦੀ ਤੋਂ ਬਾਅਦ ਪੰਜਾਬੀਆਂ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵਿਉਂਤਬੱਧ ਯਤਨ ਕੀਤੇ ਗਏ। 1966 ਵਿਚ ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰ-ਗਠਨ ਕੀਤਾ ਗਿਆ ਅਤੇ ਪੰਜਾਬੀ ਨੂੰ ਰਾਜ-ਭਾਸ਼ਾ ਦਾ ਸਨਮਾਨ ਮਿਲਿਆ ਪਰ ਨਾਲ ਹੀ ਕਈ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਨੂੰ ਦੇ ਦਿੱਤੇ ਜਾਣ ਦਾ ਗ਼ਮ ਵੀ ਸਹਿਣਾ ਪਿਆ।



**ਰਣਧੀਰ ਸਿੰਘ**
ਖੋਜਾਰਥੀ (ਐਮ. ਫ਼ਿਲ.)
ਪੰਜਾਬੀ ਵਿਭਾਗ
ਖ਼ਾਲਸਾ ਕਾਲਜ
ਪਟਿਆਲਾ
9851920008
randhir.virk25@gmail.com

ਯੂਨੈਸਕੋ ਨੇ ਆਪਣੀ ਇਕ ਰਿਪੋਰਟ ਵਿਚ ਕਿਹਾ ਸੀ ਕਿ ਆਉਣ ਵਾਲੇ ਪੰਜਾਹ ਸਾਲਾਂ ਵਿਚ ਪੰਜਾਬੀ ਭਾਸ਼ਾ ਖ਼ਤਮ ਹੋ ਜਾਵੇਗੀ ਅਤੇ ਇਹ ਵੀ ਕਿਹਾ ਕਿ ਸੰਸਾਰ ਦੀਆਂ 7000 ਭਾਸ਼ਾਵਾਂ ਵਿਚੋਂ ਹਰ ਰੋਜ਼ ਇਕ ਭਾਸ਼ਾ ਮਰ ਰਹੀ ਹੈ'[2] ਪਰ ਸ੍ਰੀ ਜਨਮੇਜਾ ਸਿੰਘ ਜੌਹਲ ਲਿਖਦਾ ਹੈ ਕਿ 'ਪੰਜਾਬੀ ਭਾਸ਼ਾ ਕਦੇ ਨਹੀਂ ਮਰੇਗੀ।' ਇਸ ਪਿੱਛੇ ਕਾਰਨ ਇਹ ਹੈ ਕਿ ਅੱਜ ਤਕਨੀਕੀ ਯੁੱਗ ਵਿਚ ਪੰਜਾਬੀ ਸਿਰਫ ਪੰਜਾਬ ਪ੍ਰਾਂਤ ਦੀ ਭਾਸ਼ਾ ਹੀ ਨਹੀਂ ਰਹਿ ਗਈ। ਗਲੋਬਲੀ ਪਰਿਪੇਖ ਵਿਚ ਗੱਲ ਕੀਤੀ ਜਾਵੇ ਤਾਂ ਅੱਜ ਪੰਜਾਬੀ ਭਾਸ਼ਾ ਰਾਸ਼ਟਰੀ ਹੱਦਾਂ ਦੀ ਸੀਮਾਂ ਨੂੰ ਪਛਾੜਦੀ ਹੋਈ, ਅੰਤਰ-ਰਾਸ਼ਟਰੀ ਹੱਦਾਂ ਅੰਦਰ ਵੀ ਦਾਖ਼ਲ ਹੋ ਗਈ ਹੈ। ਇਸ ਨੂੰ ਬੋਲਣ ਵਾਲੇ ਬਾਸ਼ਿੰਦੇ ਭਾਰਤ ਵਿਚ ਪੰਜਾਬ ਤੋਂ ਇਲਾਵਾ ਹੋਰਨਾਂ ਪ੍ਰਾਂਤਾਂ ਵਿਚ ਵੀ ਵੱਸੇ ਹੋਏ ਹਨ। ਇਸ ਤੋਂ ਵੀ ਅੱਗੇ ਪੰਜਾਬੀਆਂ ਦੁਆਰਾ ਵੱਖ-ਵੱਖ ਦੇਸ਼ਾਂ ਵਿਚ ਕੀਤੇ ਗਏ ਰਹਿਣ-ਬਸੇਰੇ ਕਾਰਨ ਉਹਨਾਂ ਦੀ ਭਾਸ਼ਾ ਵੀ ਉਹਨਾਂ ਦੇ ਨਾਲ ਹੀ ਵਸਦੀ ਹੈ। ਦੂਜੇ ਪਾਸੇ ਟੀ.ਵੀ, ਸੈਟੇਲਾਈਟ ਚੈਨਲਾਂ, ਕੰਪਿਊਟਰ ਅਤੇ ਇੰਟਰਨੈੱਟ ਦੀ ਮਨੁੱਖੀ ਜ਼ਿੰਦਗੀ ਵਿਚ ਵੱਧਦੀ ਸ਼ਮੂਲੀਅਤ ਨੇ ਵੀ ਪੰਜਾਬੀ ਭਾਸ਼ਾ ਦਾ ਫੈਲਾਅ ਦੁਨੀਆਂ ਵਿਚ ਕੀਤਾ ਹੈ।

ਪੰਜਾਬੀ ਭਾਸ਼ਾ ਦੀ ਸਥਿਰਤਾ ਨੂੰ ਕਾਇਮ ਰੱਖਣ ਲਈ, ਉਸਦੇ ਹੋਰ ਫੈਲਾਓ ਲਈ ਅਤੇ ਆਧੁਨਿਕ ਕੰਪਿਊਟਰੀ ਯੁਗ ਦੇ ਹਾਣ ਦੀ ਬਣਾਉਣ ਲਈ, ਪੰਜਾਬ ਦੇ ਕਈ ਸਰਕਾਰੀ ਤੇ ਅਰਧ-ਸਰਕਾਰੀ ਅਦਾਰਿਆਂ ਨਾਲ ਜੁੜੇ ਹੋਏ ਵਿਦਵਾਨ, ਖੋਜਾਰਥੀ ਅਤੇ ਵਿਅਕਤੀਗਤ ਪੱਧਰ ਉੱਤੇ ਕਈ ਹਸਤੀਆਂ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਪੰਜਾਬੀ ਦੀ ਸਥਿਤੀ ਬਾਰੇ ਪ੍ਰੋ. ਬੂਟਾ ਸਿੰਘ ਬਰਾੜ ਲਿਖਦਾ ਹੈ ਕਿ;

> ਪੰਜਾਬੀ ਵਿਕਸਿਤ ਭਾਸ਼ਾ ਉਦੋਂ ਹੀ ਬਣ ਸਕੇਗੀ ਜਦੋਂ ਇਹ ਗਿਆਨ, ਵਿਗਿਆਨ ਤੇ ਤਕਨਾਲੋਜੀ ਦੇ ਸਾਰੇ ਨਵੇਂ ਸੰਦਰਭਾਂ ਪ੍ਰਤੀ ਬੌਧਿਕ ਅਤੇ ਸਿਰਜਣਾਤਮਕ ਹੁੰਗਾਰਾ ਭਰਨ ਦੇ ਯੋਗ ਹੋਵੇਗੀ।[3]

ਵਰਤਮਾਨ ਯੁੱਗ ਵਿਚ ਡਿਜੀਟਲ ਉਪਕਰਨ ਜਿਵੇਂ ਕੰਪਿਊਟਰ, ਸਮਾਰਟ ਫੋਨ, ਲੈਪਟਾਪ ਅਤੇ ਟੈਬਲਟ ਆਦਿ ਦੀ ਵਰਤੋਂ ਵੱਡੇ ਪੱਧਰ 'ਤੇ ਸਾਹਮਣੇ ਆ ਰਹੀ ਹੈ। ਸਮੇਂ ਦੀ ਬਦਲ ਰਹੀ ਜ਼ਰੂਰਤ ਅਨੁਸਾਰ ਅੱਜ ਹਰੇਕ ਵਰਗ- ਬੱਚੇ, ਨੌਜਵਾਨ, ਵਿਦਿਆਰਥੀ, ਅਧਿਆਪਕ, ਇੰਜੀਨੀਅਰ ਅਤੇ ਡਾਕਟਰ ਆਦਿ ਆਪੋ-ਆਪਣੇ ਖੇਤਰਾਂ ਨਾਲ ਸਬੰਧਿਤ ਖੋਜਾਂ ਅਤੇ ਰੋਜ਼ਾਨਾਂ ਦੇ ਕਾਰਜਾਂ ਨੂੰ ਕਰਨ ਲਈ ਇਨ੍ਹਾਂ ਡਿਜੀਟਲ ਉਪਕਰਨਾਂ ਦੀ ਵਰਤੋਂ ਆਮ ਕਰ ਰਹੇ ਹਨ। ਦਿਨਾਂ ਦਾ ਕੰਮ ਘੰਟਿਆਂ ਵਿਚ ਹੋ ਰਿਹਾ ਹੈ।

ਅਜੋਕੇ ਸਮੇਂ ਉੱਪਰ ਧਿਆਨ ਦ੍ਰਿਸ਼ਟੀਗੋਚਰ ਕੀਤਾ ਜਾਵੇ ਤਾਂ ਅੱਜ ਪੰਜਾਬੀ ਭਾਸ਼ਾ ਤਕਨਾਲੋਜੀ ਭਾਸ਼ਾ ਦੇ ਰੂਪ ਵਿਚ ਅੱਗੇ ਆ ਰਹੀ ਹੈ। ਹੱਥਲੇ ਖੋਜ-ਪੱਤਰ ਵਿਚ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਨੂੰ ਅੱਗੇ ਦਿੱਤੇ ਵਿਭਿੰਨ ਪੱਖਾਂ ਤੋਂ ਵਿਚਾਰਿਆ ਜਾਵੇਗਾ ਅਤੇ ਤਕਨਾਲੋਜੀ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ।

## 1. ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ

ਆਧੁਨਿਕ ਯੁੱਗ ਵਿਚ ਕੰਪਿਊਟਰ ਅਤੇ ਸੰਚਾਰ ਤਕਨਾਲੋਜੀ ਦੇ ਫੈਲਾਅ ਨੇ ਸ਼ੁਰੂ ਵਿਚ ਸਥਾਨਕ ਭਾਸ਼ਾਵਾਂ ਨੂੰ ਢਹਿੰਦੀਆਂ ਕਲਾ ਵੱਲ ਲੈ ਜਾਣਾ ਚਾਹਿਆ ਕਿਉਂਕਿ ਇਹ ਤਕਨਾਲੋਜੀ ਅੰਗਰੇਜ਼ੀ ਭਾਸ਼ਾ 'ਤੇ ਆਧਾਰਤ ਸੀ। ਕੰਪਿਊਟਰ ਦੀ ਭਾਸ਼ਾ ਜਿੱਥੋ ਤਕਨੀਕੀ ਹੈ, ਉੱਥੇ ਇਸ ਤਕਨੀਕ ਰਾਹੀਂ ਹੋਣ ਵਾਲਾ ਸਾਰਾ ਕੰਮ ਵੀ ਅੰਗਰੇਜ਼ੀ ਭਾਸ਼ਾ ਵਿਚ ਹੁੰਦਾ ਹੈ। ਨਤੀਜਨ ਕੰਪਿਊਟਰ ਵਰਤਣ ਵਾਲਾ ਹਰ ਵਿਅਕਤੀ ਅਚੇਤ ਪੱਧਰ ਉੱਤੇ ਆਪਣੀ ਮਾਤ-ਭਾਸ਼ਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸਦੀ ਵਰਤੋਂ ਸਾਡੀ ਲੋੜ ਅਤੇ ਮਜ਼ਬੂਰੀ ਬਣਦੀ ਜਾ ਰਹੀ ਹੈ। ਇਹ ਲੋੜ ਅਤੇ ਮਜਬੂਰੀ ਪੰਜਾਬੀ ਭਾਸ਼ਾ ਦੇ ਮਾਹਿਰਾਂ ਵੱਲੋਂ ਇਕ ਚੁਣੌਤੀ ਵਜੋਂ ਸਵੀਕਾਰ ਕੀਤੀ ਜਾ ਰਹੀ ਹੈ। ਇਸ ਲਈ ਭਾਸ਼ਾ ਅਤੇ ਕੰਪਿਊਟਰ ਦੇ ਖੇਤਰ ਵਿਚ ਕੰਮ ਕਰ ਰਹੇ ਵਿਗਿਆਨੀਆਂ ਅਤੇ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਸਾਹਮਣੇ ਆ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਅਤੇ ਪੰਜਾਬੀ ਭਾਸ਼ਾ ਨੂੰ ਕੰਪਿਊਟਰ ਦੇ ਹਾਣ ਦੀ ਬਣਾਉਣ ਲਈ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਆਰੰਭੀਆਂ ਹੋਈਆਂ ਹਨ, ਜਿਨ੍ਹਾਂ ਦੇ ਸਾਰਥਕ ਨਤੀਜੇ ਵੀ ਸਾਡੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਡਾ. ਸੀ.ਪੀ ਕੰਬੋਜ ਭਾਸ਼ਾ ਦੇ ਤਕਨੀਕੀ ਵਿਕਾਸ ਦੀ ਅਹਿਮੀਅਤ ਬਾਰੇ ਲਿਖਦਾ ਹੈ;

> ਕਿਸੇ ਖ਼ਿੱਤੇ ਦੇ ਸਾਹਿਤ ਦੇ ਵਿਕਾਸ ਦੀਆਂ ਤੰਦਾਂ ਉਸ ਦੀ ਭਾਸ਼ਾ ਨਾਲ ਜੁੜੀਆਂ ਹੋਈਆਂ ਹਨ। ਜੇਕਰ ਉਸ ਭਾਸ਼ਾ ਦਾ ਸਰਬਪੱਖੀ ਵਿਕਾਸ ਹੋਵੇਗਾ ਤਾਂ ਹੀ ਉਸ ਵਿਚ ਰਚਿਆ ਸਹਿਤ ਵੱਧ ਫ਼ੁਲ ਸਕੇਗਾ ਤੇ ਉਸ ਦਾ ਪਸਾਰ ਹੋ ਸਕੇਗਾ। ਤਕਨੀਕੀ ਪੱਖੋਂ ਸਮਰੱਥ ਜਾਂ ਕੰਪਿਊਟਰੀਕ੍ਰਿਤ ਭਾਸ਼ਾ ਹੀ ਸਾਹਿਤ ਅਤੇ ਗਿਆਨ-ਵਿਗਿਆਨ ਦੇ ਪਸਾਰ ਵਿਚ ਵਡਮੁੱਲਾ ਯੋਗਦਾਨ ਪਾ ਸਕਦੀ ਹੈ।[4]

ਪੰਜਾਬੀ ਭਾਸ਼ਾ ਨੂੰ ਕੰਪਿਊਟਰ ਦੇ ਹਾਣ ਦੀ ਬਣਾਉਣ ਲਈ ਹੁਣ ਤੱਕ ਕੀ-ਕੀ ਕੋਸ਼ਿਸ਼ਾਂ ਹੋ ਚੁੱਕੀਆਂ ਹਨ, ਉਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ;

- ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਦਾ ਪਿਤਾਮਾ ਡਾ. ਕੁਲਬੀਰ ਸਿੰਘ ਥਿੰਦ ਨੂੰ ਮੰਨਿਆ ਗਿਆ ਹੈ। ਉਹਨਾਂ ਆਪਣੇ ਨਿੱਜੀ ਕੰਪਿਊਟਰ ਉੱਪਰ ਸਭ ਤੋਂ ਪਹਿਲਾਂ 1984 ਵਿਚ ਗੁਰਮੁਖੀ ਅੱਖਰਾਂ ਦੀ ਵਰਤੋਂ ਆਰੰਭ ਕੀਤੀ। ਅਜੋਕੇ ਸਮੇਂ ਵਿਚ 300[5] ਦੇ ਕਰੀਬ ਗੁਰਮੁਖੀ ਫੌਂਟ ਨਿੱਜੀ ਕੰਪਿਊਟਰ ਵਿਚ ਇੰਸਟਾਲ (Install) ਕੀਤੇ ਜਾ ਸਕਦੇ ਹਨ। ਗੁਰਮੁਖੀ ਫੌਂਟ ਨੂੰ ਇੰਟਰਨੈੱਟ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਨਾਲ ਸੰਬੰਧਿਤ ਇਹਨਾਂ ਵੈੱਬਸਾਈਟਾਂ ਉੱਪਰ ਪਹੁੰਚ ਕੀਤੀ ਜਾ ਸਕਦੀ ਹੈ;

i. www.gurbanifiles.org
ii. www.punjabicomputer.com
iii. www.billie.grosse.is-a-geek.com[6]

- ਰਵਾਇਤੀ ਪੰਜਾਬੀ ਫੌਂਟ ਵਰਤਣ ਨਾਲ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਸਦਾ ਹੱਲ 1991 ਵਿਚ ਯੂਨੀਕੋਡ ਨੇ ਦਿੱਤਾ। ਇਸ ਸਾਫਟਵੇਅਰ ਵਿਚ ਹਰ ਭਾਸ਼ਾ ਦਾ ਅੱਖਰ, ਅੰਕ ਅਤੇ ਵਿਸ਼ੇਸ਼ ਚਿੰਨ੍ਹਾਂ ਨੂੰ ਸ਼ਾਮਿਲ ਕੀਤਾ ਗਿਆ। ਯੂਨੀਕੋਡ ਅਧੀਨ ਵਰਤੋਂਕਾਰ ਆਪਣੀ ਪਸੰਦ ਦਾ ਕੀਬੋਰਡ ਲੇਅ-ਆਊਟ ਚੁਣ ਸਕਦਾ। ਉਸਦੀ ਆਊਟਪੁਟ ਯੂਨੀਕੋਡ ਫੌਂਟ ਰਾਵੀ ਵਿਚ ਆਵੇਗੀ। ਯੂਨੀਕੋਡ ਵਿਚ ਟਾਈਪ ਕੀਤਾ ਮੈਟਰ ਸੰਸਾਰ ਦੇ ਕਿਸੇ ਵੀ ਯੂਨਕੋਡ ਅਧਾਰਿਤ ਕੰਪਿਊਟਰ ਵਿਚ ਖੋਲ੍ਹ ਸਕਦੇ ਹਾਂ।
- ਯੂਨੀਕੋਡ ਤੋਂ ਇਲਾਵਾ 'ਜੀ-ਲਿਪੀਕਾ' ਦੀ ਸਹੂਲਤ ਵੀ ਉਪਲਬਧ ਹੈ। ਇਹ ਸਾਫਟਵੇਆਰ ਵੀ ਯੂਨੀਕੋਡ ਫੌਂਟ ਰਾਵੀ ਵਿਚ ਲਿਖਣ ਵਿਚ ਮਦਦ ਕਰਦਾ ਹੈ।
- ਰਵਾਇਤੀ ਪੰਜਾਬੀ ਫੌਂਟ ਨੂੰ ਯੂਨੀਕੋਡ ਵਿਚ ਤਬਦੀਲ ਕਰਨ ਜਾਂ ਕਿਸੇ ਇਕ ਫੌਂਟ ਨੂੰ ਦੂਜੇ ਵਿਚ ਤਬਦੀਲ ਕਰਨ ਲਈ 'ਪੰਜਾਬੀ ਯੂਨੀਕੋਡ ਫੌਂਟ ਕਨਵਰਟਰ' ਦੀ ਸਹੂਲਤ ਹੈ।
- ਪੰਜਾਬੀ ਦਾ ਪਹਿਲਾ ਵਰਡ ਪ੍ਰੋਸੈਸਰ 'ਅੱਖਰ' ਹੈ। ਇਸ ਵਿਚ ਜਿੱਥੇ ਫੌਂਟ ਨੂੰ ਆਪਸ ਵਿਚ ਤਬਦੀਲ ਕਰਨ ਦੀ ਸਹੂਲਤ ਹੈ, ਉਥੇ ਲਿਪੀਅੰਤਰਣ ਦੀ ਸਹੂਲਤ ਵੀ ਹੈ। ਇਸ ਤੋਂ ਇਲਾਵਾ ਸਪੈਲ ਚੈਕਰ, ਕੋਸ਼, ਸ਼ਾਰਟ ਕਰਨਾ, ਫਾਈਲ import ਕਰਨ ਅਤੇ ਸ਼ਬਦ-ਜੋੜ ਸੁਧਾਰਨ ਆਦਿ ਦੀ ਸਹੂਲਤ ਹੈ।
- ਭਾਸ਼ਾ ਇੰਟਰਫੇਸ ਪੈਕ (LIP) ਮਦਦ ਨਾਲ ਵਿੰਡੋਜ਼ ਦੀ ਅੰਗਰੇਜੀ ਭਾਸ਼ਾ ਨੂੰ ਕਿਸੇ ਵੀ ਖੇਤਰੀ ਭਾਸ਼ਾ ਵਿਚ ਤਬਦੀਲ ਕਰ ਸਕਦੇ ਹਾਂ।
- ਅੱਜ ਟਾਈਪਿੰਗ ਦੀ ਸਮੱਸਿਆ ਨੂੰ ਘਟਾਉਣ ਲਈ ਅਤੇ ਸਮੇਂ ਦੀ ਬੱਚਤ ਲਈ 'ਲਿਪੀਕਾਰ ਪੰਜਾਬੀ ਕੀਬੋਰਡ' ਦੀ ਵਰਤੋਂ ਹੋ ਰਹੀ ਹੈ। ਇਸ ਵਿਚ ਲਿਖਣ ਦੀ ਬਾਜਾਇ ਬੋਲ ਕੇ ਮੈਟਰ ਟਾਈਪ ਕੀਤਾ ਜਾਂਦਾ ਹੈ।
- 'ਈਸ਼ਰ ਮਾਈਕ੍ਰੋਮੀਡੀਆਂ' ਗੁਰਬਾਣੀ ਦਾ ਸਰਚ ਇੰਜਣ ਹੈ। ਇਸ ਸਾਫਟਵੇਅਰ ਵਿਚ ਗੁਰਬਾਣੀ ਦੀ ਕਿਸੇ ਵੀ ਤੁਕ ਨੂੰ ਆਸਾਨੀ ਨਾਲ ਖੋਜਿਆ ਜਾ ਸਕਦਾ ਹੈ।

ਪੰਜਾਬੀ ਭਾਸ਼ਾ ਕੰਪਿਊਟਰ ਵਿਗਿਆਨੀਆਂ ਦੁਆਰਾ ਤਿਆਰ ਕੀਤੇ ਇਹਨਾਂ ਸਾਫਟਵੇਅਰ ਵਿਚ ਕਈ ਖਾਮੀਆਂ ਵੀ ਪਾਈਆਂ ਗਈਆਂ ਹਨ, ਮੈਂ ਉਸਦੇ ਵੇਰਵੇ ਵਿਚ ਨਹੀਂ ਜਾਵਾਂਗਾ। ਕਿਉਂਕਿ ਅਸੀਂ ਇਥੇ ਵਿਦਵਾਨਾਂ ਦੁਆਰਾ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਲਈ ਕੀ-ਕੀ ਕੋਸ਼ਿਸਾਂ ਕੀਤੀਆਂ ਜਾ ਰਹੀਆਂ, ਉਸ ਉੱਪਰ ਚਰਚਾ ਕੀਤੀ ਹੈ।

## 2. ਇੰਟਰਨੈੱਟ ਉੱਪਰ ਪੰਜਾਬੀ ਭਾਸ਼ਾ ਦੀ ਸਥਿਤੀ

ਪੰਜਾਬੀ ਕੰਪਿਊਟਰ ਦੇ ਖੇਤਰ ਵਿਚ ਕੰਮ ਕਰ ਰਹੇ ਵਿਦਵਾਨਾਂ ਦੇ ਯਤਨਾਂ ਸਦਕਾ ਪੰਜਾਬੀ ਭਾਸ਼ਾ ਦਾ ਪ੍ਰਵੇਸ਼ ਇੰਟਰਨੈੱਟ ਦੀ ਦੁਨੀਆਂ ਵਿਚ ਵੀ ਹੋ ਗਿਆ ਹੈ। ਛੋਟੇ ਤੋਂ ਲੈ ਕੇ ਵੱਡੇ ਤੱਕ ਹਰ ਪੰਜਾਬੀ ਇੰਟਰਨੈੱਟ ਦੀ ਦੁਨੀਆਂ ਵਿਚ ਸ਼ਾਮਲ ਹੋ ਰਿਹਾ ਹੈ। 16-18 ਮਾਰਚ, 2008 ਵਿਚ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੁਆਰਾ ਕਰਵਾਈ ਗਈ ਕਾਨਫਰੰਸ 'ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਵਿਕਾਸ ਮਾਡਲ' ਵਿਚ ਡਾ. ਕੁਲਬੀਰ ਸਿੰਘ ਥਿੰਦ ਨੇ ਆਪਣੇ ਖੋਜ ਪੱਤਰ ਵਿਚ ਇਹ ਸਰਵੇ ਪੇਸ਼ ਕੀਤਾ ਕਿ;

> ਇੰਟਰਨੈੱਟ ਉੱਤੇ ਵਧੇਰੇ ਕਾਰਜ ਅੰਗ੍ਰੇਜ਼ੀ ਵਿਚ (31%) ਹੁੰਦਾ ਹੈ। ਅੰਗ੍ਰੇਜ਼ੀ ਉਪਰੰਤ ਚੀਨੀ (16%), ਸਪੈਨਿਸ਼ (9%), ਜਪਾਨੀ (7%), ਜਰਮਨ (5%) ਅਤੇ ਫਰਾਂਸੀਸੀ (5%) ਵਿਚ ਇੰਟਰਨੈੱਟ ਦੀ ਵਰਤੋਂ ਕੀਤੀ ਜਾਂਦੀ ਹੈ।

ਇਹਨਾਂ ਅੰਕੜਿਆਂ ਨੂੰ ਗਹੁ ਨਾਲ ਵਾਚੀਏ ਤਾਂ ਸਹਿਜੇ ਹੀ ਪਤਾ ਚੱਲਦਾ ਕਿ ਇਸ ਸਰਵੇ ਵਿਚ ਪੰਜਾਬੀ ਦੀ ਵਰਤੋਂ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ। ਇਸ ਪਿੱਛੇ ਕਾਰਨ ਇਹ ਕਿ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਤਾਂ ਜ਼ਿਆਦਾ ਹੈ ਪਰ ਇਹ ਪੰਜਾਬੀ ਕੰਪਿਊਟਰ ਅਤੇ ਇੰਟਰਨੈੱਟ ਉੱਪਰ ਪੰਜਾਬੀ ਦੀ ਸਹੂਲਤ ਹੋਣ ਦੇ ਬਾਵਜੂਦ ਵੀ ਅੰਗਰੇਜ਼ੀ ਭਾਸ਼ਾ ਨੂੰ ਤਰਜ਼ੀਹ ਦਿੰਦੇ ਹਨ। ਅੱਜ 9 ਸਾਲ ਬਾਅਦ ਦੀ ਗੱਲ ਕਰਾਂ ਤਾਂ ਅੰਦਾਜਨ ਇਸ ਸਰਵੇ ਵਿਚ ਪੰਜਾਬੀ ਦਾ ਨਾਮ ਆ ਸਕਦਾ ਹੈ। ਅੱਜ ਪੰਜਾਬੀ ਭਾਸ਼ਾ ਨਾਲ ਜੁੜੇ ਹੋਏ ਵਿਦਵਾਨ,

ਖੋਜਾਰਥੀ, ਅਦਾਰੇ ਇੰਟਰਨੈੱਟ ਉੱਪਰ ਪੰਜਾਬੀ ਦੀ ਵਰਤੋਂ ਕਰ ਰਹੇ ਹਨ। ਇਸ ਪਿੱਛੇ ਵੀ ਵੱਡਾ ਹੱਥ ਯੂਨੀਕੋਡ ਪ੍ਰਣਾਲੀ ਦਾ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਖੇਤਰ ਨਾਲ ਸਬੰਧਿਤ ਕਈ ਸਹੂਲਤਾਂ ਇੰਟਰਨੈੱਟ ਤੋਂ ਲੈ ਸਕਦੇ ਹਾਂ ।

- ਯੂਨੀਕੋਡ ਫੌਂਟ ਦੀ ਵਰਤੋਂ ਨਾਲ ਅਸੀਂ ਗੂਗਲ ਸਰਚ ਇੰਜਣ ਤੇ ਪੰਜਾਬੀ ਵਿਚ ਲਿਖ ਕੇ ਕਿਸੇ ਵੀ ਵਿਸ਼ੇ ਉੱਤੇ ਸਰਚ ਕਰ ਸਕਦੇ ਹਾਂ। ਈ-ਮੇਲ ਪੰਜਾਬੀ ਵਿਚ ਭੇਜ ਸਕਦੇ ਹਾਂ।
- ਪੰਜਾਬੀ ਦੇ ਆਨ-ਲਾਈਨ ਸਪੈਲ-ਚੈਕਰ 'ਸੋਧਕ' ਉੱਪਰ ਆਪਣਾ ਮੈਟਰ ਪੇਸਟ ਕਰਕੇ ਸ਼ਬਦ-ਜੋੜ ਦੀਆਂ ਗਲਤੀਆਂ ਨੂੰ ਸੁਧਾਰਿਆ ਜਾ ਸਕਦਾ ਹੈ।
- ਆਨ-ਲਾਈਨ ਪੰਜਾਬੀ ਅਧਿਆਪਨ ਦੀ ਸਹੂਲਤ ਇਹਨਾਂ ਵੈੱਬਸਾਈਟਾਂ ਤੋਂ ਲਈ ਜਾ ਸਕਦੀ ਹੈ- www.5abi.com, www.advancedcentrepunjabi.org, www.learnpunjabi.org,
- ਲਿਪੀਅੰਤਰਣ ਦੀ ਸਹੂਲਤ www.learnpunjabi.org, www.google.com/inputtools/try ਆਦਿ ਵੈੱਬਸਾਈਟਾਂ ਤੋਂ ਲਈ ਜਾ ਸਕਦੀ ਹੈ। ਭਾਸ਼ਾਵਾਂ ਦੇ ਅਨੁਵਾਦ ਲਈ www.translate.google.co.in ਵੈੱਬਸਾਈਟ ਉੱਤੇ ਪਹੁੰਚ ਕੀਤੀ ਜਾ ਸਕਦੀ ਹੈ।
- ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਸਬੰਧਿਤ ਅਨੇਕਾਂ ਵਿਸ਼ੇ ਗੂਗਲ ਸਰਚ ਇੰਜਣ ਉੱਤੇ ਪੰਜਾਬੀ ਵਿਚ ਲਿਖ ਕੇ ਇੰਟਰਨੈੱਟ ’ਤੇ ਖੋਜ ਸਦਕੇ ਹਾਂ। ਇਹਨਾਂ ਵਿਸ਼ਿਆਂ ਨਾਲ ਕਈ ਵੈੱਬਸਾਈਟਾਂ ਵੀ ਹਨ ਜਿੰਨਾਂ ਉਪਰ ਸਮੇਂ-ਸਮੇਂ ਪੰਜਾਬੀ ਵਿਦਵਾਨ, ਸਾਹਿਤਕਾਰ, ਖੋਜਾਰਥੀ ਜਾਂ ਆਲੋਚਕ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਉੱਪਰ ਲਿਖੇ ਮਜ਼ਮੂਨ ਅਪਲੋਡ ਕਰਦੇ ਰਹਿੰਦੇ ਹਨ। ਇਸ ਨਾਲ ਸੰਬੰਧਿਤ ਕੁਝ ਮਹੱਤਪੂਰਨ ਵੈੱਬਸਾਈਟਾਂ ਇਹ ਹਨ :-
  www.sabi.com, www.5abi.com, www.suhisever.com, www.likhari.com, www.ik13.com, www.punjabipoetry.org, www.ik13.com, www.punjabipedia.org, www.punjabipost.ca, www.punjabiwikipedia.org, www.sikhmarg.com, www.punjabimaaboli.com.

## 3. ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਵਿਚ ਕਾਰਜਸ਼ੀਲ ਅਦਾਰੇ ਅਤੇ ਵਿਦਵਾਨ

ਪੰਜਾਬੀ ਭਾਸ਼ਾ ਨੂੰ ਤਕਨੀਕੀ ਭਾਸ਼ਾ ਬਣਾਉਣ ਲਈ ਅਤੇ ਇਸਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਪੰਜਾਬੀਆਂ ਵੱਲੋਂ ਸੰਘਰਸ਼ ਜ਼ਾਰੀ ਹੈ। ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਕਈ ਹੋਰ ਅਦਾਰਿਆਂ ਨਾਲ ਜੁੜੇ ਹੋਏ ਵਿਦਵਾਨ, ਖੋਜਾਰਥੀ ਅਤੇ ਇਹਨਾਂ ਅਦਾਰਿਆਂ ਤੋਂ ਬਾਹਰ ਕਈ ਵਿਅਕਤੀ ਨਿੱਜੀ ਪੱਧਰ ਉੱਪਰ ਪੰਜਾਬੀ ਭਾਸ਼ਾ ਨੂੰ ਕੰਪਿਊਟਰ ਦੇ ਹਾਣ ਦੀ ਬਣਾਉਣ ਲਈ ਕਈ ਤਰ੍ਹਾਂ ਦੇ ਪ੍ਰੋਜੈਕਟ ਸ਼ੁਰੂ ਕਰੀ ਬੈਠੇ ਹਨ।

ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਪਟਿਆਲਾ ਵਿਖੇ ਅਪ੍ਰੈਲ 2000 ਵਿਚ ਪੰਜਾਬ ਦੇ ਤਕਨੀਕੀ ਵਿਕਾਸ ਲਈ 'ਰਿਸੋਰਸ ਸੈਂਟਰ' ਦੀ ਸਥਾਪਨਾ ਕੀਤੀ ਗਈ। ਇਸ ਰਿਸੋਰਸ ਸੈਂਟਰ ਦੇ ਉਦੇਸ਼ ਨੂੰ ਸਪੱਸ਼ਟ ਕਰਦਿਆਂ ਹੋਇਆਂ ਡਾ. ਪਰਮਜੀਤ ਸਿੰਘ ਸਿੱਧੂ ਲਿਖਦਾ ਹੈ ਕਿ;

> ਇਸ ਦਾ ਪ੍ਰਯੋਜਨ ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ ਕਰਕੇ ਇਸ ਤਕਨਾਲੋਜੀ ਨੂੰ ਸਾਰੇ ਪੰਜਾਬੀਆਂ ਤੱਕ ਉਪਲੱਬਧ ਕਰਵਾਉਣਾ ਸੀ। ਇਸ ਰਿਸੋਰਸ ਸੈਂਟਰ ਦੀ ਸਥਾਪਨਾ ਤੋਂ ਪਹਿਲਾਂ ਪਰਵਾਸੀ ਤੇ ਭਾਰਤੀ ਪੰਜਾਬੀਆਂ ਵੱਲੋਂ ਵਿਅਕਤੀਗਤ ਪੱਧਰ ’ਤੇ ਪੰਜਾਬੀ ਫੌਂਟਾਂ ਅਤੇ ਵੈੱਬਸਾਈਟਾਂ ਬਣਾਉਣ ਦੇ ਯਤਨ ਕੀਤੇ ਹੋਏ ਮਿਲਦੇ ਹਨ। 2000 ਤੋਂ 2003 ਤੱਕ ਇਸ ਰਿਸੋਰਸ ਸੈਂਟਰ ਨੇ ਪੰਜਾਬੀ ਕੋਰਸਾਂ ਲਈ ਕਾਨਟੈਂਟ ਟੂਲਜ਼, ਗੁਰਮੁਖੀ ਓ.ਸੀ.ਆਰ (OCR) ਤੇ ਕੁਝ ਸਾਹਿਤਕ ਕਿਰਤਾਂ ਨੂੰ ਨੈੱਟ' ਤੇ ਉਪਲੱਬਧ ਕਰਵਾ ਦਿੱਤਾ। ਇਸ ਰਿਸੋਰਸ ਸੈਂਟਰ ਨੇ ਇਕ ਸਪੈੱਲ ਚੈੱਕਰ (ਸ਼ਬਦ-ਜੋੜ ਸੋਧਕ) ਵੀ ਤਿਆਰ ਕੀਤਾ।[7]

ਫਰਵਰੀ 2004 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਲਈ 'ਐਡਵਾਂਸਡ ਸੈਂਟਰ' ਦੀ ਸਥਾਪਨਾ ਕੀਤੀ ਗਈ। ਇਸ ਸੈਂਟਰ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ ਕਰਨਾ ਹੈ। ਇਸ ਐਡਵਾਂਸ ਸੈਂਟਰ ਵਿਚ ਡਾ. ਗੁਰਪ੍ਰੀਤ

ਲਹਿਲ ਕੰਮ ਕਰ ਰਹੇ ਹਨ ਜੋ ਪਹਿਲਾਂ ਥਾਪਰ ਇੰਸਟੀਚਿਊਟ ਵਿਚ ਸਥਾਪਿਤ ਕੀਤੇ ਗਏ ਰਿਸੋਰਸ ਸੈਂਟਰ ਵਿਚ ਵੀ ਕੰਮ ਕਰ ਚੁੱਕੇ ਹਨ। ਉਸਦੇ ਅਤੇ ਉਸਦੇ ਸਹਿਯੋਗੀਆਂ ਦੁਆਰਾ ਕਈ ਕਾਰਜ ਆਰੰਭ ਕੀਤੇ ਗਏ ਹਨ। ਜਿਵੇਂ 'ਪੰਜਾਬੀ ਲਈ ਕੋਰ ਟੈਕਨਾਲੋਜੀ ਕਰਨਾ, ਗੁਰਮੁਖੀ ਤੋਂ ਸ਼ਾਹਮੁਖੀ ਅਤੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਪਾਠਾਂ ਦਾ ਲਿਪੀਅੰਤਰਣ ਕਰਨ ਦੀ ਸੁਵਿਧਾ ਸਿਰਜਣਾ, ਪੰਜਾਬੀ-ਹਿੰਦੀ ਮਸ਼ੀਨੀ ਅਨੁਵਾਦ ਦੀ ਸੁਵਿਧਾ ਸਿਰਜਣਾ, ਗੁਰਮੁਖੀ ਓ.ਸੀ.ਆਰ ਬਣਾਉਣਾ, ਪੰਜਾਬੀ ਵਿਆਕਰਨ ਚੈੱਕਰ ਤਿਆਰ ਕਰਨਾ, ਸਾਫਟਵੇਅਰ ਸੰਗਮ ਅਤੇ ਅੱਖਰ ਬਣਾਉਣਾ, ਪੰਜਾਬੀ ਸਪੀਚ ਸਿਨਥੇਸਾਈਜਰ ਬਣਾਉਣਾ' ਆਦਿ। ਇਸ ਤੋਂ ਇਲਾਵਾ ਇਸ ਸੈਂਟਰ ਨੇ ਪੰਜਾਬੀ ਕੋਸ਼ਾਂ, ਖੋਜ ਪ੍ਰਬੰਧਾਂ, ਸ਼ਬਦਾਵਲੀ ਅਤੇ ਸ਼ਬਦ ਰੂਪਾਂ ਦੀ ਡਿਜ਼ੀਟੇਲਾਈਜੇਸ਼ਨ ਅਤੇ ਆਨ-ਲਾਈਨ ਪੰਜਾਬੀ ਟੀਚਿੰਗ ਦੀ ਵਿਵਸਥਾ ਵੀ ਕੀਤੀ ਹੈ। ਇਸ ਸੈਂਟਰ ਦੁਆਰਾ ਪੰਜਾਬੀ ਟਾਈਪਿੰਗ ਦੇ ਫੌਂਟ ਅਤੇ ਘਰ ਬੈਠੇ ਪੰਜਾਬੀ ਸਿੱਖਣ ਲਈ ਸੀ.ਡੀ ਦਾ ਨਿਰਮਾਣ ਕੀਤਾ ਹੈ ਜੋ ਯੂਨੀਵਰਸਿਟੀ ਦੇ ਕਿਤਾਬ ਘਰ ਵਿਚ ਉਪਲਬਧ ਹਨ।

ਇਸ ਐਡਵਾਂਸ ਸੈਂਟਰ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਲਈ 'ਪੰਜਾਬੀ ਕੰਪਿਊਟਰ ਹੈਲਪ ਸੈਂਟਰ' ਵੀ ਸਥਾਪਿਤ ਕੀਤਾ ਗਿਆ ਹੈ। ਇਸ ਸੈਂਟਰ ਦਾ ਮਕਸਦ ਵਿਦਿਆਰਥੀਆਂ ਨੂੰ ਪੰਜਾਬੀ ਕੰਪਿਊਟਰ ਦੀ ਸਿਖਲਾਈ ਦੇਣਾ ਅਤੇ ਉਹਨਾਂ ਦੀਆਂ ਇਸ ਖੇਤਰ ਨਾਲ ਸਬੰਧਿਤ ਮੁਸ਼ਕਿਲਾਂ ਨੂੰ ਹੱਲ ਕਰਨਾ ਹੈ। ਇਸ ਉਦੇਸ਼ ਹਿੱਤ ਸੈਂਟਰ ਵਿਚ 'ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਰ' ਅਧੀਨ ਪੰਜਾਬੀ ਕੰਪਿਊਟਰ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਸੈਂਟਰ ਦੀ ਦੇਖ-ਰੇਖ ਡਾ. ਸੀ.ਪੀ ਕੰਬੋਜ ਕਰ ਰਹੇ ਹਨ। ਇਸ ਸੈਂਟਰ ਦੁਆਰਾ ਸਮੇਂ-ਸਮੇਂ ’ਤੇ ਐਮ. ਫਿਲ. ਅਤੇ ਪੀਐਚ.ਡੀ ਕਰ ਰਹੇ ਖੋਜਾਰਥੀਆਂ ਦੀਆਂ ਪੰਜਾਬੀ ਕੰਪਿਊਟਰ ਨਾਲ ਸਬੰਧਤ ਵਰਕਸ਼ਾਪ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸੈਮੀਨਾਰ ਉਲੀਕ ਕੇ ਵਿਦਿਆਰਥੀਆਂ ਨੂੰ ਪੰਜਾਬੀ ਕੰਪਿਊਟਰ ਸਬੰਧੀ ਜਾਗਰਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਵਿਚ ਭਾਰਤ ਸਰਕਾਰ ਦੁਆਰਾ ਸਥਾਪਿਤ ਕੀਤਾ 'ਸੈਂਟਰ ਫਾਰ ਡਿਵੈਲਪਮੈਂਟ ਐਂਡ ਐਡਵਾਂਸ ਕੰਪਿਊਟਿੰਗ' (C.DAC) ਦੀਆਂ ਜੋ ਯੋਜਨਾਵਾਂ ਵੀ ਅੱਖੋਂ ਪਰੋਖੇ ਨਹੀਂ ਕੀਤੀਆਂ ਜਾ ਸਕਦੀਆਂ। ਇਸ ਸੈਂਟਰ ਦੁਆਰਾ 22 ਰਾਜ ਭਾਸ਼ਾਵਾਂ ਦੇ ਫੌਂਟ ਅਤੇ ਸਾਫਟਵੇਅਰ ਤਿਆਰ ਕਰਨ ਦਾ ਕਾਰਜ ਮੁਕੰਮਲ ਕੀਤਾ ਗਿਆ ਹੈ, ਜਿਸ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਿਲ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਵਿਚ 'ਕੰਪਿਊਟਰ ਐਪਲੀਕੇਸ਼ਨ ਇਨ ਪੰਜਾਬੀ' ਨਾਂ ਦਾ ਪਰਚਾ ਐਡਿਸ਼ਨਲ ਤੌਰ ’ਤੇ ਵਿਦਿਆਰਥੀਆਂ ਨੂੰ ਪੜਾਇਆ ਜਾ ਰਿਹਾ ਹੈ। ਇਸ ਪਰਚੇ ਦੀ ਸਿਖਲਾਈ ਦਾ ਮੁੱਖ ਮਕਸਦ ਪੰਜਾਬੀ ਦੇ ਵਿਦਿਆਰਥੀਆਂ ਵਿਚ ਕੰਪਿਊਟਰ ਵਰਤਣ ਦੀ ਕਾਬਲੀਅਤ ਦਾ ਵਿਕਾਸ ਕਰਨਾ ਹੈ। ਉਹਨਾਂ ਅੰਦਰ ਕੰਪਿਊਟਰ ਉੱਪਰ ਪੰਜਾਬੀ ਵਿਚ ਕੰਮ ਕਰਨ ਦੀ ਰੁਚੀ ਪੈਦਾ ਕਰਨਾ ਹੈ।

ਇਹਨਾਂ ਅਦਾਰਿਆਂ ਤੋਂ ਇਲਾਵਾ ਦੇਸ਼ਾਂ/ਵਿਦੇਸ਼ਾਂ ਵਿਚ ਬੈਠੇ ਕੁਝ ਵਿਦਵਾਨ ਵਿਅਕਤੀਗਤ ਪੱਧਰ ’ਤੇ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਲਈ ਕਾਰਜਸ਼ੀਲ ਹਨ। ਇਹਨਾਂ ਵਿਚੋਂ ਮੁੱਖ ਹਨ- ਅਮਰੀਕਾ ਤੋਂ ਡਾ. ਕੁਲਬੀਰ ਸਿੰਘ ਥਿੰਦ, ਕੈਨੇਡਾ ਤੋਂ ਕਿਰਪਾਲ ਸਿੰਘ ਪੰਨੂੰ ਅਤੇ ਰਾੜਾ ਸਾਹਿਬ ਵਾਲੇ ਬਾਬਾ ਬਲਜਿੰਦਰ ਸਿੰਘ ਆਦਿ। ਡਾ. ਕੁਲਬੀਰ ਸਿੰਘ ਥਿੰਦ ਨੇ ਸਭ ਤੋਂ ਪਹਿਲਾ ਪੰਜਾਬੀ ਫੌਂਟ ਦਾ ਨਿਰਮਾਣ ਕਰਕੇ ਪੰਜਾਬੀ ਕੰਪਿਊਟਰ ਦਾ ਪਿਤਾਮਾ ਕਹਾਉਣ ਦਾ ਮਾਣ ਹਾਸਿਲ ਕੀਤਾ। ਇਸ ਤੋਂ ਇਲਾਵਾ ਉਹਨਾਂ ਨੇ 'ਗੁਰਬਾਣੀ ਦੀ ਸੀਡੀ ਰੀਲੀਜ਼ ਕੀਤੀ। 2000 ਵਿਚ ਗੁਰਬਾਣੀ ਦਾ ਸਰਚ ਇੰਜਣ ਉਪਲਬਧ ਕਰਵਾਇਆ। ਉਹਨਾਂ ਦੇ ਪੁੱਤਰ ਜਸਜੀਤ ਸਿੰਘ ਨੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਪਹਿਲੀ ਵੈਬਸਾਈਟ www.punjabionline.com ਜਾਰੀ ਕੀਤੀ। 1995 ਵਿਚ ਅਸਟ੍ਰੇਲੀਆ ਰਹਿਣ ਵਾਲੇ ਬਲਵੰਤ ਸਿੰਘ ਉੱਪਲ ਨੇ ਗੁਰੂ ਗ੍ਰੰਥ ਸਾਹਿਬ ਦਾ ਕੰਪਿਊਟਰੀਕਰਨ ਕੀਤਾ। ਕਿਰਪਾਲ ਸਿੰਘ ਪੰਨੂੰ ਨੇ ਗੁਰਮੁਖੀ ਤੋਂ ਸ਼ਾਹਮੁਖੀ ਅਤੇ ਸ਼ਾਹਮੁਖੀ ਤੋਂ ਗੁਰਮੁਖੀ ਲਿਪੀਅੰਤਰਣ ਟੂਲ ਜਾਰੀ ਕੀਤਾ। ਰਾੜਾ ਸਾਹਿਬ ਵਾਲੇ ਬਾਬਾ ਬਲਜਿੰਦਰ ਸਿੰਘ ਨੇ 1996 ਵਿਚ ਭਾਈ ਕਾਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਅਤੇ ਮਗਰੋਂ ਭਾਈ ਸੰਤੋਖ ਸਿੰਘ ਰਚਿਤ 'ਕਵਿ ਚੂੜਾਮਣਿ' ਨੂੰ ਇੰਟਰਨੈਟ ਉੱਤੇ ਅਪਲੋਡ ਕੀਤਾ। ਗੁਰਬਾਣੀ ਦਾ ਸਰਚ ਇੰਜਣ 'ਈਸ਼ਰ ਮਾਈਕ੍ਰੋ ਮੀਡੀਆ' ਜਾਰੀ ਕੀਤਾ ਜਿਸਨੂੰ www.ik13.com ਤੋਂ ਮੁਫਤ ਡਾਊਨਲੋਡ ਕੀਤਾ ਜਾ ਸਕਦਾ ਹੈ।'[9]

## 4. ਮੋਬਾਇਲ ਫੋਨ ਉਪਰ ਪੰਜਾਬੀ ਭਾਸ਼ਾ ਦੀ ਵਰਤੋਂ ਦੀ ਸਥਿਤੀ :

ਅਧੁਨਿਕ ਯੁੱਗ ਵਿਚ ਸੰਚਾਰ ਦੇ ਮਾਧਿਅਮਾਂ ਦੇ ਵਿਕਸਿਤ ਹੋਣ ਕਰਕੇ ਪੂਰੀ ਦੁਨੀਆ ਇਕ ਪਿੰਡ ਦਾ ਰੂਪ ਧਾਰਨ ਕਰ ਚੁੱਕੀ ਹੈ। ਸੰਚਾਰ ਉਪਕਰਨਾਂ ਵਿਚੋਂ ਮੋਬਾਇਲ ਫ਼ੋਨ ਸਭ ਤੋਂ ਵਧੇਰੇ ਪ੍ਰਚਲਿਤ ਅਤੇ ਆਸਾਨ ਮਾਧਿਅਮ ਹੈ। ਪਹਿਲਾਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਤੱਕ ਸੀਮਿਤ ਸਨ। ਹੁਣ ਇਹਨਾਂ ਵਿਚ ਮੋਬਾਇਲ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ ਤਾਂ ਕੁਝ ਗਲਤ ਨਹੀਂ ਹੋਵੇਗਾ। ਛੋਟੇ ਤੋਂ ਲੈ ਕੇ ਵੱਡੇ ਤੀਕਰ ਹਰ ਵਿਅਕਤੀ ਮੋਬਾਇਲ ਫ਼ੋਨ ਦੀਆਂ ਸਹੂਲਤਾਂ ਦਾ ਭਰਪੂਰ ਲਾਭ ਉਠਾ ਰਿਹਾ ਹੈ। ਇਸ ਸੰਚਾਰ ਮਾਧਿਅਮ ਨੇ ਜਿੱਥੇ ਦੂਰ-ਦੁਰਾਡੇ ਬੈਠੇ ਵਿਅਕਤੀਆਂ ਵਿਚਕਾਰ ਗੱਲ ਕਰਨੀ ਆਸਾਨ ਕਰ ਦਿੱਤੀ ਹੈ, ਉਥੇ ਲਿਖਤੀ ਰੂਪ ਵਿਚ ਆਪਣੇ ਸੁਨੇਹੇ ਸ਼ੋਸ਼ਲ ਐਪਸ ਦੇ ਜ਼ਰੀਏ ਵੀ ਭੇਜੇ ਜਾ ਸਕਦੇ ਹਨ। ਸਾਡੀ ਗੱਲ ਦਾ ਕੇਂਦਰ ਇਹਨਾਂ ਸ਼ੋਸ਼ਲ ਐਪਸ ਉੱਪਰ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਵਾਚਣਾ ਹੈ। ਇਸ ਸਥਿਤੀ ਨੂੰ ਦੋ ਪੱਖਾਂ ਤੋਂ ਵਾਚ ਸਕਦੇ ਹਾਂ- ਵਰਤੋਂ ਦੇ ਪੱਖ ਤੋਂ ਅਤੇ ਪੰਜਾਬੀ ਭਾਸ਼ਾ ਨਾਲ ਸਬੰਧਿਤ ਮੋਬਾਇਲ ਸਾਫਟਵੇਅਰਾਂ ਤੋਂ।

ਲਗਭਗ ਹਰ Android ਫੋਨ ਵਿਚ ਪੰਜਾਬੀ ਫੌਂਟ ਮੌਜੂਦ ਹਨ। ਯੁਵਾ ਪੀੜ੍ਹੀ ਫੇਸਬੁੱਕ, ਮੈਸੇਂਜ਼ਰ, ਵਟਸਐਪ, ਈਮੋ, ਹਾਈਕ ਆਦਿ ਸ਼ੋਸ਼ਲ ਐਪ ਉੱਪਰ ਚੈਟ ਵਿਚ ਗਲਤਾਨ ਹੈ। ਇਸ ਪੀੜ੍ਹੀ ਦੁਆਰਾ ਆਪਣਾ ਸੁਨੇਹਾ ਪੰਜਾਬੀ ਭਾਸ਼ਾ ਵਿਚ ਤਾਂ ਲਿਖਿਆ ਜਾਂਦਾ ਹੈ ਪਰ ਲਿਪੀ ਰੋਮਨ ਵਰਤੀ ਜਾ ਰਹੀ ਹੈ। ਜਿਵੇ : ki kar rahi a? tu aj school gayi c? ki kal chutti hai k nhi? ਗੁਰਮੁਖੀ ਨੂੰ ਤਰਜ਼ੀਹ ਨਹੀਂ ਦਿੱਤੀ ਜਾ ਰਹੀ ਹੈ। ਇਹਨਾਂ ਵਰਤੋਂਕਾਰਾਂ ਦੀ ਲਿਖਣ ਰਫ਼ਤਾਰ ਜਿੰਨੀ ਰੋਮਨ ਲਿਪੀ ਵਿਚ ਹੁੰਦੀ ਹੈ, ਉਨੀ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਲਿਖਣ ਦੀ ਨਹੀਂ ਹੁੰਦੀ। ਇਸ ਤਰ੍ਹਾਂ ਪੰਜਾਬੀ ਮੋਬਾਇਲ ਉੱਤੇ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਨਾਲ ਕਿਤੇ ਨਾ ਕਿਤੇ ਆਪਣੀ ਭਾਸ਼ਾ ਤੋਂ ਦੂਰ ਹੋ ਰਹੇ ਹਨ। ਉਹ ਪੰਜਾਬੀ ਦੀ ਠੇਠ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਕਰ ਰਹੇ ਹਨ। ਰੋਮਨ ਲਿਪੀ ਵਿਚ ਲਿਖੀ ਹੋਈ ਪੰਜਾਬੀ ਸੰਦੇਸ਼ ਦਾ ਸਹੀ ਸੰਚਾਰ ਵੀ ਨਹੀਂ ਕਰਦੀ। ਪੰਜਾਬੀ ਧੁਨੀ .ੜ. ਦੀ ਜਗ੍ਹਾ ਅੰਗਰੇਜ਼ੀ ਧੁਨੀ 'R' ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇ-ਕੁਹਾੜ (ਗੁਰਮੁਖੀ), ਇਸਨੂੰ ਰੋਮਨ ਵਿਚ ਇਵੇਂ ਲਿਖਿਆ ਜਾਵੇਗਾ। KUHAAR (ਕੁਹਾਰ)। ਫੇਸਬੁਕ ਉੱਪਰ ਪੰਜਾਬੀਆਂ ਦੁਆਰਾ ਪੰਜਾਬੀ ਭਾਸ਼ਾ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕੋਸ਼ਿਸ਼ ਪੰਜਾਬੀ ਖੋਜ ਦੇ ਖੇਤਰ ਨਾਲ ਜੁੜੇ ਹੋਏ ਵਿਦਵਾਨ, ਸਾਹਿਤਕਾਰ ਅਤੇ ਖੋਜਾਰਥੀਆਂ ਜਾਂ ਪੰਜਾਬੀ ਪ੍ਰੇਮੀਆਂ ਤੱਕ ਸੀਮਿਤ ਹੈ। ਪਰ ਇਨ੍ਹਾਂ ਤੋਂ ਬਾਹਰਲਾ ਵਰਗ ਗਿਣਤੀ ਵਿਚ ਵੱਡਾ ਹੈ ਜੋ ਹਰ ਸ਼ੋਸ਼ਲ ਐਪ ਵਿਚ ਪੰਜਾਬੀ ਵਿਚ ਕੁਝ ਲਿਖਣ ਦੀ ਅਣਗਹਿਲੀ ਕਰਦਾ ਹੈ। ਲੋੜ ਹੈ ਕੰਪਿਊਟਰ ਦੇ ਨਾਲ-ਨਾਲ ਮੋਬਾਇਲ ਫੋਨ ਉੱਪਰ ਪੰਜਾਬੀ ਵਿਚ ਲਿਖਣ ਨੂੰ ਪਹਿਲ ਦਿੱਤੀ ਜਾਵੇ। ਇਵੇਂ ਪੰਜਾਬੀ ਲਿਖਣ ਵਾਲਿਆਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਵੇਗਾ।

ਅੱਜ ਪੰਜਾਬੀ ਦੀ ਸਥਿਰਤਾ ਨੂੰ ਕਾਇਮ ਰੱਖਣ ਲਈ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਮੋਬਾਇਲ ਸਾਫਟਵੇਰ ਵੀ ਤਿਆਰ ਕੀਤੇ ਗਏ ਹਨ। ਜਿੰਨਾਂ ਮੋਬਾਇਲ ਫੋਨਾਂ ਵਿਚ ਗੁਰਮੁਖੀ ਫੌਂਟ ਮੌਜੂਦ ਨਹੀਂ, ਉਹਨਾਂ ਫੋਨ ਵਿਚ ਵੀ ਪੰਜਾਬੀ ਲਿਖਣ ਵਾਲੇ ਸਾਫਟਵੇਅਰ ਮੌਜੂਦ ਹਨ ਜੋ ਇੰਟਰਨੈੱਟ ਨਾਲ ਆਪਣੇ ਫੋਨ ਦੇ ਪਲੇਅ-ਸਟੋਰ ਤੋਂ ਡਾਊਨਲੋਡ ਕਰ ਸਕਦੇ ਹਾਂ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਦੁਆਰਾ ਪੰਜਾਬ ਸਰਕਾਰ ਦੁਆਰਾ ਦਿੱਤੀ ਗਈ ਵਿੱਤੀ ਸਹਾਇਤਾ ਨਾਲ ਪੰਜਾਬੀ ਭਾਸ਼ਾ ਦਾ ਆਨ-ਲਾਈਨ ਗਿਆਨ ਹਾਸਿਲ ਕਰਨ ਲਈ ਮੋਬਾਇਲ ਸਾਫਟਵੇਅਰ ਤਿਆਰ ਕੀਤਾ ਗਿਆ। ਇਸ ਸੰਬੰਧੀ ਕੋਈ ਵੀ ਜਾਣਕਾਰੀ www.elearnpunjabi.com ਤੋਂ ਲਈ ਜਾ ਸਕਦੀ ਹੈ। ਇਸ ਸੰਬੰਧੀ 29 ਮਾਰਚ 2017 ਦੀ ਜੱਗ ਬਾਣੀ ਅਖ਼ਬਾਰ ਵਿਚ ਬਬਿਤਾ ਮਰਹਾਸ, ਡਾ. ਗੁਰਪੀਤ ਲਹਿਲ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਲਿਖਦੇ ਹਨ ਕਿ 'ਇਸ ਸਾਫਟਵੇਅਰ ਵਿਚ ਪੰਜਾਬੀ ਭਾਸ਼ਾ ਨਾਲ ਸਬੰਧਿਤ ਅਡੀਓ-ਵੀਡੀਓ 100 ਲੈਕਚਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਲੈਕਚਰ ਦਾ ਪ੍ਰਿੰਟ ਲੈਣ ਦੀ ਸਹੂਲਤ ਵੀ ਹੈ। ਹਰ ਲੈਕਚਰ ਤੋਂ ਬਾਅਦ ਟੈਸਟ ਲੈਣ ਲਈ ਕੁਇਜ਼ ਵੀ ਰੱਖਿਆ ਗਿਆ ਹੈ। 100 ਵਿਚੋਂ 30 ਲੈਕਚਰ ਤਿਆਰ ਹੋ ਚੁੱਕੇ ਹਨ ਅਤੇ 20 ਲੈਕਚਰਾਂ ਨੂੰ ਆਨਲਾਈਨ ਵੀ ਕਰ ਦਿੱਤਾ ਗਿਆ ਹੈ।' ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੀ ਮਹਾਨ ਕਿਰਤ 'ਮਹਾਨ ਕੋਸ਼' ਅਤੇ ਪੰਜਾਬ ਯੂਨੀਵਰਸਿਟੀ ਦੀ 'ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ' ਦਾ ਵੀ ਮੋਬਾਇਲ ਸਾਫਟਵੇਅਰ ਇੰਟਰ ਨੈੱਟ ਉੱਪਰ ਉਪਲਬਧ ਹੈ।

ਬੇਸ਼ਕ ਅੱਜ ਪੰਜਾਬੀ ਭਾਸ਼ਾ ਕੰਪਿਊਟਰ ਦੀ ਤਕਨੀਕੀ ਭਾਸ਼ਾ ਦੇ ਹਾਣ ਦੀ ਬਣ ਰਹੀ ਹੈ। ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਯਤਨਸ਼ੀਲ ਅਦਾਰੇ ਤੇ ਹੋਰ ਵਿਦਵਾਨ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਵਿਚ ਜੁਟੇ ਹੋਏ

ਹਨ। ਹੁਣ ਤੱਕ ਪੰਜਾਬੀ ਯੂਨੀਵਰਸਿਟੀ ਵਿਚ ਸਥਾਪਤ ਕੀਤਾ ਗਿਆ 'ਐਡਵਾਂਸ ਸੈਂਟਰ' ਅਤੇ 'ਪੰਜਾਬੀ ਕੰਪਿਊਟਰ ਹੈਲਪ ਸੈਂਟਰ', ਥਾਪਰ ਇੰਸਟੀਚਿਊਟ ਦੇ 'ਰਿਸੋਰਸ ਸੈਂਟਰ' ਅਤੇ ਭਾਰਤ ਸਰਕਾਰ ਦੁਆਰਾ ਸਥਾਪਿਤ ਕੀਤਾ 'ਸੈਂਟਰ ਫਾਰ ਡਿਵੈਲਪਮੈਂਟ ਐਂਡ ਐਡਵਾਂਸ ਕੰਪਿਊਟਿੰਗ' ਨਾਲ ਜੁੜੇ ਹੋਏ ਕੰਪਿਊਟਰ ਵਿਗਿਆਨੀਆਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਸਬੰਧਿਤ ਕਈ ਸਾਫਟਵੇਅਰ ਤਿਆਰ ਕੀਤੇ ਗਏ ਹਨ। ਪੰਜਾਬੀ ਸਾਹਿਤ ਦੀਆਂ ਰਚਨਾਵਾਂ ਨੂੰ ਇੰਟਰਨੈੱਟ ਉੱਪਰ ਅਪਲੋਡ ਕੀਤਾ ਗਿਆ ਹੈ। ਖੋਜਾਰਥੀਆਂ/ਵਿਦਵਾਨਾਂ ਦੀਆਂ ਪੰਜਾਬੀ ਟਾਈਪਿੰਗ ਨਾਲ ਸਬੰਧਿਤ ਕਈ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਅਜੇ ਤੱਕ ਕੋਈ ਵੀ ਸਾਫਟਵੇਅਰ ਸ਼ਬਦ-ਜੋੜਾਂ ਦਾ ਸਹੀ ਮੁਲਾਂਕਣ ਨਹੀਂ ਕਰਦਾ, ਭਾਸ਼ਾ ਅਨੁਵਾਦ ਜਾਂ ਲਿਪੀਅੰਤਰਣ ਦਾ ਸਹੀ ਨਤੀਜਾ ਨਹੀਂ ਮਿਲਦਾ। ਬਹੁਤ ਸਾਰੀਆਂ ਕਮੀਆਂ ਪਾਈਆਂ ਜਾਂਦੀਆਂ ਹਨ। ਆਸ ਹੈ ਕਿ ਛੇਤੀ ਹੀ ਭਾਸ਼ਾ ਪ੍ਰੇਮੀ ਕੰਪਿਊਟਰ ਵਿਦਵਾਨਾਂ ਦੁਆਰਾ ਇਹਨਾਂ ਕਮੀਆਂ ਨੂੰ ਦੂਰ ਕੀਤਾ ਜਾਵੇਗਾ।

## ਹਵਾਲੇ ਅਤੇ ਟਿੱਪਣੀਆਂ


1. ਡਾ. ਬੂਟਾ ਸਿੰਘ ਬਰਾੜ, **punjabipedia.org/topic-aspx?txt=ਭਾਸ਼ਾ**
2. ਸ੍ਰੀ ਜਨਮੇਜਾ ਸਿੰਘ ਜੋਹਲ, 'ਪੰਜਾਬੀ ਕਦੇ ਨਹੀਂ ਮਰੇਗੀ', **ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਮਾਡਲ**, ਡਾ. ਧਨਵੰਤ ਕੌਰ (ਸੰਪਾ), ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ-280
3. ਡਾ. ਅਮਰਜੀਤ ਕੌਰ (ਸੰਪਾ.), **ਗਲੋਬਲੀ ਪਰਿਪੇਖ ਵਿਚ ਪੰਜਾਬੀ ਭਾਸ਼ਾ ਵਿਕਾਸ ਦੇ ਭਵਿਖਮੁਖੀ ਦ੍ਰਿਸ਼ਟੀਕੋਣ**, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ-160
4. ਡਾ. ਸੀ.ਪੀ ਕੰਬੋਜ, **ਪੰਜਾਬੀ ਭਾਸ਼ਾ ਅਤੇ ਸਾਹਿਤ ਅਤੇ ਸਾਹਿਤ ਦੇ ਪ੍ਰਸਾਰ ਵਿਚ ਕੰਪਿਊਟਰ ਦਾ ਯੋਗਦਾਨ**, www.suhisaver.org, 8-8-2012.
5. ਕਿਰਪਾਲ ਸਿੰਘ ਪੰਨੂੰ, **'ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਕੰਪਿਊਟਰੀਕਰਨ'**, **ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਮਾਡਲ**, ਡਾ. ਧਨਵੰਤ ਕੌਰ(ਸੰਪਾ.), **ਓਹੀ**, ਪੰਨਾਂ-245
6. ਡਾ. ਸੀ.ਪੀ ਕੰਬੋਜ, **ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ**, ਕੰਪਿਊਟਰ ਵਿਗਿਆਨ ਪ੍ਰਕਾਸ਼ਨ, ਫਾਜ਼ਿਲਕਾ, 2015, ਪੰਨਾ-42
7. ਡਾ. ਅਮਰਜੀਤ ਸਿੰਘ (ਸੰਪਾ.), **ਪੰਜਾਬੀ ਭਾਸ਼ਾ ਵਿਕਾਸ ਦੇ ਬਦਲਦੇ ਪਰਿਪੇਖ**, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-75
8. **ਓਹੀ**, ਪੰਨਾ-78
9. ਡਾ. ਧਨਵੰਤ ਕੌਰ (ਸੰਪਾ.), **ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਮਾਡਲ**, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ-269-274


◈

# ਪੁਸਤਕ ਰਿਲੀਜ਼ ਸਮਾਰੋਹ- ਸ੍ਰੀ ਗੁਰੂ ਤੇਗ ਬਹਾਦਰ: ਬਾਣੀ ਤੇ ਸ਼ਹਾਦਤ ਦਾ ਗੌਰਵ




# ਸੰਵਾਦ-ਏ-ਪੰਜਾਬ: ਰਾਸ਼ਟਰੀ ਸੈਮੀਨਾਰ













ISSN 2395-1273
15
₹ 200/-

ESTD. 1892
Department of Punjabi Studies
Khalsa College Amritsar
E-mail : sanvadpunjabi@gmail.com Website: www.sanvad.org